ਢਾਡੀ ਗਿ: ਦਇਆ ਸਿੰਘ 'ਦਿਲਬਰ' ਦੀਆਂ ਲਿਖੀਆਂ

# ਵਾਰਾਂ ਤੇ ਪ੍ਰਸੰਗ

## (ਭਾਗ ਦੂਜਾ)

ਇਸ ਪੁਸਤਕ ਵਿਚ ਦਿਲਬਰ ਪ੍ਰਸੰਗ, ਦਿਲਬਰ ਸੱਧਰਾਂ, ਦਿਲਬਰ ਵਾਰਾਂ, ਬਾਪ ਸ਼ਹੀਦਾਂ ਦਾ, ਗਾਉਂਦਾ ਦਿਲਬਰ ਅਤੇ ਦਿਲਬਰ ਸੰਗੀਤ ਨੂੰ ਸ਼ਾਮਲ ਕੀਤਾ ਗਿਆ ਹੈ ।

ਲੇਖਕ
ਗਿ: ਦਇਆ ਸਿੰਘ 'ਦਿਲਬਰ'

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

**Varan Te Persang**
*by*
*Giani Saya Singh 'Dilbar'*

ISBN : 81-7601-706-X

ਦੂਜੀ ਐਡੀਸ਼ਨ ਮਾਰਚ 2009

ਮੁੱਲ : 180-00

ਪ੍ਰਕਾਸ਼ਕ:
**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਟੈਲੀ-ਫੈਕਸ : (0183) 2542346, 2547974, 2557973
E-mail : csjssales@hotmail.com, csjsexports@vsnl.com
: cjgroup77@yahoo.com,
Visit our Website : www.csjs.com

ਪ੍ਰਿੰਟਰ :
ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।
ਫੋਨ : 2705003, 5095774

Printed in India

# ਤਤਕਰਾ


## ਦਿਲਬਰ ਪ੍ਰਸੰਗ

ਮੰਗਲਾ ਚਰਣ 9
ਦਸਾਂ ਗੁਰਾਂ ਨੂੰ ਬੰਦਨਾਂ 10
ਬੀਬੀ ਦਇਆ ਕੌਰ ਦੀ ਅਰਦਾਸ ਤੇ
ਦਸਮੇਸ਼ ਗੁਰੂ ਨੇ ਰਖਿਆ ਕਰਨੀ 14
ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ
ਅਵਤਾਰ ਧਾਰਨਾ 31
ਅਕਾਲੀ ਫੂਲਾ ਸਿੰਘ ਜੀ ਦੀ—
ਜੰਗ ਨੌਸ਼ਹਿਰਾ 51
ਸਦਾ ਨਹੀਓਂ ਰਹਿਣਾ ਗਾਫਲਾ 72

## ਦਿਲਬਰ ਸੱਧਰਾਂ

ਝੋਕ ਛੰਦ 77
ਦੇਵੀ ਚੰਦ ਵਜ਼ੀਰ ਦੀ ਅਰਦਾਸ ਤੇ
ਦਸਮੇਸ਼ ਸਤਿਗੁਰੂ ਜੀ ਨੇ ਰੱਖਿਆ ਕਰਨੀ 78
ਮੱਸੇ ਰੰਘੜ ਦੀ ਮੌਤ ਤੇ ਸ: ਸੁੱਖਾ ਸਿੰਘ
ਮਹਿਤਾਬ ਸਿੰਘ ਜੀ ਦੀ ਬਹਾਦਰੀ 109
ਆਜ਼ਾਦ ਭਾਰਤ ਦੀ ਰੱਖਿਆ ਲਈ
ਚੀਨੀਆਂ ਨਾਲ ਪਹਿਲੀ ਜੰਗ ਤੇ
ਸ: ਕੇਵਲ ਸਿੰਘ ਜੀ ਦੀ ਸ਼ਹੀਦੀ 135

## ਦਿਲਬਰ ਵਾਰਾਂ

ਦਿਲਬਰ ਵਾਰਾਂ 157
ਵਾਰ ਸ: ਬਚਿੱਤਰ ਸਿੰਘ 159
ਵਾਰ ਬਾਬਾ ਦੀਪ ਸਿੰਘ ਸ਼ਹੀਦ
ਦੁਰਾਨੀ ਦਾ ਚੌਥਾ ਹਮਲਾ 170
ਵਾਰ ਸਾਹਿਬਜ਼ਾਦਾ ਅਜੀਤ ਸਿੰਘ
ਜੰਗ ਸ੍ਰੀ ਚਮਕੌਰ ਸਾਹਿਬ
ਦਸਮੇਸ਼ ਪਾਤਸ਼ਾਹ 180
ਵਾਰ ਸਾਹਿਬਜ਼ਾਦਾ ਜੁਝਾਰ ਸਿੰਘ
ਦੀ ਸ਼ਹੀਦੀ ਜੰਗ ਚਮਕੌਰ ਸਾਹਿਬ 188
ਵਾਰ ਸ: ਸ਼ਾਮ ਸਿੰਘ ਅਟਾਰੀ
ਮਹਾਰਾਣੀ ਜ਼ਿੰਦ ਕੌਰ ਦੀ ਚਿੱਠੀ 193
ਵਾਰ ਚੌਧਰੀ ਨੱਥੇ ਦੀ 199
ਵਾਰ ਸ: 1 ਕੇਵਲ ਸਿੰਘ ਕੋਟਲੀ
ਥਾਨ ਸਿੰਘ ਦੀ ਸ਼ਹੀਦੀ 203
ਵਾਰ ਸ: ਬੋਤਾ ਸਿੰਘ ਤੇ ਗਰਜਾ ਸਿੰਘ 210
ਕੇਸਰੀ ਝੰਡੇ ਦੀ ਵਾਰ 217
ਬੰਗਲਾ ਦੇਸ਼ ਦੀ ਵਾਰ 219
ਸ਼ੇਖ ਮੁਜੀਬਲ ਰਹਿਮਾਨ 220
ਅਵਾਮੀ ਲੀਗ 220
ਇਲੈਕਸ਼ਨ 221
ਜ਼ੁਲਮ ਦੀ ਹੱਦ 222
ਮੁਕਤੀ ਬਾਹਿਨੀ 222
ਪਾਕਿ: ਤੇ ਭਾਰਤ ਯੁੱਧ ਦੀ ਵਾਰ 225
ਜਰਨੈਲ ਮਾਣਕ ਸ਼ਾਹ ਦੀ ਲਲਕਾਰ 226
ਮੋਰਚੇ ਮੱਲ ਲਏ 227
ਦੋ ਮੁਹਾਜ਼ਾਂ 'ਤੇ ਲੜਾਈ 227
ਬੀ.ਐਸ.ਐਫ. ਜਵਾਨਾਂ ਦੀ ਬਹਾਦਰੀ 228
ਹੈਡ ਕਾਂਸਟੇਬਲ ਕੰਵਲਜੀਤ ਸਿੰਘ 228
ਸ: ਮਹਿੰਦਰ ਸਿੰਘ ਥਲਾਂ 229
ਪੰਜਾਬ ਦਾ ਗੱਭਰੂ 230
ਬੰਗਲਾ ਦੇਸ਼ 231
ਪੰਜਾਬੀ ਜਵਾਨ 233

## ਬਾਪ ਸ਼ਹੀਦਾਂ ਦਾ

ਕੁਝ ਆਪਣੇ ਵਲੋਂ 237
ਬਾਪ ਸ਼ਹੀਦਾਂ ਦਾ 241
ਕਾਜ਼ੀ ਤੇ ਮਤੀਦਾਸ 242
ਸ਼ਹੀਦਾਂ 242
ਹਿੰਦ ਬਚਾਈ 243
ਸਾਹਿਬਜ਼ਾਦੇ ਤੇ ਸੂਬਾ 244
ਹਨੇਰ ਪੈ ਗਿਆ 245
ਤੇਰੇ ਖਾਲਸੇ 246
ਜਾਗਣਗੇ ਬਲਵਾਨ 246
ਮਾਤਾ ਸੁਲੱਖਣੀ 248

| | | | |
|---|---|---|---|
| ਗੁਰਬਾਣੀ | 249 | ਬਾਬਰ ਦੀ ਚੱਕੀ | 286 |
| ਏਤੇ ਚਾਨਣ ਹੁੰਦਿਆਂ | 251 | ਸੁਲਤਾਨ ਪੁਰੇ ਕਾਜ਼ੀ ਨਾਲ ਗੱਲਾਂ | 287 |
| ਸੁਣ ਧੀਏ | 252 | ਫਾਨੀ ਦੁਨੀਆਂ | 287 |
| ਸੁਹਾਗ ਸਿਖਿਆ | 253 | ਬੀਬੀ ਦਾੜ੍ਹੀਆਂ ਨੂੰ | 288 |
| ਸ: ਭਗਤ ਸਿੰਘ ਤੇ ਮਾਤਾ | 255 | ਤਲਵੰਡੀ ਦਾ ਚੰਨ | 288 |
| ਗੁਰੂ ਅਮਰਦਾਸ | 256 | ਸਤਿਗੁਰ ਅਰਜਨ ਦੇਵ | 289 |
| ਜਥੇਦਾਰ | 257 | ਭਾਨੀ ਦਿਆ ਚਾਨਣਾ | 290 |
| ਬਨਾਸਪਤੀ ਲੀਡਰ | 258 | ਨੀ ਰਾਵੀਏ ! | 291 |
| ਸ: ਊਧਮ ਸਿੰਘ ਦੀ ਲਲਕਾਰ | 259 | ਸ੍ਰੀ ਹਰਿਮੰਦਰ | 291 |
| ਕੰਜਕਾਂ ਦੀ ਫਰਿਆਦ | 260 | ਮਾਤਾ ਸੁਲੱਖਣੀ | 292 |
| ਦੋ ਸਰਦਾਰ | 261 | ਨੌਵੇਂ ਪਾਤਸ਼ਾਹ | 293 |
| ਫਾਂਸੀ ਦੇ ਤਖਤੇ 'ਤੇ | 262 | ਦਿੱਲੀ ਨੂੰ ਤਿਆਰੀ | 294 |
| ਸੈਦਾਖਾਨ ਤੇ ਨਸੀਰਾਂ | 263 | ਪੋਹ ਸੁਦੀ ਸਤਵੀਂ | 295 |
| ਬੰਦਾ ਸਿੰਘ ਦੀ ਗ੍ਰਿਫਤਾਰੀ ਤੋਂ ਬਾਦ | 264 | ਕੰਗਣ ਨਦੀ ਵਿਚ ਸੁੱਟ ਕੇ | 295 |
| ਪੁੱਤਰਾਂ ਵਾਲਿਓ | 266 | ਪੰਡਤ ਸ਼ਿਵ ਦੱਤ | 297 |
| ਸਿਰਤਾਜ ਸ਼ਹੀਦਾਂ | 267 | ਪਟਨੇ ਵਿਚ ਹਾਣੀਆਂ ਦਾ ਤਰਲਾ | 297 |
| ਸ਼ਹੀਦੀ ਖ਼ੂਨ | 268 | ਰਵਾਲਸਰ ਕਾਨਫਰੰਸ | 298 |
| ਕੁਝ ਕਵਿਤਾਵਾਂ | 268 | ਦਸਮੇਸ਼ ਦੀਆਂ ਸੋਚਾਂ | 299 |
| ਗੁਰੂ ਨਾਨਕ | 269 | ਮਾਤਾ ਗੁਜਰੀ ਜੀ ਦੀ ਸਿਖਿਆ | 300 |
| ਖਾਲਸਾ ਪੰਥ | 270 | ਪਿਆਰ ਸੁਨੇਹਾ | 301 |
| ਐਟਮ ਦੀ ਚਿਣਗ | 270 | ਪੂਰਾ ਗੁਰੂ | 302 |
| ਹਾਲ ਬੀਮਾਰਾਂ ਦਾ | 271 | ਸਿੱਖੀ ਸਿਦਕ | 302 |
| ਰਿਸ਼ੀ ਬਾਲਮੀਕ | 271 | ਭਾਈ ਦਿਆਲਾ | 303 |
| | | ਸਾਹਿਬਜ਼ਾਦੇ ਅਜੀਤ ਸਿੰਘ ਨੂੰ ਸਿਖਿਆ | 303 |
| **ਗਾਉਂਦਾ ਦਿਲਬਰ** | | ਮਾਛੀਵਾੜੇ ਜੰਗਲ ਵਿਚ | 306 |
| ਗੀਤਾਂ ਵਿਚ ਰੱਬ ਵੱਸਦਾ | 275 | ਉੱਚ ਦਾ ਪੀਰ | 306 |
| ਮੇਰੇ ਗੀਤਾਂ 'ਚ ਵੱਸਦਾ ਰੱਬ ਨੀ | 277 | ਜੱਸ ਤੇਰੇ ਪੁੱਤਰਾਂ ਦਾ | 307 |
| ਪਹਿਲੋਂ ਬੰਧਨਾ ਮੇਰੀ | 278 | ਅਨੋਖਾ ਮਾਹੀ | 308 |
| ਚੰਨ ਮਾਤਾ ਤ੍ਰਿਪਤਾ ਦਾ | 278 | ਭੀਖਨ ਸ਼ਾਹ ਦੇ ਤਰਲੇ | 309 |
| ਬੀਬੀ ਨਾਨਕੀ ਦੀ ਯਾਦ | 279 | ਅਨੋਖੀ ਮੁਲਾਕਾਤ | 310 |
| ਭੈਣ ਦੀਆਂ ਖੁਸ਼ੀਆਂ | 280 | ਕਰਾਮਾਤ | 310 |
| ਸੱਚਾ ਸੌਦਾ | 281 | ਦਸਮੇਸ਼ ਦੀ ਤੇਗ | 311 |
| ਮਲਕ ਭਾਗੋ ਨੂੰ ਖਰੀਆਂ-ਖਰੀਆਂ | 283 | ਦਇਆ ਰਾਮ ਦੀ ਬੇਨਤੀ | 312 |
| ਮੇਰੇ ਸਤਿਗੁਰ ਨਾਨਕ ਪਿਆਰੇ ਨੇ | 284 | ਰੱਬ ਨਾ ਕਰੇ | 313 |
| ਮਨੁੱਖਤਾ ਦਾ ਗੁਰੂ | 285 | ਜਿਹਨਾਂ ਦੇਸ਼ ਤੋਂ | 314 |

ਚੰਨ ਹੱਥੀਂ ਤੋਰ ਜੰਗ ਨੂੰ 315
ਮਰਦਾਂ ਦੇ ਗੀਤ ਗਾਓ 317
ਸਮੇਂ ਦੀ ਵੰਗਾਰ 319
ਨਨਕਾਣੇ ਦੀ ਯਾਦ 320
ਨਵਾਂ ਯੁੱਗ ਆਇਆ 320
ਛੱਬੀ ਜਨਵਰੀ 322
ਪੰਜਾਬੀ ਮਾਂ 324


## ਦਿਲਬਰ ਸੰਗੀਤ


ਕੁਝ ਆਪਣੇ ਵੱਲੋਂ 329
ਭੈਣ ਨਾਨਕੀ ਦੀਆਂ
ਵੇਈਂ ਨਦੀ ਨਾਲ ਗੱਲਾਂ 331
ਮੈਂ ਖਾਧਾ ਇਕ ਰੀਠਾ ਦਾਤਿਆ 332
ਉਹਦੇ ਚੋਜ ਨਿਰਾਲੇ 333
ਕੋਈ ਜਦ ਗੁਰਬਾਣੀ ਗਾਏ 334
ਬੀਬੀ ਨਾਨਕੀ ਦੀ ਯਾਦ 335
ਯੂ. ਪੀ. ਦਿਆਂ ਜੰਗਲਾਂ ਵਿਚ 336
ਬਾਣੀ 336
ਗੁਰੂ ਅਰਜਨ ਦੇਵ ਜੀ ਦੀ
ਲਾਹੌਰੋਂ ਪਿਤਾ ਨੂੰ ਚਿੱਠੀ 337
ਸਹੇਲੀ ਚੰਦੂ ਦੀ ਨੂੰਹ ਨੂੰ 338
ਸ਼ਾਂਤੀ ਅਵਤਾਰ 339
ਸੈਦ ਖਾਂ ਦੀ ਬੇਨਤੀ 340
ਪੰਜ ਪਿਆਰਿਆਂ ਦੀ ਪਰਖ 341
ਮਾਤਾ ਗੁਜਰੀ ਜੀ ਦੀ ਸਿਖਿਆ 342
ਪ੍ਰੇਮ ਦੀ ਗਲੀ 343
ਸ਼ਹੀਦ ਭਗਤ ਸਿੰਘ ਤੇ ਉਸਦੀ ਮਾਤਾ ਦੇ 344
ਪੀਰ ਭੀਖਣ ਸ਼ਾਹ ਤੇ ਮੁਰੀਦਾਂ ਦੇ 346
ਗੰਗੂ ਬ੍ਰਾਹਮਣ ਤੇ ਉਸਦੀ ਮਾਂ ਦੇ
ਸਵਾਲ ਜਵਾਬ 346
ਮਾਤਾ ਗੁਜਰੀ ਦੀ ਸਿਖਿਆ 347
ਅਣਖੀ ਸਿਪਾਹੀ 348
ਮਿੱਤਰ ਪਿਆਰੇ ਨੂੰ 349
ਕੂੜ ਦੇ ਪਸਾਰੇ 350
ਬਾਬਾ ਦੀਪ ਸਿੰਘ ਦੇ ਮੌਤ ਨਾਲ
ਸਵਾਲ-ਜਵਾਬ 351
ਕਲਗੀਧਰ ਦਾ ਬੀਰ 352
ਸ਼ੇਰੇ ਪੰਜਾਬ 353
ਈਨਾਂ ਕਦੇ ਨਾ ਮੰਨਦੇ 354
ਅਸੀਂ ਬੀਰ ਪੰਜਾਬ ਦੇ 355
ਅਣਖੀਲਾ ਗੱਭਰੂ 355
ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ 356
ਤੇਰੇ ਸਿਰ ਤੋਂ ਬੁਗਤੀਆਂ ਵਾਰਾਂ 358
ਨੀ ਭਾਬੀ ਚਿੱਠੀ ਆਈ ਵੀਰ ਦੀ 360
ਮਾਤਾ ਸੁਲੱਖਣੀ ਦੀ ਅਰਦਾਸ 361
ਮਾਤਾ ਸਾਹਿਬ ਕੌਰ ਦਾ ਸੁਪਨਾ 363
ਵਿਆਹ ਦੀ ਖੁਸ਼ੀ 365
ਬਾਬਲ ਵਲੋਂ ਸਿਖਿਆ 365
ਦਰਯੋਧਨ ਦਾ ਹੁਕਮ 366
ਗੋਲੀ ਨੇ ਦਰੋਪਤੀ ਨੂੰ ਦੱਸਣਾ 366
ਹੇਮ ਕੁੰਡ ਦਾ ਰਿਸ਼ੀ 367
ਸੈਦਖਾਨ ਦੇ ਭੈਣ ਨਾਲ ਸਵਾਲ-ਜਵਾਬ 368
ਦਸਮੇਸ਼ ਜੀ ਦੇ ਸ਼ਸਤਰ 369
ਦਸਮੇਸ਼ ਪਿਤਾ 371
ਸ਼ਾਨ ਵੱਖਰੀ 372
ਰਵਿਦਾਸ ਭਗਤ 373
ਅਨੂਪ ਕੌਰ ਦੀ ਸ਼ਰਧਾ 374
ਗੁਰੂ ਅਰਜਨ ਦੇਵ ਤੇ ਚੰਦੂ ਦੇ ਸਵਾਲ-ਜਵਾਬ 376
ਪੰਚਮ ਪਾਤਸ਼ਾਹ ਤੇ ਸਾਈਂ ਮੀਆਂ ਮੀਰ 377
ਨਿਰੰਕਾਰੀ ਜੋਤ 378
ਬਾਬਾ ਸਾਹਿਬ ਸਿੰਘ ਬੇਦੀ 380
ਰੰਗਲੇ ਪੰਜਾਬ ਦੇ ਉਤੋਂ 382
ਅਸੀਂ ਦੇਸ਼ ਤੋਂ ਜ਼ਿੰਦੜੀ ਵਾਰਾਂਗੇ 383


✡

# ਦਿਲਬਰ ਪ੍ਰਸੰਗ

ੴ ਸਤਿਗੁਰ ਪ੍ਰਸਾਦਿ ॥

# ਮੰਗਲਾ ਚਰਣ

ਅਲਖ ਨਿਰੰਜਨ ਦਰਦ ਦੁਖ ਭੰਜਨ,
ਜਨੋ ਕੇ ਰਖੰਜਨ ਦੁਸ਼ਟ ਕੇ ਦੰਜਨ।
ਬਾਣੀ ਕੇ ਰਚੰਜਨ ਸਗਲ ਕੇ ਤਰੰਜਨ,
ਦਿਲੋਂ ਕੇ ਮੰਜਨ ਗਿਆਨ ਦਿਉ ਅੰਜਨ।
ਜੋ ਜ਼ੁਲਮ ਕਰੰਗਨ ਦੇਤ ਹੈ ਦੰਡਨ,
ਪਾਪ ਕਰ ਖੰਡਨ ਤਪਤ ਹੋਏ ਠੰਢਣ।
ਸ਼ਰਣ ਆਏ ਭੱਜ ਤੂੰ ਰੱਖ ਲੈ ਲੱਜ,
ਜੋ ਤੁਮ ਹੋ ਅਜ ਤੇ ਦਾਸ ਹੈ ਨੰਦਨ।
ਡਿਗਾ ਤੇਰੇ ਦਵਾਰ ਰਿਹਾ ਅਰਜ਼ ਗੁਜ਼ਾਰ,
ਬੇੜਾ ਕਰ ਪਾਰ ਸਾਗਰੋਂ ਦੰਦਨ।
ਗੁਰੂ ਕੀ ਸੰਗਤ ਚਾੜ੍ਹ ਦਿਉ ਰੰਗਤ,
ਦਾਨ ਰਿਹਾ ਮੰਗਤ ਜੋ ਰਚ ਦਿਆ ਛੰਦਨ।
ਦਗਧ ਵਿਚ ਆਸ ਜੋ ਜਾਸਨ ਲਾਗ,
ਪਰਾ ਤੇਰਾ ਪਾਗ ਕਹੂੰ ਮਮ ਬੰਦਨ।
ਸੰਗਤ ਰਹੀ ਸਜ ਤੇ ਵੇਖ ਗਿਆ ਰਜ,
ਰਖ ਲਜ ਤੁਮ ਅਜ ਤੇ 'ਦਇਆ ਸਿੰਘ' ਨੰਦਨ।
ਸਤਿਗੁਰ ਨਾਨਕ ਦੇਵ ਜੀ ਕਰੋ ਦਾਸ 'ਤੇ ਮਿਹਰ।
ਕਲਮ ਫੜੀ ਹੈ ਹੱਥ ਮੇਂ ਫੁਰਨ ਦਿਮਾਗੋਂ ਸ਼ਿਅਰ।

✲

# ਦਸਾਂ ਗੁਰਾਂ ਨੂੰ ਬੰਦਨਾਂ

ਆਦ ਵਿਚ ਸਿਮਰਾਂ ਜੋਤ ਅਕਾਲੀ ।
ਜਿਸ ਨੇ ਸਭੀ ਸ੍ਰਿਸ਼ਟ ਰਚਾਲੀ ।
ਜੁਗ-ਜੁਗ ਭਗਤਾਂ ਦੀ ਰਖਵਾਲੀ ।
ਸਤਿਗੁਰੂ ਕਰਦੇ ਨਾਨਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ ਮੇਟ ਦਿਉ ਅੰਧ ।
ਤੇ ਰਚ ਦਿਆਂ ਛੰਦ ਮੁਕੰਦ ਬੁਲੰਦ ਫੰਧ,
ਕੱਟੋ ਸਤਿਗੁਰ ਨਾਨਕ ਜੀ ।
ਦੂਜੇ ਗੁਰੂ ਪਾਤਸ਼ਾਹ ਅੰਗਦੇ ।
ਜਿੱਤਾਂ ਮੋਰਚੇ ਕਾਬ ਦੇ ਜੰਗ ਦੇ ।
ਨਹਾ ਦਿਉ ਵਿਚ ਨਾਮ ਦੀ ਰੰਗ ਦੇ ।
ਮੈਲ ਦਿਲਾਂ ਦੀ ਧੋ ਦਿਆਂ ਮੈਂ ।
ਅਜਬ ਤੇਰੇ ਚੋਜ਼ ਹੁਣ ਚੁੱਕ ਲਿਆ ਬੋਝ ।
ਇਤਿਹਾਸ ਦੀ ਖੋਜ ਕਰਾਂ ਭਰ ਗੋਝ ।
ਛੰਦਾਂ ਦੀ ਲੜੀ ਪਰੋ ਦਿਆਂ ਮੈਂ ।
ਤੀਜੇ ਅਮਰ ਦਾਸ ਗੁਰੂ ਮੇਰੇ ।
ਸੇਵਕ ਆਨ ਡਿੱਗਾ ਦਰ ਤੇਰੇ ।
ਲਾ ਲੈ ਕਾਬ ਮੰਦਰ ਵਿਚ ਡੇਰੇ ।
ਬੁੱਧੀ ਹੈ ਅਣਜਾਣਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ ....
ਸੋਢੀ ਸਤਿਗੁਰੂ ਰਾਮਦਾਸ ਜੀ ।
ਦਗਦਾ ਦੀ ਚਾ ਕਟੋ ਫਾਸ ਜੀ ।
ਸ਼ੁੱਧ ਲਿਖੌਣਾ ਹੈ ਇਤਿਹਾਸ ਜੀ ।
ਨਾਮ ਤੇਰਾ ਲੈ ਛੋਹ ਦਿਆਂ ਮੈਨ ।
ਅਜਬ ਤੇਰੇ ਚੋਜ਼ ਹੁਣ..........
ਧੰਨ-ਧੰਨ ਸ਼ਹਿਨਸ਼ਾਹ ਗੁਰੂ ਅਰਜਨ ।
ਤੇਰਾ ਨਾਮ ਲਿਆਂ ਦੁੱਖ ਹਰਭਜਨ ।
ਪਾ ਕੇ ਦਰਸ ਗੁਨਾਹੀਂ ਤਰਜਨ ।
ਫਲਜੈ ਸਮਾਂ ਭਿਆਨਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ..........

ਛੰਦਾਂ ਦੇ ਪਏ ਪਹੀਏ ਗਿੜਨ ।
ਫਟਾ ਫਟ ਸੁਰਤੀ ਤੇ ਪਏ ਰਿੜਨ ।
ਅੱਖਰਾਂ ਨਾਲ ਅੱਖਰ ਨਾ ਭਿੜਨ ।
ਜੇ ਕਰ ਰਫਤਾਰ ਸਲੋ ਦਿਆਂ ਮੈਂ ।
ਅਜਬ ਤੇਰੇ ਚੋਜ਼ ਹੁਣ............
ਹਰਿਗੋਬਿੰਦ ਸਾਹਿਬ ਗੁਰੂ ਛਟੇ ।
ਜ਼ਾਲਮ ਮਾਰ ਮਾਰ ਤੁਸਾਂ ਛਟੇ ।
ਦੇ ਕੇ ਨਾਮ ਅਮਰਤੀ ਛਟੇ ।
ਕਰ ਦਿਉ ਰਿਦੇ ਗਿਆਨਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ.........
ਉਚੇ ਖਿਆਲ ਲਫਜ ਫੜ-ਫੜ ਜਰੜਾਂ ।
ਪੈਣ ਕਾਫੀਏ ਵਿਚ ਨਾ ਫਰੜਾਂ ।
ਖੋਟੇ ਗੁਣਾਂ ਦਗਧ ਫੜ ਦਰੜਾਂ ।
ਐਸੀ ਚੱਕੀ ਝੋ ਦਿਆਂ ਮੈਂ ।
ਅਜਬ ਤੇਰੇ ਚੋਜ਼..............
ਸੱਤਵੇਂ ਗੁਰੂ ਗਰੀਬ ਨਿਵਾਜ਼ ।
ਕਰਾਤਾ ਰੰਕਾਂ ਤੋਂ ਤੁਸਾਂ ਰਾਜ ।
ਦਾਸ ਦੇ ਆਨ ਸਦਾ ਸੋ ਕਾਜ ।
ਤੇ ਝੋਲੀ ਪਾ ਦਿਓ ਦਾਨਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ...........
ਹਰੀਕ੍ਰਿਸ਼ਨ ਗੁਰ ਦੀਨ ਦਿਆਲਕ ।
ਸਭ ਦੇ ਕਰਤੇ ਮਾਲਕ ਖਾਲਕ ।
ਦਾਸ ਦੀ ਆਨ ਕਰੇ ਪ੍ਰਿਤਪਾਲਕ ।
ਪੰਚ ਦੂਤ ਕੋ ਕੋਹ ਦਿਆਂ ਮੈਂ ।
ਅਜਬ ਤੇਰੇ ਚੋਜ..............
ਜਾਂ ਤੁਸਾਂ ਨੈਣ ਮਿਹਰ ਨਾਲ ਭਰ ਤੇ ।
ਗੁੰਗਿਆਂ ਅਰਥ ਗੀਤਾ ਦੇ ਕਰਤੇ ।
ਆ ਗਿਆ ਹੰਸ ਸਰੋਵਰ ਸਰ ਤੇ ।
ਮਿਲ ਜਨ ਮੋਤੀ ਮਾਨਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ...........

ਗੁੰਦ-ਗੁੰਦ ਫੁੱਲ ਪਰੋ ਦਿਆਂ ਹਾਰ ।
ਕਾਬ ਦੇ ਮਿੱਠੇ ਪੈਣ ਫੁਹਾਰ ।
ਲੱਗ ਜੈ ਸਭਾ ਦੇ ਵਿਚ ਬਹਾਰ ।
ਦਾਗ ਅਗਿਆਨ ਦੇ ਧੋ ਦਿਆਂ ਮੈਂ ।
ਅਜਬ ਤੇਰੇ ਚੋਜ਼.............
ਸਤਿਗੁਰ ਤੇਗ ਬਹਾਦਰ ਪਿਆਰੇ ।
ਮਜ਼ਲੂਮਾਂ ਲਈ ਸੀਸ ਚਾ ਵਾਰੇ ।
ਦਾਸ ਦੇ ਕਰ ਦਿਉ ਪਾਰ ਉਤਾਰੇ ।
ਆ ਗਿਆ ਸ਼ਰਨ ਨਦਾਨਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ...........
ਐਸੀ ਬਿਰਤੀ ਹੋਏ ਇਕਾਗਰ ।
ਤਰਲਾ ਸੋਖਾ ਕਾਬ ਦਾ ਸਾਗਰ ।
ਹੋ ਜੈ ਸਭਾ 'ਚ ਨਾਮ ਉਜਾਗਰ ।
ਦਿਲ ਸੰਗਤ ਦੇ ਮੋਹ ਦਿਆਂ ਮੈਂ ।
ਅਜਬ ਤੇਰੇ ਚੋਜ਼............
ਕਲਗੀਧਰ ਹੋ ਅੰਗ-ਸੰਗ ਨੇੜੇ ।
ਦੂਰ ਖਿਜ਼ਾਂ ਕਰ ਖਿੜ ਜਨ ਖੇੜੇ ।
ਘੁੰਮਨ ਘੇਰਾਂ ਵਿਚ ਪੈ ਬੇੜੇ ।
ਕਰ ਦਿਉ ਪਾਰ ਅਚਾਨਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ...........
ਐਸੀ ਫ਼ਿਲਮ ਇਤਿਹਾਸ ਦੀ ਬਣਜੈ ।
ਪਰਦਾ ਸਾਤ ਦਿਲਾਂ ਦਾ ਤਣਜੈ ।
ਰੱਦੀ ਸੀਨ ਬੇਸਟੋ ਛਣਜੈ ।
ਥੇਟਰ ਲਾ ਹੁਣ ਓਹ ਦਿਆਂ ਮੈਂ ।
ਅਜਬ ਤੇਰੇ ਚੋਜ਼..............
ਹੱਥ ਜੋੜ ਗੁਰੂ ਗ੍ਰੰਥ ਕੋ ਬੰਦਨ ।
ਰਚਤਾ ਰਾਮ ਦਾਸ ਕੋ ਨੰਦਨ ।
ਭਰਮ ਭਉ ਦੁਖ ਦੁੰਦ ਨਿਕੰਦਨ ।
ਧਰ ਲਾਂ ਰਿਦੇ ਧਿਆਨਕ ਜੀ ।
ਕਾਲੂ ਨੰਦ ਚਾੜ੍ਹ ਕੇ ਚੰਦ, ਮੇਟ ਦਿਉ ਅੰਧ 'ਤੇ ਰਚਦਿਆਂ
ਛੰਦ ਮੁਕੰਦ ਬੁਲੰਦ ਫੰਧ ਕਟ ਸਤਿਗੁਰ ਨਾਨਕ ਜੀ ।

ਬੁੜੇ ਖਜ਼ਾਨੇ ਗੁਰਾਂ ਤੋਂ ਭਰੇ ਲਾਂ ।
ਆਪਣੇ ਜਾਹਰ ਵਲਵਲੇ ਕਰ ਲਾਂ ।
ਟੁਬੇ ਲਾ ਅੰਮ੍ਰਿਤ ਦੇ ਸਰ ਲਾਂ ।
'ਦਿਲਬਰ' ਸੀਸ ਨਵੋ ਦਿਆਂ ਮੈਂ ।
ਅਜਬ ਤੇਰੇ ਚੋਜ਼ ਹੁਣ ਚੁੱਕ ਲਿਆ ਬੋਝ ।
ਇਤਿਹਾਸ ਦੀ ਖੋਜ਼ ਕਰਾਂ ਭਰ ਗੋਝ ।
ਛੰਦਾਂ ਦੀ ਲੜੀ ਪਰੋ ਦਿਆਂ ਮੈਂ ।

✡

ੴ ਸਤਿਗੁਰ ਪ੍ਰਸਾਦਿ ॥

## ਪ੍ਰਸੰਗ

# ਬੀਬੀ ਦਇਆ ਕੌਰ ਦੀ ਅਰਦਾਸ ਤੇ ਦਸਮੇਸ਼ ਗੁਰੂ ਨੇ ਰਖਿਆ ਕਰਨੀ

ਪਿਸ਼ਾਵਰ ਸ਼ਹਿਰ ਵਿਚ ਇਕ ਗੁਰਦਵਾਰਾ ਭਾਈ ਜੋਗਾ ਸਿੰਘ ਜੀ ਗੁਰਦਵਾਰੇ ਦੇ ਨਾਮ ਨਾਲ ਮਸ਼ਹੂਰ ਹੈ। ਇਸ ਅਸਥਾਨ ਦੇ ਦਰਸ਼ਨ ਕਰਦਿਆਂ ਸਿਦਕੀ ਸਿੱਖ ਭਾਈ ਜੋਗਾ ਸਿੰਘ ਜੀ ਦੀ ਯਾਦ ਆ ਜਾਂਦੀ ਹੈ। ਜਿਸ ਨੇ ਕਲਗੀਧਰ ਪਾਤਿਸ਼ਾਹ ਦਾ ਪ੍ਰੇਮ-ਪੱਤਰ ਪੜ੍ਹ ਕੇ ਅਨੰਦ ਕਾਰਜ ਦੀ ਪੂਰੀ ਰਸਮ ਵੀ ਅਦਾ ਨਹੀਂ ਸੀ ਹੋਣ ਦਿੱਤੀ। ਚੌਥੀ ਲਾਵ ਵਿਚੇ ਛੱਡ ਕੇ ਅਨੰਦਪੁਰ ਨੂੰ ਤੁਰ ਪਿਆ। ਭਰ ਜਵਾਨੀ ਵਿਚ ਕੁਵਾਰੇ ਹੁਸਨ ਵੱਲੋਂ ਬੇਪ੍ਰਵਾਹ ਹੋ ਕੇ ਤੁਰ ਜਾਣਾ ਗੁਰੂ ਪਿਆਰ ਦੀ ਸਿੱਖਰ ਸੀ।

ਅੱਜ ਇਸ ਗੁਰਦਵਾਰੇ ਵਿਚ ਬੜੀ ਚਹਿਲ-ਪਹਿਲ ਸੀ। ਤਿੰਨ ਦਿਨ ਤੋਂ ਸੰਗਤਾਂ ਨੇ ਅਕਾਲੀ ਬਾਣੀ ਦਾ ਅਖੰਡ ਪਾਠ ਰੱਖਿਆ ਹੋਇਆ ਸੀ। ਅੱਜ ਭੋਗ ਪੈਣਾ ਸੀ। ਬੜੇ ਚਾਅ ਸ਼ਰਧਾ ਪਿਆਰ ਤੇ ਸਤਿਕਾਰ ਵਿਚ ਹਜ਼ਾਰਾਂ ਸੰਗਤਾਂ ਸਤਿਗੁਰਾਂ ਦੇ ਚਰਣ ਪਰਸ ਰਹੀਆਂ ਸਨ। ਪਾਠੀਆਂ ਨੇ ਸੁਰੀਲੀ ਅਵਾਜ਼ ਨਾਲ ਨੌਵੇਂ ਮਹਲੇ ਦੇ ਸਲੋਕ ਪੜ੍ਹੇ। ਸ਼ਰਧਾਲੂ ਸਮਾਧੀ ਸਥਿਤ ਹੋ ਗਏ। ਭੋਗ ਪਿਆ। ਰਾਗੀ ਜਥੇ ਨੇ ਕੀਰਤਨ ਕੀਤਾ। ਸਰੋਤੇ ਅਨੰਦਮਈ ਸਰੋਵਰ ਵਿਚ ਤਾਰੀਆਂ ਲਾ ਰਹੇ ਸਨ। ਕੀਰਤਨ ਸਮਾਪਤ ਹੋਇਆ। ਇਕ ਗੁਰਸਿੱਖ ਜੋੜੇ ਪਤੀ-ਪਤਨੀ ਨੇ ਭਰੀ ਸੰਗਤ ਵਿਚ ਸਤਿਗੁਰੂ ਸੱਚੇ ਪਾਤਿਸ਼ਾਹ ਅੱਗੇ ਇਉਂ ਅਰਦਾਸ ਕੀਤੀ :-

### ਤਰਜ਼—ਹਾਏ ਨੀ ਮੇਰਾ ਬਾਲਮ

*ਜਗਤ ਦੇ ਮਾਲਕ-ਹੇ ਪ੍ਰਤਿਪਾਲਕ,*
*ਰਹੇ ਚਰਨਾਂ 'ਚ ਅਰਜ਼ ਗੁਜ਼ਾਰ।*
*ਆਵੇ ਖੁਸ਼ੀਆਂ ਦੀ ਦਿਲਾਂ 'ਚ ਬਹਾਰ।*
*ਜਗਤ-......................*
*ਤੇਰੇ ਪਿਆਰ ਵਿਚ ਦਿਲ ਨਸ਼ਿਆਇਆ ਰਹੇ।*
*ਨਾਮ ਬਾਣੀ ਦਾ ਸਰੂਰ ਸਦਾ ਆਇਆ ਰਹੇ।*
*ਕਰੀਏ ਸੰਗਤਾਂ ਦੀ ਸੇਵਾ।*
*ਮਿਲੇ ਸ਼ਰਧਾ ਦਾ ਮੇਵਾ।*

*ਅੱਠੇ ਪਹਿਰ ਚਿੱਤ ਆਵੇ ਕਰਤਾਰ ।*
*ਜਗਤ-........................*
*ਦਾਤਾ ਭੁੱਲ ਜਾਣ ਦੁੱਖੜੇ ਜਹਾਨ ਦੇ,*
*ਤੇਰੇ ਚਰਨਾਂ 'ਚ ਅਨੰਦ ।*
*ਜਿਉਂ ਚਕੋਰਾਂ ਵਿਚ ਚੰਦ ।*
*ਕਰੇ ਤਨ ਮਨ ਮਾਹੀ ਤੋਂ ਨਿਸਾਰ ।*
*ਜਗਤ-..................*
*ਪੀੜ੍ਹੀ ਚੱਲਦੀ ਰਹੇ ਘਰ ਰਹਵੇ ਵੱਸਦਾ ।*
*ਚਿਹਰਾ ਚਾਵਾਂ ਵਿਚ ਰਹਵੇ ਸਦਾ ਹੱਸਦਾ ।*
*ਪੂਰੀ ਕਰੋ ਸਾਡੀ ਘਾਲ ।*
*ਇਕ ਬਖਸ਼ ਦੇਵੋ ਲਾਲ ।*
*ਜਿਹੜਾ ਜੋਬਨ ਦਾ 'ਦਿਲਬਰਾ' ਸ਼ਿੰਗਾਰ ।*

*ਜਗਤ ਦੇ ਮਾਲਕ-ਹੇ ਪ੍ਰਤਿਪਾਲਕ,*
*ਰਹੇ ਚਰਨਾਂ 'ਚ ਅਰਜ਼ ਗੁਜ਼ਾਰ ।*
*ਆਵੇ ਖੁਸ਼ੀਆਂ ਦੀ ਦਿਲਾਂ 'ਚ ਬਹਾਰ- ।*

ਜੋੜੀ ਅਰਦਾਸ ਕਰ ਰਹੀ ਸੀ । ਹੇ ਸਤਿਗੁਰੂ ਕਰਣ-ਕਾਰਣ, ਪਤਿਤ-ਪਾਵਣ ਗਰੀਬ ਨਿਵਾਜ਼ ਜੀਓ ! ਗੋਦੀ ਵਿਚ ਇਕ ਲਾਲ ਬਖਸ਼ੋ । ਵਿਹੜੇ ਵਿਚ ਰੌਣਕਾਂ ਹੋਣ । ਅਸੀਂ ਵੀ ਏਸੇ ਤਰ੍ਹਾਂ ਪਾਠ ਕਰਾਵਾਂਗੇ ਤੇ ਘਰ ਆਈ ਸੰਗਤ ਦੀ ਸੇਵਾ ਕਰਾਂਗੇ । 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ' ਅਕਾਲ ਪੁਰਖ ਨੇ ਮਿਹਰ ਕੀਤੀ । ਸਾਲ ਬਾਅਦ ਇਸ ਗ੍ਰਿਹਸਤੀ ਜੋੜੇ ਦੇ ਘਰ ਭੁਝੰਗੀ ਨੇ ਜਨਮ ਲਿਆ। ਘਰ ਵਿਚ ਚਾਵਾਂ ਤੇ ਖੁਸ਼ੀਆਂ ਦਾ ਹੜ੍ਹ ਆ ਗਿਆ । ਅਕਾਲੀ ਬਾਣੀ ਦਾ ਪਾਠ ਕਰਾਇਆ । ਘਰ ਆਈ ਸੰਗਤ ਦੀ ਸੇਵਾ ਕੀਤੀ ਤੇ ਕਾਕੇ ਦਾ ਨਾਮ ਰਖਿਆ ਜਗਦੀਸ਼ ਸਿੰਘ ।

ਇਹ ਸੁਭਾਗੀ ਜੋੜੀ ਪਿਸ਼ਾਵਰ ਵਿਚ ਰਹਿੰਦੀ ਹੈ । ਸਿੰਘ ਦਾ ਨਾਮ ਹੈ ਸ: ਬੇਅੰਤ ਸਿੰਘ ਤੇ ਸਿੰਘਣੀ ਦਾ ਨਾਮ ਹੈ ਬੀਬੀ ਦਇਆ ਕੌਰ । ਬੜੀ ਸੁੱਘੜ ਸਿਆਣੀ ਤੇ ਸ਼ਰਧਾਲੂ ਗੁਰਸਿੱਖ ਜੋੜੀ ਹੈ । ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਗੁਰਦਵਾਰੇ ਜਾਂਦੇ ਹਨ । ਨਿਤਨੇਮ ਕਰਕੇ ਬਾਣੀ ਪੜ੍ਹ ਕੇ ਫਿਰ ਅੰਨ-ਜਲ ਗ੍ਰਹਿਣ ਕਰਦੇ ਹਨ । ਗੁਰਵਾਕ ਹੈ—

*ਗੁਰ ਸਤਿਗੁਰ ਕਾ ਜੋ ਸਿਖ ਅਖਾਏ*
*ਸੁ ਭਲਕੇ ਉਠ ਹਰਿਨਾਮੁ ਧਿਆਵੈ ॥*

*ਉਦਮ ਕਰੇ ਭਲਕੇ ਪਰਭਾਤੀ*
*ਇਸਨਾਨ ਕਰੇ ਅੰਮ੍ਰਿਤ ਸਰੁ ਨ੍ਹਾਵੈ॥*
*ਫਿਰ ਚੜ੍ਹੈ ਦਿਵਸ ਗੁਰਬਾਣੀ ਗਾਵੈ*
*ਬਹਿੰਦਿਆਂ ਉਠਦਿਆਂ ਹਰਿਨਾਮੁ ਧਿਆਵੈ॥*

ਇਸ ਜੋੜੀ ਦੇ ਪੂਰਨ ਗੁਰਸਿੱਖਾਂ ਵਾਲੇ ਗੁਣ 'ਕਰਮ' ਹਨ। ਘਰ ਵਿਚ ਕਿਸੇ ਵੀ ਵਸਤੂ ਦਾ ਘਾਟਾ ਨਹੀਂ। ਨਿਰੰਕਾਰ ਨੇ ਸਭ ਦਾਤਾਂ ਬਖਸ਼ ਕੇ ਨਿਹਾਲ ਕੀਤਾ ਹੋਇਆ ਸੀ। ਘਰ ਵਿਚ ਦੌਲਤ ਸੀ ਦੁੱਧ ਸੀ, ਪੁੱਤ ਸੀ। ਰੂਪ ਤੇ ਜਵਾਨੀ ਦਾ ਸਾਗਰ ਵੀ ਠਾਠਾਂ ਮਾਰ ਰਿਹਾ ਸੀ। ਹਰ ਪਾਸੇ ਖੁਸ਼ੀਆਂ ਹੀ ਖੁਸ਼ੀਆਂ ਸਨ।

ਇਕ ਦਿਨ ਦੋਵੇਂ ਪਤੀ ਪਤਨੀ ਵਿਹੜੇ ਵਿਚ ਬੈਠੇ ਬਾਣੀ ਪੜ੍ਹ ਰਹੇ ਸਨ, ਬਾਹਰੋਂ ਕਿਸੇ ਆਵਾਜ਼ ਮਾਰੀ। ਦਰਵਾਜ਼ਾ ਖੁੱਲ੍ਹਾ। ਸ: ਬੇਅੰਤ ਸਿੰਘ ਜੀ ?

'ਤੁਹਾਨੂੰ ਕੋਈ ਸੱਜਣ ਮਿਲਣਾ ਚਾਹੁੰਦੇ ਹਨ।'

ਗਵਾਂਢੀ ਹਮਸਾਏ ਨੇ ਕਿਹਾ।

ਆ ਜਾਓ, ਜੀ ਆਇਆਂ ਨੂੰ ਦੋਹਾਂ ਦੇ ਮੂੰਹੋਂ ਅਵਾਜ਼ ਨਿਕਲੀ। ਮਹਿਮਾਨ ਦੀ ਸੇਵਾ ਕੀਤੀ ਗਈ। ਆਦਰ-ਮਾਣ ਦਿੱਤਾ ਗਿਆ।

'ਬੀਬੀ ਜੀ ਤੁਹਾਡੇ ਵੀਰ ਦਾ ਵਿਆਹ ਹੈ।'

ਮੈਂ ਸ਼ਗਨਾਂ ਦੀ ਚਿੱਠੀ ਲੈ ਕੇ ਆਇਆ ਹਾਂ ਵਧਾਈ ਹੋਏ। ਪੂਰਨਮਾਸ਼ੀ ਦਾ ਅਨੰਦ ਕਾਰਜ ਹੈ। ਸਾਰੇ ਪਰਿਵਾਰ ਨੇ ਸਜ-ਧਜ ਕੇ ਦਰਸ਼ਨ ਦੇਣੇ। 'ਜੀ ਸਤਿ ਬਚਨ' ਬੀਬੀ ਦਇਆ ਕੌਰ ਨੂੰ ਚਾਅ ਚੜ੍ਹ ਗਏ। ਪੇਕੇ ਪਿੰਡ ਤਾਂ ਦੂਰੋਂ-ਨੇੜਿਓਂ ਕਿਸੇ ਦੇ ਘਰ ਵਿਆਹ ਹੋਵੇ ਤਾਂ ਬੀਬੀਆਂ ਖੁਸ਼ੀਆਂ ਵਿਚ ਨਹੀਂ ਸਮਾਉਂਦੀਆਂ। ਇਹ ਤਾਂ ਸਕੇ ਵੀਰ ਮਾਂ-ਪਿਓ ਜਾਏ ਦਾ ਵਿਆਹ ਹੈ। ਮੇਲਣਾਂ ਨਾਲ ਬਹਿ ਕੇ ਵੀਰ ਦੀਆਂ ਘੋੜੀਆਂ ਗਾਉਣੀਆਂ ਹਨ। ਹਜ਼ਾਰਾਂ ਰੁਪੈ ਖਰਚ ਕੇ ਕੱਪੜੇ, ਜ਼ੇਵਰ-ਗਹਿਣੇ ਬਣਵਾਏ ਗਏ।

ਵੀਰ ਦਾ ਜਾਮਾ-ਜੋੜਾ ਤਿਆਰ ਕੀਤਾ। ਬੀਬੀ ਦਇਆ ਕੌਰ ਤੇ ਸ: ਬੇਅੰਤ ਸਿੰਘ ਜੀ ਸੱਧਰਾਂ-ਚਾਵਾਂ, ਖੁਸ਼ੀਆਂ ਤੇ ਉਮੰਗਾਂ ਭਰੇ ਦਿਲ ਨਾਲ ਵੀਰ ਦਾ ਵਿਆਹ ਵੇਖਣ ਚੱਲੇ ਹਨ।

## ਸਾਕਾ

*ਸ਼ਾਦੀ ਵੇਖਣ ਚੱਲਿਆ ਹੰਸਾਂ ਦਾ ਜੋੜਾ।*
*ਵਾਹ ਖੁਸ਼ੀਆਂ ਦੇ ਦਿਨਾਂ ਨੇ ਅੱਜ ਖਾਧਾ ਮੋੜਾ।*
*ਦਇਆ ਕੌਰ ਨੇ ਵੀਰ ਦਾ ਲਿਆ ਜਾਮਾਂ ਜੋੜਾ।*
*ਉਸ ਹਾਰ-ਸ਼ਿੰਗਾਰ ਲਗਾ ਲਿਆ ਕੁਛ ਥੋੜਾ-ਥੋੜਾ।*
*ਉਸ ਗਹਿਣੇ ਪਾ ਲਏ ਰੀਝ ਨਾਲ ਨਾਲ ਕੁਛ ਥੋੜਾ।*
*ਉਹਦਾ ਰੂਪ ਖੁਸ਼ੀ ਵਿਚ ਜਾਪਦਾ ਜਿਵੇਂ ਰੂੰ ਦਾ ਗੋਹੜਾ।*

*ਉਥੇ ਹੁਸਨ ਜਵਾਨੀ ਨੱਚਦੇ ਪਿਆ ਮੱਚੇ ਲੋਹੜਾ।*
*ਓਹਦੇ ਕੁੱਛੜ ਕਾਕਾ ਖੇਡਦਾ ਨਾ ਸਹੇ ਵਿਛੋੜਾ।*
*ਉਹ ਮੁੜ-ਮੁੜ ਆਪਣੇ ਪਤੀ ਨੂੰ ਪਈ ਦਵੇ ਮਰੋੜਾ।*
*ਚੱਲ ਚੱਲੀਏ ਛੇਤੀ 'ਦਿਲਬਰਾ' ਕੋਈ ਲਈਏ ਘੋੜਾ।*

ਦੋਵੇਂ ਜੀ ਚਾਵਾਂ ਵਿਚ ਬਾਣੀ ਪੜ੍ਹ ਰਹੇ ਹਨ। ਮਾਹੀ ਦੇ ਪਿਆਰ ਵਿਚ ਰਤੇ ਕਦੀ ਦੁਨਿਆਵੀ ਚੀਜ਼ਾਂ ਦਾ ਮਾਨ ਨਹੀਂ ਕਰਿਆ ਕਰਦੇ। ਸਗੋਂ ਜੀਵਣ ਦੀ ਹਰ ਖੁਸ਼ੀ ਵਿਚੋਂ ਜ਼ਿੰਦਗੀ ਦੀ ਹਰ ਸ਼ੁਗਾਤ ਵਿਚੋਂ ਵਾਹਿਗੁਰੂ ਦੇ ਦਰਸ਼ਨ ਕਰਦੇ ਹਨ। ਉਹ ਕਹਿੰਦੇ ਹਨ, ਧੰਨ ਵਾਹਿਗੁਰੂ ਹੈ ਜਿਸ ਨੇ ਸੋਹਣੇ ਮੰਦਰ ਬਖਸ਼ੇ ਹਨ। ਮਾਇਆ ਦੇ ਗੱਫੇ ਬਖਸ਼ੇ ਹਨ ਸੁੰਦਰ ਪਤਨੀ ਤੇ ਆਗਿਆਕਾਰ ਔਲਾਦ ਬਖ਼ਸ਼ੀ ਹੈ, ਹਜ਼ੂਰ ਕਹਿੰਦੇ ਹਨ—

*ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥*
*ਤਿਸੁ ਠਾਕੁਰ ਕਉ ਰਖੁ ਮਨ ਮਾਹਿ॥*

.... .... ....

*ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥*
*ਤਿਸਹਿ ਧਿਆਇ ਸਦਾ ਮਨ ਅੰਦਰਿ॥*

.... .... ....

*ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ॥*
*ਤਿਸਹਿ ਤਿਆਗਿ ਕਤ ਅਵਰ ਲੁਭਾਵਹਿ॥*

.... .... ....

*ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ॥*
*ਸੋ ਪ੍ਰਭੁ ਸਿਮਰਹੁ ਸਦਾ ਅਨੂਪੁ॥*

.... .... ....

*ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ॥*

ਆਰਫਾਂ ਨੂੰ ਕੁਦਰਤ ਦੇ ਹਰ ਜ਼ਰਰੇ ਵਿਚੋਂ ਕਾਦਰ ਦਾ ਹੀ ਜਲਵਾ ਦਿੱਸਦਾ ਹੈ। ਉਹ ਸ਼ੁਕਰਾਨੇ ਦਾ ਰੂਪ ਬਣ ਜਾਂਦੇ ਹਨ।

*ਯਿਹ ਹੁਸਨ ਵਾਲੇ ਸਭ ਮੇਰੀ ਤਸਬੀ ਕੇ ਮਣਕੇ ਹੈਂ।*
*ਜਬ ਨਜ਼ਰ ਪੜਤੀ ਹੈ ਇਬਾਦਤ ਹੋਤੀ ਜਾਤੀ ਹੈਂ।*

ਇਕ ਮੁਟਿਆਰ ਹਾਰ-ਸ਼ਿੰਗਾਰ ਲਗਾ ਕੇ ਆਪਣੀ ਮਸਤੀ ਵਿਚ ਤੁਰੀ ਜਾ ਰਹੀ ਸੀ। ਹੁਸਨ ਦੀ ਝਲਕ ਕਈਆਂ ਦੇ ਦਿਲ ਫੱਟ ਰਹੀ ਸੀ। ਨੈਣਾਂ ਦੇ ਤੀਰਾਂ ਨੇ ਕਈ ਅੱਲ੍ਹੜ ਤੇ ਛੈਲ-ਛਬੀਲੇ ਵਿੰਨ੍ਹ ਸੁੱਟੇ। ਸੁੰਦਰੀ ਬੜੇ ਹੀ ਗਰੂਰ ਵਿਚ ਸੀ। ਕਿਸੇ ਕਵੀ ਦਾ ਕਥਨ ਹੈ ਕਿ—

*ਹੁਸਨ ਦੀ ਹਰ ਸ਼ਰਤ ਹੀ ਜਦ ਇਸ਼ਕ ਮਨਜ਼ੂਰ ਏ।*

*ਫੇਰ ਵੀ ਕਿਉਂ ਹੁਸਨ ਰਹਿੰਦਾ ਇਸ਼ਕ ਕੋਲੋਂ ਦੂਰ ਏ ।*

.... .... ....

*ਹੁਸਨ ਅਤੇ ਇਸ਼ਕ ਦੀ ਤਕਰਾਰ ਮੁੱਕੇ ਕਿਸ ਤਰ੍ਹਾਂ,*
*ਇਸ਼ਕ ਜੇ ਖੁਦਦਾਰ ਏ ਤਾਂ ਹੁਸਨ ਵੀ ਮਗਰੂਰ ਏ।*

ਰੂਪਵਤੀ ਮਸਤ ਹਾਥੀ ਦੀ ਚਾਲ ਵਾਂਗ ਤੁਰੀ ਜਾ ਰਹੀ ਸੀ । ਉਹਦੇ ਨਾਜ਼ਾਂ ਤੇ ਨਖਰਾਂ ਨੇ ਉਹਦੀਆਂ ਚੰਚਲ ਨਜ਼ਾਕਤਾਂ ਨੇ ਕਿਆਮਤ ਢਾਹੀ ਹੋਈ ਸੀ, ਸਾਹਮਣੇ ਤੋਂ ਕੋਈ ਆਰਫ ਕੋਈ ਮਸਤ ਕੋਈ ਮਾਰਫਤ ਦੇ ਰਾਜ ਸਮਝਣ ਵਾਲਾ ਆ ਨਿਕਲਿਆ । ਸੁੰਦਰੀ ਨੂੰ ਤੱਕਿਆ । ਨਜ਼ਰ ਨਾਲ ਨਜ਼ਰ ਭਿੜੀ ਬੁੱਲ੍ਹ ਮੁਸਕਾਏ।

ਮੁਟਿਆਰ ਨੇ ਵੀ ਹੁਸਨ ਦਾ ਜਾਦੂ ਚਲਾਉਂਦਿਆਂ ਹੋਇਆਂ ਪੂਰੀ ਅਦਾ ਨਾਲ ਤਿਰਛੀ ਨਜ਼ਰ ਸੁੱਟੀ । ਅੱਖਾਂ ਉਹੋ ਹਨ ਪਰ ਤੱਕਣੀ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਪਾ ਜਾਂਦੀਆਂ ਹਨ । ਉਰਦੂ ਸ਼ੇਅਰ—

*ਨਜ਼ਰ ਊਚੀ ਉਠੀ ਤੋ ਦੁਆ ਬਣ ਗਈ ।*
*ਨਜ਼ਰ ਨੀਚੀ ਹੁਈ ਤੋ ਹਯਾ ਬਣ ਗਈ ।*
*ਨਜ਼ਰ ਤਿਰਛੀ ਹੁਈ ਤੋ ਅਦਾ ਬਣ ਗਈ ।*
*ਨਜ਼ਰ ਫਿਰ ਗਈ ਤੋਂ ਕਜ਼ਾ ਬਣ ਗਈ ।*

ਉਸ ਮਨਮੋਹਣੀ ਮੂਰਤ ਨੇ ਭਰਵੀਂ ਨਜ਼ਰ ਉਸ ਸਾਈਂ ਦੇ ਚਿਹਰੇ 'ਤੇ ਸੁੱਟੀ ਅਤੇ ਕਿਹਾ ਦਿਲ ਵਾਲਿਓ—

*ਜੋ ਔਰੋਂ ਕੋ ਵਸਲਿ ਸਨਮ ਦੇਖਤੇ ਹੈਂ।*
*ਵੋ ਸਰ ਪਹਿਲੇ ਆਪਣਾ ਕਲਮ ਦੇਖਤੇ ਹੈਂ ।*

ਫ਼ਕੀਰ ਨੇ ਕਿਹਾ, ਸੁੰਦਰੀ !

*ਨ ਸੂਰਤ ਸੇ ਮਤਲਬ ਨ ਸੀਰਤ ਸੇ ਤੇਰੀ ।*
*ਮਸੱਵਰ ਕੀ ਹਮ ਤੋਂ ਕਲਮ ਦੇਖਤੇ ਹੈਂ।*

ਇਕ ਦਿਨ ਕਿਸੇ ਜ਼ਾਹਿਦ ਨੇ ਮਜਨੂੰ ਨੂੰ ਕਿਹਾ ਓਏ ਮਜਨੂੰ ! ਸਾਰੀ ਉਮਰ ਲੇਲੀ ਲੇਲੀ ਕਰਦਾ ਰੁਲ ਗਿਉਂ । ਜੇ ਕਿਤੇ ਏਨਾ ਪਿਆਰ ਅੱਲਾ ਤਾਲਾ ਨੂੰ ਕਰਦੋਂ ਤਾਂ ਉਮਰ ਹੋ ਜਾਂਦੇ । ਮਜਨੂੰ ਨੇ ਕਿਹਾ ਹੈਂ ! ਅੱਲਾ ਵੀ ਕੋਈ ਹੈ ? ਉਹਦੇ ਵਿਚ ਕੀ ਸਿਫਤਾਂ ਨੇ, ਮੈਂ ਲੇਲੀ ਨੂੰ ਛੱਡ ਉਹਦਾ ਨਾਮ ਜਪਾਂ । ਇਹ ਗੱਲ ਮੈਥੋਂ ਹੋਣੀ ਨਹੀਂ—ਨਸੀਹਤ ਤੋ ਅੱਛੀ ਹੈ ਲੇਕਿਨ ਐ ਹਜ਼ਰਤ ਜਾਹਿਦ ! ਯਿਹ ਬੇ ਮੌਸਮ ਜਿਹੀ ਸ਼ੈ ਮਾਲੂਮ ਹੋਤੀ ਹੈ ਜਵਾਨੀ ਮੇਂ ।

*ਮੌਲਵੀ ਸਾਹਿਬ-ਦੋਵੇਂ ਭੌਂਦੇ ਫਿਰਦੇ ਹਾਂ ਨੂਰ ਦੇ ਪਿੱਛੇ ।*
*ਮੈਂ ਹੁਸਨਾਂ ਦੇ ਪਿੱਛੇ ਤੂੰ ਹੂਰਾਂ ਦੇ ਪਿੱਛੇ ।*

*ਉਮੀਦ ਹੂਰ ਨੇ ਸਭ ਕੁਛ ਸਖਾ ਰਖਾ ਹੈ ਵਾਅਜ ਕੌ ।*
*ਜਿਹ ਹਜ਼ਰਤ ਦੇਖਨੇ ਮੇਂ ਸੀਧੇ ਸਾਦੇ ਭੋਲੇ ਭਾਲੇ ਹੈਂ ।*

ਮੈਨੂੰ ਜੰਨਤ ਦੀਆਂ ਹੂਰਾਂ ਨਾਲੋਂ ਲੈਲੀ ਨਾਲ ਜ਼ਿਆਦਾ ਪਿਆਰ ਹੈ। ਜ਼ਾਹਿਦ ਨੇ ਕਿਹਾ ਮਜਨੂੰ ! ਅੱਲਾ ਸਭ ਦਾ ਮਾਲਕ ਖਲਕ ਰਚਨਹਾਰ ਤੇ ਪਾਲਨਹਾਰ ਹੈ। ਮੌਲਵੀ ਜੀ ਉਹਦਾ ਰੂਪ-ਰੰਗ ਸੁਭਾ ਕੀ ਹੈ ਉਹਦਾ ਟਿਕਾਣਾ ਕਿੱਥੇ ਹੈ। ਮਜਨੂੰ ! ਉਹ ਤਾਂ ਹਰ ਥਾਂ ਵੱਸਦਾ ਹੈ ਜੰਗਲਾਂ ਵਿਚ ਮੈਦਾਨਾਂ ਵਿਚ ਪਹਾੜਾਂ ਵਿਚ ਬਨਾਸਪਤੀ ਵਿਚ ਪਸ਼ੂਆਂ-ਜਾਨਵਰਾਂ, ਪੁਰਸ਼ਾਂ-ਇਸਤਰੀਆਂ ਵਿਚ ਹਰ ਥਾਂ ਉਸਦਾ ਜ਼ਹੂਰ ਹੈ —

*ਬੇਹਿਜਾਬ ਇਤਨਾ ਹੈ ਕਿ ਹਰ ਜ਼ਰਰੇ ਮੇਂ ਹੈ ਉਸ ਕਾ ਜ਼ਹੂਰ।*
*ਬਾਹਿਜਾਬ ਇਤਨਾ ਹੈ ਕਿ ਨਜ਼ਰ ਆਤਾ ਨਹੀਂ।*
*ਮਜਨੂੰ ਨੇ ਕਿਹਾ ਮੇਰੀ ਲੈਲਾ ਵਿਚ ਅੱਲਾ ਹੈ ?*
*ਹਾਂ ਤੇਰੀ ਲੈਲਾ ਵਿਚ ਵੀ ਉਸੇ ਦਾ ਜਲਵਾ ਹੈ।*

ਮਜਨੂੰ ਸੁਣ ਕੇ ਖੁਸ਼ੀ ਵਿਚ ਨੱਚ ਉਠਿਆ ਕਿਹਾ ਕਿ ਮੌਲਵੀ ਸਾਹਿਬ ਮੇਰੇ ਮਾਸ਼ੂਕ ਦੀ ਸੁਰਤ ਖੁਦਾ ਸੇ ਮਿਲਤੀ ਜੁਲਤੀ ਹੈ। ਮੁਹੱਬਤ ਕਰਤਾ ਜਾਤਾ ਹੂੰ ਇਬਾਦਤ ਹੋਤੀ ਜਾਤੀ ਹੈ। ਤੇ ਰੱਬ ਦੇ ਪਿਆਰੇ ਹਰ ਸ਼ੈ ਵਿਚ ਮਾਹੀ ਦਾ ਜਲਵਾ ਤੱਕਦੇ ਹਨ। ਸ: ਬੇਅੰਤ ਸਿੰਘ ਜੀ ਨੇ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕੀਤਾ ਤੇ ਵਿਆਹ ਦੀ ਤਿਆਰੀ ਆਰੰਭੀ, ਪਿਸ਼ਾਵਰ ਦੇ ਇਲਾਕੇ ਵਿਚ ਜਾਣ ਲਈ ਪਹਾੜੀ ਰਸਤਾ ਸੀ। ਰੇਲ, ਮੋਟਰ, ਕਾਰ, ਸਾਈਕਲ ਵਗੈਰਾ ਅਜੇ ਉਦੋਂ ਚੱਲੇ ਨਹੀਂ ਸਨ। ਇਕ ਪਠਾਣ ਦਾ ਘੋੜਾ ਕਿਰਾਏ 'ਤੇ ਕਰ ਲਿਆ, ਕਿਰਾਏ ਦੀ ਗੱਲਬਾਤ ਮੁਕਾ ਕੇ ਸਿੰਘ ਨੇ ਪਠਾਣ ਤੋਂ ਕੋਈ ਜ਼ਾਮਨੀ ਮੰਗੀ—

## ਬੈਂਤ

*ਘੋਰ ਜੰਗਲ ਪਹਾੜ ਵਿਚ ਸਫ਼ਰ ਕਰਨਾ,*
*ਦਿਲ ਵਿਚ ਫ਼ਿਕਰ ਬੇਅੰਤ ਸਿੰਘ ਧਾਰਦਾ ਏ।*
*ਕਿਵੇਂ ਕਰੀਏ ਇਤਬਾਰ ਪਠਾਣ ਉਤੇ,*
*ਸੋਚਾਂ ਚਿੱਤ ਵਿਚ ਸਿੰਘ ਵਿਚਾਰਦਾ ਏ।*
*ਦਸਵੇਂ ਪਾਤਿਸ਼ਾਹ ਨੂੰ ਜ਼ਾਮਨ ਮੰਨਿਆਂ ਜਾਂ,*
*ਸੌਦਾ ਹੋ ਗਿਆ ਝੱਟ ਸਰਦਾਰ ਦਾ ਏ।*
*ਆਪੇ ਕਰੇਗਾ ਰਾਖੀ ਦਸਮੇਸ਼ ਆ ਕੇ,*
*ਫ਼ਿਕਰ ਲਹਿ ਗਿਆ ਸਾਰੇ ਪਰਿਵਾਰ ਦਾ ਏ।*
*ਸ਼ਰਧਾ ਨਾਲ ਗੁਰ ਚਰਨਾਂ 'ਚ ਧਿਆਨ ਧਰ ਕੇ,*
*ਜੋੜਾ ਖੜ੍ਹਾ ਅਰਦਾਸ ਗੁਜ਼ਾਰਦਾ ਏ।*
*'ਦਿਲਬਾਰ' ਘੋੜੇ 'ਤੇ ਦੋਵੇਂ ਅਸਵਾਰ ਹੋ ਗਏ,*
*ਚਿਹਰਾ ਹੱਸਦਾ ਜਾਏ ਨਰ ਨਾਰ ਦਾ ਏ।*

ਸ: ਬੇਅੰਤ ਸਿੰਘ ਨੇ ਕਿਹਾ ਪਠਾਣ ਕੋਈ ਜ਼ਾਮਨੀ ਦੇਹ ਪਠਾਣ ਨੇ ਕਿਹਾ

ਸਰਦਾਰ ਜੀ ਤੁਹਾਡਾ ਗੁਰੂ ਗੋਬਿੰਦ ਸਿੰਘ ਜੀ ਉਤੇ ਤਾਂ ਵਿਸ਼ਵਾਸ ਹੈ ? ਸਿੰਘ ਨੇ ਕਿਹਾ ਉਹਨਾਂ ਵਿਚ ਤਾਂ ਸਾਡੇ ਪਰਾਣ ਹਨ, ਤਾਂ ਸਰਦਾਰ ਜੀ ਯਕੀਨ ਕਰੋ ਤੁਹਾਡੇ ਮੇਰੇ ਗੁਰੂ ਗੋਬਿੰਦ ਸਿੰਘ ਜੀ ਜ਼ਾਮਨ ਠਹਿਰੇ। ਘੋੜਾ ਤਿਆਰ ਹੋ ਗਿਆ। ਸਿੰਘ-ਸਿੰਘਣੀ ਨੇ ਅਰਦਾਸ ਕੀਤੀ ਤੇ ਅਸਵਾਰ ਹੋ ਗਏ। ਅੱਗੇ-ਅੱਗੇ ਪਠਾਣ ਤੁਰਿਆ ਜਾ ਰਿਹਾ ਹੈ । ਮਗਰ ਸਰਦਾਰ ਤੇ ਸਰਦਾਰਨੀ ਘੋੜੇ ਤੇ ਅਸਵਾਰ ਹਨ। ਕਾਕਾ ਮਾਂ ਦੀ ਗੋਦ ਵਿਚ ਹੈ ਤੇ ਕੱਪੜੇ, ਜ਼ੇਵਰਾਂ ਦੀ ਗੱਠੜੀ ਦੋਹਾਂ ਦੇ ਵਿਚਕਾਰ। ਸਫ਼ਰ ਮੁੱਕਣਾ ਸ਼ੁਰੂ ਹੋ ਗਿਆ। ਸਵੇਰ ਤੋਂ ਸ਼ਾਮ ਤੱਕ ਤੁਰਦੇ ਗਏ। ਸਤਾਈ-ਅਠਾਈ ਮੀਲ ਸਫ਼ਰ ਹੋ ਗਿਆ ਸੂਰਜ ਦੇਵਤਾ ਪੱਛਮ ਦੀ ਗੁੱਠ ਵਿਚ ਲੁਕਦਾ ਜਾ ਰਿਹਾ ਸੀ ਸਰਦਾਰ ਬੇਅੰਤ ਸਿੰਘ ਨੇ ਕਿਹਾ ਜਦ ਕੋਈ ਪਿੰਡ ਆਵੇ ਹੁਣ ਰਾਤ ਕੱਟ ਲਈਏ। ਅਜੇ ਗੱਲਾਂ ਕਰ ਰਹੇ ਸਨ, ਅੱਗੇ ਦੋ ਕੁ ਫਰਲਾਂਗ ਤੇ ਇਕ ਨਦੀ ਆ ਪਈ। ਪਠਾਣ ਨੇ ਕਿਹਾ ਸਰਦਾਰ ਜੀ ਮਲਾਹ ਬੇੜੀ ਪਰਲੇ ਕਿਨਾਰੇ ਛੱਡ ਕੇ ਜਾ ਚੁੱਕੇ ਹਨ। ਬੜੀਆਂ ਅਵਾਜ਼ਾਂ ਮਾਰੀਆਂ ਕੋਈ ਨਾ ਆਇਆ। ਆਖ਼ਰ ਉਥੇ ਨਦੀ ਦੇ ਕੰਢੇ 'ਤੇ ਹੀ ਆਸਣ ਲਾ ਲਿਆ। ਪਰਸ਼ਾਦੇ ਨਾਲ ਬੱਧੇ ਹੋਏ ਸਨ ਆਪ ਖਾਣਾ ਖਾਧਾ ਪਠਾਣ ਨੂੰ ਵੀ ਖਵਾਇਆ। ਸਾਰੇ ਦਿਨ ਦੇ ਥੱਕੇ ਹੋਏ ਸਨ। ਥੋੜ੍ਹੇ ਚਿਰ ਬਾਅਦ ਨੀਂਦਰ ਨੇ ਵੀ ਘੇਰਾ ਪਾ ਲਿਆ। ਸਿੰਘ ਤੇ ਸਿੰਘਣੀ ਰਹਿਰਾਸ ਤੇ ਕੀਰਤਨ ਸੋਹਿਲੇ ਦਾ ਪਾਠ ਕਰ ਕੇ ਸੌਂ ਗਏ, ਅੱਗੇ ਰੱਬ ਕਰੇ ਸੋ ਹੋਵੇ।

## ਤਰਜ਼ ਮਿਰਜ਼ਾ

*ਨਦੀ ਕਿਨਾਰੇ ਸਿੰਘ ਨੇ ਆਸਣ ਲਿਆ ਜਮਾ।*
*ਉਹਨੇ ਪਾਠ ਕੀਤਾ ਰਹਿਰਾਸ ਦਾ ਸਤਿਗੁਰ ਲਿਆ ਧਿਆ।*
*ਉਥੇ ਦਇਆ ਕੌਰ ਵੀ ਸੌਂ ਗਈ ਪੁੱਤਰ ਛਾਤੀ ਲਾ।*
*ਥੱਕੇ ਹੋਏ ਪਰਿਵਾਰ ਨੂੰ ਨੀਂਦ ਨੇ ਘੇਰ ਲਿਆ।*
*ਘੋੜੇ ਵਾਲਾ ਜਾਗਦਾ ਸੋਚਾਂ ਰਿਹਾ ਦੁੜਾ।*
*ਇਹ ਮੁਟਿਆਰ ਪੰਜਾਬ ਦੀ ਹੱਥ ਗਈ ਏ ਆ।*
*ਜੇ ਸੁੱਤੇ ਸਰਦਾਰ ਨੂੰ ਦੇਵਾਂ ਮਾਰ ਮੁਕਾ।*
*ਗਹਿਣੇ ਕੱਪੜੇ ਬਹੁਤ ਨੇ ਮੌਜਾਂ ਲਵਾਂ ਬਣਾ।*
*ਲੈ ਕੇ ਇਸ ਮੁਟਿਆਰ ਨੂੰ ਕਾਬਲ ਪਹੁੰਚਾਂ ਜਾ।*
*ਹੋਣੀ ਵਰਤਣ ਲੱਗ ਪਈ ਪਾਪੀ ਡੋਲ ਗਿਆ।*
*ਉਸ ਚੁੱਪ ਚੁਪੀਤੇ ਉਠ ਕੇ ਦਿੱਤਾ ਛੁਰਾ ਚਲਾ।*
*ਉਸ ਕੱਢ ਕਲੇਜਾ ਸਿੰਘ ਦਾ ਦਿੱਤਾ ਬਾਹਰ ਟਿਕਾ।*
*ਓਥੇ, ਬਾਹਰ ਆਂਦਰਾਂ ਆ ਗਈਆਂ ਖ਼ੂਨ ਵਗੇ ਦਰਿਆ।*
*ਸਿੰਘ ਤੜਪ ਕੇ ਉਠਿਆ ਉਸ ਸਿੰਘਣੀ ਲਈ ਜਗਾ।*

*ਦਇਆ ਕੌਰ ਨੇ ਉਠ ਕੇ ਉੱਚੀ ਮਾਰੀ ਧਾਹ।*
*ਕੰਤਾ ਛੱਡ ਕੇ ਤੁਰ ਗਿਉਂ ਕੀਹਨੂੰ ਬਾਂਹ ਫੜਾ।*
*ਪਿੱਟ-ਪਿੱਟ ਜ਼ੁਲਫਾਂ ਖੋਂਹਵਦੀ ਕੂੰਜ ਰਹੀ ਕੁਰਲਾ।*
*ਭੌਰੇ ਅੱਖਾਂ ਮੀਟ ਗਏ ਭੁੱਲ ਗਏ ਕਮਲਾ।*
*ਰੂਹ ਸਿੰਘ ਦੀ 'ਦਿਲਬਰਾ' ਗਈ ਉਡਾਰੀ ਲਾ।*

ਮਨੁੱਖ ਦਾ ਮਨ ਬਦਲਣ ਲੱਗਿਆਂ ਵੀ ਦੇਰ ਨਹੀਂ ਲੱਗਦੀ, ਘੜੀ ਵਿਚ ਬਾਦਸ਼ਾਹ ਤੇ ਘੜੀ ਵਿਚ ਕੰਗਾਲ ਘੜੀ ਵਿਚ ਚੋਰ ਤੇ ਘੜੀ ਵਿਚ ਸਾਧ, ਪਲ ਵਿਚ ਪੁੰਨੀ ਪਲ ਵਿਚ ਪਾਪੀ ਕਦੇ ਦਇਆਵਾਨ ਤੇ ਜ਼ਾਲਮ ਬਣ ਬਹਿੰਦਾ ਏ।

ਇਸ ਮਨ ਕੋ ਜਨਮ-ਜਨਮ ਕੀ ਮੈਲ ਲਾਗੀ, ਕਾਲਾ ਹੋਆ ਸਿਆਹ। ਪਾਪੀ ਪਠਾਣ ਦਾ ਮਨ ਬਦਲ ਗਿਆ ਦਿਲ ਬੇਈਮਾਨ ਹੋ ਗਿਆ। ਸੋਚਣ ਲੱਗਾ ਪਰੀ ਵਰਗੀ ਖ਼ੂਬਸੂਰਤ ਮੁਟਿਆਰ ਇਸਤ੍ਰੀ ਤੇ ਹਜ਼ਾਰਾਂ ਰੁਪੈ ਹੱਥ ਆ ਸਕਦੇ ਹਨ। ਸਰਦਾਰ ਨੂੰ ਖ਼ਤਮ ਕਰ ਦਿਆਂ। ਕੁਛ ਚਿਰ ਸੋਚਾਂ ਵਿਚ ਡੁੱਬਾ ਜਾਗਦਾ ਰਿਹਾ। ਕਈਆਂ ਨੂੰ ਨੀਂਦ ਨਹੀਂ ਆਉਂਦੀ। ਜਾਂ ਕੋਈ ਪੁਰਾਣਾ ਰੋਗੀ ਦੁੱਖ ਭੋਗ ਰਿਹਾ ਹੋਵੇ ਜਾਂ ਕੋਈ ਕਰਜੇ ਦੇ ਭਾਰ ਹੇਠ ਦੱਬਿਆ ਹੋਵੇ ਜਾਂ ਫਿਰ ਚੋਰੀ-ਡਾਕਾ ਮਾਰਨਾ ਹੋਵੇ ਜਾਂ ਪੁਲਿਸ ਦਾ ਮਫਰੂਰ ਹੋਵੇ ਜਾਂ ਕੋਈ ਵਿਸ਼ੇ ਦਾ ਵਣਜਾਰਾ ਹੋਵੇ ਜਾਂ ਜੀਹਦੀ ਵਾਹਿਗੁਰੂ ਨਾਲ ਪਰੀਤੀ ਲੱਗ ਚੁੱਕੀ ਹੋਵੇ। ਇਹਨਾਂ ਨੂੰ ਨੀਂਦ ਨਹੀਂ ਆਉਂਦੀ। ਜ਼ਾਲਮ ਪਠਾਣ ਜਾਗ ਰਿਹਾ ਹੈ। ਜਦ ਪਤੀ-ਪਤਨੀ ਸੌਂ ਗਏ, ਦੁਸ਼ਟ ਉਠਿਆ, ਕਾੜ ਕਰਦਾ ਛੁਰਾ ਮਾਰਿਆ, ਸ: ਬੇਅੰਤ ਸਿੰਘ ਦੀ ਛਾਤੀ ਵਿਚ ਖੋਭ ਦਿੱਤਾ। ਕਲੇਜਾ ਬਾਹਰ ਕੱਢ ਦਿੱਤਾ, ਆਂਦਰਾਂ ਨਿਕਲ ਆਈਆਂ। ਖ਼ੂਨ ਦੀ ਨਦੀ ਵਹਿ ਤੁਰੀ। ਇਕ ਚੀਕ ਨਿਕਲੀ ਦਇਆ ਕੌਰੇ ਧੋਖਾ ਹੋ ਗਿਆ ਈ। ਦਇਆ ਕੌਰ ਤਰੱਬਕ ਕੇ ਉੱਠੀ ਸਵਾਮੀ ਖ਼ੂਨ ਵਿਚ ਲਥ-ਪਥ ਵੇਖਿਆ।

ਕੁਰਲਾ ਉਠੀ ! ਪ੍ਰੀਤਮਾ !

ਉਜਾੜ ਵਿਚ ਕੱਲੀ ਨੂੰ ਛੱਡ ਕੇ ਤੁਰ ਚੱਲਿਆ ਏ ?

ਚੰਨੀਏ ! ਅੱਛਾ ਤੇਰਾ ਕਲਗੀਧਰ ਪਾਤਿਸ਼ਾਹ ਰਾਖਾ ਏ, ਏਨੀ ਕਹਿੰਦਿਆਂ ਤੜਪ-ਤੜਪ ਕੇ ਸਿੰਘ ਨੇ ਪਰਾਣ ਦੇ ਦਿੱਤੇ। ਦਇਆ ਕੌਰ ਦੇ ਭਾ ਦਾ ਹਨੇਰ ਮੱਚ ਗਿਆ। ਪਤੀ ਦੀ ਲਾਸ਼ ਦੇਖ ਕੇ ਦੁਖੀ ਅਬਲਾ ਕੀਰਨੇ ਪਾਉਂਦੀ ਹੈ।

**ਤਰਜ਼-ਤੂੰ ਮੇਰੇ ਪਿਆਰ ਕਾ ਫੂਲ ਹੈਂ......(ਧੂਲ ਕਾ ਫੂਲ)**

*ਇਹ ਮੇਰੇ ਕਰਮਾਂ ਦੀ ਹਾਰ ਹੈ।*
*ਕਿ ਰੱਬੀ ਕਾਰ ਹੈ।*
*ਕੁਛ ਕਹਿ ਨਹੀਂ ਸਕਦੀ।*

*ਪਰ ਤੇਰਾ ਵਿਛੋੜਾ ਹਾਣੀਆਂ ਜ਼ਿੰਦ ਸਹਿ ਨਹੀਂ ਸਕਦੀ ।*

*(1) ਮੈਂ ਪਾਪਣ ਦੇ ਲੇਖ ਨੇ ਫੁੱਟ ਗਏ ।*
*ਜ਼ੁਲਫਾਂ ਖੁੱਲ੍ਹ ਗਈਆਂ ਗਜ਼ਰੇ ਟੁੱਟ ਗਏ ।*
*ਉਜੜ ਗਿਆ ਸੰਸਾਰ ਵੇ ।*
*ਮੇਰਾ ਵਿਛੜਿਆ ਹਾਣੀ ।*
*ਚਾਵਾਂ 'ਚ ਗ਼ਮੀਆਂ ਆ ਗਈਆਂ, ਰੱਜ ਖੁਸ਼ੀ ਨਾ ਮਾਣੀ ।*

*(2) ਰੂਪ ਜਵਾਨੀ ਮੇਰੇ ਬਣ ਗਏ ਵੈਰੀ ।*
*ਜ਼ਾਲਮ ਦੀ ਅੱਖ ਹੋ ਗਈ ਗਹਿਰੀ ।*
*ਲੁੱਟਿਆ ਮੇਰਾ ਸੁਹਾਗ ਵੇ ।*
*ਕਿ ਮੇਰਾ ਭਾਗ ਵੇ ।*
*ਉਸ ਕਹਿਰ ਕਮਾਇਆ ।*
*ਜੋੜੀ 'ਚ ਭੰਗਣਾਂ ਪਾ ਦਿੱਤੀ, ਉਹਨੂੰ ਤਰਸ ਨ ਆਇਆ ।*

*(3) ਵਿਚ ਉਜਾੜਾਂ ਰੋਵਾਂ ਅਕੇਲੀ ।*
*ਨਾ ਕੋਈ ਸਾਥਣ ਨਾ ਕੋਈ ਬੇਲੀ ।*
*ਫੁੱਲ ਬਣ ਗਏ ਅੰਗਿਆਰੇ ਵੇ ।*
*ਕਿ ਟੁੱਟੇ ਹਾਰ ਵੇ ।*
*ਕੋਈ ਰਿਹਾ ਨਾ ਦਰਦੀ ॥*
*ਸਤਿਗੁਰ ਅੱਗੇ 'ਦਿਲਬਰਾ' ਅਰਜੋਈ ਕਰਦੀ ।*

ਵਿਚਾਰੀ ਦਇਆ ਕੌਰ ਦੀ ਦੁਨੀਆਂ ਹੀ ਲੁੱਟੀ ਗਈ । ਚਾਵਾਂ ਵਿਚ ਵੀਰ ਦਾ ਵਿਆਹ ਵੇਖਣ ਚੱਲੀ ਸੀ । ਰਸਤੇ ਵਿਚ ਹੀ ਭਾਣਾ ਵਰਤ ਗਿਆ । ਉਹ ਦੇ ਗੀਤਾਂ ਨੇ ਵੈਣਾਂ ਦਾ ਰੂਪ ਧਾਰ ਲਿਆ । ਉਹਦੇ ਫੁੱਲ ਅੰਗਿਆਰ ਬਣ ਗਏ। ਸ਼ਗਨਾਂ ਦੀ ਮਹਿੰਦੀ ਖ਼ੂਨ ਬਣ ਗਈ । ਸਧਰਾਂ ਤੜਪ ਉਠੀਆਂ, ਅਰਮਾਨ ਕੁਚਲੇ ਗਏ ਰੋ-ਰੋ ਕੇ ਸ਼ੁਦੈਣ ਹੋ ਗਈ । ਜ਼ੁਲਫਾਂ ਖੁੱਲ੍ਹ ਕੇ ਗਲ ਵਿਚ ਪੈ ਗਈਆਂ, ਹੰਝੂਆਂ ਦੀ ਧਾਰ ਵਿਚ ਨੈਣਾਂ ਦਾ ਕੱਜਲਾ ਰੁੜ੍ਹ ਗਿਆ । ਪਿੱਟ-ਪਿੱਟ ਵੀਣੀਆਂ ਦੇ ਗਜ਼ਰੇ ਤੋੜ ਲਏ । ਸੁਹਾਗ ਦੀ ਬਿੰਦੀ ਲਾਹ ਕੇ ਸੁੱਟ ਦਿੱਤੀ ਮਾਂਗ ਦੇ ਸੰਧੂਰ ਵਿਚ ਮਿੱਟੀ ਦੀਆਂ ਮੁੱਠਾਂ ਭਰ-ਭਰ ਪਾ ਰਹੀ ਏ ਸੁਰਖੀ ਰਤੇ ਬੁੱਲ੍ਹਾਂ 'ਤੇ ਸਿਕਰੀ ਆ ਗਈ ਗਹਿਣੇ ਲਾਹ ਕੇ ਪਰ੍ਹਾਂ ਵਗ੍ਹਾਹ ਮਾਰੇ, ਜਦ ਦਿਲ ਦਾ ਜਾਨੀ ਸਿਰਤਾਜ ਤੁਰ ਗਿਆ ਸ਼ਿੰਗਾਰ ਕਾਹਦਾ ।

*ਐ ਸਯਾਹ ਬਖਤੀ ਮੈਂ ਕਾਇਲ ਹੂੰ ਤੇਰੀ ਤਾਸੀਰ ਕਾ*
*ਜਿਸ ਪੇ ਨਜ਼ਰ ਕੀ ਦੁਸ਼ਾਲੇ ਕੋ ਕੰਬਲ ਕਰ ਦੀਆ ।*

ਦਿਲ ਵਿਚ ਭਾਂਬੜ ਬਲ ਰਹੇ ਹਨ। ਵਿਛੋੜੇ ਦਾ ਸੱਲ ਜਰਿਆ ਨਹੀਂ ਜਾਂਦਾ। ਜੰਗਲ-ਉਜਾੜ ਵਿਚ ਇਕੱਲੀ ਹੈ ਦੁੱਖ ਰੋਵੇ ਤਾਂ ਕੀਹਦੇ ਅੱਗੇ ਰੋਵੇ। ਹੌਕਿਆਂ ਤੇ ਹਾਵਿਆ ਦੇ ਅੰਬਾਰ ਲੱਗ ਗਏ। ਸਿਸਕੀਆਂ ਭਰ-ਭਰ ਕਮਲੀ ਹੋ ਗਈ। ਜ਼ਾਲਮ ਪਠਾਣ ਨੇ ਸੋਚਿਆ ਰੋ-ਰੋ ਕੇ ਦਿਲ ਦਾ ਭਾਰ ਹੌਲਾ ਕਰ ਲਿਆ ਸੂ। ਹੁਣ ਬੁਲਾਵੇ ਖਾਂ ਜਦ ਦੁਸ਼ਟ ਸਾਹਮਣੇ ਆਇਆ। ਦਇਆ ਕੌਰ ਦੇ ਦਿਲ ਵਿਚ ਕਰੋਧ ਦੀ ਅੱਗ ਬਲ ਉਠੀ। ਵੇ ਦੁਸ਼ਟਾ!ਕਿਹੜੇ ਜੁਗ ਦਾ ਵੈਰ ਲਿਆ ਸਈ। ਦਇਆ ਕੌਰ ਤੇ ਪਠਾਣ ਸਵਾਲ-ਜਵਾਬ ਕਰਦੇ ਹਨ।

**ਤਰਜ਼ : ਜੱਟ ਕੁੜੀਆਂ ਤੋਂ ਡਰਦਾ ਮਾਰਾ.....**

*ਦਇਆ ਕੌਰ- ਵੇ ਤੇਰਾ ਕੱਖ ਨਾ ਰਵੇ ਬਦਕਾਰਾ,*
*ਪਾਪੀਆ ਵੇ ਕਹਿਰ ਤੂੰ ਕਮਾਇਆ।*
*ਪਠਾਣ- ਨੀ ਤੇਰੇ ਰੂਪ ਨੇ ਸ਼ੁਦਾਈ ਕੀਤਾ, ਕਾਬੂ ਵਿਚ ਦਿਲ ਨਾ ਰਿਹਾ।*
*ਬੀਬੀ- ਅੱਗ ਲੱਗ ਜਾਏ ਵੈਰੀਆਂ ਦਿਲ ਨੂੰ ਉਮਰਾਂ ਦਾ ਰੋਣਾ ਪੈ ਗਿਆ।*
*ਪਠਾਣ- ਮੇਰਾ ਵੈਰ ਨਹੀਂ ਤੇਰੇ ਨਾਲ ਕੋਈ,*
*ਨੀ ਦਿਲ 'ਚੋਂ ਭੁਲੇਖਾ ਕੱਢ ਲੈ।*
*ਬੀਬੀ- ਮੇਰਾ ਕੋਹਿਆ ਤੂੰ ਦਿਲ ਦਾ ਜਾਨੀ,*
*ਪਾਪੀਆ ਮੈਂ ਤੇਰਾ ਕੀ ਗਵਾਇਆ।*
*ਪਠਾਣ- ਤੈਨੂੰ ਘਰ ਦੀ ਬਣਾਵਾਂ ਰਾਣੀ, ਨੀ ਦੌਲਤ ਲੁਟਾਵਾਂ ਤੁਧ ਤੋਂ।*
*ਬੀਬੀ- ਵੇ ਮੈਂ ਥੁੱਕਦੀ ਨਹੀਂ ਤੇਰੇ ਮੂੰਹ 'ਤੇ, ਮੈਂ ਮਾਹੀ ਪਿਛੇ ਮਰ ਜਾਵਾਂਗੀ।*
*ਪਠਾਣ- ਐਵੇਂ ਕਾਸਨੂੰ ਕਰੇਂ ਪਈ ਅੜੀਆਂ, ਕਿਸੇ ਨਹੀਂ ਛੁਡਾਉਣਾ ਆਣਕੇ।*
*ਬੀਬੀ- ਵੇ ਮੇਰਾ ਜਾਮਨ ਕਲਗੀ ਵਾਲਾ, ਸੇਵਕਾਂ ਦੀ ਲਾਜ ਰੱਖਦਾ।*
*ਪਠਾਣ- ਨੀ ਵਾਜ ਮਾਰ ਲੈ ਗੁਰੂ ਨੂੰ ਛੇਤੀ, ਮੈਂ ਉਹਦੀ ਤਲਵਾਰ ਵੇਖ ਲਾਂ।*
*ਬੀਬੀ- ਜਦੋਂ ਆ ਗਿਆ ਕਲਗੀਆਂ ਵਾਲਾ, ਤੂੰ ਸੁਧ ਬੁਧ ਭੁਲ ਜਾਏਂਗਾ।*
*ਪਠਾਣ- ਜੇ ਨਾ ਬਣੇਗੀਂ ਸੁੰਦਰੀਏ ਮੇਰੀ, ਮੈਂ ਤੇਰੇ ਵੀ ਪਰਾਣ ਲਵਾਂਗਾ।*
*ਦਇਆ ਕੌਰ- ਲੈਣਾ ਜੀ ਕੇ ਕੀ 'ਦਿਲਬਰ' ਬਾਝੋਂ, ਛੇਤੀ ਜਾਨ ਕੱਢ ਵੈਰੀਆ।*

ਉਜਾੜ ਬੀਆਬਾਨ ਰਾਤ ਦਾ ਸਮਾਂ ਇਕੱਲੀ ਮੁਟਿਆਰ ਪਰ ਬੀਬੀ ਨੇ ਹੌਂਸਲਾ ਨਾ ਹਾਰਿਆ। ਉਸ ਦਾ ਪਰਾਣਾਂ ਤੋਂ ਪਿਆਰਾ ਪਤੀ ਖੂਨ ਵਿਚ ਲਥ-ਪਥ ਸੀ ਸਾਹਮਣੇ ਲਹੂ-ਭਿੰਨੀ ਛੁਰੀ ਲੈ ਕੇ ਜ਼ਾਲਮ ਪਠਾਣ ਕਸਾਈ ਦਾ ਰੂਪ ਧਾਰੀ ਖੜ੍ਹਾ ਸੀ। ਦਇਆ ਕੌਰ ਦੀਆਂ ਭੁੱਬਾਂ ਨਿਕਲ ਗਈਆਂ।

ਉਹਦੇ ਵੈਣ ਧਰਤੀ ਤੇ ਆਕਾਸ਼ ਨੂੰ ਕਾਂਬਾ ਛੇੜ ਰਹੇ ਸਨ।

*ਵੁਹੀ ਸਮਝਗੇ ਮੇਰੇ ਜ਼ਖਮ ਦਿਲ ਕੋ,*
*ਜਿਗਰ ਪਰ ਜਿਸ ਕੇ ਨਾਸੂਰ ਹੋਗਾ।*

ਹਿਰਦੇ ਵਿਚ ਅਥਾਹ ਦੁੱਖ ਸੀ। ਉਹਦੀ ਹਾਲਤ ਵੇਖ ਕੇ ਕਹਿਣਾ ਮੁਸ਼ਕਲ ਸੀ ਕਿ ਇਹ ਜੀਅ ਸਕੇਗੀ ਜਾਂ ਨਾ।

***ਜਿਸ ਤਨ ਲਾਗੇ ਸੋ ਤਨ ਜਾਣੇ, ਕੌਣ ਜਾਣੇ ਪੀਰ ਪਰਾਈ।***

ਮਾਂ ਦੀਆਂ ਧਾਹਾਂ ਚੀਕਾਂ ਤੇ ਵਿਲਕਣੀਆਂ ਸੁਣ ਕੇ ਬੱਚਾ ਕਾਕਾ ਜਗਦੀਸ਼ ਵੀ ਜਾਗ ਪਿਆ। ਤੋਤਲੀ ਅਵਾਜ਼ ਨਾਲ ਅਵਾਜ਼ਾਂ ਮਾਰੇ ਬੀਬੀ ! ਭਾਪਾ ਜੀ! ਮਾਸੂਮ ਬਾਲ ਨਹੀਂ ਸੀ ਜਾਣਦਾ ਕਿ ਭਾਪਾ ਜੀ ਤਾਂ ਸਦਾ ਦੀ ਨੀਂਦਰੇ ਸੌਂ ਗਏ ਹਨ ਜ਼ਾਲਮ ਪਠਾਣ ਬੁੱਤ ਬਣਿਆ ਖੜ੍ਹਾ ਸੀ। ਸ਼ਾਇਦ ਹੋਰ ਪਾਪ ਕਰਨ ਲਈ ਦਿਲ ਨੂੰ ਤਗੜਿਆ ਕਰ ਰਿਹਾ ਸੀ। ਕੁਝ ਸੋਚ ਕੇ ਅੱਗੇ ਵਧਿਆ, ਪਿਆਰ ਦਾ ਸਾਗਰ ਬਣ ਕੇ ਦਇਆ ਕੌਰ ਵੀਣੀ ਨੂੰ ਹੱਥ ਪਾਉਣ ਲੱਗਾ, ਉਹ ਪਤੀ-ਬਰਤ ਦੇਵੀ ਬਿਜਲੀ ਦੀ ਫੁਰਤੀ ਨਾਲ ਪਿੱਛੇ ਹਟੀ। ਸ਼ੇਰ ਦੀ ਤਰ੍ਹਾਂ ਗਰਜੀ ਖ਼ਬਰਦਾਰ ਕੁੱਤਿਆ! ਜੇ ਮੈਨੂੰ ਹੱਥ ਲਾਇਆ, ਪਿਛੇ ਖੜ੍ਹਾ ਰਹੁ। ਪਿਆਰੀ ! ਜੋ ਹੋ ਗਿਆ ਸੋ ਹੋ ਗਿਆ ਮੈਂ ਤੇਰੇ ਰੂਪ ਉਤੇ ਮੋਹਿਤ ਹੋ ਕੇ ਇਹ ਕਾਰਾ ਕੀਤਾ ਹੈ। ਤੇਰੇ ਪਿਆਰ ਨੇ ਹੀ ਮੈਨੂੰ ਇਹ ਕੁਝ ਧਾਰਨ ਕਰਨ 'ਤੇ ਮਜਬੂਰ ਕੀਤਾ ਸੀ, ਮੈਨੂੰ ਮੁਆਫ ਕਰ ਦੇ। ਵੇਖ ਤੇਰੇ ਉਤੇ ਜਵਾਨੀ ਏ। ਤੈਨੂੰ ਵੀ ਰੱਬ ਨੇ ਰੂਪ ਦਿੱਤਾ ਏ, ਮੈਨੂੰ ਵੀ ਅੱਲਾ ਨੇ ਹੁਸਨ ਦਿੱਤਾ। ਤੇਰੇ ਕੋਲ ਵੀ ਦੌਲਤ ਏ ਮੇਰੇ ਕੋਲ ਵੀ ਦੌਲਤ ਏ।

ਦੂਰ ਕਾਬਲ ਦੇ ਇਲਾਕੇ ਵਿਚ ਚਲੇ ਚੱਲੀਏ ਬੜਾ ਅਨੰਦ ਲਵਾਂਗੇ। ਮੈਂ ਤੇਰਾ ਗ਼ੁਲਾਮ ਬਣ ਕੇ ਰਹਾਂਗਾ, ਦੁਨੀਆਂ ਭਰ ਦੀ ਦੌਲਤ ਲੁੱਟਾ ਦਿਆਂਗਾ।

ਜਿਹੜੀ ਚੀਜ਼ ਇਸ ਬੰਦੇ ਨੂੰ ਚੰਗੀ ਲੱਗੀ ਹੈ, ਉਹਦੀ ਵੀ ਕਿਸਮਤ ਮਾੜੀ ਸਮਝੋ। ਜੋ ਕੁਝ ਵੀ ਲੋਭੀ ਬੰਦੇ ਦੀਆਂ ਨਜ਼ਰਾਂ ਵਿਚ ਜਚ ਜਾਏ ਇਹ ਉਸ ਨਾਲ ਬੁਰੀ ਕਰਨੋਂ ਕਦੇ ਵੀ ਨਹੀਂ ਟਲਦਾ। ਹਰ ਚੀਜ਼ ਨੂੰ ਬੰਦਾ ਆਪਣੇ ਕਬਜ਼ੇ ਵਿਚ ਵੇਖਣ ਦੀ ਖਾਹਸ਼ ਪਰਗਟ ਕਰਦਾ ਹੈ। ਭਾਵੇਂ ਉਹ ਦੌਲਤ ਹੋਵੇ ਜਾਂ ਹੁਸਨ ਹੋਵੇ। ਲਓ ਦੱਸੋ ਵਿਚਾਰੇ ਫੁੱਲ ਨੇ ਕੀ ਗੁਨਾਹ ਕੀਤਾ ਸੀ। ਉਹਨੂੰ ਡਾਲੀ ਨਾਲੋਂ ਤੋੜਿਆ, ਸੇਜ ਉਤੇ ਵਿਛਾਇਆ ਰਾਤ ਭਰ ਕੁਚਲਿਆ 'ਤੇ ਦਿਨੇ ਰੂੜੀ ਉਤੇ ਸੁੱਟ ਦਿੱਤਾ। ਚੰਗਾ ਜੂ ਲੱਗ ਗਿਆ ਉਸ ਦਾ ਗੁਨਾਹ ਸਿਰਫ਼ ਏਨਾ ਸੀ ਕਿ ਉਹ ਵੇਖਣ ਵਾਲੇ ਦੀਆਂ ਨਜ਼ਰਾਂ ਨੂੰ ਖ਼ੂਬਸੂਰਤੀ ਬਖਸ਼ਦਾ ਸੀ। ਦਿਲ-ਦਿਮਾਗ ਨੂੰ ਖ਼ੁਸ਼ਬੂਆਂ ਦੇ ਢੋਏ ਦੇ ਕੇ ਮੁਅੱਤਰ ਕਰਦਾ ਸੀ। ਵਿਚਾਰੇ ਦੇ ਗੁਣ ਮਾਰ ਬਣ ਗਏ ਮਾਂ ਰੂਪੀ ਡਾਲੀ ਨਾਲੋਂ ਤੋੜਿਆ, ਮਸ਼ੀਨ ਵਿਚ ਪਾਇਆ ਉਹਦਾ ਖ਼ੂਨ ਨਚੋੜਿਆ, ਸ਼ੀਸ਼ੀਆਂ ਵਿਚ ਬੰਦ ਕੀਤਾ ਤੇ ਚਾਰ-ਚਾਰ ਆਨੇ ਤੋਂ ਬਜ਼ਾਰ ਵੇਚ ਦਿੱਤਾ ਗਿਆ।

ਕਿਹਾ ਜੀ ਇਹ 'ਵੀਨਾ' ਸੈਂਟ ਹੈ।

***ਟਹਿਣੀ ਉਤੇ ਖਿੜ-ਖਿੜ ਹੱਸੇ, ਖ਼ੁਸ਼ਬੂ ਭਰਿਆ ਫੁੱਲਾ।***
***ਚੁੱਪ ਕਰ ਕੇ ਜੇ ਦਿਨ ਨ ਕੱਟੇਂ, ਤਾਂ ਸਮਝੀ ਝੱਖੜ ਝੁੱਲਾ।***

*ਲੁੱਟ ਕੇ ਹੁਸਨ ਹੋਣਗੇ ਰਾਹੀ, ਸੱਕਾ ਕੌਣ ਕਿਸੇ ਦਾ।*
*ਜ਼ਾਲਮ ਦੁਨੀਆਂ ਨਹੀਂ ਸਹਿ ਸਕਣਾ, ਜ਼ੋਬਨ ਤੇਰਾ ਭੁੱਲਾ।*

*ਗੁਰਵਾਕ- ਧਨ ਜੋਬਨ ਦੋਇ ਵੈਰੀ ਹੋਇ ਜਿਨੀਂ ਰਖੇ ਰੰਗ ਲਾਇ॥*
*ਦੂਤਾਂ ਨੂੰ ਫਰਮਾਇਆ ਲੈ ਚਲੈ ਪਤ ਗਵਾਇ॥*

ਜੇ ਬੁਲਬੁਲ ਮਿੱਠੇ ਤਰਾਨੇ ਨਾ ਗਾਉਂਦੀ ਸ਼ਾਇਦ ਉਸ ਨੂੰ ਪਿੰਜ਼ਰਾ ਨਾ ਨਸੀਬ ਹੁੰਦਾ। ਜੇ ਫੁੱਲ ਵਿਚ ਸੁਗੰਧੀ ਨਾ ਹੁੰਦੀ ਸ਼ਾਇਦ ਡਾਲੀ ਨਾਲੋਂ ਨਾ ਤੋੜਿਆ ਜਾਂਦਾ। ਜੇ ਸੋਨੇ ਵਿਚ ਡਲ੍ਹਕ ਨਾ ਹੁੰਦੀ, ਸ਼ਾਇਦ ਕੁਠਾਲੀ ਵਿਚ ਨਾ ਗਾਲਿਆ ਜਾਂਦਾ ਤੇ ਜੇ ਦਇਆ ਕੌਰ ਤੇ ਵੀ ਏਨਾ ਰੂਪ ਤੇ ਸੁੰਦਰਤਾ ਨਾ ਹੁੰਦੀ ਸ਼ਾਇਦ ਵਿਚਾਰੀ ’ਤੇ ਨਾ ਭਾਣਾ ਵਰਤਦਾ। [1]ਹੁਸਨ ਤੇ ਤਕਦੀਰ ਦਾ ਅਜ਼ਲਾਂ ਤੋਂ ਵੈਰ ਹੈ। ਦਇਆ ਕੌਰ ਦੀ ਦੁਨੀਆਂ ਲੁੱਟੀ ਗਈ, ਪਠਾਣ ਦੀਆਂ ਗੱਲਾਂ ਸੁਣ ਕੇ ਕਰੋਧ ਦਿਲ ਵਿਚ ਭਰ ਗਿਆ, ਕਹਿਣ ਲੱਗੀ ਕੁੱਤਿਆ ਭੌਂਕ ਨਾ! ਇਸ ਗੱਲ ਦਾ ਬਦਲਾ ਤੈਨੂੰ ਵਾਹਿਗੁਰੂ ਦੇਵੇਗਾ। ਮੈਂ ਆਪਣੇ ਪਤੀ ਦੀ ਹਾਂ ਤੇ ਓਸ ਨਾਮ ਦੀ ਮਾਲਾ ਫੇਰਦੀ ਰਹਾਂਗੀ। ਪਰ ਪਠਾਣ ਕਿਵੇਂ ਰੁਕ ਸਕਦਾ ਸੀ ਉਸ ਅੱਗੇ ਵਧ ਕੇ ਆਪਣੀਆਂ ਦੈਂਤਾਂ ਵਰਗੀਆਂ ਬਾਹਾਂ ’ਚ ਮੁਟਿਆਰ ਨੂੰ ਵਲਣ ਦਾ ਯਤਨ ਕੀਤਾ। ਦਇਆ ਕੌਰ ਪਿਛੇ ਹਟ ਗਈ, ਕਿਥੇ ਇਕ ਦੈਂਤ ਕੱਦ ਦਾ ਪਠਾਣ, ਕਿਥੇ ਇਕ ਨਾਜ਼ਕ ਜਿਹੀ ਕੁੜੀ, ਜਿਉਂ-ਜਿਉਂ ਪਿਛੇ ਹੱਟਦੀ ਕਾਮੀ ਪਠਾਣ ਹੋ ਅੱਗੇ ਵਧਦਾ ਜਾਂਦਾ। ਵਿਚਾਰੀ ਕਿਥੇ ਲੁਕੋਂਦੀ ਆਪਣੇ ਆਪ ਨੂੰ। ਅਖੀਰ ਉਸ ਨਦੀ ਦੇ ਕੰਢੇ ਤੋਂ ਪੱਥਰ ਚੁੱਕੇ ਤੇ ਪਠਾਣ ਦੇ ਮੂੰਹ ’ਤੇ ਮਾਰਨੇ ਸ਼ੁਰੂ ਕਰ ਦਿੱਤੇ। ਤਿੰਨ ਚਾਰ ਪੱਥਰ ਦੁਸ਼ਟ ਦੇ ਮੂੰਹ ਤੇ ਕਾੜ-ਕਾੜ ਵੱਜੇ, ਦੁਸ਼ਟ ਬੌਂਦਲ ਗਿਆ, ਘਬਰਾ ਗਿਆ, ਮੱਥੇ ਵਿਚੋਂ ਲਹੂ ਵਗ ਤੁਰਿਆ, ਝੁੰਜਲਾ ਕੇ ਪਿਛੇ ਮੁੜ ਪਿਆ, ਮਨੁੱਖ ਜਦ ਪਾਪ ਕਰਨ ਉਤੇ ਉਤਰ ਆਉਂਦਾ ਹੈ ਤਾਂ ਗੁੱਸੇ ਵਿਚ ਪਾਗ਼ਲ ਹੋ ਕੇ ਪਾਪ ਉਤੇ ਪਾਪ ਕਰੀ ਤੁਰਿਆ ਜਾਂਦਾ ਹੈ ਜਿਸ ਦਇਆ ਕੌਰ ਬਦਲੇ ਪਾਪੀ ਨੇ ਸ੍ਰ: ਬੇਅੰਤ ਸਿੰਘ ਦਾ ਖ਼ੂਨ ਕੀਤਾ ਸੀ, ਉਹ ਉਸ ਦੀ ਬਣੀ ਨਹੀਂ, ਵਾਪਸ ਮੁੜਿਆ। ਪਿਤਾ ਦੀ ਲਾਸ਼ ਕੋਲ ਛੋਟਾ ਬੱਚਾ ਕਾਕਾ ਜਗਦੀਸ਼ ਸੋਹਲ ਫੁੱਲ ਰੋ ਰਿਹਾ ਸੀ, ਪਾਪੀ ਨੇ ਬਾਹੋਂ ਫੜ ਲਿਆ ਕਹਿਣ ਲੱਗਾ ਦਇਆ ਕੌਰੇ ਜੇ ਮੇਰੀ ਗੱਲ ਨਾ ਮੰਨੀ ਤਾਂ ਇਹ ਛੁਰਾ ਤੇਰੇ ਕਾਕੇ ਦਾ ਕਲੇਜਾ ਵੀ ਚੀਰ ਜਾਵੇਗਾ, ਮਾਂ ਦੀ ਮਮਤਾ ਵੀ ਤੜਪ ਉਠੀ ਵੇ ਪਾਪੀਆ! ਇਹ ਕਹਿਰ ਨਾ ਕਰੀਂ, ਮਮਤਾ ਦੀ ਮਰੀ ਮਾਂ ਜ਼ਾਲਮ ਅੱਗੇ ਵਾਸਤੇ ਪਾਉਂਦੀ ਹੈ।

1. *ਹੁਸਨ ਤਕਦੀਰ ਦਾ ਗੀਤ—ਪੈਂਦੇ ਨੇ ਬੜੇ ਸਿਆਪੇ ਸੋਹਣੀਆਂ ਸ਼ਕਲਾਂ ਨੂੰ, ਪੜ੍ਹੋ ‘ਦਿਲਬਰ ਦੇ ਗੀਤ’।*

## ਤਰਜ਼ ਤੂੰਬਾ- ਘੜੇ ਦੇ ਅੱਗੇ ਹੱਥ ਜੋੜਦੀ.......

*ਵੇ ਮੇਰੇ ਲਾਲ ਨੂੰ ਛੁਰਾ ਨਾ ਮਾਰ,*
*ਮੈਂ ਤੇਰੇ ਅੱਗੇ ਹੱਥ ਜੋੜਦੀ ।*
*ਸਿਰ ਦੇ ਸੁਹਾਗ ਦਾ ਕਲੇਜਾ ਅੱਗੇ ਪਾੜਿਆ ।*
*ਦੱਸ ਤੇਰਾ ਜ਼ਾਲਮਾਂ ਵੇ ਕੀ ਸੀ ਵਿਗਾੜਿਆ ।*
*ਹੁਣ ਕਹਿਰ ਉਤੇ ਕਹਿਰ ਨਾ ਗੁਜ਼ਾਰ ।*
*ਮੈਂ ਤੇਰੇ ਅੱਗੇ ਹੱਥ........*
*ਫੁੱਲਾਂ ਨੂੰ ਨਾ ਸਾੜੀਏ ਨਾ ਮੋਤੀਆਂ ਨੂੰ ਰੋਲੀਏ ।*
*ਬਿਨਾਂ ਤਕਸੀਰੋਂ ਲਹੂ ਕਿਸੇ ਦਾ ਨਾ ਡੋਲ੍ਹੀਏ ।*
*ਰੋ-ਰੋ ਤਰਲੇ ਲਵੇ ਮੁਟਿਆਰ ।*
*ਮੈਂ ਤੇਰੇ ਅੱਗੇ ਹੱਥ.......*
*ਮਾਂਗ ਦਾ ਸੰਧੂਰ ਅੱਗੇ ਪਾਪੀਆ ਤੈਂ ਖੋਹ ਗਿਆ ।*
*ਜ਼ਿੰਦਗੀ ਦਾ ਸਾਥੀ ਸਾਹਵੇਂ ਅੱਖੀਆਂ ਦੇ ਕੋਹ ਲਿਆ ।*
*ਮੇਰਾ ਸਾੜ ਦਿੱਤਾ ਸੱਧਰਾਂ ਦਾ ਹਾਰ ।*
*ਮੈਂ ਤੇਰੇ ਅਗੇ ਹੱਥ..........*
*ਛੱਡਣਾ ਧਰਮ ਨਹੀਂ ਕਦੇ ਇਸ ਨਾਰ ਵੇ ।*
*ਜ਼ਾਮਨ ਹੈ 'ਦਿਲਬਰਾ' ਸੱਚੀ ਸਰਕਾਰ ਵੇ ।*
*ਆਪੇ ਲਏਗਾ ਉਹ ਦੁਖੀਆਂ ਦੀ ਸਾਰ ।*
*ਮੈਂ ਤੇਰੇ ਅੱਗੇ ਹੱਥ ਜੋੜਦੀ ।*
*ਮੇਰੇ ਲਾਲ ਨੂੰ ਛੁਰਾ ਨਾ ਮਾਰ ।*
*ਮੈਂ ਤੇਰੇ ਅੱਗੇ ਹੱਥ ਜੋੜੀ ।*

ਪੁੱਤਰਾਂ ਬਦਲੇ ਮਾਵਾਂ ਖੂਹਾਂ ਵਿਚ ਜਾਲ ਪਾਉਂਦੀਆਂ ਹਨ । ਦੁਨੀਆਂ ਪਰ ਦੇ ਦੁੱਖ ਬਰਦਾਸ਼ਤ ਕਰ ਲੈਂਦੀਆਂ ਹਨ । ਮਾਂ ਦੇ ਪਰਾਣ ਪੁੱਤਰ ਵਿਚ ਹੁੰਦੇ ਹਨ ਪੁੱਤਰ ਤਾਂ ਕੰਡ ਵਲੋਂ ਵੀ ਜੱਫੀ ਪਾ ਲਵੇ ਤਾਂ ਮਾਂ ਦੀ ਹਿੱਕ ਠਰ ਜਾਂਦੀ ਹੈ । ਪੁੱਤਰਾਂ ਦੇ ਦੁੱਖ ਬੁਰੇ ਹੁੰਦੇ ਹਨ, ਇਹ ਤਾਂ ਉਹੋ ਮਾਂ ਜਾਣ ਸਕਦੀ ਹੈ, ਜੀਹਦੀ ਗੋਦੀ 'ਚੋਂ ਕੋਈ ਲਾਲ ਤੁਰ ਗਿਆ ਹੋਵੇ । ਵਿਚਾਰੀ ਰੋ-ਰੋ ਕੇ ਇੱਛਰਾਂ ਵਾਂਗ ਅੰਨ੍ਹੀ ਹੋ ਗਈ ਹੋਵੇ । ਜਿਗਰ ਦਾ ਟੁਕੜਾ ਤਾਂ ਬਾਰ੍ਹਾਂ ਸਾਲਾਂ ਬਾਅਦ ਮਿਲੇ ਤਾਂ ਵੀ ਮਾਂ ਦੀਆਂ ਛਾਤੀਆਂ ਵਿਚ ਦੁੱਧ ਆ ਜਾਇਆ ਕਰਦਾ ਹੈ ।

*ਮਾਂ ਜਿਹਾ ਅਣਛਾਵਾਂ ਬੂਟਾ, ਜੱਗ ਵਿਚ ਨਜ਼ਰ ਨਾ ਆਏ।*
*ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ।*
*ਬਾਕੀ ਦੁਨੀਆਂ ਦੇ ਸਭ ਬੂਟੇ, ਜੜ੍ਹ ਸੁਕਿਆਂ ਮੁਰਝਾਂਦੇ।*
*ਐਧਰ ਫੁੱਲਾਂ ਦੇ ਕੁਮਲਾਇਆ, ਇਹ ਬੂਟਾ ਸੁੱਕੇ ਜਾਏ।*

*(ਸਾਵੇ ਪੱਤਰ)*

ਦਇਆ ਕੌਰ ਨੇ ਅੱਖਾਂ ਦਾ ਤਾਰਾ ਕਸਾਈ ਦੇ ਹੱਥ ਡਿੱਠਾ ਤਾਂ ਤੜਪ ਉਠੀ, ਮੁਕਾਬਲੇ ਦਾ ਜੋਸ਼ ਠੰਢਾ ਪੈ ਗਿਆ। ਹੱਥ ਜੋੜ ਕੇ ਤਰਲਾ ਲਿਆ, ਵੈਰੀਆਂ ਸਾਰੀ ਦੌਲਤ ਲੈ-ਲੈ ਪਰ ਮੇਰੇ ਜਿਗਰ ਦੇ ਟੁਕੜੇਂ ਨੂੰ ਮੇਰੇ ਮਾਹੀ, ਮੇਰੇ ਹਾਣੀ, ਮੇਰੇ ਢੋਲ ਦੀ ਨਿਸ਼ਾਨੀ ਮੇਰੇ ਕੋਲ ਰਹਿਣ ਦੇਹ।

ਇਸ ਦੇ ਬਚਾਅ ਦਾ ਇਕ ਤਰੀਕਾ ਹੈ, ਪਠਾਣ ਨੇ ਕਿਹਾ ਕਿ ਤੂੰ ਮੇਰੀ ਬਗਲ ਵਿਚ ਆ ਜਾ। ਬੀਬੀ ਦੀਆਂ ਅੱਖਾਂ ਝੁਕ ਗਈਆਂ। ਪੁੱਤਰ ਦੀ ਜਾਨ ਬਦਲੇ ਪਤੀ-ਬਰਤ ਧਰਮ ਗਾਲ ਲਵਾਂ? ਨਹੀਂ ਕਦੇ ਨਹੀਂ ਹੋ ਸਕਦਾ। ਮੈਨੂੰ ਮਮਤਾ ਨਾਲੋਂ ਪਤੀ-ਬਰਤ ਧਰਮ ਜ਼ਿਆਦਾ ਪਿਆਰਾ ਹੈ। ਉਹਦੀ ਜ਼ਮੀਰ ਨੇ ਫੈਸਲਾ ਦੇ ਦਿੱਤਾ ਹੈ। ਸ਼ੇਰਨੀ ਤਰ੍ਹਾਂ ਟੁੱਟ ਕੇ ਪਠਾਣ 'ਤੇ ਪੈ ਗਈ ਬੱਚੇ ਦੀ ਜਾਨ ਬਚਾਉਣ ਲੱਗੀ। ਜ਼ਾਲਮ ਨੇ ਇਕ ਹੱਥ ਬੱਚਾ ਉਤਾਂਹ ਚੁਕਿਆ ਦੂਜੇ ਹੱਥ ਨਾਲ ਸੀਨੇ ਛੁਰਾ ਘੋਂਪ ਦਿੱਤਾ।

## ਬੈਂਤ

*ਪਾਪੀ ਦੁਸ਼ਟ ਨੇ ਜ਼ਰਾ ਨਾ ਤਰਸ ਖਾਧਾ,*
*ਸੋਹਲ ਫੁੱਲ ਨੂੰ ਮਾਰ ਮੁਕਾ ਦਿੱਤਾ।*
*ਛੁਰਾ ਖੋਭਿਆ ਬੀਬੀ ਦੀ ਚੀਕ ਨਿਕਲੀ,*
*ਅੱਖਾਂ ਹੰਝੂਆਂ ਦਾ ਹੜ੍ਹ ਵਗਾ ਦਿੱਤਾ।*
*ਕੋਈ ਹੱਦ ਨਾ ਰਹੀ ਮੁਸੀਬਤਾਂ ਦੀ,*
*ਐਸਾ ਹੋਣੀ ਨੇ ਚੱਕਰ ਭਵਾ ਦਿੱਤਾ।*
*ਦਇਆ ਕੌਰ ਨੇ ਆਖ਼ਰੀ ਧਾਹ ਮਾਰੀ,*
*ਕੰਤਾ ਮੇਰਿਆ ਤੱਕ ਲੈ ਆਣ ਕੇ ਤੇ।*
*ਮੈਨੂੰ ਤੱਤੀ ਨੂੰ ਮੌਤ ਦੇ ਮੂੰਹ ਦੇ ਕੇ,*
*ਆਪ ਸੌਂ ਗਿਆ ਚਾਦਰ ਤਾਣ ਕੇ ਤੇ।*

ਕਾਕੇ ਜਗਦੀਸ਼ ਦੀ ਰੂਹ ਪਿਤਾ ਦੇ ਪਿਛੇ ਗੁਰਪੁਰੀ ਜਾ ਚੁੱਕੀ ਸੀ ਬੇ-ਬੱਸ ਅਬਲਾ ਦਾ ਕੋਈ ਆਸਰਾ ਨਾ ਰਿਹਾ, ਉਸ ਨੇ ਬੱਚੇ ਦੀ ਲਾਸ਼ ਚੁੱਕ ਲਈ ਤੇ ਉਸ ਦੇ ਪਿਤਾ ਦੀ ਛਾਤੀ ਪਰ ਪਾ ਕੇ ਪਾਸ ਬੈਠ ਗਈ।

*ਜਦੋਂ ਕਿਸੇ ਪਰੇਮੀ ਦੇ ਸਹਾਰੇ ਟੁੱਟ ਜਾਂਦੇ ਨੇ।*
*ਤਾਂ ਦਿਲ ਕੀ ਚੀਜ਼ ਏ ਅੰਬਰ ਦੇ ਤਾਰੇ ਟੁੱਟ ਜਾਂਦੇ ਨੇ।*

*ਮੁਸੀਬਤ ਟੁੱਟ ਪੈਂਦੀ ਏ ਕਿਸੇ ਜਦ ਟੁੱਟ ਪੈਣੇ 'ਤੇ।*
*ਓਦੋਂ ਉਸ ਦੇ ਮਿੱਤਰ ਪਿਆਰੇ ਟੁੱਟ ਜਾਂਦੇ ਨੇ।*

ਕਹਿਣ ਲੱਗੀ ਬਾਜ਼ਾਂ ਵਾਲਿਆਂ ਗੁਰੂਆਂ ਏਡਾ ਕਰੜਾ ਇਮਤਿਹਾਨ ਲੈਣਾ ਸੀ, ਪਠਾਣ ਕੋਲ ਆਣ ਖੜ੍ਹਾ ਹੋਇਆ। ਕਹਿਣ ਲੱਗਾ, ਅਜੇ ਵੀ ਮੰਨ ਜਾ ਨਹੀਂ ਤਾਂ ਪਤੀ ਤੇ ਪੁੱਤਰ ਨਾਲ ਤੇਰੇ ਵੀ ਟੁਕੜੇ-ਟੁਕੜੇ ਕਰ ਦਿਆਂਗਾ। ਮੈਂ ਪਤੀ ਤੇ ਪੁੱਤਰ ਤੋਂ ਪਿਛੋਂ ਜੀਊਂ ਕੇ ਕੀ ਲੈਣਾ ਏਂ। ਦਇਆ ਕੌਰ ਨੇ ਬੜੀ ਹੀ ਗੰਭੀਰਤਾ ਨਾਲ ਉਤਰ ਦਿੱਤਾ। ਮੈਨੂੰ ਤੇਰੇ ਹੁਸਨ, ਜਵਾਨੀ 'ਤੇ ਤਰਸ ਆਉਂਦਾ ਹੈ। ਅਜੇ ਵੀ ਸੋਚ ਲੈ, ਤੈਨੂੰ ਆਖਰੀ ਮੌਕਾ ਦੇਂਦਾ ਹਾਂ, ਬੀਬੀ ਖਾਮੋਸ਼ ਰਹੀ, ਉਸ ਨੇ ਗਲਤ ਅਰਥ ਲਿਆ ਤੇ ਫਿਰ ਅੱਗੇ ਵਧਿਆ। ਦਇਆ ਕੌਰ ਸ਼ੇਰਨੀ ਵਾਂਗ ਉਠ ਖੜ੍ਹੀ ਹੋਈ, ਕਿਹਾ ਕੁੱਤਿਆ ! ਪਿਛੇ ਹੱਟ ਜਾ।

ਉਸ ਦਾ ਦਿਲ ਦਿਮਾਗ ਪੱਥਰ ਦਾ ਹੋ ਚੁੱਕਾ ਸੀ। ਅੱਖਾਂ ਦੇ ਅੱਥਰੂ ਵੀ ਮੁੱਕ ਚੁੱਕੇ ਸਨ। ਪਠਾਣ ਨੂੰ ਨਿਸ਼ਚਾ ਹੋ ਗਿਆ ਕਿ ਇਹ ਮੇਰੇ ਜਾਲ ਵਿਚ ਨਹੀਂ ਫਸ ਸਕਦੀ। ਉਹ ਦੋ ਖੂਨਾਂ ਨੂੰ ਪਚਾਉਣ ਲਈ ਤੀਸਰਾ ਖੂਨ ਕਰਨ ਨੂੰ ਤਿਆਰ ਹੋ ਗਿਆ। ਦਇਆ ਕੌਰ ਮਰਨ ਨੂੰ ਤਿਆਰ ਸੀ, ਉਸ ਨੂੰ ਆਪਣੇ ਪਤੀ-ਬਰਤ ਧਰਮ ਦਾ ਫ਼ਿਕਰ ਸੀ, ਉਹ ਉਸ ਨੇ ਫੈਸਲਾ ਕਰ ਲਿਆ ਸੀ ਕਿ ਦਾਗ ਨਹੀਂ ਲੱਗਣ ਦੇਵਾਂਗੀ। ਪਠਾਣ ਗੁੱਸੇ ਨਾਲ ਛੁਰਾ ਚਮਕਾਉਂਦਾ ਅੱਗੇ ਵਧਿਆ, ਦਇਆ ਕੌਰ ਆਪਣੀ ਥਾਂ ਤੋਂ ਨਹੀਂ ਹਿੱਲੀ। ਗਲ ਵਿਚ ਪੱਲਾ ਪਾ ਕੇ ਅੱਖਾਂ ਮੀਟ ਕੇ ਉਸ ਨੇ ਕਲਗੀਧਰ ਪਾਤਿਸ਼ਾਹ ਦੇ ਚਰਨਾਂ ਵਿਚ ਇਉਂ ਅਰਦਾਸ ਕੀਤੀ।

## ਤਰਜ਼-ਅੜੀ ਵੇ ਅੜੀ.........

*ਖੜ੍ਹੀ ਮੈਂ ਖੜ੍ਹੀ, ਦਾਤਾ ਕਦੋਂ ਦੀ ਖੜ੍ਹੀ, ਲਾਈ ਹੰਝੂਆਂ ਝੜੀ।*
*ਛੇਤੀ ਆਜਾ ਪ੍ਰੀਤਮਾ, ਆ ਗਈ ਦੁੱਖਾਂ ਦੀ ਘੜੀ।*

*ਮੀਟੀਆਂ ਨੇ ਅੱਖਾਂ ਅਤੇ ਫਰਕ ਰਹੀਆਂ ਬੁੱਲ੍ਹੀਆਂ।*
*ਭਰ-ਭਰ ਅੱਖਾਂ ਤੇਰੀ ਯਾਦ ਵਿਚ ਡੁੱਲ੍ਹੀਆਂ।*
*ਸੜੀ ਮੈਂ ਸੜੀ, ਤੱਤੀ ਲੇਖਾਂ ਦੀ ਸੜੀ।*
*ਦੇਂਦਾ ਜ਼ਾਲਮ ਤੜੀ।*
*ਛੇਤੀ ਆ ਜਾ ਪ੍ਰੀਤਮਾ........*
*ਦਿਨੇ ਦੀਵੀਂ ਹਾਏ ਗਿਆ ਲੁੱਟਿਆ ਸੁਹਾਗ ਮੇਰਾ।*
*ਲਾਲ ਪਿਆ ਕੁਸੇ ਸਾਹਵੇਂ ਸੜ ਗਿਆ ਭਾਗ ਮੇਰਾ।*
*ਬੜੀ ਮੈਂ ਬੜੀ, ਕੀਤੀ ਬੇਨਤੀ ਬੜੀ।*

ਤੂੰ ਹੈ ਜ਼ਾਮਨੀ ਬੜੀ ।
ਛੇਤੀ ਆ ਜਾ ਪ੍ਰੀਤਮਾ.........
ਕੰਤ ਦਾ ਵਿਛੋੜਾ ਸੁੰਦਾ ਮੌਤ ਮੁਟਿਆਰ ਦੀ ।
ਟੁੱਟ ਗਈ ਏ ਪੀਂਘ ਮੇਰੇ ਸੱਜਰੇ ਪਿਆਰ ਦੀ ।
ਕੜੀ ਮੈਂ ਕੜੀ, ਦੁੱਖਾਂ ਨਾਲ ਹਾਂ ਕੜੀ ।
ਟੁੱਟੀ ਮੋਤੀਆਂ ਲੜੀ ।
ਛੇਤੀ ਆ ਜਾ ਪ੍ਰੀਤਮਾ.........

ਏਸੇ ਥਾਂ 'ਤੇ ਹੇਠ ਲਿਖਿਆ ਗੀਤ ਪੜ੍ਹਿਆ ਜਾ ਸਕਦਾ ਹੈ ।

## ਤਰਜ਼-ਬੱਤੀ ਬਾਲ ਕੇ ਬਨੇਰੇ....

ਖੜ੍ਹੀ ਰੋ-ਰੋ ਕੇ ਅਰਜ਼ ਗੁਜ਼ਾਰਾਂ ਪ੍ਰੀਤਮਾ,
ਕੋਈ ਤੱਤੀ ਦਾ ਰਿਹਾ ਨਾ ਸਹਾਰਾ..........
ਛਮ-ਛਮ ਅੱਖਾਂ ਵਿਚੋਂ ਅੱਥਰੂ ਵਗਾਂਵਦੀ ।
ਮਾਹੀ ਢੋਲੇ ਬਿਨਾਂ ਜ਼ਿੰਦ ਗੋਤੇ ਖਾਂਵਦੀ ।
ਆ ਕੇ ਦੁਖਿਆਰੀ ਦੀਆਂ ਸਾਰਾਂ ਪ੍ਰੀਤਮਾ ।
ਕੋਈ ਤੱਤੀ.........
ਜੱਗ ਨਾਲੋਂ ਤੋੜ ਕੇ ਮੈਂ ਤੇਰੇ ਨਾਲ ਜੋੜ ਬੈਠੀ ।
ਲੈ ਕੇ ਤੇਰੀ ਜ਼ਾਮਨੀ ਮੈਂ ਸਭੋ ਕੁਛ ਰੋੜ੍ਹ ਬੈਠੀ ।
ਰਾਤੀਂ ਜੰਗਲਾਂ 'ਚ ਖੜ੍ਹੀ ਮੈਂ ਪੁਕਾਰਾਂ ਪ੍ਰੀਤਮਾ ।
ਕੋਈ ਤੱਤੀ........
ਲੁੱਟਿਆ ਸੁਹਾਗ ਮੇਰਾ ਲਾਲ ਵੀ ਨਾ ਛੱਡਿਆ ।
ਜ਼ਾਲਮ ਪਠਾਣ ਨੇ ਕੋਈ ਹਾਲ ਵੀ ਨਾ ਛੱਡਿਆ ।
ਅੱਜ ਟੁੱਟ ਗਈਆਂ ਦਿਲ ਦੀਆਂ ਤਾਰਾਂ ਪ੍ਰੀਤਮਾ ।
ਕੋਈ ਤੱਤੀ.........
ਛੇਤੀ ਆ ਕੇ ਬਹੁੜ ਤੈਨੂੰ ਤੇਰੀ ਹੀ ਦੁਹਾਈ ਏ ।
ਔਖੀ ਘੜੀ 'ਦਿਲਬਰਾ' ਉਜਾੜ ਵਿਚ ਆਈ ਏ ।
ਮੈਂ ਤਾਂ ਤਨ ਮਨ ਤੇਰੇ ਉਤੋਂ ਵਾਰਾਂ ਪ੍ਰੀਤਮਾ ।
ਕੋਈ ਤੱਤੀ ਦਾ ਰਿਹਾ ਨਾ ਸਹਾਰਾ ।
ਖੜ੍ਹੀ ਰੋ-ਰੋ ਕੇ ਅਰਜ਼ ਗੁਜ਼ਾਰਾਂ ਪ੍ਰੀਤਮਾ ।
ਖੁਦਾ ਮਨਜ਼ੂਰ ਕਰਤਾ ਹੈ ਦੁਆ ਜਬ ਦਿਲ ਸੇ ਹੋਤੀ ਹੈ ।

*ਮਗਰ ਮੁਸ਼ਕਲ ਤੋ ਯਿਹ ਹੈ ਯਿਹ ਮੁਸ਼ਕਲ ਸੇ ਹੋਤੀ ਹੈ ।*

ਪਠਾਣ ਦਾ ਛੁਰੀ ਵਾਲਾ ਹੱਥ ਉਪਰ ਉਠਿਆ, ਇਕ ਪਤੀਬਰਤਾ ਇਸਤਰੀ ਦਾ ਹਮੇਸ਼ਾ ਲਈ ਖ਼ਾਤਮਾ ਕਰਨ ਵਾਸਤੇ ਪਰੰਤੂ ਫੇਰ ਹੱਥ ਹੇਠਾਂ ਨਾ ਆ ਸਕਿਆ। ਸ਼ੂਕਦਾ ਹੋਇਆ ਤੀਰ ਉਸ ਦੀ ਉਠੀ ਹੋਈ ਬਾਂਹ ਵਿਚ ਵੱਜਾ । ਉਹ ਵੱਖ ਹੋ ਕੇ ਪਰ੍ਹੇ ਜਾ ਪਈ । ਦਇਆ ਕੌਰ ਨੇ ਉਪਰ ਤੱਕਿਆ ਇਕ ਹੋਰ ਤੀਰ ਸ਼ੂਕਦਾ ਹੋਇਆ ਆਇਆ । ਦੁਸ਼ਟ ਦੇ ਸੀਨੇ ਵਿਚ ਲੱਗਾ । ਦਾੜ ਕਰਦਾ ਬੁਰਜ ਵਾਂਗ ਡਿੱਗਾ, ਅਵਾਜ਼ ਆਈ, ਹਾਏ ਮੈਂ ਮਰ ਗਿਆ ।

*ਐਸੀ ਘੜੀ ਨ ਦੇਖਨ ਦੇਈ ਆਪਣਾ ਬਿਰਦ ਸਮਾਲੇ ॥*
*ਹਾਥ ਦੇਇ ਰਾਖੇ ਆਪਣੇ ਕਉ ਸਾਸ ਸਾਸ ਪ੍ਰਿਤਪਾਲੇ ॥*

*(ਗੁਰਵਾਕ)*

ਉਹਦੀ ਲਾਸ਼ ਦਇਆ ਕੌਰ ਦੇ ਪੈਰਾਂ ਵਿਚ ਤੜਪ ਰਹੀ ਸੀ, ਬੀਬੀ ਨੇ ਤੱਕਿਆ ਸਾਹਮਣੇ ਕਲਗੀਧਰ ਪਾਤਿਸ਼ਾਹ ਆ ਰਹੇ ਹਨ । ਨੂਰੀ ਕਲਗੀ ਚਮਕ ਰਹੀ ਹੈ, ਹੱਥ ਵਿਚ ਚਿੱਟਾ ਬਾਜ਼ ਨੀਲਾ ਸਰਪਟ ਦੌੜਿਆ ਚਲਿਆ ਆ ਰਿਹਾ ਹੈ । ਬੁੱਲ੍ਹੀਆਂ 'ਤੇ ਮੁਸਕ੍ਰਾਹਟ ਆ ਗਈ ਹੈਂ ! ਮੇਰੇ ਪ੍ਰੀਤਮ ਆ ਗਏ. ਅਵਾਜ਼ ਆਈ, ਬੱਚੀਏ, ਮੈਂ ਆ ਰਿਹਾ ਹਾਂ । ਮੁਸੀਬਤ ਵਿਚ ਕੋਈ ਦਰਦੀ ਮਿਲ ਜਾਏ ਤਾਂ ਧਾਹਾਂ ਨਿਕਲ ਜਾਂਦੀਆਂ ਹਨ । ਦਇਆ ਕੌਰ ਦੌੜ ਕੇ ਚਰਨਾਂ 'ਤੇ ਜਾ ਡਿੱਗੀ । ਘੋੜੇ ਤੋਂ ਉਤਰ ਕੇ ਪੁੱਤਰੀ ਨੂੰ ਸੀਨੇ ਨਾਲ ਲਾ ਲਿਆ, ਸਿਰ 'ਤੇ ਪਿਆਰ ਦਿੱਤਾ, ਪੁੱਤਰੀ ਕੁਛ ਮੰਗ ਲੈ । ਪਿਤਾ ਜੀ ਮੇਰਾ ਲਾਲ ਲੁੱਟਿਆ ਗਿਆ, ਮੇਰਾ ਸੁਹਾਗ ਲੁੱਟਿਆ ਗਿਆ, ਮੇਰੀ ਦੁਨੀਆਂ ਉਜੜ ਗਈ । ਬੱਚੀਏ ਮੈਂ ਜਦ ਤਕ ਤੇਰੇ ਅੰਗ ਸੰਗ ਹਾਂ ਦੁਨੀਆਂ ਦੀ ਕੋਈ ਸ਼ਕਤੀ ਤੇਰੇ ਲਾਲ ਤੇ ਸੁਹਾਗ ਦਾ ਵਾਲ ਵਿੰਗਾਂ ਨਹੀਂ ਕਰ ਸਕਦੀ । ਹਜ਼ੂਰ ਨੇ ਸਤਿਨਾਮ ਸ੍ਰੀ ਵਾਹਿਗੁਰੂ ਕਹਿ ਕੇ ਜਲ ਦਾ ਛੱਟਾ ਮਾਰਿਆ । ਬੇਅੰਤ ਸਿੰਘ ਤੇ ਕਾਕਾ ਜਗਦੀਸ਼ ਸਾਵਧਾਨ ਹੋ ਗਏ । ਨਿੱਕਾ ਜਿਹਾ ਫੁੱਲ ਮੁਸਕਰਾ ਕੇ ਬਾਬੇ ਦੀ ਛਾਤੀ ਨਾਲ ਲੱਗ ਗਿਆ । ਜਗਦੀਸ਼ ਨੂੰ ਦਇਆ ਕੌਰ ਦੇ ਕੁੱਛੜ ਦੇਂਦੇ ਹੋਏ ਉਸ ਦੇ ਸਿਰ ਪਰ ਹੱਥ ਫੇਰਿਆ, ਦੋਹਾਂ ਪਤੀ-ਪਤਨੀ ਨੂੰ ਪਿਆਰ ਦਿੱਤਾ ਅਤੇ ਅਲੋਪ ਹੋ ਗਏ । ਤਿੰਨਾਂ ਜੀਆਂ ਦਾ ਛੋਟਾ ਜਿਹਾ ਪਰਿਵਾਰ ਖੜ੍ਹਾ ਮੁਸਕਰਾ ਰਿਹਾ ਸੀ ਤੇ ਸਾਹਮਣੇ ਪਈ ਸੀ ਜ਼ਾਲਮ ਪਠਾਣ ਦੀ ਲਾਸ਼ ।

☆

ੴ ਸਤਿਗੁਰ ਪ੍ਰਸਾਦਿ ॥

## ਪ੍ਰਸੰਗ

# ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਧਾਰਨਾ

ਸਤਿਗੁਰੂ ਨਾਨਕ ਦੇਵ ਜੀ ਦੀ ਜੋਤ ਸ਼ਾਂਤੀ ਦੇ ਪੁੰਜ 'ਮਾਤਾ ਭਾਨੀ ਜੀ ਦੇ ਜ਼ਿਗਰ ਦੇ ਟੁਕੜੇ' ਗੁਰੂ ਰਾਮਦਾਸ ਜੀ ਦੇ ਨੈਣਾਂ ਦੇ ਤਾਰੇ, ਦੀਨਾਂ ਦੇ ਪ੍ਰਿਤਪਾਲਕ, ਸੇਵਕਾਂ ਦੇ ਰੱਖਿਅਕ ਸੰਗਤਾਂ ਦੇ ਤਾਰਕ, ਗਰੀਬ-ਨਿਵਾਜ਼ ਪੰਜਵੀਂ ਪਾਤਸ਼ਾਹੀ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸੰਗਤਾਂ ਦੇ ਦਰਸ਼ਨ ਦੇ ਕੇ ਤਾਰ ਰਹੇ ਸਨ । ਸਿਮਰਨ ਅਤੇ ਸੇਵਾ ਦੇ ਭੰਡਾਰੇ ਖੁੱਲ੍ਹੇ ਹੋਏ ਸਨ। ਨਾਮ ਰੂਪੀ ਅੰਮ੍ਰਿਤ ਦੀ ਵਰਖਾ ਹੋ ਰਹੀ ਸੀ । ਕਈ ਤਪਦੇ ਹਿਰਦੇ ਅੰਮ੍ਰਿਤ ਸਰੋਵਰ ਵਿਚ ਤਾਰੀਆਂ ਲਾ ਕੇ ਸ਼ਾਂਤ ਹੋ-ਹੋ ਜਾਂਦੇ ਸਨ । ਬਾਣੀ ਰੂਪੀ ਸ਼ਮ੍ਹਾਂ ਉਤੇ ਕਈ ਸਿਦਕੀ ਪਰਵਾਨੇ ਕੁਰਬਾਨ ਹੋ ਰਹੇ ਸਨ। ਕਈ ਮੁਕਤੀ ਦੇ ਅਭਿਲਾਖੀ ਸੇਵਾ ਸਿਦਕ ਅਤੇ ਭਗਤੀ ਦਾਨ ਪ੍ਰਾਪਤ ਕਰ ਰਹੇ ਸਨ । ਤੀਨ ਲੋਕ ਦੇ ਵਾਲੀ ਗੁਰ ਸ਼ਬਦ ਦਾ ਜਾਪ ਜਪਾ ਕੇ ਸੰਗਤਾਂ ਦਾ ਉਧਾਰ ਕਰ ਸਨ ।

### ਮਿਰਜ਼ਾ

*ਜਦ ਗੁਰ ਨਾਨਕ ਦੇ ਤਖ਼ਤ 'ਤੇ ਗੁਰੂ ਪੰਜਵਾਂ ਬੈਠਾ ਆਣ।*
*ਉਹ ਨੂੰ ਮੱਥੇ ਟੇਕੇ ਦਿਓਤਿਆਂ ਉਹਨੂੰ ਸੱਯਦੇ ਕਰੇ ਜਹਾਨ।*
*ਉਹਦੇ ਚਰਨਾਂ ਦੇ ਵਿਚ ਝੁਕ ਗਿਆ ਧਰਤੀ 'ਤੇ ਅਸਮਾਨ।*
*ਉਹਨੂੰ ਦੁਨੀਆਂ ਸਾਰੀ ਆਖਿਆ ਧੰਨ ਸੋਢੀ ਸੁਲਤਾਨ।*
*ਉਹ ਸ਼ਾਂਤਮਈ ਦਾ ਪੁੰਜ ਸੀ ਉਹਦੀ ਆਤਮਾ ਸੀ ਬਲਵਾਨ।*
*ਉਹ ਅਸਲੀ ਰੂਪ ਅਕਾਲ ਦਾ ਉਹਨੂੰ ਭੱਟਾਂ ਲਿਆ ਪਛਾਣ।*
*ਉਹਦੇ ਹਰਿਮੰਦਰ ਦੀਆਂ ਪੈ ਗਈਆਂ ਵਿਚ ਧੁੰਮਾਂ ਹਿੰਦੁਸਤਾਨ।*
*ਉਹਦੇ ਤਾਲ ਦੀ ਸੇਵਾ ਕਰਨ ਲਈ ਚੱਲ ਆਏ ਖ਼ੁਦ ਭਗਵਾਨ।*
*ਉਹਦੇ ਲੰਗਰੋਂ ਰੋਟੀ ਖਾਂਵਦੇ ਸਭ ਹਿੰਦੂ ਮੁਸਲਮਾਨ।*
*ਉਹਦੇ ਨਾਂ ਦੀ ਚਰਚਾ ਫੈਲ ਗਈ ਕਾਬਲੇ ਤੋਂ ਈਰਾਨ।*
*ਉਹਦੇ ਬੱਧੀ ਬੀੜ ਗਰੰਥ ਦੀ ਸਭ ਛੱਡ ਕੇ ਵੇਦ ਕੁਰਾਨ।*

*ਉਹਦੀ ਈਰਖਾ ਕਰੀ ਪਾਖੰਡੀਆਂ ਪਰ ਮੰਨ ਗਏ ਵਿਦਵਾਨ।*
*ਜੀਹਦਾ ਵਾਹਿਗੁਰੂ ਰਾਖਾ 'ਦਿਲਬਰਾ' ਉਹਦੇ ਝੂਲਦੇ ਰਹਿਣ ਨਿਸ਼ਾਨ।*

ਗੁਰਸਿੱਖ ਦੂਰ-ਦੂਰ ਤੋਂ ਮਾਝਾ, ਮਾਲਵਾ, ਦੁਆਬਾ, ਫਰੰਟੀਅਰ, ਕਾਬਲ, ਕੰਧਾਰ, ਪੋਠੋਹਾਰ, ਸਿੰਧ ਅਤੇ ਕਸ਼ਮੀਰ ਆਦਿਕ ਤੱਕ ਦੇ ਆ ਕੇ ਦਰਸ਼ਨ ਕਰਦੇ, ਅੱਠੇ ਪਹਿਰ ਸ਼ਬਦ ਕੀਰਤਨ ਤੇ ਕਥਾ ਦੇ ਫੁਹਾਰੇ ਚੱਲ ਰਹੇ ਸਨ। ਲੰਗਰ ਗੁਰੂ ਕਾ ਚੌਵੀ ਘੰਟੇ ਅਤੁੱਟ ਵਰਤਦਾ ਸੀ ਅਤੇ ਸਭ ਗਰੀਬ-ਅਮੀਰ ਬਗੈਰ ਕਿਸੇ ਜਾਤ-ਪਾਤ ਮਜ਼ਹਬੋ ਮਿਲਤ ਦੇ ਵੇਰਵੇ ਦੇ ਛਕਦੇ, ਅਨੰਦ ਹੋ ਕੇ ਗੁਰੂ ਜੱਸ ਕਰ ਰਹੇ ਸਨ, ਗੁਰੂ ਰਾਮਦਾਸ ਜੀ ਦੀ ਨਗਰੀ ਸੰਗਤਾਂ ਨਾਲ ਗਹਿਮੋ-ਗਹਿਮ ਅਤੇ ਰੌਣਕਾਂ ਨਾਲ ਭਰਪੂਰ ਸੀ।

## ਬੈਂਤ

*ਪੰਜਵੀਂ ਪਾਤਸ਼ਾਹੀ ਅਰਜਨ ਦੇਵ ਸਤਿਗੁਰ,*
*ਅੰਮ੍ਰਿਤਸਰ ਵਿਚ ਚੋਜ਼ ਵਿਖਾ ਰਹੇ ਸਨ।*
*ਜਿਹੜੀ ਆਪ ਅਕਾਲ ਨੇ ਧੁਰੋਂ ਭੇਜੀ,*
*ਗੁਰਬਾਣੀ ਦਾ ਜਾਪ ਜਪਾ ਰਹੇ ਸਨ।*
*ਗੇੜੇ ਕੱਟ ਚਉਰਾਸੀ ਬੰਧਨਾਂ ਦਾ,*
*ਬੇੜੇ ਸੰਗਤਾਂ ਦੇ ਪਾਰ ਲਾ ਰਹੇ ਸਨ।*
*ਸੇਵਾ ਨਾਮ ਦਾ ਖੋਲ੍ਹ ਭੰਡਾਰ ਦਿੱਤਾ,*
*ਗੁਰਸਿੱਖਾਂ ਦੇ ਵਿਚ ਵਰਤਾ ਰਹੇ ਸਨ।*
*ਅੱਠੋ ਪਹਿਰ ਹੀ ਸਜਿਆ ਦੀਵਾਨ ਰਹਿੰਦਾ,*
*ਪ੍ਰੇਮੀ ਗੁਰੂ-ਘਰ ਦੇ ਸੁਣ ਸੁਣਾ ਰਹੇ ਸਨ।*
*ਲੰਗਰ ਗੁਰੂ ਕਾ ਸਦਾ ਅਤੁੱਟ ਵਰਤੇ,*
*ਕਈ ਛਕਦੇ ਕਈ ਛਕਾ ਰਹੇ ਸਨ।*
*ਕਈ ਕਾਗਾਂ ਤੋਂ ਬਨਣ ਲਈ ਹੰਸ ਚਿੱਟੇ,*
*ਟੁੱਬੇ ਮਾਨ ਸਰੋਵਰ ਵਿਚ ਲਾ ਰਹੇ ਸਨ।*
*ਦੂਰ-ਦੂਰ ਤੋਂ ਚਲ ਗੁਰਸਿੱਖ ਆਉਂਦੇ,*
*ਤੋਹਫੇ ਕੀਮਤੀ ਭੇਟ ਚੜ੍ਹਾ ਰਹੇ ਸਨ।*
*'ਦਿਲਬਰ' ਸੌਂਪ ਕੇ ਤਨ-ਮਨ ਗੁਰਾਂ ਤਾਈਂ,*
*ਸਭ ਮੰਗੀਆਂ ਮੁਰਾਦਾਂ ਨੂੰ ਪਾ ਰਹੇ ਸਨ।*

ਅੰਮ੍ਰਿਤ ਵੇਲਾ ਸੱਚ ਨਾਉਂ ਦੇ ਜਪਣ ਵਿਚ ਬੀਤਦਾ ਕਿਧਰੇ ਤਾਲ ਵਿਚ ਟੁੱਬੇ ਲੱਗ ਰਹੇ ਹੁੰਦੇ, ਕਿਧਰੇ ਪਰਕਰਮਾ ਵਿਚ ਬੈਠੇ ਦੇਵਤੇ ਸਮਾਧੀਆਂ ਲਾ ਕੇ ਅਕਾਲ ਪੁਰਖ ਦੇ ਚਰਨ ਕੰਵਲਾਂ ਨਾਲ ਜੁੜੇ ਹੁੰਦੇ। ਅਤੇ-

*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥*

ਇਸੇ ਸ਼ਬਦ ਉਤੇ ਅਮਲ ਕਰ ਰਹੇ ਹੁੰਦੇ ਕਿਧਰੇ-

*ਪੂਰਾ ਪ੍ਰਭ ਆਰਾਧਿਆ ਪੂਰਾ ਜਾਕਾ ਨਾਉ ॥*

ਇਹ ਅਵਾਜ਼ਾ ਆ ਰਿਹਾ ਹੁੰਦਾ, ਗੁਰੂ ਮਹਾਰਾਜ ਜੀ ਅੰਮ੍ਰਿਤ ਵੇਲੇ ਹੀ ਇਸ਼ਨਾਨ ਕਰਕੇ ਦੀਵਾਨ ਵਿਚ ਸਜ ਜਾਂਦੇ ਅਤੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਂਦਾ। ਕੀਰਤਨ ਦੇ ਭੌਰੇ ਬਿਰਤੀਆਂ ਇਕਾਗਰ ਕਰ ਬੈਠ ਜਾਂਦੇ ਅਤੇ ਗੁਰ ਬਿਨ ਘੋਰ ਅੰਧਾਰ ਸਮਝਦੇ ਹੋਏ ਗੁਰ-ਚਰਨਾਂ ਵਿਚ 'ਤੂੰ ਠਾਕੁਰ ਤੁਮ ਪਹਿ ਅਰਦਾਸ' ਕਹਿੰਦੇ। ਜਿਨ੍ਹਾਂ ਨੇ 'ਪ੍ਰਭ ਕੈ ਸਿਮਰਨ ਕਾਰਜ ਪੂਰੇ' ਦਾ ਸ਼ਬਦ ਅਜ਼ਮਾਂ ਲਿਆ ਹੁੰਦਾ ਬੇਅੰਤ ਕੀਮਤੀ ਤੋਹਫ਼ੇ ਦੁਸ਼ਾਲੇ ਜੇਵਰ ਆਦਿਕ ਭੇਟਾ ਕਰਦੇ ਅਤੇ ਪ੍ਵਾਰ ਸਮੇਤ ਹਾਜ਼ਰ ਹੁੰਦੇ। ਸਤਿਗੁਰੂ ਸਭ ਨੂੰ ਮੂੰਹ ਮੰਗੀਆਂ ਦਾਤਾਂ ਬਖਸ਼ ਕੇ ਨਿਹਾਲ ਕਰਦੇ ਅਤੇ ਸੰਗਤਾਂ ਦਾ ਮਾਣ ਰੱਖਦੇ। ਇਕ ਦਿਨ ਕਾਬਲ ਦੀ ਸੰਗਤ ਆ ਪਹੁੰਚੀ, ਹਜ਼ੂਰ ਦੇ ਚਰਨ ਪਰਸੇ ਤੇ ਖੁਸ਼ੀਆਂ ਪ੍ਰਾਪਤ ਕੀਤੀਆਂ।

**ਸਾਕਾ**

*ਸੰਗਤ ਆਈ ਕਾਬਲੋਂ ਗੁਰ ਦਰਸ਼ਨ ਪਾਏ।*
*ਪਰਮ ਪਵਿੱਤਰ ਤਾਲ ਵਿਚ ਰੱਜ ਟੁੱਬੇ ਲਾਏ।*
*ਗੁਰਚਰਨਾਂ 'ਤੇ ਆਣ ਕੇ ਫਿਰ ਸੀਸ ਝੁਕਾਏ।*
*ਮੱਥਾ ਟੇਕਣ ਘਰੋਂ ਜੋ ਦਸਵੰਧ ਲਿਆਏ।*
*ਗਹਿਣੇ ਕੱਪੜੇ ਕੀਮਤੀ ਸਭ ਭੇਟ ਚੜ੍ਹਾਏ।*
*ਬਾਣੀ ਪੜ੍ਹਨ ਪਿਆਰ ਵਿਚ ਗੁਰ ਸੋਹਲੇ ਗਾਏ।*
*ਅਨਹਦ ਵਾਜੇ ਵੱਜਦੇ ਪਏ ਦਿਲ ਨਸ਼ਿਆਏ।*
*ਸਤਿਗੁਰ ਸੱਚਾ 'ਦਿਲਬਰਾ' ਕੀ ਖੇਲ ਰਚਾਏ।*

ਸੰਗਤ ਨੇ ਸ਼ਰਧਾ ਸਤਿਕਾਰ ਨਾਲ ਕਈ ਕੀਮਤੀ ਦੁਸ਼ਾਲੇ ਜੇਵਰ ਆਦਿਕ ਤੋਹਫ਼ੇ ਭੇਟ ਕੀਤੇ। ਮਹਾਰਾਜ ਜੀ ਨੇ ਆਈਆਂ ਸੰਗਤਾਂ ਨੂੰ ਸਤਿਕਾਰਿਆ ਅਤੇ ਲਾਂਗਰੀਆਂ ਸਿੰਘਾਂ ਨੂੰ ਪਰਸ਼ਾਦੇ ਛਕਾਉਣ ਦਾ ਹੁਕਮ ਦਿੱਤਾ। ਸੇਵਾਦਾਰਾਂ ਨੂੰ ਕਿਹਾ ਦੁਸ਼ਾਲੇ ਘਰ ਪਹੁੰਚਾ ਆਓ, ਗੁਰਸਿੱਖਾਂ ਨੇ ਹੁਕਮ ਦੀ ਪਾਲਣਾ ਕੀਤੀ, ਕਰਮੋ ਜੋ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੀ ਸਪੁੱਤਰੀ ਅਤੇ ਮਾਤਾ ਗੰਗਾ ਜੀ ਦੀ ਜਠਾਨੀ ਸੀ। ਪੰਜਾਬ ਦੇ ਲੋਕ ਅਖਾਣ ਦੇਂਦੇ ਹਨ 'ਸ਼ਰੀਕ ਲੌਣ ਲੀਕ' ਕਾਬਲ ਦੀ ਸੰਗਤ ਵਲੋਂ ਭੇਟਾ ਕੀਤੀਆਂ ਵਸਤਾਂ ਜਦ ਗੁਰਸਿੱਖਾਂ ਨੇ ਘਰ ਪਹੁੰਚਾਈਆਂ ਤਾਂ ਮਾਤਾ ਗੰਗਾ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ। ਹੋਰ ਆਂਢ-ਗੁਆਂਢ ਦੀਆਂ ਸਹੇਲੀਆਂ ਆ ਗਈਆਂ। ਸਭ ਦੁਸ਼ਾਲੇ ਖੋਲ- ਖੋਲ੍ਹ ਕੇ ਵੇਖ ਰਹੀਆਂ ਸਨ ਅਤੇ ਖੁਸ਼ੀਆਂ ਨਾਲ ਭਰਪੂਰ ਮਨ ਉਛਾਲ ਰਹੇ ਸਨ। ਇਸ ਵੇਲੇ ਸਭ ਪਾਸੇ ਖੁਸ਼ੀ ਹੀ ਖੁਸ਼ੀ ਸੀ।

ਕਰਮੋ ਕੇਸੀ ਇਸ਼ਨਾਨ ਕਰਕੇ ਆਪਣੇ ਮਹਿਲਾਂ ਤੇ ਖੜ੍ਹੀ ਕੇਸ ਸੁਕਾ ਰਹੀ ਸੀ ਕਿ ਉਸ ਦੀ ਨਜ਼ਰ ਦੁਸ਼ਾਲਿਆਂ 'ਤੇ ਪੈ ਗਈ, ਈਰਖਾ ਦੇ ਭਾਂਬੜ ਬਲ ਉਠੇ , ਹੈ ! ਮੇਰੀ ਦਰਾਣੀ ਕੋਲ ਇਹ ਕੀਮਤੀ ਦੁਸ਼ਾਲੇ ਅੱਜ ਜੇ ਗੁਰਗੱਦੀ ਮੇਰੇ ਪਤੀ ਕੋਲ ਹੁੰਦੀ, ਤਾਂ ਇਹ ਦੁਸ਼ਾਲੇ ਮੈਨੂੰ ਆਉਣੇ ਸਨ। ਸੀਨੇ ਵਿਚ ਤੀਰ ਵੱਜ ਗਿਆ ਚੇਹਰੇ ਉਤੇ ਉਦਾਸੀ ਛਾ ਗਈ, ਸੋਚਾਂ ਅਤੇ ਖਿਆਲਾਂ ਦੇ ਵਹਿਣਾਂ ਵਿਚ ਗੋਤ ਖਾਣ ਲੱਗੀ, ਟੁੱਟੀ ਹੋਈ ਮੰਜੀ ਲਈ ਕਰੋਧ 'ਤੇ ਬੇਚੈਨ ਦੀ ਅੱਗ ਵਿਚ ਸੜਦੀ ਹੋਈ ਲੰਮੀ ਪੈ ਗਈ। ਸ਼ਾਮੋ ਪਈ ਤਾਂ ਪ੍ਰਿਥੀ ਚੰਦ ਘਰ ਆਇਆ, ਕਰਮੋ ਦਾ ਹਾਲ ਵੇਖਿਆ ਹੈਂ ! ਕਰਮੋ ਇਹ ਕੀ ਫੁੱਟ-ਫੁੱਟ ਕੇ ਰੋਂਦੀ ਹੋਈ ਇਉਂ ਕਹਿਣ ਲੱਗੀ-

**ਸਾਕਾ**

*ਰੋ-ਰੋ ਕਰਮੋ ਪਤੀ ਨੂੰ ਇਹ ਆਖ ਸੁਣਾਈ।*
*ਮਹੁਰਾਂ ਦੇ ਮੈਂ ਖਾ ਲਵਾਂ ਤੈਨੂੰ ਸ਼ਰਮ ਨਾ ਆਈ।*
*ਸੇਵਾ ਆਪਣੇ ਬਾਪ ਦੀ ਤੈਂ ਨਹੀਂ ਕਮਾਈ।*
*ਗੁਰ ਗੱਦੀ ਨੂੰ ਲੈ ਗਿਆ ਤੇਰਾ ਛੋਟਾ ਭਾਈ।*
*ਸੰਗਤਾਂ ਉਸ ਨੂੰ ਮੰਨਦੀਆਂ ਰਹਿ ਆਵਾਜਾਈ।*
*ਰਹਿਣ ਰੌਣਕਾਂ ਲੱਗੀਆਂ ਰੱਬ ਇੱਜ਼ਤ ਬਣਾਈ।*
*ਭੇਟਾ ਲੋਕ ਚੜ੍ਹਾਵਦੇ ਹੈ ਅੰਤ ਨ ਕਾਈ।*
*ਬਣ ਗਈ ਅੱਜ ਅਮੀਰ ਤੇਰੀ ਛੋਟੀ ਭਰਜਾਈ।*
*ਕੱਪੜੇ ਵੇਖੋ ਗੰਗਾ ਦੇ ਅਤੇ ਜੇਵਰ ਸ਼ਾਹੀ।*
*ਧ੍ਰਿਗ ਜੀਊਣਾ 'ਦਿਲਬਰਾ' ਮੈਂ ਲੈ ਲਾਂ ਫਾਹੀ।*

ਕਰਮੋ ਨੇ ਕਿਹਾ ਪਤੀ ਜੀ ਅੱਜ ਤੇਰੇ ਭਰਾ ਦੇ ਦੀਵਾਨ ਦੀ ਸ਼ਾਨ ਵੇਖ ਕੇ ਇੰਦਰ ਦਾ ਦਰਬਾਰ ਵੀ ਸ਼ਰਮਾ ਜਾਂਦਾ ਹੈ ਉਸ ਦੇ ਪਰਤਾਪ ਅੱਗੇ ਰਾਜੇ-ਮਹਾਰਾਜੇ ਸਿਰ ਨਿਵਾ ਰਹੇ ਹਨ। ਮਖਮਲਾਂ ਦੀਆਂ ਵਿਛਾਈਆਂ ਪੈਰਾਂ ਵਿਚ ਹੋ ਰਹੀਆਂ ਹਨ। ਗੰਗਾ ਦੇ ਪਹਿਨਣ ਨੂੰ ਰੇਸ਼ਮ ਅਤੇ ਪਟ ਹੈ ਤੇ ਤੂੰ ਆਪਣੀ ਹਸਤੀ ਵੱਲ ਨਿਗ੍ਹਾ ਮਾਰ, ਇਹ ਤੇਰੀ ਅਣਗਹਿਲੀ ਦਾ ਨਤੀਜਾ ਹੈ ਮੈਂ ਨਹੀਂ ਸਹਾਰ ਸਕਦੀ ਕਿ ਕੱਲ੍ਹ ਨੂੰ ਮੇਰੀ ਔਲਾਦ ਨੂੰ ਮੇਹਣੇ ਵੱਜਣ।

ਪ੍ਰਿਥੀ ਚੰਦ ਸ਼ਰਮ ਨਾਲ ਅੱਖਾਂ ਨੀਵੀਆਂ ਪਾਈ ਖੜ੍ਹਾ ਸੀ। ਕਰਮੋ ਦੀਆਂ ਗੱਲਾ ਦਾ ਜਵਾਬ ਦੇਣ ਲਈ ਸੋਚ ਹੀ ਰਿਹਾ ਸੀ ਕਿ ਕਰਮੋ ਨੇ ਹੋਰ ਤਾਹਨਿਆਂ ਦੀ ਗੋਲਾ ਬਾਰੀ ਕਰਨੀ ਸ਼ੁਰੂ ਕਰ ਦਿੱਤੀ।

**ਕੋਰੜਾ ਛੰਦ**

*ਫੇਰ ਵੀ ਸੁਨਾਵੇ ਸੁਣੋ ਮੇਰੇ ਪਤੀ ਜੀ।*
*ਸੇਵਾ ਤੋਂ ਬਗੈਰ ਨਹੀਂ ਹੁੰਦੀ ਗਤੀ ਜੀ।*

*ਸੇਵਾ ਨਾ ਤੂੰ ਕੀਤੀ ਨਜ਼ਰਾਂ ਤੋਂ ਗਿਰਿਆ।*
*ਚਿੱਠੀ ਲੁਕਾ ਕੇ ਬਾਪ ਕੋਲੋਂ ਫਿਰਿਆ।*
*ਸ੍ਰੀ ਚੰਦ ਲੱਖਮੀ ਦਾਸ ਦੋਵੇਂ ਬਾਈ ਸੀ ।*
*ਸੇਵਾ ਤੋਂ ਬਗੈਰ ਕਿਹੜੀ ਪਦਵੀ ਪਾਈ ਸੀ ।*
*ਸੇਵਾ ਕੀਤੀ ਲਹਿਣੇ ਨੇ ਖਡੂਰੋਂ ਆਣ ਕੇ।*
*ਅੰਗ ਨਾਲ ਲਾਇਆ ਆਪਣਾ ਹੀ ਜਾਣ ਕੇ।*
*ਅਮਰਦਾਸ ਬੁੱਢੇ ਹੋ ਕੇ ਕੀਤੀ ਸੇਵਾ ਸੀ ।*
*ਦੁਨੀਆਂ ਤੋਂ ਮਿੱਠਾ ਲੈ ਗਿਆ ਜੋ ਮੇਵਾ ਸੀ ।*
*ਸਵਰਨ ਜੋ ਮੋਢੇ ਉਤੇ ਟਾਂਗੀ ਢੋਂਦਾ ਹੈ*
*ਸਾਰੇ ਬ੍ਰਹਿਮੰਡ ਵਿਚ ਸੋਭਾ ਪਾਉਂਦਾ ਹੈ*
*ਧਰੂਅ ਕੈਸੀ ਦੁਨੀਆਂ 'ਤੇ ਜੜ੍ਹ ਲਾ ਗਿਆ ।*
*ਆਪਣਾ ਮੰਡਲ ਵੱਖਰਾ ਬਣਾ ਗਿਆ ।*
*ਨਾਮਦੇਵ ਜਦੋਂ ਸੇਵਾ ਨੂੰ ਕਮਾਂਵਦਾ।*
*ਫੇਰ ਉਹਨੂੰ ਰੱਬ ਹਾਥੀ ਸੇ ਬਚਾਂਵਦਾ।*
*ਪ੍ਰਹਿਲਾਦ ਜਦੋਂ ਰਾਮ ਸੀ ਚਿਤਾਰਿਆ ।*
*ਚਿਖਾ ਵਿਚੋਂ ਬਾਹੋਂ ਫੜ ਕੇ ਉਤਾਰਿਆ ।*
*ਤੇਰੇ ਨਾਲੋਂ ਸੇਵਾ ਕਰਨ ਬਹੁਤ ਨਾਰੀਆਂ।*
*ਮਹਾਰਾਜ ਆ ਕੇ ਇੱਜ਼ਤਾਂ ਸਵਾਰੀਆਂ।*
*ਦਰੋਪਤੀ ਨੇ ਜਦੋਂ ਕ੍ਰਿਸ਼ਨ ਨੂੰ ਧਿਆਇਆ ਸੀ ।*
*ਲੈ ਕੇ ਚੀਰ ਆਪ ਮਹਾਰਾਜ ਆਇਆ ਸੀ ।*
*ਸੇਵਾ ਕਦੇ ਪਤੀ ਜੀ ਨਾ ਖਾਲੀ ਜਾਵੇ ਜੀ।*
*ਤਾਰਾਂ ਸੀ ਖੜਾਉਂ ਆਪ ਹੀ ਪੁਚਾਵੇ ਜੀ।*
*ਤੂੰ ਕਦੇ ਆਗਿਆ ਜੇ ਮੰਨਦੋਂ ਬਾਪ ਦੀ ।*
*ਦੇਂਦੇ ਤੈਨੂੰ ਗੱਦੀ ਖ਼ੁਸ਼ੀ ਹੋ ਕੇ ਆਪ ਦੀ ।*
*ਇਹ ਤਾਂ ਸਭ ਲੀੜੇ ਆਵਣੇ ਸੀ ਮੈਨੂੰ ਵੇ।*
*ਗੁੱਸੇ ਹੋ ਕੇ ਪਤੀ ਜੀ ਸੁਣੌਂਦੀ ਤੈਨੂੰ ਵੇ।*
*'ਦਿਲਬਰ' ਜੀ ਸਾਰਾ ਤੋੜ ਦਿੱਤਾ ਮਾਣ ਜੀ ।*
*ਪ੍ਰਿਥੀ ਚੰਦ ਹੁਣ ਕੀ ਕਰੇ ਬਿਆਨ ਜੀ ।*

ਕਰਮੋ ਦੀਆਂ ਗੱਲਾਂ ਸੀਨਾ ਚੀਰੀ ਜਾਂਦੀਆਂ ਸਨ। ਪ੍ਰਿਥੀ ਚੰਦ ਪਥਰਾਈਆਂ ਹੋਈਆਂ ਅੱਖਾਂ ਜ਼ਮੀਨ ਵਿਚ ਗੱਡੀ ਖੜ੍ਹਾ ਸੀ। ਇਸਤਰੀ ਦੀਆਂ ਗੱਲਾਂ ਨੇ ਪ੍ਰਿਥੀ ਚੰਦ ਦੇ ਦਿਲ ਵਿਚ ਭਰਾ ਲਈ ਨਫ਼ਰਤ ਪੈਦਾ ਕਰ ਦਿੱਤੀ। ਉਹ ਹੁਣ ਛੋਟੇ ਭਰਾ ਅਰਜਨ ਦੇਵ ਨੂੰ ਆਪਣਾ ਦੁਸ਼ਮਣ ਅਨੁਭਵ ਕਰ ਰਿਹਾ ਸੀ ਪਰ ਪੇਸ਼ ਨਹੀਂ ਸੀ

ਕੋਈ ਜਾਂਦੀ। ਉਹ ਖਿਆਲ ਕਰ ਰਿਹਾ ਸੀ ਅਤੇ ਉਸ ਦੇ ਪਰਤਾਪ ਨੂੰ ਖੰਡਨ ਕਰਨਾ ਚਾਹੁੰਦਾ ਸੀ ਕਿ ਮੈਂ ਗੁਰੂ ਅਰਜਨ ਦੇਵ ਜੀ ਦੇ ਵਿੱਰੁਧ ਜ਼ਹਿਰ ਉਗਲ ਕੇ ਨਜ਼ਾਮਿ ਹਕੂਮਤ ਨੂੰ ਭੜਾਕਾਵਾਗਾਂ, ਕਿਉਂਕਿ ਚੰਦੂ ਲਾਲ ਅਤੇ ਜਹਾਂਗੀਰ ਬਾਦਸ਼ਾਹ ਦੋਵੇਂ ਹੀ ਅੱਗੇ ਸਤਿਗੁਰਾਂ ਨੂੰ ਨਫ਼ਰਤ ਭਰੀ ਨਿਗਾਹ ਨਾਲ ਵੇਂਹਦੇ ਹਨ ਅਤੇ ਬਾਦਸ਼ਾਹ ਦੇ ਜਰੀਏ ਗੁਰਗੱਦੀ ਲੈ ਸਕਾਗਾਂ।

ਆਤਮਾ ਕਹਿੰਦੀ ਸੀ ਪ੍ਰਿਥੀ ਚੰਦ! ਨਹੀਂ, ਇਹ ਕਦੇ ਨਹੀਂ ਹੋ ਸਕਦਾ, ਜੇ ਝੂਠਾ ਗੁਰੂ ਬਣ ਵੀ ਬਹੇਂਗਾ, ਦੋ ਚਾਰ ਲਾਲਚੀ ਇਨਸਾਨ ਮਗਰ ਲਾ ਕੇ ਭੋਲੇ ਗੁਰਸਿੱਖਾਂ ਨੂੰ ਭਰਮੌਣ ਲਈ, ਤਾਂ ਆਤਮਿਕ ਸ਼ਕਤੀ ਤੇਰੇ ਵਿਚ ਨਹੀਂ ਆ ਸਕਦੀ। ਉਹ ਗੁਰੂ ਅਰਜਨ ਦੇਵ ਜੀ ਦੇ ਦਰ ਦਾ ਹੀ ਪਾਣੀ ਭਰੇਗੀ।

ਇਸ ਤਰ੍ਹਾਂ ਦੇ ਖਿਆਲਾਂ ਦੇ ਵਹਿਣਾਂ ਵਿਚ ਪ੍ਰਿਥੀ ਚੰਦ ਰੁੜਦਾ ਜਾ ਰਿਹਾ ਸੀ ਤੇ ਉਸਨੂੰ ਇਉਂ ਮਲੂਮ ਹੋ ਰਿਹਾ ਸੀ ਕਿ ਮੈਂ ਕਿਸੇ ਡੂੰਘੀ ਨਦੀ ਦੇ ਘੁੰਮਣ ਘੇਰ ਵਿਚ ਗੋਤੇ ਖਾ ਰਿਹਾ ਹਾਂ ਅਤੇ ਇਸ ਤੋਂ ਪਾਰ ਨਾ ਹੋਣਾ ਵੀ ਇਤਨਾ ਔਖਾ ਹੈ ਜਿਤਨਾ ਕਿਸੇ ਲੂਲ੍ਹੇ ਨੇ ਪਹਾੜ ਉਪਰ ਚੜ੍ਹਨਾ ਹੋਵੇ ਅਤੇ ਉਹ ਔਖਿਆਈ ਮਹਿਸੂਸ ਕਰੇ।

ਖੈਰ ਕਰਮੋ ਦੀਆਂ ਈਰਖਾ ਅਤੇ ਸਚਿਆਈ ਭਰੀਆਂ ਗੱਲਾਂ ਸਮਾਪਤ ਹੋਈਆਂ ਅਤੇ ਪ੍ਰਿਥੀ ਚੰਦ ਹੁਣ ਆਪਣੇ ਆਪ ਨੂੰ ਆਪਣੀ ਇਸਤਰੀ ਪਾਸ ਖੜ੍ਹਾ ਹੋਇਆ ਮਹਿਸੂਸ ਕਰਨ ਲੱਗਾ। ਆਪਣਾ ਰੋਅਬ ਜਮਾਉਣ ਲਈ ਅਤੇ ਇਸਤਰੀ ਦੇ ਸਵਾਲਾਂ ਦਾ ਜਵਾਬ ਦੇ ਕੇ ਸੱਚੇ ਹੋਣ ਲਈ ਪ੍ਰਿਥੀ ਚੰਦ ਨੇ ਥਿੜਕਦੀ ਜਿਹੀ ਜ਼ਬਾਨ ਨਾਲ ਇਉਂ ਕਹਿਣਾ ਸ਼ੁਰੂ ਕੀਤਾ–

## ਮਿਸਰਤ ਛੰਦ

*ਪ੍ਰਿਥੀ ਚੰਦ ਮੁੱਖੋਂ ਸੁਨਾਵੇ।*
*ਨਾਲੇ ਨਾਰੀ ਨੂੰ ਦਬਾਵੇ।*
*ਪਿਆ ਰੋਅਬ ਨੂੰ ਜਮਾਵੇ।*
*ਕਾਹਨੂੰ ਸ਼ੋਰ ਪਾ ਰਿਹਾ,*
*ਇਹ ਤਾਂ ਸਭ ਕੁਛ ਤੇਰਾ ਹੈ,*
*ਕਰਮੋ ਨੂੰ ਸੁਣਾ ਲਿਆ।*
*ਅਰਜਨ ਔਤਰੇ ਜਹਾਨੋ ਜਾਣਾ।*
*ਉਹਨੇ ਸਾਡੇ ਲਈ ਕਮਾਣਾ।*
*ਸਭ ਕੁਛ ਘਰ ਆਪਣੇ ਆਣਾ।*
*ਦਿਲ ਕਾਹਨੂੰ ਢਾਹ ਲਿਆ,*
*ਇਹ ਤਾਂ ਸਭ ਕੁਛ ਤੇਰਾ ਹੈ,*
*ਕਰਮੋ ਨੂੰ ਸੁਣਾ ਲਿਆ।*

ਉਹ ਤਾਂ ਦੋ ਦਿਨ ਦਾ ਪਰੌਣਾ ।
ਉਹਦੇ ਘਰ ਬਾਲ ਨਹੀਂ ਹੋਣਾ ।
ਉਹਨੇ ਕਿਸ ਨੂੰ ਹੋਰ ਪਚੌਣਾ ।
ਪੱਕਿਆ ਸੋ ਖਾ ਲਿਆ,
ਇਹ ਤਾਂ ਸਭ ਕੁਛ ਤੇਰਾ ਹੈ,
ਕਰਮੋ ਨੂੰ ਸੁਣਾ ਲਿਆ ।
ਕਰ ਲੈ ਦੋ ਦਿਨ ਮੌਜ ਮੇਲਾ ।
ਕੋਈ ਰਹਿਣਾ ਨਹੀਂ ਗੁਰ ਚੇਲਾ ।
ਉਹਦੇ ਘਰ ਛੱਡਣਾ ਨਹੀਂ ਧੇਲਾ ।
ਜਿਹੜਾ ਸੂ ਕੁਮਾ ਲਿਆ,
ਇਹ ਤਾਂ ਸਭ ਕੁਛ ਤੇਰਾ ਹੈ,
ਕਰਮੋ ਨੂੰ ਸੁਣਾ ਲਿਆ ।
ਵੇਖ ਕਰਦਾ ਭੈੜੀਆਂ ਗੱਲਾਂ ।
ਪਾਉਂਦਾ ਸਾਗਰ ਨੂੰ ਪਿਆ ਠੱਲਾਂ ।
ਐਵੇਂ ਸੱਖਣੀਆਂ ਮਾਰੇਂ ਗੱਲਾਂ ।
ਬੇੜੀ ਨੂੰ ਡੁਬਾ ਲਿਆ,
ਇਹ ਤਾਂ ਸਭ ਕੁਛ ਤੇਰਾ ਹੈ,
ਕਰਮੋ ਨੂੰ ਸੁਣਾ ਲਿਆ ।
ਬੈਠਾ ਖੋਟੀ ਨੀਯਤ ਬਣਾਈ ।
ਦਸਦਾ ਕਰਮੋ ਨੂੰ ਚਤਰਾਈ ।
ਗੱਲਾਂ ਸੁਣਦੀ ਸੀ ਇਕ ਮਾਈ ।
ਉਹਨੇ ਗੁੱਸਾ ਖਾ ਲਿਆ,
ਇਹ ਤਾਂ ਸਭ ਕੁਛ ਤੇਰਾ ਹੈ,
ਕਰਮੋ ਨੂੰ ਸੁਣਾ ਲਿਆ ।
ਉਹ ਤਾਂ ਭੱਜੀ ਗੰਗਾ ਦੇ ਵੱਲ ।
ਮਾਤਾ ਬੈਠੀ ਉਚੇ ਮਹੱਲ ।
ਜਾ ਕੇ ਝੱਟ ਸੁਣਾਈ ਗੱਲ ।
ਆਇਕੇ ਬਤਾ ਲਿਆ,
ਇਹ ਤਾਂ ਸਭ ਕੁਛ ਤੇਰਾ ਹੈ,
ਕਰਮੋ ਨੂੰ ਸੁਣਾ ਲਿਆ ।

*ਜਾ ਕੇ ਗੰਗਾ ਨੂੰ ਸੁਣਾਈ ।*
*ਭੈਣੇ ਸੁਨੇਹਾ ਇਕ ਲਿਆਈ ।*
*ਮੈਂ ਤਾਂ ਸੁਣਕੇ ਕਰਮੋ ਤੋਂ ਆਈ ।*
*'ਦਿਲਬਰ' ਨੇ ਫੁਰਮਾ ਲਿਆ,*
*ਇਹ ਤਾਂ ਸਭ ਕੁਛ ਤੇਰਾ ਹੈ,*
*ਕਰਮੋ ਨੂੰ ਸੁਣਾ ਲਿਆ ।*

ਪ੍ਰਿਥੀ ਚੰਦ ਦੇ ਚਿਹਰੇ ਦੇ ਉਤਰਾਓ-ਚੜ੍ਹਾਓ ਨੂੰ ਤੱਕ ਕੇ ਪ੍ਰਿਥੀ ਚੰਦ ਦੀਆਂ ਗੱਲਾਂ ਕਰਮੋ ਨੂੰ ਝੂਠੀਆਂ ਪ੍ਰਤੀਤ ਹੋ ਰਹੀਆਂ ਸਨ ਪਰ ਪ੍ਰਿਥੀ ਚੰਦ ਦੇ ਮੂੰਹ 'ਚੋਂ ਅਵੱਸ਼ ਹੀ ਜੋ ਕ੍ਰੋਧ ਵਿਚ ਆਣ ਕੇ ਬੇ-ਬੁਨਿਆਦੇ ਅਤੇ ਭੱਦੇ ਬਚਨ ਨਿਕਲ ਰਹੇ ਸਨ, ਉਹ ਕਰਮੋ ਦਾ ਕੁਝ ਕੁ ਨਿਸ਼ਚਾ ਬੰਨ੍ਹਾਈ ਜਾ ਰਹੇ ਸਨ । ਇਹ ਵੀ ਗੁਰੂ ਕਾ ਸਪੁੱਤਰ ਹੈ ਸ਼ਾਇਦ ਇਸ ਦਾ ਵਾਕ ਪੂਰਾ ਹੋ ਜਾਵੇ ਤੇ ਗੰਗਾ ਦੇ ਘਰ ਅਤੇ ਜਾਇਦਾਦ ਦੀ ਮਾਲਕ ਮੈਂ ਬਣ ਜਾਵਾਂ । ਪਰ ਇਹ ਸਭ ਮਨ ਦੇ ਹੀ ਖਿਆਲ ਸਨ, ਇਹਨਾਂ ਗੱਲਾਂ ਨੂੰ ਅਮਲ ਵਿਚ ਲਿਆਉਣਾ ਇਸ ਤਰ੍ਹਾਂ ਦੀ ਗੱਲ ਸੀ ਜਿਸ ਤਰ੍ਹਾਂ ਕਿ 'ਪੁੰਨਿਆਂ ਨੂੰ ਮੱਸਿਆਂ ਕਹਿ ਦਿੱਤਾ ਜਾਵੇ । ਇਸ ਤਰ੍ਹਾਂ ਕਰ ਕੇ ਪ੍ਰਿਥੀ ਚੰਦ ਦਾ ਘਰ ਰੂਪੀ ਪਰਦੇ ਉਤੇ ਕਈ ਕ੍ਰੋਧ ਈਰਖਾ ਅਤੇ ਝੂਠਾਂ ਅਪਰਾਧਾਂ ਭਰੇ ਸੀਨ ਆ ਗਏ, ਤੇ ਕਈ ਗਏ । ਅਨੋਖਾ ਨਾਟਕ ਹੋ ਰਿਹਾ ਸੀ ਜਿਹੜਾ ਕਿ ਇਤਿਹਾਸ ਦੀ ਸ਼ਕਲ ਵਿਚ ਲਿਖਿਆ ਜਾਣਾ ਸੀ । ਗੁਰੂ ਬੰਸ ਵਿਚ ਕਲਜੁਗ ਵਰਤ ਚੁੱਕਾ ਸੀ । ਇਕ ਭਰਾ ਮਾਇਆ ਬਦਲੇ ਆਪਣੇ ਸਕੇ ਭਰਾ ਦਾ ਕਾਤਲ ਬਣਨ ਨੂੰ ਤਿਆਰ ਸੀ । ਇਸ ਝੂਠੇ ਤਮਾਸ਼ੇ ਨੂੰ ਮਾਤਾ ਗੰਗਾ ਦੀ ਕੋਈ ਸਹੇਲੀ ਕਿਸੇ ਬਨੇਰੇ ਦੀ ਆੜ ਉਹਲੇ ਬਹਿ ਕੇ ਤੱਕ ਤੇ ਸੁਣ ਰਹੀ ਸੀ । ਸੁਣਦਿਆਂ ਸਾਰ ਸੀਨਾ ਚੀਰਿਆ ਗਿਆ। ਅੱਖਾਂ ਅੱਗੇ ਸਰੋਂ ਫੁੱਲਣ ਲੱਗ ਗਈ । ਦਿਮਾਗ ਚਕਰਾ ਗਿਆ, ਗਸ਼ ਖਾ ਕੇ ਡਿੱਗ ਪਈ । ਹੈਂ ! ਮੇਰੀ ਸਹੇਲੀ ਗੰਗਾ ਨੂੰ ਔਂਤਰੀ ਦਾ ਸ਼ਬਦ ਵਰਤਿਆ ਗਿਆ । ਓਸੇ ਵਕਤ ਮਾਤਾ ਗੰਗਾ ਪਾਸ ਪੁੱਜੀ, ਵਹਿੰਦਿਆਂ ਹੰਝੂਆਂ ਤੇ ਫਰਕਦੇ ਬੁੱਲ੍ਹਾਂ ਨਾਲ ਦਰਦ ਭਰੀ ਬੋਲੀ ਵਿਚ ਇਉਂ ਕਹਿਣਾ ਆਰੰਭ ਕੀਤਾ-

## ਤਰਜ਼-ਗੱਡੀ

*ਦਰਦ ਭਰੇ ਹੰਝੂਆਂ ਵਿਚ ਬੋਲੀ,*
*ਕੋਲ ਬਹਿ ਕੇ ਮਾਤਾ ਗੰਗਾ ਦੇ।*
*ਭੈਣ ਮੇਰੀਏ ਕਾਲਜਾ ਮੱਚਿਆ ਮੇਰਾ,*
*ਗੱਲਾਂ ਸੁਣ ਕਰਮੋ ਦੀਆਂ।*
*ਦੱਸਾਂ ਕੀ ਮੈਂ ਤੇ ਦੁੱਖ ਮੈਨੂੰ ਆਵੇ,*
*ਲੀੜੇ ਵੇਖ ਸੜ ਬਲ ਗਈ।*

*ਆਏ ਪਤੀ ਨੂੰ ਰੋ ਕੇ ਸੁਣਾਵੇ,*
*ਉਹਨੇ ਕਿਹਾ ਔਂਤਰੇ ਰਹਿਣਗੇ।*
*ਉਹਨਾਂ ਘਰ ਨਾ ਔਲਾਦ ਕੋਈ ਹੋਣੀ,*
*ਧਨ ਮਾਲ ਸਾਰਾ ਆਪਣਾ।*
*ਉਹਨਾਂ ਦੁਨੀਆਂ ਤੋਂ ਖਾਲੀ ਟੁਰ ਜਾਵਣਾ*
*ਗੱਲਾਂ ਸੁਣ ਮਾਤਾ ਗੰਗਾ ਨੇ।*
*ਹੌਕਾ ਖਿਚਿਆ ਤੇ ਮੁੱਖੋਂ ਕਿਹਾ ਬੋਲ ਕੇ,*
*ਔਂਤਰਾ ਨਾ ਕੋਈ ਹੋਵੇ ਜੀ।*
*ਪੁੱਤਾਂ ਵਾਲਿਆਂ ਨੂੰ ਮਾਣ ਬਹੁਤਾ ਹੋਵੰਦਾ,*
*ਦਾਤ ਸਾਰੀ ਮਹਾਰਾਜ ਦੇ।*
*ਇਹ ਤਾਂ ਕੂੜ ਦਾ ਪਸਾਰਾ ਭੈਣੇ ਬਣਿਆ,*
*ਸਭ ਕੁਝ ਛੱਡ ਜਾਵਣਾ।*
*ਅੱਗੇ ਜਾਇਗਾ ਹਰੀ ਕਾ ਨਾਮ,*
*ਇਹ ਤਾਂ ਗਲਾਂ ਵੱਸ ਰੱਬ ਦੇ।*
*ਭੈਣਾਂ, ਭੈਣਾਂ*
*ਨੀ ਮੇਲਾ ਚਾਰ ਦਿਨ ਦਾ*
*ਨਹੀਂ ਰਹਿਣਾ।*

ਸਹੇਲੀ ਨੇ ਮਾਤਾ ਗੰਗਾ ਜੀ ਨੂੰ ਆਦਿ ਤੋਂ ਅੰਤ ਤੱਕ ਸਾਰੀ ਵਿਥਿਆ ਸੁਣਾਈ ਕਿ ਤੁਹਾਡੇ ਜੇਠ ਪ੍ਰਿਥੀ ਚੰਦ ਅਤੇ ਤੁਹਾਡੀ ਜਠਾਣੀ ਕਰਮੋ ਨੇ ਤੁਹਾਨੂੰ ਔਂਤਰਿਆਂ ਦਾ ਸ਼ਬਦ ਵਰਤਿਆ ਹੈ। ਮਾਇਆ ਦੇ ਲਾਲਚ ਵਿਚ ਫਸੇ ਪ੍ਰਿਥੀ ਚੰਦ ਨੇ ਕਿਹਾ ਕਿ ਅਰਜਨ ਦੇਵ ਦੁਨੀਆਂ ਨੂੰ ਔਂਤਰੇ ਜਾਣਾ ਹੈ ਤੇ ਉਹਦਾ ਧਨ ਮਾਲ ਮੈਂ ਸੰਭਾਲਾਗਾਂ। ਮਾਤਾ ਗੰਗਾ ਜੀ ਬੜੇ ਨਿਮਰਤਾਈ ਅਤੇ ਸੀਲ ਸੁਭਾ ਦੇ ਸਨ। ਇਕਦਮ ਕ੍ਰੋਧ ਵਿਚ ਨਹੀਂ ਆਏ। ਧੀਰਜ ਨਾਲ ਬੋਲੇ, ਭੈਣ ਜੀ! ਹੁਕਮ ਰਜਾਈ ਚਲਣਾ ਹੈ, ਐਵੈਂ ਦੁਨੀਆਂ ਕੂੜਾ ਮਾਣਾ ਕਰਦੀ ਹੈ। ਲਾਲਚ ਵਿਚ ਫਸੇ ਹੋਇਆਂ ਨੂੰ:-

*ਮਾਇਆ ਮਨੋ ਨਾ ਵੀਸਰੈ ਮਾਂਗੇ ਦਮਾ ਦਮ ॥*

ਦਾਤਾਂ ਸਭ ਅਕਾਲ ਪੁਰਖ ਜੀ ਦੀਆਂ ਹਨ ਜਿਸ ਨੂੰ ਜੀਅ ਚਾਹੇ ਬਖਸ਼ ਦੇਂਦਾ ਹੈ, ਸਦਾ ਉਸਦਾ ਸਿਮਰਨ ਕਰਨਾ ਚਾਹੀਦਾ ਹੈ।

ਪਰ ਪੁੱਤਰਾਂ ਦਾ ਸੱਲ ਬਹੁਤ ਬੁਰਾ ਹੁੰਦਾ ਹੈ, ਮਾਤਾ ਜੀ ਦਾ ਦਿਲ ਟਿਕਾਣੇ ਨਾ ਰਿਹਾ।

*ਪੁਤੀ ਗੰਢ ਪਵੈ ਸੰਸਾਰ ॥*

ਪੁੱਤਰ ਇਸ ਦੁਨੀਆਂ ਦੇ ਮੇਵਿਆਂ ਵਿਚੋਂ ਸਭ ਤੋਂ ਮਿੱਠ ਮੇਵਾ ਹੁੰਦਾ ਹੈ।

## ਬੈਂਤ

*ਸੋਭਾ ਪਾਂਵਦੀ ਹੈ ਮਸਤੀ ਨਾਲ ਹਾਥੀ,*
*ਪਾਣੀ ਸੋਭਦਾ ਕੰਵਲ ਫੁੱਲ ਨਾਲ ਹੋਵੇ।*
*ਤਾਲ ਸੋਭਦਾ ਜਲ ਦੇ ਨਾਲ ਭਰਿਆ,*
*ਘੋੜਾ ਸੋਭਦਾ ਹੈ ਚੰਗੀ ਚਾਲ ਹੋਵੇ।*
*ਰਾਤ ਸੋਭਦੀ ਹੈ ਚੰਦਰ ਮਾਂਹ ਕਰ ਕੇ,*
*ਸੋਭੇ ਘਰ ਉਤਸ਼ਾਹ ਕਮਾਲ ਹੋਵੇ।*
*ਬਾਣੀ ਸੋਭਦੀ ਹੈ ਵਿਆਕਰਨਾਂ ਕਰ ਕੇ,*
*ਸ਼ਾਹੂ ਸੋਭੇ ਕੋਲ ਮਾਲ ਹੋਵੇ।*
*ਸਾਗਰ ਉਛਲਦਾ ਪਿਆ ਤਾਂ ਸੋਭਦਾ ਹੈ,*
*ਬੈਠੀ ਕੰਢੇ 'ਤੇ ਹੰਸਾ ਦੀ ਪਾਲ ਹੋਵੇ।*
*ਸੋਭੇ ਇਸਤਰੀ ਕੋਮਲ ਸੁਭਾ ਹੋਵੇ,*
*ਪਾਇਆ ਪਤੀ ਨੂੰ ਪ੍ਰੇਮ ਦਾ ਜਾਲ ਹੋਵੇ।*
*ਸੋਭੇ ਸਭਾ ਜੇਕਰ ਵਿਦਵਾਨ ਹੋਵਣ,*
*ਵਿਦਵਾਨ ਸੋਭਨ ਸਭਾ ਨਾਲ ਹੋਵੇ।*
*ਸੋਭੇ ਸੂਰਮਾ ਜੰਗ ਦੇ ਵਿਚ ਤਾਂ ਸਹੀ,*
*ਹੱਥ ਵਿਚ ਤਲਵਾਰ 'ਤੇ ਢਾਲ ਹੋਵੇ।*
*ਸੋਭੇ ਪ੍ਰਿਥਵੀ ਵਰਕਾ ਤੇ ਖੇਤੀ ਹੋਵੇ,*
*ਦੇਸ ਉਤੇ ਰਾਜਾ ਧਰਮਪਾਲ ਹੋਵੇ।*
*ਮੂਰਖ ਸੋਭਦਾ ਤਾਂ ਜੇ ਚੁੱਪ ਕਰ ਹੋਵੇ,*
*ਧਰਮੀ ਸੋਭਦਾ ਸਰੇਸ਼ਟ ਖਿਆਲ ਹੋਵੇ।*
*ਹੱਥ ਸੋਭਦੇ ਦਾਨ ਕਰਨ ਕਰਕੇ ,*
*ਸੋਂਹਦਾ ਗੈਸ ਜੇ ਅੱਛਾ ਜਮਾਲ ਹੋਵੇ।*
*ਸੋਭੇ ਕੁਲ ਜੇ ਚੰਗੀ ਔਲਾਦ ਹੋਵੇ,*
*ਪੁਰਸ਼ ਸੋਭਦਾ ਇਸ਼ਟ ਅਕਾਲ ਹੋਵੇ।*
*ਗੁਰੂ ਸੋਭਦਾ ਨਾਲ ਹੈ ਚੇਲਿਆ ਦੇ,*
*ਚੇਲੇ ਸੋਭਦੇ ਸ਼ਰਧਾ ਬਹਾਲ ਹੋਵੇ।*
*ਮਾਤਾ ਸੋਭਦੀ ਹੈ ਤਾਂ ਦਇਆ ਸਿੰਘਾ,*
*ਗੋਦੀ ਵਿਚ ਜੇ ਖੇਡਦਾ ਲਾਲ ਹੋਵੇ।*

ਮਾਤਾ ਜੀ ਦੇ ਚਿਹਰੇ ਉਤੇ ਉਦਾਸੀ ਦੇ ਚਿੰਨ੍ਹ ਮਾਲੂਮ ਹੋਣ ਲੱਗ ਪਏ ਸੀ ਪਰ ਉਤਲੇ ਮਨੋ ਸਹੇਲੀ ਨੂੰ ਦਿਲਾਸਾ ਦੇਂਦੇ ਹੋਏ ਪਰਮਾਰਥਕ ਬਾਤਾਂ ਸੁਣਾ ਰਹੇ ਸਨ। ਸਹੇਲੀ ਨੇ ਕਿਹਾ ਭੈਣ ਜੀ ! ਭਾਵੇਂ ਲੱਖ ਗਿਆਨ ਸੁਣਾਓ ਮੇਰਾ ਮਨ ਨਹੀਂ

ਧੀਰਜ ਧਰ ਸਕਦਾ, ਤੁਹਾਨੂੰ ਕੋਈ ਔਤਰਾਂ ਕਹੇ ਵੀ ਕਿਉਂ ? ਜਦ ਕਿ ਤੁਹਾਡੇ ਦਰ ਤੋਂ ਕਈ ਲੱਖਾਂ ਮੰਗਤੇ ਝੋਲੀਆਂ ਭਰ ਭਰ ਜਾਂਦੇ ਹਨ। ਤੁਹਾਡੇ ਸਤਿਗੁਰੂ ਅਰਜਨ ਦੇਵ ਜੀ ਆਪ ਤੀਨ ਲੋਕ ਦੇ ਵਾਲੀ ਹਨ। ਤੁਸੀਂ ਜ਼ਰੂਰ ਬੇਨਤੀ ਕਰੋ ਇਕ ਲਾਲ ਬਖਸ਼ਣ। ਉਹ ਤਾਂ ਪਾਥੀਆਂ ਤੋਂ ਪੁੱਤ ਬਖਸ਼ ਦੇਂਦੇ ਹਨ ਤੁਹਾਨੂੰ ਕਿਉਂ ਨਾ ਬਖਸ਼ਣਗੇ। ਭਰੋਸਾ ਰੱਖ ਕੇ ਤੁਸੀਂ ਸਵਾਲ ਕਰੋ ਜ਼ਰੂਰ ਝੋਲੀ ਦਾਨ ਪਵੇਗਾ। ਮਾਤਾ ਜੀ ਦੇ ਮਨ ਉੱਤੇ ਸਹੇਲੀ ਦੀਆਂ ਗੱਲਾਂ ਨੇ ਬਲਦੀ 'ਤੇ ਤੇਲ ਵਾਲਾ ਕੰਮ ਕੀਤਾ। ਮਾਤਾ ਜੀ ਅੱਗੇ ਹੀ ਇਹੋ ਖਿਆਲ ਦੁੜਾ ਰਹੇ ਸਨ। ਸਹੇਲੀ ਨੇ ਹੋਰ ਨਿਸ਼ਚਾ ਬੰਨ੍ਹਾ ਦਿੱਤਾ।

## ਕਬਿੱਤ

***ਮਾਤਾ ਜੀ ਨੇ ਦਿਲ ਵਿਚ ਧਾਰ ਲਈ ਦਲੀਲ ਪੱਕੀ,***
***ਆਏ ਜਾਂ ਹਜ਼ੂਰ ਮੈਂ ਜ਼ਰੂਰ ਅਰਜ਼ ਕਰਾਂਗੀ।***
***ਨੈਣਾਂ ਵਿਚ ਹੰਝੂ ਅਤੇ ਗਲ ਵਿਚ ਪੱਲਾ ਪਾ ਕੇ,***
***ਚਰਨਾਂ 'ਤੇ ਸੀਸ ਮੈਂ ਪਰੇਮ ਨਾਲ ਧਰਾਂਗੀ।***
***ਕਰਾਂਗੀ ਅਰਜ਼ ਇਕ ਬਖਸ਼ ਦੇਵੋ ਲਾਲ ਦਾਤਾ,***
***ਸਾਗਰ ਗ੍ਰਿਹਸਤ ਦੇ ਨੂੰ ਖੁਸ਼ੀ ਨਾਲ ਤਰਾਂਗੀ।***
***ਜਿਥੋਂ ਲੱਖਾ ਮੰਗਤੇ ਵਰਾਂ ਨੂੰ ਪੌਣ 'ਦਿਲਬਰ' ਦੀ,***
***ਓਸ ਦਰੋਂ ਝੋਲੀ ਮੈਂ ਵੀ ਆਪਣੀ ਭਰਾਂਗੀ।***

ਇਹਨਾਂ ਵਿਚਾਰਾਂ ਵਿਚ ਸਾਰਾ ਦਿਨ ਮਾਤਾ ਜੀ ਨੇ ਬਿਤਾ ਦਿੱਤਾ। ਜਦ ਸ਼ਾਮ ਪਈ, ਰਹਿਰਾਸ ਤੇ ਕੀਰਤਨ ਸੋਹਿਲੇ ਦਾ ਪਾਠ ਹੋ ਗਿਆ, ਅਰਦਾਸ ਸੋਧ ਕੇ ਸਾਹਿਬਾਂ ਨੇ ਦਿਵਾਨ ਸਮਾਪਤ ਕੀਤਾ ਅਤੇ ਸੰਗਤਾਂ ਨੂੰ ਖੁਸ਼ੀਆਂ ਬਖਸ਼ ਕੇ ਆਪ ਬਿਰਾਜਨ ਲਈ ਮਹਿਲਾਂ ਵਿਚ ਆ ਗਏ। ਮਾਤਾ ਗੰਗਾ ਜੀ ਅੱਗੇ ਹੀ ਗੁਰੂਦੇਵ ਜੀ ਦੀ ਉਡੀਕ ਵਿਚ ਵਿਆਕੁਲ ਹੋ ਗਏ ਸਨ, ਹਜ਼ੂਰ ਨੂੰ ਤੱਕ ਕੇ ਖੁਸ਼ੀ ਨਾਲ ਚਿਹਰਾ ਖਿੜ੍ਹ ਗਿਆ। ਉਠ ਕੇ ਨਮਸ਼ਕਾਰ ਕੀਤੀ, ਮਹਾਰਾਜ ਸਜ ਗਏ। ਜਲ ਨਾਲ ਹਜ਼ੂਰ ਦੇ ਚਰਨ ਧੋਤੇ ਤੇ ਕਿਹਾ- ਸਿਰਤਾਜ ਸਵਾਮੀ ਜੀ ਪ੍ਰਸ਼ਾਦਿ ਤਿਆਰ ਹੈ ਸਤਿਗੁਰਾਂ ਨੇ ਪ੍ਰਸ਼ਾਦਿ ਛਕ ਲਿਆ ਮਾਤਾ ਜੀ ਨੇ ਪਲੰਘ ਵਿਛਾ ਦਿੱਤਾ ਤੇ ਤੀਨ ਲੋਕ ਦੇ ਵਾਲੀ ਬਿਰਾਜ ਗਏ।

ਦਾਤਾ ਜੀ ਬਿਰਾਜ ਰਹੇ ਸਨ ਅਤੇ ਮਾਤਾ ਗੰਗਾ ਜੀ ਚਰਨ ਦੱਬਣ ਦੀ ਸੇਵਾ ਕਰ ਰਹੇ ਸਨ। ਅਚਾਨਕ ਹੀ ਹਜ਼ੂਰ ਦੀ ਨਜ਼ਰ ਗੰਗਾ ਜੀ ਦੇ ਚਿਹਰੇ 'ਤੇ ਪਈ ਤੇ ਨੇਤਰਾਂ 'ਚੋਂ ਜਲ ਵਹਿ ਰਿਹਾ ਸੀ। ਮਹਾਰਾਜ ਕਹਿਣ ਲੱਗੇ ਗੰਗਾ ਇਹ ਕੀ।

***ਪ੍ਰਭ ਕੈ ਸਿਮਰਨ ਅਨਹਦ ਝੁਨਕਾਰ ॥***
***ਸੁਖ ਪ੍ਰਭ ਸਿਮਰਨ ਕਾ ਅੰਤ ਨਾ ਪਾਰ ॥***

ਐਸੀ ਕਿਹੜੀ ਤਕਲੀਫ ਏ, ਜਿਸ ਕਾਰਨ ਕਰਕੇ ਨੇਤਰਾਂ 'ਚੋਂ ਹੰਝੂ ਜਾ

ਰਹੇ ਸਨ।

ਮਾਤਾ ਜੀ ਨੇ ਸਿਸਕੀਆਂ ਭਰਦਿਆਂ ਹੋਇਆਂ ਹਜ਼ੂਰ ਦੇ ਚਰਨਾਂ ਵਿਚ ਇਉਂ ਅਰਦਾਸ ਕੀਤੀ।

## ਤਰਜ਼-ਮਾਹੀਆ

*ਮਾਤਾ ਨੀਰ ਵਗਾਹੇ ਜੀ-ਜੀ,*
*ਹੱਥ ਜੋੜ ਬੇਨਤੀ ਕਰੇ ਸਾਰੀ ਵਿਥਿਆ ਸੁਣਾਵੇ ਜੀ।*
*ਮੈਂ ਦੁੱਖੜੇ ਉਠਾਵਾਂ ਕਿਉਂ ਕਿਉਂ,*
*ਤੁਹਾਡੇ ਦਰੋਂ ਕਈ ਤਰਗੇ ਮੈਂ ਔਂਤਰੀ ਜਾਵਾਂ ਕਿਉਂ।*
*ਬੋਲੀ ਕਰਮੋ ਨੇ ਮਾਰੀ ਏ ਏ,*
*ਭੁੱਜਦੀ ਸੀ ਜਿੰਦੜੀ ਅੱਗੇ ਉਤੇ ਸੁੱਟੀ ਅੰਗਿਆਰੀ ਏ।*
*ਕਰੋ ਮੇਰੇ 'ਤੇ ਮਿਹਰ ਤੁਸੀਂ ਤੁਸੀਂ,*
*ਉਮਰਾ ਨਾ ਬੀਤ ਜਾਵੇ ਨਾ ਲਗਾਓ ਖਾਂ ਡੇਰ ਤੁਸੀਂ।*
*ਕੌੜੇ-ਮਿੱਠੇ ਤੁਸੀਂ ਕਰਦੇ ਹੋ ਹੋ,*
*ਉਣੀ ਜਗ੍ਹਾ ਵੇਖ ਦਾਤਾ ਜੀ ਤੁਸੀਂ ਆਪੇ ਹੀ ਭਰਦੇ ਹੋ।*
*ਕਰ ਦੇਵੋ ਨਿਹਾਲ ਦਾਤਾ ਦਾਤਾ,*
*ਕਰਮੋ ਨੇ ਔਂਤਰੀ ਕਿਹਾ ਇਕ ਬਖਸ਼ੋ ਲਾਲ ਦਾਤਾ।*
*ਵੱਜੀ ਸੀਨੇ 'ਚ ਕਾਨੀ ਏਂ ਏਂ,*
*ਵਾਲੀ ਗੁਰਗੱਦੀ ਦਾ ਹੋਵੇ ਰਹਿਜੇ ਜੱਗ 'ਤੇ ਨਿਸ਼ਾਨੀ ਏਂ।*
*ਸਤਿਗੁਰ ਮਿਹਰ ਪੈ ਕਰਦੇ ਨੇ ਨੇ,*
*ਵਾਲੀ ਤੀਨ ਲੋਕ ਦੇ ਝੋਲੀ ਗੰਗਾ ਦੀ ਭਰਦੇ ਨੇ।*

ਕਿਹਾ ਗਰੀਬ ਨਿਵਾਜ ਗੁਰੂ ਨਾਨਕ ਦੇਵ ਜੀ ਦੇ ਭਰੇ ਭੰਡਾਰੇ ਵਿਚ ਕਿਸੇ ਗੱਲ ਦੀ ਥੋੜ ਨਹੀਂ। ਜੇ ਨਰ ਆਵੇ ਤਿਸ ਕੰਠ ਲਾਵੇ ਇਹ ਬਿਰਦ ਸੁਆਮੀ ਸ਼ੰਦਾ। ਲਾਜ ਰੱਖੋ ਇਕ ਬਾਲ ਜ਼ਰੂਰ ਬਖਸ਼ੋ ਜਿਹੜਾ ਗੁਰਗੱਦੀ ਦਾ ਮਾਲਕ ਬਣੇ। ਕਰਮੋ ਦੇ ਪਤੀ ਨੇ ਕਿਹਾ ਇਹ ਔਂਤਰੇ ਜਾਣਗੇ ਅਤੇ ਗੱਦੀ ਮੇਰਾ ਪੁੱਤਰ ਸੰਭਾਲੇਗਾ। ਮਹਾਰਾਜ ਗੰਗਾ ਦੀਆਂ ਗੱਲਾਂ ਸੁਣਕੇ ਹੱਸਦੇ ਹੋਏ ਇਉਂ ਬੋਲੇ-

## ਤਰਜ਼—ਡੋਲੀ (ਤੂੰਬਾ)

*ਸਭ ਜੱਗ ਤੇਰਾ ਹੈ,*
*ਗੰਗਾ ਹੌਂਸਲਾ ਕਾਸ ਨੂੰ ਢਾਇਆ।*
*ਗੱਲ ਸੁਣਕੇ ਗੰਗਾ ਦੀ ਗੁਰੂ ਹੱਸਦੇ।*
*ਨਾਮ ਜਿਨ੍ਹਾਂ ਦਾ ਲਿਆਂ ਦੁੱਖ ਨੱਸਦੇ।*

ਵੇਖੋ ਬੋਲ ਕੇ ਗੰਗਾ ਨੂੰ ਕੀ ਦੱਸਦੇ ।
ਗੰਗਾ ਹੌਂਸਲੇ ਨੂੰ ਧਾਰ ।
ਸਾਡੇ ਵੱਸ ਦੀ ਨਹੀਂ ਕਾਰ ।
ਪਿਆ ਕਰੇ ਕਰਤਾਰ ।
ਸਭ ਓਸ ਦੀ ਰਚੀ ਹੋਈ ਮਾਇਆ ।
ਸਭ ਜੱਗ.....

ਅੱਗੋਂ ਮਾਤਾ ਬੋਲ ਸੁਣਾਵੇ ।
ਪੁੱਤਾਂ ਬਾਝ ਨਹੀਂ ਦੁੱਖ ਜਾਵੇ ।
ਆ ਕਿਹੜਾ ਧੀਰ ਬੰਨ੍ਹਾਵੇ ।
ਦਾਤਾ ਮਿਹਰ ਵਿਚ ਆਓ ।
ਹੁਣ ਦੇਰ ਨਾ ਲਗਾਓ ।
ਦਾਨ ਝੋਲੀ ਵਿਚ ਪਾਓ ।
ਇਕ ਬਖਸ਼ੋ ਕੁੱਖ ਦਾ ਜਾਇਆ ।
ਸਭ ਜੱਗ.....

ਗੁਰੂ ਹੱਸ ਕੇ ਮੁੱਖ 'ਚੋਂ ਕਹਿੰਦੇ ।
ਬਾਬਾ ਬੁੱਢਾ ਬੀੜ ਵਿਚ ਰਹਿੰਦੇ ।
ਓਥੇ ਦਾਤਾਂ ਦੁੱਧੀ ਪਏ ਵਹਿੰਦੇ ।
ਸੇਵਾ ਉਹਨਾਂ ਦੀ ਕਮਾਓ ।
ਅੰਨ-ਪਾਣੀ ਜਾ ਛਕਾਓ ।
ਮੂੰਹੋਂ ਮੰਗੇ ਵਰ ਪਾਓ ।
ਦਾਤੇ ਸੱਚ ਦਾ ਢੰਗ ਬਤਾਇਆ ।
ਸਭ ਜੱਗ.....

ਮਾਤਾ ਸੁਣ ਕੇ ਸ਼ੁਕਰ ਮਨਾਵੇ ।
ਪਈ ਹਿਰਦੇ ਨਾਮ ਧਿਆਵੇ ।
ਗੁਰੂ ਖ਼ੈਰ ਝੋਲੀ ਵਿਚ ਪਾਵੇ ।
ਸੁਣੋ ਅਗਲਾ ਬਿਆਨ ।
ਜ਼ਰਾ ਲਾ ਕੇ ਧਿਆਨ ।
ਸਤਿਗੁਰੂ ਜਾਣੀ ਜਾਣ ।
ਕੀ 'ਦਿਲਬਰ' ਖੇਲ ਰਚਾਇਆ ।
ਸਭ ਜੱਗ...

ਭਸ ਜਗ ਤੇਰਾ ਹੈ ਗੰਗਾ ਹੌਂਸਲਾ ਕਾਸਤੋਂ ਢਾਇਆ ।

ਦੀਨ ਦਿਆਲ ਜੀ ਨੇ ਕਿਹਾ ਗੰਗਾ ਪੁੱਤਰ ਬਖਸ਼ਣਾਂ ਤਾਂ ਅਕਾਲ ਪੁਰਖ ਜੀ

ਦੇ ਵੱਸ ਵਿਚ ਹੈ । ਪਰ 'ਜਿਨਿ ਸੇਵਿਆ ਤਿਨਿ ਪਾਇਆ ਮਾਨ ॥' ਐਸ ਵੇਲੇ ਸਤਿਗੁਰੂ ਨਾਨਕ ਦੇਵ ਜੀ ਦੇ ਘਰ ਦੇ ਪ੍ਰੇਮੀ ਬ੍ਰਹਮ ਗਿਆਨੀ ਤੇ ਸਿਦਕ ਦਾਰ ਪੂਰਨ ਸਿੱਖ ਬਾਬਾ ਬੁੱਢਾ ਜੀ ਹਨ ਜਿਹੜੇ ਕਿ ਬੀੜ ਵਿਚ ਗਾਈਆਂ ਅਤੇ ਮੱਝਾਂ ਚਾਰਨ ਦੀ ਸੇਵਾ ਕਰਦੇ ਹਨ ।

ਬੇਸ਼ੱਕ ਕਰਨ ਕਰਾਵਨਹਾਰ ਸੁਆਮੀ ਸਤਿਗੁਰੂ ਜੀ ਆਪ ਹੀ ਸਨ ਪਰ ਗੁਰਸਿੱਖ ਦਾ ਮਾਣ ਰੱਖਦੇ ਸਨ । ਕਿਹਾ ਗੰਗਾ ਤੁਸੀਂ ਉਹਨਾਂ ਕੋਲ ਜਾਓ ਅਤੇ ਸੇਵਾ ਕਰਕੇ ਪਰਸ਼ਾਦ ਛਕਾ ਕੇ ਉਹਨਾਂ ਨੂੰ ਪ੍ਰਸੰਨ ਕਰੋ । ਉਹ ਜ਼ਰੂਰ ਦਾਤ.ਬਖਸ਼ਣਗੇ, ਮਾਤਾ ਗੰਗਾ ਜੀ ਸਤਿਗੁਰੂ ਜੀ ਦਾ ਆਸਾਂ ਭਰਿਆ ਤੇ ਪਵਿੱਤਰ ਵਾਕ ਸੁਣ ਕੇ ਬਹੁਤ ਖੁਸ਼ ਹੋਏ ਦੂਸਰੇ ਦਿਨ ਬਾਬਾ ਬੁੱਢਾ ਜੀ ਨੂੰ ਪ੍ਰਸ਼ਾਦ ਛਕਾਉਣ ਵਾਸਤੇ ਤਿਆਰੀਆਂ ਕਰਨ ਲੱਗੇ ।

**ਵਾਰ**

*ਰਾਤ ਮਾਤਾ ਨੇ ਬੇਚੈਨੀ ਨਾਲ ਕੱਟ ਲਈ,*
*ਨੀਂਦ ਆਈ ਨਾ ਗਿਣਦਿਆਂ ਨੂੰ ਤਾਰੇ।*
*ਦਿਨ ਚੜ੍ਹਿਆ ਤੇ ਸ਼ੁਕਰ ਮਨਾਂਵਦੀ,*
*ਕੀਤੇ ਬੀੜ ਵੱਲ ਜਾਣ ਦੀ ਤਿਆਰੇ।*
*ਕਈ ਭੋਜਨ ਪਕਾ ਲੈ ਪਕਵਾਨ ਨੇ,*
*ਆਉਣ ਛਕ ਕੇ ਜਿਨ੍ਹਾਂ ਨੂੰ ਨਜ਼ਾਰੇ।*
*ਕਿਤੇ ਦੌੜਾਂ ਤੇ ਕੜਾਹ ਖੀਰ ਪੂੜੀਆਂ,*
*ਕਿਤੇ ਭਾਜੇ ਰੰਗਾ ਰੰਗ ਦੇ ਕਰਾਰੇ।*
*ਲੈ ਕੇ ਛੱਤੀਆਂ ਪਦਾਰਥਾਂ ਨੂੰ ਟੁਰ ਪਈ,*
*ਪਾ ਕੇ ਕੱਪੜੇ ਬਹੁ ਕੀਮਤੀ ਸਵਾਰੇ।*
*ਨਾਲ ਟੈਹਲਣਾ ਸਹੇਲੀਆਂ ਲੈ ਆਈਆਂ,*
*ਘੋੜੇ ਜੋੜ ਅੱਗੇ ਰਥ ਦੇ ਸ਼ਿੰਗਾਰੇ।*
*ਧੂੜ ਉਡ ਕੇ ਚੜ੍ਹੀ ਅਸਮਾਨ ਕੋ,*
*ਪਹੁੰਚੇ ਝੱਟ ਜਿਥੇ ਬਾਬਾ ਮਾਲ ਚਾਰੇ।*
*ਬਾਬੇ ਉਡਦੀ ਜਾਂ ਵੇਖੀ ਧੂੜ ਰਥ ਦੀ,*
*ਮੁੰਡੇ ਕੋਲ ਨੇ ਬੁਲਾਏ ਝੱਟ ਸਾਰੇ।*
*ਔਹ ਕਿਨ੍ਹਾਂ ਨੂੰ ਨੇ ਭਾਜੜਾਂ ਪੈ ਗਈਆਂ,*
*ਬਾਬਾ ਮੁੱਖ ਵਿਚੋਂ ਬਚਨ ਉਚਾਰੇ।*
*ਵਰ ਲੈਣ ਆਈ ਮਿਲ ਗਿਆ ਸਰਾਪ ਸੀ,*
*'ਦਿਲਬਰ' ਗੁਰਾਂ ਦੇ ਖੇਲ ਨਿਆਰੇ।*

ਰਥ ਦੀ ਧੂੜ ਉਡਦੀ ਤੱਕੀ ਤੇ ਬਾਬਾ ਬੁੱਢਾ ਜੀ ਨੇ ਵਾਗੀਆਂ ਮੁੰਡਿਆਂ

ਨੂੰ ਕਿਹਾ ਭਾਈ ਬਾਲਕੋ ਔਹ ਕਿਨ੍ਹਾਂ ਨੂੰ ਭਾਜੜਾਂ ਪੈ ਗਈਆਂ ਨੇ। ਮੁੰਡਿਆਂ ਕਿਹਾ ਬਾਬਾ ਜੀ ਇਹ ਤਾਂ ਸਤਿਗੁਰਾਂ ਦੇ ਮਹਿਲ ਮਾਤਾ ਗੰਗਾ ਜੀ ਸਹੇਲੀਆਂ ਸਮੇਤ ਤੁਹਾਡੇ ਦਰਸ਼ਨ ਨੂੰ ਆਏ ਹਨ। ਬਾਬਾ ਜੀ ਨੇ ਫਿਰ ਵਾਕ ਛੱਡ ਦਿੱਤਾ ਕਿ ਇਹਨਾਂ ਨੂੰ ਅੱਜ ਕਿਹੜੀਆਂ ਭਾਜੜਾਂ ਪਈਆਂ ਹੋਈਆਂ ਹਨ। ਸਾਧੂ ਬੋਲੇ ਸਹਿਜ ਸੁਭਾਇ। ਸਾਧ ਕਾ ਬੋਲਿਆ ਬਿਰਥਾ ਨਾ ਜਾਇ। ਵਰ ਦੀ ਜਗ੍ਹਾ ਸਰਾਪ ਮਿਲ ਗਿਆ। ਮਾਤਾ ਗੰਗਾ ਜੀ ਇਹ ਸੁਣ ਕੇ ਬਹੁਤ ਦਿਲ ਵਿਚ ਉਦਾਸ ਹੋਈ ਅਤੇ ਉਸੇ ਤਰ੍ਹਾਂ ਹੀ ਪੱਕੇ-ਪਕਾਏ ਪਕਵਾਨ ਲੈ ਕੇ ਵਾਪਸ ਆ ਗਈ। ਆਣ ਕੇ ਸਤਿਗੁਰਾਂ ਦੇ ਚਰਨੀ ਪੈ ਕੇ ਭਰੇ ਹੋਏ ਨੇਤਰਾਂ ਨਾਲ ਫਿਰ ਇਉਂ ਕਿਹਾ।

**ਝੋਕ ਛੰਦ**

*ਫੇਰ ਹੈ ਆਉਂਦੀ ਮਾਤਾ ਸਤਿਗੁਰ ਦੇ ਕੋਲ ਜੀ।*
*ਚਰਨਾਂ ਤੇ ਡਿੱਗ ਕੇ ਮੁੱਖੋਂ ਕਹਿੰਦੀ ਬੋਲ ਜੀ।*
*ਬਾਬੇ ਦੀਆਂ ਗੱਲਾਂ ਸਾਰੀਆਂ ਦੱਸਦੀ ਹੈ ਫੋਲ ਜੀ।*
*ਬੀੜ ਵਿਚ ਜਾ ਕੇ ਪੂਰੀ ਹੋਈ ਨਹੀਂ ਥੋੜ ਜੀ।*
*ਨੈਣਾਂ 'ਚੋਂ ਹੰਝੂ ਕੇਰਦੀ ਬਚੜੇ ਦੀ ਲੋੜ ਜੀ।*
*ਨੈਣਾਂ 'ਚੋਂ ਹੰਝੂ ਕੇਰਦੀ।*

*ਸਤਿਗੁਰੂ ਅਰਜਨ ਦੇਵ ਜੀ ਸੁਣ ਕੇ ਹੱਸਦੇ।*
*ਵੇਖੋ ਹੁਣ ਕਿਵੇਂ ਦਾਤੇ ਮਿਹਰਾਂ ਵਿਚ ਵੱਸਦੇ।*
*ਜਿਵੇਂ ਤੂੰ ਗਈ ਸੈਂ ਗੰਗਾ ਸਾਨੂੰ ਤੂੰ ਦਸਦੇ।*
*ਰੋ-ਰੋ ਕੇ ਦਸਦੀ ਮਾਤਾ ਦੋਵੇਂ ਹੱਥ ਜੋੜ ਜੀ।*
*ਨੈਣਾਂ 'ਚੋਂ ਨੀਰ ਕੇਰਦੀ ਬੱਚੜੇ ਦੀ ਲੋੜ ਜੀ।*
*ਨੈਣਾਂ 'ਚੋਂ ਹੰਝੂ ਕੇਰਦੀ।*

*ਦੌੜਾਂ ਪਕਾਈਆਂ ਕੀਤੀਆਂ ਸਬਜ਼ੀਆਂ ਤਿਆਰ ਸੀ।*
*ਪਾਏ ਮਸਾਲੇ ਬਣੀਆਂ ਬਹੁਤ ਰਸਦਾਰ ਸੀ।*
*ਹੋਰ ਪਦਾਰਥ ਲੈ-ਲੈ ਨਾਲ ਪਿਆਰ ਸੀ।*
*ਬਾਹਰ ਫਿਰ ਗਈ ਬੀੜ ਵਿਚ ਰਥਾਂ ਨੂੰ ਜੋੜ ਜੀ।*
*ਨੈਣਾਂ 'ਚੋਂ ਨੀਰ ਕੇਰਦੀ ਪੁੱਤਰ ਦੀ ਲੋੜ ਜੀ।*
*ਨੈਣਾਂ 'ਚੋਂ ਹੰਝੂ ਕੇਰਦੀ।*

*ਟਹਿਲਣਾਂ ਬਹਾਈਆਂ ਵਿਚ ਬੈਠੀ ਸਾਂ ਆਪ ਜੀ।*
*ਹਿਰਦੇ ਵਿਚ ਸਤਿਨਾਮ ਦਾ ਕਰਦੀ ਰਹੀ ਜਾਪ ਜੀ।*
*ਆਸ ਸੀ ਰੱਖੀ ਪੁੱਤ ਦੀ ਮਿਲਿਆ ਸਰਾਪ ਜੀ।*
*ਭਾਜੜਾਂ ਲੱਦੀਆਂ ਬਾਬੇ ਕਿਹਾ ਮੋੜ ਜੀ।*
*ਨੈਣਾਂ 'ਚੋਂ ਨੀਰ ਕੇਰਦੀ ਪੁੱਤਰ ਦੀ ਲੋੜ ਜੀ।*

*ਨੈਣਾਂ 'ਚੋਂ ਹੰਝੂ ਕੇਰਦੀ ।*

*ਸਤਿਗੁਰੂ ਕਹਿੰਦੇ ਗੰਗਾ ਚੱਕੀ 'ਤੇ ਜਾਈ ਤੂੰ।*
*ਹੱਥੀਂ ਪੀਹ ਆਟਾ ਮਿੱਸੀਆਂ ਰੋਟੀਆਂ ਪਕਾਈਂ ਤੂੰ।*
*ਲੱਸੀ ਦਾ ਮੱਘਾ ਗੰਢਾ ਨਾਲ ਲਜਾਈ ਤੂੰ।*
*ਏਸ ਦਰੋਂ ਤਰਗੇ ਕਈ ਲੱਖ ਤੇ ਕਰੋੜ ਜੀ।*
*ਨੈਣਾਂ 'ਚੋਂ ਨੀਰ ਕੇਰਦੀ ਪੁੱਤਰ ਦੀ ਲੋੜ ਜੀ।*

*ਨੈਣਾਂ 'ਚੋਂ ਹੰਝੂ ਕੇਰਦੀ ।*

*ਸੇਵਾ ਦੀ ਜੁਗਤ ਜਦੋਂ ਸਤਿਗੁਰੂ ਨੇ ਦੱਸੀ ਏ।*
*ਸਹਿਮੀ ਹੋਈ ਸੀ ਮਾਤਾ ਮੁੱਖ ਵਿਚੋਂ ਵੱਸੀ ਏ।*
*ਪੁੱਤਰ ਦੀ ਆਸ ਫੇਰ ਦਿਲ ਵਿਚ ਵੱਸੀ ਏ।*
*ਫੇਰ ਹੁਣ ਜਾਓ ਮਾਤਾ ਰੰਗਤਾ ਨੂੰ ਛੋੜ ਜੀ।*
*ਨੈਣਾਂ 'ਚੋਂ ਨੀਰ ਕੇਰਦੀ ਪੁੱਤਰ ਦੀ ਲੋੜ ਜੀ।*

*ਨੈਣਾਂ 'ਚੋਂ ਹੰਝੂ ਕੇਰਦੀ ।*

ਮਾਤਾ ਗੰਗਾ ਜੀ ਦੇ ਬਚਨ ਸੁਣਕੇ ਸਾਹਿਬ ਹੱਸ ਪਏ ਕਹਿਣ ਲੱਗੇ ਸਾਧਾਂ-ਸੰਤਾਂ ਤੋਂ ਵਰ ਲੈਣ ਲਈ ਉੱਚੇ ਹੋ ਕੇ ਨਹੀਂ ਜਾਈਦਾ ਸਗੋਂ ਨੀਵੇਂ ਹੋ ਕੇ ਜਾਈਦਾ ਏ । ਬਾਬਾ ਜੀ ਦਾ ਵਾਕ ਖਾਲੀ ਨਹੀਂ ਜਾਣਾ ਇਹ ਭਾਜੜਾਂ ਲੱਦਣੀਆਂ ਪੈਣਗੀਆਂ ।[1]

ਕਿਸੇ ਵੀ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਜੁਗਤ ਦੀ ਲੋੜ ਹੁੰਦੀ ਹੈ । ਸਤਿਗੁਰਾਂ ਨੇ ਜੁਗਤੀ ਦੱਸੀ ਗੰਗਾ ਜੀ ਦੇ ਦਿਲ ਵਿਚ ਖੁਸ਼ੀ ਦੀ ਲਹਿਰ ਦੌੜ ਗਈ । ਸਤਿਗੁਰਾਂ ਦੀ ਜੁਗਤ ਅਨੁਸਾਰ ਨਮਾਣਾ ਬੇਸ ਕਰ ਕੇ ਫਿਰ ਮਾੜ੍ਹਾ ਬੀੜ ਨੂੰ ਜਾਣ ਦੀ ਤਿਆਰੇ ਕਰਨ ਲੱਗੀ ।

## ਮਧੌੜਾ ਛੰਦ

*ਰੋਟੀਆਂ ਹੈ ਸਿਰ 'ਤੇ ਚੌਂਦੀ ।*
*ਮਾਤਾ ਵਹੀਰਾਂ ਪੌਂਦੀ ।*
*ਲੱਸੀ ਦਾ ਮੱਘਾ ਭਰ ਲਿਆ ।*
*ਉਹ ਵੀ ਸੀ ਸਿਰ ਧਰ ਲਿਆ ।*

*ਨੰਗੀ ਪੈਰੀਂ ਉਠ ਧਾਵੇ,*
*ਭਈ ਪੁੱਤਰਾਂ ਦਾ ਰੋਗ ਵੱਡਾ ਹੈ ।*
*ਰੱਬਾ ਲੱਗ ਨਾ ਕਿਸੇ ਨੂੰ ਜਾਵੇ,*
*ਭਈ ਬੱਚਿਆਂ ਦਾ ।*

---

1. *ਹਜ਼ੂਰ ਗੁਰਸਿੱਖ ਦਾ ਵਾਕ ਅਟੱਲ ਰੱਖਦੇ ਹੋਏ ਭਾਜੜਾਂ ਲੱਦ ਕੇ ਅੰਮ੍ਰਿਤਸਰੋਂ ਚਾਰ ਕੋਹ ਨਗਰ ਵਡਾਲੀ ਚਲੇ ਗਏ ਸੀ।*

ਰੋਟੀ ਜਾਂ ਮਾਤ ਲਜਾਵੇ ।
ਬਾਬੇ ਨੂੰ ਭੁੱਖ ਸਤਾਵੇ ।
ਬਾਬਾ ਜੀ ਜਾਣੀ ਜਾਣ ।
ਮਾਤਾ ਦਾ ਰੱਖਦੇ ਮਾਣ ।
ਦਿਲ ਖੁਸ਼ੀ ਵਿਚ ਫੁਲਾ ਨਾ ਸਮਾਵੇ,
ਭਈ ਪੁੱਤਰਾਂ ਦਾ ਰੋਗ ਵੱਡਾ ਹੈ ।
ਰੱਬਾ ਲੱਗ ਨਾ ਕਿਸੇ ਨੂੰ ਜਾਵੇ,
ਭਈ ਬੱਚਿਆਂ ਦਾ ।
ਬਾਬੇ ਨੇ ਬਚਨ ਸੁਣਾਇਆ ।
ਬਹੁਤਾ ਅੱਜ ਭੁੱਖ ਸਤਾਇਆ ।
ਮਾਤਾ ਜੀ ਲਿਆਵੇ ਫੁਲਕੇ ।
ਢਿੱਡ ਵਿਚ ਪਏ ਮੱਚਦੇ ਭੁਲਕੇ ।
ਮਾਤਾ ਖੁਸ਼ੀ ਨਾਲ ਫੁਲਕਾ ਛਕਾਵੇ,
ਭਈ ਪੁੱਤਰਾਂ ਜਾ ਰੋਗ ਵੱਡਾ ਹੈ ।
ਰੱਬਾ ਲੱਗ ਨਾ ਕਿਸੇ ਨੂੰ ਜਾਵੇ,
ਭਈ ਬੱਚਿਆਂ ਦਾ ।
ਬਾਬੇ ਹੋਰੀ ਗੰਢਾ ਭੰਨਦੇ ।
ਅੰਦਰ ਗੁਰੂ ਅਰਜਨ ਮੰਨਦੇ ।
ਬੱਚੀ ਸੀ ਉਡੀ ਉਬਾਰੇ ।
ਬਾਬਾ ਜੀ ਹੁਣ ਕਿੰਵੇਂ ਜੋ ਤਾਰੇ ।
ਬਾਬਾ ਬੁੱਢਾ ਮਿਹਰ ਵਿਚ ਆਵੇ,
ਬਈ ਪੁੱਤਰਾਂ ਦਾ ਰੋਗ ਵੱਡਾ ਹੈ ।
ਰੱਬਾ ਲੱਗ ਨਾ ਕਿਸੇ ਨੂੰ ਜਾਵੇ,
ਭਈ ਬੱਚਿਆਂ ਦਾ ।
ਬੱਚੀ ਤੂੰ ਮਾਤਾ ਅਖਾ ਲੈ ।
ਸਾਡਾ ਤੂੰ ਕਿਹਾ ਮਨਾ ਲੈ ।
ਪੁੱਤਰ ਘਰ ਹੋਊ ਤੇਰੇ ।
ਦੁਨੀਆਂ 'ਤੇ ਹੋਕਾ ਫੇਰੇ ।
ਪਾਪੀਆਂ ਨੂੰ ਮਾਰ ਮੁਕਾਵੇ,
ਭਈ ਪੁੱਤਰਾਂ ਦਾ ਰੋਗ ਵੱਡਾ ਹੈ ।
ਰੱਬਾ ਲੱਗ ਨਾ ਕਿਸੇ ਨੂੰ ਜਾਵੇ,........
ਭਈ ਬੱਚਿਆਂ ਦਾ ।

ਲਾਲ ਜੋ ਹੋਊ ਬਲਕਾਰੀ ।
ਦੁਨੀਆਂ ਉਹਨੂੰ ਨਿਵੇਂਗੀ ਸਾਰੀ ।
ਜ਼ਾਲਮ ਨੂੰ ਫੜ-ਫੜ ਮਾਰੂ ।
ਲੋਕ ਜੋ ਸਾਰਾ ਤਾਰੂ ।
ਲੋਕ-ਪਰਲੋਕ ਜਸ ਗਾਵੇ,
ਭਈ ਬੱਚਿਆਂ ਦਾ ਰੋਗ ਵੱਡਾ ਹੈ ।
ਰੱਬਾ ਲੱਗ ਨਾ ਕਿਸੇ ਨੂੰ ਜਾਵੇ,
ਭਈ ਬੱਚਿਆਂ ਦਾ ।

ਬਾਬਾ ਜੀ ਪ੍ਰਸ਼ਾਦ ਛਕਣ ਲੱਗੇ, ਰੁਪਾ ਛਿਲਿਆ ਤੇ ਮੁੱਕੀ ਮਾਰ ਕੇ ਭੰਨਿਆਂ ਵਿਚੋਂ ਬੱਚੀ ਉਡ ਕੇ ਦੂਰ ਜਾ ਪਈ । ਬਾਬਾ ਬੁੱਢਾ ਜੀ ਕਹਿਣ ਲੱਗੇ । ਮਾਤਾ ਜੀ ਔਹ ਬੱਚੀ ਫੜ ਕੇ ਛਕ ਲਓ । ਤੁਹਾਨੂੰ ਵਾਹਿਗੁਰੂ ਸਪੁੱਤਰ ਬਖਸ਼ੇਗਾ, ਜਿਸ ਤਰ੍ਹਾਂ ਮੁੱਕੀ ਮਾਰ ਕੇ ਗੰਢਾ ਭੰਨਿਆ ਹੈ, ਇਸੇ ਤਰ੍ਹਾਂ ਜ਼ਾਲਮਾਂ ਦੇ ਸਿਰ ਭੰਨੇਗਾ। ਮਾਤਾ ਜੀ ਨੇ ਭਰੋਸੇ ਤੇ ਅਦਬ ਨਾਲ ਬੱਚੀ ਚੁੱਕ ਕੇ ਪ੍ਰਸ਼ਾਦ ਦੇ ਤੌਰ 'ਤੇ ਛਕ ਲਈ ਬਾਬਾ ਜੀ ਤੋਂ ਵਰ ਲੈ ਕੇ ਖੁਸ਼ੀ-ਖੁਸ਼ੀ ਘਰ ਆ ਗਏ ।

## ਤਰਜ਼- ਗੱਡੀ

ਵਰ ਲੈ ਕੇ ਮਾਤਾ ਗੰਗਾ ਆਈ,
ਬੈਠ ਗਈ ਭਰੋਸਾ ਕਰ ਕੇ ।
ਗੁਜਰੇ ਦਸ ਮਾਸ ਸੁਣ ਲਵੋ ਸਜਨੋ,
ਪੈਦਾ ਹੋਇਆ ਸਾਹਿਬਜ਼ਾਦਾ ਸੀ ।
ਹੋਇਆਂ ਖੁਸ਼ੀਆਂ ਤੇ ਮਿਲੀਆਂ ਵਧਾਈਆਂ,
ਸੋਗ ਪਿਆ ਕਰਮੋ ਨੂੰ ।
ਸੁਣ ਕੇ ਵਟ ਅੱਗੇ ਨਾਲੋਂ ਦੂਣਾ ਚੜ੍ਹਿਆ,
ਫੇਰ ਜੋ ਸੁਣਾਵੇ ਪਤੀ ਨੂੰ ।
ਤੂੰ ਤਾਂ ਕਹਿੰਦਾ ਸੈਂ ਔਲਾਦੋਂ ਖਾਲੀ ਜਾਣਗੇ,
ਗੰਗਾ ਘਰ ਪੁੱਤ ਹੋ ਪਿਆ ।
ਉਹਨੇ ਗੱਦੀ ਨੂੰ ਲੈਣ ਨਹੀਂ ਦੇਣਾ,
ਪ੍ਰਿਥੀ ਬੋਲਦਾ ਅੱਗੋਂ ।
ਅਸਾਂ ਤੋੜ ਚੜ੍ਹਨ ਨਹੀਂ ਦੇਣਾ,
ਵੇਖ ਲਈਂ ਤਮਾਸ਼ਾ ਅਸਾਂ ਦਾ ।
ਸੱਦ ਘੱਲਿਆ ਗੁਰੂ ਕਾ ਰਸੋਈਆ,
ਚੋਰੀ ਨਾਲ ਪਰੋਹਤ ਆਂਵਦਾ ।

*ਆਏ ਪਾਂਡੇ ਨੂੰ ਲੋਭ ਕੁਝ ਆਖਿਆ,*
*ਮਾਰਦੇ ਸਾਹਿਬਜ਼ਾਦੇ ਨੂੰ ।*
*ਤੈਨੂੰ ਦਿਆਂਗਾ ਇਨਾਮ ਮੇਰੇ ਪੰਡਤਾ,*
*ਸੁਣ ਕੇ ਲੋਭ ਨੂੰ ਪਾਪੀ ।*
*ਘਰ ਆ ਗਿਆ ਤੇ ਮਨ ਵਿਚ ਖੁਸ਼ੀਆਂ,*
*ਕਹਿਰ ਨੂੰ ਕਮੌਣ ਲੱਗਾ ।*
*ਕੁੱਛੜ ਚੁੱਕਿਆ ਗੁਰੂ ਕਾ ਬੇਟਾ,*
*ਚੜ੍ਹ ਜੋ ਚੁਬਾਰੇ ਜਾਂਵਦਾ ।*
*ਕੌਲੀ ਦਹੀਂ ਦੀ ਹੱਥ ਵਿਚ ਫੜ ਲਈ,*
*ਘੋਲ ਕੇ ਮਿਲਾਵੇ ਜ਼ਹਿਰ ਨੂੰ ।*
*ਜਾ ਕੇ ਦੇਂਦਾ ਹੈ ਸਾਹਿਬਜ਼ਾਦੇ ਤਾਈਂ,*
*ਪੀਂਦਾ ਨਹੀਂ ਲਾਲ ਗੁਰਾਂ ਦਾ ।*
*ਰੌਲਾ ਪਾ ਲਿਆ ਚੀਕਾਂ ਬਹੁਤ ਮਾਰੀਆਂ,*
*ਪਾਜ ਵੇਖੋ ਖੁੱਲ੍ਹਣ ਲੱਗਾ ।*
*ਸਾਰਾ ! ਸਾਰਾ !!*
*ਪਾਪੀ ਦੇਖੋ ਪਾਪ ਕਰਦਾ ਹੈ ਭਾਰਾ ।*

1596 ਈਸਵੀ ਮੁਤਾਬਕ 1652 ਬਿਕ੍ਰਮੀ ਹਾੜ ਵਦੀ 1 ਵਾਲੇ ਦਿਨ ਅੱਧੀ ਰਾਤ ਨੂੰ ਨਗਰ ਵਡਾਲੀ ਅੰਮ੍ਰਿਤਸਰੋਂ ਚਾਰ ਕੋਹ ਦੂਰ ਸਾਹਿਬਜ਼ਾਦੇ ਅਵਤਾਰ ਧਾਰਿਆ। ਮਾਤਾ ਗੰਗਾ ਜੀ ਨੂੰ ਵਧਾਈਆਂ ਮਿਲੀਆਂ, ਗੁਰੂ-ਘਰ ਵਿਚ ਖੁਸ਼ੀਆਂ ਮਨਾਈਆਂ ਗਈਆਂ। ਕਰਮੋ ਦੇ ਦਿਲ ਵਿਚ ਦੱਬੇ ਹੋਏ ਭਾਂਬੜ ਉੱਚੀਆਂ ਲਾਟਾਂ ਵਿਚ ਬਲ ਉਠੇ ਤੇ ਪਤੀ ਨੂੰ ਸ਼ਰਮਿੰਦਾ ਕਰਨ ਲੱਗੀ। ਪ੍ਰਿਥੀ ਚੰਦ ਨੇ ਪੰਡਤ ਦੁਨੀ ਚੰਦ ਨੂੰ (ਗੁਰੂ ਕਾ ਰੋਸਈਆ) ਸੱਦਿਆ ਤੇ ਸਾਹਿਬਜ਼ਦੇ ਵੱਲ ਇਸ਼ਾਰਾ ਕਰਕੇ ਕੁਛ ਲੋਭ ਦਿੱਤਾ।

ਦੁਸ਼ਟ ਘਰ ਆਇਆ। ਦਹੀਂ ਵਿਚ ਜ਼ਹਿਰ ਮਿਲਾ ਕੇ ਚੁਬਾਰੇ ਚੜ੍ਹ ਗਿਆ ਤੇ ਸਾਹਿਬਜ਼ਾਦੇ ਨੂੰ ਛਕਾਉਣ ਲੱਗਾ। ਜਾਣੀ ਜਾਣ ਛਕਦੇ ਨਹੀਂ, ਰੌਲਾ ਪਾ ਦਿੱਤਾ। ਪੰਚਮ ਪਾਤਸ਼ਾਹ ਨੇ ਅਵਾਜ਼ ਦਿੱਤੀ, ਪੰਡਤ ਸਮੇਤ ਦਹੀਂ ਸਾਹਿਬਜ਼ਾਦੇ ਨੂੰ ਥੱਲੇ ਲੈ ਆਇਆ ਹਜ਼ੂਰ ਨੇ ਕਿਹਾ, ਦੁਨੀ ਚੰਦ ਬਾਲਕ ਨਹੀਂ ਛਕਦਾ ਤਾਂ ਤੂੰ ਛਕ ਲੈ। ਪਾਪੀ ਕਹਿਣ ਲੱਗਾ, ਮੇਰਾ ਚਿੱਤ ਨਹੀਂ ਕਰਦਾ। ਜਦ ਜਾਣੀ-ਜਾਣ ਨੇ ਦਹੀਂ ਕੂਕਰ ਨੂੰ ਪਾ ਦਿੱਤਾ, ਉਹ ਛਕਦਿਆਂ ਸਾਰ ਕੁਛ ਚਿਰ ਤੜਪ ਕੇ ਸੁਵਰਗਵਾਸ ਹੋ ਗਿਆ, ਰੋਸਈਏ ਦਾ ਪਾਜ ਖੁੱਲ੍ਹ ਗਿਆ।

ਇਸ ਤਰ੍ਹਾਂ ਪ੍ਰਿਥੀ ਚੰਦ ਕਈ ਹਮਲੇ ਕਰਵਾਉਂਦਾ ਰਿਹਾ, ਪਰ ਨਾਕਾਮਯਾਬ

ਰਿਹਾ। 'ਆਪੇ ਹੀ ਪ੍ਰਭ ਰਖਦਾ ਭਗਤਨ ਕੀ ਆਨ' ਇਸ ਸਾਹਿਬਜ਼ਾਦੇ ਜੀ ਦਾ ਨਾਮ ਹਰਿਗੋਬਿੰਦ ਸਾਹਿਬ ਰੱਖਿਆ ਗਿਆ, ਜਿਨ੍ਹਾਂ ਗੁਰਗੱਦੀ ਉਤੇ ਬੈਠ ਕੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਾਈਆਂ ਅਤੇ ਜ਼ਾਲਮ ਹਕੂਮਤ ਦੇ ਦੰਦ ਖੱਟੇ ਕੀਤੇ, ਬੀਰਤਾ ਦੇ ਅਵਤਾਰ ਦੀਆਂ ਕੁਰਬਾਨੀਆਂ ਦਾ ਧਿਆਨ ਧਰਦੇ ਹੋਏ ਗੱਜ ਕੇ ਬੋਲੇ-

ਸਤਿਨਾਮ ਸ੍ਰੀ ਵਾਹਿਗੁਰੂ !

✫

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

## ਪ੍ਰਸੰਗ ਸ਼ਹੀਦੀ

# ਅਕਾਲੀ ਫੂਲਾ ਸਿੰਘ ਜੀ ਦੀ—ਜੰਗ ਨੌਸ਼ਹਿਰਾ

ਗੁਸਾਈਂ ਤੁਲਸੀ ਦਾਸ ਜੀ ਨੇ ਰਮਾਇਣ ਵਿਚ ਲਿਖਿਆ ਹੈ ਕਿ-

***ਜਨਨੀ ਜਨੇ ਤਉ ਭਗਤ ਜਨ ਕੈ ਦਾਤਾ ਕੈ ਸੂਰ।***
***ਨਹੀਂ ਤਉ ਜਨਨੀ ਬਾਂਝ ਰਹਿ ਕਾਹੇ ਗੁਆਵਹਿ ਨੂਰ।***

ਮਾਤਾ ਦੀ ਕੁੱਖ ਸਫ਼ਲ ਕਰਨ ਵਾਲਾ ਅਸਲ ਵਿਚ ਓਹੋ ਇਨਸਾਨ ਹੀ ਹੋਇਆ ਕਰਦਾ ਹੈ ਜਿਸ ਵਿਚ ਇਹਨਾਂ ਤਿੰਨਾਂ ਤਰ੍ਹਾਂ ਦੇ ਕਰਮਾਂ ਵਿਚੋਂ ਘੱਟ ਤੋਂ ਘੱਟ ਇਕ ਦੇ ਅਭਿਆਸ ਦੀ ਆਦਤ ਜ਼ਰੂਰ ਹੋਵੇ, ਦਾਨ ਕਰਨਾ ਤੇ ਜਾਂ ਭਗਤੀ ਕਰਨੀ ਯਾ ਫਿਰ ਮਜ਼ਲੂਮਾਂ ਦੀ ਰੱਖਿਆ ਤੇ ਜਿਸ ਵਿਚ ਉਹਨਾਂ ਆਪਣੇ ਆਪ ਨੂੰ ਅਸਲੀ ਮਹਿਨਿਆਂ ਵਿਚ ਮਨੁੱਖ (ਪੂਰਨ ਮਨੁੱਖ) ਯਾ 'ਕੁਲ ਦੀਵਾ ' ਨਹੀਂ ਅਖਵਾ ਸਕਦਾ।

ਪਿੰਡਾ ਸ਼ੀਹਾਂ (ਬਾਂਗਰ ) ਰਿਆਸਤ ਪਟਿਆਲਾ ਵਿਖੇ ਸੰਮਤ 1818 ਬਿਕ੍ਰਮੀ ਮੁਤਾਬਿਕ 1761 ਈਸਵੀ ਨੂੰ ਕਿਸੇ ਮਾਤਾ ਨੇ ਇਕ ਲਾਲ ਜਣਿਆ, ਜਿਸ ਦੀਆਂ ਅੱਜ ਤੱਕ ਦੁਨੀਆਂ ਵਾਰਾਂ ਗਾਉਂਦੀ ਆ ਰਹੀ ਹੈ, ਬਲਕਿ ਰਹਿੰਦੀ ਦੁਨੀਆਂ ਤੱਕ ਗਾਉਂਦੀ ਰਹੇਗੀ। ਇਹ ਲਾਲ ਕੌਣ ਸੀ 'ਅਕਾਲੀ ਫੂਲਾ ਸਿੰਘ' ਇਹਨਾਂ ਦੇ ਇਕ ਹੋਰ ਭਰਾ ਸ: ਸੰਤ ਸਿੰਘ ਜੀ ਸਨ ਜਿਨ੍ਹਾਂ ਦੀ ਅੱਗੇ ਬੰਸ ਵੀ ਵਧੀ ਪਰ ਇਹਨਾਂ ਦਾ ਨਾਮ ਅਕਾਲੀ ਜੀ ਹੋਰਾਂ ਜਿੰਨਾਂ ਪ੍ਰਸਿੱਧ ਨਹੀਂ ਹੋਇਆ, ਕਿਉਂਕਿ ਜਿਹੜੀ ਨਿਸ਼ਾਨੀ ਅਕਾਲੀ ਜੀ ਜੱਗ 'ਤੇ ਛੱਡ ਗਏ ਸਨ ਉਹ ਤਾਂ ਅੱਜ ਤੱਕ ਪੰਥ ਦੇ ਹਿਰਦਿਆਂ 'ਤੇ ਉਕਰੀ ਪਈ ਏ। ਬੇਸ਼ੱਕ ਅਕਾਲੀ ਜੀ ਦੇ ਪਿਤਾ ਸ: ਈਸ਼ਰ ਸਿੰਘ ਜੀ ਭੀ ਬੜੇ ਨੇਕ ਸੁਭਾ ਭਜਨੀਕ ਉਦਾਰ ਦਿਲ ਬਾਂਕੇ ਦਲੇਰ ਅਤੇ ਕੁਰਬਾਨੀ ਦੇ ਪੁਤਲੇ ਸਨ। ਪਰ ਜਿਹੜਾ ਮਾਨ ਅਕਾਲੀ ਫੂਲਾ ਸਿੰਘ ਨੂੰ ਸਿੱਖ ਇਤਿਹਾਸ ਵਿਚ ਪ੍ਰਾਪਤ ਹੋਇਆ ਏ, ਉਹ ਉਹਨਾਂ ਦੇ ਹਿੱਸੇ ਵਿਚ ਹੀ ਸੀ।

### ਬੈਂਤ

***ਭੁੱਖਾ ਕੋਲ ਜੇ ਖੜ੍ਹਾ ਗਰੀਬ ਹੋਵੇ,***
***ਖਾਣਾ ਖਾਏ ਤੇ ਉਹ ਸਰਦਾਰ ਹੀ ਨਹੀਂ।***
***ਖਾਣਾ ਪਤੀ ਦੇ ਖਾਣ ਤੋਂ ਖਾਏ ਪਹਿਲਾਂ,***
***ਉਹ ਸਤਵੰਤੀ ਹੁੰਦੀ ਨਾਰ ਨਹੀਂ।***

*ਜਿਸਦੇ ਪਿੰਡ ਸ਼ਰਾਰਤਾਂ ਕਰਨ ਲੁੱਚੇ,*
*ਉਹ ਨੇਕ ਨੀਯਤ ਨੰਬਰਦਾਰ ਹੀ ਨਹੀਂ ।*
*ਜਿਸਦੇ ਰਾਜ ਵਿਚ ਜ਼ਾਲਮ ਦਾ ਤੇਜ ਹੋਵੇ,*
*ਉਸ ਨੂੰ ਆਖਦੇ ਲੋਕ ਸਰਕਾਰ ਨਹੀਂ।*
*ਉਸ ਦੇਸ਼ ਤਰੱਕੀ 'ਤੇ ਜਾਵਣਾ ਕੀ,*
*ਜਿਥੇ ਮਾੜੇ ਦੀ ਲੈਂਦਾ ਕੋਈ ਸਾਰ ਹੀ ਨਹੀਂ।*
*ਉਸ ਨੇ ਸੂਰਮਾ ਅਖਵਾਵਣਾ ਕੀ,*
*ਜਿਸ ਨੂੰ ਪੰਥ ਨਾਲ ਪਿਆਰ ਹੀ ਨਹੀਂ।*
*ਜਿਹੜੇ ਦੇਸ਼ ਤੇ ਕੌਮ ਮਜ਼ਲੂਮ ਦੇ ਲਈ,*
*ਤਨ ਮਨ ਆਪਣਾ ਘੋਲ ਘੁਮਾ ਗਏ ਨੇ।*
*ਵਾਰਾਂ ਉਨ੍ਹਾਂ ਦੀਆਂ ਅੱਜ ਜਹਾਨ ਗਾਉਂਦਾ,*
*ਨਾਂ ਇਤਿਹਾਸ ਵਿਚ ਦਰਜ ਕਰਾ ਗਏ ਨੇ।*

ਅਕਾਲੀ ਫੂਲਾ ਸਿੰਘ ਜੀ ਮਿਸਲ ਸ਼ਹੀਦਾਂ ਦੇ ਜਥੇਦਾਰ ਅਤੇ ਸਿੱਖ ਰਾਜ ਦੇ ਜਰਨੈਲਾਂ ਵਿਚੋਂ ਬੜੇ ਮੰਨੇ-ਪ੍ਰਮੰਨੇ ਪਤਵੰਤੇ ਅਤੇ ਬਹਾਦਰ ਹੋਏ ਹਨ। ਅਕਾਲੀ ਜੀ ਦੀ ਮਾਤਾ ਭੀ ਵਾਹਿਗੁਰੂ ਦੀ ਕਿਰਪਾ ਨਾਲ ਚੰਗੇ ਸਿੱਖ ਘਰਾਣੇ ਤੇ ਨੇਕ ਸੁਭਾ ਸਨ, ਪਿਛਲੀ ਉਮਰ ਵਿਚ ਅਕਾਲੀ ਜੀ ਜਨਮੇ ਜਦ ਦੇਸ਼ ਵਿਚ ਗ਼ਦਰ ਮੱਚਿਆ ਹੋਇਆ ਸੀ ਅਤੇ ਹਿੰਦਸਤਾਨ ਗ਼ੁਲਾਮਾਂ ਦੀ ਜ਼ਿੰਦਗੀ ਬਸਰ ਕਰ ਰਿਹਾ ਸੀ। ਸਦਾ ਕਾਬਲੀ ਸ਼ਾਹਾਂ ਦੇ ਹਮਲਿਆਂ ਦਾ ਡਰ ਰਹਿੰਦਾ ਸੀ। ਅਹਿਮਦ ਸ਼ਾਹ ਅਬਦਲੀ ਹਿੰਦੁਸਤਾਨ ਨੂੰ ਪੰਜ ਵੇਰਾਂ ਲੁੱਟ ਕੇ ਬਰਬਾਦ ਕਰ ਚੁੱਕਾ ਸੀ। ਅਕਾਲੀ ਫੂਲਾ ਸਿੰਘ ਅਜੇ ਇਕ ਸਾਲ ਦੇ ਸਨ ਕਿ ਅਹਿਮਦਸ਼ਾਹ ਅਬਦਾਲੀ ਛੇਵਾਂ ਹਮਲਾ ਕਰਕੇ ਦੇਸ਼ 'ਤੇ ਆ ਟੁੱਟਿਆ। ਬਾਬਾ ਜੀ ਦੇ ਪਿਤਾ ਸ: ਈਸ਼ਰ ਸਿੰਘ ਜੀ ਸ਼ਹਿਜ਼ਾਦੇ ਫੂਲਾ ਸਿੰਘ ਦੀ ਸੌਂਪਨਾ ਮਿਸਲ ਸ਼ਹੀਦਾਂ ਦੇ ਜਥੇਦਾਰ ਬਾਬਾ ਨਰੈਣ ਸਿੰਘ (ਬਾਬਾ ਨੈਣਾਂ ਸਿੰਘ) ਜੀ ਨੂੰ ਸੌਂਪਨਾ ਕਰਕੇ ਆਪ ਦੇਸ਼ ਕੌਮ ਲਈ ਸ਼ਹੀਦੀ ਪਾ ਗਏ। ਅਕਾਲੀ ਫੂਲਾ ਸਿੰਘ ਬਚਪਨ ਅਵਸਥਾ ਵਿਚ ਹੀ ਬਾਬਾ ਨੈਣਾਂ ਸਿੰਘ ਜੀ ਤੋਂ ਸਿੱਖ ਕੇ ਧਾਰਮਿਕ ਵਿਦਿਆ 'ਤੇ ਸ਼ਸਤਰ ਵਿਦਿਆ ਦਾ ਧਨੀ ਬਣ ਗਿਆ। ਦਸ ਸਾਲ ਦੀ ਉਮਰ ਵਿਚ ਇਹਨਾਂ ਦੀ ਮਾਤਾ ਭੀ ਵਿਛੋੜਾ ਪਾ ਗਈ (ਸਰੀਰ ਛੱਡ ਗਈ)। ਅਕਾਲੀ ਜੀ ਬਾਬੇ ਨੈਣਾਂ ਸਿੰਘ ਜੀ ਦੀ ਸੌਂਪਣੀ ਵਿਚ ਹੀ ਪੰਥਕ ਜੀਵਨ ਪ੍ਰਾਪਤ ਕਰ ਪੂਰੇ ਗੁਰਸਿੱਖ ਅਤੇ ਬਾਣੀ ਦੇ ਨਿਤਨੇਮੀ ਕੌਮੀ ਭੌਰੇ ਬਣ ਗਏ। ਫਿਰ ਅੰਮ੍ਰਿਤਸਰ ਆਏ ਤੇ ਸਰੋਵਰ ਦੀ ਕਾਰ ਸੇਵਾ ਕਰਵਾਉਣੀ ਸ਼ੁਰੂ ਕਰ ਦਿੱਤੀ ਜਿਸ ਕਰਕੇ ਪੰਥ ਵਿਚ ਇਹਨਾਂ ਦੀ ਉਦਾਰ ਦਿਲੀ ਦਾ ਬਹੁਤ ਅਸਰ ਹੋਇਆ ਤੇ ਬਿਕ੍ਰਮੀ 1857 ਵਿਚ ਮਿਸਲ ਸ਼ਹੀਦਾਂ ਦੇ ਜਥੇਦਾਰ ਥਾਪੇ ਗਏ 1861 ਬਿਕ੍ਰਮੀ ਵਿਚ ਜਦ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਸਿੱਖ ਰਾਜ ਨਾਲ ਮਿਲੌਣ

ਲਈ ਭੰਗੀਆਂ 'ਤੇ ਚੜ੍ਹਾਈ ਕੀਤੀ ਤਾਂ ਅਕਾਲੀ ਜੀ ਨੇ ਵਿਚ ਪੈ ਕੇ ਲੜਾਈ ਨਾਮੁਨਾਸਿਬ ਸਮਝਦੇ ਹੋਏ ਆਪਸ ਵਿਚ ਸੁਲ੍ਹਾ ਕਰਵਾ ਦਿੱਤੀ ਤੇ ਅੰਮ੍ਰਿਤਸਰ ਸਿੱਖ ਰਾਜ ਨਾਲ ਮਿਲਾਇਆ ਗਿਆ।

ਇਸ ਕਾਰਨ ਕਰਕੇ ਅਕਾਲੀ ਜੀ ਦੀ ਪੰਥ ਵਿਚ ਹੋਰ ਵੀ ਬਹੁਤ ਕੀਰਤੀ ਫੈਲ ਗਈ ਤੇ ਸਾਰੀ ਅਕਾਲੀ ਸੈਨਾ ਦੇ ਸੈਨਾਪਤੀ ਬਣਾ ਦਿੱਤੇ ਗਏ। 1764 ਬਿਕ੍ਰਮੀ ਵਿਚ ਤਾਜ਼ੀਆਂ ਦੇ ਦਿਨਾਂ ਵਿਚ ਅੰਮ੍ਰਿਤਸਰ ਵਿਚ ਅਚਾਨਕ ਮਿਸਟਰ ਮਿਟਕਾਫ ਦੇ ਦਸਤੇ ਨਾਲ ਟਾਕਰਾ ਹੋ ਗਿਆ ਤੇ ਬਾਬਾ ਜੀ ਨੇ ਚੰਗੇ ਬੀਰਤਾ ਦੇ ਜੌਹਰ ਵਖਾਏ। ਇਸ ਸਮੇਂ ਤੋਂ ਹੀ ਲੈ ਕੇ ਅੰਗਰੇਜ਼ੀ 'ਤੇ ਸਿੱਖ ਰਾਜ ਵਿਚ ਅਹਿਦਨਾਮਾ ਲਿਖਿਆ ਗਿਆ, ਜੋ ਮਿਟਕਾਫ ਦਾ ਪਹਿਲਾ ਅਹਿਦਨਾਮਾ ਤੇ ਮਸ਼ਹੂਰ ਹੈ। ਬਿਕ੍ਰਮੀ 1886 ਸਿਆਲ ਵਿਚ ਬਾਬਾ ਜੀ ਸਾਬੋਕੀ ਤਲਵੰਡੀ (ਸ੍ਰੀ ਦਮਦਮਾ ਸਾਹਿਬ) ਆ ਸੇਵਾ ਆਰੰਭ ਕੀਤੀ। ਇਸ ਸਮੇਂ ਸਟੇਟ ਨਾਭੇ ਪਿੰਡ ਫੱਤੇ ਕੇ ਵਿਚ ਕਪਤਾਨ ਵਾਈਟ ਅੰਗਰੇਜ਼ ਦੇ ਦਸਤੇ ਨੂੰ ਸੋਧਿਆ। ਏਥੇ 6 ਅੰਗਰੇਜ਼ ਮਰੇ ਤੇ 29 ਫੱਟੜ ਹੋਏ। ਏਸ ਵਕਤ ਮਹਾਰਾਜਾ ਜਸਵੰਤ ਸਿੰਘ ਨਾਭਾ ਦੇ ਭਤੀਜੇ ਕੰਵਰ ਰਣ ਸਿੰਘ ਨੇ ਸੁਲ੍ਹਾ ਕਰਵਾਈ। 1873 ਬਿ: ਨੂੰ ਇਲਾਕਾ ਸਖਰ (ਸਿੰਧ) ਫਤਿਹ ਕੀਤਾ। ਏਥੇ ਨਵਾਬ ਮੁਹੰਮਦ ਖਾਂ ਨੂੰ ਕੱਢ ਕੇ ਹਾਫਜ਼ ਅਹਿਮਦ ਖਾਂ ਨੇ ਕਬਜ਼ਾ ਕਰ ਲਿਆ ਸੀ, ਇਸ ਨੂੰ ਠੀਕ ਕੀਤਾ। 1875 ਬਿਕ੍ਰਮੀ ਵਿਚ ਮੁਜ਼ੱਫਰ ਖਾਂ ਨੂੰ ਮਾਰ ਕੇ ਮੁਲਤਾਨ ਫਤਿਹ ਕੀਤਾ।

ਏਥੇ ਬਾਬਾ ਜੀ ਕੁਝ ਜ਼ਖਮੀ ਭੀ ਹੋਏ ਪਰ ਇਲਾਜ ਕੀਤਿਆਂ ਫਿਰ ਠੀਕ ਹੋ ਗਏ। 4 ਮੱਘਰ 1875 ਬਿਕ੍ਰਮੀ ਵਿਚ ਪਿਸ਼ਾਵਰ 'ਤੇ ਕਬਜ਼ਾ ਕੀਤਾ। ਯਾਰ ਮੁਹੰਮਦ ਖਾਂ ਵਾਲੀਏ ਪਿਸ਼ਾਵਰ ਇਲਾਕਾ ਹਸ਼ਤ ਨਗਰ ਨੂੰ ਛੱਡ ਗਿਆ। ਮਹਾਰਾਜੇ ਦੇ ਹੁਕਮ ਅਨੁਸਾਰ ਸ਼ਾਹਿਜ਼ਾਦੇ ਸ਼ੇਰ ਸਿੰਘ ਨੇ ਪਿਸ਼ਾਵਰ ਦੇ ਲੋਕਾਂ ਤੋਂ 15000 ਨਜ਼ਰਾਨਾ ਵਸੂਲ ਕੀਤਾ ਮਹਾਰਾਜਾ ਸਾਹਿਬ ਤਿੰਨ ਦਿਨ ਪਸ਼ੌਰ ਰਹੇ। ਚੌਥੇ ਦਿਨ ਜਹਾਂਦਾਰ ਖਾਂ ਉਥੋਂ ਦਾ ਹੁਕਮ ਨੀਯਤ ਕਰ ਕੇ 16 ਤੋਪਾਂ ਜੋ ਉਥੋਂ ਮਿਲੀਆਂ ਸਨ ਲੈ ਕੇ ਵਾਪਸ ਮੁੜੇ। ਅਜੇ ਅਟਕ ਲੰਘੇ ਹੀ ਸੀ ਕਿ ਮੁਹੰਮਦ ਖਾਂ ਬਾਕਰਜ਼ਾਈ ਯਾਰ ਮੁਹੰਮਦ ਖ਼ਾਂ ਦੇ ਭਰਾ ਨੇ ਆਪਣੇ ਵਕੀਲ ਦਮਦੋਰ ਖਾਂ 'ਤੇ ਹਾਫ਼ਜ਼ ਰਹੂਅਲਾ ਨੂੰ ਭੇਜਿਆ ਤੇ ਮਹਾਰਾਜੇ ਨੂੰ ਇਕ ਲੱਖ ਰੁਪਿਆ ਨਜ਼ਰਾਨਾ ਦੇ ਕੇ ਫਿਰ ਪਿਸ਼ਾਵਰ ਦਾ ਕਬਜ਼ਾ ਲੈਣ ਦਾ ਸੰਕਲਪ ਪ੍ਰਗਟ ਕੀਤਾ ਥੋੜ੍ਹੇ ਹੀ ਦਿਨਾਂ ਮਗਰੋਂ ਖ਼ਬਰ ਪੁੱਜੀ ਕਿ ਮੁਹੰਮਦ ਖਾਂ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ ਹੈ। ਜਹਾਂਦਰ ਖਾਂ ਨੱਸ ਕੇ ਨਾਗਰ ਚਲਾ ਗਿਆ ਹੈ। ਮਹਾਰਾਜੇ ਨੇ ਗੁੱਸੇ ਵਿਚ ਆ ਕੇ 12000 ਜਵਾਨ ਚੜ੍ਹਾਇਆ ਪਰ ਦਮਦੋਰ ਕਾਬਲੀ ਨੇ 50000 ਰੁਪੈ ਦੀ ਹੁੰਡੀ 100 ਘੋੜਾ 50 ਭਾਰ ਕਾਬਲੀ ਮੇਵਾ ਤਿੰਨ ਲੱਖ ਸਲਾਨਾ ਮਾਲੀਆ ਦੇਣਾ ਕਰਕੇ ਵਾਪਸ ਕਰ ਦਿੱਤਾ ਮਹਾਰਾਜਾ ਕਟਾਸ ਤੋਂ ਹੋ ਕੇ ਲਾਹੌਰ ਪੁੱਜ ਗਿਆ। ਕਸ਼ਮੀਰ ਤੋਂ ਆ ਕੇ ਪੰਡਤ

ਬੀਰਬਲ ਨੇ ਸ੍ਰੀ ਨਗਰ ਦੀ ਹਕੂਮਤ ਵਲੋਂ ਪਰਜਾ 'ਤੇ ਹੋ ਰਹੇ ਜ਼ੁਲਮ ਦੱਸੇ ਤੇ ਸਿੱਖ ਫੌਜਾਂ ਨੇ ਸ਼ਹਿਜ਼ਾਦਾ ਖੜਕ ਸਿੰਘ, ਅਕਾਲੀ ਫੂਲਾ ਸਿੰਘ, ਸ: ਸ਼ਾਮ ਸਿੰਘ ਅਟਾਰੀ ਸਣੇ ਸ਼ੇਰੇ ਪੰਜਾਬ ਦੇ 8 ਵਿਸਾਖ 1876 ਬਿਕ੍ਰਮੀ ਨੂੰ ਕੂਚ ਕੀਤਾ ਤੇ 22 ਹਾੜ 1876 ਬਿਕ੍ਰਮੀ ਸ੍ਰੀ ਨਗਰ ਕਸ਼ਮੀਰ 'ਤੇ ਕਬਜ਼ਾ ਕਰ ਲਿਆ। ਖਾਲਸੇ ਦਾ ਤੇਜ ਦਿਨੋ-ਦਿਨ ਵਧਦਾ ਵੇਖ ਕੇ ਦੁਸ਼ਮਣ ਈਰਖਾ ਦੀ ਅੱਗ ਵਿਚ ਸੜ ਰਹੇ ਸਨ। ਪਠਾਣ ਕਈ ਲੜਾਈਆਂ ਸਿੰਘਾਂ ਨਾਲ ਲੜ ਕੇ ਹਾਰ ਚੁੱਕੇ ਸਨ ਪਰ ਮੁਹੰਮਦ ਅਜ਼ੀਮ ਖਾਂ ਬਾਕਰਜ਼ਈ ਕਾਬਲੀ ਵਜ਼ੀਰ ਸਿੰਘਾਂ ਨਾਲ ਇਕ ਆਖਰੀ ਲੜਾਈ ਲੜਨੀ ਚਾਹੁੰਦਾ ਸੀ, ਦਿਲ ਵਿਚ ਸਾੜਾ ਸੀ ਕਿ ਕਸ਼ਮੀਰ ਜੁਬਾਰ ਖਾਂ ਤੋਂ ਖੁੱਸ ਗਿਆ ਤੇ ਯਾਰ ਮੁਹੰਮਦ ਖਾਂ ਵਾਲੀਏ ਪਸ਼ੌਰ ਭੀ ਲਾਹੌਰ ਦੀ ਈਨ ਮੰਨ ਲਈ। ਬਾਕੀ ਰਿਹਾ ਕੀ ਗੀਦੀ ਪੁਣਾ ਤੇ ਬੇ-ਅਣਖੀ। ਖੈਰ ਅਜ਼ੀਮ ਖਾਂ ਨੇ ਯਾਰ ਮੁਹੰਮਦ ਖਾਂ ਵਾਲੀਏ ਪਸ਼ੌਰ ਨਾਲ (ਜੋ ਕਿ ਉਸਦਾ ਭਾਈ ਸੀ) ਵਿਚੇ ਵਿਚ ਗੰਢੀ ਤੇ ਜਹਾਦ ਦੇ ਨਾਮ ਉਤੇ ਝੰਡਾ ਖੜ੍ਹਾ ਕਰ ਦਿੱਤਾ।

ਹਜ਼ਾਰਾਂ ਦੀ ਗਿਣਤੀ ਵਿਚ ਮੁਲਖੱਈਆ ਇਕੱਠਾ ਕਰਕੇ ਮਾਘ 1879 ਬਿਕ੍ਰਮੀ ਮੁਤਾਬਿਕ ਜਨਵਰੀ 1823 ਈਸਵੀ ਨੂੰ ਮੁਹੰਮਦ ਅਜ਼ੀਮ ਖਾਂ ਕਾਬਲ ਤੋਂ ਮਾਰੋ-ਮਾਰ ਕਰਦਾ ਇਉਂ ਚੜ੍ਹਿਆ-

### ਸਾਕਾ

*ਖਾ ਕੇ ਜੋਸ਼ ਅਜ਼ੀਮ ਖਾਂ ਕਾਬਲ ਤੋਂ ਚੜ੍ਹਿਆ।*
*ਅਗਨੀ ਵਿਚ ਕਰੋਧ ਦੀ ਉਹ ਭੁੱਜਾ ਸੜਿਆ।*
*ਉਸ ਕਲਮਾ ਨਬੀ ਰਸੂਲ ਦਾ ਹੱਥ ਚੁੱਕ ਕੇ ਪੜ੍ਹਿਆ।*
*ਹੁਣ ਲੱਗਣਾ ਪਾਰ ਝਨਾਂ ਤੂੰ ਰੱਖ ਲਈਂ ਘੜਿਆ।*
*ਉਸ ਝੰਡਾ ਫੜਕੇ ਸਬਜ਼ ਐਲੀ ਨਾਹਰਾ ਜੜਿਆ।*
*ਉਸ ਫੌਜਾਂ ਚਾੜ੍ਹ ਪਸ਼ੌਰ ਦਾ ਸਿੱਧਾ ਰਾਹ ਫੜਿਆ।*
*ਉਹ ਟੁਰਿਆ ਮਜ਼ਬੀ ਜੰਗ ਲਈ ਦੁੱਧ ਵਾਂਗੂ ਕੜ੍ਹਿਆ।*
*'ਦਿਲਬਰ' ਆ ਪਸ਼ੌਰ ਵਿਚ ਫੌਜਾਂ ਸਣੇ ਵੜਿਆ।*

ਮੁਹੰਮਦ ਅਜ਼ੀਮ ਖਾਂ ਨੇ ਜਲਾਲਾ ਬਾਦ ਤੋਂ ਚੱਲ ਕੇ ਜਦ ਖੈਬਰ ਦਰਰੇ ਤੱਕ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ ਤਾਂ ਯਾਰ ਮੁਹੰਮਦ ਖਾਂ ਜਿਸਦਾ ਅੱਗੇ ਹੀ ਅਜ਼ੀਮ ਖਾਂ ਨਾਲ ਮਸ਼ਵਰਾ ਸੀ, ਬਹਾਨਾ ਲਾ ਕੇ ਕਿ ਮੈਂ ਟਾਕਰਾ ਨਹੀਂ ਕਰ ਸਕਦਾ। ਪਿਸ਼ਾਵਰ ਵਿਚ ਨੱਸ ਕੇ ਯੂਸਫ ਜ਼ਈ ਪਹਾੜ ਵਿਚ ਜਾ ਵੜਿਆ ਤੇ ਮੁਹੰਮਦ ਅਜ਼ੀਮ ਨੇ ਬਿਨਾਂ ਜੰਗ ਦੇ ਹੀ 12 ਫਰਵਰੀ 1823 ਈਸਵੀ ਨੂੰ ਪਸ਼ੌਰ ਆ ਕਬਜ਼ਾ ਕੀਤਾ ਤੇ ਪਬਲਿਕ ਵਿਚ ਇਕ ਇਸ਼ਤਿਹਾਰ ਵੰਡਿਆ ਜਿਸ ਵਿਚ ਇਹ ਲਫਜ਼ ਛਾਪੇ ਕਿ ਕਾਫਰ ਸਿੱਖਾਂ ਨੇ ਬਹੁਤ ਸਾਰਾ ਇਸਲਾਮੀ ਸਲਤਨਤ ਦਾ ਹਿੱਸਾ ਦਬਾ ਲਿਆ ਹੈ, ਉਹਨਾਂ ਤੋਂ ਛਡਾਉਣਾ ਸਾਡਾ ਜ਼ਰੂਰੀ ਫਰਜ਼ ਹੈ। ਹਰ

ਇਕ ਮੋਮਨ ਜਹਾਦ ਦੇ ਝੰਡੇ ਹੇਠ ਆ ਜਾਵੇ। ਕੋਈ ਨਬੀ ਦਾ ਮੁਰੀਦ ਪਿਛੇ ਨਾ ਰਹੇ ਮੁਲਾਂ ਕਾਜ਼ੀਆਂ ਨੂੰ ਕਹਿਕੇ ਜਹਾਦ ਦੇ ਨਾਮ ਉਤੇ ਮਜ਼ਬੀ ਜੰਗ ਲਈ ਇਕਾਕੇ ਵਿਚ ਢੋਲ ਮਰਵਾ ਦਿੱਤੇ। ਤੱਰਕੀ ਪਹਾੜੀ (ਨੌਸ਼ਹਿਰਾ) ਜੋ ਕਿ ਜੰਗੀ ਅੱਡਾ ਮੁਕੱਰਰ ਕੀਤਾ ਗਿਆ ਸੀ) ਉਤੇ ਹਜ਼ਾਰਾਂ ਗਾਜ਼ੀ ਇਕੱਠੇ ਹੋਣ ਲੱਗ ਪਏ। ਇਹ ਪਹਾੜੀ ਅਟਕ ਤੋਂ 18 ਕੋਹ ਲਹਿੰਦੇ ਵੱਲ ਹੈ। ਇਸ ਜਗ੍ਹਾ ਸਵਾਤ ਬੁਨੇਰ ਅਫਰੀਦ ਖਟਕ ਆਦਿ ਸਭ ਜਾਤਾਂ ਦੇ ਪਠਾਣ ਟਿੱਡੀ ਦਲ ਵਾਂਗ ਲੜਨ ਮਰਨ ਲਈ ਤਿਆਰੀ ਕਰਕੇ ਜਮ੍ਹਾਂ ਹੋ ਗਏ। ਮੁਹੰਮਦ ਅਜ਼ੀਮ ਖਾਂ ਦੇ ਪਾਸ ਪਿਸ਼ਾਵਰ ਵਿਚ ਬਾਕਾਇਦਾ ਫੌਜਾਂ ਤੋਂ ਇਲਾਵਾ ਵੀ ਕਾਫੀ ਸਾਰਾ ਮੁਲਖੱਈਆ ਇਕੱਠਾ ਹੋ ਗਿਆ। ਅੱਲਾ ਹੂ ਅਕਬਰ, ਯਾ ਅਲੀ ਦੇ ਨਾਹਰਿਆਂ ਨਾਲ ਅਸਮਾਨ ਗੂੰਜ ਉਠਿਆ, ਸਿੰਘਾਂ ਦੇ ਘਰ ਲੁੱਟਣੇ ਸਾੜਨੇ ਸ਼ੁਰੂ ਕਰ ਦਿੱਤੇ ਕਈ ਸਤਵੰਤੀਆਂ ਦੀ ਪਤ ਮਿੱਟੀ ਵਿਚ ਮਿਲਾਈ ਗਈ। ਸੂਹੀਏ ਨੇ ਪਸ਼ੌਰ ਦੀ ਹਾਲਤ ਨੂੰ ਤੱਕਿਆ ਤੇ ਲਾਹੌਰ ਪਹੁੰਚ ਕੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਭਰੇ ਦਰਬਾਰ ਵਿਚ ਖੜ੍ਹ ਕੇ ਇਉਂ ਕਹਿਣਾ ਸ਼ੁਰੂ ਕੀਤਾ-

## ਪਉੜੀ।

*ਬੈਠਾ ਸ਼ੇਰ ਪੰਜਾਬ ਦਾ ਦਰਬਾਰ ਸੀ ਲਾ ਕੇ।*
*ਦਿੱਤੀ ਖ਼ਬਰ ਪਸ਼ੌਰ ਦੀ ਸੂਹੀਏ ਝੱਟ ਆ ਕੇ।*
*ਫੌਜ ਅਜ਼ੀਮ ਖਾਂ ਕਾਬਲੋਂ ਲੈ ਆਇਆ ਚੜ੍ਹਾ ਕੇ।*
*ਉਸ ਕਬਜ਼ਾ ਕੀਤਾ ਸ਼ਹਿਰ 'ਤੇ ਹੈ ਧੌਂਸ ਜਮਾ ਕੇ।*
*ਓਥੋਂ ਯਾਰ ਮੁਹੰਮਦ ਨੱਸ ਗਿਆ ਹੈ ਜਾਨ ਬਚਾ ਕੇ।*
*ਉਹ ਯੂਸਫਜ਼ਈ ਪਹਾੜ ਦੇ ਵਿਚ ਲੁਕਿਆ ਜਾ ਕੇ।*
*ਓਹਨੇ ਸਿੰਘਾਂ ਦੇ ਘਰ ਲੁੱਟ ਲੈ ਸਾੜੇ ਅੱਗ ਲਾ ਕੇ।*
*ਉਸ ਕਤਲ ਮਚਾਈ ਸ਼ਹਿਰ ਵਿਚ ਤਲਵਾਰ ਚਲਾ ਕੇ।*
*ਕਈ ਲੁੱਟੀਆਂ ਇਜ਼ਤਾਂ 'ਦਿਲਬਰਾ' ਛੁਡਵਾ ਲਓ ਜਾ ਕੇ।*

ਸ਼ੇਰੇ-ਪੰਜਾਬ ਦੀ ਭਰੀ ਕਚਹਿਰੀ ਵਿਚ ਸੂਹਾ ਪਸ਼ੌਰ ਦੀ ਖ਼ਬਰ ਸੁਣਾ ਰਿਹਾ ਸੀ ਤੇ ਬਹਾਦਰਾਂ ਦੇ ਚੇਹਰਿਆਂ 'ਤੇ ਖ਼ੂਨ ਟਪਕ ਰਿਹਾ ਸੀ। ਖ਼ਬਰ ਸੁਣਦਿਆਂ ਹੀ ਸੂਰਿਆਂ ਦੇ ਦਿਲਾਂ ਵਿਚ ਜੋਸ਼ ਆ ਗਿਆ, ਡੌਲੇ ਫਰਕਣ ਲੱਗ ਗਏ। ਹਰ ਪਾਸੇ ਚੁੱਪ ਛਾ ਰਹੀ ਸੀ। ਕੁਝ ਚਿਰ ਸ਼ੇਰੇ-ਪੰਜਾਬ ਦੇ ਬੁੱਲ੍ਹਾਂ ਉਤੇ ਖਾਮੋਸ਼ੀ ਆਉਣ ਤੋਂ ਬਾਅਦ ਇਕ ਦਮ ਚਿਹਰੇ ਉਤੇ ਲਾਲੀ ਆ ਗਈ, ਲਾਲੀ ਦੇ ਨਾਲ ਹੀ ਦੇਸ਼ ਦੀ ਖੁਸ਼ਹਾਲੀ ਆਈ ਦਿਲ ਵਿਚੋਂ ਕ੍ਰੋਧ ਉਛਲਿਆ ਖ਼ੂਨ ਭਰੇ ਨੇਤਰ ਮੱਥੇ 'ਤੇ ਤਿਊੜੀਆਂ ਡੌਲੇ ਫਰਕੇ ਬੀਰ ਦੇ। ਚਾੜ੍ਹ ਕੇ ਮੁੱਛਾਂ ਨੂੰ ਤਾਂ, ਫੇਰ ਕੇ ਦਾਹੜੇ 'ਤੇ ਹੱਥ ਮਾਰ ਕੇ ਹੰਭਲਾ ਖੜ੍ਹਾ ਹੋ ਗਿਆ। ਬਿਜਲੀ ਦੀ ਫੁਰਤੀ ਤਰ੍ਹਾਂ ਬਾਜ਼ੂ ਤਲਵਾਰ

ਦੇ ਕਬਜੇ ਉਤੇ ਪਹੁੰਚਾ ਤੇ ਫਰਰੇਟ ਕਰਦੀ ਮਿਆਨ 'ਚੋਂ ਲਿਸ਼ਕਦੀ ਹੋਈ ਬਾਹਰ ਕੱਢਕੇ ਸ਼ੇਰ ਵਾਂਗ ਗਰਜ ਕੇ ਸ਼ੇਰੇ-ਪੰਜਾਬ ਨੇ ਇਉਂ ਆਖਿਆ-

### ਤਰਜ਼-ਡੋਲੀ (ਤੂੰਬਾ)

ਉਠੋ ਜਰਨੈਲ ਕੋਈ-
ਫਤਿਹ ਕਰ ਕੇ ਪਸ਼ੌਰ ਜੋ ਆਵੇ ।
ਧੂਹ ਕੇ ਕੱਢ ਲਈ ਤੇਗ ਮਿਆਨੋ ।
ਕਹਿੰਦਾ ਸ਼ੇਰ ਪੰਜਾਬ ਜਵਾਨੋ ।
ਸਿੰਘੋ ਸੂਰਿਓ ਯੋਧੇ ਬਲਵਾਨੋ ।
ਕੋਈ ਨਿਤਰੋ ਸਰਦਾਰ ।
ਆ ਕੇ ਚੱਕੇ ਤਲਵਾਰ ।
ਤੇ ਪਸ਼ੌਰ ਆਵੇ ਮਾਰ ।
ਜਿਹੜਾ ਆਣ ਪਠਾਣਾਂ ਦੇ ਲਾਹਵੇ ।
ਉਠੋ ਜਰਨੈਲ......
ਇਹਨਾਂ ਮੁਗਲਾਂ ਬਹੁਤ ਸਤਾਇਆ ।
ਕਰੀ ਵਾਰ ਅਸਾਂ ਜੰਗ ਵੀ ਮਚਾਇਆ ।
ਇਹਨਾਂ ਬਹੁਤ ਅਧਮੂਲ ਮਚਾਇਆ ।
ਉਠੋ ਯੋਧਾ ਕੋਈ ਜਾਵੋ ।
ਜੜ੍ਹਾਂ ਪੁੱਟ ਕੇ ਵਖਾਵੋ ।
ਹੱਥ ਕੰਨਾਂ ਨੂੰ ਲਵਾਵੋ ।
ਮੁੜ ਕੇ ਕਰਨ ਜੰਗ ਦੇ ਦਾਵੇ ।
ਉਠੋ ਜਰਨੈਲ......
ਅੱਤ ਦੋਸਤ ਮੁਹੰਮਦ ਚਾਈ ।
ਇਹਨੂੰ ਬੜੀ ਵੇਰਾਂ ਈਨ ਮਨਾਈ ।
ਸ਼ੁਰੂ ਰੱਖਦਾ ਫੇਰ ਲੜਾਈ ।
ਕੋਈ ਚੱਕੇ ਸ਼ਮਸ਼ੀਰ ।
ਇਹਨੂੰ ਕਰੋ ਸਿੱਧਾ ਤੀਰ ।
ਰੋਲੇ ਮਿੱਟੀ 'ਚ ਜ਼ਮੀਰ ।
ਮੁੜ ਕੇ ਮੂੰਹ ਨਾ ਪੰਜਾਬ ਨੂੰ ਵਖਾਵੇ ।
ਉਠੋ ਜਰਨੈਲ......

*ਸ਼ੇਰ ਸਿੰਘ ਸ਼ਹਿਜ਼ਾਦੇ ਨੂੰ ਤਕਾਇਆ ।*
*ਹਰੀ ਸਿੰਘ ਵੇਲੇ ਮੁੱਖੜਾ ਭੁਆਇਆ ।*
*ਕਿਰਪਾ ਰਾਮ ਨੂੰ ਇਸ਼ਾਰਾ ਲਾਇਆ ।*
*ਉਠ ਸ਼ੇਰ ਸਿੰਘ ਬੀਰ ।*
*ਝੱਟ ਚੱਕੀ ਸ਼ਮਸ਼ੀਰ ।*
*ਪੌਣੇ ਜੰਗ ਨੂੰ ਵਹੀਰ ।*
*'ਦਿਲਬਰ' ਗੱਜ ਕੇ ਬੁਲਾਵੇ ।*
*ਉਠੋ ਜਰਨੈਲ......*

ਖ਼ੈਰ ਮਹਾਰਾਜਾ ਨੇ ਸ਼ਹਿਜ਼ਾਦੇ ਸ਼ੇਰ ਸਿੰਘ ਨੂੰ ਦੀਵਾਨ ਕਿਰਪਾ ਰਾਮ ਨੂੰ ਕੋਈ ਦੋ ਕੁ ਹਜ਼ਾਰ ਫੌਜ ਦੇ ਕੇ ਚੜ੍ਹਾਈ ਦਾ ਹੁਕਮ ਦਿੱਤਾ। ਅਤੇ ਸ: ਹਰੀ ਸਿੰਘ ਨਲੂਆ, ਸ: ਅਤਰ ਸਿੰਘ, ਸ: ਧੰਨਾ ਸਿੰਘ ਆਦਿਕਾਂ ਨੂੰ ਸ਼ਹਿਜ਼ਾਦੇ ਦੀ ਫੌਜ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ। ਸ਼ੇਰੇ-ਪੰਜਾਬ ਦੇ ਹੁਕਮ ਦੀ ਦੇਰ ਸੀ ਕਿ ਬਹਾਦਰਾਂ ਵਿਚ ਜੋਸ਼ ਦਾ ਅੰਤ ਨਾ ਰਿਹਾ। ਦੇਸ਼ ਕੌਮ ਲਈ ਸ਼ਹੀਦੀਆਂ ਪ੍ਰਾਪਤ ਕਰਨ ਦਾ ਚਾਅ ਚੜ੍ਹਗੇ। 23 ਫਗਣ 1873 ਬਿਕ੍ਰਮੀ ਨੂੰ ਕੋਈ ਹਜ਼ਾਰ ਕੁ ਦੇ ਕਰੀਬ ਖਾਲਸਾ ਅਰਦਾਸਾ ਸੋਧ ਕੇ ਗੁਰੂ ਮਹਾਰਾਜਾ ਅੱਗੇ ਸੀਸ ਨਿਵਾ ਕੇ ਨਗਾਰੇ 'ਤੇ ਚੋਟ ਲਾ ਕੇ ਪਿਸ਼ਾਵਰ ਦੀ ਧਰਤੀ ਵਲੇ ਇਉਂ ਚੜ੍ਹਿਆ-

ਤਰਜ਼ : ਤੋਲੂ (ਜੱਗਾ)

*ਫੌਜਾਂ ਚੜ੍ਹੀਆਂ ਲਾਹੌਰ ਦਰਬਾਰ 'ਚੋਂ,*
*ਧੌਂਸਿਆਂ 'ਤੇ ਚੋਟਾਂ ਲਾਇਕੇ ।*
*ਸਿੰਘ ਛੱਡਦੇ ਜੈਕਾਰੇ ਗੱਜ ਕੇ,*
*ਮੁਹਰੇ ਬੈਂਡ ਵਾਜਾ ਵੱਜਦਾ ।*
*ਆਉਂਦੇ ਪੰਜ ਪਿਛੇ ਹਾਥੀ,*

*ਫੇਰ ਆਂਵਦਾ ਪਿਯੇ ਇਕ ਹਾਥੀ ।*
*ਜਿਸ 'ਤੇ ਨਗਾਰਾ ਵੱਜਦਾ । ਵੱਜਦਾ,*
*ਸ਼ੇਰ ਤਰ੍ਹਾਂ ਬੀਰ ਖਾਲਸਾ ਪਿਆ ਗੱਜਦਾ ।*
*ਫੇਰ ਸੂਰਮੇ ਘੋੜ ਅਸਵਾਰ ਜੋ,*
*ਆਂਵਦੇ ਨੇ ਬੰਨ੍ਹ ਪੜਤਾਲਾਂ ।*
*ਪਿਛੇ ਪੈਦਲ ਪਲਟਨਾਂ ਔਂਦੀਆਂ,*
*ਵਾਲੀ ਜਰਨੈਲ ਸਭ ਦੇ ।*
*ਕਿਰਪਾ ਰਾਮ ਤੇ ਸ਼ਹਿਜ਼ਾਦੇ ਸ਼ੇਰ ਸਿੰਘ ਜੇਹੇ,*
*ਦਾਨੇ ਘੱਲੂਘਾਰਿਆਂ ਦੇ ।*

*ਕਿਤੇ ਫੱਬਦਾ ਹਰੀ ਸਿੰਘ ਨਲੂਆ,*
*ਸ਼ੇਰ ਦਿਲ ਜਰਨੈਲ ਸਿੰਘ ਦਾ ਸਾਰੇ, ਸਾਰੇ ।*
*ਚੜ੍ਹੇ ਗੁਰੂ ਕਲਗੀਧਰ ਦੇ ਨੇ ਦੁਲਾਰੇ ।*

*ਫੌਜੀ ਸੂਰਮੇ ਵਖੌਂਦੇ ਸ਼ਾਨ ਆਪਣੀ,*
*ਜੋਸ਼ ਨਾਲ ਡੌਲੇ ਫਰਕਦੇ ।*
*ਚੜ੍ਹੀਆਂ ਲਾਲੀਆਂ ਚਿਹਰੇ ਪੈ ਭਖਦੇ,*
*ਅੱਖਾਂ ਨੇ ਅੰਗਾਰ ਸਭ ਦੀਆਂ ।*

*ਮੱਥੇ ਤਿਊੜੀਆਂ ਉਬਾਲੇ ਖ਼ੂਨ ਮਾਰਦਾ,*
*ਦੋਹਾਂ 'ਤੇ ਪਸੀਨਾ ਆ ਗਿਆ ।*
*ਘਟਾਂ ਚੜ੍ਹੀਆਂ ਅਕਾਸ਼ੀਂ ਉਡ ਕੇ,*
*ਪੈ ਗਿਆ ਗੁਬਾਰ ਸੰਗਤੇ । ਸ਼ਹਿਰ 'ਚ, ਸ਼ਹਿਰ 'ਚ ।*

*ਚੜ੍ਹ ਪੈ ਪੰਜਾਬੀ ਸੂਰਮੇ ਬੜੇ ਕਹਿਰ 'ਚ ।*
*ਤੋਪਾਂ ਚੱਲੀਆਂ ਤੇ ਖਲਕਾਂ ਥਰਾਈਆਂ,*
*ਹਵਾ ਵਾਂਗੂੰ ਘੋੜੇ ਚੱਲ ਪੈ ।*
*ਚੱਕਰ ਚਮਕਦੇ ਦੋ ਧਾਰੇ ਲਿਸ਼ਕਦੇ,*
*ਮੋਢੇ ਸੀ ਦੁਨਾਲੀਆਂ ਕੱਜੇ ।*
*ਹੋਰ ਰਹਿਕਲੇ ਜੰਬੂ ਰਫਲਾਂ,*
*ਗੋਲੀ ਤੀਰ ਤੋਪਾਂ ਲੈਲੀਆਂ ।*
*ਤੇਈ ਫੱਗਣ ਅਠਾਰਾਂ ਸੌਂ ਉਨਾਸੀ ।*
*ਚੜ੍ਹ ਪਿਆ ਦਲ 'ਦਿਲਬਰਾ' ਜਵਾਨਾਂ ਦਾ, ਜਵਾਨਾਂ ਦਾ*
*ਕਰਨਾ ਹੈ ਜਿਹਨਾਂ ਟਾਕਰਾ ਪਠਾਣਾਂ ਦਾ ।*

ਇਹ ਫੌਜਾਂ ਮਾਰੋ-ਮਾਰ ਕਰਦੀਆਂ ਦਰਿਆ ਅਟਕ ਉਤੇ ਪਹੁੰਚੀਆਂ । ਅਟਕੋਂ ਪਾਰ ਹੋ ਕੇ ਪਹਿਲਾਂ ਖਾਲਸੇ ਦਾ ਰਾਹ ਵੇਖਣ ਆਏ ਹੋਏ ਹਮਲਾਵਰਾਂ ਨੂੰ ਤਲਵਾਰਾਂ ਦੀ ਦਾਰ 'ਚੋਂ ਲੰਘਾਇਆ ਤੇ ਫਿਰ ਕਿਲ੍ਹਾ ਜਹਾਂਗੀਰ ਜੋ ਇਸ ਜਗ੍ਹਾ ਤੋਂ ਤਿੰਨ ਮੀਲ ਸੀ, ਉਸ ਵਿਚ ਮੁਹੰਮਦ ਅਜ਼ੀਮ ਖਾਂ ਦੇ ਭਤੀਜੇ (ਫੀਰੋਜ਼ ਖਾਂ ਖਟਕ ਦੇ ਪੁੱਤ) ਜ਼ਾਮਨ ਖਾਂ ਖਵਾਸ ਖਾਂ ਸਮੁੰਦ ਆਦਿਕ ਭਾਰੀ ਦਲ ਲੈ ਕੇ ਖਾਲਸੇ ਦੀ ਉਡੀਕ ਕਰ ਰਹੇ ਸਨ । ਸਿੰਘਾਂ ਦੇ ਜਾਂਦਿਆਂ ਹੀ ਲੜਾਈ ਸ਼ੁਰੂ ਹੋ ਗਈ । ਕਿੰਤੂ ਖਾਲਸੇ ਦੀ ਤੇਜ਼ ਤਲਵਾਰ ਅੱਗੇ ਅਫ਼ਗਾਨ ਨਾ ਠਹਿਰ ਸਕੇ ਸਿੰਘਾਂ ਨੇ ਥੋੜੀ ਜਿਹੀ ਲੜਾਈ ਬਾਅਦ ਕਿਲ੍ਹੇ ਜਹਾਂਗੀਰ 'ਤੇ ਕਬਜ਼ਾ ਕਰ ਲਿਆ । ਇਸ ਲੜਾਈ ਦੀ ਖ਼ਬਰ ਸੁਣ ਕੇ ਅਜ਼ੀਮ ਖਾਂ ਹੋਰ ਭੜਕ ਉਠਿਆ । ਤੇ ਦੋਸਤ ਮੁਹੰਮਦ ਖਾਂ ਅਤੇ ਜਬਾਰ ਖਾਂ ਨੂੰ ਖਾਲਸੇ 'ਤੇ ਅੰਧਾ-ਧੁੰਦ ਫਾਇਰ ਕਰਨੇ ਸ਼ੁਰੂ ਕਰ ਦਿੱਤੇ । ਲੜਾਈ ਹੋਰ ਤੇਜ਼

ਹੋ ਗਈ। ਜ਼ਮਾਨ ਖਾਂ ਨੇ ਹੱਲਾ ਕਰ ਕੇ ਜੋ ਸ਼ਹਿਜ਼ਾਦੇ ਸ਼ੇਰ ਸਿੰਘ ਨੇ ਦਰਿਆ ਅਟਕ ਉਤੇ ਪੁਲ ਬੱਧਾ ਸੀ ਜਿਸ ਉਤੋਂ ਫੌਜਾਂ ਪਾਰ ਹੋਈਆਂ ਸਨ, ਤੋੜ ਦਿੱਤਾ। ਏਧਰ ਸ਼ਹਿਜ਼ਾਦੇ ਸ਼ੇਰ ਸਿੰਘ ਨੇ ਇਕ ਹੱਲਾ ਕਰਕੇ ਜੰਗ ਗਰਮ ਕਰ ਦਿੱਤਾ।

## ਕਬਿੱਤ

*ਆ ਗਈ ਪਿਛੋਂ ਫੌਜ ਦੀ ਮਦਦ ਜਾਂ ਪਠਾਣਾਂ ਤਾਈਂ,*
*ਕਰ ਦਿੱਤਾ ਹੱਲਾ ਲਾ ਕੇ ਅੱਲਾ ਹੂ ਦੇ ਨਾਹਰੇ ਜੀ।*
*ਏਧਰੋਂ ਵੀ ਖਾਲਸੇ ਦਾ ਜੋਸ਼ ਗਿਆ ਠੱਲਿਆ ਨਾ,*
*ਇਕ ਵੇਰਾਂ ਟੁੱਟ ਪਏ ਪਠਾਣਾਂ ਉਤੇ ਸਾਰੇ ਜੀ।*
*ਕਰੜ-ਕਰੜ ਤੀਰ ਅਤੇ ਗੜਾ-ਗੜ ਗੋਲੇ ਜਾਣ,*
*ਰਾਤ ਸਮੇਂ ਟੁੱਟਦੇ ਜਿਉਂ ਅਬੰਰਾਂ ਤੋਂ ਤਾਰੇ ਜੀ।*
*ਜ਼ੋਰ ਆਪੋ ਆਪਣਾ ਲਗਾਇਆ ਦੋਹਾਂ 'ਦਿਲਬਰ' ਜੀ,*
*ਆਖ਼ਰ ਮੈਦਾਨ ਵਿਚ ਕੋਈ ਨਾ ਜਿੱਤੇ ਹਾਰੇ ਜੀ।*

ਵੈਰੀ ਬੇਸ਼ੁਮਾਰ ਪਹੁੰਚ ਚੁੱਕੇ ਸਨ ਕਿਲ੍ਹੇ ਨੂੰ ਘੇਰਾ ਪਾ ਕੇ ਬੈਠ ਗਏ। ਕੋਈ ਫੈਸਲਾ ਨਾ ਹੋਇਆ, ਲੜਾਈ ਏਸੇ ਤਰ੍ਹਾਂ ਜਾਰੀ ਰਹੀ।

ਓਧਰ ਜਦ ਖ਼ਬਰ ਲਾਹੌਰ ਅੱਪੜੀ ਤਾਂ ਮਹਾਰਾਜਾ ਰਣਜੀਤ ਸਿੰਘ ਸ਼ੇਰੇ-ਪੰਜਾਬ ਨੇ ਦਰਿਆਏ ਰਾਵੀ ਲੰਘ ਕੇ ਸ਼ਾਹਦਰੇ ਸ਼ਾਹੀ ਫੌਜ ਦੀ ਗਿਣਤੀ ਲਈ। ਪਹਿਲਾਂ ਸ਼ਹਿਜ਼ਾਦਾ ਖੜਕ ਸਿੰਘ ਤੇ ਮਿਸਰ ਦੀਵਾਨ ਚੰਦ ਨੂੰ ਭੇਜਿਆ ਤੇ ਪਿਛੇ ਆਪ ਸ: ਦੇਸਾ ਸਿੰਘ ਮਜੀਠੀਆ, ਸ: ਫਤਿਹ ਸਿੰਘ ਆਹਲੂਵਾਲੀਆ, ਅਕਾਲੀ ਫੂਲਾ ਸਿੰਘ ਆਦਿਕ ਸਰਦਾਰਾਂ ਨੂੰ ਲੈ ਕੇ ਫੌਜਾਂ ਸਮੇਤ ਅਟਕ ਨੂੰ ਤੁਰ ਪਏ। 13 ਮਾਰਚ ਨੂੰ ਮਹਾਰਾਜਾ ਸਾਹਿਬ ਦਰਿਆਏ ਅਟਕ ਦੇ ਕੰਢੇ 'ਤੇ ਪੁੱਜੇ ਐਨ ਜਦ ਕਿ ਓਧਰ ਲੜਾਈ ਸ਼ੁਰੂ ਸੀ। ਏਧਰ ਦਰਿਆ ਅਟਕ ਵਿਚ ਬਹੁਤ ਜ਼ੋਰ ਦਾ ਹੜ੍ਹ ਆ ਚੁੱਕਾ ਸੀ। ਅਤੇ ਬਹੁਤ ਜਲਦੀ ਪਾਰ ਜਾਣਾ ਵੀ ਬੜਾ ਜ਼ਰੂਰੀ ਸੀ। ਕੋਈ ਸਲਾਹ ਪਾਰ ਲੈ ਜਾਣ ਦਾ ਹੌਂਸਲਾ ਨਹੀਂ ਸੀ ਕਰਦਾ। ਏਨੇ ਚਿਰ ਨੂੰ ਪਾਰੋਂ ਸੂਹੀਏ ਨੇ ਖ਼ਬਰ ਦਿੱਤੀ ਕਿ ਖਾਲਸਾ ਫੌਜ ਪਠਾਣਾਂ ਦੇ ਬੜੇ ਜ਼ਬਰਦਸਤ ਘੇਰੇ ਵਿਚ ਆ ਚੁੱਕੀ ਹੈ ਅਤੇ ਜਲਦੀ ਤੋਂ ਜਲਦੀ ਮਦਦ ਦਾ ਪਹੁੰਚਣਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਸ਼ਾਇਦ ਵੈਰੀ ਕੀ ਕਰ ਗੁਜ਼ਾਰਨ। ਸੁਣਦਿਆਂ ਸਾਰ ਮਹਾਰਾਜੇ ਨੇ ਖੜ੍ਹੇ ਹੋ ਗਲ ਵਿਚ ਪੱਲਾ ਪਾ ਸਤਿਗੁਰੂ ਕਲਗੀਧਰ ਜੀ ਦੇ ਚਰਨਾਂ ਵਿਚ ਅਰਦਾਸਾ ਸੋਧਿਆ ਤੇ ਘੋੜੇ 'ਤੇ ਅਸਵਾਰ ਹੋ ਵਾਗਾਂ ਖਿੱਚ ਕੇ ਦਰਿਆ ਵਿਚ ਕੁਦਾਂਦੇ ਹੋਏ ਕਿਹਾ ਕਿ ਅਟਕ ਓਸ ਦੇ ਵਾਸਤੇ ਅਟਕ ਹੈ ਜਿਸ ਦੇ ਦਿਲ ਵਿਚ ਅਟਕ ਹੈ ਜਿਸ ਦੇ ਦਿਲ ਵਿਚ ਅਟਕ ਨਹੀਂ। ਉਸ ਦੇ ਵਾਸਤੇ ਅਟਕ ਦਰਿਆ ਅਟਕ (ਰੋਕ) ਨਹੀਂ। ਘੋੜੇ ਦੇ ਠਿਲ੍ਹਣ ਦੀ ਦੇਰ ਸੀ ਕਿ ਅਟਕ ਨੇ ਗਾਹਨ ਦੇ ਦਿੱਤਾ।

### ਵਾਰ

*ਵਾਗਾਂ ਘੋੜੇ ਦੀਆਂ ਛੇੜ ਮਹਾਰਾਜ ਨੇ,*
*ਦਸਵੇਂ ਪਾਤਸ਼ਾਹ ਦਾ ਨਾਮ ਸੀ ਧਿਆਇਆ।*
*ਅਟਕ ਗੋਡੇ-ਗੋਡੇ ਹੋ ਗਿਆ,*
*ਜਦੋਂ ਘੋੜੇ ਦਾ ਚਰਨ ਸੀ ਛੁਹਾਇਆ।*
*ਸਭ ਮਗਰ ਸਿੰਘਾਂ ਨੇ ਘੋੜੇ ਠੇਲ੍ਹ ਤੇ,*
*ਪਾਰ ਲੰਘ ਕੇ ਸ਼ੁਕਰ ਮਨਾਇਆ।*
*ਫੇਰ ਹੋਏ ਖਾਨਾਂ ਨਾਲ ਟਾਕਰੇ,*
*ਟੁੱਟਾ ਭੱਜਾ ਸਭ ਮਾਰ ਮੁਕਾਇਆ।*
*ਤਿੰਨ ਮੀਲ ਸੀ ਕਿਲ੍ਹਾ ਜਹਾਂਗੀਰ ਦਾ,*
*ਓਥੇ ਖਾਲਸੇ ਜੰਗ ਸੀ ਮਚਾਇਆ।*
*ਅੱਗੋਂ ਮੁਹੰਮਦ ਅਜ਼ੀਮ ਦੇ ਭਤੀਜੇ ਨੇ,*
*ਜ਼ੋਰ ਆਪਣਾ ਪੱਬਾਂ ਤੱਕ ਲਾਇਆ।*
*ਜ਼ਮਾਨ ਖਾਂ ਨੇ ਸਮੁੰਦ ਖਾਨ ਸੂਰਮੇ,*
*ਖਵਾਸ ਖਾਨ ਨੇ ਬਹੁ ਹੱਥ ਸੀ ਵਖਾਇਆ।*
*ਅੰਤ ਖੋਹ ਲਿਆ ਕਿਲ੍ਹਾਂ ਜਾਂ 'ਦਿਲਬਰਾ'*
*ਪੈਰ ਖਾਲਸੇ ਅਗਾਂਹ ਨੂੰ ਟਿਕਾਇਆ।*

ਮਹਾਰਾਜਾ ਸਾਹਿਬ ਘੋੜੇ ਦੀਆਂ ਵਾਗਾਂ ਖਿੱਚਦੇ ਹੋਏ ਅਟਕ ਤੋਂ ਪਾਰ ਹੋਏ। ਫੌਜਾਂ ਭੀ ਹੌਂਸਲੇ ਨਾਲ ਪਾਰ ਹੋ ਗਈਆਂ। ਇਤਿਹਾਸ ਗਵਾਹੀ ਦੇਂਦਾ ਹੈ ਕਿ ਏਨਾ ਚਿਰ ਅਟਕ ਦਾ ਪਾਣੀ ਮਾਮੂਲੀ ਇਨਸਾਨ ਦੇ ਗੋਡੇ-ਗੋਡੇ ਹੋ ਗਿਆ, ਜਦ ਮਹਾਰਾਜੇ ਨੇ ਪਾਰ ਆਉਣ ਤੋਂ ਰੋਕਿਆ ਤਾਂ ਜੋ ਮਗਰ ਉਤਰੇ ਲਗਪਗ ਪੰਜ ਸੌ ਦੇ ਕਰੀਬ ਆਦਮੀ ਰੁੜ੍ਹ ਗਏ। ਫਕੀਰ ਅਜੀਜ ਦੀਨ ਉਸ ਵੇਲੇ ਸਰਕਾਰ ਦੇ ਨਾਲ ਸੀ। ਉਸਨੇ ਆਪਣੀ ਨੋਟ ਬੁੱਕ ਵਿਚ ਇਸ ਵਾਰਤਾ ਨੂੰ ਅੱਖੀਂ ਡਿੱਠਾ ਲਿਖਿਆ ਹੈ ਕਿ ਸ਼ੇਰੇ-ਪੰਜਾਬ ਦੇ ਇਖ਼ਲਾਕ ਤੇ ਵਾਹਿਗੁਰੂ ਦੀ ਮਦਦ ਦੀ ਕਿੱਡੀ ਅਚੰਭਾ ਭਰੀ ਗੱਲ ਹੈ। ਜਿਸ ਅਟਕ ਵਿਚ ਕਿਸਤੀਆਂ 'ਤੇ ਚੜ੍ਹ ਕੇ ਲੰਘਣ ਵਾਲਿਆਂ ਦੇ ਦਿਲ ਡੋਲ ਜਾਂਦੇ ਹਨ। ਕਹਿੰਦੇ ਹਨ ਕਿ ਮਹਾਰਾਜੇ ਦੇ ਨਾਲ ਇਕ ਭੇਡ ਜਿਸ ਦੇ ਗਲ ਵਿਚ ਘਿਉ ਦੀ ਕੁਪੀ ਬੱਧੀ ਹੋਈ ਸੀ ਲੰਘੀ, ਜਿਸ ਦਾ ਸਰਕਾਰ ਨੇ ਪੰਜ ਰੁਪੈ ਰੋਜ਼ਾਨਾ ਲਾ ਦਿੱਤਾ। ਖੈਰ ਜਦ ਵੈਰੀਆਂ ਨੇ ਖਾਲਸੇ ਦੀ ਮਦਦ ਆਈ ਤੱਕੀ ਤਾਂ ਮੈਦਾਨੇ ਜੰਗ ਵਿਚੋਂ ਪੈਰ ਉਖੜ ਗਏ। ਅਮੀਰ ਦੋਸਤ ਮੁਹੰਮਦ ਖਾਂ ਤੇ ਉਸ ਨੇ ਸਾਥੀ ਕਿਲ੍ਹੇ ਉਦਾਲਿਓਂ ਘੇਰਾ ਉਠਾ ਕੇ ਨੌਸ਼ਹਿਰੇ ਮੈਦਾਨ ਵਿਚ ਜਾ ਵੜੇ। ਤੇ ਤੁਰਕੀ ਪਹਾੜੀ ਦੇ ਸਾਰੇ ਗਾਜ਼ੀਆਂ ਨੇ ਇਕੱਠੇ ਹੋ ਕੇ ਜੰਗ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਏਧਰ ਸ਼ੇਰੇ-ਪੰਜਾਬ ਨੇ ਭੀ ਕਿਲ੍ਹੇ ਖੈਰਾਬਾਦ ਤੇ

ਜਹਾਂਗੀਰ 'ਤੇ ਕਬਜ਼ਾ ਕਰ ਕੇ ਫੌਜਾਂ ਸਮੇਤ ਅਕੌੜੇ ਦਾ ਮੈਦਾਨ ਜਾ ਮੱਲਿਆ।

**ਸਾਕਾ**

*ਜਹਾਂਗੀਰ ਦੇ ਕਿਲ੍ਹੇ 'ਤੇ ਨਿਸ਼ਾਨ ਝੁਲਾ ਕੇ।*
*ਕਰੀ ਚੜ੍ਹਾਈ ਖਾਲਸੇ ਨੇ ਖੁਸ਼ੀ ਮਨਾ ਕੇ।*
*ਫੇਰ ਛੌਣੀਆਂ ਪਾ ਲਈਆਂ ਅਕੌੜੇ ਆ ਕੇ।*
*ਲੱਗੇ ਕਰਨ ਤਿਆਰੀ ਸਭ ਮਤੇ ਪਕਾ ਕੇ।*
*ਓਧਰ ਵੈਰੀ ਉਤਰੇ ਨੌਸ਼ਹਿਰੇ ਆ ਕੇ।*
*ਅਗਲਾ ਸਾਰਾ ਹਾਲ 'ਦਿਲਬਰਾ' ਖੋਲ੍ਹ ਬਨ੍ਹਾ ਕੇ।*

ਜਹਾਂਗੀਰ ਦਾ ਕਿਲ੍ਹਾ ਫਤਹਿ ਕਰਕੇ ਖਾਲਸੇ ਦੇ ਦਲ ਨੇ ਅਕੌੜੇ ਦੇ ਮੈਦਾਨ ਵਿਚ ਜਾ ਡੇਰੇ ਲਾਏ। ਇਸ ਜਗ੍ਹਾ ਤੋਂ ਅਫਗਾਨੀਆਂ ਦਾ ਜੰਗੀ ਅੱਡਾ ਪਹਾੜੀ ਤਰਕੀ (ਨੌਸ਼ਹਿਰਾ) 8 ਮੀਲ ਦੇ ਫਾਸਲੇ 'ਤੇ ਸੀ। ਜਿਸ ਜਗ੍ਹਾ 50000 ਦੇ ਕਰੀਬ ਕਾਬਲੀ ਜਵਾਨ ਜੰਗੀ ਤਿਆਰੀਆਂ ਕਰਕੇ ਡਟ ਗਏ ਸਨ। ਅਤੇ ਯਾ ਅਲੀ ਦੇ ਨਾਹਰਿਆਂ ਨਾਲ ਪਹਾੜੀਆਂ ਗੂੰਜ ਪਾ ਰਹੀਆਂ ਸਨ। ਖਾਲਸੇ ਦੀ ਅਣਖ ਜਿੱਤਣ ਲਈ ਹੱਥਾਂ ਨੂੰ ਮਹਿੰਦੀਆਂ ਲਾ ਸ਼ਹੀਦੀਆਂ ਦੇ ਗਾਨੇ ਬੰਨ੍ਹ ਗਲਾਂ ਵਿਚ ਅੱਟੇ ਪਾ ਬਹਿਸ਼ਤਾਂ ਦੇ ਆਸ਼ਕ ਜੱਲੀਆਂ ਪਾ ਰਹੇ ਸਨ, ਪਠਾਣ ਜਰਨੈਲ ਦੋਵੇਂ ਭਾਈ ਅਮੀਰ ਦੋਸਤ ਮੁਹੰਮਦ ਯਾਰ ਖਾਂ, ਖਵਾਸ ਖਾਂ, ਸਮੁੰਦ ਖਾਂ ਆਦਿਕ ਭੀ ਮੁਹੰਮਦ ਅਜ਼ੀਮ ਖਾਂ ਦੀਆਂ ਉਡੀਕਾਂ ਵਿਚ ਸਨ। ਓਦਰ ਅਜ਼ੀਮ ਖਾਂ ਚਾਲੀ ਤੋਪਾਂ 50000 ਜਵਾਨ ਲੈ ਕੇ ਦਰਿਆ ਲੁੰਡੇ ਕੰਢੇ ਆ ਪੁੱਜਾ, ਜੋ ਨੌਸ਼ਹਿਰਿਓਂ ਚਾਰ ਮੀਲ ਸੀ। ਦੂਸਰੇ ਦਾ ਅਕੌੜੇ ਦੇ ਮੈਦਾਨ ਵਿਚ ਸਤਿ ਸ੍ਰੀ ਅਕਾਲ ਦੇ ਜੈਕਾਰੇ ਦਿਲ ਹਿਲਾ ਰਹੇ ਸਨ। ਗੁਰੂ ਕੀਆਂ ਲਾਡਲੀਆਂ ਫੌਜਾਂ (ਨਿਹੰਗ ਸਿੰਘ) ਨਿਸ਼ਾਨ ਸਾਹਿਬ ਬਰਛੇ ਤੀਰ ਤਲਵਾਰਾਂ ਚੱਕਰ ਮਾਂਜ ਰਹੇ ਸਨ। ਕਈ ਦਸਤਾਰੇ ਸਜਾ ਰਹੇ ਸੀ। ਕਈ ਰਾਕਿਆਂ ਤੇ ਪਾਲਕੇ ਪਾ ਰਹੇ ਸਨ। ਕਈ ਛੌਣੀਆਂ ਸੋਧ ਰਹੇ ਸਨ। ਕਈ ਫੌਜੀ ਸੂਰਮੇ ਜੰਗੀ ਕਰਤਬਾਂ ਦੀਆਂ ਮਿਹਨਤਾਂ ਕਰ ਰਹੇ ਸਨ। ਹੁਣ ਕੋਈ ਧਿਰ ਵੀ ਘੱਟ ਨਹੀਂ ਸੀ। ਇਕ ਦਾ ਸਿੰਘ ਇਕ ਪਠਾਣ ਦੋਵੇਂ ਹੀ ਧਿਰਾਂ ਬਹਾਦਰ ਸਨ। ਅਤੇ ਦੋਵੇਂ ਹੀ ਧਿਰਾਂ ਬਿਲਕੁਲ ਤਿਆਰ ਬਰ ਤਿਆਰ ਹੋ ਕੇ ਜੰਗ ਲਈ ਡਟੀਆਂ ਪਈਆਂ ਸਨ।

ਜਦ ਰਾਤ ਪਈ। ਇਹ ਰਾਤ 1 ਚੇਤਰ 1880 ਬਿਕ੍ਰਮੀ ਮੁਤਾਬਿਕ 1822 ਈਸਵੀ ਦੀ ਸੀ। ਸ਼ੇਰੇ ਪੰਜਾਬ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲੂਆ, ਸ਼ਾਹਜ਼ਾਦਾ ਖੜਕ ਸਿੰਘ, ਸ: ਰਾਮ ਸਿੰਘ ਅਟਾਰੀ ਆਦਿ ਸਰਦਾਰਾਂ ਨੇ ਇੱਕਠੇ ਹੋ ਕੇ ਇਹ ਮਸ਼ਵਰਾ ਪਾਸ ਕੀਤਾ ਕਿ ਕੱਲ੍ਹ ਨੂੰ (ਸੰਗਰਾਂਦ ਵਾਲੇ ਦਿਨ) ਸੁਬ੍ਹਾ ਹੀ ਹੱਲਾ ਬੋਲ ਦਿੱਤਾ ਜਾਵੇ। ਸ਼ੇਰੇ-ਪੰਜਾਬ ਨੇ ਫੌਜਾਂ ਦੇ ਚਾਰ ਹਿੱਸੇ ਕੀਤੇ ਇਕ ਹਿੱਸਾ ਅਕਾਲੀ ਫੂਲਾ ਸਿੰਘ ਦੇ ਮਾਤਹਿੱਤ, ਇਕ ਹਿੱਸਾ ਸ: ਦੇਸਾ ਸਿੰਘ ਆਹੂਲਵਾਲੀਏ

ਦੀ ਕਮਾਨ ਹੇਠਾਂ ਤੀਜੀ ਜਥਾ ਸ: ਹਰੀ ਸਿੰਘ ਨਲੂਏ ਤੇ ਸ਼ਹਿਜ਼ਾਦੇ ਖੜਕ ਸਿੰਘ ਨੂੰ ਸੌਂਪਿਆ। ਇਹ ਜਥਾ ਸਭ ਤੋਂ ਵੱਡਾ ਸੀ। ਏਸ ਜਥੇ ਨੂੰ ਅਜ਼ੀਮ ਖਾਂ ਦੇ ਰਾਹ ਰੋਕਣ ਦਾ ਹੁਕਮ ਹੋਇਆ।

ਚੌਥਾ ਹਿੱਸਾ ਮਹਾਰਾਜੇ ਨੇ ਆਪਣੇ ਪਾਸ ਰੱਖਿਆ, ਜਿਸ ਜਗ੍ਹਾ ਲੋੜ ਪਵੇ ਓਸ ਜਗ੍ਹਾ ਮਦਦ ਪੁਚਾਣ ਵਾਸਤੇ ਪੂਰੀਆਂ ਜੰਗ ਦੀਆਂ ਤਿਆਰੀਆਂ ਹੋ ਗਈਆਂ। 1 ਚੇਤਰ 1880 ਬਿਕ੍ਰਮੀ ਅੰਮ੍ਰਿਤ ਵੇਲੇ ਹੀ ਆਸਾ ਜੀ ਦੀ ਵਾਰ ਦੇ ਦੀਵਾਨ ਤੋਂ ਬਾਅਦ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਸਭ ਸਿੰਘਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਧਰਮ ਯੁੱਧ ਵਾਸਤੇ ਇਉਂ ਅਰਦਾਸਾ ਸੋਧਿਆ।

### ਮਿਰਜ਼ਾ

*ਸਭ ਸਿੰਘ ਅਰਦਾਸਾ ਸੋਧਦੇ, ਰੱਖ ਗੁਰ ਚਰਨਾਂ ਵਿਚ ਧਿਆਨ।*
*ਆਇਆ ਚੜ੍ਹ ਕੇ ਅਜ਼ੀਮ ਖਾਂ ਕਾਬਲੋਂ, ਲੈ ਕੇ ਨਾਲ ਬੇਅੰਤ ਪਠਾਣ।*
*ਉਸ ਜਿੱਤਣ ਲਈ ਪੰਜਾਬ ਨੂੰ, ਲਿਆ ਜੰਗ ਦਾ ਬਹੁਤ ਸਮਾਨ।*
*ਉਹ ਭਰਿਆ ਬਹੁਤ ਹੰਕਾਰ ਦਾ, ਸਾਡੀ ਅਣਖ ਵੰਗਾਰੀ ਆਣ।*
*ਉਸ ਜੰਗੀ ਅੱਡਾ ਮੱਲ ਲਿਆ, ਜਿਥੇ ਹੋਣਾ ਅੱਜ ਘਮਸਾਨ।*
*ਉਸ ਲਾ ਲਏ ਡੱਟ ਕੇ ਮੋਰਚੇ, ਉਹਦੇ ਸ਼ੇਰਾਂ ਜਿਹੇ ਜਵਾਨ।*
*ਉਥੇ ਨਾਲ ਐਲੀ ਦੇ ਨਾਹਰਿਆਂ, ਅੱਜ ਗੰਜੇ ਪਿਆ ਅਸਮਾਨ।*
*ਅੱਜ ਤੈਨੂੰ ਧਿਆ ਕੇ ਖਾਲਸਾ, ਹੈ ਚੱਲਿਆ ਜੰਗ ਮਚਾਣ।*
*ਬਲ ਬਖਸ਼ੀਂ ਕਲਗੀ ਵਾਲਿਆਂ, ਦੇਈਏ ਲਾਹ ਦੁਸ਼ਮਨ ਦੇ ਘਾਨ।*
*ਸਭ ਤੈਨੂੰ ਸ਼ਰਮਾਂ ਸਤਿਗੁਰੂ, ਸਾਨੂੰ ਬਖਸ਼ੀਂ ਫਤਿਹ ਮੈਦਾਨ।*

ਖਾਲਸੇ ਨੇ ਅਰਦਾਸਾ ਸੋਧਿਆ ਤੇ ਜੰਗ ਦੀਆਂ ਤਿਆਰੀਆਂ ਕਰ ਲਈਆਂ। ਰਣਜੀਤ ਨਗਾਰੇ 'ਤੇ ਚੋਟਾਂ ਲੱਗੀਆਂ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਧਰਤੀ ਕੰਬ ਉਠੀ। ਸ਼ਹਿਜ਼ਾਦੇ ਖੜਕ ਸਿੰਘ ਤੇ ਸ: ਹਰੀ ਸਿੰਘ ਨਲੂਏ ਦੇ ਜਥੇ ਨੇ ਲੁੰਡੇ ਦਰਿਆ ਵੱਲੇ ਚੜ੍ਹਾਈ ਕੀਤੀ। ਬਾਕੀ ਦੀਆਂ ਫੌਜਾਂ ਨੂੰ ਨੌਸ਼ਹਿਰੇ ਵੱਲੇ ਧਾਵਾ ਕਰਨ ਦਾ ਹੁਕਮ ਦੇ ਦਿੱਤਾ ਗਿਆ ਜਾਂ ਸੂਹੇ ਆਣ ਕੇ ਇਉਂ ਖ਼ਬਰ ਦਿੱਤੀ।

### ਕੋਰੜਾ ਛੰਦ

*ਲੱਗਦਾ ਜੋ ਸੂਹਾ ਸ਼ੇਰੇ ਪੰਜਾਬ ਨੂੰ।*
*ਵੇਲੇ ਸਿਰ ਆਣ ਦੱਸਿਆ ਜਨਾਬ ਨੂੰ।*
*ਤਰਕੀ ਪਹਾੜੀ ਲਈ ਪਠਾਣਾਂ ਮੱਲ ਜੀ।*
*ਇਕੱਠਾ ਹੋਇਆ ਓਥੇ ਬੇਸ਼ੁਮਾਰ ਦਲ ਜੀ।*
*ਕਰਨਾ ਹੈ ਧਾਵਾ ਹੋ ਕੇ ਹੁਸ਼ਿਆਰ ਜੀ।*
*ਜੁੜ ਗੇ ਪਠਾਣ ਸੱਠ ਹਜ਼ਾਰ ਜੀ।*

*ਜੰਗੀ ਅੱਡਾ ਬਣੀ ਪਹਾੜੀ ਹੈ ਨੌਸ਼ਹਿਰੇ ਦੀ ।*
*ਪੰਜਾਹ ਕੁ ਹਜ਼ਾਰ ਵੈਰੀ ਓਥੇ ਠਹਿਰੇ ਜੀ ।*
*ਆਇਆ ਚੜ੍ਹ ਕਾਬਲੋਂ ਅਜ਼ੀਮ ਖਾਨ ਹੈ ।*
*ਦਸ ਹਜ਼ਾਰ ਨਾਲ ਓਸ ਦੇ ਜਵਾਨ ਹੈ ।*
*ਲੁੰਡੇ ਦਰਿਆ ਤੋਂ ਹੋ ਰਿਹਾ ਹੈ ਪਰ ਜੀ ।*
*ਜੁੜ ਗੇ ਪਠਾਣ ਸੱਠ ਕੁ ਹਜ਼ਾਰ ਜੀ ।*
*ਚਾਲੀ ਤੋਪਾਂ ਚੱਲ ਕਾਬਲ 'ਚੋਂ ਆਈਆਂ ਨੇ ।*
*ਦੁਸ਼ਮਣ ਦੀਆਂ ਫੌਜਾਂ ਜੋ ਬੇਅੰਤ ਛਾਈਆਂ ਨੇ ।*
*ਹਰ ਤੀਰ ਤੋੜੇ ਨੇਜ਼ੇ ਬੰਬ ਗੋਲੇ ਜੀ ।*
*ਪਾਵਨੇ ਜਿਹਨਾਂ ਨੇ ਜੰਗ 'ਚ ਵਰੋਲੇ ਜੀ ।*
*ਲੈ ਕੇ ਹਥਿਆਰ ਕਰਨ ਮਾਰੋ-ਮਾਰ ਜੀ ।*
*ਜੁੜ ਗੇ ਪਠਾਣ ਸੱਠ ਕੁ ਹਜ਼ਾਰ ਜੀ ।*
*ਦੋਸਤ ਮੁਹੰਮਦ ਜੁਬਾਰ ਖਾਨ ਜੀ ।*
*ਲੈ ਕੇ ਤੋਪਖਾਨਾ ਉਹ ਮਿਲੇ ਨੇ ਆਣ ਜੀ ।*
*ਖ਼ਬਰਾਂ ਤਮਾਮ ਸੂਹੇ ਸੁਨਾਲੀਆਂ ।*
*ਸੁਣ ਕੇ ਸਿੰਘਾਂ ਨੂੰ ਚੜ੍ਹ ਗਈਆਂ ਲਾਲੀਆਂ ।*
*ਮਹਾਰਾਜਾ ਕਰੇ 'ਦਿਲਬਰਾ' ਵਿਚਾਰ ਜੀ ।*
*ਜੁੜ ਗੇ ਪਠਾਣ ਸੱਠ ਕੁ ਹਜ਼ਾਰ ਜੀ ।*

ਸੂਹੇ ਨੇ ਖ਼ਬਰ ਦਿੱਤੀ ਕਿ ਨੌਸ਼ਹਿਰੇ (ਤਰਕੀ ਪਹਾੜੀ) ਤੇ ਪੰਜਾਹ ਕੁ ਹਜ਼ਾਰ ਵੈਰੀ ਇਕੱਠੇ ਹੋ ਗਏ ਹਨ । ਮੁਹੰਮਦ ਖਾਂ, ਜੁਬਾਰ ਖਾਂ ਸਣੇ ਤੋਪਖਾਨੇ ਪਹੁੰਚ ਗਏ ਹਨ । ਹਰ ਇਕ ਦਿਨ ਪਠਾਣ ਬੱਚਾ ਲੜਨ ਮਰਨ ਲਈ ਤਿਆਰ ਹੋ ਕੇ ਮੋਰਚੇ ਮੱਲੀ ਬੈਠਾ ਹੈ । ਓਧਰ ਮੁਹੰਮਦ ਅਜ਼ੀਮ ਖਾਂ ਦਸ ਹਜ਼ਾਰ ਫੌਜ ਚਾਲੀ ਤੋਪਾਂ ਲੈ ਕੇ ਲੁੰਢੇ ਦਰਿਆ ਤੋਂ ਪਾਰ ਹੋ ਰਿਹਾ ਹੈ ਜੋ ਮੈਦਾਨਿ ਜੰਗ ਤੋਂ ਚਾਰ ਮੀਲ ਹੈ । ਏਧਰੋਂ ਖ਼ਬਰ ਪਹੁੰਚੀ ਕਿ ਜਰਨੈਲ (ਵੰਤੂਰਾ) ਪਿਛਲੇ ਪਹਿਰ ਤੋਪ ਖਾਨਾ ਲੈ ਕੇ ਪੁੱਜੇਗਾ।

ਸ਼ੇਰੇ-ਪੰਜਾਬ ਨੇ ਸੋਚਿਆ ਕਿ ਵੈਰੀ ਤੋਪਖਾਨੇ ਨਾਲ ਸਾਡਾ ਤੋਪਖਾਨਾ ਜ਼ਰੂਰੀ ਹੈ । ਸਿੰਘਾਂ ਨੂੰ ਮੁਖਾਤਬ ਕਰਕੇ ਇਉਂ ਆਖਿਆ-

## ਬੈਂਤ

*ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗਾ,*
*ਜ਼ਰਾ ਦਿਲਾਂ ਵਿਚ ਕਰੋ ਵਿਚਾਰ ਸਿੰਘੋ ।*
*ਅਜੇ ਤੋਪਖਾਨਾ ਸਾਡਾ ਆਇਆ ਵੀ ਨਹੀਂ,*
*ਵੈਰੀ ਜੁੜੇ ਓਧਰ ਬੇਸ਼ੁਮਾਰ ਸਿੰਘੋ ।*

*ਜਦੋਂ ਵੈਣਤੂਰਾ ਲੈ ਕੇ ਫੌਜ ਆਇਆ,*
*ਹੱਲਾ ਕਰ ਦਿਆਂਗੇ ਇਕੋ ਵਾਰ ਸਿੰਘੋ।*
*ਕਰੀਏ ਵਿਚ ਮੈਦਾਨ ਦੇ ਟਾਕਰੇ ਨੂੰ,*
*ਫਤਹਿ ਬਖਸ਼ੇਗਾ ਸਾਨੂੰ ਕਰਤਾਰ ਸਿੰਘੋ।*
*ਸੁਣ ਕੇ ਸਿੰਘਾਂ ਦੇ ਨੇਤਰੀ ਖ਼ੂਨ ਆਇਆ,*
*ਫੂਲਾ ਸਿੰਘ ਬੋਲੇ ਜੋਸ਼ ਧਾਰ ਸਿੰਘੋ।*
*'ਦਿਲਬਰ' ਕੀਤੀ ਅਰਦਾਸ ਹੈ ਗੁਰਾਂ ਅੱਗੇ,*
*ਪਿਛਾਂਹ ਮੁੜੀਏ ਤਾਂ ਸਾਨੂੰ ਖਿਰਕਾਰ ਸਿੰਘੋ।*

ਸ਼ੇਰੇ-ਪੰਜਾਬ ਕਹਿਣ ਲੱਗਾ, ਬਹਾਦਰੋ ! ਸਾਡਾ ਤੋਪਖਾਨਾ ਲੈ ਕੇ ਜਨਰਲ ਵਣਤੂਰਾ ਆ ਰਿਹਾ ਹੈ। ਜਦ ਪਹੁੰਚੇਗਾ, ਫਿਰ ਹਮਲਾ ਕਰਾਂਗੇ। ਅਜੇ ਸਾਡਾ ਹੱਲਾ ਕਰਨਾ ਜਾਇਜ਼ ਨਹੀਂ। ਰਾਜਨੀਤੀ ਨਹੀਂ ਇਜਾਜ਼ਤ ਦੇਂਦੀ ਨੁਕਸਾਨ ਉਠਾਵਾਂਗੇ। ਇਹ ਹੁਕਮ ਸੁਣ ਕੇ ਸ਼ਃ ਦੇਸਾ ਸਿੰਘ ਜੀ ਮਜੀਠੀਏ ਦਾ ਜਥਾ ਤਾਂ ਅਟਕ ਗਿਆ ਜਦ ਇਹ ਗੱਲ ਅਕਾਲੀ ਫੂਲਾ ਸਿੰਘ ਦੇ ਕੰਨਾਂ ਵਿਚ ਪਈ ਤਾਂ ਜੋਸ਼ ਵਿਚ ਆਣ ਕੇ ਸੂਰਮਾ ਸ਼ੇਰ ਦੀ ਤਰ੍ਹਾਂ ਭਬਕ ਕੇ ਇਉਂ ਕਹਿਣ ਲੱਗਾ-

**ਸਾਕਾ**

*ਫੂਲਾ ਸਿੰਘ ਨਿਹੰਗ ਜੋਸ਼ ਵਿਚ ਆਖ ਸੁਣਾਵੇ*
*ਦੁਸ਼ਮਣ ਦਾ ਦਲ ਕੈਰ ਦਿਲਾਂ ਨੂੰ ਸਦਾ ਹੀ ਡਰਾਵੇ*
*ਭਾਵੇਂ ਥੋੜਾ ਤੋਪਖਾਨਾ ਆਵੇ ਨਾ ਆਵੇ*
*ਸਿੰਘ ਦਾ ਕੰਮ ਅਰਦਾਸ ਕਰ ਨਾ ਚਿੱਤ ਭੁਲਾਵੇ*
*ਸਾਨੂੰ ਤਾਂ ਕੋਈ ਖੌਫ਼ ਨਹੀਂ ਮਰਨਾ ਹੀ ਭਾਵੇਂ*
*ਅੰਗ ਸੰਗ ਕਲਗੀ ਵਾਲੜਾ ਆਪੇ ਬਲ ਪਾਵੇ*
*ਅਸਾਂ ਤਾਂ ਮਰਨਾ ਜੂਝ ਕੋਈ ਜਾਵੇ ਨਾ ਜਾਵੇ*
*ਸੂਰਾ ਕਰਕੇ ਪ੍ਰਣ 'ਦਿਲਬਰ' ਤੋੜ ਨਿਭਾਵੇ*

ਅਕਾਲੀ ਫੂਲਾ ਸਿੰਘ ਜੀ ਨੇ ਗਰਜ ਕੇ ਕਿਹਾ ਸਿੰਘੋ ! ਸ਼ੇਰੇ-ਪੰਜਾਬ ਨੂੰ ਆਪਣੇ ਤੋਪਖਾਨੇ ਦਾ ਆਸਰਾ ਹੈ ਪਰ ਸਾਨੂੰ ਗੁਰੂ ਦਸਮੇਸ਼ ਜੀ ਦਾ ਆਸਰਾ ਹੈ ਸੋਧਿਆ ਹੋਇਆ ਅਰਦਾਸਾ ਸਦਾ ਅਟੱਲ ਰਹੇਗਾ ਕਦੇ ਭੰਗ ਨਾ ਪੈਣ ਦਿਆਂਗੇ ਬੇਸ਼ੱਕ ਟੁਕੜੇ-ਟੁਕੜੇ ਹੋ ਜਾਈਏ। ਵਾਹਿਗੁਰੂ ਦੇ ਭਰੋਸੇ ਉਤੇ ਇਕੱਲਾ ਹੀ ਅਕਾਲੀ ਜਥਾ ਦੁਸ਼ਮਣ ਦਾ ਮੁਕਾਬਲਾ ਕਰੇਗਾ ਤੇ ਦੇਸ਼ ਕੌਮ ਤੋਂ ਕੁਰਬਾਨ ਹੋ ਜਾਵੇਗਾ।

**ਵਾਰ**

*ਖੰਡਾ ਕੱਢ ਕੇ ਮਿਆਨ ਵਿਚੋਂ ਸਭ ਨੂੰ, ਬਾਬਾ ਫੂਲਾ ਸਿੰਘ ਬਚਨ ਉਚਾਰੇ।*
*ਵਾਂਗ ਸੂਰਜ ਦੇ ਚਮਕਦੇ, ਅੱਖਾਂ ਭੱਖਦੀਆਂ ਵਾਂਗ ਅੰਗਿਆਰੇ।*
*ਸਿੰਘੋ ਜਿਸ ਦੇ ਡੌਲੇ ਹਨ ਫਰਕਦੇ, ਉਹ ਲਾ ਦਿਉ ਚੋਟ ਨਗਾਰੇ।*

*ਜਿਹਨਾਂ ਰੱਖਣੀ ਸ਼ਾਨ ਪੰਜਾਬ ਦੀ, ਉਹ ਵੇਖ ਲਵੋ ਜੰਗ ਦੇ ਨਜ਼ਾਰੇ।*
*ਬੋਲ ਬਖਸ਼ੇਗਾ ਕਲਗੀਆਂ ਵਾਲੜਾ, ਦੱਸੋ ਜ਼ਾਲਮਾਂ ਨੂੰ ਹੱਥ ਜੀ ਕਰਾਰੇ।*
*ਦੇਸ਼ ਕੌਮ ਦੀ ਸੀਸ ਭੇਟਾ ਕਰ ਦਿਓ, ਸੁੱਟੋ ਲਾਹਕੇ ਪਠਾਣਾਂ ਦੇ ਲੰਗਾਰੇ।*
*ਗਾਨੇ ਬੰਨ੍ਹ ਸ਼ਹੀਦੀਆਂ ਵਰ ਲਵੋ, ਬੋਲ ਸਤਿ ਸ੍ਰੀ ਅਕਾਲ ਦੇ ਜੈਕਾਰੇ।*
*ਵਾਂਗ ਘਟਾਂ ਦੇ ਚੜ੍ਹ ਪਉ 'ਦਿਲਬਰਾ', ਡੋਹਲੋ ਜੰਗ ਵਿਚ ਖ਼ੂਨ ਦੇ ਫੁਹਾਰੇ।*

ਅਕਾਲੀ ਜੀ ਦੇ ਬਚਨ ਸੁਣ ਕੇ ਆਜ਼ਾਦੀ ਦੇ ਆਸ਼ਕਾਂ, ਕੌਮੀ ਪ੍ਰਵਾਨਿਆਂ ਦੇ ਡੌਲੇ ਫਰਕ ਉਠੇ। ਨੇਤਰਾਂ ਵਿਚ ਖ਼ੂਨ ਗਿਆ। ਲੜਨ ਮਰਨ ਲਈ ਤਿਆਰ ਹੋ ਗਏ। ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਹੋਏ ਜੋਸ਼ ਵਿਚ ਆਣ ਕੇ ਬਾਬਾ ਜੀ ਨੂੰ ਕਹਿਣ ਲੱਗੇ, ਜਦ ਤੱਕ ਕਿ ਇਕ ਸਵਾਸ ਵੀ ਬਾਕੀ ਹੈ ਦੇਸ਼ ਕੌਮ ਲਈ ਮਰ ਮਿਟਣ ਦੀ ਦ੍ਰਿੜਤਾ ਨਾ ਦਿਲ ਵਿਚੋਂ ਜਾਇਗੀ। ਲਾ ਕੇ ਧੌਂਸਿਆਂ 'ਤੇ ਚੋਟ ਯੋਧਿਆਂ ਚੜ੍ਹਾਈ ਕਰ ਦਿੱਤੀ।

## ਡਿਉੜ ਛੰਦ

*ਸੁਣ ਕੇ ਸਿੰਘਾਂ ਦੇ ਖ਼ੂਨ ਜੋਸ਼ ਮਾਰਿਆ,*
*ਦਿਲ ਬੋਲੀ ਰੜਕ ਪਈ।*
*ਝੱਟ-ਪਟ ਹੋ ਗਏ ਜੰਗ ਨੂੰ ਤਿਆਰਿਆ,*
*ਸੀਨੇ ਅੱਗ ਭੜਕ ਪਈ।*
*ਕਹਿੰਦੇ ਜਥੇਦਾਰ ਨੂੰ ਬਚਨ ਸਾਰੇ ਜੀ,*
*ਪੁੱਤਰ ਜਵਾਨਾਂ ਦੇ।*
*ਜੰਗ ਵਿਚ ਅਸੀਂ ਲਾਹ ਦੀਏ ਲੰਗਾਰੇ ਜੀ,*
*ਯੋਧਿਆਂ ਪਠਾਣਾਂ ਦੇ।*
*ਫੱਬ ਰਹੇ ਮੁਛਹਿਰੇ ਕੁੰਢਲੇ ਜੋ ਬੀਰਾਂ ਦੇ,*
*ਚੜ੍ਹੇ ਰੋਅਰ ਨੇ ਘਨੇ।*
*ਮੋਢਿਆਂ 'ਚ ਪਾ ਲਏ ਨੇ ਭਥੇ ਤੀਰਾਂ ਦੇ,*
*ਜੋ ਕਮਾਣਾਂ ਦੇ ਸਣੇ।*
*ਫੜਨ ਹੱਥਾਂ ਵਿਚ ਨੇਜ਼ੇ ਤੇ ਦੋਧਾਰੇ ਜੀ,*
*ਮਾਲਕ ਮੈਦਾਨਾਂ ਦੇ।*
*ਜੰਗ ਵਿਚ ਅਸਾਂ ਲਾਹ ਦੀਏ ਲੰਗਾਰੇ ਜੀ,*
*ਮੁਗ਼ਲ ਪਠਾਣਾਂ ਦੇ।*
*ਚੜ੍ਹ ਪਏ ਜੋ ਸਿੰਘ ਵਾਂਗ ਹਨੇਰੀਆਂ,*
*ਪਹਿਨ ਕੇ ਹਥਿਆਰ ਜੀ।*
*ਜਥੇਦਾਰ ਦੇਵੇ ਫੌਜਾਂ ਨੂੰ ਦਲੇਰੀਆਂ,*
*ਕਰਦਾ ਮਾਰੋ-ਮਾਰ ਜੀ।*

*ਉੱਡ ਪਏ ਘੋੜੇ ਚੁਸਤ ਸ਼ਿੰਗਾਰ ਜੀ,*
*ਵਾਂਗਰ ਤੂਫਾਨਾਂ ਦੇ।*
*ਧੌਂਸੇ ਚੋਟ ਲਾ ਕੇ ਚੜ੍ਹੇ ਸਰਦਾਰ ਜੀ,*
*ਵੈਰੀਆਂ 'ਤੇ ਟੁੱਟ ਪਏ।*
*ਦੁਸ਼ਮਣ ਵੀ ਅੱਗੇ ਬੈਠੇ ਸੀ ਤਿਆਰ ਸੀ,*
*ਜਾਂਦਿਆਂ ਹੀ ਜੁੱਟ ਪਏ ।*
*ਕਾਵ ਦਇਆ ਸਿੰਘ 'ਦਿਲਬਰ' ਉਚਾਰੇ ਜੀ,*
*ਵਿਚ ਪਿਆ ਦੀਵਾਨਾਂ ਦੇ ।*
*ਜੰਗ ਵਿਚ ਅਸੀਂ ਲਾਹ ਦੀਏ ਲੰਗਾਰੇ ਜੀ,*
*ਮੁਗ਼ਲ ਪਠਾਣਾਂ ਦੇ ।*

ਸਭ ਤੋਂ ਮੂਹਰੇ ਅਕਾਲੀ ਫੂਲਾ ਸਿੰਘ ਘੋੜੇ 'ਤੇ ਅਸਵਾਰ ਹੋ ਸੰਜੋਅ ਵਿਚ ਮੜ੍ਹਿਆ ਸੂਰਮਾ, ਮਸਾਲਾਂ ਵ੍ਾਂਗ ਜਾਗਦੇ ਨੇਤਰ ਮੱਥੇ ਤਿਊੜੀਆਂ ਕਰੋਧ ਭਰਿਆ ਚਿਹਰਾ, ਫਰਕਦੇ ਡੌਲੇ, ਗਲ ਵਿਚ ਖੜਗ, ਬਾਸ਼ਕ ਨਾਗ ਦੀ ਪੁੱਤਰੀ ਮੋਢੇ ਰੱਖੀ, ਪਹਿਨ ਕੇ ਪੰਜੇ ਹਥਿਆਰ ਫਤਿਹ ਗਜਾ ਕੇ ਬਹਾਦਰ ਸ਼ਹੀਦੀਆਂ ਪਾਉਣ ਲਈ ਤਿਆਰ ਹੋ ਗਿਆ। ਬੱਸ ਫੇਰ ਕੀ ਸੀ ਖਾਲਸੇ ਤੋਂ ਜੋਸ਼ ਡੱਕਿਆ ਨਾ ਗਿਆ। 1500 ਦਾ ਜਥਾ ਅਕਾਲੀ ਜੀ ਦੇ ਮਗਰ ਹੋ ਤੁਰਿਆ। 8 ਮੀਲ ਵਾਟ ਮਿੰਟਾਂ ਵਿਚ ਮੁਕਾ ਲਈ।

ਪਹਾੜੀ ਉਤੇ ਮੋਰਚੇ ਮੱਲੀ ਬੈਠੇ ਪਠਾਣਾਂ ਨੇ ਖਾਲਸਾ ਦਲ ਅੱਗੇ ਵਧਦਾ ਵੇਖਿਆ, ਅੱਲਾ ਹੂ ਅਕਬਰ ਦੇ ਨਾਹਰੇ ਲਾਉਂਦਿਆਂ ਹੋਇਆਂ ਨੇ ਅੰਧਾ-ਧੁੰਦ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਜਾਂਦਿਆਂ ਹੀ ਇਕਦਮ ਲੜਾਈ ਸ਼ੁਰੂ ਹੋ ਗਈ ਖਾਲਸਾ ਫੌਜਾਂ ਮਸਾਂ 1500 ਸੀ ਤੇ ਦੁਸ਼ਮਣ 55000 ਤੋਂ ਵੀ ਵੱਧ ਫਿਰ ਬਹੁਤੇ ਪਹਾੜੀ 'ਤੇ ਅਤੇ ਬੜੇ ਹੀ ਨੀਵੀਂ ਜਗ੍ਹਾ, ਅਨੋਖਾ ਟਾਕਰਾ ਸੀ। ਬਾਬੇ ਫੂਲਾ ਸਿੰਘ ਜੀ ਨੇ ਜੋਸ਼ ਵਿਚ ਆ ਕੇ ਇਕਦਮ ਹੱਲਾ ਕਰਵਾ ਦਿੱਤਾ।

## ਤਰਜ਼-ਬੋਲੀਆ

*ਮੌਤ ਲਾੜੀ ਵਰਨ ਵਾਸਤੇ ਤਿਆਰ ਸੀ ਕੱਲਾ-ਕੱਲਾ।*
*ਪੈ ਗਏ ਜਾਂਦਿਆ ਸਿੰਘ ਟੁੱਟ ਕੇ ਰਣ ਵਿਚ ਪਾ ਥਰਥੱਲਾ।*
*ਤੁਰਕਾਂ ਨੇ ਹੋਸ਼ ਸੰਭਾਲੀ ਕਰਦੇ ਅੱਲਾ-ਅੱਲਾ।*
*ਗੜ-ਗੜ ਗੋਲੇ ਚੱਲ ਪਏ ਜਦੋਂ ਬੋਲਿਆ ਸਿੰਘਾਂ ਨੇ ਹੱਲਾ।*
*ਕੜ-ਕੜ ਪਈਆਂ ਤੋਪਾਂ ਚੱਲਣ ਪੜ-ਪੜ ਪੈਣ ਪਟਾਕੇ।*
*ਬੰਬ ਬੰਦੂਕਾਂ ਚੱਲਣ ਪੜ-ਪੜ ਪੈਣ ਪਟਾਕੇ।*
*ਕਰੜ-ਕਰੜ ਪਏ ਤੀਰ ਚਲੌਂਦੇ ਹੂਰੇ ਜ਼ੋਰ ਲਗਾਕੇ।*

*ਵੈਰੀਆਂ ਦੇ ਦਿਲ ਟੁੱਟ ਗਏ ਜਦੋਂ ਪੈ ਗਏ ਸੂਰਮੇ ਆ ਕੇ।*
*ਤੁਰਕ ਵੀ ਸਾਰਾ ਜ਼ੋਰ ਲਗਾਉਂਦੇ ਦੇ ਲਾ ਅੱਲੀ ਦੇ ਨਾਹਰੇ।*
*ਲੋਹੇ ਦੇ ਵਿਚ ਮੜ੍ਹੇ ਸੂਰਮੇ ਦਸਦੇ ਹੱਥ ਕਰਾਰੇ।*
*ਸਿੰਘਾਂ ਦੀ ਤਲਵਾਰ ਅੱਗੇ ਢਹਿੰਦੇ ਵਾਂਗ ਮੁਨਾਰੇ।*
*ਥਾਂ-ਥਾਂ ਲਾਸ਼ਾਂ ਪਈਆਂ ਖ਼ੂਨ ਚਲਦਾ ਵਾਂਗ ਫ਼ੁਹਾਰੇ।*
*ਨਾਗਾਂ ਵਾਂਗੂ ਡੌਲੇ ਫਰਕਣ ਅੱਖਾਂ ਦੇ ਵਿਚ ਲਾਲੀ।*
*ਆਮੋ ਸਾਹਵੇਂ ਦੋਵੇਂ ਜੁੱਟ ਪਏ ਰਾਮ ਚੰਦਰ ਤੇ ਬਾਲੀ।*
*ਕਈ ਲਾੜੀਆਂ ਹੋਈਆਂ ਰੰਡੀਆਂ 'ਦਿਲਬਰ' ਪਾਗੇ ਚਾਲੀ।*
*ਰਣ ਵਿਚ ਸਿੰਘਾਂ ਨੇ ਬਹੁਤ ਘਾਲਣਾ ਘਾਲੀ।*

ਲੜਾਈ ਗਰਮ ਹੋ ਗਈ ਸੀ। ਅਕਾਲੀ ਜੀ ਨੇ ਸਿੰਘਾਂ ਨੂੰ ਵੰਗਾਰਿਆ ਕਿ ਦੂਰੋਂ ਕੋਈ ਜੰਗ ਦਾ ਲਾਭ ਨਹੀਂ। ਬੱਸ ਫੇਰ ਕੀ ਸੀ ਖਾਲਸੇ ਨੇ ਪੱਬਾਂ ਤੱਕ ਸਾਰਾ ਜ਼ੋਰ ਲਾ ਦਿੱਤਾ ਅਕਾਲੀ ਜ਼ੋਰ ਲਾ ਕੇ ਪਹਾੜੀ ਉਤੇ ਚੜ੍ਹ ਰਹੇ ਸਨ ਤੇ ਗਾਜ਼ੀ ਉਤੋਂ ਗੋਲੀਆਂ ਮਾਰ ਕੇ ਥੱਲੇ ਨੂੰ ਡੇਗ ਰਹੇ ਸਨ। ਪਰ ਬਲਿਹਾਰੇ ਕਲਗੀਧਰ ਦੇ ਸਪੁੱਤਰਾਂ ਦੇ ਸੀ ਵੀ ਥੋੜ੍ਹੇ ਤੇ ਫਿਰ ਨੀਵੀਂ ਜਗ੍ਹਾ ਕਿਸੇ ਨੇ ਹੌਂਸਲਾ ਨਹੀਂ ਹਾਰਿਆ। ਪਲੋ-ਪਲੀ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਜੋ ਵੀ ਗਾਜ਼ੀ ਮੋਰਚੇ ਤੋਂ ਥੋੜ੍ਹਾ ਜਿਹਾ ਸਿਰ ਉੱਚਾ ਚੁੱਕਦਾ ਖਾਲਸੇ ਦੀ ਗੋਲੀ ਦਾ ਨਿਸ਼ਾਨਾ ਬਣ ਜਾਂਦਾ। ਸਿੰਘਾਂ ਦਾ ਨੁਕਸਾਨ ਨੀਵੀਂ ਜਗ੍ਹਾ ਹੋਣ ਕਰਕੇ ਬੁਹਤ ਹੋ ਰਿਹਾ ਸੀ। ਪਰ ਫਿਰ ਵੀ ਬਹਾਦਰ ਸ਼ਹੀਦੀਆਂ ਵਰਨ ਲਈ ਬੜੇ ਹੌਂਸਲੇ ਨਾਲ ਪਹਾੜੀ ਉਤੇ ਚੜ੍ਹੇ ਜਾ ਰਹੇ ਸਨ। ਸ਼ੇਰੇ-ਪੰਜਾਬ ਬੜੇ ਗੌਰ ਨਾਲ ਰਣ ਭੂਮੀ ਨੂੰ ਤੱਕ ਰਿਹਾ ਸੀ। ਉਸ ਤੋਂ ਜੋਸ਼ ਠੱਲ੍ਹਿਆ ਨਾ ਗਿਆ। ਤੋਪਖਾਨੇ ਦੀਆਂ ਵਿਚਾਰਾਂ ਨੂੰ ਦਿਲ ਵਿਚੋਂ ਕੱਢ ਕੇ ਸਭ ਸਿੱਖ ਫੌਜਾਂ ਨੂੰ ਇਕਦਮ ਹੱਲਾ ਕਰਨ ਦਾ ਹੁਕਮ ਦਿੱਤਾ। ਹੁਕਮ ਦੀ ਦੇਰ ਸੀ ਕਿ ਸ: ਫਤਿਹ ਸਿੰਘ ਆਹਲੂਵਾਲੀਆ, ਸ: ਦੇਸਾ ਸਿੰਘ ਮਜੀਠੀਆ ਆਦਿਕ ਸਰਦਾਰਾਂ ਨੇ ਜ਼ਬਰਦਸਤ ਧਾਵਾ ਬੋਲ ਦਿੱਤਾ। ਪਿੱਛੇ ਮੱਦਦ ਪਹੁੰਚੀ ਵੇਖ ਕੇ ਅਕਾਲੀਆਂ ਦੇ ਹੌਂਸਲੇ ਹੋਰ ਵੀ ਵਧ ਗਏ ਤੇ ਟੁੱਟ ਕੇ ਪਠਾਣਾਂ 'ਤੇ ਪੈ ਗਏ ਜਿਵੇਂ ਭੁੱਖਾ ਸ਼ੇਰ ਸ਼ਿਕਾਰ 'ਤੇ ਪੈਂਦਾ ਏ। ਐਨ ਇਸ ਵੇਲੇ ਸਿੰਘ ਗਾਜ਼ੀਆਂ ਦੇ ਮੋਰਚਿਆਂ ਦੇ ਨੇੜੇ ਪਹੁੰਚ ਚੁੱਕੇ ਸਨ ਕਿ ਬਾਬਾ ਜੀ ਨੇ ਲਲਕਾਰ ਕੇ ਜ਼ੋਰ ਦਾ ਹੱਲਾ ਬੋਲ ਦਿੱਤਾ।

## ਤਰਜ਼-ਡੋਲੀ (ਤੂੰਬਾ)

*ਦੋਹੀਂ ਪਾਸੀਂ ਮੱਲ ਮੋਰਚੇ,*
*ਯੋਧੇ ਜੁੱਟ ਪਏ ਧੂਹ ਤਲਵਾਰਾਂ।*
*ਸੂਰੇ ਆਣ ਕੇ ਮੈਦਾਨ ਵਿਚ ਜੁੱਟ ਪਏ।*
*ਉਤੇ ਵੈਰੀਆਂ ਦੇ ਇਕੋ ਵੇਰਾਂ ਟੁੱਟ ਪਏ।*
*ਖ਼ੂਨ ਨੇਤਰਾਂ 'ਚੋਂ ਜੋਸ਼ ਨਾਲ ਫੁੱਟ ਪਏ।*

ਲੇ ਇਸ਼ਟ ਦੀਆਂ ਓਟਾਂ ।
ਲਾਈਆਂ ਧੌਂਸਿਆਂ 'ਤੇ ਚੋਟਾਂ ।
ਦੇ ਕੇ ਜੰਗ ਦੀਆਂ ਰਪੋਟਾਂ ।
ਭਿੜੇ ਸੂਰਮੇ ਖਾਇਕੇ ਖਾਰਾਂ ਦੋਹੀਂ ਪਾਸੀਂ ।
ਅਲੀ ਐਲੀ ਦੇ ਪਠਾਣ ਲਾਉਣ ਨਾਹਰੇ ।
ਸਿੰਘ ਛੱਡਦੇ ਅਕਾਲ ਦੇ ਜੈਕਾਰੇ ।
ਆਪੋ ਆਪਣੇ ਵਖਾਉਣ ਹੱਥ ਸਾਰੇ ।
ਕਰਨ ਹੱਲਿਆਂ ਤੇ ਹੱਲੇ ।
ਫੱਰਰ ਫੱਰਰ ਤੀਰ ਚੱਲੇ ।
ਸਿੰਘ ਪਾਈ ਆਉਂਦੇ ਠੱਲੇ ।
ਜਿਥੇ ਟੁੱਟ ਕੇ ਪੈਣ ਲੈ ਕਟਾਰਾਂ । ਦੋਹੀਂ ਪਾਸੀਂ.....
ਤੋਪਾਂ ਚੱਲਣ ਤੇ ਹੋਂਵਦਾ ਖੜਾਕਾ ।
ਹੱਟ ਹੱਟ ਕੇ ਪਵੇ ਛੱਰਰਾਟਾ ।
ਕਈ ਵੱਢਦੇ ਤੇਗ ਨਾਲ ਗਾਟਾ ।
ਚੱਲਣ ਤੇਰੇ ਕਰੜ-ਕਰੜ ।
ਅਤੇ ਗੋਲੇ ਗਰੜ-ਗਰੜ ।
ਵੈਰੀ ਜਾਂਦੇ ਦਰੜ-ਦਰੜ ।
ਆਉਣ ਗੋਲੀਆਂ ਬੰਨ੍ਹਕੇ ਡਾਰਾਂ । ਦੋਹੀਂ ਪਾਸੀਂ......
ਕਈ ਝਟਕ-ਝਟਕ ਝੱਟ ਸਟਕੇ ।
ਝੱਟ ਪੱਟ ਫੱਟ ਕੱਟ ਕੱਟ ਕੱਟਦੇ ।
ਕਈ ਸਾਹਮਣੇ ਮੈਦਾਨ ਵਿਚ ਡੱਟਦੇ ।
ਬੋਲਣ ਦਲ ਖੰਡੰ ਬਿਹੰਡੰ ।
ਖਲਦਲ ਖੰਡੰ ਅਤ ਰਣ ਮੰਡੰ ।
ਬਰ ਭੰਡੰ ਭੁਜ ਦੰਡ ਅਖੰਡੰ ।
ਕਰਨ ਚੰਡੀ ਨੂੰ ਨਿਉਂ ਨਮਸਕਾਰਾਂ । ਦੋਹੀਂ ਪਾਸੀਂ.....
ਖੰਡੇ ਢਾਲਾਂ ਉਤੇ ਵੱਜ ਵੱਜ ਦੁਨਕੇ ।
ਪੀਤੀ ਰੱਤ ਕਲ ਜੋਗਨਾ ਪੁਨਕੇ ।
ਬੀਰ ਮਾਰ ਦੇ ਬੀਰਾਂ ਨੂੰ ਚੁਣ ਕੇ ।
ਆਉਣ ਤੀਰਾਂ ਦੀਆਂ ਕਤਾਰਾਂ ।
ਕੀ ਡਿੱਗਦੇ ਹਜ਼ਾਰਾਂ ।
ਵਗਣ ਖੂਨ ਦੀਆਂ ਧਾਰਾਂ ।
ਕਈ ਰੰਡੀਆਂ ਹੋ ਗਈਆਂ ਨਾਰਾਂ । ਦੋਹੀਂ ਪਾਸੀਂ....

*ਪਿਔਂਦੇ ਜਾਮ ਸ਼ਹੀਦੀ ਦਾ ਸਾਕੀ ।*
*ਕਈ ਪੀਣ ਤੇ ਕਈ ਹੋਏ ਆਕੀ ।*
*ਕੋਈ ਛੱਡੀ ਨਾ ਕਿਸੇ ਨੇ ਬਾਕੀ ।*
*ਕਈ ਪੈਂਦੇ ਨੇ ਫੁੰਕਾਰ ।*
*ਇਕ ਦੂਜੇ ਨੂੰ ਵੰਗਾਰ ।*
*ਵਾਰ-ਵਾਰ ਕਰਨ ਵਾਰ ।*
*ਲਾਉਂਦਾ ਦਇਆ ਸਿੰਘ 'ਦਿਲਬਰ' ਵਾਰਾਂ ।*
*ਦੋਹੀਂ ਪਾਸੀਂ....*

ਲੜਦੇ-ਲੜਦੇ ਸਿੰਘ ਪਹਾੜੀ ਦੀ ਸਿੱਖਰ ਚੋਟੀ 'ਤੇ ਪਹੁੰਚ ਗਏ । ਅਕਾਲੀ ਫੂਲਾ ਸਿੰਘ ਲਲਕਾਰ-ਲਲਕਾਰ ਕੇ ਘੋਰ ਯੁੱਧ ਕਰਵਾ ਰਿਹਾ ਸੀ ਕਿਸੇ ਪਠਾਣ ਬੱਚੇ ਨੇ ਯਕਾ ਯਕ ਦੋ ਫੈਰ ਕੀਤੇ । ਦੋ ਗੋਲੀਆਂ ਲੱਗਣ ਨਾਲ ਅਕਾਲੀ ਜੀ ਦਾ ਮੋਢਾ ਪਰੋਇਆ ਗਿਆ। ਅਤੇ ਦੋ ਗੋਲੀਆਂ ਹੋਰ ਲੱਗੀਆਂ ਤੇ ਗੋਡਾ ਟੁੱਟ ਗਿਆ। ਲੱਤ ਚੀਰ ਕੇ ਗੋਲੀਆਂ ਘੋੜੇ ਦੇ ਪੇਟ ਵਿਚ ਧਸੀਆਂ । ਘੋੜਾ ਸ਼ਹੀਦੀ ਪਾ ਗਿਆ। ਬਾਬਾ ਜੀ ਗੋਡਾ ਘੁੱਟ ਕੇ ਬੰਨ੍ਹ ਕੇ ਹਾਥੀ ਉਤੇ ਅਸਵਾਰ ਹੋ ਗਏ ਤੇ ਫਿਰ ਹੱਲਾ ਬੋਲ ਦਿੱਤਾ ।

ਗਾਜ਼ੀ ਬਾਬਾ ਜੀ ਦਾ ਨਿਸ਼ਾਨਾ ਤੱਕ ਕੇ ਹੀ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਸਨ । ਜਾਂ ਬਾਬਾ ਜੀ ਦੀ ਛਾਤੀ ਵਿਚ ਚਾਰ ਗੋਲੀਆਂ ਆਣ ਲੱਗੀਆਂ । ਉਹ ਹਾਥੀ ਦੇ ਹੌਦੇ 'ਚੋਂ ਉਲਰ ਪਿਆ ਤੇ ਸੂਰਮਾ ਫਤਿਹ ਬੁਲਾਕੇ ਸ਼ਹੀਦੀਆਂ ਪਾ ਗਿਆ।

ਏਨੇ ਚਿਰ ਨੂੰ ਸ: ਦੇਸਾ ਸਿੰਘ ਮਜੀਠੀਏ ਦਾ ਜਥਾ ਵੀ ਪਹਾੜੀ 'ਤੇ ਪਹੁੰਚ ਗਿਆ । ਜੰਗ ਗਰਮ ਕਰ ਦਿੱਤਾ ।

## ਨਵੀਮ ਤਰਜ਼-

*ਬੀਰ ਜੰਗ ਵਿਚ ਲੜਦੇ,*
*ਤਲਵਾਰਾਂ ਚੱਲਣ ਫਰਨ-ਫਰਨ ।*
*ਸਿੰਘ ਜੈਕਾਰੇ ਛੱਡਦੇ ਉਚੀ,*
*ਮੁਸਲਮਾਨ ਕਲਮਾਂ ਪੜ੍ਹ ਦੇ ਤਲਵਾਰਾਂ.....*
*ਹੱਲੇ ਤੇ ਸਭ ਹੱਲਾ ਬੋਲਣ,*
*ਢਾਹ ਦੁਸ਼ਮਣ ਦੇ ਚੜ੍ਹਦੇ ਤਲਵਾਰਾਂ.....*
*ਕਾੜ-ਕਾੜ ਪਈਆਂ ਚੱਲਣ ਬੰਦੂਕਾਂ,*
*ਕਈ ਸਾੜਨ ਕਈ ਸੜਦੇ, ਤਲਵਾਰਾਂ....*
*ਖੇਡਣ ਸੂਰੇ ਖੂਨ ਦੀ ਹੋਲੀ,*
*ਛੰਦ 'ਦਿਲਬਰਾ' ਘੜਦੇ, ਤਲਵਾਰਾਂ.....*

*ਬੀਰ ਜੰਗ ਵਿਚ ਲੜਦੇ,*
*ਤਲਵਾਰਾਂ ਚੱਲਣ ਫਰਨ-ਫਰਨ ।*

ਸਿੰਘਾਂ ਨੇ ਐਸੀ ਵਾਢ ਧਰੀ ਕਿ ਗਾਜ਼ੀਆਂ ਦੇ ਹੌਂਸਲੇ ਟੁੱਟ ਗਏ ਤੇ ਉਹ ਮੈਦਾਨ ਖਾਲੀ ਛੱਡ ਕੇ ਨੱਸ ਤੁਰੇ। ਖਾਲਸੇ ਨੇ ਵਕਤ ਵਿਚਾਰ ਕੇ ਹੱਲਾ ਦਿੱਤਾ। ਅੱਗੇ-ਅੱਗੇ ਪਠਾਣ ਤੇ ਪਿੱਛੇ-ਪਿੱਛੇ ਸਿੰਘ ਤਿੰਨ ਚਾਰ ਮੀਲ ਤਕ ਵਾਢ ਧਰੀ ਗਏ ਦੁਸ਼ਮਣ ਦੇ ਸਾਰੇ ਸਮਾਨ ਉਤੇ ਕਬਜ਼ਾ ਕਰ ਲਿਆ। ਅਫਗਾਨ ਪਲੋ-ਪਲੀ ਵਿਚ ਮੈਦਾਨ ਖਾਲੀ ਕਰ ਗਏ ਤੇ ਖਾਲਸੇ ਨੇ ਫਤਿਹ ਦਾ ਨਿਸ਼ਾਨ ਤਰਕੀ ਪਹਾੜੀ 'ਤੇ ਝੁਲਾ ਦਿੱਤਾ।

## ਸਾਕਾ

*ਨੱਸ ਗਏ ਅਫਗਾਨ ਜਾਂ ਪਿੜ ਕਰਕੇ ਖਾਲੀ।*
*ਸਿੰਘਾਂ ਕੀਤੀ ਵਾਢ ਬਹੁਤ ਤਲਵਾਰ ਚਲਾਲੀ।*
*ਢੇਰ ਲੋਥਾਂ ਦੇ ਲੱਗ ਗਏ ਜਿਉਂ ਚੀਰ ਪੰਜਾਲੀ।*
*ਆ ਕੇ ਝੰਡਾ ਗੱਡ ਤਾ ਮੈਦਾਨ ਅਕਾਲੀ।*
*ਸਿੰਘਾਂ ਹੋਈ ਫਤਿਹ ਦੀ ਰੱਜ ਖੁਸ਼ੀ ਮਨਾਲੀ।*
*'ਦਿਲਬਰ' ਸਫਲ ਹੋ ਗਈ ਸਭ ਘਾਲਨਾ ਘਾਲੀ।*

ਦੂਸਰੇ ਦਾ ਸ਼ਹਿਜ਼ਾਦਾ ਖੜਕ ਸਿੰਘ ਤੇ ਸ: ਹਰੀ ਸਿੰਘ ਨਲੂਆ ਫੌਜਾਂ ਸਮੇਤ ਦਰਿਆ ਲੁੰਢੇ ਕੰਢੇ ਮੁਹੰਮਦ ਅਜ਼ੀਮ ਖਾਂ ਨਾਲ ਖੂਨ ਦੀ ਹੋਲੀ ਖੇਡ ਰਹੇ ਸਨ। ਜਨਰਲ (ਵਤੂਰਾ) ਤੋਪਖਾਨਾ ਲੈ ਕੇ ਪਹੁੰਚ ਚੁੱਕਾ ਸੀ ਘੋਰ ਲੜਾਈ ਹੋ ਰਹੀ ਸੀ। ਜਾ ਅਜ਼ੀਮ ਖਾਂ ਨੂੰ ਨੌਸ਼ਹਿਰੇ ਦੀ ਖ਼ਬਰ ਪਹੁੰਚ ਗਈ। ਇਹ ਖ਼ਬਰ ਸੁਣਕੇ ਉਹਦੇ ਸਭ ਹੌਂਸਲੇ ਟੁੱਟ ਗਏ ਨੱਸ ਕੇ ਮਿਚਨੀ ਦੇ ਕਿਲ੍ਹੇ ਵਿਚ ਜਾ ਵੜਿਆ। ਉਹਦੇ ਗਾਜ਼ੀ ਪਿੱਠਾਂ ਵਿਖਾ ਕੇ ਭੱਜ ਗਏ। ਖਾਲਸਾ ਨੇ ਫਤਿਹ ਦੇ ਵਾਜੇ ਵਜਾਏ। ਸਿੰਘਾਂ ਨੇ ਪਠਾਣਾਂ ਦੇ ਸਭ ਸਮਾਨ 'ਤੇ ਕਬਜ਼ਾ ਕਰ ਲਿਆ। ਜੀਹਦੇ ਵਿਚੋਂ 14 ਤੋਪਾਂ ਵੱਡੀਆਂ ਤੇ 18 ਛੋਟੀਆਂ ਖਾਲਸੇ ਦੇ ਹੱਥੀਂ ਆਈਆਂ ਇਸ ਰਣਭੂਮੀ ਵਿਚ ਤਿੰਨ ਕੁ ਹਜ਼ਾਰ ਪਠਾਣ ਤੇ ਸਾਢੇ ਕੁ ਬਾਰਾਂ ਸੌ ਖਾਲਸਾ ਸ਼ਹੀਦ ਹੋਇਆ।

2 ਚੇਤਰ 1880 ਬਿਕ੍ਰਮੀ ਮੁਤਾਬਕ 15 ਮਾਰਚ 1823 ਈਸਵੀ ਨੂੰ ਅਕਾਲੀ ਫੂਲਾ ਸਿੰਘ ਜੀ ਦੀ ਦੇਹੀ ਦਾ ਸਸਕਾਰ ਦਰਿਆ ਲੁੰਢੇ ਦੇ ਪਰਲੇ ਕਿਨਾਰੇ ਕੀਤਾ ਗਿਆ। ਉਹਨਾਂ ਦੀ ਯਾਦ ਵਿਚ ਸ਼ੇਰੇ-ਪੰਜਾਬ ਨੇ ਸਮਾਧ ਬਣਾਉਣ ਦਾ ਹੁਕਮ ਦਿੱਤਾ।

ਇਸ ਸਮਾਧ ਦੇ ਨਾਮ 30000 ਤੀਹ ਹਜ਼ਾਰ ਕੁ ਕਨਾਲ ਜ਼ਮੀਨ ਮਹਾਰਾਜੇ ਨੇ ਲਗਾਈ ਸੀ। ਜਿਸ ਵਿਚੋਂ 6000 ਨਿਕਲ ਗਈ ਤੇ 24000 ਕਨਾਲ ਕਾਇਮ ਸੀ। ਏਥੋਂ ਦਰਿਆ ਅਟਕ 16 ਮੀਲ ਤੇ ਨੌਸ਼ਹਿਰਾ ਛਾਉਣੀ 1 ਮੀਲ ਹੈ। ਏਥੋਂ ਪਿਸ਼ਾਵਰ 29 ਮੀਲ ਤੇ ਜਮਰੌਦ ਸ਼ਹੀਦੀ ਅਸਥਾਨ ਸ: ਹਰੀ ਸਿੰਘ ਨਲੂਆ 80

ਮੀਲ ਹੈ। ਇਸ ਸਮਾਧ ਦੇ ਵਿਚ ਕਈਆਂ ਸ਼ਹੀਦ ਸਿੰਘਾਂ ਦੇ ਨਜ਼ਾਰੇ ਲੋਕਾਂ ਨੇ ਤੱਕੇ ਸੀ। ਹੁਣ ਉਹ ਜਗ੍ਹਾ ਪਾਕਿਸਤਾਨ ਵਿਚ ਆ ਚੁੱਕੀ ਹੈ।

14 ਮਾਰਚ 1823 ਨੂੰ ਖਾਲਸਾ ਇਲਾਕਾ ਹਸਤ ਨਗਰ 'ਤੇ ਕਬਜ਼ਾ ਕਰ ਕੇ 17 ਮਾਰਚ ਨੂੰ ਖਾਸ ਪਿਸ਼ੌਰ ਵਿਚ ਦਾਖਲ ਹੋਇਆ ਸਿੰਘਾਂ ਦਾ ਲਸ਼ਕਰ ਸਾਰੇ ਮੁਲਕ ਖੈਬਰਾਬਸ ਤੱਕ ਫਿਰ ਗਿਆ। ਮਹਾਰਾਜੇ ਨੇ ਪਿਸ਼ਾਵਰ ਸ਼ਹਿਰ ਨੂੰ ਕਿਸੇ ਕਿਸਮ ਦਾ ਨੁਕਸਾਨ ਨਾ ਪਹੁੰਚਣ ਦਿੱਤਾ। ਜਿਸ ਕਰਕੇ ਸ਼ਹਿਰ ਦੇ ਲੋਕਾਂ ਦੇ ਦਿਲਾਂ 'ਤੇ ਮਹਾਰਾਜੇ ਦੇ ਦਿਆਲੂ ਸੁਭਾ ਦਾ ਚੰਗਾ ਅਸਰ ਹੋਇਆ ਤੇ ਸਭ ਨੂੰ ਜੀ ਆਇਆ ਕਿਹਾ ਤੇ ਨਜ਼ਰਾਨੇ ਦਿੱਤੇ। ਹੁਣ ਯਾਰ ਮੁਹੰਮਦ ਖਾਂ ਤੇ ਦੋਸਤ ਮੁਹੰਮਦ ਖਾਂ ਦੀਆਂ ਅੱਖਾਂ ਖੁੱਲ੍ਹੀਆਂ। ਉਹ ਇਲਾਕੇ ਦੇ ਮੁਖੀ ਪਠਾਣਾਂ ਨੂੰ ਨਾਲ ਲੈ ਕੇ ਸ਼ੇਰੇ-ਪੰਜਾਬ ਦੀ ਸ਼ਰਨ ਆਏ ਤੇ ਭੁਲ ਬਖਸਾਉਣੀ ਚਾਹੀ। ਪੰਜਾਬ ਘੋੜੇ ਜਿਨ੍ਹਾਂ ਵਿਚ (ਗੌਹਰ ਬਾਗ) ਨਾਮ ਦਾ ਬੜਾ ਮਸ਼ਹੂਰ ਘੋੜਾ ਸੀ ਲਿਆ ਕੇ ਪੇਸ਼ ਕੀਤੇ। ਹੋਰ ਤੋਹਫੇ ਧਰੇ। ਮਹਾਰਾਜਾ ਗੌਹਰ ਬਾਗ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਯਾਰ ਮੁਹੰਮਦ ਨੇ ਭੁੱਲ ਬਖਸ਼ਾਈ ਤੇ ਪਠਾਣਾਂ ਨੇ ਅਰਜ਼ ਕੀਤੀ ਕਿ ਇਸ ਨੂੰ ਪਿਸ਼ਾਵਰ ਦੀ ਹਕੂਮਤ ਦਿੱਤੀ ਜਾਏ। ਮਹਾਰਾਜ ਸਭਾ ਦੇ ਬੁਹਤ ਦਿਆਲੂ ਸਨ। ਯਾਰ ਮੁਹੰਮਦ ਖਾਂ ਤੋਂ ਇਕ ਲੱਖ ਜਗ੍ਹਾ ਸਵਾ ਲਖ ਖਰਾਜ ਲੈਣਾ ਕਰਕੇ ਪਿਸ਼ਾਵਰ ਦੀ ਹਕੂਮਤ ਫਿਰ ਉਸ ਦੇ ਹਵਾਲੇ ਕੀਤੀ ਤੇ ਕੁਛ ਚਿਰ ਸ: ਹਰੀ ਸਿੰਘ ਨਲੂਏ ਨੂੰ ਪਿਸ਼ਾਵਰ ਦਾ ਪ੍ਰਬੰਧ ਕਰਨ ਵਾਸਤੇ ਛੱਡ ਕੇ ਤੇ ਆਪ ਫੌਜ ਸਮੇਤ ਵਾਪਸ ਮੁੜ ਆਏ 16 ਵੈਸਾਖ 1880 ਬਿ: ਮੁਤਾਬਿਕ 26 ਅਪਰੈਲ 1823 ਈਸਵੀ ਨੂੰ ਮਹਾਰਾਜਾ ਲਾਹੌਰ ਵਿਚ ਦਾਖਲ ਹੋਇਆ ਤੇ ਫਤਹ ਦੀ ਖੁਸ਼ੀ ਵਿਚ ਉਸਨੇ ਪੰਜ ਹਜ਼ਾਰ ਰੁਪਿਆ ਸ੍ਰੀ ਅੰਮ੍ਰਿਤਸਰ ਚੜ੍ਹਾਇਆ ਤੇ ਹੁਕਮ ਦਿੱਤਾ ਕਿ ਸ਼ਹਿਰ ਦੇ ਪਾਸੀਂ ਦੀਵਾਰ ਬਣਾਈ ਜਾਏ। ਸ: ਦਲ ਸਿੰਘ ਤੇ ਸ: ਦੇਸਾ ਸਿੰਘ ਆਦਿਕ ਹੋਰ ਸਰਦਾਰਾਂ 'ਤੇ ਜਾਗੀਰਦਾਰਾਂ ਨੇ ਵੀ ਮੱਦਦ ਭੇਜੀ। ਮਹਾਰਾਜ ਆਪ ਚਾਰ ਮਹੀਨੇ ਸ੍ਰੀ ਅੰਮ੍ਰਿਤਸਰ ਰਹਿ ਕੇ ਦੀਪਮਾਲਾ ਕਰਕੇ ਆ ਗਿਆ।

**॥ ਸਮਾਪਤ ॥**

# ਸਦਾ ਨਹੀਓਂ ਰਹਿਣਾ ਗਾਫਲਾ

## ਛੰਦ

ਦੁਨੀਆਂ ਵਿਚ ਆ ਕੇ ਭੁੱਲ ਗਿਓਂ ।
ਮਾਇਆ ਦੇ ਰੂਪ 'ਤੇ ਡੁਲ੍ਹ ਗਿਓ ।
ਜਿਸ ਨੇ ਸਭ ਜਗਤ ਸ਼ਿੰਗਾਰਿਆ ।
ਉਸ ਨੂੰ ਮਨੋ ਵਿਸਾਰਿਆ ।
ਪਛੋਤਾਉਂਦੇ ਜਿਹੜੇ ਕੀਤੀਆਂ ਨੂੰ ਭੁੱਲਦੇ ।
ਸਦਾ ਨਹੀਓਂ ਰਹਿਣਾ ਗਾਫਲਾ,
ਜਿਹੜਾ ਖਿੜਿਆ ਹੁਸਨ ਵਾਂਗੂ ਫੁੱਲ ਦੇ ।

ਲਾਲਚ ਨੇ ਐਸਾ-ਐਸਾ ਮੋਹਿਆ ।
ਕਈਆਂ ਦਾ ਹੱਕ ਤੂੰ ਖੋਹਿਆ ।
ਦੁਖੀਆਂ ਦੀਆਂ ਕੁੱਲੀਆਂ ਢਾਹੀਆਂ ।
ਆਪਣੇ ਲਈ ਕੋਠੀਆਂ ਪਾਈਆਂ ।
ਪਾਪ ਕਰਕੇ ਕਦੇ ਨਾ ਮਾਇਆ ਜੋੜੀਏ ।
ਦਿਲਾਂ ਦੇ ਵਿਚ ਰੱਬ ਵਸਦਾ ।
ਦਿਲ ਨਾ ਕਿਸੇ ਦਾ ਬਾਬਾ ਤੋੜੀਏ ।

ਪੜ੍ਹ-ਪੜ੍ਹ ਕੇ ਡਿਗਰੀਆਂ ਲਈਆਂ ।
ਰੱਜ ਕੇ ਵਿਚ ਖੇਡਿਆ ਸਈਆਂ ।
ਦੁਨੀਆਂ ਲਈ ਬੁਹਤ ਖਪਿਆ ।
ਵਾਹਿਗੁਰੂ ਦਾ ਨਾਮ ਨਾ ਜਪਿਆ ।
ਅੱਗੇ ਹੋਣੇ ਨੇ ਹਿਸਾਬ ਜਾ ਕੇ ਕੁੱਲ ਦੇ ।
ਪਈ ਸਦਾ ਨਹੀਓਂ.....

ਰੇਸ਼ਮ ਦੇ ਸੂਟ ਹੰਢਾਵੇਂ।
ਮਿੱਤਰਾਂ ਵਿਚ ਮੌਜ ਉਡਾਵੇਂ ।
ਤੇਰੇ ਲਈ ਮੀਟ ਬਰਾਂਡੀ ।
ਭੁੱਖੇ ਨਿੱਤ ਰਹਿਣ ਗਵਾਂਢੀ ।
ਦਰ ਆਏ ਹੋਏ ਸਵਾਲੀ ਨੂੰ ਨਾ ਮੋੜੀਏ,
ਦਿਲਾਂ ਦੇ ਵਿਚ......।

ਨੈਣਾਂ ਦੇ ਵਿਚ ਮਸਤ ਖ਼ੁਮਾਰੀ ।
ਨੱਚਦੀ ਏ ਰੀਝ ਕੁਵਾਰੀ ।
ਲੁਕ-ਲੁਕ ਕੇ ਬਦੀਆਂ ਕਰਨਾ ਏ ।
ਪਾਪਾਂ ਨਾਲ ਝੋਲੀ ਭਰਨਾ ਏਂ ।
ਜਾਂਦੇ ਜ਼ਿੰਦਗੀ ਦੇ ਮੋਤੀ ਤੇਰੇ ਡੁੱਲ੍ਹਦੇ,
ਪਈ ਸਦਾ ਨਹੀਓਂ......।

ਰੋਂਦਾ ਨਹੀਂ ਕੋਈ ਹਸਾਇਆ ।
ਵਿਛੜਿਆ ਨਹੀਂ ਮਿਲਾਇਆ ।
ਭੁੱਖਾ ਰਜਾ ਨਾ ਸਕਿਓਂ ।
ਡਿੱਗਾ ਉਠਾ ਨਾ ਸਕਿਓਂ ।
ਧੱਕਾ ਦੇ ਕੇ ਨਾ ਦੁਖੀ ਨੂੰ ਕਦੇ ਰੋੜ੍ਹੀਏ,
ਦਿਲਾਂ ਦੇ ਵਿਚ .....।

ਮਿੱਤਰਾਂ ਨਾਲ ਧੋਖੇ ਕੀਤੇ ।
ਕਈਆਂ ਘੇਰ ਲਾਏ ਪਲੀਤੇ ।
ਕਿਸੇ ਨੂੰ ਪਿਆਰ ਨਾ ਕੀਤਾ ।
ਕੀਤੇ ਕਰਮ ਅੱਗੇ ਤੱਕੜੀ ਦੇ ਤੁਲਦੇ,
ਪਈ ਸਦਾ ਨਹੀਓਂ.....।

ਤੁਰਦਾ ਏਂ ਨਾਲ ਮਟਕ ਦੇ,
ਦਿਲ ਵਿਚ ਅੱਲ੍ਹੜ ਜਵਾਨੀ ।
ਅੱਖੀਆਂ ਵਿਚ ਨੱਚੇ ਸ਼ਤਾਨੀ ।

ਸਦਾ ਮਨ ਨੂੰ ਵਿਕਾਰਾਂ ਵਲੋਂ ਮੋੜੀਏ,
ਦਿਲਾਂ ਦੇ ਵਿਚ......।

ਰਹਿਣੀਆਂ ਨਹੀਂ ਸਦਾ ਬਹਾਰਾਂ ।
ਹੱਸਣਾ ਨਹੀਂ ਵਿਚ ਦਿਲਦਾਰਾਂ ।
ਨੇਕੀ ਲਈ ਕਰ ਕੁਰਬਾਨੀ ।
ਲਾ ਗਏ ਜੋ ਜ਼ਿੰਦ ਜਵਾਨੀ ।
ਝੰਡੇ ਉਹਨਾਂ ਦੇ ਜਹਾਨ ਵਿਚ ਝੂੱਲਦੇ,
ਪਈ ਸਦਾ ਨਹੀਓਂ.....।

ਇਕ ਦਿਨ ਕਰ ਲੈਣੇ ਤਿਆਰੇ ।
ਵਿਛੜਨੇ ਯਾਰ ਪਿਆਰੇ ।
ਨੇਕੀ ਲਈ ਅਮਲ ਕਮਾਈਏ ।
ਦਿਲਾਂ ਵਿਚ ਪਿਆਰ ਵਧਾਈਏ ।
ਭਲਾ ਸਭ ਦਾ 'ਦਿਲਬਰਾ' ਲੋੜੀਏ,
ਦਿਲਾਂ ਦੇ ਵਿਚ......।

✫

# ਦਿਲਬਰ ਸੱਧਰਾਂ

# ਝੋਕ ਛੰਦ

ਆਏ ਗੁਰੂ ਨਾਨਕ ਸੜਦੀ ਦੁਨੀਆਂ ਦੇ ਤਾਰਨ ਨੂੰ ।
ਦੁਖੀਆ ਤੇ ਰੋਗੀਆਂ ਦੇ ਰੋਗ ਨਿਵਾਰਣ ਨੂੰ ।
ਪਾਪਾਂ ਵਿਚ ਡੁੱਬੇ ਬੇੜੇ ਪਾਪੀਆਂ ਦੇ ਤਾਰਨ ਨੂੰ ।
ਕੱਤਕ ਦੀ ਪੂਰਨਮਾਸ਼ੀ ਧਾਰਿਆ ਅਵਤਾਰ ਜੀ ।
ਲਿਖੇ ਨਹੀਂ ਜਾਂਦੇ ਸੱਚੇ ਗੁਰ ਦੇ ਉਪਕਾਰ ਜੀ ।
ਏਕਤਾ ਵਾਲੇ ਝੰਡੇ ਉੱਚੇ ਝੁਲਾਏ ਸੀ ।
ਗਰੀਬ ਅਛੂਤ ਨਿਮਾਣੇ ਗਲ ਦੇ ਨਾਲ ਲਾਏ ਸੀ ।
ਭਲਾ ਸਰਬੱਤ ਦਾ ਨਗਮੇ ਸਾਂਝੇ ਸੁਣਾਏ ਸੀ ।
ਨਾਮ ਜਪਣ ਵੰਡ ਛਕਣ ਦਾ ਕੀਤਾ ਪ੍ਰਚਾਰ ਜੀ ।
ਲਿਖੇ ਨਹੀਂ ਜਾਂਦੇ......
ਮਿਹਰ ਦੀਆਂ ਨਜ਼ਰਾਂ ਕਰਕੇ ਉਜਾੜੇ ਵਸਾ ਦਿੱਤੇ ।
ਜੱਟ ਦਿਆਂ ਖੇਤਾਂ ਨੂੰ ਵੀ ਭਾਗ ਸੀ ਲਾ ਦਿੱਤੇ ।
ਤੱਕੜੀ ਜੇ ਫੜ ਲਈ ਨੰਗੇ ਭੁੱਖੇ ਰਜਾ ਦਿੱਤੇ ।
ਧਰਮ ਦੀ ਕਿਰਤ ਸਿੱਖਾਈ ਬਣ ਕੇ ਜ਼ਿਮੀਦਾਰ ਜੀ ।
ਲਿਖੇ ਨਹੀਂ ਜਾਂਦੇ ਸੱਚੇ ਗੁਰ ਦੇ ਉਪਕਾਰ ਜੀ ।
'ਬਾਬਰ ਤੇ ਮਲਕ' ਜਿਹਾਂ ਨੂੰ ਖਰੀਆਂ ਸੁਣਾਈਆਂ ਸੀ ।
ਸੰਤਾਂ ਦੀਆਂ ਜਿਹਲ ਵਿਚੋਂ ਜਾਨਾਂ ਛੁਡਵਾਈਆਂ ਸੀ ।
ਪੂਰੀਆਂ ਵਿਚੋਂ ਲਹੂ ਦੀਆਂ ਧਾਰਾਂ ਵਗਾਈਆਂ ਸੀ ।
ਲਾਲੋ ਜਿਹੇ ਸ਼ੂਦਰਾਂ ਤੋਂ ਗਏ ਸੀ ਬਲਿਹਾਰ ਜੀ ।
ਲਿਖੇ ਨਹੀਂ ਜਾਂਦੇ ਸੱਚੇ ਗੁਰ ਦੇ ਉਪਕਾਰ ਜੀ ।
ਰਿਧੀਆਂ ਤੇ ਸਿੱਧੀਆਂ ਹਮਜ਼ਾ ਗੌਂਸ ਨੂੰ ਭੁੱਲ ਗਈਆਂ ।
ਠੱਗੀਆਂ ਨਾਲ ਭਰੀਆਂ ਅੱਖਾਂ ਸੱਜਣ ਦੀਆਂ ਖੁੱਲ੍ਹ ਗਈਆਂ
ਪਿਆਰ ਵਿਚ ਆ ਕੇ ਸੋਹਣੇ ਚਰਨਾਂ 'ਤੇ ਡੁੱਲ੍ਹ ਗਈਆਂ ।
ਵਲੀ ਕੰਧਾਰੀ ਜਿਹਾਂ ਦੇ ਤੋੜੇ ਹੰਕਾਰ ਜੀ ।
ਲਿਖੇ ਨਹੀਂ ਜਾਂਦੇ ਸੱਚੇ ਗੁਰ ਦੇ ਉਪਕਾਰ ਜੀ ।
ਕੌਡੇ ਜਿਹੇ ਰਾਖਸ਼ਾਂ ਦੇ ਤਪਦੇ ਦਿਲ ਠਾਰ ਦਿੱਤੇ ।
ਸਿੱਧਾਂ ਦੇ ਖੰਭ ਮਾਣ ਦੇ ਪਲ ਵਿਚ ਉਤਾਰ ਦਿੱਤੇ ।
ਕਾਰੂ ਜਿਹੇ ਪਾਪੀ ਰਾਜੇ ਭਵਜਲੋਂ ਕਰ ਪਾਰ ਦਿੱਤੇ ।
ਹਰ ਇਕ ਨਾਲ ਕਰਨਾ ਦਸਿਆ 'ਦਿਲਬਰ' ਨੇ ਪਿਆਰ ਜੀ।
ਲਿਖੇ ਨਹੀਂ ਜਾਂਦੇ ਸੱਚੇ ਗੁਰ ਉਪਕਾਰ ਜੀ ।

ੴ ਸਤਿਗੁਰ ਪ੍ਰਸਾਦਿ ॥

## ਪ੍ਰਸੰਗ
# ਦੇਵੀ ਚੰਦ ਵਜ਼ੀਰ ਦੀ ਅਰਦਾਸ ਤੇ ਦਸਮੇਸ਼ ਸਤਿਗੁਰੂ ਜੀ ਨੇ ਰੱਖਿਆ ਕਰਨੀ

ਸ੍ਰੀ ਕਲਗੀਧਰ ਪਾਤਸ਼ਾਹ ਵੀਰਵਾਰ ਮੱਘਰ ਸੁਦੀ ਪੰਜਵੀਂ 12 ਮੱਘਰ 1732 ਬਿਕ੍ਰਮੀ ਮੁਤਾਬਿਕ 11 ਨੰਵਬਰ 1675 ਈਸਵੀ ਨੂੰ 8 ਸਾਲ 10 ਮਹੀਨੇ 19 ਦਿਨ ਦੀ ਆਯੂ ਵਿਚ ਗੁਰਗੱਦੀ 'ਤੇ ਬੈਠੇ। ਹਜ਼ੂਰ ਨੇ ਸਮੇਂ ਦੇ ਹਾਲਾਤ ਤੱਕੇ, ਗਰੀਬ ਤੇ ਮਜ਼ਲੂਮ ਜਨਤਾ ਜ਼ੁਲਮ ਦੀ ਚੱਕੀ ਵਿਚ ਪਿਸ ਰਹੀ ਸੀ। ਰਾਜੇ ਸ਼ੀਂਹ ਮੁਕੱਦਮੇ ਕੁੱਤੇ ਵਾਲੀ ਹਾਲਤ ਸੀ। ਦੁਖੀਆਂ ਦੇ ਦਰਦੀ ਨੇ ਸੋਚਿਆ ਜਿਹੜੇ ਜ਼ੁਲਮ ਬਾਬਰ ਦੀ ਚੱਕੀ ਪੀਸਿਆਂ ਨਹੀਂ ਮਿਟੇ, ਤੱਤੀਆਂ-ਤਵੀਆਂ 'ਤੇ ਸੜਿਆ ਨਹੀਂ ਮਿਟੇ। ਦਿੱਲੀ ਵਿਚ ਬਲੀਦਾਨ ਦਿੱਤੀਆਂ ਨਹੀਂ ਮਿਟੇ। ਇਹਨਾਂ ਜ਼ੁਲਮਾਂ ਨੂੰ ਖ਼ਤਮ ਕਰਨ ਲਈ ਖੰਡਾ ਖੜਕਾਉਣਾ ਪਵੇਗਾ।

***ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜੱਸ਼ਤ।***
***ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।***

*(ਜ਼ਫਰਨਾਮਾ ਹਿਕਾਇਤ ਪਹਿਲੀ)*

ਗੁਰਦੇਵ ਨੇ ਸਾਰਾ ਪ੍ਰੋਗਰਾਮ ਬਦਲ ਦਿੱਤਾ। ਐਲਾਨ ਕੀਤਾ ਜੋ ਗੁਰਸਿੱਖ ਸਾਡੀ ਖੁਸ਼ੀ ਚਾਹੁੰਦੇ ਹਨ ਚੰਗੇ ਘੋੜੇ ਤੇ ਸ਼ਸਤਰ ਭੇਟਾ ਕਰਨ।

***ਆਓ ਤੁਝੇ ਬਤਾਊਂ ਕੌਮੋਂ ਰਾਜ ਕਿਆ ਹੈ।***
***ਤੇਗੋ ਸਨਾਹਨ ਅਵੱਲ ਚੰਗੁ ਰਬਾਬ ਆਖਰ।***

*(ਡਾ: ਇਕਬਾਲ)*

ਸਮਾਧੀ ਲੌਣ ਵਾਲਿਆਂ ਨੇ ਤੀਰ ਅੰਦਾਜ਼ੀ ਤਲਵਾਰ ਜ਼ਨੀ ਘੋੜ-ਦੌੜ ਨੇਜ਼ਾ-ਬਾਜ਼ੀ ਸਿੱਖਣੀ ਸ਼ੁਰੂ ਕਰ ਦਿੱਤੀ। ਮਾਲਾ ਫੇਰਨ ਵਾਲੇ ਹੱਥ ਤਲਵਾਰਾਂ ਦੀਆਂ ਮੁੱਠਾਂ 'ਤੇ ਚਲੇ ਗਏ। ਅਨੰਦਪੁਰ ਦੀਆਂ ਪਹਾੜੀਆਂ ਵਿਚ ਅਜ਼ਾਦ ਦੀ ਹਵਾ ਰੁਮਕੀ। ਮਸੰਦਾਂ ਦੇ ਕੰਨਾਂ ਵਿਚ ਅਵਾਜ਼ ਗੂੰਜੀ।

***ਮੁਸੱਲਾ ਬੇਚ ਔਰ ਖੰਜਰ ਖਰੀਦ ਓ ਬੇ ਅਮਲ ਜ਼ਾਹਿਦ।***
***ਕਿ ਟਕਰਾਨੇ ਕੋ ਹੈ ਤੇਰੀ ਫਕੀਰੀ ਸੇ ਸ਼ਹਿਨਸ਼ਾਹੀ।***

*(ਡਾ: ਇਕਬਾਲ)*

ਹਜ਼ੂਰ ਹੀਰਿਆਂ ਜੜੀ ਕਲਗੀ ਸਜਾ ਕੇ ਸੁੱਚੇ ਮੋਤੀਆਂ ਦੀ ਮਾਲਾ ਪਹਿਨ

ਕੇ ਸ਼ਸਤਰ-ਬਸਤਰ ਸਜਾ ਕੇ ਸ਼ਾਹੀ ਤਖ਼ਤ ਉਤੇ ਬੈਠਦੇ ਦਰਬਾਰ ਲਾਉਂਦੇ ਸ਼ਿਕਾਰ ਖੇਡਦੇ ਰਣਜੀਤ ਨਗਾਰੇ ਉਤੇ ਚੋਟਾਂ ਲੱਗਦੀਆਂ ਤੇਗਾਂ ਲਿਸ਼ਕਦੀਆਂ ਤੀਰ ਟੁਣਕਦੇ ਚੱਕਰ ਚੱਲਦੇ ਜੰਗੀ ਕਰਤੱਬ ਸਿਖਾਏ ਜਾਂਦੇ ਕੁਸ਼ਤੀ ਕਬੱਡੀ ਹੁੰਦੀਆਂ ਅੱਠੇ ਪਹਿਰ ਲੰਗਰ ਵਰਤਦਾ ਕੀਰਤਨ ਦੀ ਧੁਨੀ ਗੂੰਜਦੀ ਹਰ ਪਾਸਿਓਂ ਮਿੱਠੀਆਂ ਸੁਰਾਂ ਵਿਚ ਬਾਣੀ ਦੀ ਅਵਾਜ਼ ਆਉਂਦੀ ਸਿੰਘਾਂ ਦੇ ਜੋਸ਼ੀਲੇ ਜੈਕਾਰਿਆਂ ਨਾਲ ਕਹੋ ਸ਼ਿਵਾਲਕ ਦੀਆਂ ਪਹਾੜੀ ਗੂੰਜ ਉਠੀਆਂ ।

## ਮਿਰਜ਼ਾ-

*ਕਲਗੀਧਰ ਰਣਜੀਤ 'ਤੇ ਚੋਟਾਂ ਦਿੱਤੀਆਂ ਲਾ।*
*ਓਥੇ ਸੂਰਮਿਆਂ ਨੂੰ ਚੜ੍ਹ ਗਏ ਮਣ-ਮਣ ਪੱਕੇ ਚਾਅ ।*
*ਓਥੇ ਪੁਛਦੇ ਫਿਰਦੇ ਮੌਤ ਦਾ ਕਈ ਵਣਜਾਰੇ ਭਾ।*
*ਓਥੇ ਜਾਗਾਂ ਆਈਆਂ ਇਸ਼ਕ ਨੂੰ ਪਿਆਰ ਦੀ ਵਗੀ ਹਵਾ।*
*ਓਥੇ ਕਲੀਆਂ ਖਿੜ-ਖਿੜ ਹੱਸੀਆਂ ਭੌਰ ਪਏ ਮੁਸਕਾ।*
*ਓਥੇ ਕੋਇਲਾਂ ਪਾਈ ਕਿੱਕਲੀ ਰਹੀਆਂ ਤਰਾਨੇ ਗਾ।*
*ਓਥੇ ਪੀਘਾਂ ਪਾਈਆਂ ਅਣਖ ਨੇ ਯੋਧੇ ਰਹੇ ਝੂਟਾ।*
*ਓਥੇ ਕਈ ਪਰਵਾਨੇ ਨੱਚ ਪਏ ਹੁਸਨ ਦੀ ਵੇਖ ਅਦਾ।*
*ਓਥੇ ਤੇਗਾਂ ਬਣੀਆਂ ਸੱਸੀਆਂ ਰਹੇ ਪੁੰਨੂ ਇਸ਼ਕ ਕਮਾ।*
*ਓਥੇ ਸਿਹਰੇ ਬੱਧੇ ਲਾੜਿਆਂ ਲੈਣੀ ਮਤ ਵਿਆਹ।*
*ਓਹਨਾਂ ਭਾਰਤ ਦੀ ਤਕਦੀਰ ਵੀ ਸੁੱਤੀ ਲਈ ਜਗਾ।*
*ਓਥੇ ਸੜ ਬਲ ਗਏ ਪਹਾੜੀਏ ਘਰ ਵਿਚ ਸੋਗ ਪਿਆ।*
*ਓਥੇ ਭੀਮ ਚੰਦ ਨੇ ਆਪਣੇ ਸਾਥੀ ਲਏ ਬੁਲਾ।*
*ਓਹਨੇ ਆਖਿਆ ਦਸਵਾਂ ਪਾਤਸ਼ਾਹ ਸਿਰ 'ਤੇ ਚੜ੍ਹਿਆ ਆ।*
*ਓਹ ਖੇੜੇ ਨਿੱਤ ਸ਼ਿਕਾਰ ਨੂੰ ਧੌਂਸੇ ਰਿਹਾ ਵਜਾ।*
*ਓਹ ਕਰ ਤਿਆਰੀ ਜੰਗ ਦੀ ਉਸ ਫੌਜਾਂ ਲਈਆਂ ਬਣਾ।*
*ਓਹਨੂੰ ਰੋਕਣ ਦਾ ਕੋਈ 'ਦਿਲਬਰਾ' ਰਲਕੇ ਕਰੋ ਉਪਾਅ।*

ਅਨੰਦਪੁਰ ਸਾਹਿਬ ਰਿਆਸਤ ਕਹਿਲੂਰ ਵਿਚ ਸੀ । ਇਸ ਪਿੰਡ ਦਾ ਪਹਿਲਾਂ ਨਾਮ ਮਾਖੋਵਾਲ ਸੀ । ਨੌਂਵੇ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਨਕਦ ਰੁਪਏ ਰਕਮ ਤਾਰ ਕੇ ਇਹ ਜਗ੍ਹਾ ਕਹਿਲੂਰ ਪਤੀ ਤੋਂ ਖਰੀਦੀ ਤੇ ਨਗਰ ਵਸਾਇਆ ਸੀ । ਕਲਗੀਧਰ ਪਾਤਿਸ਼ਾਹ ਨੇ ਅਨੰਦਪੁਰ ਸਾਹਿਬ ਦੇ ਨਾਲ ਲੱਗਦੇ ਜੰਗਲਾਂ ਵਿਚ ਨਿੱਤ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ । ਨਿੱਤ ਦੇ ਨਗਾਰਿਆਂ 'ਤੇ ਜੈਕਾਰਿਆਂ ਦੀ ਗੂੰਜ ਨੇ ਰਾਜੇ ਭੀਮ ਚੰਦ ਦੀ ਨੀਂਦ ਹਰਾਮ ਕਰ ਦਿੱਤੀ । ਉਹਨੂੰ ਰੋਜ਼ ਸਭ ਕਨਸੋਆਂ ਪਹੁੰਚ ਰਹੀਆਂ ਸਨ । ਸ੍ਰੀ ਦਸਮੇਸ਼ ਜੀ ਦੀਆਂ ਚੜ੍ਹਤਾਂ

ਤੇ ਅਣਖੀ ਤਬੀਅਤ ਓਹਦੇ ਸੀਨੇ ਵਿਚ ਸੂਲਾਂ ਵਾਂਗ ਰੜਕ ਉੱਠੀ।

### ਸਾਕਾ

*ਭੀਮ ਚੰਦ ਕਹਿਲੂਰੀਆ ਪਰਬਤ ਦਾ ਰਾਣਾ।*
*ਓਹਨੇ ਤੱਕਿਆ ਜਦੋਂ ਅਨੰਦਪੁਰ ਸਿੰਘਾਂ ਦਾ ਢਾਣਾ।*
*ਓਹਦੇ ਸੀਨੇ ਦੇ ਵਿਚ ਰੜਕਿਆ ਇਹ ਨੀਲਾ ਬਾਣਾ।*
*ਓਹ ਲੋਹਾ ਲਾਖਾ ਹੋ ਗਿਆ ਖਸਮਾਂ ਨੂੰ ਖਾਣਾ।*
*ਓਹਨੂੰ ਚੇਤਾ ਛੇਵੇਂ ਗੁਰੂ ਦਾ ਆ ਗਿਆ ਪੁਰਾਣਾ।*
*ਓਹਨੂੰ ਆਪਣਾ ਖ਼ਤਰਾ ਪੈ ਗਿਆ ਹਿੱਲ ਗਿਆ ਟਿਕਾਣਾ।*
*ਓਹ ਸੋਚੇ ਖਿਲਰ ਜਾਏ ਨਾ ਮੇਰਾ ਪੇਟਾ ਤਾਣਾ।*
*ਉਸ ਕੱਠਾ ਕੀਤਾ ਆਪਣਾ ਰਾਜਪੂਤੀ ਲਾਣਾ।*
*ਪਰ ਕਲਗੀਧਰ ਵੀ 'ਦਿਲਬਰਾ' ਨਹੀ ਬਾਲ ਨਿਆਣਾ।*

ਰਾਜੇ ਭੀਮ ਚੰਦ ਨੇ ਆਪਣੇ ਵਜ਼ੀਰ ਨੂੰ ਪੁੱਛਿਆ, ਇਹ ਕੌਣ ਹੈ ਜੋ ਆਏ ਦਿਨ ਮੇਰੇ ਜੰਗਲਾਂ ਵਿਚ ਸ਼ਿਕਾਰ ਖੇਡਦਾ ਏ ਤੇ ਮੇਰੇ ਬੂਹੇ 'ਤੇ ਨਗਾਰੇ ਵਜੌਂਦਾ ਏ। ਇਸ ਨੂੰ ਮੇਰੀ ਸ਼ਾਹੀ ਤਾਕਤ ਦਾ ਕੋਈ ਡਰ ਭੈ ਨਹੀਂ। ਵਜ਼ੀਰ ਬੜਾ ਸਿਆਣਾ ਸੀ। ਓਹਨੇ ਕਿਹਾ ਅੰਨ ਦਾਤਾ ! ਇਹ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਹਿਬਜ਼ਾਦੇ ਗੋਬਿੰਦ ਰਾਏ ਹਨ। ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਦਸਵੀਂ ਜਗ੍ਹਾ ਬੈਠੇ ਹਨ। ਬੜੇ ਉਚ ਕਰਨੀ ਦੇ ਮਹਾਂ ਪੁਰਸ਼ ਅੰਤਰਯਾਮੀ ਮਹਾਂਬਲੀ ਬੀਰ ਯੋਧੇ ਹਨ। ਦਰਸ਼ਨ ਕੀਤਿਆਂ ਹਿਰਦਾ ਸ਼ਾਂਤ ਹੋ ਜਾਂਦਾ ਹੈ। ਹਜ਼ਾਰਾਂ ਮੀਲ ਤੋਂ ਲੋਕ ਚੱਲ-ਚੱਲ ਕੇ ਇਹਨਾਂ ਦੇ ਦਰਸ਼ਨਾਂ ਨੂੰ ਔਂਦੇ ਹਨ।

### ਜੱਗਾ

1 ਜਦੋਂ ਵੱਜਦਾ ਨਗਾਰਾ ਸੁਣਿਆ ਕੰਨੀ ਰਾਜੇ ਭੀਮ ਚੰਦ ਨੇ ਦਿਲ ਧੜਕਿਆ ਸਰੀਰ ਸਾਰਾ ਕੰਬਿਆ ਤਮ-ਮਨ ਬਲ ਉਠਿਆ ਗੁੱਸਾ ਚੜ੍ਹਿਆ ਮੱਥੇ ਵੱਟ ਪੈ ਗਏ ਅੱਖੀਆਂ 'ਚ ਲਾਲੀ ਭੱਖਦੇ ਕੋਲ ਸੱਦ ਕੇ ਵਜ਼ੀਰ ਨੂੰ ਪੁੱਛਦਾ ਕੌਣ ਹੈ। ਇਹ ਚੋਟਾਂ ਧੌਂਸੇ ਮਾਰਦੇ ਮੇਰੀ ਰਾਜਪੂਤੀ ਅਣਖ ਨੂੰ ਹੈ ਵੰਗਾਰਦਾ।

2 ਮੇਰੇ ਰਾਜ 'ਚ ਸ਼ਿਕਾਰ ਕਿਉਂ ਖੇਡਦਾ ਦਿਲੋਂ ਮੇਰਾ ਡਰ ਭੁੱਲ ਕੇ ਕੰਬ ਉਠਦੇ ਨਾਮ ਮੇਰਾ ਸੁਣ ਕੇ ਰਾਜੇ ਸਾਰੇ ਬਾਈ ਧਾਰ ਦੇ ਕਿਹੜਾ ਨਵਾਂ ਇਹ ਬਹਾਦਰ ਉਠਿਆ ਫਿਰਦਾ ਜੈਕਾਰੇ ਛੱਡਦਾ ਗੱਲ ਸੁਣਕੇ ਵਜ਼ੀਰ ਅੱਗੋਂ ਬੋਲਦਾ ਇਹ ਤਾਂ ਗੁਰੂ ਦਸਮੇਸ਼ ਨੇ ਹਜ਼ੂਰ ਜੀ ਸਾਖਿਆਤ ਆਪ ਰੱਬ ਦਾ ਹੈਨ ਨੂਰ ਜੀ।

3 ਇਹ ਦਸਵੀਂ ਜੋਤ ਹੈ ਨੂਰੀ ਸਤਿਗੁਰੂ ਨਾਨਕ ਦੀ ਖਾਸ ਰੂਪ ਨੇ ਸੱਚੇ ਨਿਰੰਕਾਰ ਦੇ ਮੰਨਦੀ ਹੈ ਕੁੱਲ ਦੁਨੀਆਂ ਦੂਰੋਂ ਚੱਲ ਕੇ ਸੰਗਤਾਂ ਆਉਂਦੀਆਂ ਤੇ ਹੁੰਦੀਆਂ ਨੇ ਮੁਰਾਦਾਂ ਪੂਰੀਆਂ ਏਸ ਧਰਤੀ ਦੀ ਪਵਿੱਤਰ ਧੂੜੀ ਜਿਹੜਾ ਆ ਕੇ ਮਸਤਕ

'ਤੇ ਲਾਂਵਦਾ ਬੇੜਾ ਪਾਰ ਭਵਜਲ ਤੋਂ ਹੋਂ ਜਾਂਵਦਾ।

4 ਲੱਖਾਂ ਪੀਰ ਤੇ ਫਕੀਰ ਦੇਵੀ-ਦੇਵਤੇ ਪੂਜਾ ਅਵਤਾਰ ਕਰਦੇ ਕਈ ਆਣ ਕੇ
ਰਾਜੇ ਮਹਾਰਾਜੇ ਲੰਗਰਾਂ ਦੇ ਭਾਂਡੇ ਮਾਂਜ ਦੇ ਦੁੱਖ ਦੁਖੀਆਂ ਦੇ ਦੂਰ ਪਏ ਹੋਂਵਦੇ
ਪਾਪੀਆਂ ਨੂੰ ਮਿਲੇ ਮੁਕਤੀ ਚੱਲੋ ਸੜਦਾ ਕਲੇਜਾ ਠਾਰੀਏ ਦਰਸ਼ਨ ਸਤਿਗੁਰ
ਦੇ ਕਰਕੇ ਕਰਕੇ- 'ਦਿਲਬਰ' ਜੀ ਸੁਖ ਮਿਲਦਾ ਦਰ ਹਰ ਕੇ।

ਰਾਜਾ ਭੀਮ ਚੰਦ ਸੋਚਣ ਲੱਗਾ ਰੱਬ ਜਾਣੇ ਗੁਰੂ ਵਿਚ ਕੀ ਕਰਾਮਤ ਹੈ ਜਿਹੜਾ ਇਕ ਵਾਰ ਓਹਦੇ ਦਰਬਾਰ ਦਾ ਕੁਣਕਾ ਖਾ ਲੈਂਦਾ ਏ ਸੋਹਲੇ ਗਾਉਂਦਾ ਹੈ। ਆਖਰ ਉਸ ਵਿਚ ਜ਼ਰੂਰ ਕੋਈ ਕਣੀ ਹੈ। ਨਾਲੇ ਫਿਰ ਗਵਾਂਢੀ ਹੈ ਬਲਵਾਨ ਹੈ ਸ਼ਕਤੀਵਾਨ ਹੈ ਉਸ ਨਾਲ ਜ਼ਰੂਰ ਭਾਈਚਾਰਾ ਪਾਉਣਾ ਚਾਹੀਦਾ ਹੈ। ਕਹਿਣ ਲੱਗਾ ਵਜ਼ੀਰ ਸਾਹਿਬ ਜਾਓ ਗੁਰੂ ਜੀ ਨਾਲ ਮੁਲਾਕਾਤ ਦਾ ਸਮਾਂ ਨੀਅਤ ਕਰ ਆਓ ਵਜ਼ੀਰ ਅਨੰਦਪੁਰ ਪੁੱਜਾ। ਹਜ਼ੂਰ ਦੇ ਦਰਸ਼ਨ ਕੀਤੇ ਤੇ ਕਿਹਾ ਪੂਜਯ ਸਤਿਗੁਰੂ ਜੀ ਰਾਜਾ ਭੀਮ ਚੰਦ ਆਪ ਜੀ ਦੇ ਚਰਨ ਪਰਸਨੇ ਚਾਹੁੰਦਾ ਏ। ਜਦ ਹੁਕਮ ਹੋਵੇ ਆ ਜਾਈਏ। ਗੁਰਦੇਵ ਨੇ ਕਿਹਾ ਵਜ਼ੀਰ ਸਾਹਿਬ ਇਹ ਗੁਰੂ ਨਾਨਕ ਦੇਵ ਜੀ ਦਾ ਘਰ ਹੈ, ਏਥੇ ਸਵਾਲੀ ਨੂੰ ਕਦੇ ਉਡੀਕ ਨਹੀਂ ਕਰਨੀ ਪੈਂਦੀ ਏਥੇ ਕੋਈ ਜਾਤ-ਪਾਤ ਉਚੇ ਨੀਵੇਂ ਦਾ ਵਿਤਕਰੇ ਨਹੀਂ ਹਿੰਦੂ ਆਵੇ, ਮੁਸਲਮਾਨ ਆਵੇ, ਈਸਾਈ ਆਵੇ, ਪੰਡਤ ਆਵੇ, ਵੈਸ ਆਵੇ, ਛਤਰੀ ਆਵੈ, ਸ਼ੂਦਰ ਆਵੇ, ਜੈਨੀ ਆਵੇ, ਧੋਬੀ ਆਵੇ, ਜੋਗੀ ਆਵੇ, ਜੰਗਮ ਆਵੇ, ਸੰਨਿਆਸੀ ਆਵੇ, ਸਰਵੇੜਾ ਆਵੇ, ਊਚ ਆਵੇ, ਨੀਚ ਆਵੇ, ਧਰਮੀ ਆਵੇ, ਕਾਫਰ ਆਵੇ, ਰਾਜਾ ਆਵੇ, ਪੁੰਨੀ ਆਵੇ, ਪਾਪੀ ਆਵੇ, ਦਾਤਾ ਆਵੇ, ਭਿਖਾਰੀ ਆਵੇ, ਇਹ ਦਰ ਹਰ ਵਾਸਤੇ ਹਰ ਵਕਤ ਖੁੱਲ੍ਹਾ ਹੈ। ਪਰ ਇਸ ਦਰ ਦੀ ਧੂੜੀ ਵਿਚ ਤਾਸੀਰ ਹੈ, ਠੱਗ ਆਵੇ ਤਾਂ ਸੱਜਣ ਬਣ ਜਾਂਦਾ ਹੈ, ਰਾਖਸ਼ ਆਵੇ ਤਾਂ ਦੇਵਤਾ ਬਣ ਜਾਂਦਾ ਹੈ। ਵਜ਼ੀਰ ਨੇ ਜਾ ਕੇ ਰਾਜੇ ਨੂੰ ਸੁਨੇਹਾ ਦਿੱਤਾ। ਰਾਜੇ ਦੇ ਅੰਦਰੋਂ ਹੰਕਾਰ ਬੋਲਿਆ ਭੀਮ ਚੰਦਾ ਤੇਰੀ ਸ਼ਾਹੀ ਸ਼ਾਨ ਦਾ ਗੁਰੂ ਦੇ ਦਿਲ ਉਤੇ ਰੋਅਬ ਹੈ ਐਂਵੇ ਨਹੀਂ ਓਹਨੇ ਹਰ ਵਕਤ ਮੁਲਾਕਾਤ ਦਾ ਖੁੱਲ੍ਹਾ ਸਮਾਂ ਦਿੱਤਾ। ਓਹਦੇ ਤਾਂ ਸੁਣਿਆ ਏਂ ਲੰਗਰ ਦੇ ਭਾਂਡੇ ਮਾਂਜਦਿਆਂ ਕਈਆਂ ਦੀਆਂ ਉਮਰਾਂ ਬਤੀਤ ਹੋ ਜਾਂਦੀਆਂ ਨੇ। ਖੈਰ ! ਕਹਿਣ ਲੱਗਾ ਵਜ਼ੀਰ ਸਾਹਿਬ ਤਿਆਰੀ ਕਰੋਂ। ਹੁਕਮ ਦੀ ਤਾਮੀਲ ਕੀਤੀ ਗਈ। ਰਾਜੇ ਭੀਮ ਚੰਦ ਨੇ ਸ਼ਾਹੀ ਪੁਸ਼ਾਕ ਪਹਿਨੀ ਹੀਰਿਆਂ ਜੜੀ ਕਲਗੀ ਸਜਾਈ ਹਥਿਆਰ ਪਹਿਨੇ ਮੁੱਛਾਂ ਨੂੰ ਤਾਹ ਦਿੱਤੇ ਰਖਵਾਲੀ (ਬਾਡੀ ਗਾਰਡ) ਫੌਜ ਲਈ ਤੇ ਅਨੰਦਪੁਰ ਸਾਹਿਬ ਆਣ ਪੁੱਜਾ। ਜਦ ਸਤਿਗੁਰੂ ਜੀ ਦੇ ਦਰਬਾਰ ਦੇ ਦਰਸ਼ਨ ਕੀਤੇ ਬੇਵਸਾ ਸਿਰ ਗੁਰਦੇਵ ਦੇ ਚਰਨਾਂ 'ਤੇ ਝੁਕ ਗਿਆ।

**ਕਬਿੱਤ-**

*ਰਾਜੇ ਭੀਮ ਚੰਦ ਆ ਕੇ ਗੁਰਾਂ ਦਾ ਦੀਦਾਰ ਕੀਤਾ,*
*ਸ਼ਾਨ ਸੀ ਅਨੋਖੀ ਕੋਈ ਗੁਰੂ ਦਰਬਾਰ ਦੀ।*

*ਨੇਤਰ ਨਸ਼ੀਲੇ ਲ਼ਾਲੀ ਭਖਦੀ ਸੀ ਮੱਥੇ ਵਿਚ,*
*ਤਾਬ ਨਹੀਂ ਝੱਲੀ ਜਾਵੇ ਸੱਚੀ ਸਰਕਾਰ ਦੀ।*
*ਛੋਟੇ-ਛੋਟੇ ਕੁੰਡਲੇ ਮੁਛੈਹਰੇ ਬੜੇ ਸੱਜਦੇ ਸੀ,*
*ਸੀਸ ਉਤੇ ਕਲਗੀ ਨੂਰਾਨੀ ਲਿਸ਼ਕਾਰ ਦੀ।*
*ਗਾਤਰੇ ਕਟਾਰ ਤੀਰ ਭੱਥੇ ਵਿਚ ਕੀਲੇ ਹੋਏ,*
*'ਦਿਲਬਰ' ਜੀ ਝਕੇ ਪਈ ਸ਼ਕਤੀ ਸੰਸਾਰ ਦੀ।*

ਰਾਜੇ ਨੇ ਦਸਮੇਸ਼ ਜੀ ਦੇ ਦਰਸ਼ਨ ਕੀਤੇ ਦਰਬਾਰ ਦੇ ਨਜ਼ਾਰੇ ਤੱਕੇ ਸੋਹਣਿਆਂ ਦੇ ਵਾਲੀ ਦੋ ਜਹਾਨ ਤਖ਼ਤ ਉਤੇ ਸੋਭ ਰਹੇ ਸਨ। ਰਾਜਾ ਹੈਰਾਨੀ ਦੇ ਵਿਸਮਾਦ ਵਿਚ ਚਰਨਾਂ 'ਤੇ ਢਹਿ ਪਿਆ। ਗੁਰਦੇਵ ਨੇ ਉਠਾਇਆ ਭੀਮ ਚੰਦ ਦੀ ਨਜ਼ਰ ਚੁਫੇਰ ਪਈ ਸ਼ਕਤੀ ਕੁਰਬਾਨੀ ਸੂਰਬੀਰਤਾ ਹੱਥ ਬੱਧੀ ਖੜ੍ਹੀਆਂ ਸਨ। ਇਕ ਪਾਸੇ ਸਮਾਧੀ ਸਥਿਤ ਦੇਵਤੇ ਸੁਖਮਨੀ ਦਾ ਪਾਠ ਕਰ ਰਹੇ ਨੇ ਮਾਲਾ ਦੇ ਠਾਹ ਮਣਕੇ ਤੇ ਮਣਕੇ ਵੱਜ ਰਹੇ ਨੇ ਦੂਜੇ ਪਾਸੇ ਨਿਹੰਗ ਸਿੰਘ ਜੰਗੀ ਜਰਨੈਲ ਚੰਡੀ ਦੀ ਵਾਰ ਪੜ੍ਹ ਰਹੇ ਸਨ। ਸ਼ਸਤਰਾਂ ਨਾਲ ਮੜ੍ਹੇ ਸੂਰਬੀਰ ਜੈਕਾਰੇ ਛੱਡ ਰਹੇ ਨੇ। ਤਖ਼ਤ ਉਤੇ ਸੱਚੀ ਸਰਕਾਰ ਸੋਭ ਰਹੀ ਨੂੰ ਚੁਫੇਰੇ ਇਕ-ਇਕ ਜ਼ੁਲਫ ਦੀ ਤਾਰ ਤੋਂ ਦੋ-ਦੋ ਆਲਮਵਾਰ ਦੇਣ ਵਾਲੇ ਆਸ਼ਕ ਕੁੰਡੀਆਂ ਮੁੱਛਾਂ ਮਸਾਲਾਂ ਵਾਂਗ ਜਗਦੇ ਨੇਤਰ ਉਭਰਵੇਂ ਮੱਥੇ ਚੌੜੀਆਂ ਛਾਤੀਆਂ, ਫਰਕਦੇ ਡੌਲੇ, ਚੇਹਰਿਆਂ 'ਤੇ ਦਿਲਾਂ ਵਿਚ ਅਜ਼ਾਦੀ ਦੀ ਤੜਪ ਤੇ ਜੀਭ 'ਤੇ ਗੁਰਬਾਣੀ ਹੈ। ਜੇ ਕਿਤੇ ਦੁਸ਼ਮਣ ਸੈਨਾ 'ਤੇ ਚੜ੍ਹਾਈ ਕਰ ਦੇਣ ਤਾਂ ਅਕਾਸ਼-ਪਤਾਲ ਕੰਬ ਉਠੇ। ਇਹਨ੍ਹਾਂ ਯੋਧਿਆਂ ਦੀ ਹੀ ਜੰਗੀ ਚੜ੍ਹਤ ਵੇਖ ਕੇ ਕਿਸੇ ਬ੍ਰਿਜ ਭਾਸ਼ਾ ਦੇ ਕਵੀ ਨੇ ਲਿਖਿਆ ਸੀ।

*ਸੇਲਨ ਕੀ ਰੇਲ ਪੇਲ ਢਾਲਨ ਕੀ ਢੱਕ ਢੱਕ,*
*ਤੇਗਨ ਕੀ ਝੁਮ ਝੁਮ ਬਿਜ ਚਮਕਾਰ ਦੀ।*
*ਤੁਪਕ ਤੜਪ ਵਾਕ ਸ਼ੇਰ ਜਿਉਂ ਜਗਤ ਬੀਰ,*
*ਸੱਰਰ ਸੱਰਰ ਤੀਰ ਤੀਰ ਸੈਨਾ ਝਾਰ ਦੀ।*
*ਅਣੀ ਅਣੀ ਬਾਜਤ ਗਾਜਤ ਢੱਕ ਢੋਲ ਢੂੰਏ,*
*ਧੁੱਦਤ ਧੁੱਸਤ ਧੁਦ ਧੁਰ ਧੁਮਕਾਰ ਦੀ।*
*ਲੋਟਤ ਕੀ ਕਾਣ ਬਾਣ ਬਾਣ ਚਿਰ ਕੇ ਕਮਾਣ ਧਰ,*
*ਲਿਸ਼ਕ ਲਿਸ਼ਕ ਪਵੇ ਕਲਗੀ ਮੁਰਾਰ ਦੀ।*

ਦਾਤਾਰ ਦੀ ਸ਼ਾਹੀ ਸ਼ਾਨ ਹਾਥੀ ਘੋੜੇ ਫੌਜਾਂ ਸਿਪਾਹੀ ਹਥਿਆਰ ਖਾਸ ਕਰਕੇ ਪਸ਼ਮੀਨੇ ਦੀ ਚਾਂਦਨੀ ਜੋ ਸਤਾਰਾਂ ਸੌ ਛੱਤੀ ਦੀ ਵਿਸਾਖੀ ਨੂੰ ਕਾਬਲ ਦੀ ਸੰਗਤ ਨੇ ਭੇਟ ਕੀਤੀ ਸੀ। ਪਰਸਾਦੀ ਹਾਥੀ ਪੰਜ ਕਲਾ ਸ਼ਸਤਰ ਜੋ ਰਾਜਾ ਰਤਨ ਰਾਏ ਆਸਾਮ ਨੇ ਭੇਟ ਕੀਤੇ ਸੀ। ਚੰਦਨ ਦੀ ਚੌਂਕੀ ਤੇ ਹੋਰ ਜਾਹੋ-ਜ਼ਲਾਲ ਵੇਖ ਕੇ ਭੀਮ ਚੰਦ ਹੈਰਾਨ ਜਿਹਾ ਹੋ ਗਿਆ। ਉਸ ਦੇ ਦਿਲ ਵਿਚ ਬੜੇ ਉਤਰਾ-ਚੜ੍ਹਾ

ਆ ਰਹੇ ਸਨ। ਇਕ ਖਾਸ ਅੰਦਾਜ਼ ਵਿਚ ਕਹਿਣ ਲੱਗਾ। ਹਜ਼ੂਰ ਮੈਂ ਮੰਨਦਾ ਹਾਂ ਕਿ ਤੁਹਾਡੇ ਸਿੱਖ ਬੜੀ ਤੇਜ਼ੀ ਨਾਲ ਕਿਸੇ ਮੰਜ਼ਲ ਵੱਲ ਵਧ ਰਹੇ ਨੇ। ਕਿਸੇ ਦਿਨ ਨੂੰ ਬੜੀ ਵੱਡੀ ਤਾਕਤ ਦੇ ਮਾਲਕ ਹੋਵੋਗੇ। ਬਾਦਸ਼ਾਹਤ ਦੇ ਕਿਲ੍ਹੇ ਹਿੰਮਤ, ਦਲੇਰੀ ਕੁਰਬਾਨੀ ਤੇ ਬਾਹੂ ਬਲ ਉਤੇ ਹੀ ਉਸਰਿਆ ਕਰਦੇ ਨੇ। ਪਰ ਮੁਗਲੀਆ ਸਰਕਾਰ ਇਹ ਕਿਵੇਂ ਬਰਦਾਸ਼ਤ ਕਰ ਲਵੇਗੀ ? ਇਹ ਸਰਗਰਮੀਆਂ ਦਿੱਲੀ ਹਕੂਮਤ ਤੋਂ ਗੁੱਝੀਆਂ ਨਹੀਂ ਗੁਰੂ ਸਾਹਿਬ ਤੇ ਉਹ ਦਿਨ ਦੂਰ ਨਹੀਂ ਜਦ ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਵਾਂਗ। ਗੁਰਦੇਵ ਭੀਮ ਚੰਦ ਦਾ ਭਾਵ ਸਮਝ ਗਏ। ਬੁੱਲ੍ਹਾਂ ਉਤੇ ਕੁਝ ਮੁਸਕਰਾਹਟ ਆਉਣ ਤੋਂ ਬਾਦ ਕਿਸੇ ਅਗਾਧ ਜੋਸ਼ ਵਿਚ ਬੋਲੇ। ਰਾਜਾ ਸਾਹਿਬ ਉਹ ਸ਼ਾਂਤਮਈ ਦੇ ਜ਼ਮ ਨੇ ਗਏ। ਚਾਂਦਨੀ ਚੌਕ ਦਿੱਲੀ ਵਿਚ ਹੋਇਆ ਸ਼ਹੀਦੀ ਸਾਕਾ ਭਾਰਤ ਵਾਸੀਆਂ ਦੇ ਦਿਲ ਵਿਚ ਅੱਜ ਵੀ ਮਰ ਮਿਟਣ ਦੀ ਜਵਾਲਾ ਪੈਦਾ ਕਰ ਗਿਆ ਹੈ। ਹੋਰ ਸੁਣੋ ਸਾਨੂੰ ਬਾਦਸ਼ਾਹਤ ਕਾਇਮ ਕਰਨ ਦੀ ਕੋਈ ਲਾਲਸਾ ਨਹੀਂ।

*ਇਹੈ ਕਾਜ ਧਰਾ ਹਮ ਜਨਮੰ ॥*
*ਸਮਝ ਲੇਹੁ ਸਾਧੂ ਸਭ ਮਨਮੰ ॥*
*ਧਰਮ ਚਲਾਵਣ ਸੰਤ ਉਬਾਰਣ ॥*
*ਦੁਸ਼ਟ ਸਭਨ ਕੋ ਉਬਾਰਣ ॥*

*(ਬਚਿਤ੍ਰ ਨਾਟਕ)*

ਚੁਨਾਂਚਿ ਦਸਮੇਸ਼ ਜੀ ਦੇ ਜਜ਼ਬਾਤ ਕਿਸੇ ਉਰਦੂ ਦੇ ਕਵੀ ਨੇ ਇਉਂ ਅੰਕਤ ਕੀਤੇ ਹਨ।

*ਲੀਆ ਹੈ ਜਨਮ ਮੈਂ ਬੇਦਾਦ ਕੇ ਪੁਰਜੇ ਉਡਾਣੇ ਕੋ।*
*ਸਿਤਮਗਰ ਕਾ ਸਿਤਮ ਔਰਾ ਕੇ ਹਸਤੀ ਸੇ ਮਿਟਾਨੇ ਕੋ।*
*ਗਰੀਬੋਂ ਬੇਨਿਵਾਓਂ ਬੇਕਸੋਂ ਕਾ ਭੁਲਾਣੇ ਕੋ।*
*ਫਿਜ਼ਾਓ ਮੇਂ ਹਕੀਕੀ ਧਰਮ ਕਾ ਪਰਚਮ ਝੁਲਾਨੇ ਕੋ।*
*ਮੈਂ ਆਇਆ ਹੂੰ ਕਿ ਦਿਲ ਗਰਮਾਉਂ ਅਫਸੁਰ ਦਾ ਜਵਾਨੋਂ ਕੇ।*
*ਮੈਂ ਆਇਆ ਹੂੰ ਕਿ ਆਂਸੂ ਪੂੰਛ ਡਾਲੂੰ ਨਾਤ ਵਾਨੋਂ ਕੇ।*
*ਦੁਨੀਆਂ ਕੋ ਬਕਾ ਰਾ ਰਾਜ਼ ਸਮਝਾਨੇ ਕੋ ਆਇਆ ਹੂੰ।*
*ਵਤਨ ਪਰ ਬਾਰਸ਼ਿ ਤਨਬੀਰ- ਬਰਸਾਨੇ ਕੋ ਆਇਆ ਹੂੰ।*
*ਮੈਂ ਸੰਤੋਂ ਸਾਧੂਓਂ ਕੇ ਕਲਬ ਬਰਸਾਨੇ ਕੋ ਆਇਆ ਹੂੰ।*
*ਮੈਂ ਆਪਣੇ ਧਰਮ ਕਾ ਅਫਸਾਨਾ ਦੋਹਰਾਨੇ ਕੋ ਆਇਆ ਹੂੰ।*
*ਮੁਝੇ ਮਜ਼ਲੂਮ ਕੇ ਗ਼ਮ ਕੋ ਮਿਟਾਨਾ ਖ਼ੂਬ ਆਤਾ ਹੈ।*
*ਮੁਝੇ ਚਿੜੀਓਂ ਸੇ ਬਾਜ਼ੋਂ ਕੋ ਤੁੜਾਨਾ ਖ਼ੂਬ ਆਤਾ ਹੈ।*
*ਮੁਝੇ ਤਲਵਾਰ ਕਾ ਜੌਹਰ ਦਿਖਾਣਾ ਖ਼ੂਬ ਆਤਾ ਹੈ।*

*ਮੁਝੇ ਗਿੱਦੜੋਂ ਕੋ ਸ਼ੇਰੋਂ ਸੇ ਲੜਾਣਾ ਖ਼ੂਬ ਆਤਾ ਹੈ।*
*ਨਾਮੁਮਕਨ ਹੈ ਕਿ ਦਬ ਜਾਊਂ ਕਿਸੀ ਇਨਸਾਨ ਕੇ ਆਗੇ।*
*ਇਰਾਦਾ ਝੁਕ ਨਹੀਂ ਸਕਤਾ ਕਿਸੀ ਤੂਫ਼ਾਨ ਕੇ ਆਗੇ।*

ਸ੍ਰੀ ਕਲਗੀਧਰ ਜੀ ਕਹੀ ਗਏ ਭੀਮ ਚੰਦ ਸੁਣੀ ਗਿਆ ਰਾਜਾ ਸਾਹਿਬ ! ਅਸਾਂ ਦੁਖੀਆਂ ਦਾ ਦਰਦ ਵਡਾਉਂਦੇ ਹਨ ਅਸਾਂ ਮਜ਼ਲੂਮਾਂ ਦੀ ਰਾਖੀ ਕਰਨੀ ਹੈ। ਅਸਾਂ ਊਚ-ਨੀਚ ਦਾ ਭੇਦ ਮਿਟਾਉਣਾ ਹੈ। ਅਸਾਂ ਦੇਵੀ-ਦੇਵਤੇ ਬੁੱਤਾਂ ਦੀ ਪੂਜਾ ਤੋਂ ਹਟਾ ਕੇ ਲੋਕਾਂ ਨੂੰ ਨਿਰੰਕਾਰ ਦੀ ਪੂਜਾ ਦੱਸਣੀ ਹੈ। ਅਸਾਂ ਭਾਰਤ ਵਰਸ਼ ਦੀ ਗ਼ੁਲਾਮੀ ਨੂੰ ਅਜ਼ਾਦੀ ਵਿਚ ਬਦਲਣਾ ਹੈ। ਅਣਖ ਬਦਲੇ ਮਰ ਮਿਟਾਂਗੇ ਅਤੇ ਧਰਮ ਦੀ ਰਾਖੀ ਕਰਾਂਗੇ ਤੁਸੀਂ ਰਾਜਪੂਤ ਹੋ ਆਓ ਸੁਤੰਤਰਤਾ ਦੇ ਘੋਲ ਵਿਚ ਸ਼ਾਮਲ ਹੋਵੋ। ਕੇਸਰੀ ਝੰਡੇ ਹੇਠ ਇਕੱਠੇ ਹੋ ਕੇ ਹੰਭਲਾ ਮਾਰੋ। ਔਰ ਮੁਗਲਾਂ ਦੀ ਗ਼ੁਲਾਮੀ ਦਾ ਜੂਲ਼ਾ ਲਾਹ ਕੇ ਪਰ੍ਹੇ ਵਗਾਹ ਮਾਰੋ।

*ਅਖਲਾਸ ਮੁਹੱਬਤ ਕਾ ਇਸ਼ਾਰਾ ਬਣ ਜਾਓ।*
*ਦੁੱਖ ਦਰਦ ਕੇ ਮਾਰੋਂ ਕਾ ਸਹਾਰਾ ਬਣ ਜਾਓ।*
*ਬੇਕਸ ਕਾ ਸਫੀਨਾ ਹੋ ਅਗਰ ਤੂਫਾਂ ਮੇਂ।*
*ਤੁਮ ਉਠ ਕੇ ਬੁੜ੍ਹੋ ਬੜ੍ਹ ਕਰ ਕਿਨਾਰਾ ਬਣ ਜਾਓ।*

ਰਾਜਾ ਭੀਮ ਚੰਦ ਸਭ ਕੁਝ ਸੁਣ ਕੇ ਖਾਮੋਸ਼ ਹੋ ਗਿਆ ਤੇ ਸੋਚਾਂ ਵਿਚ ਪੈ ਗਿਆ। ਦਿਲ ਵਿਚ ਈਰਖਾ ਤੇ ਲਾਲਚ ਦੇ ਭਾਂਬੜ ਬਾਲ ਕੇ ਤੁਰ ਗਿਆ। ਸੋਚਣ ਲੱਗਾ ਅਨੰਦਪੁਰੀਏ ਗੁਰੂ ਦੀ ਵਧਦੀ ਤਾਕਤ ਕਿਸੇ ਦਿਨ ਨੂੰ ਮੇਰੀ ਰਿਆਸਤ ਲਈ ਵੀ ਖ਼ਤਰਾ ਸਾਬਤ ਹੋ ਸਕਦੀ ਹੈ। ਓਹਨੇ ਦਿਲ ਨਾਲ ਫੈਸਲਾ ਕੀਤਾ ਕਿ ਏਸ ਵਧਦੀ ਲਹਿਰ ਨੂੰ ਰੋਕਣਾ ਚਾਹੀਦਾ ਹੈ।

*ਜਾਂ ਡਿੱਠੀ ਰਾਜੇ ਭੀਮ ਚੰਦ ਨੇ*
*ਸ਼ਾਨ ਅਨੋਖੀ ਗੁਰਾਂ ਦੀ।*
*ਓਹਦੇ ਸੀਨੇ ਦੇ ਵਿਚ ਨਾਗ,*
*ਈਰਖਾ ਲੋਭ ਪਾਪ ਦਾ ਲੜ ਗਿਆ।*
*ਉਹ ਵਿਸ ਘੋਲਦਾ ਮੁੜ ਗਿਆ।*
*ਉਹਦੀ ਜਾਵੇ ਕੋਈ ਪੇਸ਼ ਨਾ,*
*ਉਹਨੇ ਦਿਲ ਵਿਚ ਖਾਧੀ ਖਾਰ ਬੜੀ।*
*ਉਹ ਕੋਇਲੇ ਵਾਂਗੂੰ ਸੜ ਗਿਆ।*
*ਉਹ ਚਾਹਵੇ ਚੀਜਾਂ ਠੱਗ ਕੇ ਮੈਂ।*
*ਸਤਿਗੁਰ ਤੋਂ ਮੰਗਵਾ ਲਵਾਂ।*
*ਉਹਨੇ ਸੱਚ ਨੂੰ ਛਿਕੇ ਟੰਗਿਆ।*
*ਉਹ ਝੂਠ ਨਦੀ ਵਿਚ ਹੜ੍ਹ ਗਿਆ।*

*ਪਰ 'ਦਿਲਬਰ' ਕਲਗੀਧਰ ਨੂੰ,*
*ਉਹ ਕੌਣ ਜੋ ਧੋਖਾ ਦੇ ਸਕੇ,*
*ਜੋ ਚਰਨੀ ਲਗਾ ਤਰ ਗਿਆ ।*
*ਜੋ ਅੜਿਆ ਏਥੇ ਝੜ ਗਿਆ ।*

ਰਾਜਾ ਲੋਭ ਲਹਿਰ ਵਿਚ ਘਿਰ ਗਿਆ ਸੋਚ ਫੁਰੀ ਇਹ ਸ਼ਾਹੀ ਸ਼ਾਨੋ-ਸ਼ੌਕਤ ਵਾਲੀਆਂ ਚੀਜ਼ਾਂ ਪਸ਼ਮੀਨੇ ਦੀ ਚਾਂਦਨੀ ਪਰਸਾਦੀ ਹਾਥੀ ਚੰਦਨ ਦੀ ਚੌਕੀ ਪੰਜ ਕਲਾ ਸ਼ਸਤਰ ਫਕੀਰਾਂ ਕੋਲ ਨਹੀਂ ਸਗੋਂ ਰਾਜਿਆਂ ਕੋਲ ਸੋਭਦੀਆਂ ਨੇ। ਇਸ ਲਈ ਇਹ ਸਭ ਚੀਜ਼ਾਂ ਗੁਰੂ ਕੋਲੋਂ ਕਿਸੇ ਤਰ੍ਹਾਂ ਠੱਗ ਕੇ ਲੈ ਆਉਣੀਆਂ ਚਾਹੀਦੀਆਂ ਨੇ। ਮਗਰੋਂ ਵਿਹਰ ਜਾਵਾਂਗੇ ਅਤੇ ਇਹ ਬਹਾਨਾ ਵੀ ਛੇਤੀ ਹੀ ਮਿਲ ਗਿਆ। ਭੀਮ ਚੰਦ ਦੇ ਲੜਕੇ ਕੋਲ ਅਗਮੇਰ ਚੰਦ ਦੀ ਕੁੜਮਾਈਆਂ ਗਈ ਰਾਜੇ ਨੇ ਪੰਡਤ ਚਤਰੂ ਨੂੰ ਭੇਜਿਆ ਜੋ ਚੰਗਾ ਨੀਤੀਵਾਨ ਸੀ। ਕਿ ਚੀਜ਼ਾਂ ਇਕ ਵਾਰੀ ਗੁਰੂ ਕੋਲੋਂ ਕਿਸੇ ਤਰ੍ਹਾਂ ਲੈ ਆ, ਮੁੜ ਕੇ ਦੇਂਦਾ ਮੈਂ ਨਹੀਂ। ਪੰਡਤ ਚਤਰੂ ਅਨੰਦਪੁਰ ਪੁੱਜਾ ਤੇ ਗੁਰੂ ਦਰਬਾਰ ਸਾਹਿਬ ਵਿਚ ਆ ਕੇ ਕਹਿਣ ਲੱਗਾ।

## ਕਲੀ

*ਪੰਡਤ ਚਤਰੂ ਦਿਲ ਵਿਚ ਕਪਟ ਧਾਰ ਕੇ ਆ ਗਿਆ,*
*ਆ ਕੇ ਦਰਸ਼ਨ ਕੀਤਾ ਸਤਿਗੁਰ ਦੇ ਦਰਬਾਰ ਦਾ ।*
*ਸੂਰਜ ਵੇਖ-ਵੇਖ ਸ਼ਰਮਾਵੇ ਸੱਚੇ ਸਤਿਗੁਰੂ ਨੂੰ,*
*ਨੂਰੀ ਕਲਗੀ ਹੇਠਾਂ ਮੱਥਾ ਡਲ੍ਹਕਾਂ ਮਾਰਦਾ।*
*ਰਸਮੀ ਤੌਰ 'ਤੇ ਆ ਕੇ ਮੱਥਾ ਟੇਕਿਆ ਪੰਡਤ ਨੇ,*
*ਲੱਗਾ ਕਰਨ ਵਕਾਲਤ ਫਿਰ ਪੁਤਲਾ ਹੰਕਾਰ ਦਾ।*
*ਕਹਿੰਦਾ ਰਾਜਾ ਦਰਸ਼ਨ ਕਰ ਗਿਆ ਜਿਸ ਦਿਨ ਤੁਸਾਂ ਦੇ,*
*ਓਸੇ ਦਿਨ ਦਾ ਸੇਵਕ ਬਣ ਗਿਆ ਏ ਕਰਤਾਰ ਦਾ।*
*ਹਰਦਮ ਗੌਂਦਾ ਰਹਿੰਦਾ ਜੱਸ ਤੁਸਾਂ ਦਾ ਦਾਤਾ ਜੀ,*
*ਨਾਮ ਜਪਦਾ ਰਹਿੰਦਾ ਏ ਨਾਨਕ ਨਿਰੰਕਾਰ ਦਾ।*
*ਰਾਜੇ ਬੇਨਤੀ ਇਕ ਕੀਤੀ ਬਾਜ਼ਾਂ ਵਾਲਿਆ,*
*ਲਾਜ ਸੇਵਕਾਂ ਦੀ ਰੱਖਣੀ ਕੰਮ ਸਰਕਾਰ ਦਾ।*
*ਪੈਣਾ ਸ਼ਗਨ ਆਈ ਕੁੜਮਾਈ ਕੌਰ ਅਜਮੇਰ ਦੀ,*
*ਵੇਲਾ ਸ਼ਗਨਾਂ ਦਾ ਏ ਪਿਆਰ ਅਤੇ ਸਤਿਕਾਰ ਦਾ।*
*ਦੋ ਤਿੰਨ ਤੋਹਫ਼ੇ ਤੁਹਾਥੋਂ ਰਾਜੇ ਨੇ ਮੰਗ ਘੱਲੇ ਨੇ,*
*ਉੱਚੀ ਸ਼ਾਨ ਬਣੇਗੀ ਵੇਲਾ ਜੈ-ਜੈ ਕਾਰ ਦਾ।*
*ਰਾਜਾ ਸੇਵਕ ਤੁਹਾਡਾ ਉਹਦੀ ਸ਼ਾਨ ਤੁਹਾਡੀ ਏ,*
*ਥੋੜੇ ਚਰਨਾਂ ਤੋਂ ਉਹ ਤਨ ਮਨ ਧਨ ਹੈ ਵਾਰਦਾ ।*

*ਚੌਂਕੀ ਚੰਨਣ ਦੀ ਤੇ ਚਾਨਣੀ ਪਸ਼ਮੀਨੇ ਦੀ,*
*ਤੇ ਪਰਸਾਦੀ ਹਾਥੀ ਖੇਡਾਂ ਬਹੁਤ ਖਿਲਾਰਦਾ।*
*ਸ਼ਸਤਰ ਪੰਜ ਕਲਾ ਵੀ ਦੇ ਦਿਓ ਨੂੰ ਭੌਂਦਾ ਏ,*
*ਰਾਜਾ ਭੀਮ ਚੰਦ ਸਰਦਾਰ ਹੈ ਬਾਈ ਧਾਰ ਦਾ।*
*ਕਾਰਜ ਕਰਕੇ ਸਾਰੀਆਂ ਚੀਜ਼ਾਂ ਵਾਪਸ ਦੇ ਜਾਵਾਂਗੇ,*
*'ਦਿਲਬਰ' ਕਹਿਣਾ ਮੰਨ ਲਉ ਆਪਣੇ ਸੇਵਾਦਾਰ ਦਾ।*

ਗੁਰਦੇਵ ਵਜ਼ੀਰ ਦੀਆਂ ਸਭ ਗੱਲਾਂ ਸੁਣਦੇ ਗਏ। ਕਹਿਣ ਲੱਗੇ ਵਜ਼ੀਰ ਸਾਹਿਬ ਉਥੇ ਤਾਂ ਕਹਿ ਕੇ ਆਏ ਹੋ ਚੀਜ਼ਾਂ ਠੱਗ ਕੇ ਮੈਂ ਲੈ ਆਉਣਾ ਹਾਂ, ਦੇਣ ਤੋਂ ਤੁਸੀਂ ਵਿਹਰ ਜਾਇਆ ਜੇ ਤੇ ਸਾਨੂੰ ਕਹਿੰਦੇ ਹੋ ਆਪਣੀ ਜ਼ੁੰਮੇਵਾਰੀ 'ਤੇ ਪੁਚਾ ਦਿਆਂਗੇ। ਜਦ ਵਕਤ ਆਇਆ ਕਿਸ ਪਾਸੇ ਹੋਵੋਗੇ। ਦਿਲ ਦੀ ਬੁੱਝੀ ਗਈ, ਧਰਤੀ ਵਿਹਲ ਨਾ ਦੇਵੇ। ਹਜ਼ੂਰ ਕਹਿਣ ਲੱਗੇ ਪੰਡਤ ਜੀ ਜਾਓ ! ਕਹਿ ਦਿਉ ਰਾਜੇ ਭੀਮ ਚੰਦ ਨੂੰ ਇਹ ਚੀਜ਼ਾਂ ਮੇਰੀਆਂ ਨਹੀਂ, ਗੁਰ-ਗੱਦੀ ਦੀਆਂ ਨੇ, ਜਿਸ ਦਾ ਮੈਂ ਇਕ ਸੇਵਾਦਾਰ ਹਾਂ, ਇਹ ਦਿੱਤੀਆਂ ਨਹੀਂ ਜਾ ਸਕਦੀਆਂ। ਪੰਡਤ ਚਤਰੂ ਵਾਪਸ ਆ ਗਿਆ। ਰਾਜੇ ਭੀਮ ਚੰਦ ਨੂੰ ਹਾਲ ਆਣ ਸੁਣਾਇਆ। ਚਾਰ ਗੱਲਾਂ ਹੋਰ ਮਨੋਂ ਵਾਧੂ ਜੋੜ ਕੇ ਰਾਜੇ ਭੀਮ ਚੰਦ ਦੇ ਸੀਨੇ ਵਿਚ ਅੱਗ ਬਾਲ ਦਿੱਤੀ। ਰਾਜਾ ਲੋਹਾ ਲਾਖਾ ਹੋ ਗਿਆ। ਉਹਨੇ ਜੰਗ ਦੀ ਤਿਆਰੀ ਤੋਂ ਪਹਿਲੋਂ ਆਪਣੇ ਸਾਰੇ ਵਜ਼ੀਰਾਂ ਨੀਤੀਵਾਨ ਦਰਬਾਰੀਆਂ ਦੀ ਰਾਏ ਲੈਣ ਲਈ ਇਕ ਦਰਬਾਰ ਕੀਤਾ ਭਰੇ ਦਰਬਾਰ ਵਿਚ ਗੁੱਸੇ ਨਾਲ ਉਹ ਆਪਣੇ ਵਜ਼ੀਰ ਨੂੰ ਕਹਿਣ ਲੱਗਾ।

## ਬੈਂਤ

*ਰਾਜਾ ਭੀਮ ਚੰਦ ਗੁੱਸੇ ਵਿਚ ਕਹਿਣ ਲੱਗਾ,*
*ਪੈਣੇ ਖੋਲ੍ਹਣੇ ਮੂੰਹ ਦੋ ਨਾਲੀਆਂ ਦੇ।*
*ਖਾਲੀ ਗੁਰੂ ਨੇ ਅਹਿਦੀਏ ਮੋੜ ਘੱਲੇ,*
*ਮੈਨੂੰ ਸਮਝਿਆਂ ਵਾਂਗ ਸਵਾਲੀ ਦੇ।*
*ਮੇਰੀ ਤਾਕਤ ਨੂੰ ਮੰਨਦੇ ਕੁੱਲ ਰਾਜੇ,*
*ਆਉਂਦੇ ਲੈ-ਲੈ ਕੇ ਤੋਹਫ਼ੇ ਡਾਲੀਆਂ ਦੇ।*
*ਜਿਹੜੇ ਰੋਜ਼ ਅਨੰਦਪੁਰ ਲਾਉਣ ਨਾਹਰੇ,*
*ਉਡ ਜਾਣਗੇ ਵਾਂਗਰਾਂ ਲਾਲੀਆਂ ਦੇ।*
*ਹੱਲਾ ਇਕ ਮੇਰਾ ਉਹਨਾਂ ਰੋਕਣਾ ਨਹੀਂ,*
*ਫਿਰਦੇ ਜਥੇ ਜੋ ਹਾਲੀਆਂ ਪਾਲੀਆਂ ਦੇ।*
*ਟੰਗ ਦਿਆਂ ਕਹਿਲੂਰ ਦਰਵਾਜ਼ਿਆਂ 'ਤੇ,*
*ਵੱਢ-ਵੱਢ ਕੇ ਸੀਸ ਅਕਾਲੀਆਂ ਦੇ।*

ਲੋਕ ਕਹਿੰਦੇ ਨੇ ਰੋਹੀ ਵਿਚ ਕੰਵਲ ਨਹੀਂ ਹੋ ਸਕਦਾ ਕਾਦਰ ਦੀ ਕੁਦਰਤ ਚਾਹੇ ਤਾਂ ਕੱਲਰ ਵਿਚ ਵੀ ਉਗਾ ਦੇਵੇ। ਜੇ ਬੱਤੀਆਂ ਦੰਦਾਂ ਵਿਚ ਕੋਮਲ ਜਿਹੀ ਜ਼ਬਾਨ ਰਹਿ ਸਕਦੀ ਹੈ ਤਾਂ ਬਾਈ ਧਾਰ ਦੇ ਪੂਜਾ ਵਜ਼ੀਰ ਦੇਵੀ ਚੰਦ ਵਰਗਾ ਅਕਾਲ ਪਰਸੱਤ ਕਿਵੇਂ ਨਹੀਂ ਰਹਿ ਸਕਦਾ। ਦੇਵੀ ਚੰਦ ਰਾਜੇ ਭੀਮ ਚੰਦ ਦਾ ਇਕ ਨੀਤੀਵਾਨ ਵਜ਼ੀਰ ਸੀ ਅਤੇ ਕਲਗੀਧਰ ਪਾਤਿਸ਼ਾਹ ਦਾ ਅਨਿਨ ਸ਼ਰਧਾਲੂ ਸਿੱਖ ਸੀ ਜਿਵੇਂ ਬੁੱਤ ਪੂਜਾ ਦੇ ਘੇਰੇ ਵਿਚੋਂ ਨਿਕਲਕੇ ਹਜ਼ਰਤ ਮੁਹੰਮਦ ਸਾਹਿਬ ਨੇ ਤੌਹੀਦ ਦਾ ਪ੍ਰਚਾਰ ਕੀਤਾ ਸੀ। ਜਿਵੇਂ ਹਰਨਾਖਸ਼ ਵਰਗੇ ਨਾਸਤਕ ਦੇ ਘਰ ਜਨਮ ਲੈ ਕੇ ਪ੍ਰਹਿਲਾਦ ਨੇ ਈਸ਼ਵਰ ਭਗਤੀ ਦੀ ਲਹਿਰ ਚਲਾ ਦਿੱਤੀ ਸੀ। ਤਿਵੇਂ ਬਾਈ ਧਾਰ ਦੇ ਬੁੱਤ ਪੂਜਾ ਵਿਚ ਰਹਿ ਕੇ ਵੀ ਵਜ਼ੀਰ ਦੇਵੀ ਚੰਦ ਪੂਰਨ ਗੁਰਸਿੱਖ ਸੀ ਅਤੇ ਹੋਰਨਾਂ ਨੂੰ ਗੁਰਸਿੱਖੀ ਦੀ ਜਾਗ ਲਾਉਂਦਾ ਸੀ। ਇਹ ਭੀ ਦਰਬਾਰ ਵਿਚ ਬੈਠਾ ਰਾਜੇ ਭੀਮ ਚੰਦ ਦਾ ਲੈਕਚਰ ਸੁਣ ਰਿਹਾ ਸੀ। ਇਸ ਤੋਂ ਰਿਹਾ ਨਾ ਗਿਆ, ਇਹ ਉਠ ਕੇ ਇਉਂ ਕਹਿਣ ਲੱਗਾ।

## ਬੈਂਤ

*ਗਿੱਦੜ ਭਬਕੀਆਂ ਮਾਰੀਆਂ ਜਦੋਂ ਰਾਜੇ,*
*ਦੇਵੀ ਚੰਦ ਵਜ਼ੀਰ ਉਠ ਕਹਿਣ ਲੱਗਾ।*
*ਗਿਠਾਂ ਨਾਲ ਸਾਗਰ ਜਾਂਦੇ ਨਹੀਂ ਨਾਪੇ,*
*ਫੂਕ ਨਾਲ ਪਹਾੜ ਨਹੀਂ ਢਹਿਣ ਲੱਗਾ।*
*ਜਿਹੜਾ ਅੜੇਗਾ ਝੜੇਗਾ ਗੁਰੂ ਅੱਗੇ,*
*ਉਹਦਾ ਤੇਜ ਪ੍ਰਤਾਤ ਨਹੀਂ ਰਹਿਣ ਲੱਗਾ।*
*'ਦਿਲਬਰ' ਸੋਚ ਲਓ ਅਜੇ ਵਿਚਾਰ ਕਰਕੇ,*
*ਰੱਬ ਨਾਲ ਮੁਕਾਬਲਾ ਪੈਣ ਲੱਗਾ।*

ਸੱਚ ਦੇ ਪੁਜਾਰੀ ਸੱਚ ਬਦਲੇ ਆਪਾ ਵਾਰ ਦੇਂਦੇ ਨੇ। ਇਕ ਆਦਮੀ ਬਦਾਂ ਵਿਚ ਰਹਿ ਕੇ ਵੀ ਨੇਕੀ ਨਹੀਂ ਛੱਡਦੇ। ਪੂਰਨਮਾਸ਼ੀ ਦਾ ਚੰਦ ਬੱਦਲਾਂ ਵਿਚ ਆ ਕੇ ਵੀ ਆਪਣੀ ਸੁੰਦਰਤਾ ਨਹੀਂ ਗਵਾਉਂਦਾ। ਉਰਦੂ ਦੇ ਸ਼ਾਇਰ ਅਖਤਰ ਨੇ ਠੀਕ ਕਿਹਾ ਹੈ।

ਸਯਾਹ ਰੁ ਬਾਦਲੋਂ ਮੇਂ ਖ਼੍ਵਾਹ ਕਿਤਨਾਂ ਹੀ ਰਹਿ, ਅਖਤਰ ਮਹਿਤਾਬਾਂ ਫੀਕ ਨਹੀਂ ਪੜਤਾ ਨਿੱਖਰਤਾ ਹੈ।

ਯੂੰਹੀ ਜੋ ਫਿਤਰਤਨ ਸੰਜੀਦਾ ਦਿਲ ਹੋ ਸੁਹਬਤਿ ਬਦ ਮੇਂ ਵੋ ਜਿਤਨਾ ਡੂਬਤਾ ਹੈ ਉਤਨਾ ਹੀ ਉਭਰਤਾ ਹੈ।

ਦੇਵੀ ਚੰਦ ਨੀ ਕਿਹਾ ਰਾਜਾ ਸਾਹਿਬ ਮੈਂ ਆਪ ਦਾ ਨਮਕ ਖਾਧਾ ਹੈ ਨੇਕ ਰਾਏ ਜ਼ਰੂਰ ਦਿਆਂਗਾ ਉਹ ਗੁਰੂ ਨਾਨਕ ਦੀ ਗੱਦੀ ਹੈ ਜਿਸ ਨੂੰ ਦੁਨੀਆਂ ਭਰ ਦੇ ਵਾਲੀ, ਪੀਰ-ਫ਼ਕੀਰ ਔਲੀਏ ਰਾਜੇ-ਮਹਾਰਾਜੇ ਬੀਰ ਯੋਧੇ ਸੱਜਦੇ ਅਦਾ ਕਰਦੇ

ਨੇ। ਰਿਧੀਆਂ- ਸਿਧੀਆਂ-ਨਿਧੀਆਂ ਸ਼ਕਤੀਆਂ ਉਸ ਦਰਬਾਰ ਦਾ ਝਾੜੂ ਕਰਦੀਆਂ ਨੇ। ਗੁਰੂ ਨਾਲ ਲੜ ਕੇ ਨਾ ਕੋਈ ਜਿੱਤਿਆ ਹੈ, ਨਾ ਜਿੱਤੇਗਾ। ਚੰਦ ਵੱਲ ਮੂੰਹ ਕਰਕੇ ਜੋ ਥੁੱਕਦਾ ਹੈ ਉਹ ਆਪਣੇ ਮੂੰਹ 'ਤੇ ਪਵਾ ਲੈਂਦਾ ਹੈ।

ਉਹ ਰੱਬ ਦਾ ਪੁੱਤਰ ਰੱਬ ਹੈ।

***ਹੱਕ-ਹੱਕ ਆਈਨਾ ਗੁਰੂ ਗੋਬਿੰਦ ਸਿੰਘ।***

*(ਭਾਈ ਨੰਦ ਲਾਲ ਜੀ)*

ਗੁਰੂ ਗੋਬਿੰਦ ਸਿੰਘ ਰੱਬ ਹੈ ਔਰ ਰੱਬ ਦੇ ਵੇਖਣ ਵਾਲਾ ਸ਼ੀਸ਼ਾ ਹੈ।

## ਉਹ ਤਾਂ

***ਸੰਤੋਂ ਕੇ ਲੀਏ ਬਕਾ ਲੇ ਕੇ ਆਇਆ।***
***ਦੁਸ਼ਟੋਂ ਕੇ ਲੀਏ ਕਜ਼ਾ ਲੇ ਕੇ ਆਇਆ।***
***ਭਗਤੀ ਕੋ ਮਹਿਫੂਜ਼ ਰੱਖਣੇ ਕੀ ਖ਼ਾਤਰ,***
***ਵੋ ਪੱਥਰ ਪਿਘਿਸ ਕੇ ਹਿਨਾ ਲੇ ਕੇ ਆਇਆ।***
***ਵੋਹ ਜਨਤਾ ਕੇ ਦਿਲ ਮੇਂ ਦਰਦ ਲੇ ਕੇ ਆਇਆ।***
***ਔਰ ਉਸ ਦਰਦ ਕੀ ਵੋਹ ਦਵਾ ਲੇ ਕੇ ਆਇਆ।***
***ਝੁਕ ਜਾਓ ਸਤਿਕਾਰ ਸੇ ਸੁਨਣੇ ਵਾਲੋ,***
***ਖ਼ੁਦਾ ਦਾ ਸੰਦੇਸਾ ਖ਼ੁਦਾ ਲੇ ਕੇ ਆਇਆ।***

ਗੁਰੂ ਗੋਬਿੰਦ ਸਿੰਘ ਉਸ ਦਾਦੇ ਦਾ ਪੋਤਰਾ ਹੈ ਜਿਸ ਉਤੇ ਚਾਰ ਵਾਰ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਪਿਤਾ ਸ਼ਾਹ ਜਹਾਨ ਦੀਆਂ ਫੌਜਾਂ ਹਜ਼ਾਰਾਂ ਦੀ ਗਿਣਤੀ ਵਿਚ ਚੜ੍ਹ ਕੇ ਆਈਆਂ ਤੇ ਹਾਰ ਕੇ ਨਾਸ਼ ਗਈਆਂ ਕੁਝ ਖ਼ਤਮ ਹੋ ਗਈਆਂ। ਜੋ ਵੀ ਜਰਨੈਲ ਚੜ੍ਹ ਕੇ ਆਇਆ ਜਿਊਂਦਾ ਪਰਤ ਕੇ ਨਹੀਂ ਗਿਆ। ਇਸ ਲਈ ਗੁਰੂ ਨਾਲ ਤਾਕਤ ਅਜ਼ਮਾਈ ਕਰਨ ਤੋਂ ਪਹਿਲੇ ਸੋਚ ਲਵੇ। ਵਰਨਾ ਪਛਤਾਉਣਾ ਪਵੇਗਾ।

ਰਾਜੇ ਭੀਮ ਚੰਦ ਨੂੰ ਸੁਣਕੇ ਅੱਗ ਲੱਗ ਉਠੀ ਕਹਿਣ ਲੱਗਾ ਮੈਂ ਬਾਈਧਾਰ ਦਾ ਸਰਦਾਰ ਰਾਜਾ ਮੇਰਾ ਨਾਮ ਸੁਣਕੇ ਬੜੇ-ਬੜੇ ਯੋਧੇ ਦਹਿਲ ਉਠਦੇ ਨੇ ਓਇ ਨਮਕ ਹਰਾਮ ਤੂੰ ਮੇਰੇ ਟੁਕੜਿਆਂ 'ਤੇ ਪਲ ਕੇ ਮੇਰੇ ਈ ਖਿਲਾਫ ਬੋਲਦਾ ਏਂ ਤੇ ਮੇਰੇ ਦੁਸ਼ਮਨ ਦੀ ਤਾਰੀਫ ਕਰਦਾ ਏਂ।

**ਸਾਕਾ-**

***ਭੀਮ ਚੰਦ ਦਾ ਚੜ੍ਹ ਗਿਆ ਗੁੱਸੇ ਵਿਚ ਪਾਰਾ।***
***ਉਸ ਆਖਿਆ ਦੇਵੀ ਚੰਦ ਨੂੰ ਕੌਮੀ ਗੱਦਾਰਾ।***
***ਤੈਨੂੰ ਸ਼ਰਮ ਨਾ ਆਈ ਮੂਰਖਾ ਬੋਲੇਂ ਬਦਕਾਰਾ।***
***ਜਾਹ ਕਹਿ ਦੇ ਆਪਣੇ ਗੁਰੂ ਨੂੰ ਟਿੱਲ ਲਾ ਲੈ ਸਾਰਾ।***

*ਮੈਂ ਵੇਖਾਂਗਾ ਵਿਚ ਜੰਗ ਦੇ ਉਹਦਾ ਤੇਜ ਕਰਾਰਾ।*
*ਮੈਂ ਪੁੱਤਰ ਹਾਂ ਰਾਜਪੂਤ ਦਾ ਮੇਰਾ ਜੰਗੀ ਨਾਹਰਾ।*
*ਮੇਰੇ ਖੜਕੇ ਬਾਈਧਾਰ ਦਾ ਗੜਗਜ ਨਗਾਰਾ।*
*ਮੇਰੇ ਸਿਰ 'ਤੇ ਲਾਟਾਂ ਵਾਲੀ ਦਾ ਹੈ ਸਾਇਆ ਭਾਰਾ।*
*ਤੂੰ ਕਰੇਂ ਵਕਾਲਤ ਉਸ ਦੀ ਗੋਬਿੰਦ ਦਿਆ ਯਾਰਾ।*
*ਜਰਾ ਠਹਿਰ ਜਾ ਤੂੰ ਵੀ 'ਦਿਲਬਰਾ' ਲੈ ਵੇਖ ਨਜ਼ਾਰਾ।*

ਰਾਜੇ ਨੇ ਉਸੇ ਵੇਲੇ ਹੁਕਮ ਦੇ ਦਿੱਤਾ ਗ੍ਰਿਫਤਾਰ ਕਰ ਲਉ ਇਸ ਗੁਸਤਾਖ ਨੂੰ, ਦੋ ਸਿਪਾਹੀ ਆ ਗਏ ਵਜ਼ੀਰ ਦੇ ਹੱਥਾਂ ਨੂੰ ਕੜੀਆਂ ਪੈਰਾਂ ਨੂੰ ਬੇੜੀਆਂ ਲਾ ਕੇ ਹਵਾਲਾਤ ਵਿਚ ਦੇ ਦਿੱਤਾ। ਆਸਕ ਕਦੇ ਹੱਥ-ਕੜੀਆਂ ਜਜ਼ੀਰਾਂ ਜੇਹਲਾਂ ਤੋਂ ਡਰਿਆ ਕਰਦੇ। ਹੱਸ-ਹੱਸ ਕੇ ਪੁੱਠੀਆਂ ਖੱਲਾ ਲੁਹਾ ਲੈਂਦੇ ਨੇ ਸੂਲੀ ਉਤੇ ਚੜ੍ਹ ਕੇ ਵੀ ਐਨਅਲ-ਹੱਕ ਦਾ ਹੀ ਨਾਹਰਾ ਲਾਉਂਦੇ ਨੇ ਵਜ਼ੀਰ ਦੇ ਤਨ ਨੂੰ ਜੇਹਲ ਵਿਚ ਸੁਟਿਆ ਗਿਆ ਪਰ ਮਨ ਬਾਜ਼ਾਂ ਵਾਲੇ ਦੇ ਚਰਨਾਂ ਵਿਚ ਅਨੰਦਪੁਰ ਜਾ ਪੁੱਜਾ। ਕਈ ਦਰਬਾਰੀ ਮਖੌਲ ਕਰਣੇ ਨੇ ਲੈ ਲਿਆ ਸ਼ੁ ਸਵਾਦ ਅਨੰਦਪੁਰੀਏ ਦੀ ਸਿਫਤ ਕਰਕੇ।

*ਹੰਸਤਾ ਹੈ ਗੁਲ ਤੋ ਰੋਤੀ ਹੇ ਅੰਦਲੀਬ।*
*ਦੋ ਦਿਲ ਖੁਸ਼ੀ ਨਾ ਦੇਖੋ ਕਭੀ ਇਸ ਜਹਾਂ ਕੇ ਬੀਚ।*

ਪਰ ਆਸ਼ਕਾਂ ਨੂੰ ਕੀ, ਕਹ ਪ੍ਰੀਤ ਕੁਠਾ ਜੇਹਲ ਵਿਚ ਬੈਠਾ ਆਪਣੇ ਪ੍ਰੀਤਮ ਹੈ, ਯਾਦ ਕਰ ਰਿਹਾ ਏ।

## ਮਧੋੜਾ ਛੰਦ

*1 ਗੁੱਸੇ ਵਿਚ ਰਾਜਾ ਆਇਆ।*
*ਦੇਵੀ ਚੰਦ ਜੇਹਲ ਪੁਚਾਇਆ।*
*ਹੁਕਮ ਸਰਕਾਰ ਦਾ ਲੱਗਾ।*
*ਪਹਿਰਾ ਤਲਵਾਰ ਦਾ ਲੱਗਾ।*
*ਕਹਿੰਦਾ ਯਾਰ ਦੀ ਗਲਾ 'ਚ ਪੈਰ ਪਾਉਣਾ।*
*ਪਈ ਲੱਖਾਂ ਦੁੱਖ ਪੈਂਦੇ ਝੱਲਣੇ-*

*2 ਕਮਰਾ ਜੋ ਹਵਾਲਾਟ ਦਾ।*
*ਵੇਖਕੇ ਦਿਲ ਸੀ ਪਾਟਦਾ।*
*ਜਕੜਿਆਂ ਹੋਇਆ ਨਾਲ ਜੰਜ਼ੀਰਾਂ।*
*ਵਰਤ ਗਈਆਂ ਹਾਏ ਤਕਦੀਰਾਂ।*
*(ਪਰ) ਕਹਿੰਦਾ ਝੱਲਣਾ ਨਹੀਂ ਤਾਹਨਾ ਜੱਗ ਦਾ।*
*ਪਈ ਭੱਠ ਰਹਿਣਾ ਖੇੜਿਆਂ ਦਾ-*

ਸਾਨੂੰ ਯਾਰ ਦਾ ਸੱਥਰ ਚੰਗਾ ਲੱਗਦਾ ।
3 ਕੱਲ ਜੀਹਦਾ ਹੁਕਮ ਚਲਦਾ ।
ਬੈਠਾ ਅੱਜ ਦੁੱਖੜੇ ਝਲਦਾ ।
ਰੇਸ਼ਮ ਹੰਢੋਣ ਵਾਲਾ ।
ਫੁਲਾਂ 'ਤੇ ਸੌਣ ਵਾਲਾ ।
ਪੈ ਗਿਆ ਰੋੜਾਂ 'ਤੇ ਕਰਕੇ ਵਿਛੌਣਾ ।
ਪਈ ਲੱਖਾਂ ਦੁਖ ਪੈਂਦੇ ਝੱਲਣੇ-
ਔਖਾ ਬੜਾ ਹੈ ਪਿਆਰ ਨਿਭੌਣਾ ।
4 ਮੋਤੀਆਂ ਦੇ ਹਾਰ ਟੁੱਟ ਗਏ ।
ਜੱਗ ਨਾਲੋਂ ਪਿਆਰ ਟੁੱਟ ਗਏ ।
ਪ੍ਰੀਤਮ ਦਾ ਧਿਆਨ ਕਰ ਲਿਆ ।
ਹਿਰਦੇ ਵਿਚ ਫੋਟੋ ਧਾਰ ਕਰ ਲਿਆ ।
ਪਰ ਚਿਹਰਾ ਖੁਸ਼ੀ ਵਿਚ ਲੱਟ-ਲੱਟ ਦਗਦਾ ।
ਪਈ ਭੱਠ ਰਹਿਣਾ ਖੇੜਿਆ ਦਾ-
ਸਾਨੂੰ ਯਾਰ ਦਾ ਸੱਥਰ ਚੰਗਾ ਲੱਗਦਾ ।
5 ਹਵਾ ਹੱਥ ਸੁਨੇਹਾ ਘੱਲੇ ।
ਨੀ ਜਾਵੀਂ ਅਨੰਦਪੁਰ ਵੱਲੇ ।
ਆਖੀਂ ਸੁਣ ਮਿੱਤਰ ਪਿਆਰੇ ।
ਆਸ਼ਕ ਕਿਉਂ ਮਨੋਂ ਵਿਸਾਰੇ ।
ਮਾਹੀਆ ਇਕ ਵਾਰੀ ਦਰਸ਼ਨ ਦਿਖਾਉਣਾ ।
ਪਈ ਲੱਖਾਂ ਦੁੱਖ ਪੈਂਦੇ ਝੱਲਣੇ-
ਔਖਾ ਬੜਾ ਹੈ ਪਿਆਰ ਨਿਭੌਣਾ ।
6 ਸਤਿਗੁਰ ਨੂੰ ਕਹਿ ਦੇਈਂ ਜਾ ਕੇ ।
ਗਲ ਦੇ ਵਿਚ ਪੱਲਾ ਪਾ ਕੇ ।
ਮੁੱਖੜੇ ਦੀ ਝਲਕ ਦਿਖਾ ਜਾ ।
ਸੇਕੇ ਸਾੜਦਾ ਵਿਛੋੜੇ ਵਾਲੀ ਅੱਗ ਦਾ ।
ਪਈ ਭੱਠ ਰਹਿਣਾ ਖੇੜਿਆਂ ਦਾ....
ਸਾਨੂੰ ਯਾਰ ਦਾ ਸੱਥਰ ਚੰਗਾ ਲੱਗਦਾ ।
7 ਫੁੱਲਾਂ ਦੀਆਂ ਸੇਜ਼ਾਂ ਸੋਹਣੀਆਂ
ਪਰੀਆਂ ਵੀ ਮਨ ਨੂੰ ਮੋਹਣੀਆਂ ।
ਹੁਸਨ ਦੀਆਂ ਨਾਜ਼ ਅਦਾਵਾਂ
ਜ਼ੁਲਫਾਂ ਦੀਆਂ ਠੰਢੀਆਂ ਛਾਵਾਂ ।

*ਸਾਨੂੰ ਤੇਰੇ ਬਿਨਾਂ ਨਰਕ ਭਰੌਣਾ ।*
*ਪਈ ਪਹਿਲਾਂ ਦੁੱਖ ਪੈਂਦੇ ਝੱਲਣੇ ।*
*ਬੜਾ ਔਖਾ ਹੈ ਪਿਆਰ ਨਿਭੌਣਾ ।*
*8 ਸੁੰਦਰ ਜੋ ਮਹਿਲ ਮੁਨਾਰੇ ।*
*ਤੇਰੇ ਬਿਨ ਸੁੰਵੇ ਸਾਰੇ*
*ਫੁੱਲਾਂ ਦੇ ਖਿੜੇ ਬਗੀਚੇ ।*
*ਰੇਸ਼ਮੀ ਵਿਛੇ ਗਲੀਚੇ ।*
*ਕਾਹਨੂੰ ਮਾਇਆ 'ਚ ਫਸਾ ਕੇ ਸਾਨੂੰ ਠੱਗਦਾ ।*
*ਪਈ ਭੱਠ ਰਹਿਣਾ ਖੇੜਿਆਂ ਦਾ-*
*ਸਾਨੂੰ ਯਾਰ ਦਾ ਸੱਥਰ ਚੰਗਾ ਲੱਗਦਾ ।*
*9 ਛਲਕਣ ਪੈ ਲੱਖ ਪੈਮਾਨੇ ।*
*ਬਾਕੀ ਬਿਨ ਕੀ ਮੈਖਾਨੇ ।*
*ਮਹਿਫਲ ਦੇ ਰਾਗ ਰੰਗ ।*
*ਸੱਜਣਾਂ ਬਿਨ ਕਾਹਦਾ ਸੰਗ ।*
*ਭੁੱਲ ਜਾਂਵਦਾ ਹੈ ਹੱਸਣਾ ।*
*ਪਈ ਲੱਖਾ ਦੁੱਖ ਪੈਂਦੇ ਝੱਲਣੇ-*
*ਔਖਾ ਬੜਾ ਹੈ ਪਿਆਰ ਨਿਭੌਣਾ ।*
*10 ਮੇਰੇ ਵਿਚ ਗੁਣ ਨਹੀਂ ਕੋਈ ।*
*ਚਰਨਾਂ ਵਿਚ ਦੇ-ਦੇ ਢੋਈ ।*
*ਪ੍ਰੀਤਮ ਜੇ ਮੇਹਰ ਕਮਾਵੇਂ ।*
*'ਦਿਲਬਰ' ਨੂੰ ਗਲ ਨਾਲ ਲਾਵੇਂ ।*
*ਪਾਣੀ ਅੱਖੀਆਂ 'ਚੋਂ ਛਮ-ਛਮ ਵੱਗਦਾ ।*
*ਪਈ ਭੱਠ ਰਹਿਣਾ ਖੇੜਿਆਂ ਦਾ ਸਾਨੂੰ....*

ਮਾਹੀ ਦੀ ਯਾਦ ਵਿਚ ਰੌਂਦਿਆਂ ਆਸ਼ਕ ਨੇ ਰਾਤ ਬਿਤਾਈ ਕੱਲ੍ਹ ਮਖਮਲਾਂ 'ਤੇ ਸੌਂਦਾ ਸੀ ਅੱਜ ਰੋੜਾਂ 'ਤੇ ਵਿਛੋੜਾ ਕਰਨਾ ਪੈ ਗਿਆ ।

*ਰੰਗੀ ਏਂ ਕਿਸਮਤ ਕੇ ਤਮਾਸ਼ੇ ਭੀ ਅਜੀਬ ਹੈਂ,*
*ਇਕ ਦਮ ਬਣਾ ਦੇਤੀ ਹੈ ਸ਼ਾਹੋਂ ਕੋ ਗਦਾ ਜਿਹ ।*

ਕੱਲ੍ਹ ਸਾਰੀ ਰਿਆਸਤ ਉਤੇ ਹੁਕਮ ਚੱਲਦਾ ਸੀ । ਅੱਜ ਗੱਲੀਆਂ ਦੇ ਕੱਖ ਵੀ ਦੁਸ਼ਮਣ ਨੇ ।

*ਐ ਸਯਾਹ ਬਖਤੀ ਮੈਂ ਕਾਇਲ ਹੂੰ ਤੇਰੀ ਤਾਸੀਰ,*
*ਜਿਸ ਪਿ ਨਜ਼ਰ ਕੀ ਦੋਸ਼ਾਲੋਂ ਕੋ ਕੱਫਨ ਕਰ ਦੀਆ ।*

ਰਾਤ ਗੁਜਰੀ ਸੂਰਜ ਨੇ ਕਿਸੇ ਨਵੇਂ ਅੰਦਾਜ਼ ਵਿਚ ਕਹਿਲੂਰ ਦੀਆਂ ਪਹਾੜੀਆਂ 'ਤੇ ਕਿਰਨਾਂ ਸੁੱਟੀਆਂ। ਪੱਥਰ ਦਿਲ ਪਹਾੜੀਏ ਰਾਜੇ ਭੀਮ ਚੰਦ ਦਾ ਸੀਨਾਂ ਜਲ-ਬਲ ਉਠਿਆ ਕੁਝ ਸਿਪਾਹੀ ਨਾਲ ਲੈ ਸਿੱਧਾ ਜੇਹਲ ਖਾਨੇ ਪੁੱਜਾ। ਸੀਖਾਂ ਵਿਚ ਦੇਵੀ ਚੰਦ ਕਿਸੇ ਇਲਾਹੇ ਮਸਤੀ ਵਿਚ ਗੌਂ ਰਿਹਾ ਸੀ।

*ਤੂੰ ਹੋ ਯਾਰ ਤੋ ਸਾਰਾ ਜ਼ਮਾਨਾ ਯਾਰ ਹੋ ਜਾਏ।*
*ਜਿਧਰ ਹੋ ਮਰਜੀ ਤੇਰੇ ਚਰਨ ਜਿਸ ਧਰਤੀ ਪਿ ਪੜ ਜਾਏ।*
*ਬਸੇ ਉਜੜੇ ਹੂਏ ਵੀਰਨਾ ਭੀ ਗੁਲਜ਼ਾਰ ਹੋ ਜਾਏ।*
*ਸਦਕੇ ਇਕ ਇਕ ਕੇਸ਼ ਪਰ ਦੋਨੋਂ ਜਹਾਨੋਂ ਕੋ ਕਰੇ।*
*ਜਿਸ ਨੰਦ ਲਾਲ ਕੀ ਮਾਨਿੰਦ ਤੇਰਾ ਦੀਦਾਰ ਹੋ ਜਾਏ।*
*ਰੁਲੇ ਆ ਕਰ ਨਵਾਬੀ ਔਰ ਖਿਲਤ ਉਸ ਕੇ ਕਦਮੋਂ ਮੇਂ।*
*ਤੇਰੇ ਸਿੱਖੋਂ ਕੇ ਘੋੜੋਂ ਕਾ ਖਿਦਮਤਗਾਰ ਹੋ ਜਾਏ।*
*ਕਿਆ ਪ੍ਰਵਾਹ ਹੈ ਸੈਲੇ ਹਵਾਦਸ ਕੀ ਮੁਸਾਫਰ ਕੋ।*
*ਕਿ ਜਿਸ ਕੀ ਨਾਓ ਕਾ ਤੂੰ ਨਾ ਖੁਦਾ ਦਾਤਾਰ ਹੋ ਜਾਏ।*
*ਬਸ਼ਰ ਤੇਰੀ ਸੁਹੱਬਤ ਕਾ ਅਗਰ ਬੀਮਾਰ ਹੋ ਜਾਏ।*
*ਜਰਾ ਸੀ ਮਾਰਦੇ ਠੋਕਰ ਤੂੰ ਦਾਤਾ ਆਪਣੇ ਕਦਮੋਂ ਕੀ।*
*ਮੇਰੀ ਬਿਗੜੀ ਸੰਵਾਰ ਜਾਏ ਤੇਰਾ ਉਪਕਾਰ ਹੋ ਜਾਏ।*
*ਛੁਪੀ ਹੁਈ ਹੈਂ ਲਾਖੋਂ ਜੱਨਤੇਂ ਇਕ-ਇਕ ਇਸ਼ਾਰੇ ਮੇਂ।*
*ਨਿਗਾਹਿ ਜਾਂ ਫਿਜ਼ਾਇਸ਼ ਇਧਰ ਭੀ ਇਕ ਵਾਰ ਹੋ ਜਾਏ।*

*(ਸ਼ਰਮ ਜੀ)*

ਰਾਜਾ ਭੀਮ ਚੰਦ ਸੁਣਕੇ ਤੜਪ ਉਠਿਆ। ਕਹਿਣ ਲੱਗਾ ਵਜ਼ੀਰ ਸਾਹਿਬ ਅਜੇ ਅਨੰਦਪੁਰੀਏ ਦੀ ਯਾਦ ਨਹੀਂ ਭੁੱਲੀ ? ਦਰਸ਼ਨਾਂ ਨੂੰ ਦਿਲ ਬਹੁਤ ਚਾਹੁੰਦਾ ਹੋਵੇਗਾ ? ਕੋਲੋਂ ਰਾਜੇ ਕੇਸਰੀ ਚੰਦ ਨੇ ਮੁਸਕਰਾ ਕੇ ਕਿਹਾ ਜੇ ਜ਼ਿੰਦਾ ਨਹੀਂ ਤਾਂ ਮਰ ਕੇ ਜ਼ਰੂਰ ਛੇਤੀ ਦਰਸ਼ਨ ਕਰ ਲਵੇਗਾ।

*ਕੁਝ ਤੋ ਹੋਤੇ ਹੈਂ ਇਸ਼ਕ ਮੇਂ ਜਨੂੰ ਕੇ ਆਸਾਰ,*
*ਕੁਝ ਲੋਗ ਦੀਵਾਨਾ ਬਨਾ ਦੇਤੇ ਹੈਂ।*

ਦੇਵੀ ਚੰਦ ਸਭ ਕੁਝ ਸੁਣ ਰਿਹਾ ਸੀ। ਕਹਿਣ ਲੱਗਾ ਰਾਜਾ ਸਾਹਿਬ ਮੇਰੇ ਦਿਲ ਵਿਚ ਤੁਹਾਡਾ ਬੜਾ ਸਤਿਕਾਰ ਹੈ।

ਮੈਂ ਆਪ ਦਾ ਹਰ ਹੁਕਮ ਮੰਨਣ ਨੂੰ ਤਿਆਰ ਪਰ....ਵਿਚੋਂ ਦੀ ਗੱਲ ਟੋਕ ਕੇ ਭੀਮ ਚੰਦ ਬੋਲਿਆ ਪਰ....ਅਨੰਦਪੁਰੀਏ ਦੇ ਖਿਲਾਫ ਕੁਝ ਨਹੀਂ ਸੁਣ ਸਕਦਾ ਦੇਵੀ ਚੰਦ ਨੇ ਹਾਂ ਵਿਚ ਸਿਰ ਹਿਲਾਇਆ ਕੁਝ ਚਿਰ ਦੋਹਾਂ ਪਾਸਿਆਂ ਤੋ ਚੁੱਪ ਰਹੀ ਖਾਮੋਸ਼ੀ ਛਾ ਗਈ। ਫਿਰ ਗੁਰਸਿੱਖ ਦੇ ਬੁੱਲ੍ਹ ਫਰਕੇ ਤੇ ਆਵਾਜ਼ ਆਈ।

ਤਜੱਲਾ ਤੇਰੀ ਜ਼ਾਤ ਕਾ ਸੂ ਬਸੂ ਹੈ,
ਜਿਧਰ ਦੇਖਤਾ ਹੂੰ ਉਧਰ ਤੂ ਹੀ ਤੂ ਹੈ।
ਦੀਦਾਰਿ ਖ਼ੁਦਾ ਗਰ ਨਹੀਂ ਤੂਨੇ ਦੇਖਾ,
ਗੋਬਿੰਦ ਸਿੰਘ ਕੋ ਦੇਖੋ ਵੁਹੀ ਹੂ-ਬ-ਹੂ ਹੈ।

[ਜੋਗੀ ਅਲਾ ਯਾਰ ਖਾਂ]

ਭੀਮ ਚੰਦ ਤਲਮਲਾਇਆ ਗੁੱਸੇ ਤੇ ਰੋਅਬ ਵਿਚ ਦੇਵੀ ਚੰਦ ਨਾਲ ਕੁਝ ਗੱਲ ਕਰਦਾ ਏ, ਦੋਹਾਂ ਦੇ ਸਵਾਲ-ਜਵਾਬ ਇਉਂ ਹੁੰਦੇ ਹਨ।

## ਤਰਜ਼-ਜੱਟ ਕੁੜੀਆਂ ਤੋਂ ਡਰਦਾ ਮਾਰਾ ਮੋਢੇ ਉੱਤੇ....

ਰਾਜਾ-ਤੇਰੀ ਮੱਤ ਕਿਉਂ ਵਜ਼ੀਰਾ ਮਾਰੀ,
ਤੂੰ ਸ਼ਾਹੀ ਨਾਲ ਮੱਥਾ ਲਾ ਲਿਆ।
ਦੇਵੀ ਚੰਦ-ਕੋਈ ਸੱਚ ਨੂੰ ਦਬਾ ਨਹੀਂ ਸਕਦਾ,
ਇਹ ਝੂਠੇ ਦਾਹਵੇ ਟੁੱਟ ਜਾਣਗੇ।
ਰਾਜਾ-ਸਾਰੀ ਉਮਰ ਨਮਕ ਮੇਰਾ ਖਾ ਕੇ,
ਤੂੰ ਕੀਤਾ ਏ ਹਰਾਮ ਵੇਰੀਆ।
ਵਜ਼ੀਰ-ਤੇਰੇ ਜਾਲ 'ਚ ਗੁਰੂ ਨਹੀਂ ਫਸਿਆ,
ਤੇ ਹੁਣ ਤੇਰੇ ਪਾਪ ਕੰਬਦੇ।
ਰਾਜਾ-ਜਾਦੂ ਧੂੜਿਆ ਗੁਰੂ ਨੇ ਤੇਰੇ ਸਿਰ 'ਤੇ,
ਤੂੰ ਫੇਰ ਪਛਤੌਣਾ ਮੂਰਖਾ।
ਵਜ਼ੀਰ-ਤੇਰੇ ਦਾਦੇ ਨੂੰ ਛਡਾਇਆ ਛੇਵੇਂ ਪਾਤਿਸ਼ਾਹ,
ਤੂੰ ਭੁੱਲ ਨਾ ਅਹਿਸਾਨ ਰਾਜਿਆ।
ਰਾਜਾ-ਦੁੱਧ ਪੀ ਕੇ ਸ਼ੇਰਨੀ ਮਾਂ ਦਾ,
ਤੂੰ ਗੁਰੂ ਕੋਲੋਂ ਕੰਬਦਾ ਫਿਰੈਂ।
ਵਜ਼ੀਰ-ਓਹਦਾ ਟਾਕਰਾ ਕਿਸੇ ਕੀ ਕਰਨਾ।
ਉਹ ਮਾਲਕ ਹੈ ਤਿੰਨ ਲੋਕ ਦਾ।
ਰਾਜਾਂ-ਵੇਖੂੰ ਜੰਗ 'ਚ ਗੁਰੂ ਦਾ ਸ਼ਕਤੀ,
ਮੈਂ ਬੰਨ੍ਹ ਕੇ ਲਿਆਵਾ ਉਸ ਨੂੰ।
ਵਜ਼ੀਰ-ਜੇ ਓਹ ਅੱਖ ਦਾ ਇਸ਼ਾਰਾ ਕਰਦੇ,
ਤਾਂ ਧਰੀ ਅਕਾਸ਼ ਡੋਲ ਜਾਦ।
ਰਾਜਾ-ਤੈਨੂੰ ਕਿਸੇ ਨਹੀਂ ਛਡਾਉਣਾ ਮੂਰਖਾ,
ਮੈਂ ਸੂਲੀ ਉਤੇ ਟੰਗ ਦਿਆਂਗਾ।

*ਵਜ਼ੀਰ-ਆਪੇ ਰੱਖ ਲਊ ਕਲਗੀਆਂ ਵਾਲਾ,*
*ਮੈਂ ਜੀਹਦੇ ਨਾਂ ਦੀ ਮਾਲਾ ਫੇਰਦਾ।*
*ਰਾਜਾ-ਤੇਰਾ ਵੇਖ ਲਾ ਕਲਗੀਆਂ ਵਾਲਾ,*
*ਤੂੰ ਸੱਦ ਲੈ ਅਨੰਦਪੁਰ ਪੁਰ ਤੋਂ।*
*ਦੇਵੀ ਚੰਦ-ਜੀਹਦੇ ਦਿਲ ਵਿਚ 'ਦਿਲਬਰ, ਵਸਦਾ*
*ਉਹ ਮੌਤ ਤੋਂ ਨਾ ਡਰੇ ਰਾਜਿਆਂ।*

ਦੇਵੀ ਚੰਦ ਨੇ ਕਿਹਾ ਰਾਜਾ ਸਾਹਿਬ ਇਹ ਠੀਕ ਹੈ ਮੈਂ ਤੁਹਾਡਾ ਨਮਕ ਖਾਧਾ ਹੈ ਅਤੇ ਏਸੇ ਲਈ ਹੀ ਮੈਂ ਆਪ ਨੂੰ ਨੇਕ ਰਾਏ ਦੇ ਰਿਹਾ ਹਾਂ ਕਿ ਤੁਹਾਡੇ ਦਾਦੇ ਤਾਰਾ ਚੰਦ ਨੂੰ ਦਸਮੇਸ਼ ਗੁਰੂ ਦੇ ਦਾਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਜਹਾਂਗੀਰ ਬਾਦਸ਼ਾਹ ਦੀ ਬੰਦੀ ਵਿਚੋਂ ਰਿਹਾ ਕਰਵਾਇਆ ਸੀ ਤੁਹਾਨੂੰ ਕਦੇ ਵੀ ਇਹ ਅਹਿਸਾਨ ਨਹੀਂ ਭੁੱਲਣਾ ਚਾਹੀਦਾ। ਗੁਰੂ ਸਾਹਿਬ ਦੇ ਖਿਲਾਫ ਜੰਗ ਦਾ ਬੀੜਾ ਚੁੱਕਣਾ ਬੜੀ ਅਕਿਰਤਘਣਤਾ ਹੋਵੇਗੀ। ਰਾਜਾ ਭੀਮ ਚੰਦ ਕੁਛ ਕਹਿਣ ਹੀ ਲੱਗਾ ਸੀ ਜਾਂ ਕੋਲੋਂ ਰਾਜੇ ਕੇਸਰੀ ਚੰਦ ਨੇ ਕਿਹਾ। ਰਾਜਾ ਸਾਹਿਬ 'ਲਾਤੋਂ ਕੇ ਭੂਤ ਹਾਥੋਂ ਸੇ ਕਭੀ ਨਹੀਂ ਮਾਨਤੇ ਹੈਂ' ਇਹ ਗੁਸਤਾਖ ਉਲਟਾ ਹਜ਼ੂਰ ਨੂੰ ਸਿਖਿਆ ਦੇਣ ਲੱਗ ਪਿਆ ਏ ਹੁਣ ਰਹਿਮ ਦੀ ਕੋਈ ਗੁੰਜਾਇਸ਼ ਨਹੀਂ ਕਾਨੂੰਨ ਨੂੰ ਹਰਕਤ ਵਿਚ ਆਉਣਾ ਚਾਹੀਦਾ ਏ। ਹੰਕਾਰੀ ਰਾਜੇ ਨੇ ਉਸੇ ਵੇਲੇ ਹੁਕਮ ਦੇ ਦਿੱਤਾ।

**ਪੂਰਨ-**

*ਰਾਜਾ ਹੁਕਮ ਸੁਣਾਂਵਦਾ,*
*ਗੁੱਸੇ ਦੇ ਵਿਚ ਆ।*
*ਇਹਨੂੰ ਲੈ ਜਾਵੋ ਗੁਸਤਾਖ ਨੂੰ,*
*ਕੜੀਆਂ ਜੰਜ਼ੀਰਾਂ ਲਾ।*
*ਇਹਨੂੰ ਸੁੱਟੋ ਜਾ ਪਹਾੜ ਤੋਂ,*
*ਥੱਲੇ ਨੂੰ ਪਟਕਾ।*
*ਇਹਦੇ ਨੈਣਾਂ ਵਿਚ ਕਿੱਲ ਫੇਰਨੇ,*
*ਅੱਗ ਵਿਚ ਲਾਲ ਕਰਾ।*
*ਇਹਨੂੰ ਸੁਰਮਾਂ ਪਾਓ ਜ਼ਹਿਰ ਦਾ,*
*ਅੰਨ੍ਹਾਂ ਦਿਓ ਬਣਾ।*
*ਕਿਤੇ ਹਾਰ ਗੁਰੂ ਦੀ ਵੇਖ ਕੇ,*
*ਜਾਵੇ ਨ ਘਬਰਾ।*
*ਮੈਂ ਵੇਖ ਲਵਾਂਗਾ ਗੁਰੂ ਨੂੰ,*
*ਇਹਨੂੰ ਲੈਂਦਾ ਕਿਵੇਂ ਛੁੜਾ।*

*ਇਹਦੇ ਦਿਲ ਵਿਚ ਰਹਿਣ ਨਾ ਹਸਰਤਾਂ ।*
*ਇਹਦੇ 'ਦਿਲਬਰ' ਲਾਹ ਦਿਓ ਚਾਅ ।*

ਦੇਵੀ ਚੰਦ ਸੁਣ ਕੇ ਮੁਸਕਰਾਇਆ, ਜੇ ਜ਼ਿੰਦੜੀ ਪ੍ਰੀਤਮ ਦੇ ਲੇਖੇ ਲੱਗ ਜਾਏ ਤਾਂ ਇਸ ਤੋਂ ਵੱਧ ਹੋਰ ਸੁਭਾਗ ਕੀ ਹੋ ਸਕਦਾ ਹੈ ਜਿਸ ਨੂੰ ਲੋਗ ਮੌਤ ਕਹਿੰਦੇ ਨੇ ਪਰੇਮੀ ਉਸ ਤੋਂ ਕਦੇ ਨਹੀਂ ਡਰਿਆ ਕਰਦੇ ।

*ਅਰੂਸਿ ਮੌਤ ਕਹਿਤੀ ਹੈ,*
*ਦੂਲਾ ਬਣ ਕਰ ਆ ਪਿਆਰੇ ।*
*ਰਗੜਤਾ ਏੜ੍ਹੀਆਂ ਆਇਆ,*
*ਤੋ ਫਿਰ ਖਾਕ ਕਾਮਯਾਬ ਆਇਆ ।*

ਹੁਕਮ ਦੀ ਦੇਰ ਸੀ ਜਲਾਦਾਂ ਨੇ ਹੱਥਾਂ ਨੂੰ ਕੜੀਆਂ ਪੈਰਾਂ ਨੂੰ ਬੇੜੀਆਂ ਲਾ ਕੇ ਪਹਾੜੀ ਵੱਲ ਨੂੰ ਤੋਰ ਲਿਆ । ਪਰਵਾਨਾ ਰਸਤੇ ਵਿਚ ਗੌਂਦਾ ਜਾ ਰਿਹਾ ਹੈ।

**ਕਲੀ-**

*ਜੁਗ ਜੁਗ ਪੈਜ ਤੂੰ ਆਪੇ ਰੱਖਦਾ ਆਪਣਿਆਂ ਭਗਤਾਂ ਦੀ,*
*ਤੈਨੂੰ ਕਹਿੰਦੇ ਦਾਤਾ ਵਾਹਿਗੁਰੂ ਅਕਾਲ ਨੇ।*
*ਕੱਟੇ ਤੰਦ ਤੰਦਵੇ ਦੇ ਹਾਥੀ ਰੱਖ ਲਿਆ ਸਾਗਰ 'ਚੋਂ,*
*ਤੇਰੇ ਹੁਕਮ 'ਚ ਸਾਹਿਬਾ ਧਰਤ ਅਕਾਸ਼ ਪਤਾਲ ਨੇ।*
*ਨਰ ਸਿੰਘ ਹੋ ਕੇ ਰਖਿਆ ਕੀਤੀ ਸੀ ਪ੍ਰਹਿਲਾਦ ਦੀ,*
*ਬਹੁੜਿਆ ਥੰਮਾਂ 'ਚੋਂ ਜਾ ਤਪਕੇ ਹੋ ਗਏ ਲਾਲ ਨੇ।*
*ਰੱਖ ਲਿਆ ਨਾਮਦੇਵ ਨੂੰ ਆ ਕੇ ਖ਼ੂਨੀ ਹਾਥੀ ਤੋਂ,*
*ਵਗ ਚਰਾਇਆ ਧਨੇ ਦਾ ਬਣ ਕੇ ਮਹੀਂਵਾਲ ਨੇ।*
*ਤੋੜੀਆਂ ਗੰਗਾ ਦੇ ਵਿਚ ਕੜੀਆਂ ਭਗਤ ਕਬੀਰ ਦੀਆਂ,*
*ਕੀਤਾ ਜੱਗ ਸੰਪੂਰਨ ਹੋਗਾ ਸੰਤ ਦਿਆਲ ਨੇ।*
*ਜੂਠੇ ਬੇਰ ਖਾ ਲਏ ਕਾਲੀ ਕੋਝੀ ਭੀਲਣੀ ਦੇ,*
*ਚਰਨ ਪੁਵਾਕੇ ਰਿਸ਼ੀਆਂ ਕੀਤੇ ਸੁੱਚੇ ਤਾਲ ਨੇ।*
*ਲੈ ਕੇ ਚਕਰ ਸੁਦਰਸ਼ਨ ਰਖਿਆ ਸੀ ਅੰਬਰੀਕ ਨੂੰ,*
*ਵਢਿਆ ਸਿਰ ਗੁਸਤਾਖੀ ਕੀਤੀ ਜਾਂ ਸ਼ਸ਼ਪਾਲ ਨੇ।*
*ਭੇਜੇ ਚੀਰ ਸਭਾ ਵਿਚ ਰੱਖੀ ਲਾਜ ਪੰਜਾਲੀ ਦੀ,*
*ਖਾ ਕੇ ਤੰਦਲ ਸੁਦਾਮੇ ਦੇ ਹੋ ਗਏ ਨਿਹਾਲ ਨੇ।*
*ਕੀਤਾ ਯਾਦ ਨਾਨਕੀ ਭੈਣ ਜਦੋਂ ਸੁਲਤਾਨ ਪੁਰੇ,*
*ਫੁਲਕਾ ਖਾਧਾ ਪਲ ਵਿਚ ਪਿਆਰ ਖੁਸ਼ੀ ਦੇ ਨਾਲ ਨੇ।*
*ਸੜਦੀ ਭੱਠੀ ਵਿਚੋਂ ਬਿਧੀ ਚੰਦ ਨੂੰ ਰਖਿਆ ਸੀ,*
*ਡੁੱਬਦਾ ਜਹਾਜ਼ ਮੱਖਣ ਦਾ ਲਾਇਆ ਪਾਰ ਗੋਪਾਲ ਨੇ।*

*ਲਾ ਲੋ ਚਰਨੀ ਸਤਿਗੁਰ ਦਾਸ ਦਇਆ ਸਿੰਘ 'ਦਿਲਬਰ, ਨੂੰ*
*ਸਦਾ ਸਵੇਕਾਂ ਦੇ ਕੱਟੇ ਤੁਸਾਂ ਜੰਜਾਲ ਨੇ।*

ਸਾਰੇ ਸ਼ਹਿਰ ਵਿਚ ਖ਼ਬਰ ਹੋ ਗਈ ਕਿ ਅਨੰਦਪੁਰੀਏ ਗੁਰੂ ਦੀ ਮੱਦਦ ਕਰਨ ਦੇ ਦੋਸ਼ ਵਿਚ ਵਜ਼ੀਰ ਦੇਵੀ ਚੰਦ ਨੂੰ ਸਰਕਾਰ ਵਲੋਂ ਸਜਾਏ ਮੌਤ ਦਾ ਹੁਕਮ ਦੇ ਦਿੱਤਾ ਗਿਆ ਹੈ ਅਤੇ ਵੱਡਾ ਜ਼ੁਲਮ ਇਹ ਕਿ ਪਹਿਲੇ ਦੋ ਕਿੱਲ ਅੱਗ ਵਿਚ ਲਾਲ ਕਰਕੇ ਓਹਦੀਆਂ ਅੱਖਾਂ ਵਿਚ ਫੇਰੇ ਜਾਣਗੇ। ਅੰਨ੍ਹਾ ਕਰਕੇ ਫਿਰ ਪਹਾੜੀ ਤੋਂ ਥੱਲੇ ਖੱਡ ਵਿਚ ਸੁੱਟ ਦਿੱਤਾ ਜਾਏਗਾ ਅਤੇ ਉਹਦੀ ਲਾਸ਼ ਚੁੱਕਣ ਦਾ ਵੀ ਕਿਸੇ ਨੂੰ ਹੁਕਮ ਨਹੀਂ। ਕਿਉਂਕਿ ਜਦ ਕਾਂ ਕੁੱਤੇ ਲਾਸ਼ ਨੂੰ ਖਾਣਗੇ ਤਾਂ ਲੋਕਾਂ ਨੂੰ ਪਤਾ ਲੱਗ ਜਾਏਗਾ ਕਿ ਬਾਗੀਆਂ ਦਾ ਕੀ ਹਸ਼ਰ ਹੋਇਆ ਕਰਦਾ ਏ। ਇਹ ਖਬਰ ਸ਼ਹਿਰ ਵਿਚ ਅੱਗ ਵਾਂਗ ਫੈਲ ਗਈ।

ਦੇਵੀ ਚੰਦ ਦਾ ਛੋਟਾ ਪਰਿਵਾਰ ਸੀ। ਇਕ ਮਾਤਾ ਇਕ ਭੈਣ ਤੇ ਤੀਜੀ ਉਸਦੀ ਪਤਨੀ।

ਕਿਸੇ ਸਹੇਲੀ ਨੇ ਉਸਦੀ ਭੈਣ ਨੂੰ ਜਾ ਦਸਿਆ। ਨੀ ਤੇਰੇ ਵੀਰ ਉਤੇ ਸ਼ਾਹੀ ਕਹਿਰ ਟੁੱਟ ਪਿਆ ਹੈ। ਓਹਨੂੰ ਦਸਮੇਸ਼ ਗੁਰੂ ਜੀ ਮੱਦਦ ਕਰਨ ਬਦਲੇ ਅੰਨ੍ਹਾ ਕਰਕੇ ਪਹਾੜੀਓਂ ਥੱਲੇ ਸੁੱਟਣ ਦਾ ਹੁਕਮ ਹੋ ਗਿਆ ਹੈ। ਜਲਾਦ ਬੰਨ੍ਹ ਕੇ ਲਈ ਜਾ ਰਹੇ ਨੇ, ਸੁਣਦੇ ਸਾਰ ਸਾਰਾ ਪਰਵਾਰ ਘਬਰਾ ਗਿਆ। ਮਾਤਾ ਭੈਣ ਤੇ ਪਤਨੀਆਂ ਨੱਠੀਆਂ ਦੇਵੀ ਚੰਦ ਵੱਲ। ਤੁਰੇ ਜਾਂਦੇ ਵੀਰ ਨੂੰ ਅਵਾਜ਼ ਮਾਰੀ ਜਲਾਦ ਖੜੋ ਗਏ ਭੈਣ ਵੀਰ ਨਾਲ ਕੁਛ ਗੱਲਾਂ ਕਰਦੀ ਏ।

## ਤਰਜ਼-ਜ਼ਿੰਦਵਾ-ਤੇਰੇ ਮਿੱਠੜੇ ਤਾਂ ਲੱਗਦੇ ਬੋਲ....

*1 ਵੇ ਵੀਰਾ ਚਲਿਆ ਏਂ ਤੋੜ ਪਿਆਰ।*
*ਮਿਲ ਜਾਈਂ ਭੈਣ ਨੂੰ ਜਾਂਦੀ ਵਾਰ।*
*ਘਰ ਵਿਚ ਮੱਚ ਗਈ ਹਾ ਹਾ ਕਾਰ।*
*ਸਾਰਾ ਤੜਪ ਰਿਹਾ ਪਰਿਵਾਰ।*
*ਗੱਲਾਂ ਕਰ ਬੈਠੋਂ ਅਨਭੋਲ।*
*ਇਕ ਪਲ ਬਹੀ ਜਾਣਾ ਮੇਰੇ ਕੋਲ।*
*ਤੇਰੇ ਮਿੱਠੜੇ ਤਾਂ ਲੱਗਦੇ ਨੇ ਬੋਲ।*

*2 ਜ਼ਾਲਮ ਰਾਜੇ ਕਹਿਰ ਕਮਾਇਆ।*
*ਤੈਨੂੰ ਸਜ਼ਾ ਦਾ ਹੁਕਮ ਸੁਣਾਇਆ।*
*ਲੋਹੜਾ ਪੈ ਗਿਆ ਵੀਰ ਮੇਰਿਆ।*
*ਏਥੇ ਦੁਖੀਆਂ ਦਾ ਕੋਈ ਨਹੀਂ ਦਰਦੀ।*

ਕਿਸ ਨੂੰ ਦੁੱਖੜੇ ਸਣਾਈਏ ਫੋਲ।
ਇਕ ਪਲ ਰੁਕ ਜਾਣਾ ਮੇਰੇ ਕੋਲ।
ਤੇਰੇ ਮਿੱਠੜੇ ਤਾਂ ਲੱਗਦੇ ਨੇ ਬੋਲ।

3 ਮੇਰੀ ਭਾਬੀ ਘਰ ਦੀ ਰਾਣੀ ।
ਪਿਟ-ਪਿਟ ਰੋਵੇ ਪਈ ਨਿਮਾਣੀ ।
ਧੀਰਜ ਕੌਣ ਦੇਵੇ ਬਿਨ ਹਾਣੀ ।
ਕਿਸ ਨੂੰ ਦੱਸੇ ਦਰਦ ਕਹਾਣੀ ।
ਜੀਹਦਾ ਤੁਰ ਚਲਿਆ ਅੱਜ ਢੋਲ।
ਇਕ ਪਲ ਬਹਿ ਜਾਣਾ ਮੇਰੇ ਕੋਲ।
ਤੇਰੇ ਮਿੱਠੜੇ ਤਾਂ ਲੱਗਦੇ ਨੇ ਬੋਲ।

4 ਪੈ ਗਏ ਮਹਿਲਾਂ ਵਿਚ ਉਜਾੜੇ ।
ਇਹਦੇ ਕੌਣ ਸੁਣੇ ਅੱਜ ਹਾੜੇ ।
ਸੇਜਾਂ ਸੁੰਞੀਆਂ ਬਾਝੋਂ ਲਾੜੇ ।
ਚੂੜਾ ਭੰਨ ਕੇ ਅੱਗ ਵਿਚ ਸਾੜੇ ।
ਇਸਨੇ ਕਾਜਲ ਹਾਰ ਤੰਬੋਲ।
ਇਕ ਪਲ ਰੁਕ ਜਾਣਾ ਮੇਰੇ ਕੋਲ।
ਤੇਰੇ ਮਿੱਠੜੇ ਤਾਂ ਲੱਗਦੇ ਨੇ ਬੋਲ।

5 ਚੱਲਿਆਂ ਰੋ ਰੋ ਦਈਏ ਦੁਹਾਈਆਂ ।
ਭੈਣਾਂ ਡੁੱਬ ਮਰੀਆਂ ਬਿਨ ਭਾਈਆਂ ।
ਪੁੱਤਾਂ ਬਾਝ ਨਾ ਸੋਂਹਦੀਆਂ ਮਾਈਆਂ ।
ਨਾਰਾਂ ਸਹਿ ਨ ਸਕਣ ਜੁਦਾਈਆਂ ।
ਸੱਜਣਾਂ ਬਾਝ ਨਾ ਹੋਣ ਕਲੋਲ।
ਇਕ ਪਲ ਬਹਿ ਜਾਣਾ ਮੇਰੇ ਕੋਲ।
ਤੇਰੇ ਮਿੱਠੜੇ ਤਾਂ ਲੱਗਦੇ ਨੇ ਬੋਲ।

6 ਵੇ ਵੀਰਾ ਘਰ ਵਿਚ ਆਊ ਪਰੌਹਣਾ ।
ਮੈਨੂੰ ਡੋਲੀ ਕਿਨ੍ਹੇ ਚੜ੍ਹੌਣਾ ।
ਤੂੰ ਮੁੜ-ਮੁੜ ਯਾਦ ਵੀਰਿਆਂ ਔਣਾ ।
ਅਸਾਂ ਨੇ ਰੋਣਾ ਤੇ ਕੁਰਲੌਣਾ ।
ਰੌਂਦੀ ਤੁਰ ਜਾਊਂ 'ਦਿਲਬਰ' ਕੋਲ ।
ਇਕ ਪਲ ਬਹੀ ਜਾਣਾ ਮੇਰੇ ਕੋਲ ।
ਤੇਰੇ ਮਿੱਠੜੇ ਤਾਂ ਲੱਗਦੇ ਨੇ ਬੋਲ ।

ਭੈਣ ਨੇ ਹੰਝੂਆਂ ਦੀ ਝੜੀ ਲਾ ਦਿੱਤੀ ਕੁਛ ਆਪਣੀ ਬੇ-ਵਸੀ ਪਰਗਟ ਕੀਤੀ

ਕੁਝ ਵੀਰ ਨੂੰ ਸਮਝਾਇਆ। ਕਿਹਾ ਵੀਰ ਵੇ ਤੂੰ ਕਿਉਂ ਰਾਜੇ ਦੀ ਰਾਏ ਦੇ ਖਿਲਾਫ ਚੱਲਣਾ ਸੀ। ਤੂੰ ਕੋਈ ਨਤੀਜੇ ਤੋਂ ਅਨਜਾਣ ਤਾਂ ਨਹੀਂ ਸੈਂ। ਹੁਣ ਮੁੜ ਕੇ ਨਹੀਂ ਮਿਲ ਸਕੇਂਗਾ ? ਸੁਖੀਂ ਲਧੇ ਵੀਰ ਨੂੰ ਮਿਲਣ ਲਈ ਅੱਖਾਂ ਤਰਸਣਗੀਆਂ। ਕੁਝ ਦੁਨੀਆਂ ਦੇ ਮਿਹਣੇ ਵੀਰਿਆ। ਦੱਸ ਸਾਡਾ ਕੀ ਬਣੇਗਾ ? ਸਾਨੂੰ ਕਿਸ ਦੇ ਹਵਾਲੇ ਕਰ ਚਲਿਆ ਏਂ। ਦੇਵੀ ਚੰਦ ਭੈਣ ਦੀਆਂ ਤਰਲੇ ਭਰੀਆਂ ਅੱਖਾਂ ਵੇਖ ਨਾ ਸਕਿਆ। ਕਿਹਾ ਭੈਣ ਜੀ ਨਿਰੰਕਾਰ ਦਾ ਭਾਣਾ ਮੇਟਿਆ ਨਹੀਂ ਜਾ ਸਕਦਾ। ਮੈਂ ਤਾਂ ਰਾਜਾ ਸਾਹਿਬ ਨੂੰ ਆਪਣੇ ਵਲੋਂ ਨੇਕ ਰਾਏ ਦਿੱਤੀ ਸੀ। ਪਰ ਓਹਨਾਂ ਦੇ ਸਮਝਣ ਵਿਚ ਫਰਕ ਹੈ।

*ਹਮ ਦੁਆ ਲਿਖਤੇ ਰਹੇ ਵੋਹ ਦਗਾ ਪੜ੍ਹਤੇ ਰਹੇ,*
*ਨੁਕਤੇ ਕੇ ਹੇਰ ਫੇਰ ਨੇ ਮਹਿਰਮ ਕੋ ਮੁਜ਼ਰਮ ਕਰ ਦਿਆ।*

ਬਾਕੀ ਰਿਹਾ ਸਵਾਲ ਤੁਹਾਡੀ ਤੇ ਮੇਰੀ ਰਖਿਆ ਦਾ ਇਸ ਦਾ ਫਿਕਰ ਨਹੀਂ ਜੇ ਕਲਗੀ ਵਾਲੇ ਦੇ ਨਾਮ ਤੋਂ ਜਾਨ ਕੁਰਬਾਨ ਹੋ ਜਾਵੇ ਤਾਂ ਧੰਨ ਭਾਗ ਸਮਝਾਂਗਾ। ਤੁਹਾਡੀ ਰਖਿਆ ਵੀ ਓਹ ਦਸਮੇਸ਼ ਸਤਿਗੁਰੂ ਕਰੇਗਾ ਭਾਣਾ ਮੰਨੋ ਤੇ ਬਾਣੀ ਪੜ੍ਹੋ.....ਕਿਸੇ ਦਰਵੇਸ਼ ਦਾ ਕਥਨ ਹੈ-

*ਮਨ ਪੰਜਾ ਦਰ ਪੰਜਾ ਇ ਖ਼ੁਦਾ ਦਾ ਦਾਰਮ।*
*ਮਨ ਚਿਹ ਪ੍ਰਵਾਹ ਕਿ ਮੁਸਤਫਾ ਦਾਰਮ।*

ਖੁਦਾ ਦਾ ਹੱਥ ਮੇਰੇ ਹੱਥ ਵਿਚ ਹੈ ਮੈਨੂੰ ਕੀ ਪ੍ਰਵਾਹ ਮੁਸਤਫਾ (ਰਸੂਲਿ-ਅੱਲਾ) ਮੇਰਾ ਆਪਣਾ ਹੈ। ਦੇਵੀ ਚੰਦ ਆਗੰਮੀ ਮਸਤੀ ਵਿਚ ਸੀ ਏਨੇ ਚਿਰ ਨੂੰ ਮਾਤਾ ਤੇ ਪਤਨੀ ਵੀ ਪੁੱਜ ਗਈ। ਮਾਂ ਨੇ ਵੀ ਬਹੁਤ ਹਾੜ੍ਹੇ ਕੱਢੇ ਬੱਚਿਆ ਮੈਂ ਤੇਰਾ ਦੁੱਖ ਨਹੀਂ ਜਰ ਸਕਦੀ। ਤੇਰੀ ਮੁਟਿਆਰ ਭੈਣ ਤੇ ਪਤਨੀ ਦੇ ਹੰਝੂ ਮੇਰੇ ਕਾਲਜੇ ਵਿਚ ਛੇਕ ਪਾ ਰਹੇ ਨੇ। ਮਮਤਾ ਦੀ ਲਹਿਰ ਪਰਬਲ ਉਠੀ।

## ਤਰਜ਼-ਮਿਰਜ਼ਾ

*ਮਾਤਾ ਢਾਹੀਂ ਮਾਰਦੀ ਪਾ ਕੇ ਲੰਮੇ ਵੈਣ।*
*ਮਣ-ਮਣ ਹੰਝੂ ਕੇਰਦੀ ਡੋਬ ਕਲੇਜੇ ਪੈਣ।*
*ਪਾ ਗਲਵਕੜੀ ਪੁੱਤ ਨੂੰ ਰੋ-ਰੋ ਲੱਗੀ ਕਹਿਣ।*
*ਭਾਗ ਨਿਖੁਟੇ ਲਾਲ ਵੇਹਣੀ ਵਰਤੀ ਡੈਣ।*
*ਮੈਥੋਂ ਝਲਿਆ ਜਾਵੇ ਦੁੱਖ ਨਾ।*
*ਮੇਰੇ ਭਰ-ਭਰ ਡੁਲ੍ਹਦੇ ਨੈਣ।*
*ਅਜੇ ਪੀਲੇ ਕੀਤੇ ਹੱਥ ਨਾ ਤੇਰੀ ਖੜੀ ਕੁਵਾਰੀ ਭੈਣ।*
*ਤੇਰੀ ਲਾਹੜੀ ਧੀਰਜ ਨਾ ਕਰੇ।*
*ਇਹ ਪਿਟ-ਪਿਟ ਹੋਈ ਸ਼ੁਦੈਣ।*

*ਪੈ ਰੱਤ ਦੇ ਹੰਝੂ ਡੋਲਦੇ*
*ਇਹਦੇ ਕੱਜਲੇ ਵਾਲੇ ਨੈਣ ।*
*ਇਹ ਨੂੰ ਕੌਣ ਦੇਵੇ ਅੱਜ ਹੌਸਲਾ*
*ਇਹਦਾ ਬੁਰਜ ਲੱਗਾ ਏ ਢਹਿਣ ।*
*ਇਹ ਮਾਹੀ ਵਿਛੜ ਚਲਿਆ ।*
*ਇਹ ਕਿਵੇਂ ਕਰੇਗੀ ਚੈਨ ।*
*ਜੱਗ 'ਦਿਲਬਰ, ਵਾਂਗ ਸਰਾਂ ਦੇ*
*ਕਈ ਕੱਟ-ਕੱਟ ਤੁਰਗੈ ਰੈਣ ।*

ਜਨਣ ਹਾਰੀ ਮਾਂ ਦੇ ਕੀਰਨਿਆਂ ਦਾ ਅਸਰ ਦੇਵੀ ਚੰਦ 'ਤੇ ਘੱਟ ਹੀ ਹੋਇਆ ਜਾਪਦਾ ਸੀ । ਮਾਂ ਦੇ ਚਰਣੀ ਹੱਥ ਲਾਇਆ ਤੇ ਕਿਹਾ ਮਾਂ ਜੀ ਅਸ਼ੀਰਵਾਦ ਦਿਓ ਮੇਰਾ ਪਿਆਰ ਬਾਜ਼ਾਂ ਵਾਲੇ ਗੁਰੂ ਨਾਲ ਨਿਭ ਸਕੇ । ਇਹ ਸਰੀਰ ਤਾਂ ਇਕ ਦਿਨ ਬਿਨਸਨਾ ਹੀ ਹੈ ।

*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥*
*ਇਹੁ ਮਾਰਗੁ ਸੰਸਾਰੁ ਕੋ ਨਾਨਕ ਥਿਰੁ ਨਹੀ ਕੋਇ ॥*

(ਸਲੋਕ ਮ: ੯)

ਮਾਂ ਨੇ ਸੋਚਿਆ ਜਵਾਨੀ ਹੁਸਨ ਦੀ ਭੁੱਖੀ ਹੁੰਦੀ ਏ । ਉਸ ਨੇ ਗਹਿਣਿਆਂ ਲੱਦੀ ਪਰ ਵਰਗੀ ਸੁੰਦਰ ਮੁਟਿਆਰ ਨੂੰਹ ਨੂੰ ਅੱਗੇ ਕੀਤਾ । ਉਹ ਮ੍ਰਿਗ ਨੈਣੀ ਕੁਰਲਾ ਉਠੀ । ਉਹਦੀਆਂ ਮੋਟੀਆਂ ਰੋਸ਼ਨ ਨਿਰਛਲ ਤੇ ਨਿੱਘੀਆਂ ਅੱਖਾਂ 'ਚੋਂ ਤੱਕਦੀਆਂ ਰੋਂਦੀਆਂ ਕਹਿੰਦੀਆਂ ਸੁਣਦੀਆਂ ਅੱਖਾਂ 'ਚੋਂ ਭੇਤ ਫੋਲਦੀਆਂ ਫੋਲ ਕੇ ਸਾਂਭਦੀਆਂ ਅੱਖਾਂ 'ਚੋਂ ਸੁੱਤਿਆਂ ਨੂੰ ਜਗੌਂਦੀਆਂ ਜਾਗਦਿਆਂ ਨੂੰ ਮੋਹਦੀਆਂ ਅੱਖਾਂ 'ਚੋਂ ਸੋਹਣੀਆਂ ਬਾਂਕੀਆਂ ਭੋਲੀਆਂ ਪਿਆਰਾਂ ਦੀ ਮਸਤੀ ਨਾਲ ਭਰਪੂਰ ਅੱਖਾਂ 'ਚੋਂ ਕਜਲੇ ਦੀ ਨੀਲਤਨ ਨਾਲ ਰੰਗੀਨ ਤਿੱਖੀਆਂ ਮਸਤ ਮਤਵਾਲੀਆਂ ਚੰਚਲ ਤੇ ਮਨ-ਮੋਹਣੀਆਂ ਅੱਖਾਂ 'ਚੋਂ ਅੱਜ ਪਰਲ-ਪਰਲ ਹੰਝੂ ਵਗ ਰਹੇ ਸਨ । ਮੋਹ ਲੈ ਦਾ ਜਾਦੂ ਅੱਗੇ ਨਾਲੋਂ ਵੀ ਵਧ ਗਿਆ ਜਾਪਦਾ ਸੀ ਕਦੇ ਮੁਸਕਰਾ ਕੇ ਮੋਹਦੀਆਂ ਸਨ । ਅੱਜ ਰੋ ਕੇ ਅੱਗੇ ਨਾਲੋਂ ਵੀ ਜ਼ਿਆਦਾ ਖਿੱਚ ਪਾ ਰਹੀਆਂ ਸਨ । ਪਰ ਗ਼ਮ ਦੀਆਂ ਬੱਦਲੀਆਂ ਹੇਠਾਂ ਸੁੰਦਰਤਾ ਦਾ ਚੰਨ ਮੱਧਮ ਪੈ ਗਿਆ ਸੀ । ਦੇਵੀ ਚੰਦ ਇਹ ਕੁਝ ਵੇਖ ਕੇ ਸਹਾਰ ਨਾ ਸਕਿਆ । ਉਹਦੀ ਜ਼ਿੰਦ ਉਤੇ ਹਜ਼ਾਰਾਂ ਮਣ ਭਾਰ ਜਿਵੇਂ ਕਿਸੇ ਧਰ ਦਿੱਤਾ ਹੋਵੇ । ਮੇਰੇ ਸਵਾਮੀ ਮੈਨੂੰ ਕਿਸਦੇ ਹਵਾਲੇ ਕਰ ਚੱਲੇ ਹੋ ? ਉਹਦੇ ਮੂੰਹ ਵਿਚੋਂ ਨਿਕਲਿਆ ਇਕ-ਇਕ ਬੋਲ ਬਾਹਾਂ ਵਾਂਗ ਗਲਵਕੜੀ ਪਾ ਰਿਹਾ ਸੀ । ਨਿਰਾ ਬੋਲ ਹੀ ਨਹੀਂ ਓਹਦੀਆਂ ਅੱਖਾਂ ਵਿਚੋਂ ਵੀ ਗਲਵਕੜੀ ਵਰਗਾ ਕੁਝ ਲਿਸ਼ਕ ਰਿਹਾ ਸੀ ਕਦੇ ਇਹਨਾਂ ਫੁੱਲਾਂ ਵਾਂਗ ਟਹਿਕਦੀਆਂ ਅੱਖਾਂ ਵਿਚੋਂ ਚਾਵਾਂ ਭਰੀ ਜ਼ਿੰਦ ਤਿੱਤਲੀ ਵਾਂਗ ਛੋਹਦੀ ਮਿੱਠਾ-ਮਿੱਠਾ ਕੁਛ ਛੱਡ ਜਾਂਦੀ ਸੀ । ਜਿਵੇਂ ਨਦੀ ਵਗਦੀ ਏ ਪਹੁ

ਫੁਟਦੀ ਏ, ਬਿਜਲੀ ਹੱਸਦੀ ਏ, ਪੌਣ ਅਠਖੇਲੀਆਂ ਲੈਂਦੀ ਏ, ਫੁੱਲ ਖਿੜਦਾ ਏ, ਬੱਚਾ ਮੁਸਕਰਾਉਂਦਾ ਏ, ਚਸ਼ਮਾ ਨੱਚਦਾ ਏ, ਓਵੇਂ ਹੀ ਉਹ ਤੱਕਦੀ ਮੁਸਕਰੌਂਦੀ ਇਕਰਾਰ ਮੰਗਿਆ ਕਰਦੀ ਸੀ। ਪਰ ਅੱਜ ? ਅੱਜ ਉਹਦੇ ਹੁਸੀਨ ਨੈਣਾਂ ਵਿਚ ਲੋਹੜੇ ਦਾ ਤਰਲਾ ਸੀ।

**ਤਰਜ਼-ਕਿਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ......**

*ਮਹਿੰਦੀ ਵਾਲੇ ਹੱਥ ਜੋੜੇ ਸਿਰ ਦੇ ਸ਼ਿੰਗਾਰ ਨੂੰ।*
*ਮਾਹੀਆ ਨਾ ਉਜਾੜੀ ਏਸ ਖਿੜੀ ਗੁਲਜ਼ਾਰ ਨੂੰ।*
1 *ਢੋਲਾ ਰੁਲ ਜਾਣੀਆਂ ਇਹ ਅੱਲ੍ਹੜ ਜਵਾਨੀਆਂ।*
*ਕਾਹਨੂੰ ਮਾਰ ਚਲਿਆ ਏ ਸੀਨੇ ਵਿਚ ਕਾਨੀਆਂ।*
*ਕਿਵੇਂ ਤੋਰਾਂ ਹੱਥੀ ਦੱਸ ਸੋਹਣੇ ਦਿਲਦਾਰ ਨੂੰ।*
*ਮਾਹੀਆਂ ਨਾ ਉਜਾੜੀਂ ਏਸ ਖਿੜੀ ਗੁਲਜ਼ਾਰ ਨੂੰ।*
2 *ਜਿਨ੍ਹਾਂ ਰੁੜ੍ਹ ਜਾਣੀਆਂ ਦੇ ਵਿਛੜੇ ਸੁਹਾਗ ਵੇ।*
*ਡੁੱਬ ਕੇ ਓਹ ਮੋਈਆਂ ਸੜੇ ਤੱਤੀਆਂ ਦੇ ਭਾਗ ਵੇ।*
*ਜੱਗ ਉਜਾਂ ਲੌਂਦਾ ਰਹਿੰਦਾ ਓਹਨਾਂ ਦੇ ਪਿਆਰ ਨੂੰ।*
*ਮਾਹੀਆਂ ਨਾ ਉਜਾੜੀਂ ਏਸ ਖਿੜੀ ਗੁਲਜ਼ਾਰ ਨੂੰ।*
3 *ਵਾਸਤੇ ਨੂੰ ਮੰਨ ਪੀਆ ਮੋੜ ਲੈ ਮੁਹਾਰਾਂ ਨੂੰ।*
*ਔਂਦਾ ਨਹੀਂ ਤਰਸ ਕਦੇ ਹੁੰਦਾ ਸਰਕਾਰਾਂ ਨੂੰ।*
*ਚਿਖਾ 'ਤੇ ਬਿਠਾ ਜਾ ਜਾਂ ਤੂੰ ਹੱਥੀਂ ਪਰਿਵਾਰ ਨੂੰ।*
*ਮਾਹੀਆਂ ਨਾ ਉਜਾੜੀਂ ਏਸ ਖਿੜੀ ਗੁਲਜ਼ਾਰ ਨੂੰ।*
4 *ਤੇਰੇ ਬਾਝੋਂ 'ਦਿਲਬਰ' ਕੀ ਕਰੂੰ ਦੁਖਿਆਰੀ ਵੇ।*
*ਭੱਠ ਪੈਣ ਸੇਜਾਂ ਅਤੇ ਪਲੰਘ ਨਵਾਰੀ ਵੇ।*
*ਅੱਗ ਲਾ ਕੇ ਫੂਕਣਾ ਮੈਂ ਮਹਿਲਾਂ ਦੀ ਬਹਾਰ ਨੂੰ।*
*ਗਮ ਖਾਈ ਜਾਂਦਾ ਹਾਏ ਸੋਹਲ ਮੁਟਿਆਰ ਨੂੰ।*
*ਮਹਿੰਦੀ ਵਾਲੇ ਹੱਥ ਜੋੜੇ ਸਿਰ ਦੇ ਸ਼ਿੰਗਾਰ ਨੂੰ।*
*ਮਾਹੀਆਂ ਨਾ ਉਜਾੜੀ ਏਸ ਖਿੜੀ ਗੁਲਜ਼ਾਰ ਨੂੰ।*

ਪਤਨੀ ਨੇ ਬੜੇ ਤਰਲੇ ਕੀਤੇ ਵਾਸਤੇ ਪਾਏ, ਕਿਹਾ ਸਿਰਤਾਜ ਜੀਓ, ਹਠ ਨਾ ਕਰੋ, ਰਾਜਾ ਬੁਹਤ ਜ਼ਾਲਮ ਤੇ ਜ਼ਿਦ ਖੋਰ ਹੈ। ਇਹ ਕੰਵਲ ਵਰਗੇ ਨੈਣ ਸਾੜ ਦਿੱਤੇ ਜਾਣਗੇ। ਪਲਾਂ ਵਿਚ ਮੇਰੀ ਵਸਦੀ ਦੁਨੀਆਂ ਬਰਬਾਦ ਹੋ ਜਾਏਗੀ। ਆਪਣੀ ਦਾਸੀ 'ਤੇ ਤਰਸ ਕਰੋ। ਇਹ ਸੁਖਾਂ ਦੀ ਬਾਹਰ ਜ਼ਿੰਦਗੀ ਦਾ ਅਨੰਦ ਤੇ ਮਨੁੱਖਾ ਜਨਮ ਬਾਰ-ਬਾਰ ਨਹੀਂ ਮਿਲਿਆ ਕਰਦਾ। ਦੇਵੀ ਚੰਦ ਨੇ ਕ੍ਹਿਹਾ ਸੱਜਣੀ ! ਮੈਂ ਵੀ ਤਾਂ ਏਹੋ ਹੀ ਕਹਿ ਰਿਹਾ ਹਾਂ ਮਨੁੱਖਾ ਜਨਮ ਬਾਰ-ਬਾਰ ਨਹੀਂ ਮਿਲਣਾ। ਇਹ

ਐਸ਼-ਅਰਾਮ ਤੇ ਸੋਹਣਾ ਤਨ ਬਦਨ, ਜਵਾਨੀ, ਥਿਰ ਰਹਿਣ ਵਾਲੀ ਚੀਜ਼ ਨਹੀਂ। ਇਸ ਲਈ ਜਿਵੇਂ ਤੈਨੂੰ ਆਪਣਾ ਸੱਜਣ ਪਿਆਰਾ ਲੱਗਦਾ ਹੈ ਤਿਵੇਂ ਮੈਨੂੰ ਆਪਣੇ ਸੱਜਣ ਨਾਲ ਪਿਆਰ ਹੈ। ਇਹ ਤਨ ਮਨ ਓਸਦਾ ਹੈ ਤੇ ਜੇ ਓਸ ਦੇ ਲੇਖੇ ਲੱਗ ਜਾਏ ਤਾਂ ਧੰਨ ਭਾਗ ਸਮਝਾਂਗਾ।

*ਜੋਬਨ ਜਾਦੇ ਨ ਡਰਾ ਜੇ ਸਹਿ ਪ੍ਰੀਤ ਨਾ ਜਾਇ ॥*
*ਕਿਤੀ ਜੋਬਨ ਪ੍ਰੀਤ ਬਿਨ ਸੁਕ ਗਏ ਕੁਮਲਾਇ ॥*

ਚੰਨੀਏਂ ਲੋਕ ਬੋਲੀਆਂ ਪਾਉਂਦੇ ਨੇ (ਦਿਲ ਨੂੰ ਟਿਕਾਣੇ ਰੱਖੀਏ ਯਾਰ ਹੋਣਗੇ ਮਿਲਣਗੇ ਆਪੇ) ਓਹਦੇ ਬਦਲੇ ਕੁਰਬਾਨ ਹੋ ਜਾਣਾ ਏਂ, ਜੇ ਓਹਦੀ ਖੁਸ਼ੀ ਜਿੱਤ ਲਈ ਓਹ ਆਪੇ ਆਵੇਗਾ.....।'

*ਇਕੁ ਸਜਣ ਸਭ ਸਜਣਾ ਇਕੁ ਵੈਰੀ ਸਭ ਵਾਦ ॥*

ਮਾਂ ਭੈਣ ਪਤਨੀ ਕੁਰਲਾਉਂਦੀ ਰਹਿ ਗਈਆਂ। ਦੇਵੀ ਚੰਦ ਨੇ ਸਭ ਨੂੰ ਹੌਂਸਲਾ ਦਿੱਤਾ ਤੇ ਜਲਾਦਾਂ ਨੂੰ ਕਿਹਾ ਜਲਦੀ ਕਰੋ ਦੇਰ ਹੋ ਰਹੀ ਏ। ਜਲਾਦ ਵਜ਼ੀਰ ਨੂੰ ਲੈ ਕੇ ਪਹਾੜੀ 'ਤੇ ਪਹੁੰਚ ਗਏ।

## ਮਿਰਜ਼ਾ

*ਦੇਵੀ ਚੰਦ ਨੂੰ ਪਹਾੜੀ ਤੇ ਲੈ ਗਏ,*
*ਹੱਥ-ਕੜੀਆਂ ਜੰਜ਼ੀਰਾ ਮਾਰ।*
*ਮਾਂ ਭੈਣ ਦੇ ਸੁਣੇ ਨ ਕੀਰਨੇ,*
*ਓਥੇ ਰਹੀ ਕੁਲਰਾਉਂਦੀ ਨਾਰ।*
*ਕਿੱਲ ਅੱਖਾਂ ਵਿਚ ਫੇਰਨ ਦੇ ਵਾਸਤੇ,*
*ਪਾ ਕੇ ਅੱਗ ਵਿਚ ਕੀਤੇ ਅੰਗਿਆਰ।*
*ਨਾਲ ਨਿਮਰਤਾ ਜਲਾਦਾਂ ਆਖਿਆ,*
*ਦੇਵੀ ਚੰਦ ਜੀ ਧਿਆ ਲਓ ਕਰਤਾਰ।*
*ਸਾਡੇ ਵਸ ਦੀ ਕੋਈ ਗੱਲ ਨਹੀਂ ਵਜ਼ੀਰ ਜੀ,*
*ਸਾਨੂੰ ਹੁਕਮ ਦਿੱਤਾ ਸਰਕਾਰ।*
*ਕਿੱਲ ਤੁਸਾਂ ਦੀਆਂ ਅੱਖਾਂ ਵਿਚ ਫੇਰ ਕੇ,*
*ਥੱਲੇ ਸੁੱਟਣਾ ਪਹਾੜ ਤੋਂ ਉਲਾਰ।*
*ਸਿੱਖ ਲਾ ਕੇ ਸਮਾਧੀ ਬਹਿ ਗਿਆ,*
*ਚੜ੍ਹਿਆ ਨੈਣਾਂ ਵਿਚ ਨਾਮ ਦਾ ਖੁਮਾਰ।*
*ਚਰਨ ਅੱਖਾਂ 'ਚ ਵਸਾ ਲੈ ਮਹਿਬੂਬ ਦੇ,*
*ਕਹਿੰਦਾ ਆਜਾ ਮੇਰਾ ਨੀਲੇ ਦੇ ਸਵਾਰ।*
*ਓਹਦਾ ਵਾਲ ਵੀ ਨਾ ਵਿੰਗਾ ਹੋਏ 'ਦਿਲਬਰ',*
*ਜੀਹਦਾ ਰਾਖਾ ਗੁਰੂ ਕਲਗੀਧਰ।*

ਜਲਾਦ ਸਿੱਖ ਨੂੰ ਪਹਾੜੀ 'ਤੇ ਲੈ ਆਏ। ਦੋ ਕਿੱਲ ਅੱਗ ਵਿਚ ਪਾ ਕੇ ਲਾਲ ਕਰਨ ਲੱਗ ਪਏ। ਦੇਵੀ ਚੰਦ ਵੀ ਆਪਣੇ ਪ੍ਰੀਤਮ ਨਾਲ ਜੁੜ ਗਿਆ। ਜਦ ਕਿੱਲ ਅੱਗ ਵਿਚ ਪੈ ਕੇ ਲਾਲ ਰੱਤੇ ਹੋ ਗਏ ਜਲਾਦਾਂ ਨੇ ਸੰਨ੍ਹੀ ਨਾਲ ਫੜੇ ਵਜ਼ੀਰ ਦੇ ਨੇਤਰ ਵਿਚ ਫੇਰਨ ਵਾਸਤੇ। ਕਹਿਣ ਲੱਗਾ ਜ਼ਰਾ ਠਹਿਰੋ ਮੈਂ ਅਨੰਦਪੁਰ ਨੂੰ ਇਕ ਸੁਨੇਹਾ ਘੱਲ ਲਵਾਂ। ਜਲਾਦਾਂ ਕਿਹਾ ਵਜ਼ੀਰ ਜੀ ਕਹਿਲੂਰ ਪਤੀ ਦਾ ਸਖ਼ਤ ਹੁਕਮ ਹੈ ਕੋਈ ਕਾਸਦ ਨਹੀਂ ਜਾ ਸਕਦਾ। ਗੁਰੂ ਚਰਨਾਂ ਦਾ ਭੌਰਾ ਮੁਸਕ੍ਰਾਇਆ ਤੇ ਕਿਹਾ ਆਸ਼ਕਾਂ ਦੇ ਸੁਨੇਹਾ ਕਾਸਦ ਨਹੀਂ ਲਜਾਇਆ ਕਰਦੇ। ਦਿਲ ਦੀਆਂ ਤਾਰਾਂ ਦਿਲਾਂ ਰਾਹੀਂ ਖੜਕ ਜਾਇਆ ਕਰਦੀਆਂ ਹਨ। ਦੀਵਾਨ ਨੇ ਨਿਰੰਕਾਰ ਸਤਿਗੁਰੂ ਕਲਗੀਧਰ ਪਾਤਸ਼ਾਹ ਦਸਮੇਸ਼ ਜੀ ਦੇ ਪਵਿੱਤਰ ਚਰਨ ਕੰਵਲ ਨੈਣਾਂ ਵਿਚ ਵਸਾ ਲਏ ਤੇ ਲੱਗਾ ਅਰਜ਼ੋਈਆਂ ਕਰਨ।

### ਤਰਜ਼-ਲਿਖੀਆਂ ਨਾ ਮੁੜੀਆਂ ਮੇਰੇ.....

*ਤੇਰੇ ਬਿਨਾਂ ਸਾਈਆਂ ਸਾਰੇ ਟੁੱਟ ਗਏ ਸਹਾਰੇ ਨੇ।*
*ਗਲੀਆਂ ਦੇ ਕੱਖ ਵੈਰੀ ਹੋ ਗਏ ਅੱਜ ਸਾਰੇ ਨੇ।*

1 *ਪੱਤਝੜ ਆਈ ਸੁੱਕ ਗਈਆਂ ਫੁੱਲਵਾੜੀਆਂ।*
*ਜ਼ਾਲਮ ਜ਼ਮਾਨਾ ਅੱਜ ਮਾਰਦਾ ਏ ਤਾੜੀਆਂ।*
*ਸੋਹਲ ਫੁੱਲਾਂ ਉਤੇ ਰੱਖ ਦਿੱਤੇ ਅੰਗਿਆਰੇ ਨੇ।*
*ਗਲੀਆਂ ਦੇ ਕੱਖ ਵੈਰੀ.....*

2 *ਫਿਰ ਜਾਣ ਕਿੱਲ ਜਾਣਾ ਅੱਖੀਆਂ 'ਚ ਜੋਤੀ ਨੇ।*
*ਟੁੱਟ ਜਾਣੇ ਸਿੱਪ ਦੋਵੇ ਸੜ ਜਾਣੇ ਮੋਤੀ ਨੇ।*
*ਜ਼ਿੰਦਗੀ ਦੇ ਰਹਿੰਦੇ ਬਾਕੀ ਥੋੜੇ ਹੀ ਹੁੰਗਾਰੇ ਨੇ।*
*ਤੇਰੇ ਬਿਨਾ ਸਾਈਆਂ ਸਾਰੇ.....*

3 *ਸੁੱਟਣ ਪਹਾੜ ਉੱਤੋਂ ਵਾਂਗ ਪ੍ਰਹਿਲਾਦ ਦੇ।*
*ਥੜੇ ਪਲ ਰਹਿ ਗਏ ਦਾਤਾ ਤੇਰੀ ਮਿੱਠੀ ਯਾਦ ਦੇ।*
*ਆਹਾਂ 'ਚ ਤਸੀਰ ਹੈ ਨਹੀਂ,*
*ਹੰਝੂ ਹੋ ਗਏ ਖਾਰੇ ਨੇ।*
*ਗਲੀਆਂ ਦੇ ਕੱਖ ਵੈਰੀ.....*

4 *ਮਾਂ ਭੈਣ ਰੋਂਦੀ ਅਤੇ ਪਿਟਦੀ ਪਈ ਨਾਰ ਮੇਰੀ।*
*ਤੇਰੇ ਹੱਥ ਲਾਜ ਆਜਾ ਸੱਚੀ ਸਰਕਾਰ ਮੇਰੀ।*
*ਲੱਖਾਂ ਪਾਪੀ ਤਾਰੇ ਅੱਖ ਦੇ ਇਸ਼ਾਰੇ।*
*ਤੇਰੇ ਬਿਨਾਂ ਸਾਈਆਂ.....*

*ਪਾਇਆ ਸੀ ਪਿਆਰ ਅਸਾਂ 'ਦਿਲਬਰ' ਨਿਭਾ ਲਿਆ*
*ਆਖਰੀ ਦੀਦਾਰ ਦੇ ਜਾ ਚਿੱਟੇ ਬਾਜ਼ਾਂ ਵਾਲਿਆਂ ।*
*ਸੀਨੇ 'ਚ ਜੁਦਾਈਆਂ ਵਾਲੇ ਚਲਦੇ ਪਏ ਆਰੇ ਨੇ ।*
*ਗਲੀਆਂ ਦੇ ਕੱਖ ਵੈਰੀ......*
*ਤੇਰੇ ਬਿਨਾਂ ਮਾਹੀਆਂ ਸਾਰੇ ਟੁੱਟ ਗਏ.....*
*ਗੁਰਦੇਵ ਨੇ ਲਿਖਿਆ ਏ-*

*ਸਾਚ ਕਹੂੰ ਸੁਣ ਲੇਹੁ ਸਭੈ,*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥*

ਜਿਹੜੀ ਅਵਸਥਾ ਆਮ ਲੋਕਾਂ ਨੂੰ ਸਾਰੀ-ਸਾਰੀ ਜ਼ਿੰਦਗੀ ਤਪ ਕੀਤਿਆਂ ਪ੍ਰਾਪਤ ਨਹੀਂ ਹੁੰਦੀ । ਉਸ ਅਵਸਥਾ ਸੱਚੇ ਪ੍ਰੇਮੀਆਂ ਨੂੰ ਇਕ ਪਲ ਵਿਚ ਪ੍ਰਾਪਤ ਹੋ ਜਾਂਦੀ ਏ । ਇਹ ਦ੍ਰਿੜ ਭਰੋਸੇ ਤੇ ਸਿਦਕ ਵਿਸ਼ਵਾਸ ਦੇ ਕ੍ਰਿਸ਼ਮੇ ਹਨ ।

ਕਿਸੇ ਮਹਾਂ ਪੁਰਸ਼ ਦਾ ਕਹਿਣਾ ਹੈ ।

*ਯੋਗੀ ਯੰਗਮ ਨਾਥ ਬੈਰਾਗੀ ਨਹੀਂ ਮਿਲਤਾ ਸੰਨਿਆਸ ਮੇਂ।*
*ਭੁੱਖ ਤਤਿਸ਼ਾ ਪਵਣ ਅਹਾਰੀ ਨਹੀਂ ਮਿਲਤਾ ਉਪਵਾਸ ਮੇਂ।*
*ਗੰਗਾ ਗਇਆ ਨਾ ਕਾਂਸ਼ੀ ਮੱਕੇ ਨਹੀਂ ਮਿਲਤਾ ਕੈਲਾਸ਼ ਮੇਂ।*
*ਨਾ ਬਟ ਬੀਜ ਬਿਛੂ ਨਾ ਡਾਲੀ ਮਿਲੇ ਨਾ ਪੱਤ੍ਰ ਟਾਸ ਮੇਂ।*
*ਗਿਰਧਰ ਨਦੀਆਂ ਨਾਲੇ ਸਾਗਰ ਨਹੀਂ ਪ੍ਰਬਤ ਗੁਫਾ ਨਿਵਾਸ ਮੇਂ।*
*ਪੂਰਬ ਪੱਛਮ ਉਤਰ ਦੱਖਣ ਨਹੀਂ ਮਿਲਤਾ ਆਕਾਸ਼ ਮੇਂ।*
*ਸ਼ੁਰਤੀ ਬੇਦ ਪੁਰਾਣ ਕਤੇਬਾਂ ਨ ਬਿਨਿਉਂ ਅਰਦਾਸ ਮੇਂ।*
*ਜੰਗਲ ਜੂਹ ਨਾ ਬੇਲੇ ਵਿਚ ਨਾ ਤ੍ਰਿਣ ਝਾੜੀ ਘਾਸ ਮੇਂ।*
*ਕਹਿਤ ਕਬੀਰ ਸੁਨਹੁ ਰੇ ਸੰਤੋ ਮਿਲਤਾ ਹੈ ਵਿਸ਼ਵਾਸ ਮੇਂ।*

ਮੁੰਡੇ ਬੋਲੀਆਂ ਪਾਉਂਦੇ ਨੇ-

ਤੈਨੂੰ ਤਾਪ ਚੜ੍ਹੇ ਮੈਂ ਹੂੰਘਾਂ, ਤੇਰੀ ਮੇਰੀ ਇਕ ਜ਼ਿੰਦੜੀ ।

ਏਧਰ ਜਲਾਦਾਂ ਨੇ ਨੇਤਰਾਂ ਵਿਚ ਕਿੱਲ ਫੇਰੇ ਤੇ ਉਧਰ ਦਸਵੇਂ ਪਾਤਸ਼ਾਹ ਦੀਨ ਦੁਨੀਆਂ ਦੇ ਮਾਲਕ, ਸਰਬ ਸ਼ਕਤੀਮਾਨ ਅੰਤਰਯਾਮੀ ਮਹਾਂਬਲੀ ਸਤਿਗੁਰੂ ਅਨੰਦ ਪੁਰ ਵਿਚ ਦਰਬਾਰ ਸਜਾ ਕੇ ਬੈਠੇ ਸੀ । ਚਰਣਾ ਵਿਚੋਂ ਖੂਨ ਦੇ ਫੁਹਾਰੇ ਛੁਟ ਪਏ। ਸਾਰੀ ਸੰਗਤ ਹੈਰਾਨ ਹੋ ਗਈ । ਕੋਟਾਂ ਬ੍ਰਹਿਮੰਡਾਂ ਦੇ ਸਵਾਮੀ ਨੇ ਕਿਹਾ ਗੁਰਸਿੱਖੋ ਸਾਨੂੰ ਮਹਿਲਾਂ ਵਿਚ ਲੈ ਚੱਲੋ, ਹਜ਼ੂਰੀ ਸੇਵਾਦਾਰਾਂ ਨੇ ਝੱਟ-ਪੱਟ ਪਾਲਕੀ ਸਾਹਿਬ ਵਿਚ ਗੁਰਦੇਵ ਨੂੰ ਬਿਠਾਇਆ ਤੇ ਮਹਿਲਾਂ ਵਿਚ ਲੈ ਆਏ । ਜਰਾਹ ਸੱਦੇ, ਸਤਿਗੁਰੂ ਜੀ ਦੇ ਚਰਨਾਂ 'ਤੇ ਮਰ੍ਹਮ ਪੱਟੀ ਕਰਵਾਈ । ਮਾਤਾ ਗੁਜਰੀ ਜੀ ਮੁੜ ਮੁੜ ਲਾਲ ਜੀ ਦਾ ਮੱਥਾ ਚੁੰਮ ਰਹੇ ਸਨ, ਹਰ ਪਾਸੇ ਹੈਰਾਨੀ ਸੀ । ਸ਼ਰਧਾਲੂਆਂ ਨੇ ਪੁੱਛਿਆ

ਪਿਆਰੇ ਜੀਉ ! ਇਹ ਕੀ ਕੌਤਕ ਵਰਤਾਇਆ ? ਸੋਹਣਿਆਂ ਦੇ ਸੁਲਤਾਨ ਮੁਸਕਰਾਏ।

### ਝੋਕ

ਕਰਕੇ ਗਰਮ ਸਲਾਈਆਂ ਅੱਖਾਂ ਵਿਚ ਫੇਰੀਆਂ।
ਝੁਲੀਆਂ ਵਜ਼ੀਰ ਉਤੇ ਜ਼ੁਲਮੀ ਉਨੇਰੀਆਂ।
ਫੇਰ ਪਹਾੜੋਂ ਸੁਟਿਆ ਲਾਈਆਂ ਨਾ ਦੇਰੀਆਂ।
ਕੀਤੀ ਅਰਦਾਸ ਸਿੱਖ ਨੇ ਸ਼ਰਧਾ ਨੂੰ ਧਾਰ ਜੀ।
ਲੱਗੀਆ ਨਿਭਾ ਲਉ ਆ ਕੇ ਸੱਚੀ ਸਰਕਾਰ ਜੀ।
ਉਧਰ ਗੁਰੂ ਬਾਜ਼ਾਂ ਵਾਲੇ ਲਾਇਆ ਦੀਵਾਨ ਜੀ।
ਦੂਰ ਤੋਂ ਸੰਗਤਾਂ ਆਈਆਂ ਰੌਣਕ ਮਹਾਨ ਸੀ।
ਸਤਿਗੁਰ ਦਾ ਐਪਰ ਸਾਰਾ ਗੁਰਸਿੱਖ ਵਿਚ ਧਿਆਨ ਸੀ।
ਰਾਜੇ ਦੀਆਂ ਗਰਮ ਸਲਾਈਆਂ ਚਰਣੀਂ ਫਿਰਾ ਲਈਆਂ।
ਲੱਗੀਆਂ ਪ੍ਰੀਤਾਂ ਦਾਤੇ ਤੋੜ ਨਿਭਾ ਲਈਆਂ।
ਖੁੱਲ੍ਹੀਆਂ ਅੱਖਾਂ ਆਈ ਹੋਸ਼ ਵਜ਼ੀਰ ਨੂੰ।
ਗੁਰਾਂ ਨੇ ਦਿਤਾ ਹੌਂਸਲਾ ਆਕੇ ਦਿਲਗੀਰ ਨੂੰ।
ਖੱਡਾ ਵਿਚ ਡੋਲ੍ਹੇ ਬੈਠਾ ਅੱਖੀਆਂ 'ਚੋਂ ਨੀਰ ਨੂੰ।
ਰੱਖ ਲਿਆ ਵਸਦਾ ਮੇਰਾ ਉਜੜਿਆ ਸੰਸਾਰ ਜੀ।
ਲੱਗੀਆ ਨਿਭਾ ਲਉ ਆਕੇ ਸੱਚੀ ਸਰਕਾਰ ਜੀ।
ਤੱਤੇ ਜਾਂ ਕਿੱਲ ਏਧਰ ਅੱਖਾਂ ਵਿਚ ਫਿਰਦੇ ਸੀ।
ਖ਼ੂਨ ਦੇ ਕਤਰੇ ਉਧਰ ਚਰਨਾਂ 'ਚੋਂ ਗਿਰਦੇ ਸੀ।
ਵੇਖ ਕੇ ਚੋਜ ਕਾਲਜੇ ਸਿੱਖਾ ਦੇ ਘਿਰਦੇ ਸੀ।
ਰਮਜ਼ਾ ਨਾ ਕਿਸੇ ਬੁਝੀਆਂ ਸਤਿਗੁਰ ਸਮਝਾ ਲਈਆਂ।
ਲੱਗੀਆਂ ਪ੍ਰੀਤਾ ਦਾਤੇ ਤੋੜ ਨਿਭਾ ਲਈਆਂ।
ਉੱਠ ਕੇ ਜਾ ਤੁਰਿਆ ਪ੍ਰੇਮੀ ਲਾਇਆ ਨਾ ਝੱਟ ਜਰਾ।
ਨੈਣਾ ਦੀ ਨਜ਼ਰ ਹੈ ਦੂਣੀ ਲੱਗੀ ਨਾ ਸੱਟ ਜਰਾ।
ਡਿੱਗਦਿਆਂ ਢਹਿੰਦਿਆਂ ਲੱਗਾ ਤਨ ਤੇ ਨਾ ਫਟ ਜਰਾ।
ਫੁੱਲਾਂ ਦੇ ਵਾਂਗਰ ਚੁੱਕ ਕੇ ਰਖਿਆ ਦਿਲਦਾਰ ਜੀ।
ਲੱਗੀਆਂ ਨਿਭਾ ਲਉ ਆਕੇ ਸੱਚੀ ਸਰਕਾਰ ਜੀ।
ਉਧਰ ਗੁਰੂ ਕਹਿੰਦੇ ਸਿੱਖੋ ਪਾਲਕੀ ਲਿਆਓ ਭਈ।
ਮਾਤਾ ਤੇ ਪਾਸ ਸਾਨੂੰ ਮਹਿਲੀਂ ਪੁਚਾਓ ਭਈ।
ਵੈਦ ਨੂੰ ਸੱਦੋ ਮੱਲ੍ਹਮ ਪੱਟੀ ਕਰਵਾਓ ਭਈ।
ਕਿਸੇ ਦੀ ਖ਼ਾਤਰ ਲਹੂ ਦੀਆਂ ਧਾਰਾ ਵਗਾ ਲਈਆਂ।

***ਲੱਗੀਆਂ ਪ੍ਰੀਤਾਂ ਦਾਤੇ ਤੋੜ ਨਿਭਾ ਲਈਆਂ।***
***ਹੋਈ ਜਾ ਸ਼ਾਮ ਅਨੰਦਪੁਰ ਦੇਵੀ ਚੰਦ ਆਇਆ ਏ।***
***ਆ ਕੇ ਗੁਰ ਚਰਨਾਂ ਉਤੇ ਸੀਸ ਨਿਵਾਇਆ ਏ।***
***ਰੋ-ਰੋ ਕੇ ਚਰਣ ਧੋ ਦਿੱਤੇ ਬਹੁਤਾ ਕੁਰਲਾਇਆ ਏ।***
***ਕਹਿੰਦਾ ਕੀ ਖੇਲ ਰਚਾਇਆ ਮੇਰੇ ਕਰਤਾਰ ਜੀ।***
***ਲੱਗੀਆਂ ਪ੍ਰੀਤਾਂ ਦਾਤੇ ਤੋੜ ਨਿਭਾ ਲਈਆਂ।***

ਗੁਰਸਿੱਖਾਂ ਦੇ ਪੁੱਛਣ ਤੇ ਪ੍ਰੀਤਮ ਜੀ ਨੇ ਦੱਸਿਆ, ਜਿਸ ਬਦਲੇ ਇਹ ਕਸ਼ਟ ਸਿਹਾ ਹੈ ਉਹ ਆ ਰਿਹਾ ਹੈ। ਆਪ ਹੀ ਆਣ ਕੇ ਦੱਸੇਗਾ। ਸ਼ਾਮ ਵੇਲੇ ਦੇਵੀ ਚੰਦ ਪੁੱਜਾ, ਆ ਦਰਵਾਜਾ ਖੜਕਾਇਆ। ਸੱਚੀ ਸਰਕਾਰ ਦਾ। ਪਹਿਰੇਦਾਰ ਨੇ ਕਿਹਾ ਠਹਿਰੋ। ਪਹਿਲੇ ਮੈਂ ਹਜ਼ੂਰ ਤੋਂ ਇਜਾਜ਼ਤ ਲੈ ਆਵਾਂ, ਅੰਦਰ ਜਾ ਕੇ ਪੁੱਛਿਆ ਵਾਲੀਏ ਕੁਲ ਆਲਮ ਕੋਈ ਮਤਵਾਲਾ ਆਪ ਜੀ ਦੇ ਦਰਸ਼ਨ ਕਰਨੇ ਚਾਹੁੰਦਾ ਹੈ ਦਿਆਲੂ ਜੀ ਕਹਿਣ ਲੱਗੇ ਅੰਦਰ ਲੈ ਆਓ, ਓਸ ਬਦਲੇ ਦਾ ਕਸ਼ਟ ਹੋ ਰਿਹਾ ਹੈ। ਦੇਵੀ ਚੰਦ ਨੇ ਆ ਕੇ ਨਮਸ਼ਕਾਰ ਕੀਤੀ। ਚਰਨਾਂ 'ਤੇ ਢਹਿ ਪਿਆ। ਰੋ-ਰੋ ਕੇ ਹੰਝੂਆਂ ਨਾਲ ਦਾਤਾਰ ਦੇ ਚਰਨ ਧੋ ਦਿੱਤੇ। ਦਾਤਾ ਜੀ ਨੇ ਬਾਹੋਂ ਫੜ ਕੇ ਉਠਾਇਆ। ਕਿਹਾ ਵਜ਼ੀਰ ਸਾਹਿਬ ਕਿਵੇਂ ਗੁਜ਼ਰੀ ?

ਜਾਣੀ-ਜਾਣ ਹੋ ਪ੍ਰੀਤਮ-ਵਜ਼ੀਰ ਬੋਲਿਆ।

ਸਾਡੇ ਪਿਆਰ ਬਦਲੇ ਤੈਨੂੰ ਬੜੀ ਹੀ ਕੁਰਬਾਨੀ ਕਰਨੀ ਪਈ ਏ।

ਦਾਤਾ ਤੇਰੀਆਂ ਤੂੰ ਹੀ ਜਾਣੇ। ਆਪੇ ਪਰਚੇ ਪੌਂਦਾ ਏਂ, ਆਪੇ ਇਮਤਿਹਾਨ 'ਚੋਂ ਪਾਸ ਕਰਦਾ ਏਂ।

***ਕਾਠ ਕੀ ਪੁਤਲੀ ਕਿਆ ਕਰੇ ਬਪੁਰੀ ਖਿਲਾਵਣਹਾਰੈ ਜਾਣੈ ॥***
***ਕੁਰਬਾਨੀ ਤੋ ਛੋਟੀ ਸੀ ਅਜਮਾਇਸ਼ ਹੈ ਇਸ਼ਕ ਕੀ,***
***ਫਰਜ਼ਿ ਇਸ਼ਕ ਤੋ ਜਾਂ ਦੇ ਕਰ ਭੀ ਪੂਰਾ ਹੋ ਨਹੀਂ ਸਕਤਾ।***

ਚਰਣ ਤੱਕ ਕੇ ਹੈਰਾਨ ਜਿਹਾ ਹੋ ਗਿਆ, ਕਹਿਣ ਲੱਗਾ ਬਾਜ਼ਾਂ ਵਾਲਿਆਂ ਇਹਨਾਂ ਕੋਮਲ ਜਿਹੇ ਚਰਣਾਂ 'ਤੇ ਪੱਟੀਆਂ ਕਿਉਂ ਬੱਧੀਆਂ ਨੇ। ਸਤਿਗੁਰਾਂ ਨੇ ਦੋਵੇਂ ਕਿੱਲ ਤਿੰਨ-ਤਿੰਨ ਇੰਚ ਲੰਮੇ ਦੇਵੀ ਚੰਦ ਦੇ ਹੱਥ ਤੇ ਧਰ ਦਿੱਤੇ। ਗੁਰਸਿੱਖਾ ਪਹਿਚਾਣ ਖਾਂ ਇਹ ਕਿੱਲ ਓਹ ਹੀ ਨੇ ਕਿ ਹੋਰ....। ਵਜ਼ੀਰ ਦੀਆਂ ਧਾਹਾਂ ਨਿਕਲ ਗਈਆਂ। ਚਰਨਾਂ ਨਾਲ ਲਿਪਟ ਗਿਆ। ਹੰਝੂਆਂ ਦੀ ਨਦੀ ਵਹਿ ਤੁਰੀ। ਪ੍ਰੇਮੀਆਂ ਭਲਾ ਹੋਇਆ ਜੇ ਸਾਡੇ ਚਰਨਾਂ ਦਾ ਧਿਆਨ ਕਰ ਲਿਆ। ਜੇ ਕਿਤੇ ਅੱਖਾਂ ਦਾ ਧਿਆਨ ਧਰ ਲੈਂਦੋ ਤਾਂ ਇਹ ਕਿੱਲ ਸਾਨੂੰ ਅੱਖਾਂ ਵਿਚ ਹੀ ਫਿਰਾਉਣੇ ਪੈਣੇ ਸੀ। ਵਜ਼ੀਰ ਚਰਨੀਂ ਡਿੱਗਾ ਸਿਸਕ ਰਿਹਾ ਸੀ ਤੇ ਕਲਗੀਧਰ ਪਾਤਸ਼ਾਹ ਪਿਆਰ ਨਾਲ ਓਹਦੀ ਕੰਡ 'ਤੇ ਹੱਥ ਫੇਰ ਰਹੇ ਸਨ। ਕੋਲੋਂ ਗੁਰਸਿੱਖਾਂ ਸ਼ਬਦ ਪੜ੍ਹਿਆ।

ਆਪਣੇ ਸੇਵਕ ਕੀ ਆਪੇ ਰਾਖੈ ਆਪੇ ਨਾਮ ਜਪਾਵੈ ॥
ਜਹਿ ਜਹਿ ਕਾਜ ਕਿਰਤ ਸੇਵਕ ਕੀ ਤਹਾਂ ਤਹਾਂ ਉਠਿ ਧਾਵੈ ॥
ਸੇਵਕ ਕਉ ਨਿਕਟੀ ਹੋਇ ਦਿਖਾਵੈ.....॥
ਸਭ ਦੇ ਬੁਲ੍ਹਾਂ 'ਚੋਂ ਆਵਾਜ਼ ਆਈ-
ਸਤਿਨਾਮ ਸ੍ਰੀ ਵਾਹਿਗੁਰੂ ॥

## ਕੋਰੜਾ ਛੰਦ

ਗੁਰੂ ਅਤੇ ਸਿੱਖ ਵਿਚ ਕੋਈ ਭੇਦ ਜੀ ।
ਕੂਕ-ਕੂਕ ਦੱਸਦੇ ਪੁਰਾਣ ਬੇਦ ਜੀ ।
ਗਾਰਜ਼ਾਂ ਦਾ ਹੋਰ ਸਾਰਾ ਸੰਸਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਗੁਰੂ ਪਿਛੇ ਸਿੱਖ ਮਰ ਮਿਟ ਜਾਂਵਦਾ ।
ਲੱਖਾਂ ਦੁਖਾਂ ਆਉਣ ਸ਼ੁਕਰ ਮਨਾਂਵਦਾ ।
ਸਿੱਖ ਦੀ ਗੁਰੂ ਵੀ ਸਦਾ ਲੈਂਦਾ ਸਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਸ਼ਮ੍ਹਾ ਪਿਛੇ ਲੱਖਾਂ ਪਰਵਾਨੇ ਮਰਦੇ ।
ਚੰਦ ਲਈ ਚਕੋਰ ਵੇਖੇ ਹੌਂਕੇ ਭਰਦੇ ।
ਦੇਂਦਾ ਨਾ ਦਿਲਾਸਾ ਅੱਗੋਂ ਦਿਲਦਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਬੀਨ ਦੇ ਤਰਾਨਿਆਂ 'ਤੇ ਨਾਗ ਨੱਚਦਾ ।
ਲੱਗ ਜਾਂਦਾ ਪਤਾ ਫੇਰ ਝੂਠ ਸੱਚ ਦਾ ।
ਬਣ ਜਾਂਦਾ ਕੈਦੀ ਹੋਂਵਦਾ ਖਵਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਸੁਣਕੇ ਨਾਦ ਮਿਰਗ ਲਾਵੇ ਛਾਲਾਂ ਨੂੰ ।
ਰਾਂਝਾ ਜਿਵੇਂ ਜਾਂਦਾ ਹੀਰ ਲਈ ਸਿਆਲਾਂ ਨੂੰ ।
ਸੀਨੇ 'ਚ ਸ਼ਿਕਾਰੀ ਗੋਲੀ ਦੇਂਦਾ ਮਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਗੱਜਦੇ ਬੱਦਲ ਮੋਰ ਪੈਲਾ ਪਾਂਵਦਾ ।
ਰੋ-ਰੋ ਕੇ ਹੰਝੂ ਅੱਖਾਂ 'ਚੋਂ ਵਗਾਂਵਦਾ ।
ਸੋਹਣੇ ਦਾ ਵਿਛੋੜਾ ਸਕੇ ਨਾ ਸਹਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।

ਚੱਕਵੀ ਤੇ ਚਕਵਾ ਤੜਪਦੇ ਨੇ ਰਾਤ ਨੂੰ ।
ਹੋਂਵਦਾ ਏ ਮੇਲ ਆ ਕੇ ਪਰਭਾਤ ਨੂੰ ।
ਸੂਰਜ ਜਾਂ ਚੜ੍ਹੇ ਹੋਂਵਦਾ ਦੀਦਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਪਤਨੀ ਪਤੀ ਤੋਂ ਜ਼ਿੰਦ ਜਾਨ ਵਾਰਦੀ ।
ਪੈਂਦੇ ਨਾ ਵਿਛੋੜੇ ਫੇਰ ਧਾਹਾਂ ਮਾਰਦੀ ।
ਹਾਣੀ ਬਿਨਾਂ ਕਾਹਦਾ ਸੁਖ ਤੇ ਸ਼ਿੰਗਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਪੁੱਤ ਪਿਛੇ ਮਾਤਾ ਬੜੇ ਦੁਖ ਸਹਿੰਦੀ ਏ .
ਕਰੇਗਾ ਇਹ ਸੇਵਾ ਖ਼ੁਸ਼ੀਆਂ 'ਚ ਕਹਿੰਦੀ ਏ ।
ਹੋਵੇ ਜੇ ਨਾਲਾਇਕ ਰੋਂਦੀ ਜ਼ਾਰੋ-ਜ਼ਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਮੱਛੀ ਪਾਣੀ ਵਿਚ ਤਾਰੀਆ ਲਗਾਂਦੀ ਏ ।
ਮਿੰਟ ਦੇ ਵਿਛੋੜੇ ਵਿਚ ਮਰ ਜਾਂਦੀ ਏ ।
ਪਾਣੀ ਨੂੰ ਜ਼ਰਾ ਨਾ ਤਰਸ ਤੇ ਵਿਚਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਸਾਹਿਬਾ ਲਈ ਸੀ ਤਨ-ਮਨ ਲੇਖੇ ਲਾ ਦਿੱਤੇ ।
ਓਸੇ ਸਾਹਿਬਾ ਤੀਰ ਮਿਰਜੇ ਦੇ ਲੁਕਾ ਦਿੱਤੇ ।
ਦੁਸ਼ਮਣ ਨਿਹੱਥਾ ਯੋਧਾ ਦਿੱਤਾ ਮਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਲੱਖਾ ਪੜ੍ਹੀਆਂ ਨੇ ਜੱਗ 'ਤੇ ਕਹਾਣੀਆਂ ।
ਕਈ ਪ੍ਰੀਤਾਂ ਲਾ ਗਏ ਤੇ ਕਈਆਂ ਨੇ ਲਾਣੀਆਂ ।
ਮਤਲਬਾਂ ਦੀ ਸਾਰੀ ਦੁਨੀਆਂ ਇਹ ਯਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਗੁਰੂ ਦਾ ਵਿਛੋੜਾ ਸਿੱਖ ਨੂੰ ਨਾ ਪੈਂਦਾ ਏ ।
ਸਦਾ ਅੰਗ-ਸੰਗ ਉਹ ਪਿਆਰਾ ਰਹਿੰਦਾ ਏ ।
ਸੇਵਕਾ ਦਾ ਬੇੜਾ ਸਦਾ ਲੈਂਦਾ ਪਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਜਦੋਂ ਮਰਦਾਨੇ ਯਾਦ ਨੂੰ ਧਿਆਇਆ ਸੀ
ਪਲਾਂ ਵਿਚ ਆ ਕੇ ਕੌਡੇ ਤੋਂ ਛੁਡਾਇਆ ਸੀ ।
ਤਪਦਾ ਕੜ੍ਹਾਇਆ ਹੋ ਗਿਆ ਠੰਢਾ ਠਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।

ਕਾਬਲ 'ਚ ਬੈਠੇ ਸਿੱਖ ਨੇ ਧਿਆਇਆ ਸੀ ।
ਲੱਕੜ ਦੀ ਤੇਗ ਦਾ ਲੋਹਾ ਬਣਾਇਆ ਸੀ ।
ਸੂਰਜ ਦੇ ਵਾਂਗੂੰ ਲਿਸ਼ਕੀ ਤਲਵਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਭਾਈ ਜਾਂ ਕਟਾਰੂ ਗੁਰੂ ਕੀਤਾ ਯਾਦ ਸੀ ।
ਪੂਰੇ ਵੱਟੇ ਤੁਲੇ ਸੁਣੀ ਫਰਿਆਦ ਸੀ ।
ਨਿੰਦਕ ਚੁਗ਼ਲ ਹੋ ਗੈ ਸ਼ਰਮਸਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਬਿਧੀ ਚੰਦ ਜਦੋਂ ਭੱਠੀ 'ਚ ਧਿਆਇਆ ਸੀ ।
ਛੇਵੇਂ ਗੁਰਾਂ ਆਪ ਸਿੱਖ ਨੂੰ ਬਚਾਇਆ ਸੀ।
ਅੱਗ ਵਾਲਾ ਸੇਕ ਆਪ ਲਿਆ ਸਹਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਮੱਖਣ ਸ਼ਾਹ ਲੁਬਾਣੇ ਸਿਦਕ ਵਿਖਾ ਦਿੱਤਾ ।
ਮੋਢਾ ਦੇ ਕੇ ਪਾਰ ਸੀ ਜਹਾਜ਼ ਲਾ ਦਿੱਤਾ ।
ਤੀਨ ਲੋਕ ਵਿਚ ਹੋ ਗਈ ਜੈ-ਜੈ ਕਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਦੇਵੀ ਚੰਦ ਚਰਣ ਨੈਣਾਂ 'ਚ ਵਸਾ ਲਏ ।
ਤੱਤੇ ਕਿੱਲ ਗੁਰਾਂ ਚਰਣਾਂ 'ਚ ਫਿਰਾ ਲਏ ।
ਜ਼ੋਗਾ ਸਿੰਘ ਜਿਹਾ ਦੇ ਬਣੇ ਪਹਿਰੇਦਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਸਿੱਖ ਗੁਰੂ ਵਾਲੇ ਜੇ ਕਦਮ ਧਰਦਾ ।
ਗੁਰੂ ਕੋਟਾ ਪੈਂਡਾ ਸਿੱਖ ਦੇ ਲਈ ਕਰਦਾ ।
ਸਿੱਖ ਜਾਵੇ ਸਦਕੇ ਗੁਰੂ ਬਲਿਹਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।
ਸਿੱਖ ਸਦਾ ਗਾਂਵਦੇ ਗੁਰੂ ਦੇ ਗੀਤ ਜੀ ।
ਚਰਣਾਂ ਦੇ ਨਾਲ ਨਿਭ ਜੈ ਪ੍ਰੀਤ ਜੀ ।
'ਦਿਲਬਰ' ਦੀ ਕੋਟ-ਕੋਟ ਨਮਸ਼ਕਾਰ ਹੈ।
ਗੁਰੂ ਸਿੱਖ ਜਿਹਾ ਨਾ ਕਿਸੇ ਦਾ ਪਿਆਰ ਹੈ।

✫

ੴ ਸਤਿਗੁਰ ਪ੍ਰਸਾਦਿ ॥

## ਪ੍ਰਸੰਗ
# ਮੱਸੇ ਰੰਘੜ ਦੀ ਮੌਤ ਤੇ
# ਸ: ਸੁੱਖਾ ਸਿੰਘ ਮਹਿਤਾਬ ਸਿੰਘ ਜੀ ਦੀ ਬਹਾਦਰੀ

ਅਠਾਰ੍ਹਵੀਂ ਸਦੀ ਦਾ ਇਤਿਹਾਸ ਪੰਜਾਬ ਦੇ ਕਾਲੇ ਦਿਨਾਂ ਦਾ ਇਤਿਹਾਸ ਹੈ। ਇਹ ਮੁਹੱਯੁਦੀਨ ਔਰੰਗਜ਼ੇਬ ਦੇ ਬੀਜੇ ਹੋਏ ਕੰਢਿਆਂ ਦਾ ਨਤੀਜਾ ਸੀ। ਨਾਦਰ ਸ਼ਾਹ ਈਰਾਨੀ ਤੇ ਅਹਿਮਦ ਸ਼ਾਹ ਅਬਦਾਲੀ ਤੋਂ ਇਲਾਵਾ ਮਰਾਠਿਆਂ ਤੇ ਜਾਰਜ ਟਾਮਸ ਵਰਗੇ ਫਰੰਗੀਆਂ ਨੇ ਵੀ ਇਸ ਪ੍ਰਦੇਸ਼ ਦੀ ਪਾਣ-ਪਤ ਲਾਹੀ। ਇਸ ਪੰਜਾਂ ਦਰਿਆਵਾਂ ਦੀ ਧਰਤੀ ਦੀ ਇਸ ਤੋਂ ਵਧ ਕੀ ਬਦਕਿਸਮਤੀ ਹੋ ਸਕਦੀ ਏ। ਡਾਕਟਰ ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ 1712 ਈ: ਤੋਂ 1768 ਈ: ਤੱਕ ਜਦ ਕਿ ਸਿੱਖਾਂ ਨੇ ਪੰਜਾਬ 'ਤੇ ਪੱਕੇ ਪੈਰੀਂ ਕਬਜ਼ਾ ਕਰ ਲਿਆ। ਲਾਹੌਰ 'ਤੇ ਉਤੋੜਿਤੀ ਵੀਹ ਹੁਕਮਰਾਨਾਂ ਨੇ ਹੁਕਮਤ ਕੀਤੀ। 1716 ਤੋਂ 1767 ਈ: ਵਿਚਾਕਰਲੇ ਸਮੇਂ ਵਿਚ ਕਈ ਜੁਗ-ਗਰਦੀਆਂ ਹੋਈਆਂ ਅਤੇ ਬਾਰਾਂ ਸੂਬੇਦਾਰ ਗੱਦੀ ਬਦਲਦੇ ਰਹੇ। 1712 ਈ: ਵਿਚ ਅਸਲਮ ਖਾਂ ਨੇ ਰਾਜ ਕੀਤਾ। ਇਸ ਤੋਂ ਬਾਦ ਜਬਰਦਸਤ ਖਾਂ ਗੱਦੀ 'ਤੇ ਬੈਠਾ ਤੇ 1714 ਈ: ਵਿਚ ਅਬਦੁਲ ਸ਼ਮੱਦ ਖਾਂ ਨੇ ਪੰਜਾਬ ਦੀ ਵਾਗਡੋਰ ਸੰਭਾਲੀ। ਇਸਨੇ 1726 ਈ: ਤੱਕ ਹਕੂਮਤ ਕੀਤੀ ਤੇ ਬਾਦ ਵਿਚ ਇਸਦਾ ਪੁੱਤਰ ਖਾਨ ਬਹਾਦਰ ਜ਼ਕਰੀਆਂ ਖਾਂ ਪੰਜਾਬ ਦਾ ਗਵਰਨਰ ਬਣਿਆ। 1739 ਈ: ਵਿਚ ਹਿੰਦੁਸਤਾਨ ਉਤੇ ਨਾਦਰ ਸ਼ਾਹ ਦਾ ਹੋ ਗਿਆ। 19 ਨਵੰਬਰ 1738 ਈ: ਨੂੰ ਨਾਦਰ ਸ਼ਾਹ ਨੇ ਪਿਸ਼ਾਵਰ ਉਤੇ ਕਬਜ਼ਾ ਕੀਤਾ ਤੇ 12 ਦਸੰਬਰ ਨੂੰ ਹਿੰਦੁਸਤਾਨ ਉਤੇ ਚੜ੍ਹ ਪਿਆ। 8 ਜਨਵਰੀ 1739 ਈ: ਨੂੰ ਵਜ਼ੀਰਾਬਾਦ ਦੇ ਪੱਤਣ ਤੋਂ ਦਰਿਆ ਝਨਾਂ (ਚਨਾਬ) ਪਾਰ ਕੀਤਾ ਤੇ ਸਿੱਧਾ ਲਾਹੌਰ ਨੂੰ ਆਇਆ 9 ਜਨਵਰੀ ਨੂੰ ਛੋਟੀ ਜਿਹੀ ਲੜਾਈ ਹੋਈ ਤੇ 10 ਜਨਵਰੀ ਨੂੰ ਨਾਦਰ ਸ਼ਾਹ ਦਾ ਲਾਹੌਰ ਉਤੇ ਕਬਜ਼ਾ ਹੋ ਗਿਆ। 20 ਲੱਖ ਰੁਪਿਆ ਸ਼ਾਹੀ ਖਜ਼ਾਨੇ 'ਚੋਂ ਲੁੱਟਿਆ ਤੇ ਲੋਕਾਂ ਕੋਲੋਂ ਰੱਜ ਕੇ ਚੱਟੀ ਉਗਰਾਹੀ ਨਾਦਰ ਸ਼ਾਹ 16 ਲਾਹੌਰ ਰਿਹਾ ਫਿਰ 26 ਜਨਵਰੀ ਨੂੰ ਦਿੱਲੀ ਨੂੰ ਤੁਰਿਆ। 5 ਫਰਵਰੀ ਨੂੰ ਸਰਹੰਦ ਪੁੱਜਾ, 6 ਫਰਵਰੀ ਰਾਜਪੁਰੇ, 7 ਫਰਵਰੀ ਅੰਬਾਲੇ ਥਾਨੇਸਰ ਦੀ ਹੁੰਦਾ ਹੋਇਆ 13 ਫਰਵਰੀ ਮੰਗਲਵਾਰ ਕਰਨਾਲ ਦੇ ਮੈਦਾਨ ਵਿਚ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੀ ਫੌਜ ਨਾਲ ਜਾ ਲੜਿਆ। ਢਾਈ ਹਜ਼ਾਰ ਈਰਾਨੀ ਮਰੇ ਤੇ ਇਸ ਤੋਂ ਸੱਤ ਗੁਣਾਂ ਜ਼ਿਆਦਾ

ਹਿੰਦੁਸਤਾਨੀ । 24 ਫਰਵਰੀ ਨੂੰ ਮੁਹੰਮਦ ਸ਼ਾਹ ਰੰਗੀਲਾ ਕੈਦ ਕਰ ਲਿਆ । 1 ਮਾਰਚ ਨੂੰ ਨਾਦਰ ਸ਼ਾਹ ਤੁਰਿਆ, 9 ਮਾਰਚ ਦਿੱਲੀ ਜਾ ਵੜਿਆ ਕਤਲਿਆਮ ਦਾ ਹੁਕਮ ਦੇ ਦਿੱਤਾ, ਚਾਲੀ-ਚਾਲੀ ਮੀਲ ਚੋਵ੍ਹਾਂ ਪਾਸਿਆਂ ਤੋਂ ਇਲਾਕਾ ਲੁੱਟ-ਮਾਰ ਕੇ ਤਬਾਹ ਕਰ ਦਿੱਤਾ, 58 ਦਿਨ ਨਾਦਰ ਸ਼ਾਹ ਦਿੱਲੀ ਦੇ ਮਹਿਲਾਂ ਵਿਚ ਰਿਹਾ, 45 ਪੰਤਾਲੀ ਕ੍ਰੋੜ ਰੁਪਏ ਨਕਦ, 9 ਕ੍ਰੋੜ ਰੁਪਏ ਦਾ ਤਖਤਿ ਤਾਊਸ, ਸੱਤਰ ਕ੍ਰੋੜ ਰੁਪਏ ਦਾ ਸੋਨਾ ਚਾਂਦੀ, ਇਕ ਹਜ਼ਾਰ ਹਾਥੀ, ਪੰਜ ਹਜ਼ਾਰ ਘੋੜੇ ਦਸ ਹਜ਼ਾਰ ਊਠ, ਹਜ਼ਾਰਾਂ ਸੁੰਦਰ ਲੜਕੇ ਤੇ ਮੁਟਿਆਰ ਲੜਕੀਆਂ ਬੰਨ੍ਹਕੇ ਨਾਦਰ ਸ਼ਾਹ 5 ਮਈ 1739 ਈ: ਨੂੰ ਦਿੱਲੀ ਤੋਂ ਵਾਪਸ ਮੁੜਿਆ । ਖਾਲਸੇ ਨੇ ਰਾਤ-ਬਰਾਤੇ ਹੱਲੇ ਕਰਕੇ ਨਾਦਰ ਸ਼ਾਹ ਦੀ ਲੁੱਟ ਵਿਚੋਂ ਕਾਫੀ ਹਿੱਸਾ ਵੰਡਾ ਲਿਆ । ਲਾਹੌਰ ਪਹੁੰਚ ਕੇ ਨਾਦਰ ਸ਼ਾਹ ਨੇ ਸਭ ਤੋਂ ਪਹਿਲਾਂ ਸਵਾਲ ਖਾਨ ਬਹਾਦਰ ਜ਼ਕਰੀਆਂ ਖਾਂ ਨੇ ਅੱਗੇ ਇਹ ਕੀਤਾ। ਇਹ ਕਿਹੜੀ ਕੌਮ ਹੈ ਜਿਸਨੇ ਮੈਨੂੰ ਲੁੱਟਿਆ ਏ । ਈਰਾਨ, ਅਫਗਾਸ਼ਿਤਾਨ ਤੇ ਹਿੰਦੁਸਤਾਨ ਨੂੰ ਫਤਹਿ ਕਰਨ ਵਾਲਾ ਨਾਦਰ ਪੰਜਾਬ ਦੇ ਮੁੱਠੀ ਭਰ ਸਿੰਘਾਂ ਹੱਥੋਂ ਘਬਰਾ ਉਠਿਆ ਸੀ । ਉਸ ਨੇ ਪੁਛਿਆ, ਇਹ ਰਹਿੰਦੇ ਕਿਥੇ ਨੇ ? ਇਹਨਾਂ ਦੀ ਕਿਹੜੀ ਏ ? ਇਹ ਖਾਂਦੇ ਪੀਂਦੇ ਕੀ ਨੇ ? ਇਹਨਾਂ ਦਾ ਪਿਛੋਕੜ ਕੀ ਹੈ ? ਲਾਹੌਰ ਦਾ ਰਾਜਪਾਲ ਸੁਣ ਕੇ ਹੱਸ ਪਿਆ । ਕਹਿਣ ਲੱਗਾ, ਜੇਤੂ ਬਾਦਸ਼ਾਹ ਇਹ ਕੰਮ ਸਿੰਘਾਂ ਦਾ ਹੈ ਇਹਨਾਂ ਨੂੰ ਖਾਲਸੇ ਵੀ ਕਹਿੰਦੇ ਨੇ, ਇਹਨਾਂ ਦਾ ਵੱਡਾ ਪੀਰ ਹੋਇਆ ਏ ਸ੍ਰੀ ਗੁਰੂ ਨਾਨਕ ਦੇਵ, ਇਹਨਾਂ ਦੇ ਪੰਜਵੇਂ ਪੀਰ ਨੂੰ ਬਾਦਸ਼ਾਹ ਜਹਾਂਗੀਰ ਨੇ 30 ਮਈ 1606 ਈ: ਨੂੰ ਲਾਹੌਰ ਵਿਚ ਸ਼ਹੀਦ ਕਰਵਾਇਆ । ਇਹਨਾਂ ਦੇ ਨੌਵੇਂ ਪੀਰ ਨੂੰ 12 ਮੱਘਰ 1732 ਬਿਕ੍ਰਮੀ ਮੁਤਾਬਿਕ 11 ਨਵੰਬਰ 1675 ਈ: ਨੂੰ ਔਰੰਗਜ਼ੇਬ ਨੇ ਦਿੱਲੀ ਵਿਚ ਕਤਲ ਕੀਤਾ । ਇਹਨਾਂ ਦੇ ਦਸਵੇਂ ਪੀਰ ਦੇ ਵੱਡੇ ਬੇਟੇ ਚਮਕੌਰ ਵਿਚ ਲੜ ਕੇ ਸ਼ਹੀਦ ਹੋ ਗਏ ਅਤੇ ਛੋਟੇ ਬੱਚੇ ਸਰਹੰਦ ਵਿਚ ਕਤਲ ਕੀਤੇ ਗਏ। ਇਹਨਾਂ ਦਾ ਵੱਡਾ ਲੀਡਰ ਬਾਬਾ ਬੰਦਾ ਸਿੰਘ ਬਹਾਦਰ 19 ਜੂਨ 1716 ਈ: ਨੂੰ ਬਾਦਸ਼ਾਹ ਫਰਖੁਸੀਅਰ ਨੇ ਦਿੱਲੀ ਵਿਚ ਕਤਲ ਕੀਤਾ । ਇਹਨਾਂ ਨੂੰ ਬੜੇ ਕਸ਼ਟ ਦਿੱਤੇ ਗਏ ਨੂੰ, ਅੱਲਾ ਜਾਣੇ ਇਹਨਾਂ ਵਿਚ ਕੀ ਸ਼ਕਤੀ ਏ । ਭੁੱਖੇ ਮਰਦੇ ਵੀ ਕਹਿੰਦੇ ਨੇ ਰਾਜ ਕਰੇਗੋ ਖਾਲਸਾ । ਗੜਵਾ ਪਾਣੀ ਦਾ ਲੈ ਕੇ ਲੋਹੇ ਦੇ ਬਾਟੇ ਵਿਚ ਪਾ ਕੇ ਮੁੱਠੀ ਕੂ ਪਤਾਸੇ ਪਾ ਕੇ ਖੰਡਾ ਫੇਰੀ ਜਾਂਦੇ ਨੇ ਤੇ ਆਪਣੇ ਗੁਰੂ ਦੀ ਕੋਈ ਕਲਾਮ ਪੜ੍ਹਦੇ ਨੇ, ਜਿਹੜਾ ਓਹਦੇ ਵਿਚੋਂ ਪੰਜ ਘੁੱਟ ਪੀ ਲਵੇ, 'ਕੱਲਾ ਹੀ ਲੱਖਾਂ ਨਾਲ ਲੜਨ ਨੂੰ ਤਿਆਰ ਹੋ ਜਾਂਦਾ ਏ । ਇਹ ਰਹਿੰਦੇ ਨੇ ਜੰਗਲਾਂ ਬੀਆਬਾਨਾਂ ਵਿਚ, ਖਾਂਦੇ ਨੇ ਦਰਖਤਾਂ ਦੇ ਪੱਤੇ ਤੇ ਡੇਲੇ ਬਾਟੇ, ਇਹਨਾਂ ਦੇ ਘਰ ਨੇ ਘੋੜਿਆਂ ਦੀਆਂ ਕਾਠੀਆਂ ਉਤੇ ਹੀ ਤੁਰੇ-ਤੁਰੇ ਜਾਂਦੇ ਹੀ ਸੌਂ ਲੈਂਦੇ ਨੇ । ਹੰਕਾਰੀ ਏਨੇ ਨੇ ਆਪਣੇ ਆਪ ਨੂੰ ਤਾਂ ਕਹਿੰਦੇ ਨੇ ਅਕਾਲ ਪੁਰਖ ਵਾਹਿਗੁਰੂ ਦਾ ਖਾਲਸਾ ਤੇ ਲੋਕਾਂ ਨੂੰ ਕਹਿੰਦੇ ਨੇ ਸਭ ਕੱਚੇ-ਪਿਲੇ ਦਬੜੂ-ਘੁਸੜੂ ਚੁਰਾਸੀ ਦਾ ਮਾਲ ਈ

ਇਕੱਠਾ ਕੀਤਾ ਹੋਇਆ ਏ। ਸੁਣ ਨਾਦਰ ਸ਼ਾਹ ਗੰਭੀਰ ਹੋ ਗਿਆ ਕਹਿਣ ਲੱਗਾ ਜੇ ਠੀਕ ਐਹੋ ਜਿਹੇ ਨੇ ਤਾਂ ਕਿਸੇ ਦਿਨ ਨੂੰ ਪੰਜਾਬ ਉਤੇ ਰਾਜ ਕਰਨਗੇ। ਨਾਦਰ ਤਾਂ ਇਹ ਗੱਲਾਂ ਕਹਿ ਕੇ ਮੁੜ ਗਿਆ ਆਪਣੀ ਵਲੈਤ ਨੂੰ ਪਰ ਸੁਣ ਕੇ ਲਾਹੌਰ ਦੇ ਗਵਰਨਰ ਖਾਨ ਬਹਾਦਰ ਜ਼ਕਰੀਆ ਖਾਨ ਨੂੰ ਲੱਗ ਗਈ ਅੱਗ। ਉਸ ਨੇ ਕਿਹਾ ਜੇ ਮੈਂ ਸਿੱਖਾਂ ਦਾ ਨਾਮੋ-ਨਿਸ਼ਾਨ ਨਾ ਮਿਟਾਇਆਂ ਤਾਂ ਮੈਨੂੰ ਅਬਦੁਲ ਸਮੱਦ ਖਾਂ ਦਾ ਪੁੱਤਰ ਕਿਸਨੇ ਕਹਿਣਾ ਏਂ ? ਓਸੇ ਵੇਲੇ ਸਾਰੇ ਇਲਾਕਿਆਂ ਦੇ ਚੌਧਰੀ ਸੱਦੇ ਤੇ ਹੁਕਮ ਜਾਰੀ ਕਰ ਦਿੱਤਾ।

## ਕਬਿੱਤ

*ਸੱਦ ਕੇ ਇਲਾਕਿਆਂ ਦੇ ਚੌਧਰੀ ਲਾਹੌਰ ਸਾਰੇ,*
*ਆਖਦਾ ਏ ਸੂਬਾ ਮੇਰਾ ਡਰ ਨਾ ਭੁਲਾ ਦਿਓ।*
*ਸਿੰਘ ਨਾ ਪੰਜਾਬ ਵਿਚ ਜਿਊਂਦਾ ਕੋਈ ਨਜ਼ਰ ਆਵੇ,*
*ਜੋ ਵੀ ਬਾਲ ਬੁੱਢਾ ਮਿਲੇ ਕਤਲ ਕਰਾ ਦਿਓ।*
*ਮਾਰ-ਮਾਰ ਥੱਕੇ ਪਰ ਚੰਦਰੇ ਇਹ ਮੁਕਦੇ ਨਾ,*
*ਐਸੀ ਜੜ ਪੁਟੋ ਬਸ ਸਫਾ ਹੀ ਉਠਾ ਦਿਓ।*
*ਚਾਹੁੰਦੇ ਭਲਿਆਈ ਤੁਸੀਂ ਆਪਣੀ ਜੇ ਛੇਤੀ ਉਠੋ,*
*ਖਾਲਸੇ ਦਾ ਦੇਸ਼ੋਂ ਖੁਰਾ ਖੋਜ ਹੀ ਮਿਟਾ ਦਿਓ।*

ਲਾਹੌਰ ਦੇ ਸੂਬੇਦਾਰ ਦੇ ਹੁਕਮ ਦੀ ਦੇਰ ਸੀ। ਚੌਧਰੀਆਂ ਨੇ ਪੰਜਾਬ ਵਿਚ ਅੱਤ ਚੁੱਕ ਲਈ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣ ਗਿਆ। ਕਈ ਆਪਣੇ ਵੀ ਬਿਗਾਨੇ ਬਣ ਗਏ।

*ਸੱਯਾਦ ਨੇ ਜਬ ਆਗ ਦੀ ਆਸ਼ਿਆਨੇ ਕੋ ਮਿਰੇ।*
*ਤਕੀਆ ਜਿਨ ਪਿ ਥਾ ਵੁਹੀ ਪਤੇ ਹਵਾ ਦੇਣੇ ਲਗੇ।*

ਕਈ ਅਹੁਦਿਆਂ ਦੇ ਲਾਲਚੀ ਭਰਾ ਮਾ ਰੂਬਣ ਗਏ। ਸਾਹਿਬ ਰਾਏ ਨੁਸ਼ਹਿਰੇ ਵਾਲੇ ਭਗਤ ਨਿਰੰਜਣੀਏਂ ਜੰਡਿਆਲੇ ਵਾਲੇ ਕਰਮੇ ਛੀਨੇ ਧਰਮ ਦਾਸ ਟੋਪੀ ਜੋਧ ਨਗਰੀਏ ਨੇ ਬੜੇ ਜ਼ੁਲਮ ਢਾਹੇ। ਤਲਵੰਡੀ ਦਾ ਰਾਮਾ ਰੰਧਾਵਾ ਤਾਂ ਏਨਾ ਜ਼ਾਲਮ ਸੀ, ਸਿੰਘਾਂ ਨੇ ਇਹ ਅਖ਼ਾਣ ਬਣਾ ਲਿਆ ਸੀ-

*ਹਮ ਰਾਏ ਨਾ ਜਾਵੇਂਗੇ। ਡੀਲਾਂ ਬਾਟਾ ਮਾਝੇ ਕਾ ਖਾਵੇਂਗੇ।*

ਮਸਲਿਹੁ ਦੀਨ ਉਰਫ ਮੱਸੇ ਰੰਘੜ ਮੰਡਿਆਲੀਏ ਨੇ ਤਾਂ ਜ਼ੁਲਮ ਵਿਚ ਸਭ ਨੂੰ ਮਾਤ ਪਾ ਦਿੱਤਾ। ਓਹਨੇ ਕੁਝ ਸਿਪਾਹੀਆਂ ਦੀ ਧਾੜ ਲਈ ਤੇ ਅੰਮ੍ਰਿਤਸਰ (ਗੁਰੂ ਕਾ ਚੱਕ) ਸ੍ਰੀ ਦਰਬਾਰ ਸਾਹਿਬ ਨੂੰ ਆ ਘੇਰਾ ਪਾਇਆ। ਓਹਨੇ ਕਿਹਾ ਮਰਿਆ ਤੋਂ ਮਰਿਆ ਸਿਅ ਔਂਦਾ ਏ, ਇਸ ਸਰੋਵਰ ਵਿਚ ਇਸ਼ਨਾਨ ਕਰਕੇ ਚੜ੍ਹਦੀ ਕਲਾ ਵਿਚ ਹੋ ਕੇ ਤੁਰ ਜਾਂਦਾ ਏ। ਇਸ ਲਈ ਪਹਿਲੇ ਇਸ ਸਰੋਵਰ ਨੂੰ ਪੂਰੋ, ਇਸ

ਸ਼ਕਤੀ ਦੀ ਅਲਖ ਮੁਕਾਓ, ਇਸ ਮੰਦਰ ਦੀ ਬੇਅਦਬੀ ਕਰੋ, ਤਾਂ ਕਿ ਖਾਲਸੇ ਦੀ ਅਣਖ ਦਾ ਪਤਾ ਲੱਗ ਜਾਵੇ ।

## ਪਉੜੀ ॥

*ਜਿਥੇ ਚੌਥੇ ਗੁਰਾਂ ਨੇ ਸੱਚਖੰਡ ਬਣਾਇਆ।*
*ਪਿੰਗਲੇ ਰਾਜ਼ੀ ਕਰਨ ਲਈ ਸੀ ਤਾਲ ਲਵਾਇਆ।*
*ਜਿਸ ਦੀ ਕਾਰ ਕਰੌਣ ਨੂੰ ਚੱਲ ਵਿਸ਼ਨੂੰ ਆਇਆ।*
*ਸੀਸ ਝੁਕੌਂਦੇ ਦੇਵਤੇ ਜਸ ਬਰਮਾ ਗਾਇਆ।*
*ਜਿਥੇ ਅੰਮ੍ਰਿਤ ਬਰਸਦਾ ਸੀ ਦੂਣ ਸਵਾਇਆ।*
*ਜਿਥੇ ਸਜਦੇ ਹਰੀ ਸੀ ਚਰਣ ਝੱਸਦੀ ਮਾਇਆ।*
*ਓਥੇ ਮੱਸੇ ਚੌਧਰੀ ਆ ਡੇਰਾ ਲਾਇਆ।*
*ਅੱਗੇ ਦੱਸ ਦੇ 'ਦਿਲਬਰਾ' ਜੋ ਕਹਿਰ ਕਮਾਇਆ।*

ਸਿਆਣਿਆਂ ਦਾ ਕਥਨ ਹੈ (ਵਿਨਾਸ਼ ਕਾਲੇ ਵਿਪਰੀਤ ਬੁੱਧੀ) ਜਦ ਕਾਲ ਆ ਜਾਵੇ ਅਕਲ ਮਾਰੀ ਜਾਂਦੀ ਏ। ਮੱਸਾ ਚੌਧਰੀ ਹਕੂਮਤ ਦੇ ਨਸ਼ੇ ਵਿਚ ਅੰਨ੍ਹਾਂ ਹੋ ਗਿਆ। ਉਸ ਨੇ ਹੁਕਮ ਕੀਤਾ ਸਿਪਾਹੀਓ ਮਿੱਟੀ ਪਾ ਕੇ ਇਸ ਤਲਾਬ ਨੂੰ ਪੂਰ ਦਿਓ। ਆਪ ਹਰਿ ਮੰਦਰ ਵਿਚ ਆ ਵੜਿਆ ਜਿਥੇ ਗੁਰੂ ਸਾਹਿਬ ਸਜਿਆ ਕਰਦੇ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਕਰਦਾ ਸੀ। ਉਸ ਜਗ੍ਹਾ ਮੱਸੇ ਚੌਧਰੀ ਨੇ ਨਵਾਰੀ ਪਲੰਘ ਡਾਹ ਲਿਆ, ਮੂਹਰੇ ਹੁੱਕਾ ਰੱਖ ਲਿਆ। ਲੱਗਾ ਸੂਟੇ ਖਿੱਚਣ ਸ਼ਰਾਬ ਦਾ ਦੌਰ ਚੱਲਣਾ ਸ਼ੁਰੂ ਹੋ ਗਿਆ। ਕਬਾਬ ਨੂੰ ਰਾੜ੍ਹੇ ਲੱਗਣ ਲੱਗ ਪਏ ਏਥੇ ਹੀ ਬਸ ਨਹੀਂ ਇਕ ਲਾਹੌਰੋਂ ਵੇਸਵਾ ਮੰਗਵਾਂ ਲਈ ਉਸ ਦਾ ਨਾਚ ਸ਼ੁਰੂ ਹੋ ਗਿਆ ਬੋਲੀਆਂ ਪੈਣ ਲੱਗ ਪਈਆਂ ਦੁਸ਼ਟ ਇਉਂ ਪਾਪ ਕਰ ਰਿਹਾ ਏ।

## ਮਿਰਜ਼ਾ

*ਮੱਸਾ ਰੰਘੜ ਆ ਗਿਆ ਅੰਮ੍ਰਿਤਸਰ ਦਰਬਾਰ।*
*ਉਸ ਪਲੰਘ ਨਵਾਰੀ ਡਾਹ ਲਿਆ ਹਰਿਮੰਦਰ ਵਿਚਕਾਰ।*
*ਉਸ ਹੁੱਕਾ ਮੂਹਰੇ ਰਖਿਆ ਪੀਵੇ ਨਾਲ ਹੰਕਾਰ।*
*ਓਥੇ ਚਲਿਆ ਦੌਰ ਸ਼ਰਾਬ ਦਾ ਭਰ-ਭਰ ਪੀਣ ਮੱਕਾਰ।*
*ਓਥੇ ਰਾੜੇ ਲੌਣ ਕਬਾਬ ਨੂੰ ਖਾਣ ਪੀਣ ਦੇ ਯਾਰ।*
*ਓਥੇ ਆਸ਼ਕ ਬਣ ਗਏ ਮਜਲਸੀ ਬੋਤਲ ਸੀ ਮੁਟਿਆਰ।*
*ਓਥੇ ਨੱਚਣ ਲੱਗੀ ਵੇਸਵਾ ਲਾ ਕੇ ਹਾਰ ਸ਼ਿੰਗਾਰ।*
*ਓਥੇ ਗੰਦੇ ਢੋਲੇ ਗਾਂਵਦੀ ਬਾਹਾ ਰਹੀ ਉਲਾਰ।*
*ਹੋਣੀ ਸਿਰ 'ਤੇ ਕੂਕਦੀ ਕਰਦੀ ਮਾਰੋ-ਮਾਰ।*
*ਪਾਪੀ ਤਾਈਂ 'ਦਿਲਬਰਾ' ਜੱਗ ਪੌਂਦਾ ਏ ਫਿਟਕਾਰ।*

ਸਾਰੇ ਸ਼ਹਿਰ ਵਿਚ ਮੁਨਿਆਦੀ ਕਰਵਾ ਦਿੱਤੀ। ਅੱਜ ਸਿੱਖਾਂ ਦੇ ਹਰਿਮੰਦਰ ਵਿਚ ਵੇਸਵਾ ਦਾ ਮੁਜਰਾ ਹੋਵੇਗਾ। ਬਾਰਾਂ ਵਜੇ ਤੱਕ ਹਰਿਮੰਦਰ ਖਚਾ-ਖਚ ਭਰ ਗਿਆ। ਮੁਜਰਾ ਸ਼ੁਰੂ ਹੋ ਗਿਆ। ਰੰਗਤ ਦੇ ਅੰਦਰ ਜਦ ਗਏ ਦੋ ਪੈਗ ਸ਼ਰਾਬ ਦੇ ਜੋ ਮੂੰਹ ਆਇਆ ਅਰਲ-ਬਰਲ ਬੋਲਣ ਲੱਗ ਪਿਆ। ਕਿਧਰ ਗਿਆ ਖਾਲਸਾ ਮੈਂ ਧੂੜ ਵਾਂਗ ਉਡਾ ਦਿਆਂ। ਕੇਸਰੀ ਝੰਡਾ ਪਾੜ ਕੇ ਲੀਰਾਂ ਕਰ ਦਿੱਤਾ ਗਿਆ।

ਲੋਕ ਕਹਿੰਦੇ ਨੇ, ਜਦ ਸੱਪ ਦੀ ਮੌਤ ਆਉਂਦੀ ਏ ਓਹ ਰਸਤੇ 'ਤੇ ਆਣ ਬਹਿੰਦਾ ਏ। ਜਦ ਕਿਸੇ ਗਿੱਦੜ ਦੀ ਮੌਤ ਆਉਂਦੀ ਏ, ਜੱਟ ਦੇ ਮੁੰਨੇ ਨਾਲ ਖਹਿੰਦਾ ਏ। ਜਦ ਕਿਸੇ ਕੁੱਤੇ ਦੀ ਮੌਤ ਆਉਂਦੀ ਏ, ਮਸੀਤ ਵਿਚ ਵੜ ਕੇ ਪਿਸ਼ਾਬ ਕਰਦਾ ਏ। ਜਦ ਕਿਸੇ ਡਰਾਇਵਰ ਦੀ ਮੌਤ ਆਵੇ ਓਹ ਸ਼ਰਾਬ ਪੀਕੇ ਟਰੱਕ ਚਲਾਉਂਦਾ ਏ। ਜਦ ਕਿਸੇ ਸਰਕਾਰ ਦੇ ਦਿਨ ਥੋੜੇ ਰਹਿ ਜਾਣ ਲੋਕਾਂ ਦੇ ਧਰਮ ਵਿਚ ਦਖਲ ਦੇਂਦੀ ਏ। ਜਦ ਕਿਸੇ ਜ਼ਾਲਮ ਦੀ ਮੌਤ ਆਉਂਦੀ ਏ, ਲੋਕਾਂ 'ਤੇ ਜ਼ੁਲਮ ਕਰਦਾ ਏ। ਰੱਜ ਕੇ, ਮੱਸਾ ਹਕੂਮਤ-ਦੌਲਤ' ਦੇ ਨਸ਼ੇ ਵਿਚ ਅੰਨ੍ਹਾ ਹੋ ਚੁੱਕਾ ਸੀ। ਵੇਸਵਾ ਬੋਲੀਆਂ ਪਾ ਰਹੀ ਸੀ। ਤਮਾਸ਼ਬੀਨ ਤਾੜੀਆਂ ਮਾਰ ਰਹੇ ਸਨ। ਸ: ਬੁਲਾਕਾ ਸਿੰਘ ਜੀ ਕੰਗਾਂ ਵਾਲੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਜਦ ਜਾ ਕੇ ਕੀਤੇ ਸੀਨੇ ਵਿਚ ਭਾਂਬੜ ਬਲ ਉਠੇ ਓਥੇ ਇਹ ਕੁਝ ਹੋ ਰਿਹਾ ਸੀ।

## ਡੋਲੀ

*ਵਿਚ ਹਰੀ ਮੰਦਰ ਦੇ,*
*ਮੱਸਾ ਰੰਗੜ ਕਹਿਰ ਕਮਾਵੇ।*
*ਜਿਥੇ ਬਹਿੰਦੀ ਸੀ ਜੋਤ ਨਿੰਰਕਾਰੀ।*
*ਓਥੇ ਵਿਛਿਆ ਪਲੰਘ ਨਵਾਰੀ।*
*ਉਥੇ ਬੈਠਾਂ ਮੱਸਾ ਬਦਕਾਰੀ।*
*ਲਾਹਮੇ ਪਾ ਕੇ ਪਰਵਾਰ।*
*ਬਹਿ ਗਏ ਮਿੱਤਰ ਤੇ ਯਾਰ।*
*ਰੱਖ ਹੁੱਕਾ ਵਿਚਕਾਰ।*
*ਮੱਸਾ ਸੂਟੇ ਤੇ ਸੂਟਾ ਚੜ੍ਹਾਵੇ*
*ਵਿਚ ਹਰੀ ਮੰਦਰ ਦੇ,*
*ਮੱਸਾ ਰੰਗੜ ਕਹਿਰ ਕਮਾਵੇ।*
*ਪਿਆ ਚਲਦਾ ਦੌਰ ਸ਼ਰਾਬ ਦਾ।*
*ਨਾਲ ਉਡਦਾ ਗੁੜ੍ਹਾ ਕਬਾਬ ਦਾ।*
*ਪਾਪੀ ਚੁਕਿਆ ਲਾਹੌਰ ਦੇ ਨਵਾਬ ਦਾ।*
*ਉਚੀ ਬੜ੍ਹਕਾਂ ਪਿਆ ਮਾਰੇ।*
*ਕਿਥੇ ਗਏ ਸਿੰਘ ਸਾਰੇ।*

*ਮਿੱਟੀ ਪਾ ਤੇਲ ਪੂਰਾਵੇ ।*
*ਵਿਚ ਹਰੀ ਮੰਦਰ ਦੇ,*
*ਮੱਸਾ ਰੰਗੜ ਕਹਿਰ ਕਮਾਵੇ ।*
*ਜੁੜੇ ਸ਼ਹਿਰ ਦੇ ਅਮੀਰ ਕਈ ਆ ਕੇ ।*
*ਸ਼ੁਰੂ ਵੇਸਵਾ ਦਾ ਮੁਜਰਾ ਕਰਾਕੇ ।*
*ਸਭੇ ਘੇਰਾ ਬੈਠ ਗਏ ਪਾ ਕੇ ।*
*ਪੌਣ ਘੁੰਗਰੂ ਛਣਕਾਰ ।*
*ਨਾਲ ਜੋੜੀ ਦੀ ਗੁੰਜਾਰ ।*
*ਵਜੇ ਸਾਰੰਗੀ ਦੀ ਤਾਰ ।*
*ਵਿਚ ਵੇਸਵੀ ਬੋਲੀਆਂ ਪਾਵੇ ।*
*ਵਿਚ ਹਰੀ ਮੰਦਰ ਦੇ,*
*ਮੱਸਾ ਰੰਗੜ ਕਹਿਰ ਕਮਾਵੇ ।*
*ਜਦੋਂ ਸਿੰਘ ਨੇ ਡਿੱਠਾ ਇਹ ਹਾਲ ।*
*ਖਾਧਾ ਦਿਲ ਵਿਚ ਖ਼ੂਨ ਨੇ ਉਬਾਲ ।*
*ਜਾਵੇ ਪੇਸ਼ ਨਾ ਡਾਢਿਆਂ ਨਾਲ ।*
*ਝੱਟ ਤੁਰ ਪਿਆ ਸ਼ੇਰ ।*
*ਨਾ ਲਗਾਈ ਜ਼ਰਾ ਦੇਰ ।*
*ਜਾ ਕੇ ਪਹੁੰਚਾ ਬੀਕਾਨੇਰ ।*
*'ਦਿਲਬਰ' ਸਿੰਘਾਂ ਨੂੰ ਹਾਲ ਸੁਣਾਵੇਂ ।*
*ਵਿਚ ਹਰੀ ਮੰਦਰ ਦੇ,*
*ਮੱਸਾ ਰੰਗੜ ਕਹਿਰ ਕਮਾਵੇ ।*

ਸਰਦਾਰ ਬੁਲਾਕਾ ਸਿੰਘ ਲੜ ਕੇ ਸ਼ਹੀਦੀ ਪੌਣ ਵਾਸਤੇ ਤਿਆਰ ਹੋ ਗਿਆ। ਕੋਲੋਂ ਕਿਸੇ ਬਜ਼ੁਰਗ ਨੇ ਕਿਹਾ ਸਰਦਾਰ ਜੀ ਤੁਸੀਂ ਇਕੱਲੇ ਹੋ ਦੁਸ਼ਮਣ ਬਹੁਤੇ ਨੇ। ਜੇ ਤੁਸੀਂ ਲੜ ਕੇ ਸ਼ਹੀਦ ਹੋ ਗਏ ਤਾਂ ਖਬਰੇ ਕਦ ਤੱਕ ਏਸੇ ਤਰ੍ਹਾਂ ਜ਼ੁਲਮ ਹੁੰਦਾ ਰਹੇਗਾ, ਕਦ ਤੱਕ ਹਰਿਮੰਦਰ ਸਾਹਿਬ ਦੀ ਬੇਅਦਬੀ ਹੁੰਦੀ ਰਹੇਗੀ। ਸਿਆਣਪ ਏਸ ਗੱਲ ਵਿਚ ਹੈ ਕਿ ਜਾ ਕੇ ਸਿੰਘਾਂ ਦੇ ਕਿਸੇ ਜੰਗੀ ਨੂੰ ਖਬਰ ਦਿਓ ਸੂਰਮੇ ਆਣ ਕੇ ਜ਼ਰੂਰ ਬਦਲਾ ਲੈਣਗੇ।

ਲਾਹੌਰ ਸਰਕਾਰ ਦੀ ਸਖ਼ਤੀ ਕਾਰਨ ਸਿੰਘ ਮਾਝੇ 'ਚੋਂ ਨਿਕਲ ਕੇ ਮਾਲਵੇ ਵਿਚ ਜਾ ਵੜੇ ਸਨ। ਕਈ ਪਹਾੜਾਂ 'ਤੇ ਚੜ੍ਹ ਗਏ, ਕਈ ਜਲੰਧਰ ਦੇ ਸੂਬੇ ਅਦੀਨਾ ਬੇਗ ਨਾਲ ਵਿਚੇ ਹੀ ਘੋਸ-ਮਸੋਰਾ ਕਰਕੇ ਇੱਟ-ਖੜੱਕੇ ਲੈਂਦੇ ਦੁਆਬ ਵਿਚ ਦਿਨ ਕੱਟ ਰਹੇ ਸਨ, ਤੇ ਕਈ ਦੂਰ ਰਾਜਸਥਾਨ ਵਿਚ ਬੀਕਾਨੇਰ ਦੇ ਝੱਲਾਂ ਵਿਚ ਜਾ ਵੜੇ ਸਨ। ਸ: ਸ਼ਾਮ ਸਿੰਘ ਨਾਰਲੀ ਵਾਲੇ ਤੇ ਜਥੇਦਾਰ ਬੁੱਢਾ ਸਿੰਘ ਜੀ ਦੇ ਦੋ

ਜਥੇ ਗੰਗਾਨਗਰ ਤੋਂ 20 ਕੋਹ ਅੱਗੇ ਇਕ ਢਾਬ ਕੰਢੇ ਪਾਣੀ ਦਾ ਆਸਰਾ ਲੈ ਕੇ ਬੈਠੇ ਸਨ। ਕਾਫੀ ਦਿਨਾਂ ਤੋਂ ਪੰਜਾਬ ਦੀ ਕੋਈ ਖਬਰ ਨਹੀਂ ਸੀ ਮਿਲੀ। ਸਿੰਘਾਂ ਦੇ ਦਿਲ ਉਤਾਵਲੇ ਸਨ ਕਿ ਕੋਈ ਦੇਸ਼ ਦੇ ਹਲਾਤਾਂ ਦਾ ਪਤਾ ਲੱਗੇ। ਏਧਰ ਸ: ਬੁਲਾਕਾ ਸਿੰਘ ਜੀ ਭਾਲਦੇ-ਭਾਲਦੇ ਪੁੱਛਦੇ-ਪੁਛਾਉਂਦੇ ਰਸਤੇ ਦੀਆਂ ਤਕਲੀਫਾਂ ਸਹਿੰਦੇ ਸਫਰ ਕਰਕੇ ਬੀਕਾਨੇਰ ਜਾ ਪੁੱਜੇ। ਸ: ਸ਼ਾਮ ਸਿੰਘ ਤੇ ਜਥੇਦਾਰ ਬੁੱਢਾ ਸਿੰਘ ਜੀ ਜਥੇ ਨੂੰ ਜਾ ਮਿਲੇ, ਅੰਮ੍ਰਿਤ ਵੇਲਾ ਸੀ ਢਾਬ ਦੇ ਕੰਢੇ ਸਿੰਘਾਂ ਦਾ ਦੀਵਾਨ ਸਜਿਆ ਹੋਇਆ ਸੀ। ਸ੍ਰੀ ਆਸਾ ਜੀ ਦੀ ਵਾਰ ਕੀਰਤਨ ਹੋ ਰਿਹਾ ਸੀ ਜਥੇਦਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਚੌਰ ਕਰ ਰਹੇ ਸਨ। ਸ: ਬੁਲਾਕਾ ਸਿੰਘ ਜੀ ਜਾ ਬੈਠੇ। ਜਦ ਆਸਾ ਦੀ ਵਾਰ ਦਾ ਭੋਗ ਪਿਆ, ਸਿੰਘਾਂ ਨੂੰ ਪਤਾ ਲੱਗਾ ਸ: ਬੁਲਾਕਾ ਸਿੰਘ ਕੰਗਾਂ ਵਾਲੇ ਪੰਜਾਬ ਤੋਂ ਆਏ ਹਨ। ਚਾਅ ਚੜ੍ਹ ਗਏ। ਜਥੇਦਾਰ ਸਾਹਿਬ ਜੀ ਨੇ ਪੁੱਛਿਆ ? ਸਿੰਘ ਸਾਹਿਬ ਜੀ ਅੱਜਕਲ੍ਹ ਦੇਸ਼ ਦਾ ਕੀ ਹਾਲ ਹੈ। ਸੁਣਕੇ ਸ: ਬੁਲਾਕਾ ਸਿੰਘ ਦੀਆਂ ਧਾਹਾਂ ਨਿਕਲ ਗਈਆਂ। ਰੋ-ਰੋ ਕੇ ਇਉਂ ਕਹਿਣ ਲੱਗਾ।

## ਬੈਂਤ

*ਹੰਝੂ ਕੇਰ ਕੇ ਕਿਹਾ ਬੁਲਾਕਾ ਸਿੰਘ ਨੇ,*
*ਦੱਸਾਂ ਕੀ ਪੰਜਾਬ ਦਾ ਹਾਲ ਸਿੰਘੋ।*
*ਅੰਮ੍ਰਿਤਸਰ ਹਰਿਮੰਦਰ ਦੇ ਵਿਚ ਬੈਠ,*
*ਪਲੰਘ ਡਾਹ ਕੇ ਮੱਸਾ ਚੰਡਾਲ ਸਿੰਘੋ।*
*ਪਿਆ ਦੌਰ ਸ਼ਰਾਬ ਦਾ ਚੱਲਦਾ ਏ'*
*ਨਾਲੇ ਉੱਡਦੇ ਮਾਸ ਦੇ ਥਾਲ ਸਿੰਘੋ।*
*ਮੁਜਰਾ ਹੋਂਵਦਾ ਵੇਸਵਾ ਨਾਚ ਕਰਦੀ,*
*ਪੌਂਦੀ ਬੋਲੀਆਂ ਬਾਹਾਂ ਉਠਾਲ ਸਿੰਘੋ।*
*ਹੁੱਕਾ ਪੀਣ ਤੇ ਪਾਨ ਖਾ ਥੁੱਕਦੇ ਨੇ,*
*ਮਿੱਟੀ ਪਾ ਕੇ ਪੂਰਦੇ ਤਾਲ ਸਿੰਘੋ।*
*ਝੰਡਾ ਕੇਸਰੀ ਪਾੜਿਆ ਕਰ ਲੀਰਾਂ,*
*ਖੁਲੇ ਹੈਦਰੀ ਤਖ਼ਤ ਅਕਾਲ ਸਿੰਘੋ।*
*ਗੈਰਤ ਖਾਲਸੇ ਦੀ ਪੈਰਾਂ ਵਿਚ ਰੋਲੀ,*
*ਉਠੋ ਲਵੋ ਹੁਣ ਹੋਸ਼ ਸੰਭਾਲ ਸਿੰਘੋ।*
*ਤਾਹਨੇ ਦੇਣਗੇ 'ਦਿਲਬਰਾ' ਲੋਕ ਸਾਰੇ,*
*ਜੇ ਨਾ ਤੇਗਾਂ ਤੋਂ ਲਾਹਿਆ ਜੰਗਾਲ ਸਿੰਘੋ।*

ਸ੍ਰੀ ਹਰਿਮੰਦਰ ਸਾਹਿਬ ਦਾ ਸਿੰਘਾਂ ਦੇ ਦਿਲ ਵਿਚ ਬੜਾ ਸਤਿਕਾਰ ਸੀ ਤੇ ਇਹ ਰਹਿੰਦੀ ਦੁਨੀਆਂ ਤੱਕ ਬਣਿਆ ਰਹੇਗਾ। ਜਿਸ ਪਵਿੱਤਰ ਧਰਤੀ 'ਤੇ ਸ੍ਰੀ

ਗੁਰੂ ਨਾਨਕ ਦੇਵ ਜੀ ਦੇ ਚਰਣ ਪਏ ਹੋਣ, ਜਿਸ ਗੁਰਧਾਮ ਨੂੰ ਵਸੌਣ ਲਈ ਨਿਮਾਣਿਆਂ ਦੇ ਮਾਣ ਸ੍ਰੀ ਗੁਰੂ ਅਮਰਦਾਸ ਜੀ ਨੇ ਹੁਕਮ ਕੀਤਾ ਹੋਵੇ, ਜਿਸ ਸਰੋਵਰ 'ਤੇ ਹਰਿਮੰਦਰ ਸਾਹਿਬ ਦੀ ਸੇਵਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਵਾਈ ਹੋਵੇ, ਜਿਥੇ ਭਾਈ ਗੁਰਦਾਸ ਜੀ ਵਰਗੇ ਵਿਦਵਾਨ ਤੇ ਬਾਬੇ ਬੁੱਢੇ ਵਰਗੇ ਬ੍ਰਹਮ ਗਿਆਨੀ ਟੋਕਰੀਆਂ ਢੋਂਦੇ ਰਹੇ ਹੋਣ ਓਸ ਪਵਿੱਤਰ ਅਸਥਾਨ ਦਾ ਗੁਰਸਿੱਖਾਂ ਦੇ ਦਿਲ ਵਿਚ ਸਤਿਕਾਰ ਹੋਵੇ ਕਿਉਂ ਨਾ। ਗੁਰਸਿੱਖ ਤਾਂ ਰੋਜ਼ ਸਵੇਰੇ ਉਠ ਕੇ ਇਸ਼ਨਾਨ ਕਰਕੇ ਪੜ੍ਹਦੇ ਹੋਣ।

*ਰਾਮਦਾਸ ਸਰੋਵਰ ਨ੍ਹਾਤੇ ॥*
*ਸਭ ਉਤਰੇ ਪਾਪ ਕਮਾਤੇ ॥*
*ਗੁਰਵਾਕ ਹੈ:-ਹਰਿਮੰਦਰ ਹਰਿ ਜੀਉ ਸਾਜਿਆ.....॥*
*-ਮੇਰੇ ਲਾਲ ਜੀਉ ਹਰਿ ਤਿਸ ਮਹਿ ਰਹਿਆ ਸਮਾਇ ਰਾਮ ॥*

*(ਬਿਹਾਗੜਾ ਮ: 5)*

ਕਿਸੇ ਸ਼ਰਧਾਲੂ ਨੇ ਕਿਹਾ ਸੀ:-

*ਗੰਗਾ ਔ ਗੁਦਾਵਰੀ ਸੁਰਸੱਤੀ ਕਿਦਾਰ ਨਾਥ,*
*ਕਾਂਸ਼ੀ ਗਇਆ ਗੋਕਲ ਜੋ ਜਾ ਕੇ ਪਛਤਾਏ ਹੈਂ।*
*ਜਮਨਾ, ਜਗਨ ਨਾਥ, ਬਦਰੀ ਨਾਰੈਣ, ਤੱਟ,*
*ਮਲ ਮਲ ਨਹਾਏ ਜੋ ਨਾ ਮੁਕਤੀ ਕੋ ਪਾਏ ਹੈਂ।*
*ਮਥਰਾ, ਦਵਾਰਕਾ, ਦਵਾਰਾ ਢਤੀ, ਪ੍ਰਾਗਰਾਜ,*
*ਜਾਇਕੇ ਜਵਾਲਾ, ਤਨ ਜਿਨਹੋਂ ਨੇ ਜਲਾਏ ਹੈਂ।*
*ਕਹਿ ਕਵੀ ਬਾਲਮ ਵੋਹ ਵਿਸ਼ਨੂੰ ਕਾ ਰੂਪ ਹੂਏ,*
*ਏਕ ਬਾਰ ਜਾ ਕੇ ਜੋ ਜੋ ਸੁਧਾਸਰ ਨਹਾਏ ਹੈਂ।*

ਪੰਡਤ ਗਵਾਲ ਜੀ ਮਥਰਾ, ਬਿੰਦਰਾ ਬਨ ਤੇ ਕਾਂਸ਼ੀ, ਹਰਦੁਵਾਰ ਆਦਿਕ ਤੀਰਥਾਂ ਦੀ ਯਾਤਰਾ ਕਰਕੇ ਆਗੇ। ਪਰ ਜਦ ਅੰਮ੍ਰਿਤਸਰ ਆ ਕੇ ਹਰਿਮੰਦਰ ਸਾਹਿਬ ਦਾ ਦਰਸ਼ਨ ਕੀਤਾ, ਤਾਂ ਵਿਸਮਾਦ ਵਿਚ ਆ ਗਏ, ਅਨੰਦ ਵਿਚ ਮਗਨ ਹੋ ਕੇ ਉਹਨਾਂ ਨੇ ਕੁਝ ਕਬਿੱਤ ਲਿਖੇ।

*ਹਾਸੀ ਗਈ ਭੂਲ ਜਮਦੂਤਨ ਉਦਾਸੀ ਭਈ,*
*ਪਾਪ ਕੀ ਕਲਾਸੀ ਤਾਂ ਤਲਾਸੀ ਕਰੈ ਡਰ ਕੇ।*
*ਸਤਯ ਕੀ ਅਟਾਸੀ ਜਹਾਂ ਧਰਮ ਕੀ ਘਟਾ ਸੀ,*
*ਦਾਨ ਪੁੰਨ ਕੀ ਛਟਾਸੀ ਸ਼ੋਕਨਾਸੀ ਨਦੀ ਤਰਕੇ।*
*ਗ੍ਵਾਲ ਕਵਿ ਖਾਸੀ ਧੁਨ ਵੇਦ ਕੀ ਪਰਕਾਸ਼ੀ,*
*ਮਹਾਂ ਨਾਰੀ ਕਮਲਾ ਸੀ ਭਾਂਸੀ ਮੇਨੁ ਰੂਪ ਨਰਕੇ।*

*ਕਾਂਸ਼ੀ ਦੀ ਨਾ ਚਾਹ ਅਬਨਾਸੀ ਹੋਏ ਮਵਾਸੀ ਭਏ,*
*ਦਾਸੀ ਕਰ ਰਾਖੈ ਮੁਕਤਬਾਸੀ ਸੁਧਾਸਰ ਕੇ।*
*ਰਾਜੇ ਸੁਰਵਹਾਂ ਤੋਂ ਈਹਾਂ ਸਾਧ ਸੁਰ ਯੁਤ ਸਾਜੇ,*
*ਵਹਾਂ ਹੈ ਸੁਧਾ ਤੇ ਈਹਾਂ ਸੁਧਾਸਰ ਦਰਸ ਹੈ।*
*ਪਾਨ ਕੀਏ ਵਾਂਕੇ ਹੋਤ ਅਮਰ ਸਮਿੱਤ ਹਵੈ ਕੇ,*
*ਜੀਵਣ ਮੁਕਤ ਯਹ ਸਭ ਕੋ ਪਰਸ ਹੈ।*
*ਗ੍ਵਾਲ ਕਵਿ ਯੋਗਨ ਕੋ ਦੁਹਲੱਭ ਮਹਾਂ ਹੈ ਵੋਹ.*
*ਯੋਗੀ ਭੋਗੀ ਦੁਹੂਅਨ ਕੋ ਹੋਤ ਈਹਾਂ ਰਸ ਹੈ।*
*ਵਹਾਂ ਹੈ ਹਰਿਮੰਦਰ ਈਹਾਂ ਹਰ ਗੁਰ ਮੰਦਰ ਹੈ,*
*ਯਾਂ ਤੇ ਗੁਰ ਪੁਰ ਸੁਰਪੁਰ ਤੇ ਸਰਸ ਹੈ।*

ਤੀਜੇ ਪਾਤਿਸ਼ਾਹ ਦਾ ਕਥਨ ਹੈ-

*ਅੰਮ੍ਰਿਤਸਰੁ ਸਿਫਤੀ ਦਾ ਘਰ॥*

ਕਿਸੇ ਮਹਾਤਮਾਂ ਨੇ ਕਿਹਾ ਹੈ-

***ਅੰਮ੍ਰਿਤਸਰ ਵੈਕੁੰਠ ਕੇ ਤੋਲਿਓ ਹਰ ਹਰ ਦਾਸ ।***
***ਗੌਰੋ ਹੁਤੋ ਸੋ ਧਰ ਰਹਿਓ ਹੌਰੋ ਚਢਿਓ ਅਕਾਸ਼ ।***

ਸ: ਬਲਾਕਾ ਸਿੰਘ ਜੀ ਕਹਿ ਰਹੇ ਸਨ ਖਾਲਸਾ ਜੀ, ਜਿਥੇ ਨਹਾ ਕੇ ਕੋੜ੍ਹੇ ਤੇ ਪਿੰਗਲੇ ਰਾਜੀ ਹੁੰਦੇ ਨੇ ਜਿਥੋਂ ਸਾਨੂੰ ਕੀਰਤਨ ਦੀ ਦਾਤ ਮਿਲਦੀ ਏ, ਜਿਥੇ ਭਾਈ ਮੰਝ ਤੇ ਭਾਈ ਬਹਿਲੋ ਵਰਗੇ ਮਹਾਂ ਪੁਰਸ਼ ਟੋਕਰੀਆਂ ਢੋਂਦੇ ਰਹੇ ਨੇ ਜਿਸ ਥਾਂ ਦੀ ਸੇਵਾ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਮੁਬਾਰਕ ਹੱਥਾਂ ਨਾਲ ਕਰਦੇ ਰਹੇ ਨੇ ਜਿਥੇ ਨਹਾ ਕੇ ਮੈਲੇ ਮਨ ਪਵਿੱਤਰ ਹੋ ਜਾਂਦੇ ਨੇ ਅੱਜ ਓਥੇ ਮੱਸਾ ਵੇਸਵਾ ਨਚਾ ਰਿਹਾ ਹੈ ।

ਇਹ ਖਬਰ ਸੁਣਦਿਆਂ ਸਿੰਘਾਂ ਦੇ ਚਿਹਰੇ ਲਾਲ-ਰੱਤੇ ਹੋ ਗਏ । ਅੱਖਾਂ ਅੰਗਿਆਰਾਂ ਵਾਂਗ ਭਖ ਉਠੀਆਂ, ਪਈਆਂ । ਮੱਥੇ ਤਿਊੜੀਆਂ ਨਾਲ ਭਰ ਗਏ, ਬਹਾਦਰਾਂ ਦੇ ਡੌਲੇ ਫਰਕ ਉਠੇ ।

## ਸਾਕਾ

*ਸੁਣੀ ਖਬਰ ਗੁਰਧਾਮ ਦੀ ਸਿੰਘਾਂ ਸਰਦਾਰਾਂ।*
*ਓਹ ਰੱਤ ਬਰੱਤ ਹੋ ਗਏ ਦਿਲ ਰੜਕੀਆਂ ਖਾਰਾਂ।*
*ਝੱਟ ਚਿਹਰੇ ਭਖਗੇ ਜੋਸ਼ ਵਿਚ ਵਾਂਗਰ ਅੰਗਿਆਰਾਂ।*
*ਡੌਲੇ ਫਰਕੇ ਨਾਗ ਜਿਉਂ ਮਾਰਨ ਫੁੰਕਾਰਾਂ।*
*ਭਖਿਓ ਉਲਛਨ ਤੀਰ ਪਏ ਮਿਆਨੋਂ ਤਲਵਾਰਾਂ।*
*ਹਰ ਕੋਈ ਕਹੇ ਮੈਂ ਸੀਸ ਜਾ ਅੰਮ੍ਰਿਤਸਰ ਵਾਰਾਂ।*

*ਅਸੀਂ ਹੱਸ ਕੇ ਚੜ੍ਹੀਏ ਚਰਖੜੀ ਚੁੰਮ ਲਈਏ ਦਾਰਾਂ।*
*'ਦਿਲਬਰ' ਢਾਡੀ ਗੌਣਗੇ ਮਰਦਾਂ ਦੀਆਂ ਵਾਰਾਂ।*

ਕਈਆਂ ਨੂੰ ਤਾਂ ਸਰਦਾਰ ਬੁਲਾਕਾ ਸਿੰਘ ਉਤੇ ਹੀ ਗੁੱਸਾ ਆਉਣ ਲੱਗ ਪਿਆ। ਜਥੇਦਾਰ ਬੁੱਢਾ ਸਿੰਘ ਨੇ ਕਿਹਾ ਬੁਲਾਕਾ ਸਿੰਘ ਤੈਨੂੰ ਸ਼ਰਮ ਨਾ ਆਈ। ਆਪਣੀ ਅੱਖੀਂ ਦਰਬਾਰ ਸਾਹਿਬ ਦੀ ਦਰਬਾਰ ਸਾਹਿਬ ਦੀ ਬੇਅਦਬੀ ਹੁੰਦੀ ਵੇਖ ਕੇ ਨੱਸ ਕੇ ਬੀਕਾਨੇਰ ਆ ਵੜਿਆ ਏਂ। ਜੇ ਤੂੰ ਸਿੰਘ ਹੁੰਦਾ ਤਾਂ ਲੜ ਕੇ ਸ਼ਹੀਦ ਹੋ ਜਾਂਦਾ ਤੂੰ ਅੰਮ੍ਰਿਤ ਛਕ ਕੇ ਸਿੱਖ ਨੂੰ ਲਾਜ ਲਾ ਦਿੱਤੀ ਏ ਓਹ ਪਰਵਾਨਾ ਕਾਹਦਾ ਏ ਜੋ ਸ਼ਮਾ ਬਲਦੀ ਵੇਖ ਕੇ ਮੁੜ ਆਵੇ। ਤੇਰੇ ਨਾਲੋਂ ਤਾ ਘੁਮਿਆਰਾਂ ਦੀ ਕੁੜੀ ਸੋਹਣੀ ਚੰਗੀ ਨਿਕਲੀ ਜਿਸ ਨੇ ਆਪਣੇ ਪ੍ਰੀਤਮ ਪਿਛੇ ਜਾਨ ਦੇ ਦਿੱਤੀ ਪਰ ਪਿਛੇ ਨਹੀਂ ਮੁੜੀ।

*ਬਿਜਲੀ ਚਮਕੇ ਬਦਲ ਗਰਜੇ ਮਾਰੇ ਹਵਾ ਫਰਾਟੇ,*
*ਘੁੰਮਣ ਘੇਰੀਆਂ ਨੂੰ ਤੱਕ-ਤੱਕ ਕੇ ਧੜ-ਧੜ ਧੜਕੇ ਸੀਨਾ।*
*ਕੰਢੇ ਖਲੀ ਕੋਈ ਬਿਰਹੋਂ ਕੁਠੀ*
*ਜੀਹਦੇ ਦਿਲ ਵਿਚ ਤਾਂਘ ਸੱਜਣ ਦੀ,*
*ਕਹਿੰਦੀ ਪਾਟੇ ਜ਼ਖਮ ਹਿਜ਼ਰ ਦੇ ਘੜਿਆ ਅੱਜ ਤਾਂ ਸੀਨਾ।*
*ਕੱਚਾ ਘੜਾ ਤੇ ਜ਼ੋਰ ਝਨਾਂ ਦਾ ਲੈਕੇ,*
*'ਦਿਲਬਰ' ਪਾਰ ਜੁ ਸੀ ਨਾ।*
*ਕੱਚਾ ਖੁਰਿਆ ਤੇ ਗੋਤੇ ਆਏ,*
*ਧਿਆਨ ਸੱਜਣ ਵਿਚ ਜੁੜਿਆ।*
*ਮਹੀਂਵਾਲ ਕਹਿ ਕਹਿ ਜ਼ਿੰਦ ਨਿਕਲੀ-*
*ਪਰ ਆਸ਼ਕ ਕੀਤੀ ਸੀ ਨਾ।*

ਅੱਧੀ ਰਾਤ ਦਾ ਸਮਾਂ ਝਨਾਂ ਦੀਆਂ ਤੂਫ਼ਾਨੀ ਲਹਿਰਾਂ ਅਕਾਸ਼ 'ਤੇ ਬਿਜਲੀ ਲਿਸ਼ਕ ਰਹੀ ਸੀ। ਹੱਥ ਪਸਾਰਿਆਂ ਨਜ਼ਰ ਨਹੀਂ ਸੀ ਆਉਂਦਾ ਸਭ ਪਾਸੇ ਮੌਤ ਵਰਗੀ ਚੁੱਪ ਸੀ। ਦਰਿਆ ਦਾ ਪਾਣੀ ਸੁੱਕ ਰਿਹਾ ਸੀ ਅਤੇ ਘੜਾ ਵੀ ਕੱਚਾ ਸੀ। ਪਰ ਉਹ ਮੁਟਿਆਰ ਅੱਲਾ ਦਾ ਨਾਮ ਲੈ ਕੇ ਠਿੱਲ ਪਈ ਕਿ ਸੱਜਣ ਦਾ ਦੀਦਾਰ ਜ਼ਰੂਰ ਕਰਨਾ ਏਂ। ਪਿਛੇ ਮੁੜਿਆ ਪ੍ਰੇਮ ਨੂੰ ਲਾਜ ਲੱਗਦੀ ਵੀ ਪਰ ਬੁਲਾਕਾ ਸਿੰਘ ਤੂੰ.....।

## ਕਲੀ

*ਜਥੇਦਾਰ ਆ ਕੇ ਗੁੱਸੇ ਵਿਚ ਕਹਿੰਦਾ ਏ।*
*ਸੁਣ ਲੈ ਮੇਰੀ ਗਲ ਬੁਲਾਕਾ ਸਿੰਘ ਸਰਦਾਰਾ।*
*ਬਲਦੀ ਲਾਟ ਵੇਖ ਕੇ ਕਦੇ ਪਤੰਗਾ ਮੁੜਦਾ ਨਹੀਂ।*
*ਭੌਰਾ ਫੁੱਲਾਂ ਉਤੇ ਜਾਂਦਾ ਆਪ ਮੁਹਾਰਾ।*

*ਵਜਦਾ ਨਾਦ ਵੇਖ ਕੇ ਮਿਰਗ ਦੌੜਿਆ ਆਉਂਦਾ ਏ।*
*ਭਾਵੇਂ ਕੈਦੀ ਬਣ ਕੇ ਕਰਨਾ ਪਵੇ ਗੁਜ਼ਾਰਾ।*
*ਸੁਣਕੇ ਬੀਨ ਖੁਸ਼ੀ ਵਿਚ ਮਸਤੀ ਚੜ੍ਹਦੀ ਨਾਗਾਂ ਨੂੰ।*
*ਆਸ਼ਕ ਵਾਰ ਦੇਣਾ ਮਹਿਬੂਬ ਤੋਂ ਤਨ ਮਨ ਸਾਰਾ।*
*ਜੇ ਤੂੰ ਸਿੱਖ ਹੋਂਵਦਾ ਹਰਿਮੰਦਰ ਵਿਚ ਮਰ ਮਿਟਦਾ।*
*ਲੜ ਕੇ ਜ਼ਾਲਮਾਂ ਨੂੰ ਦਸਦਾ ਹੱਥ ਕਰਾਰਾ।*
*ਅੱਖੀਂ ਵੇਖ ਬੇ-ਅਦਬੀ ਆਪ ਗੁਰੂ ਦਰਬਾਰ ਦੀ,*
*ਨੱਸ ਕੇ ਬੀਕਾਨੇਰ 'ਚ ਆਇਆ ਕਿਉਂ ਗਦਾਰਾ।*
*ਸਾਕਾ ਯਾਦ ਤੈਨੂੰ ਆਇਆ ਨਾ ਚਮਕੌਰ ਦਾ,*
*ਵਾਹਿਆ ਕਿਵੇਂ ਅਜੀਤ ਜੁਝਾਰ ਖੰਡਾ ਦੋ ਧਾਰਾ।*
*ਨਾਲ ਸਵਾ ਲੱਖ ਦੇ ਕੱਲਾ ਹੀ ਸਿੰਘ ਲੜ ਸਕਦਾ,*
*ਦਸ ਲੱਖ ਨਾਲ ਚਾਲ੍ਹੀਆਂ ਕੀਤਾ ਸੀ ਯੁੱਧ ਭਾਰਾ।*
*ਅੰਮ੍ਰਿਤ ਛਕਿਆ ਗੁਰ ਦਾ ਮਿੱਟੀ ਵਿਚ ਮਿਲਾਇਆ ਤੂੰ।*
*ਸਾਡਾ ਸ਼ਰਮ ਨਾਲ ਸਿਰ ਝੁਕਿਆ ਬਰਖੁਰਦਾਰਾ।*
*ਲੜ ਕੇ ਮਰ ਜਾਂਦਾ ਤੂੰ ਜੌਹਰ ਵਿਖੌਂਦਾ ਸਿੱਖੀ ਦੇ,*
*ਭਾਵੇਂ ਚੀਰ ਦੇਂਵਦੇ ਧਰ ਕੇ ਸਿਰ 'ਤੇ ਆਰਾ।*
*ਜਿਸ ਦਾ ਕੌਮੀ ਝੰਡਾ ਉਚਾ ਜੱਗ ਵਿਚ ਝੂਲਦਾ ਰਹੇ।*
*ਓਸੇ ਕੌਮ ਦਾ ਵਜਦਾ ਫਤਹੇ ਦਾ ਨਗਾਰਾ।*
*ਜਿਸ ਦਾ ਝੰਡਾ ਝੁਕ ਜੇ ਗੈਰਾਂ 'ਦਿਲਬਰ' ਜੀ*
*ਡੁੱਬ ਜੇ ਓਸ ਕੌਮ ਦੇ ਤੇਜ ਦਾ ਸਿਤਾਰਾ।*

ਜਿਵੇਂ-ਜਿਵੇਂ ਤਾਹਨਿਆਂ ਤੇ ਮਿਹਣਿਆਂ ਦੀ ਬੁਛਾੜ ਹੁੰਦੀ ਗਈ, ਸ: ਬੁਲਾਕਾ ਸਿੰਘ ਸ਼ਰਮ 'ਤੇ ਗੁੱਸੇ ਨਾਲ ਬੇਹਾਲ ਹੁੰਦਾ ਗਿਆ। ਓਹਦੀਆਂ ਅੱਖਾਂ ਵਿਚੋਂ ਹੰਝੂਆਂ ਦੀ ਨਦੀ ਵਹਿ ਤੁਰੀ। ਅਖੀਰ ਓਸ ਤੋਂ ਰਿਹਾ ਨਾ ਗਿਆ। ਓਹ ਜੋਸ਼ ਵਿਚ ਬੋਲਿਆ, ਜਥੇਦਾਰ ਜੀ। ਚਲੋ ਮੰਨ ਲਿਆ ਮੈਂ ਕਮਜ਼ੋਰ ਹੀ ਸਹੀ, ਬੁਜ਼ਦਿਲ ਸਹੀ, ਪਾਪੀ ਸਹੀ, ਪਰ ਸਿੰਘ ਸਾਹਿਬ ਤੁਸੀਂ ਬੁੱਕਲ ਵਿਚ ਮੂੰਹ ਪਾ ਕੇ ਸੋਚੋ, ਜਦੋਂ ਨਨਕਾਣਾ ਸਾਹਿਬ, ਤਰਨਤਾਰਨ ਤੇ ਸ੍ਰੀ ਅੰਮ੍ਰਿਤਸਰ ਨੂੰ ਛੱਡ ਕੇ ਬੀਕਾਨੇਰ ਆ ਵੜੇ ਸੀ ਤੁਸੀਂ ਨਹੀਂ ਸੀ ਜਾਣਦੇ ਮਗਰੋਂ ਦੁਸ਼ਮਣ ਕੀ ਕੁਝ ਕਰਨਗੇ ?

**ਪੂਰਨ**

*ਅਗੋ ਬੋਲਦਾ ਬੁਲਾਕਾ ਸਿੰਘ ਕੰਗ ਦਾ*
*ਹੰਝੂ ਅੱਖੀਆਂ ਵਿਚੋਂ ਵਗਾ।*
*ਹੱਥ ਜੋੜ ਕੇ ਪਲਾ ਗਲ ਪਾ ਲਿਆ*
*ਨਾਲ ਨਿੰਮਰਤਾ ਦੇ ਸੀਸ ਝੁਕਾ।*

*ਇਹ ਠੀਕ ਹੈ ਪਾਪੀ ਗੁਨਾਹਗਾਰ ਹਾਂ*
*ਆਇਆ ਦਾਗ ਸਿੱਖੀ ਤਾਈਂ ਲਾ ।*
*ਇਹ ਵੀ ਝੂਠ ਨਹੀਂ ਤੁਸੀਂ ਉਸੇ ਥਾਂ ਤੋਂ*
*ਆਏ ਆਪਣੀ ਜਾਨ ਬਚਾ ।*
*ਅੰਮ੍ਰਿਤਸਰ ਨਨਕਾਣੇ ਨੂੰ ਛੱਡ ਕੇ*
*ਬੀਕਾਨੇਰ ਬੈਠੇ ਡੇਰਿਆ ਨੂੰ ਲਾ ।*
*ਸਬਕ ਦੇਣ ਵਾਲੇ ਸਾਰੇ ਸੰਸਾਰ ਨੂੰ*
*ਢਠ ਓਪਰੇ ਦੀ ਸ਼ਰਣੀ ਆ ।*
*ਸਭ ਗਿੱਦੜ ਫਿਰਦੇ ਹੌਂਕਦੇ ਤਨ ਸ਼ੇਰਾਂ ਦੀ ਖੱਲ ਪਵਾ ।*
*ਜੇ ਜਥਾ ਕੋਈ ਬਹਾਦਰ ਹੋਂਵਦਾ*
*ਜਾ ਕੇ ਦੇਂਦਾ ਤਰਥੱਲ ਮਚਾ ।*
*ਕਿੰਨਾ ਚਿਰ ਇਹ ਜੀਊਂਦਾ ਪੰਥ ਰਹੇਗਾ,*
*ਗੈਰ ਕੌਮਾਂ ਦੀ ਓਟ ਤਕਾ ।*
*ਹੁੰਦਾ ਜਿਊਂਦਾ ਕੋਈ ਮਰਦ ਜੇ 'ਦਿਲਬਰ'*
*ਲੌਂਦੇ ਮਸੇ ਕੋਲੋਂ ਬਦਲਾ ਚੁਕਾ ।*

ਸ: ਬੁਲਾਕਾ ਸਿੰਘ ਨੇ ਬੋਲੀ ਮਾਰੀ, ਸਿੰਘਾਂ ਦੇ ਸੀਨੇ ਚੀਰੇ ਗਏ, ਕਿਸੇ ਕਵੀ ਦਾ ਕਥਨ ਹੈ-

*ਭਗਤੀ ਸਿਦਕ ਪ੍ਰੇਮ ਬਿਨ ਨਹੀਂ ਹੁੰਦੀ,*
*ਗੁਰਾਂ ਬਾਝ ਮਿਟਦੇ ਭਰਮ ਦਿਲ ਦੇ ਨਹੀਂ।*
*ਦਿਲ ਦਿੱਤਿਆਂ ਬਾਝ ਨਾ ਮਿਲਣ ਪਿਆਰੇ,*
*ਬੇੜੇ ਬਾਝ ਮਲਾਹਾਂ ਦੇ ਠਿਲ੍ਹਦੇ ਨਹੀਂ।*
*ਫੁੱਲ ਖਿੜੇ ਬਨ ਵਾਸ਼ਨਾਂ ਨਹੀਂ ਔਂਦੀ,*
*ਹਵਾ ਬਾਝ ਗੁੰਚੇ ਕਦੇ ਖਿਲਦੇ ਨਹੀਂ।*
*ਫੱਟ ਤੀਰ ਤਲਵਾਰ ਦੇ ਮਿਲ ਜਾਂਦੇ,*
*(ਪਰ) ਕਦੇ ਬੋਲੀਆਂ ਦੇ ਘਾਹ ਮਿਲਦੇ ਨਹੀਂ।*

ਸ: ਬੁਲਾਕਾ ਸਿੰਘ ਦੀ ਬੋਲੀ ਜਥੇਦਾਰ ਬੁੱਢਾ ਸਿੰਘ ਦੇ ਕਾਲਜੇ ਛੇਕ ਕਰ ਗਈ । ਉਹਦੀਆਂ ਅੱਖਾਂ ਅਨਾਰ ਦੇ ਫੁੱਲਾਂ ਵਰਗੀਆਂ ਹੋ ਗਈਆਂ । ਓਹਨੇ ਜੋਸ਼ ਵਿਚ ਬੁੱਲ੍ਹ ਟੁਕੇ ਕਚੀਚੀਆਂ ਖਾਧੀਆਂ । ਉਹਦਾ ਲੂੰ-ਲੂੰ ਖੜ੍ਹਾ ਹੋ ਗਿਆ ਭਵਾਂ ਤਨ ਗਈਆਂ । ਓਹਨੇ ਸੱਪ ਵਾਂਗ ਵਿਸ ਘੋਲੀ, ਜ਼ਖਮੀ ਸ਼ੇਰ ਵਾਂਗ ਗੱਜਿਆ । ਸਰਰ ਕਰਕੇ ਕੱਢੀ ਮਿਆਨ 'ਚੋਂ ਤਲਵਾਰ ਸਿੰਘਾਂ ਨੂੰ ਵੰਗਾਰਦਾ ਏ, ਭਲਾ ਭਈ ਕਿਵੇਂ ਕਰਕੇ ?

## ਵਾਰ

*ਬੋਲੀ ਕਾਲਜਾ ਚੀਰ ਗਈ ਸਿੰਘ ਦਾ,*
*ਮਾਨੋ ਸੀਨੇ ਵਿਚ ਲੱਗ ਗਈ ਕਟਾਰ ।*
*ਨੈਣ ਜਗਦੇ ਮਸਾਲਾਂ ਵਾਂਗਰਾਂ,*
*ਚਿਹਰਾ ਭਖ ਹੋਇਆ ਅੰਗਿਆਰਾ ।*
*ਗੁੱਸਾ ਬਣ ਗਿਆ ਮੱਥੇ ਦੀਆਂ ਤਿਊੜੀਆਂ,*
*ਪਈ ਦਿਲ ਵਿਚ ਰੜਕੇ ਖਾਰ ।*
*ਸਾਰੇ ਸਿੰਘ ਵੀ ਕਚੀਚੀਆਂ ਖਾਂਵਦੇ,*
*ਪੈਂਦੇ ਉਛਲ-ਉਛਲ ਹੱਥੋਂ ਹਥਿਆਰ ।*
*ਅੰਤ ਜੋਸ਼ ਵਿਚ ਆ ਕੇ ਸਰਦਾਰ ਨੇ,*
*ਧੂਹ ਲਈ ਲਿਸ਼ਕਦੀ ਮਿਆਨੋਂ ਤਲਵਾਰ ।*
*ਕਿਹਾ ਸਾਰਿਆਂ ਸਿੰਘਾਂ ਨੂੰ ਲਲਕਾਰ ਕੇ,*
*ਜੋਸ਼ ਵਿਚ ਬੁੱਢਾ ਸਿੰਘ ਜਥੇਦਾਰ ।*
*ਹੈ ਕੋਈ ਸੂਰਮਾ ਵਿਆਹਵੇ ਜਿਹੜਾ ਗੱਲ ਨੂੰ*
*ਐਸੇ ਵੇਲੇ ਹੋ ਜਾਏ ਘੋੜੇ 'ਤੇ ਅਸਵਾਰ ।*
*ਸ਼ਾਨ ਸਿੱਖੀ ਦੀ ਵਖਾਵੇ ਰੱਖ ਕੇ*
*ਜਾਵੇ ਅੰਮ੍ਰਿਤਸਰ ਦਰਬਾਰ ।*
*ਜਾਂ ਲੜਕੇ ਸ਼ਹੀਦੀ ਪਾਵੇ ਲਵੇ,*
*ਸੀਸ ਮੱਸੇ ਦਾ ਲਿਵਾਵੇ ਜਾਂ ਉਤਾਰ ।*
*ਦੇਵੇ ਪੰਥ ਵਡਿਆਈ ਓਹਨੂੰ, 'ਦਿਲਬਰਾ,*
*ਅੰਗ-ਸੰਗ ਉਹਦੇ ਆਪ ਕਰਤਾਰ ।*

ਸ: ਬੁੱਢਾ ਸਿੰਘ ਜੀ ਨੇ ਕਿਹਾ ਬਹਾਦਰੋ! ਅੱਜ ਇਮਤਿਹਾਨ ਦਾ ਵਕਤ ਹੈ ਕੋਈ ਸੂਰਮਾ ਉਠੇ ।

*ਆਦਮੀ ਨੂੰ ਫਰਜ਼ ਦਾ ਅਹਿਸਾਸ ਹੋਣਾ ਚਾਹੀਦਾ ਏ।*
*ਖਾਲਸਾ ਜੀ ਜ਼ੁਲਮ ਦਾ ਹੁਣ ਨਾਸ਼ ਹੋਣਾ ਚਾਹੀਦਾ ਏ।*
*ਪਹੁੰਚ ਜਾਂਦੇ ਆਦਮੀ ਦੇ ਕਦਮ ਨੇ ਮੰਜ਼ਲ ਦੇ ਤੱਕ,*
*(ਪਰ) ਹਰ ਕਦਮ 'ਤੇ ਆਤਮਕ ਵਿਸ਼ਵਾਸ ਹੋਣਾ ਚਾਹੀਦਾ ਏ।*

ਜਥੇਦਾਰ ਜੀ ਦਾ ਲਲਕਾਰ ਸੁਣ ਕੇ ਸਾਰੇ ਸਿੰਘ ਮਰਨ ਮਾਰਨ ਵਾਸਤੇ ਤਿਆਰ ਹੋ ਗਏ । ਸਭ ਤੋਂ ਮੂਹਰੇ ਹੋ ਕੇ ਸ: ਮਹਿਤਾਬ ਸਿੰਘ ਮੀਰਾਂ ਕੋਟੀਏ ਨੇ ਕਿਹਾ ਪੰਥ ਦਾਸ ਨੂੰ ਆਗਿਆ ਬਖਸ਼ੋ, ਮੈਂ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਵਗਾਂ ।

## ਡਿਓਢ ਛੰਦ

*ਜਥੇਦਾਰ ਕਿਹਾ ਜਦੋਂ ਲਲਕਾਰ ਜੀ, ਸਿੰਘਾਂ ਨੂੰ ਸੁਣਾਇਕੇ।*
*ਉਠਿਆ ਮਤਾਤ ਸਿੰਘ ਸਰਦਾਰ ਜੀ, ਫਤਿਹ ਨੂੰ ਬੁਲਾਇਕੇ।*
*ਸ਼ੇਰ ਤਰ੍ਹਾਂ ਗੱਜ ਆਖਦਾ ਉਤਾਰ ਕੇ, ਨਾ ਲਗਾਵਾਂ ਦੇਰ ਜੀ।*
*ਮੱਸੇ ਵਾਲਾ ਸਿਰ ਧੜ ਤੋਂ ਉਤਾਰ ਕੇ, ਲਿਆਵਾ ਬੀਕਾਨੇਰ ਜੀ।*
*ਹੋਵੇ ਜੇ ਹੁਕਮ ਹੁਣੇ ਚਾਲੇ ਪਾ ਲਵਾਂ, ਪਹੁੰਚਾਂ ਜਾ ਪੰਜਾਬ 'ਚ।*
*ਅੰਮ੍ਰਿਤਸਰ ਜਾ ਕੇ ਟੁੱਬੇ ਲਾ ਲਵਾਂ, ਗੁਰਾਂ ਦੇ ਤਾਲਾਬ 'ਚ।*
*ਦੁਸ਼ਟਾਂ ਨੂੰ ਵਿਚ ਜੰਗ ਦੇ ਵੰਗਾਰ ਕੇ, ਮੈਂ ਮਾਰਾਂ ਘੇਰ-ਘੇਰ ਜੀ।*
*ਮੱਸੇ ਵਾਲਾ ਸਿਰ ਧੜ ਤੋਂ ਉਤਾਰ ਕੇ, ਲਿਆਵਾਂ ਬੀਕਾਨੇਰ ਜੀ।*
*ਦੂਜਾ ਸੁਖਾ ਸਿੰਘ ਕੰਬੋ ਕਿਆਂ ਦੀ ਮਾੜੀ ਦਾ, ਮੋਢੀ ਜੋ ਜਵਾਨਾਂ ਦਾ।*
*ਗੁਰੂ ਦਾ ਪਿਆਰਾ ਸੌਂਕੀ ਮੌਤ ਲਾੜੀ ਦਾ, ਸੂਰਮਾਂ ਮੈਦਾਨਾਂ ਦਾ।*
*ਵਾਹਿਗੁਰੂ ਦਾ ਨਾਮ ਹਿਰਦੇ 'ਚ ਧਾਰ ਕੇ, ਉਠਿਆ ਦਲੇਰ ਜੀ।*
*ਮੱਸੇ ਵਾਲਾ ਸਿਰ ਧੜ ਤੋਂ ਉਤਾਰ ਕੇ, ਲਿਆਵਾਂ ਬੀਕਾਨੇਰ ਜੀ।*
*ਰਲੇ ਦੋਵੇਂ ਵੀਰ ਫੜ ਤਲਵਾਰਾਂ ਨੂੰ, ਛੱਡਿਆ ਜੈਕਾਰਾ ਜੀ।*
*ਫਤਿਹ ਚਾ ਬੁਲਾਈ ਸਿੰਘਾ ਸਰਦਾਰਾਂ ਨੂੰ, ਵੱਜ ਗਿਆ ਨਗਾਰਾ ਜੀ।*
*ਕਹਿੰਦੇ ਹੁਣ 'ਦਿਲਬਰਾ' ਦੁਸ਼ਟ ਮਾਰ ਕੇ, ਤੇ ਆਵਾਂਗੇ ਫੇਰ ਜੀ।*
*ਮੱਸੇ ਵਾਲਾ ਸਿਰ ਧੜ ਤੋਂ ਉਤਾਰੇ, ਲਿਆਈਏ ਬੀਕਾਨੇਰ ਜੀ।*

ਸ: ਮਹਿਤਾਬ ਸਿੰਘ ਭੰਗੂ ਮੀਰਾਂ ਕੋਟੀਏ ਦੇ ਨਾਲ ਸ: ਸੁੱਖਾ ਸਿੰਘ ਰਾਮਗੜੀਆ ਸਿੰਘ ਕੰਬੋ ਕਿਆਂ ਦੀ ਮਾੜੀ ਵਾਲਾ ਉਠਿਆ। ਉਹਨਾਂ ਕਿਹਾ ਅਸੀਂ ਦੋਵੇਂ ਵੀਰ ਦੁਸ਼ਟ ਦਾ ਸਿਰ ਵੱਢ ਕੇ ਲਿਆਵਾਂਗੇ। ਸਭ ਸੰਗਤ ਅਸ਼ੀਰਵਾਦ ਦਿਉ ਵਾਹਿਗੁਰੂ ਮੋਰਚਾ ਫਤਿਹ ਕਰੇ ਤੇ ਸਾਨੂੰ ਇਸ ਕਾਰਜ ਵਿਚ ਕਾਮਯਾਬੀ ਬਖਸ਼ੇ। ਸਭ ਸੰਗਤ ਨੇ ਮਿਲਕੇ ਗੁਰ ਚਰਨਾਂ ਵਿਚ ਅਰਦਾਸ ਕੀਤੀ।

*ਤੀਨੇ ਤਾਪ ਨਿਵਾਰਣ ਹਾਰਾ ਦੁਖ ਹੰਤਾ ਸੁਖ ਰਾਸ ॥*
*ਤਾਕਉ ਬਿਘਨ ਨਾ ਕੋਊ ਲਾਗੈ ਜਾਕੀ ਪ੍ਰਭ ਆਗੈ ਅਰਦਾਸ ॥*

ਅਰਦਾਸ ਕਰਕੇ ਜੈਕਾਰਾ ਛੱਡਿਆ ਗਿਆ ਨਗਾਰੇ 'ਤੇ ਚੋਟ ਲੱਗੀ ਦੋਵੇਂ ਵੀਰ ਪਾ ਕੇ ਘੋੜਿਆਂ 'ਤੇ ਕਾਠੀਆਂ ਹੋ ਕੇ ਅਸਵਾਰ ਇਉਂ ਤੁਰ ਪਏ।

## ਸਿਰਖਿੰਡੀ ਛੰਦ

(ਇਹ ਕਵਿਤਾ ਲੈਕਚਰ ਵਿਚ ਪੜ੍ਹਨੀ ਚਾਹੀਦੀ ਹੈ)

*ਓਹ ਤੁਰ ਪਏ ਗੁਰੂ ਦੁਲਾਰੇ, ਬੀਕਾਨੇਰ 'ਚੋਂ।*
*ਉਹਨਾਂ ਛੱਡੇ ਖੂਬ ਜੈਕਾਰੇ ਉੱਚੀ ਗੱਜ ਕੇ।*
*ਉਹਨਾਂ ਖੰਡੇ ਲੈ ਦੋ ਧਾਰੇ ਸਾਥੀ ਸਦਾ ਦੇ।*
*ਉਹਨਾਂ ਘੋੜੇ ਦੋ ਸ਼ਿੰਗਾਰੇ ਪੁੱਤਰ ਪੌਣ ਦੇ।*

*ਓਹ ਲਾਉਂਦੇ ਜਾਂਦੇ ਨਾਹਰੇ ਆਕੇ ਜੋਸ਼ ਵਿਚ।*
*ਓਹਨਾਂ ਪ੍ਰਣ ਦਿਲਾਂ ਵਿਚ ਧਾਰੇ ਜ਼ਾਲਮ ਮਾਰਨਾ।*
*ਓਹ ਕਹਿੰਦੇ ਸਤਿਗੁਰ ਪਿਆਰੇ ਰੱਖੀਂ ਲਾਜ ਨੂੰ।*
*ਤੂੰ ਪੈਜ ਰਖੀਂ ਕਰਤਾਰੇ ਆਪਣੇ ਜਨਾਂ ਦੀ।*
*ਅਸੀਂ ਜਾਈਏ ਗੁਰਦਵਾਰੇ ਭੇਸ਼ ਵਟਾ ਕੇ।*
*ਅਸੀਂ ਦੱਸੀਏ ਹੱਥ ਕਰਾਰੇ ਮੱਸੇ ਦੁਸ਼ਟ ਨੂੰ।*
*ਤੂੰ ਸਭ ਦੇ ਬੇੜੇ ਤਾਰੇ ਕਲਗੀਆਂ ਵਾਲਿਆ।*
*ਅਸੀਂ ਰੋੜ੍ਹੀਏ ਸਾਗਰ ਖਾਰੇ ਮਾਰ ਚੰਡਾਲ ਨੂੰ।*
*ਪੈ ਵੱਜਣ ਜੱਗ ਨਗਾਰੇ ਤੇਰੇ ਪੰਥ ਦੇ।*
*ਇਹ 'ਦਿਲਬਰ' ਵਾਰ ਉਚਾਰੇ ਵਿਚ ਦੀਵਾਨ ਦੇ।*

ਦੋਵੇਂ ਸੂਰਮੇ ਬੁੱਢੇ ਜੋਹੜ ਤੋਂ ਹਨੂੰਮਾਨਗੜ੍ਹ, ਜਸੀ, ਸੰਗਰੀਆ ਵੱਗਸਰ ਵਿਚੋਂ ਦੀ ਹੁੰਦੇ ਹੋਏ ਸ੍ਰੀ ਦਮਦਮੇ ਸਾਹਿਬ ਪਹੁੰਚੇ, ਏਥੇ ਪੜਾਅ ਕੀਤਾ, ਰਾਤ ਕੱਟ ਕੇ ਅੰਮ੍ਰਿਤ ਵੇਲੇ ਚਾਲੇ ਪਾ ਦਿੱਤੇ। ਲੱਖੀ ਜੰਗਲ, ਕੋਟਕਪੂਰੇ ਭਾਈ ਕੀ ਡਰੌਲੀ ਥਾਣੀ ਮੰਜ਼ਲਾਂ ਕੱਟਦੇ ਮਾਲਵਾ ਲੰਘੇ, ਹਰੀਕੇ ਪੱਤਣ ਤੋਂ ਦਰਿਆ ਸਤਿਲੁਜ, ਬਿਆਸਾ, ਪਾਰ ਕੀਤਾ। ਪੱਟੀ ਸ਼ਹਿਰ ਜਾ ਵੜੇ, ਏਥੇ ਰਾਤ ਆਰਾਮ ਕੀਤਾ। ਦੋਹਾਂ ਭਰਾਵਾਂ ਨੇ ਬੈਠ ਕੇ ਗੁਰਮਤਾ ਕੀਤਾ ਕਿ ਹੁਣ ਸ੍ਰੀ ਦਰਬਾਰ ਸਾਹਿਬ ਜਾਣ ਦੀ ਵਿਉਂਤ ਬ਼ਣਾਈਏ। ਪੱਟੀ ਸ਼ਹਿਰ ਦੇ ਇਕ ਸੁਵੇਂ ਜਿਹੇ ਥੇਹ 'ਤੇ ਬੈਠ ਗੋਲ-ਗੋਲ ਠੀਕਰਾਂ ਘੜ ਲਈਆਂ, ਚਾਦਰਾਂ ਦੀਆਂ ਥੈਲੀਆਂ ਸਿਊਂ ਕੇ ਠੀਕਰਾਂ ਨਾਲ ਭਰਕੇ ਘੋੜਿਆਂ ਦੀਆਂ ਕਾਠੀਆਂ ਦੇ ਹੰਨਿਆਂ 'ਤੇ ਰੱਖ ਲਈਆਂ ਤਾਂਕਿ ਮੱਸੇ ਨੂੰ ਰੁਪਿਆ ਦਾ ਭੁਲੇਖਾ ਦਿੱਤਾ ਜਾ ਸਕੇ, ਲੰਮੇ-ਲੰਮੇ ਚੋਲੇ ਪਾ ਲਏ, ਕ੍ਰਿਪਾਨਾਂ ਹੇਠ ਲੁਕਾ ਲਈਆਂ, ਕੇਸ ਪਿਛਾਂਹ ਸੁੱਟ ਲਏ, ਮੂੰਹ 'ਤੇ ਠਾਠੇ ਬੰਨ੍ਹ ਲਏ। ਇਹ ਅਨੋਖੇ ਨੰਬਰਦਾਰ ਮੱਸੇ ਰੰਘੜ ਨੂੰ ਮਾਮਲਾ ਤਾਰਣ ਲਈ ਜਾ ਰਹੇ ਹਨ।

## ਬੋਲੀਆਂ

*ਤੁਰ ਪਏ ਦੋਵੇਂ ਸਿੰਘ ਸੂਰਮੇ ਗੁਰਾਂ ਦਾ ਨਾਮ ਧਿਆ ਕੇ।*
*ਘੋੜੇ ਲੈ-ਲੈ ਪੁੱਤ ਪੌਣ ਦੇ ਖ਼ੂਬ ਕਾਠੀਆਂ ਨੇ ਪਾ ਕੇ।*
*ਵਾਗਾਂ ਢਿੱਲੀਆਂ ਛੱਡ ਦਿੱਤੀਓ ਨੇ ਚਾਲ ਪੁਅੱਈਏ ਪਾ ਕੇ।*
*ਮੁੜ-ਮੁੜ ਲੈਣ ਅੱਡੀਆਂ ਘੋੜੇ ਉਡਦੇ ਹਵਾ 'ਚ ਬਲ ਲਾਕੇ।*
*ਸੁੰਮ ਨਾ ਲੌਣ ਜ਼ਮੀਨ 'ਤੇ ਘੋੜੇ ਜਾਨ ਬਾਜੀਆਂ ਪੌਂਦੇ।*
*ਦਰਿਆ ਵਾਂਗੂੰ ਸੁਕਦੇ ਜਾਂਦੇ ਧੂੜਾਂ ਦਿਸਣ ਉਡੌਂਦੇ।*
*ਧੌਣਾਂ ਵਾਂਗ ਕਬੂਤਰਾਂ ਫਬਣ ਰੰਗ ਦਿਲ ਨੂੰ ਭਰਮੌਂਦੇ।*
*ਮੋਰਾਂ ਵਾਂਗ ਪੈਲਾਂ ਪਾਂਵਦੇ ਘੋੜੇ ਫਾਸਲਾ ਜਾਣ ਮੁਕੌਂਦੇ।*

*ਪੱਟੀ ਸ਼ਹਿਰ ਦੀ ਜੂਹ ਵਿਚ ਪਹੁੰਚ ਹਿੰਮਤ ਹੌਂਸਲਾ ਕਰਕੇ।*
*ਦੋਵੇਂ ਬੈਠੇ ਗੁਰਮਤਾ ਕਰਦੇ ਕਿਵੇਂ ਜਾਈਏ ਦਰ ਹਰ ਕੇ।*
*ਟਿੱਬੇ ਉਤੋਂ ਚੁਣ ਕੇ ਠੀਕਰਾਂ ਬਦਰੇ ਬਣਾ ਲਏ ਭਰ ਕੇ।*
*ਤੁਰ ਪਏ ਗੁਰੂ ਦੇ ਦਰ ਨੂੰ ਦੋਵੇਂ ਯਾਦ ਵਾਹਿਗੁਰੂ ਕਰ ਕੇ।*
*ਠਾਠੇ ਬੰਨ੍ਹ ਲਏ ਮੂੰਹਾਂ ਉਤੇ ਯੋਧੇ ਭੇਸ ਵਟੌਂਦੇ।*
*ਬਣ ਗਏ ਨੰਬਰਦਾਰ ਓਹ ਤੇਗਾਂ ਚੋਲਿਆਂ ਹੇਠ ਲਕੌਂਦੇ।*
*ਮਾਮਲਾ ਦੇਣ ਮੱਸੇ ਨੂੰ ਚੱਲੇ ਪੂਰਾ ਸਾਗ ਬਣੌਂਦੇ।*
*ਸਿੰਘ ਦਸਮੇਸ਼ ਗੁਰੂ ਦੇ ਕਿਵੇਂ ਫਤਿਹ ਨੇ ਦਿਲਬਰਾ ਪੌਂਦੇ।*

ਸਾਵਣ-ਭਾਦਰੋਂ ਦੀ ਕੜਕਦੀ ਦੁਪਹਿਰੇ ਸੂਰਮੇ ਘੋੜੇ ਦੁੜਾਈ ਜਾ ਰਹੇ ਸਨ।

*ਝਖੜ ਝਾਂਗੀ ਮੀਹੁ ਵਰਸੈ ਭੀ ਗੁਰ ਦੇਖਣ ਜਾਈ॥*
*ਸਮੁੰਦ ਸਾਗਰ ਹੋਵੈ ਬਹੁ ਖਾਰਾ ਗੁਰਸਿਖ ਲੰਘਿ ਗੁਰੂ ਪਹਿਜਾਈ॥*

ਯੋਧੇ ਅੰਮ੍ਰਿਤਸਰ ਪਹੁੰਚ ਗਏ ਹਨੇਰੀ ਦੇ ਬੁਲ੍ਹੇ ਉਠੇ ਅਕਾਸ਼ 'ਤੇ ਗਰਦੋ-ਗੁਬਾਰ ਛਾ ਗਿਆ। ਸਿੰਘਾਂ ਨੇ ਚਾਦਰਾਂ ਦੇ ਝੁੰਬ ਮਾਰ ਲਏ। ਪਹਿਰੇਦਾਰ ਕਈ ਤਾਸ਼ ਖੇਡ ਰਹੇ ਸਨ ਕਈ ਹੁੰਗਲਾ ਰਹੇ ਸਨ। ਕਈ ਸ਼ਰਾਬ ਦੇ ਨਸ਼ੇ ਵਿਚ ਮਸਤ ਸਨ। ਬਹਾਦਰ ਸ਼ਹਿਰ ਵਿਚ ਚਾਟੀਵਿੰਡ ਦਰਵਾਜ਼ਿਓਂ ਦਾਖਲ ਹੋਏ ਬਾਬਾ ਅਟੱਲ ਰਾਏ ਦੀ ਗਲੀ ਥਾਣੀਂ ਪ੍ਰਕਰਮਾਂ ਵਿਚ ਪੁੱਜ ਗਏ ਲਾਚੀ ਬੇਰੀ ਨਾਲ ਘੋੜੇ ਬੰਨ੍ਹ ਦਿੱਤੇ ਤੇ ਦਰਸ਼ਨੀ ਡਿਉੜੀ ਜਾ ਪੁੱਜੇ।

ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਦੇ ਪੰਨਾ 641 ਤੇ ਕਬਿੱਤ ਲਿਖਦੇ ਹਨ।

*ਪੰਥ ਤੇ ਅਸੀਸ ਪਾਏ ਧਿਆਏ ਜਗਦੀਸ਼ ਚੜ੍ਹੇ,*
*ਚਾਲ ਦਿਨ ਨੀਸ ਦੀਸ ਗੁਰ ਪੁਰ ਆਏ ਹੈਂ।*
*ਠੀਕਰੀ ਬਨਾਏ ਗੋਲ ਥੈਲੀ ਭਰ ਲੀਨੀ ਕੋਲ,*
*ਭੇਸ ਨਿਜ਼ ਢੋਲ ਡੋਲ ਬਰਕੀਬ ਬਣਾਏ ਹੈਂ।*
*ਛਾਲ ਹੁਤੀ ਆਵਤੀ ਸੁਹਾਵਤੀ ਮਧਿਆਨ ਹਾੜ,*
*ਚਾਲਤੀ ਪਵਣ ਅਤਿ ਧੂੜ ਸੋਂ ਉਡਾਏ ਹੈਂ।*
*ਸਿੰਘਨ ਮਰਦ ਤਿਸ ਬਾਧ ਲੀਨੇ ਮੁਖ ਇਸ,*
*ਦਰਸ਼ਨੀ ਦਰਵਾਜੇ ਘੋੜੇ ਬੇਰੀ ਸੇ ਬੰਧਾਏ ਹੈਂ।*

ਜਦੋਂ ਬੰਨ੍ਹ ਕੇ ਲਾਚੀ ਬੇਰੀ ਨਾਲ ਘੋੜੇ ਸਿੰਘ ਅੱਗੇ ਵਧੇ ਤਾਂ ਹੋਣੀ ਵੀ ਬਹਾਦਰਾਂ ਦਾ ਰਾਹ ਉਡੀਕ ਰਹੀ ਸੀ। ਮੱਸੇ ਦੀ ਮਿਝ ਨਾਲ ਭਰਨ ਵਾਸਤੇ ਓਹਦਾ ਖੱਪਰ ਕਾਹਲਾ ਪੈ ਰਿਹਾ ਸੀ। ਸ: ਸੁੱਖਾ ਸਿੰਘ ਨੇ ਤੱਕਿਆ ਕਹਿਣ ਲੱਗਾ ਵੀਰ ਮਹਿਤਾਬ ਸਿੰਘ ਭੰਗੂ ਨੇ ਵੇਖਿਆ ਓਹ ਹੂਰ ਮੁਸਕਰਾਈ। ਉਹਦੇ ਅੰਦਾਜ਼ 'ਉਹਦੇ ਨਖਰੇ' ਉਹਦੇ ਨਾਜ਼ ਉਹਦੀਆਂ ਸੋਖ ਅਦਾਵਾਂ 'ਉਹਦੀ ਨਜ਼ਾਕਤ, 'ਉਹਦਾ ਚੰਚਲ ਤੇ

ਮਸਤ ਇਸ਼ਾਰੇ, 'ਉਹਦਾ ਡੁੱਲ੍ਹ-ਡੁੱਲ੍ਹ ਪੈਂਦਾ ਰੂਪ, ਉਹਦੇ ਜ਼ੋਬਨ ਦੀ ਕੜਕਦੀ ਦੁਪਹਿਰ, ਉਹਦੀ ਭਖੀ ਜਵਾਨੀ, ਉਹਦੇ ਮਚਲ ਦੇ ਅਰਮਾਨ ਉਹਦੇ ਜਜ਼ਬੇ ਉਹਦੀਆਂ ਰੰਗੀਨ ਸੱਧਰਾਂ ਮਤਵਾਲੀਆਂ ਲਿਟਾਂ 'ਤੇ ਉਹਦੀਆਂ 'ਕਾਫ਼ਰ ਨਜ਼ਰਾਂ ਨੂੰ ਕਵੀ ਨੇ ਇਉਂ ਬਿਆਨ ਕੀਤਾ ਏ।

**ਖਿਆਲ ਉਡਾਰੀ-**

*ਉਥੇ ਰਸਤਾ ਰੋਕ ਜਵਾਲ ਦਾ, ਇਕ ਖੜ੍ਹੀ ਅਨੋਖੀ ਨਾਰ।*
*ਉਹਦਾ ਜੋਬਨ ਠਾਠਾਂ ਮਾਰਦਾ, ਉਹਦੀ ਪਰੀਆਂ ਜਿਹੀ ਨੁਹਾਰ।*
*ਉਹਦੇ ਚਾ ਉਛਲਦੇ ਡੁੱਲ੍ਹ ਦੇ, ਦਿਲ ਰੀਝਾਂ ਲੱਖ ਹਜ਼ਾਰ।*
*ਉਹਜ਼ੀਆਂ ਚੰਚਲ ਸੋਖ ਨਜ਼ਾਕਤਾਂ, ਉਹ ਹੂਰਾਂ ਦੀ ਸਰਦਾਰ।*
*ਉਹਦੇ ਮਸਤ ਇਸ਼ਾਰੇ ਵਿੰਨ੍ਹਦੇ ਹੋ ਜਾਣ ਦਿਲਾਂ ਤੋਂ ਪਾਰ।*
*ਉਹਦੀ ਖਾਸ ਅਦਾ ਨੂੰ ਤੱਕ ਕੇ, ਕਈ ਜ਼ਿੰਦੜੀ ਦੇਂਦੇ ਵਾਰ।*
*ਉਹਦੇ ਬੁੱਲ੍ਹਾਂ 'ਤੇ ਮੁਸਕਾਨ ਸੀ, ਉਹਨੇ ਲਾਇਆ ਹਾਰ ਸ਼ਿੰਗਾਰ।*
*ਉਹਦਾ ਕੱਦ ਸੀ ਵਾਂਗਰ ਸਰੂ ਦੇ, ਉਹਦੇ ਰੂਪ 'ਤੇ ਆਈ ਬਹਾਰ।*
*ਉਹਦੀਆਂ ਜ਼ੁਲਫਾਂ ਕਾਲੀਆਂ ਨਾਗਨਾਂ, ਕਈ ਡੰਗ ਦਿੱਤੇ ਹੁਸ਼ਿਆਰ।*
*ਉਹਦੇ ਬੁੱਲ੍ਹ ਗੁਲਾਬੀ ਪੱਤੀਆਂ, ਉਹਦੇ ਸੇਬਾਂ ਜਿਹੇ ਰੁਖਸਾਰ।*
*ਉਹਦੇ ਕਲੀਆਂ ਵਰਗੇ ਦੰਦ ਸੀ, ਜਦ ਹੱਸਦੀ ਦੇਂਦੀ ਮਾਰ।*
*ਉਹਦੀ ਠੋਡੀ ਵਾਂਗ ਬਲੌਰ ਦੇ, ਉਹਦਾ ਨੱਕ ਖੰਡੇ ਦੀ ਧਾਰ।*
*ਉਹਦੇ ਨੈਣ ਸੀ ਵਾਂਗੂੰ ਮਿਰਗ ਦੇ, ਵਿਚ ਲਿਸ਼ਕੇ ਪਿਆ ਪਿਆਰ।*
*ਉਹ ਜਿਧਰ ਨਜ਼ਰਾਂ ਸੁੱਟਦੀ, ਕੱਟ ਦੇਂਦੀ ਜ਼ਿਉਂ ਤਲਵਾਰ।*
*ਉਹਦਾ ਮੱਥਾ ਚਮਕੇ ਭਾਨ ਜਿਉਂ, ਉਹਦੀ ਧੌਣ ਸੁਰਾਹੀ ਦਾਰ।*
*ਉਹਦੇ ਸਿਸਰਿਓਂ ਮਿੱਠੇ ਬੋਲ ਸੀ, ਉਹਦੀ ਨਾਖਿਓਂ ਜਿਹੀ ਰਫਤਾਰ।*
*ਕਈ ਭੌਰੇ ਲਟੂ ਹੋਂਵਦੇ, ਤੱਕ ਖਿੜ੍ਹੀ ਹੁਸਨ ਗੁਲਜ਼ਾਰ।*
*ਕਈ ਉਡਦੇ ਪੰਛੀ ਸੁੱਟਦੀ, ਉਹਦੀ ਝਾਂਜ਼ਰ ਦੀ ਛਣਕਾਰ।*
*ਉਹਦਾ ਚੰਨ ਜਿਹਾ ਚਿਹਰਾ ਵੇਖਕੇ, ਲੱਖ ਯੂਸਫ ਹੋਣ ਨਿਸਾਰ।*
*ਜਦ ਮਸਤੀ ਦੇ ਵਿਚ ਨੱਚਦੀ, ਪਏ ਮੋਰ ਵੀ ਖਾਂਦੇ ਖਾਰ।*
*ਉਹ ਆਈ ਕੋਈ ਅਪੱਛਰਾਂ, ਛੱਡ ਇੰਦਰ ਦਾ ਦਰਬਾਰ।*
*ਉਹ ਸੁੰਦਰਾਂ ਜਿਹੀ ਹੁਸੀਨ ਸੀ, ਉਹ ਲੂਣਾ ਜਿਹੀ ਮੁਟਿਆਰ।*
*ਉਹਦੀ ਭਖੀ ਜਵਾਨੀ ਵੇਖ ਕੇ, ਕਈ ਹੀਰਾਂ ਮੰਨਦੀਆਂ ਹਾਰ।*
*ਉਹਨੇ ਪਲਕ ਇਸ਼ਾਰੇ ਲੁੱਟ ਲਏ, ਕਈ ਦਿਲਬਰ' ਤੇ ਦਿਲਦਾਰ।*

ਸ: ਮਹਿਤਾਬ ਸਿੰਘ ਨੇ ਸੋਚਿਆ ਕਿਤੇ ਇਹ ਉਹ ਵੇਸਵਾ ਤਾਂ ਨਹੀਂ ਜਿਸ ਦਾ ਮੁਜਰਾ ਮੱਸਾ ਰੰਘੜ ਹਰੀਮੰਦਰ ਵਿਚ ਕਰਵਾ ਰਿਹਾ ਏ ਅੱਗੇ ਵਧਕੇ ਪੁੱਛਿਆ ਸੁੰਦਰੀ ਤੂੰ ਕੌਣ ਏਂ ?

ਕੀ ਮੈਂ ਜਾਣ ਸਕਦਾ ਹਾਂ, ਤੇਰਾ ਨਾਮ ਕੀ ਹੈ ? ਅੱਗੋਂ ਆਵਾਜ਼ ਆਈ- ਮੈਂ ਹੋਣੀ ਹਾਂ, ਮੈਂ ਤਕਦੀਰ ਹਾਂ, ਮੈਂ ਮੌਤ ਹਾਂ, ਮੇਰੀਆਂ ਨਜ਼ਰਾਂ ਨੇ ਕਈ ਰਾਣੇ ਕੰਗਾਲ ਕਰ ਦਿੱਤੇ। ਕਈ ਰਾਵਣ ਧੂੜ ਵਾਂਗ ਉਡਾ ਦਿੱਤੇ। 'ਕਈ ਫਰਿਹੂਨ' ਕਈ ਸ਼ਦਾਦ ਤੇ ਕਈ ਹਰਨਾਖਸ਼, ਕਈ ਰੁਸਤਮ ਤੇ ਕਈ ਸ਼ਿੰਕਦਰ ਖਾਕ ਕਰ ਦਿੱਤੇ ਗਏ। ਮਾਨਧਾਤਾਂ ਤੇ ਦਰਯੋਧਨਾਂ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ। ਇਹ ਫੁੱਲਾਂ ਦਾ ਹਾਰ ਇਹ ਫਤਿਹ ਦਾ ਸਿਹਰਾ ਅੱਜ ਤੁਹਾਡੇ ਵਾਸਤੇ ਲਿਆਈ ਹਾਂ। ਕੀ ਮੈਂ ਕੁਛ ਮਦਦ ਕਰ ਸਕਦੀ ਹਾਂ ? ਬਹਾਦਰੋ, ਯੋਧਿਓ ਬੋਲੋ ਕੀ ਚਾਹੁੰਦੇ ਹੋ ? ਤਾਂ ਅੱਗੋ ਸ: ਮਹਿਤਾਬ ਸਿੰਘ ਜੀ ਭੰਗੂ ਨੇ ਇਉਂ ਕਿਹਾ-

**ਤਰਜ਼-ਮੈਨੂੰ ਦਿਓਰ ਦੇ ਵਿਆਹ ਵਿਚ ਨੱਚ ਲੈਣ ਦੇ...**

*ਨੀ ਸਾਨੂੰ ਮੱਸੇ ਵਾਲਾ ਸੀਸ ਅੱਜ ਵੱਢ ਲੈਣ ਦੇ,*
*ਨੀ ਸਾਨੂੰ......*
*ਪਾਪੀ ਹਰੀ ਮੰਦਰ 'ਚ ਵੇਸਵਾ ਨਚਾਂਦਾ ਏ।*
*ਪਾਟਦਾ ਕਲੇਜਾ ਸਾਥੋਂ ਜਰਿਆ ਨਾ ਜਾਂਦਾ ਏ।*
*ਨੀ ਸਾਨੂੰ ਜ਼ਾਲਮਾਂ ਦਾ ਕੰਡਾ ਅੱਜ ਕੱਢ ਲੈਣ ਦੇ,*
*ਨੀ ਸਾਨੂੰ......*
*ਜੀਹਨੂੰ-ਜੀਹਨੂੰ ਜ਼ੁਲਫਾਂ ਦਾ ਨਾਗ ਤੇਰਾ ਡੰਗਿਆ।*
*ਤੁਰ ਗਏ ਜਹਾਨੋਂ ਓਹਨਾਂ ਪਾਣੀ ਵੀ ਨਾ ਮੰਗਿਆ।*
*ਨੀ ਸਾਨੂੰ ਫਤਿਹ ਵਾਲੇ ਝੰਡੇ ਅੱਜ ਗੱਡ ਲੈਣ ਦੇ।*
*ਨੀ ਸਾਨੂੰ......*
*ਕੀਲ-ਕੀਲ ਰੱਖੀਆਂ ਨੇ ਨਾਗਣਾਂ ਮਿਆਨ 'ਚ।*
*ਪੈਂਦੀਆਂ ਨੇ ਕਾਲੀਆਂ ਇਹ ਔਣ ਲਈ ਮੈਦਾਨ 'ਚ।*
*ਨੀ ਸਾਨੂੰ ਸਿਧੀ ਚੰਡਾਲ ਵਲੇ ਛੱਡ ਲੈਣ ਦੇ।*
*ਨੀ ਸਾਨੂੰ ਮੱਸੇ ਵਾਲਾ......*
*ਜ਼ੁਲਮ ਨੂੰ ਮਿਟਾ ਕੇ ਅਸਾਂ ਜਾਣਾ ਬੀਕਾਨੇਰ ਨੂੰ।*
*ਧਰਮ ਦੀ ਜਗਾ ਕੇ ਸ਼ਮ੍ਹਾਂ ਕੱਟਣਾ ਹਨੇਰ ਨੂੰ।*
*ਨੀ ਵੱਜ ਸੰਗਤਾ 'ਚ 'ਦਿਲਬਰਾ, ਦੀ ਢਡ ਲੈਣ ਦੇ।*
*ਨੀ ਸਾਨੂੰ ਮੱਸੇ ਵਾਲਾ ਸੀਸ ਅੱਜ ਵੱਢ ਲੈਣ ਦੇ।*

ਹੋਣੀ ਨੇ ਅਸ਼ੀਰਵਾਦ ਦਿੱਤੀ ਤੇ ਅਲੋਪ ਹੋ ਗਈ ਹਨੇਰੀ ਅੱਗੇ ਨਾਲੋਂ ਕੁਝ ਤੇਜ ਹੋ ਗਈ, ਅਕਾਸ਼ ਬੱਦਲਾਂ ਨਾਲ ਘਿਰ ਗਿਆ। ਸ: ਮਹਿਤਾਬ ਸਿੰਘ ਨੇ ਪਹਿਰੇਦਾਰਾਂ ਨੂੰ ਕਿਹਾ, ਜਾਓ ਚੌਧਰੀ ਸਾਹਿਬ ਨੂੰ ਪੁੱਛ ਆਓ। ਪੱਟੀ ਦੇ ਨੰਬਰਦਾਰ ਮਾਮਲਾ ਤਾਰਨ ਆਏ ਨੇ। ਹੁਕਮ ਹੋਵੇ ਤਾਂ ਅੰਦਰ ਆ ਜਾਈਏ। ਪਹਿਰੇਦਾਰ

ਨੇ ਮੱਸੇ ਨੂੰ ਸਲਾਮ ਕੀਤੀ। ਮੱਸੇ ਨੇ ਪੁੱਛਿਆ, 'ਓ ਅੱਲਾ ਦਿਤਿਆ! ਕਿਆ ਬਾਤ ਹੈ ਕਿਵੇਂ ਆਇਆ ਏਂ ?' ਹਜ਼ੂਰ ਪੱਟੀ ਦੇ ਇਲਾਕੇ ਦੇ ਨੰਬਰਦਾਰ ਛਿਮਾਹੀ ਢਾਲ ਤਾਰਨ ਵਾਸਤੇ ਆਏ ਨੇ ਹੁਕਮ ਹੋਵੇ ਤਾਂ ਭੇਜ ਦੇਈਏ। ਮੱਸੇ ਨੂੰ ਸੁਣਕੇ ਲਾਲੀਆਂ ਚੜ੍ਹ ਗਈਆਂ। ਕਿਹਾ ਛੇਤੀ ਭੇਜੋ ਅੱਲਾ-ਤਾਲਾ ਨੇ ਬੜੇ ਮੌਕੇ 'ਤੇ ਹੀ ਮਾਮਲਾ ਭੇਜਿਆ ਏ। ਅੰਗੂਰਾਂ ਦੀ ਵਧੀਆ ਜਿਹੀ ਸ਼ਰਾਬ ਹੋਰ ਮੰਗਵਾਵਾਂਗੇ। ਪਹਿਰੇਦਾਰ ਮੁੜ ਆਇਆ। ਕਿਹਾ ਨੰਬਰਦਾਰ ਜੀ ਅੰਦਰ ਚਲੇ ਜਾਓ, ਚੌਧਰੀ ਸਾਹਿਬ ਯਾਦ ਫੁਰਮਾ ਰਹੇ ਨੇ, ਪਰ ਸਾਰੀਆਂ ਥੈਲੀਆਂ ਨਾ ਖਾਲੀ ਕਰ ਆਇਆ ਜੇ। ਇਕ ਅੱਧੀ ਬੋਤਲ ਜੋਗਾ ਸਾਨੂੰ ਵੀ ਇਨਾਮ-ਕਿਨਾਮ ਦੇ ਜਾਇਆ ਜੇ। ਸ: ਸੁੱਖਾ ਸਿੰਘ ਹੱਸ ਪਿਆ। ਕਿਹਾ ਚੌਂਕੀਦਾਰਾ ਫਿਕਰ ਨਾ ਕਰ। ਪਹਿਲੋਂ ਜਰਾ ਚੌਧਰੀ ਸਾਹਿਬ ਨਾਲ ਨਿੱਬੜ ਆਈਏ, ਤੈਨੂੰ ਜ਼ਰੂਰ ਜਾਂਦੀ ਵਾਰ ਇਨਾਮ ਦੇ ਕੇ ਜਾਵਾਂਗੇ। ਪਹਿਰੇਦਾਰ ਦੀਆਂ ਵਰਾਛਾਂ ਖਿੜ੍ਹ ਗਈਆਂ। 'ਅੱਲਾ ਭਾਗ ਲਾਵੇ ਖੁਦਾਵੰਦ ਕਰੀਮ ਦੁਨੀਆਂ ਬਰਕਤਾਂ ਪਾਵੇ।'

ਸਿੰਘ ਲੰਘ ਕੇ ਦਰਸ਼ਨੀ ਡਿਉਢੀ ਸ੍ਰੀ ਹਰਿਮੰਦਰ ਸਾਹਿਬ ਦੇ ਬੂਹੇ ਅੱਗੇ ਪਹੁੰਚ ਗਏ। ਗੁਰੂ ਦਰ 'ਤੇ ਸੱਜਦਾ ਕੀਤਾ ਮੱਥਾ ਟੇਕਿਆ। ਹੇ ਸਤਿਗੁਰੂ ਰਾਮਦਾਸ ਜੀ ਸੇਵਕਾਂ ਦੀ ਲਾਜ ਰੱਖਣੀ! ਮੱਸਾ ਸਮਝ ਰਿਹਾ ਸੀ ਕਿ ਨੰਬਰਦਾਰ ਕਿਤਨੇ ਅਦਬ ਨਾਲ ਝੁਕ ਕੇ ਮੈਨੂੰ ਸਲਾਮ ਕਰ ਰਹੇ ਨੇ। ਸਿੰਘਾਂ ਨੇ ਦਲ੍ਹੀਜ ਲੰਘ ਕੇ ਜੋ ਕੁਝ ਵੇਖਿਆ ਦਿਲ 'ਤੇ ਪੱਥਰ ਰੱਖਕੇ ਬਰਦਾਸ਼ਤ ਕਰ ਗਏ। ਸੀਨੇ ਵਿਚ ਜੋਸ਼ ਦੇ ਭਾਂਬੜ ਬਲ ਉਠੇ। ਵੇਸਵਾ ਨੱਚ ਰਹੀ ਸੀ। ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਮੱਸਾ ਨਸ਼ੇ ਵਿਚ ਗੁੱਟ ਅਰਲ-ਬਰਲ ਬੋਲ ਰਿਹਾ ਸੀ।

'ਓ ਨਜ਼ਾਮ ਦੀਨਾ ਕਿਧਰ ਗਏ ਸਿੰਘ ਮੈਂ ਸਭ ਨੂੰ ਰਗੜ ਕੇ ਰੱਖ ਦਿੱਤਾ ਏ।' ਨਾਲ ਹੁੱਕਾ ਪੀ ਰਿਹਾ ਸੀ।

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਨੇ ਵੇਸਵਾ ਸਾਰੰਗ ਰਾਗ ਵਿਚ ਗੌਂ ਰਹੀ ਸੀ।

*ਜਾਇ ਹਰੀ ਮੰਦਰ ਕੈ ਅੰਦਰ ਨਿਹਾਰਿਓ ਤਿਨੈ*
*ਕੰਚਣੀ ਨੱਚਤ ਰਾਗ ਸਾਰੰਗ ਉਚਾਰ ਹੈ।*

ਕਿਸੇ ਕਵੀ ਦਾ ਕਥਨ ਹੈ-

*ਸ਼ੁਭ ਕਾਜ ਕੋ ਫੇਰ ਅਨਾਜ ਕਰੇ,*
*ਕੁਝ ਲਾਜ ਨ ਆਵਤ ਹੈ ਇਨਕੋ।*
*ਇਕ ਰਾਂਡ ਬੁਲਾਇ ਨਚਾਵਤ ਹੈ,*
*ਗਰਹਿ ਕਾ ਧਨ ਮਾਲ ਲੁਟਾਵਣ ਕੋ।*
*ਮ੍ਰਿਦੰਗ ਤਿਨੇ ਧ੍ਰਿਗ ਧ੍ਰਿਗ ਕਹੈਂ,*
*ਸੁਰ ਤਾਲ ਕਹੈ ਕਿਨ ਕੋ ਕਿਨ ਕੋ।*

*ਤਬ ਬਾਂਹਿ ਉਲਾਰ ਕੈ ਨਾਰ ਕਹੈ,*
*ਇਨਕੋ ਇਨਕੋ ਇਨਕੋ ਇਨਕੋ ।*
ਭਰੀ ਮਹਿਫਲ 'ਚ ਜ਼ੇਵਰਾਂ ਨਾਲ ਲੱਦੀ ਕੰਚਨੀ ਨੱਚ ਰਹੀ ਸੀ ।
*ਧਾਗ ਤਿਟਾ ਧਈ ਧਈ ਬੋਲਤੀ ਮ੍ਰਿਦੰਗ ਸੰਗ,*
*ਲਿਫ ਲਿਫ ਨਖਰੇ ਸੇਂ ਨਾਚਤੀ ਨਕਈਆ ।*
*ਛੁਮ ਛੁਮ ਛਾਨਾ ਨਾਨਾ ਛੁਮਕ ਛੁਮਕ ਕਰੇ,*
*ਆਘਾ ਨਾਨਾ ਘੁੰਗਰੂ ਜੋ ਪਗ ਸੇ ਬੰਧਈਆ ।*
*ਲਮਕ ਲਮਕ ਲਿਟਾ ਹੇਠੋਂ ਸੇ ਨਿਹੋਰੇ ਕਰੇ,*
*ਜੀਆ ਤੜਪਾਏ ਲਾਗੇ ਮੱਥੇ ਕੀ ਬਿੰਦਈਆ ।*
*ਕਹਿ ਕਵੀ ਬਾਲਮ ਯਹਿ ਮੱਸੇ ਕੀ ਮੌਤ ਨਾਚੈ,*
*ਭੇਜੀ ਰਘਰਾਈ ਲਿਫ ਗਾਤੀ ਜੋ ਗਵਈਆ ।*
(ਨਚਾਰ ਦੀ ਹਰਕਤ ਵੇਖ ਕੇ ਮੱਸਾ ਲਟੂ ਹੋ ਰਿਹਾ ਸੀ)
*ਥਰਕ ਥਰਕ ਥਾਰਾ ਥਾਰਾ ਰਾਰਾ ਥਰਕ,*
*ਰਿਸ਼ਕ ਰਿਸ਼ਕ ਰੇਸ਼ਮ ਨੀ ਚੁਨਰੀਆ ।*
*ਕਰੁਕ ਕਰੁਕ ਕਰ ਕਟ ਮੇਂ ਕਰਕ ਉਠੇ,*
*ਮਰਕ ਮਰਕ ਕਰੇ ਧੌਣ ਮੁਨਰੀਆ ।*
*ਫਰੁਕ ਫਰੁਕ ਕਰ ਫਿਰੇ ਵਹ ਫਰਸ਼ ਪਰ,*
*ਫਰਰਾਰਾ ਫਰਰਾਰਾ ਕਰੇ ਨੁਚਰੀਆਂ ।*
*ਸ਼ਰਰ ਸ਼ਰਰ ਪੀਤ ਸ਼ਰਾਬੀ,*
*ਸੁਰਰ ਸੁਰਰ ਸੁਰ ਸੰਗੀਤ ਸਨੱਰੀਆ ।*
(ਵੇਸਵਾ ਸ਼ਰਾਬ ਦਾ ਪੈਗ ਦੇ ਕੇ ਮੱਸੇ ਨੂੰ ਕਹਿੰਦੀ ਏ)
*ਪੀਤ ਪੀਤ ਕਹਿ ਪੀਓ ਪੀਓ,*
*ਕਹਿ ਜੀਓ ਜੀਓ ਕਹਿ ਪੀਤ ਪਿਆਲੀ ।*
*ਪਾ ਪਾ ਪੀਉ ਪਿਆਲੀ ਪਾ ਪਾ*
*ਪੀ ਪੀ ਪ੍ਰੇਮ ਸੇ ਕਰੋ ਖੁਸ਼ਹਾਲੀ ।*
*ਪੀਉ ਜੀ ਪੀਉ ਪੀਉ ਜੀ ਪੀਉ,*
*ਪੀਉ ਪ੍ਰੇਮਨ ਪਿਆਏ ਪਿਆਲੀ ।*
*ਪਲ ਪਲ ਪੀਉ ਜੀ ਪ੍ਰੇਮ ਪਿਆਲੇ,*
*ਪੀ ਮੋਰੇ ਬਾਲਮਾ ਪੀ ਮੋਰੇ ਵਾਲੀ ।*
(ਮੱਸੇ ਦੇ ਸਿਰ 'ਤੇ ਵੀ ਅਨੋਖਾ ਨਾਚ ਹੋ ਰਿਹਾ ਹੈ)
*ਸੀਸ ਪਿ ਨਾਚਤ ਕਾਲ ਕੋਪ ਕਰ, ਤਬਲਾ ਜਮੇਂ ਬਜਾਵੈ।*
*ਛੁਰੀਆਂ ਹਾਥ ਮੇਂ ਲੇਕਰ ਹੋਣੀ ਗੀਤ ਮਾਰੂ ਕੇ ਗਾਵੈ।*

*ਡੈਣਾਂ ਦੇਤ ਤਾਲ ਸੰਗ ਤਾਲੀ ਗੋਰ ਅਧਿਕ ਹਰਖਾਵੈ।*
*ਕਹਿ ਕਵਿ ਬਾਲਮ ਕਾਲ ਮੱਸੇ ਕਾ ਸਿੰਘ ਰੂਪ ਹੋਇ ਆਵੈ।*

ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ-

## ਕਬਿੱਤ

*ਡੁਬ ਲੋ ਡੁਬ ਲੋ ਤਬਲਾ ਪੁਕਾਰ ਕਰੇ ਸਭਾ ਮਧ,*
*ਕੌਣ ਕੌਣ ਸਾਰੰਗੀ ਕੀ ਤਾਰ ਬਤਲਾਏਂ ਹੈਂ ।*
*ਬਾਰ ਬਧੂ ਮੱਸੇ ਵੱਲ ਹਾਥ ਕੋ ਪਸਾਰ ਕਹੈਂ,*
*ਡੂਬਿਓ ਸੋਊ ਜੋਊ ਈਹਾਂ ਨਿਰਤ ਕਰਾਏਂ ਹੈਂ ।*
*ਦੇਖ ਕਰ ਸਿੰਘਨ ਕੇ ਜਗ ਉਠੀ ਆਗ ਔਰ,*
*ਧਸੇ ਹਰੀ ਮੰਦਰ ਮੇਂ ਗੁਰੂ ਕੋ ਮਨਾਏਂ ਹੈਂ ।*
*ਜਾਨਿਉ ਸਭ ਲੋਗਨ ਤਹਿਸੀਲ ਕੇ ਰੁਪਏ ਆਏ,*
*ਥੈਲੀ ਉਭੇ ਮੱਸੇ ਢਿਗ ਧਰੀ ਤਿਨੈ ਜਾਏ ਹੈਂ ।*

ਸ: ਸੁਖਾ ਸਿੰਘ ਨੇ ਲਾਹ ਕੇ ਮੋਢੇ ਤੋਂ ਥੈਲੀਆਂ ਮੱਸੇ ਦੇ ਪਲੰਘ ਹੇਠਾਂ ਸੁੱਟ ਦਿੱਤੀਆਂ ਮੱਸਾ ਸ਼ਰਾਬ ਦੇ ਨਸ਼ੇ ਗੁੱਟ ਨਿਉਂ ਕੇ ਧੌਣ ਝੁਕਾ ਕੇ ਵੇਖਣ ਲੱਗਾ । ਸ: ਸੁਖਾ ਸਿੰਘ ਨੇ ਇਸ਼ਾਰਾ ਕੀਤਾ। ਸ: ਮਹਿਤਾਬ ਸਿੰਘ ਮੀਰਾਂ ਕੋਟੀਏ ਨੇ ਮੱਸੇ ਦੀ ਧੌਣ ਉਤੇ ਤੇਗ ਦਾ ਭਰਵਾਂ ਵਾਰ ਇਉਂ ਕਰ ਦਿੱਤਾ।

## ਵਾਰ

*ਲੰਘ ਦਰਸ਼ਨੀ ਡਿਉੜੀ ਸੂਰਮੇਂ, ਪਹੁੰਚੇ ਹਰਿਮੰਦਰ ਵਿਚ ਜਾ।*
*ਬੂਹੇ ਲੰਘਦਿਆਂ ਨਿਵਾਇਆ ਸੀਸ ਨੂੰ, ਦਿਲ ਵਿਚ ਨਾਮ ਗੁਰਾਂ ਦਾ ਧਿਆ।*
*ਡਿੱਠਾ ਜਾ ਕੇ ਗੁਰੂ ਦਰਬਾਰ ਜਾ, ਲਹੂ ਅੱਖੀਆਂ ਦੇ ਵਿਚ ਗਿਆ ਆ।*
*ਜਿਥੇ ਬੈਠਦੇ ਸੀ ਪੰਜਵੇਂ ਪਾਤਸ਼ਾਹ, ਦੇਂਦੇ ਦੇਵਤੇ ਸੀ ਫੁੱਲ ਬਰਸਾ।*
*ਉਥੇ ਵਿਛੇ ਹੋਏ ਨਿਵਾਰੀ ਪਲੰਘ 'ਤੇ, ਮੱਸਾ ਬੈਠਾ ਰਿਹਾ ਹੁੱਕਾ ਗੁੜ੍ਹਕਾ।*
*ਪਈਆਂ ਉਡਦੀਆਂ ਸ਼ਰਾਬ ਦੀਆਂ ਬੋਤਲਾਂ, ਚੜ੍ਹੇ ਨਸ਼ੇ ਤੇ ਹਕੂਮਤਾਂ ਦਾ ਚਾ।*
*ਹੋਵੇ ਮੁਜਰਾ 'ਤੇ ਵੇਸਵਾ ਨੱਚਦੀ, ਪੌਂਦੀ ਬੋਲੀਆਂ ਸੀ ਬਾਂਹ ਨੂੰ ਉਠਾ।*
*ਸਿੰਘਾਂ ਸੁੱਟੀਆ ਪਲੰਘ ਹੇਠ ਠੀਕਰਾਂ, ਮੱਸੇ ਵੇਖਿਆ ਜਾ ਧੌਣ ਨੂੰ ਝੁਕਾ।*
*ਤੇਗ ਮਾਰ ਕੇ ਮਤਾਬ ਸਿੰਘ ਸ਼ੇਰ ਨੇ, ਨਾਲੇ ਮੱਸੇ ਗਹਿਣੇ ਲਏ ਲਾਹ।*
*ਸੀਸ ਲੈ ਕੇ ਝੱਟ ਬਾਹਰ ਆਗੇ 'ਦਿਲਬਰਾ', ਚਾਲੇ ਦਿੱਤੇ ਬੀਕਾਨੇਰ ਵੱਲੋ ਪਾ।*

ਬਿਜਲੀ ਦੀ ਫੁਰਤੀ ਤਰ੍ਹਾਂ ਸ: ਮਹਿਤਾਬ ਸਿੰਘ ਨੇ ਮੱਸੇ ਦਾ ਸਿਰ ਲਾਹ ਦਿੱਤਾ। ਸ: ਸੁਖਾ ਸਿੰਘ ਨੇ ਲੱਗਦੇ ਹੱਥ ਪੈਰ ਪੰਜਾਂ-ਸੱਤਾਂ ਦਾ ਕੀਰਤਨ ਸੋਹਿਲਾ ਪੜ੍ਹ ਦਿੱਤਾ। ਨਾਲ ਮੱਸੇ ਦੇ ਜ਼ੇਵਰ ਲਾਹ ਲਏ (ਉਦੋਂ ਆਮ ਤੌਰ 'ਤੇ ਚੌਧਰੀ ਨਵਾਬ ਗਹਿਣੇ

ਪਾਇਆ ਕਰਦੇ ਸਨ) ਨੱਚਣ ਵਾਲੀ ਸਹਿਮ ਕੇ ਖੂੰਜੇ ਲੱਗ ਗਈ ਸਰੰਗੀ ਵਾਲਾ ਤੇ ਤਬਲੇ ਵਾਲਾ ਜਿਧਰ ਮੂੰਹ ਹੋਇਆ ਨੱਠ ਗਏ। ਸਿੰਘਾਂ ਨੇ ਮੱਸੇ ਦਾ ਸਿਰ ਨੇਜੇ 'ਤੇ ਟੰਗ ਲਿਆ।

*ਕੀਓ ਜਬ ਹੱਲਾ ਕੁਛ ਮੁਖ ਅਵੱਲਾ ਬੋਲ,*
*ਭਾਰੀ ਥਰਥੱਲਾ ਭਇਓ ਤੁਰਕ ਮਹੱਲਾ ਕੋ।*
*ਫਟਾ ਫਟ ਛਟਾ ਝਟ ਮੱਸਾ ਝਟਕਾਏ ਦੀਨਾ,*
*ਉਛਲ ਉਛਾਲੇ ਮੱਸਾ ਖ਼ੂਨ ਕੇ ਉਛਲਾ ਕੋ।*
*ਕਹਾਂ ਗਇਓ ਤਬਲਾ ਸੁਰੰਗੀ ਔਸਿਤਾਰ ਕਹੀਂ,*
*ਛਾਡ ਭਾਗੇ ਕੰਜਰ ਪੁਕਾਰਾ ਅਲਾ, ਅਲਾ ਕੋ।*
*ਕੰਚਨੀ ਪੁਕਾਰੇ ਉਸਤਾਦ ਮੋਕਉ ਛੋਡੋ ਨਾਹੀ,*
*ਹਾਏ ਮੇਰੇ ਅੱਲਾ ਕਹਾਂ ਜਾਉਂ ਕਹੇ ਦੱਲਾ ਕੋ।*
*ਘਾ ਘਾ ਘਨੀਅਰ ਜਿਉਂ ਗਾਜਤ ਹੈਂ ਸਿੰਘ ਦੋਉ,*
*ਭਾਗਤੇ ਮੁਸੱਲਾ ਤੋਬਾ ਕਹਿ ਫੇਰ ਪੱਲਾ ਕੋ।*
*ਮ੍ਰਿਗਨ ਕੇ ਗਰੈਹ ਆਕੇ ਸ਼ੇਰੋ ਨੇ ਹੈ ਕੀਆ ਹੱਲਾ,*
*ਛਾਡ ਭਾਗੇ ਮੋਮਨ ਨਿਮਾਜ਼ ਔ ਮੁਸ਼ੱਲਾ ਕੋ।*
*ਦੇਖ ਦੇਖ ਤੋਬਾ ਤੋਬਾ ਕਹਿ ਸਭ ਭਾਗਤ ਹੈਂ,*
*ਕਈਓਂ ਨੇ ਛੁਪਾਇਆ ਮੂੰਹ ਓੜ੍ਹ ਓੜ੍ਹ ਜੁੱਲਾ ਕੋ।*
*ਕਹਿ ਕਵਿ ਬਾਲਮ ਜੀ ਜ਼ਾਲਮ ਕਾ ਸੀਸ ਸਿੰਘਾਂ,*
*ਨੇਜ਼ੇ ਪਰ ਟਾਂਗ ਲਾਤ ਮਾਰੀ ਮੱਸੇ ਝੱਲਾ ਕੋ।*
*(ਗਿਆਨੀ ਗਿਆਨ ਸਿੰਘ ਜੀ ਲਿਖਦੇ ਨੇ)*
*ਝੁਰ ਕਰ ਝਾਮਿ ਜਬ ਮੱਸੇ ਪਾਈ ਥੈਲੀ ਦਿਸ,*
*ਤਬ ਹੀ ਮਹਿਤਾਬ ਸਿੰਘ ਵਕਤ ਵਿਚਾਰਿਓ।*
*ਖੈਂਚ ਕੇ ਤੇ ਖੰਦਾ ਮਾਰ ਮੱਸੇ ਕਾ ਉਤਾਰ ਸਿਰ,*
*ਡਾਰਿਓ ਘੁਮਿਆਰ ਝਿਮ ਬੰਧਨਾ ਉਤਾਰਿਓ।*
(ਪੰਥ ਪ੍ਰਕਾਸ਼)

ਭਾਈ ਰਤਨ ਸਿੰਘ ਜੀ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਸਫ਼ਾ 290 'ਤੇ ਲਿਖਦੇ ਨੇ।

## ਚੌਪਈ

*ਮੱਸੇ ਕਾਇਮ ਸੀਸ ਉਤਾਰਿਓ।*
*ਜਿਉਂ ਕਰ ਬੇਲੋਂ ਕਦੂਆ ਟਾਰਿਓ।*
*ਹੁਤ ਜੋ ਜ਼ੇਵਰ ਤਾਕੇ ਦਵਾਰੇ।*
*ਦੂਜੇ ਸਿੰਘ ਨੇ ਲਇਓ ਉਤਾਰੇ।*

*ਤੋ ਲੋ ਸ਼ੋਰ ਭਇਉ ਅੱਤ ਭਾਰੀ।*
*ਫਿਰਨ ਘੋੜਨ ਕੀ ਕਰੀ ਸਵਾਰੀ।*
*ਘੋੜੇ ਛੇੜ ਰਲੇ ਸੋ ਝਾਲ।*
*ਇਸ ਬਧ ਭਈ ਮੱਸੇ ਕੀ ਗਾਲ।*
*(ਪਾਪੀਓਂ ਕੇ ਮਾਰਣ ਕੋ ਪਾਪ ਮਹਾਂ ਬਲੀ ਹੈ)*

ਜਦ ਟੰਗ ਕੇ ਨੇਜ਼ੇ 'ਤੇ ਮੱਸੇ ਦਾ ਸਿਰ ਸਿੰਘ ਬਾਹਰ ਨਿਕਲੇ। ਸ਼ੋਰ ਮੱਚ ਗਿਆ, ਪਹਿਰੇਦਾਰ ਦੂਰੋਂ ਹੀ ਵੇਖ ਕੇ ਨੱਠ ਉਠੇ। ਸ: ਸੁਖਾ ਸਿੰਘ ਨੇ ਆਵਾਜ਼ ਮਾਰੀ ਚੌਂਕੀਦਾਰਾ ਆਪਣਾ ਇਨਾਮ ਤਾਂ ਲਈ ਜਾ। ਨੱਠੇ ਜਾਂਦੇ ਚੌਂਕੀਦਾਰ ਨੇ ਕਿਹਾ ਜੀ ਇਹ ਸਾਰਾ ਚੌਧਰੀ ਹੋਰਾਂ ਨੂੰ ਦੇ ਦਿਓ।

ਘੋੜੇ ਵੇਖ ਕੇ ਹਿਣਕੇ, ਸਿੰਘ ਸਵਾਰ ਹੋ ਗਏ, ਮਿੰਟਾਂ ਵਿਚ ਅਲੋਪ ਹੋ ਗਏ। ਸਿਪਾਹੀਆਂ ਤੱਕ ਖਬਰ ਪੁੱਜਦਿਆਂ ਸਿੰਘ ਅੰਮ੍ਰਿਤਸਰ ਦੀ ਜੂਹ ਪਾਰ ਹੋ ਗਏ।

## ਸਾਕਾ

*ਸਿੰਘਾਂ ਸੀਸ ਚੰਡਾਲ ਦਾ ਲੈ ਚਾਲੇ ਪਾਏ।*
*ਪੰਧ ਮੁਕਾਏ ਦਿਨ ਰਾਤ ਬੀਕਾਨੇਰ ਆਏ।*
*ਆਣ ਭਰਾਵਾਂ ਨੂੰ ਮਿਲੇ ਗੁਰ ਫਤਿਹ ਗਜਾਏ।*
*ਸੀਸ ਮੱਸੇ ਦਾ ਰਖਿਆ ਦਲ ਦੇ ਵਿਚ ਜਾਏ।*
*ਜਥੇਦਾਰ ਉਠ ਦੋਹਾਂ ਨੂੰ ਛਾਤੀ ਨਾਲ ਲਾਏ।*
*ਖੁਸ਼ੀ ਮਨਾਈ ਖਾਲਸੇ ਰਣਜੀਤ ਵਜਾਏ।*
*ਘੁੱਟ-ਘੁੱਟ ਜੱਫੀਆਂ ਪਾਂਵਦੇ ਬਹੁਤ ਹਰਖਾਏ।*
*ਫਤਹੇ ਪੰਥ ਦੀ 'ਦਿਲਬਰਾ' ਸਤਿਗੁਰੂ ਕਹਾਏ।*

ਜਦ ਮੱਸੇ ਦਾ ਸਿਰ ਲੈ ਕੇ ਬਹਾਦਰ ਬੀਕਾਨੇਰ ਪੁੱਜੇ ਤਾਂ ਖਾਲਸੇ ਨੇ ਬਹੁਤ ਖੁਸ਼ੀ ਮਨਾਈ। ਅਕਾਲ ਪੁਰਖ ਵਾਹਿਗੁਰੂ ਜੀ ਦਾ ਧੰਨਵਾਦ ਕੀਤਾ। ਕੜਾਹ ਪ੍ਰਸ਼ਾਦ ਦੀਆਂ ਦੇਗਾਂ ਵਰਤਾਈਆਂ। ਜੈਕਾਰੇ ਛੱਡੇ, ਜਥੇਦਾਰ ਨੇ ਯੋਧਿਆਂ ਦਾ ਬੜਾ ਸਤਿਕਾਰ ਕੀਤਾ। ਖਾਲਸੇ ਨੇ ਗੁਰਮਤਾ ਕਰਕੇ ਦੁਸ਼ਟ ਦਾ ਸਿਰ ਅੱਗ ਵਿਚ ਸਾੜ ਦਿੱਤਾ। ਇਹ ਜਗ੍ਹਾ (ਬੁੱਢਾ ਜੌਹੜ) ਗੰਗਾ ਨਗਰ ਤੋਂ ਵੀਹ ਮੀਲ ਦੱਖਣ ਵੱਲ ਹੈ। ਅੱਜਕਲ੍ਹ ਏਥੇ ਆਲੀਸ਼ਾਨ ਗੁਰਦਵਾਰਾ ਹੈ। ਸਿੰਘਾਂ ਦੀ ਇਸ ਬਹਾਦਰੀ ਨੂੰ ਜ਼ਮਾਨਾ ਸਦਾ ਯਾਦ ਕਰਦਾ ਰਹੇਗਾ, ਯੋਧਿਆਂ ਦੀ ਬੀਰਤਾ ਨੂੰ ਯਾਦ ਕਰਕੇ ਬੋਲੋ-

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਿਹ ॥

## ਕੋਰੜਾ ਛੰਦ

ਮਾਨਸ ਜਨਮ ਦਿੱਤਾ ਕਰਤਾਰ ਨੇ ।
ਬੰਦਿਆ ਤੂੰ ਛੱਡ ਜ਼ੁਲਮ ਗੁਜ਼ਾਰਨੇ ।
ਕਰੇਂਗਾ ਇਹ ਵੇਲਾ ਫੇਰ ਯਾਦ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
ਜਿਹੜੇ-ਜਿਹੜੇ ਏਥੇ ਬਦੀਆਂ ਕਮੌਂਦੇ ਰਹੇ ।
ਆਖਰ ਨੂੰ ਡਿੱਠਾ ਸਾਰੇ ਪਛਤੌਂਦੇ ਰਹੇ ।
ਸ਼ਰਮ ਸਾਰ ਹੋਂਵਦੀ ਔਲਾਦ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
ਜ਼ੋਰ ਹਰਨਾਖਸ਼ ਨੇ ਸਾਰਾ ਲਾ ਲਿਆ ।
ਨਰ ਸਿੰਘ ਆ ਕੇ ਜ਼ਾਲਮ ਨੂੰ ਢਾਹ ਲਿਆ ।
ਜਿੱਤ ਗਿਆ ਅੰਤ ਪ੍ਰਹਿਲਾਦ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
ਰਾਵਣ ਨੇ ਸੀਤਾ ਰਾਮ ਦੀ ਚੁਰਾਈ ਸੀ ।
ਬੜੀ ਵੱਡੀ ਹੋਈ ਲੰਕਾ 'ਚੋਂ ਲੜਾਈ ਸੀ ।
ਸਭ ਕੁਛ ਹੋ ਗਿਆ ਬਰਬਾਦ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
ਬਾਲੀ ਸਗਰੀਵ ਦੀ ਇੱਜ਼ਤ ਲਾਹੀ ਸੀ ।
ਧੱਕੇ ਨਾਲ ਖੋਹ ਲਈ ਸਕੀ ਭਰਜਾਈ ਸੀ ।
ਰਾਮ ਜੀ ਨੇ ਮਾਰਿਆ ਅਪਾਧ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
ਦਰੋਪਤੀ ਦੇ ਚੀਰ ਕੈਰਵਾਂ ਨੇ ਲਾਹੇ ਸੀ ।
ਪਾਂਡਵਾਂ ਨੇ ਫੜਕੇ ਪੂਰ ਚਾ ਖਪਾਏ ਸੀ ।
ਰਿਹਾ ਨਾ ਕੋਈ ਕਰਨ ਨੂੰ ਸਰਾਧ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
ਜਰਾ ਸਿੰਧ ਸੀਗਾ ਬਹੁਤ ਹੰਕਾਰਿਆ ।
ਭੀਮ ਸੈਨ ਯੁੱਧ 'ਚ ਦੁਸ਼ਟ ਮਾਰਿਆ ।
ਕ੍ਰਿਸ਼ਨ ਆਇਆ ਬਣਕੇ ਉਸਤਾਦ ਮਗ਼ਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।

ਭੈਣ ਭਣਵਈਆ ਜੀਹਨੇ ਜੇਲ੍ਹ ਪਾ ਦਿੱਤਾ ।
ਭਾਣਜੇ ਨੇ ਮਾਮੇ ਕੰਸ ਨੂੰ ਮੁਕਾ ਦਿੱਤਾ ।
ਕੀਤੀ ਨਾ ਕਿਸੇ ਨੇ ਇਮਦਾਦ ਮਗਰੋਂ ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ ।
ਚੰਦੂ ਨੇ ਗੁਰਾਂ 'ਤੇ ਜ਼ੁਲਮ ਸੀ ਗੁਜ਼ਾਰਿਆ ।
ਮਾਰ-ਮਾਰ ਜੁੱਤੀਆਂ ਸਿੱਖਾਂ ਨੇ ਮਾਰਿਆ ।
ਵਹਿੰਦੀ ਸੀ ਸਰੀਰ ਵਿਚੋਂ ਰਾਧ ਮਗਰੋਂ ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ ।
ਨਮਕ ਹਰਾਮ ਹੋ ਗਿਆ ਪੈਂਦੇ ਖਾਨ ਸੀ ।
ਛੇਵੇਂ ਗੁਰਾਂ ਮਾਰਿਆਂ ਜੰਗ 'ਚ ਪਠਾਣ ਸੀ ।
ਕੀਤਾ ਨਹੀਂ ਸੀ ਮਾਫ ਅਪਰਾਧ ਮਗਰੋਂ ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ ।
ਪ੍ਰਿਥੀ ਚੰਦ ਧੀਰ ਮੱਲ ਹੋਏ ਗ਼ਦਾਰ ਨੇ ।
ਲਾਨ੍ਹਤਾਂ ਸੀ ਪਾਈਆਂ ਸਾਰੇ ਸੰਸਾਰ ਨੇ ।
ਕਿਸੇ ਨੇ ਬਣਾਈ ਨਾ ਸਮਾਧ ਮਗਰੋਂ ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ ।
ਕਰਦੇ ਮਸੰਦ ਸਿੱਖਾਂ ਦਾ ਅਪਮਾਨ ਸੀ ।
ਤੱਤਾ ਤੇਲ ਪਾ ਕੇ ਸਾੜੇ ਬੇਈਮਾਨ ਸੀ ।
ਸੁਣੀ ਨਾ ਕਿਸੇ ਨੇ ਫਰਿਆਦ ਮਗਰੋਂ ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ ।
ਸੂਬੇ ਸਰਹੰਦ ਕੀਤੀ ਗੱਲ ਮਾੜੀ ਸੀ ।
ਸਾਰੀ ਸਰਹੰਦ ਸਿੰਘਾਂ ਨੇ ਉਜਾੜੀ ਸੀ ।
ਅੱਜ ਹੋਏ ਨਾ ਖੰਡਰ ਅਬਾਦ ਮਗਰੋਂ ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ ।
ਵੇਸਵਾ ਨਚਾਈ ਮੱਸੇ ਹਰੀ ਮੰਦਰ ।
ਵੱਢ ਦਿੱਤਾ ਸਿਰ ਸਿੰਘਾਂ ਜਾ ਕੇ ਅੰਦਰ ।
ਟੁੱਕ ਦਿੱਤਾ ਵਾਂਗਰਾਂ ਕਮਾਦ ਮਗਰੋਂ ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ ।
ਨਿੱਕੇ-ਨਿੱਕੇ ਬੱਚਿਆਂ ਦਾ ਖ਼ੂਨ ਚੋਇਆ ਸੀ ।
ਮੀਰ ਮਨੂੰ ਕਿੰਨਾ ਦੁੱਖ ਪਾ ਕੇ ਮੋਇਆ ਸੀ ।
ਛਿਲਿਆ ਸੀ ਵਾਂਗਰਾਂ ਖ਼ਰਾਦ ਮਗਰੋਂ ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ ।

ਬੇੜੀ ਡੋਬੀ ਸਿੱਖ ਰਾਜ ਦੀ ਗਦਾਰਾਂ ਨੇ ।
ਗੋਰੇ ਦੀ ਗ਼ੁਲਾਮੀ ਝੱਲੀ ਸਰਦਾਰਾਂ ਨੇ ।
ਸੌ ਸਾਲ ਬਾਦ ਹੋਏ ਅਜ਼ਾਦ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
ਜਲ੍ਹਿਆਂ ਵਾਲੇ 'ਚ ਜੀਹਨੇ ਕੀਤਾ ਕਹਿਰ ਸੀ ।
ਲੈ ਲਿਆ ਅਡਵੈਰ ਕੋਲੋਂ ਜੀਹਨੇ ਵੈਰ ਸੀ ।
ਊਧਮ ਸਿੰਘ ਨੇ ਮਾਰਿਆ ਜੱਲਾਦ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
ਮਿਸਟਰ ਜਿਨਾਹ ਨੇ ਮੁਲਕ ਵੰਡਾ ਲਿਆ ।
ਲੱਖਾਂ ਬੱਚਿਆਂ ਦੇ ਖ਼ੂਨ ਵਿਚ ਨਹਾ ਲਿਆ ।
ਹੋ ਗਏ ਸੰਤਾਲੀ 'ਚ ਫਸਾਦ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।
'ਦਿਲਬਰਾਂ, ਸਿਆਣਿਆਂ ਨੇ ਕੱਢੇ ਹਾੜੇ ਸੀ ।
ਮਾੜਿਆਂ ਕੰਮਾਂ ਦੇ ਨਤੀਜੇ ਮਾੜੇ ਸੀ ।
ਭਾਵੇਂ ਹੋਵੇ ਚੋਰ ਭਾਵੇਂ ਸਾਧ ਮਗਰੋਂ।
ਔਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ।

✡

ੴ ਸਤਿਗੁਰ ਪ੍ਰਸਾਦਿ ॥

ਪ੍ਰਸੰਗ
# ਆਜ਼ਾਦ ਭਾਰਤ ਦੀ ਰੱਖਿਆ ਲਈ ਚੀਨੀਆਂ ਨਾਲ ਪਹਿਲੀ ਜੰਗ 'ਤੇ ਸ: ਕੇਵਲ ਸਿੰਘ ਜੀ ਦੀ ਸ਼ਹੀਦੀ

*ਸ਼ਹੀਦ ਕੀ ਜੋ ਮੌਤ ਹੈ ਕੌਮ ਕੀ ਹੱਯਾਤ ਹੈ।*
*ਹੱਯਾਤ ਤੋ ਹੱਯਾਤ ਯਹਾਂ ਮੌਤ ਭੀ ਹੱਯਾਤ ਹੈ।*

ਦੁਨੀਆਂ ਦਾ ਯੂਨੀਵਰਸਲ ਅਸੂਲ ਹੈ ਕਿ ਅਗਰ ਜ਼ਿੰਦਗੀ ਚਾਹੁੰਦਾ ਏਂ ਮਰਨ ਵਾਸਤੇ ਤਿਆਰ ਹੋ ਜਾ। ਜੇ ਆਜ਼ਾਦੀ ਚਾਹੁੰਦਾ ਏਂ ਤਾਂ ਕੁਰਬਾਨੀ ਵਾਸਤੇ ਤਿਆਰ ਹੋ ਜਾ ਅਮਨ ਪੈਦਾ ਹੋਇਆ ਤਾਂ ਜੰਗ ਵਾਸਤੇ ਤਿਆਰ ਹੋ ਜਾ। ਕਿਉਂਕਿ ਮੌਤ ਵਿਚੋਂ ਜ਼ਿੰਦਗੀ ਕੁਰਬਾਨੀ ਵਿਚੋਂ ਆਜ਼ਾਦੀ, ਤੇ ਜੰਗ ਵਿਚੋਂ ਅਮਨ ਪੈਦਾ ਹੋਇਆ ਕਰਦਾ ਏ। ਸ਼ਹੀਦ ਮੌਤ ਕੌਮ ਨੂੰ ਨਵਾਂ ਜੀਵਨ ਦੇਂਦੀ ਹੈ। ਕਿਸੇ ਕਵੀ ਦਾ ਕਥਨ ਹੈ।

***ਜਦ ਡੁੱਲ੍ਹਦਾ ਖ਼ੂਨ ਸਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ।***
***ਰੰਬੀਆਂ ਨਾਲ ਖੋਪਰ ਲਹਿੰਦੇ ਜਾਂ ਤਸਵੀਰ ਬਦਲਦੀ ਕੌਮਾਂ ਦੀ।***

ਕਿਸੇ ਮੌਤ ਦੇ ਵਪਾਰੀ ਨੇ ਹੀ ਕਿਹਾ ਸੀ:-

*ਜਬ ਸੇ ਹਮ ਨੇ ਸੁਣਾ ਹੈ ਮਰਣੇਂ ਮੇਂ ਜ਼ਿੰਦਗੀ ਹੈਂ।*
*ਸਿਰ ਪਿ ਕਫਨ ਬਾਂਧ ਕਰ ਕਾਤਲ ਕੋ ਢੂੰਢਤੇ ਹੈਂ।*

ਸਿੱਖ ਕੌਮ ਵਿਚ ਕਲਗੀਧਰ ਪਾਤਸ਼ਾਹ ਨੇ ਐਸੀ ਸਪਿਰਟ ਭਰੀ ਇਹ ਕੌਮ ਹੀ ਸ਼ਹੀਦਾਂ ਦੀ ਬਣ ਗਈ। ਇਸ ਮੁੱਠੀ ਭਰ ਕੌਮ ਨੇ ਲੱਖਾਂ ਸ਼ਹੀਦ ਪੈਦਾ ਕੀਤੇ।

ਪਰ ਕਈ ਲੋਕ ਹੁਣ ਕਹਿਣ ਲੱਗ ਪਏ ਸੀ। ਜੀ ਮੌਤ ਨਾਲ ਮੱਥਾ ਲਾਉਣ ਵਾਲੇ ਓਹੋ ਜਿਹੇ ਸਿੰਘ ਨਹੀਂ ਰਹੇ ਬਾਬਾ ਦੀਪ ਸਿੰਘ ਤੇ ਭਾਈ ਤਾਰੂ ਸਿੰਘ ਦੀਆਂ ਕਹਾਣੀਆਂ ਪੁਰਾਣੀਆਂ ਹੋ ਗਈਆਂ ਨੇ। ਪਰ ਕਿਸੇ ਲੀਡਰ ਦੀ ਗਲਤ ਸਿਆਸਤ ਜਾਂ ਕਮਜ਼ੋਰੀ ਕੌਮ ਦੇ ਸਿਪਾਹੀਆਂ ਦਾ ਖ਼ੂਨ ਠੰਡਾ ਨਹੀਂ ਕਰ ਸਕਦੀ। ਇਹਨਾਂ ਦਸਮੇਸ਼ ਜੀ ਦੇ ਯੋਧਿਆਂ ਦੀ ਬਹਾਦਰੀ ਦੀ ਜੋਤ ਸਦਾ ਲੱਟ-ਲੱਟ ਜਗਦੀ ਹੀ ਰਹੇਗੀ। ਗੁਰੂ ਕੇ ਬਾਗ, ਜੈਤੋ, ਨਨਕਾਣਾ ਸਾਹਿਬ ਤੇ ਸ੍ਰੀ ਪੰਜਾ ਸਾਹਿਬ ਦੇ ਖ਼ੂਨੀ ਸਾਕੇ ਭਾਵੇਂ ਅੱਜ ਪੁਰਾਣੇ ਨਹੀਂ ਹੋਏ। ਪਰ ਇਤਿਹਾਸ ਸਦਾ ਹੀ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਸਨ 1962 ਈਸਵੀ ਵਿਚ ਵਾਪਰੀਆਂ ਸੱਜਰੀਆਂ

ਘਟਨਾਵਾਂ ਨੇ ਖਾਲਸੇ ਦੀ ਬਹਾਦਰੀ ਦਾ ਸਿੱਕਾ ਦੁਨੀਆਂ ਦੇ ਦਿਲਾਂ 'ਤੇ ਬਿਠਾ ਦਿੱਤਾ ਏ। ਭਾਰਤ ਚੀਨ ਜੰਗ ਵਿਚ 'ਨੀਫਾ, ਤੇ 'ਲਦਾਖ, ਦੇ ਫਰੰਟ 'ਤੇ ਜਿਸ ਹਿੰਮਤ, ਹੌਂਸਲੇ ਤੇ ਦਲੇਰੀ ਨਾਲ ਕਲਗੀਧਰ ਦੇ ਨੌਜਵਾਨ ਬੀਰ ਲੜੇ ਨੇ। ਉਹਨਾਂ ਨੇ ਖਾਲਸਈ ਸ਼ਾਨ ਨੂੰ ਇਕ ਵਾਰ ਫਿਰ ਦੁਨੀਆਂ ਵਿਚ ਚਮਕਾ ਦਿੱਤਾ ਏ। ਉਹਨਾਂ ਆਪਣੇ ਖ਼ੂਨ ਨਾਲ ਸੱਜਰਾ ਇਤਿਹਾਸ ਲਿਖ ਕੇ ਸਿੱਖ ਕੌਮ ਨੂੰ ਵੀਹਵੀਂ ਸਦੀ ਵਿਚ ਬਹਾਦਰਾਂ ਦੀਆਂ ਪਹਿਲੀਆਂ ਕਤਾਰਾਂ ਵਿਚ ਲਿਆ ਖੜ੍ਹਾ ਕੀਤਾ ਏ। ਮਾਰਸ਼ਲ ਕੌਮਾਂ ਕਦੇ ਗੁੱਝੀਆਂ ਨਹੀਂ ਰਹਿ ਸਕਦੀਆਂ। 'ਗੁਝੀ ਰਹੇ ਨਾ ਹੀਰ ਹਜ਼ਾਰ ਵਿਚੋਂ' ਹਜ਼ਾਰਾਂ ਬਹਾਦਰਾਂ ਨੇ ਜਾਨਾਂ ਵਾਰ ਕੇ ਭਾਰਤ ਦੀ ਸ਼ਾਨ ਉੱਚੀ ਕੀਤੀ ਏ ਪਰ ਮੈਂ 'ਵਿਲੌਂਗ' ਦੇ ਹੀਰੋ ਨਿੱਡਰ ਸਿਪਾਹੀ ਸ: ਕੇਵਲ ਸਿੰਘ ਸ਼ਹੀਦ ਦੀ ਕਹਾਣੀ ਪਾਠਕਾਂ ਦੇ ਪੇਸ਼ ਕਰਨਾ ਚਾਹੁੰਦਾ ਹਾਂ ਜਿਸ ਨੂੰ ਉਚੇ ਦਰਜੇ ਦੀ ਸਦਕਾ ਭਾਰਤ ਦੇ ਰਾਸ਼ਟਰ ਪਤੀ ਡਾ: ਰਾਧਾ ਕ੍ਰਿਸ਼ਨ ਨੇ 'ਮਹਾਂ ਵੀਰ ਚੱਕਰ ਦਾ 'ਮੈਡਲ ਦੇ ਕੇ ਸਨ-ਸਨਮਾਨਿਆਂ ਹੈ। ਉਸਦਾ ਪਿੰਡ ਪੰਜਾਬ ਪ੍ਰਦੇਸ਼ ਦੇ ਜ਼ਿਲ੍ਹਾ ਜਲੰਧਰ ਵਿਚ ਕੋਟਲੀ ਥਾਨ ਸਿੰਘ ਸੀ।

**ਸਾਕਾ**

***ਹੈ ਪਿੰਡ ਕੋਟਲੀ ਥਾਨ ਸਿੰਘ ਵੇਈਂ ਦੇ ਕੰਢੇ।***
***ਜਿਥੇ ਬਾਬਾ ਬੰਦਾ ਸਿੰਘ ਨੇ ਖੜਕਾਏ ਖੰਡੇ।***
***ਜਿਥੇ ਕਲਗੀਧਰ ਦੇ ਯੋਧਿਆਂ ਨੇ ਮੁਗਲ ਤਰੰਡੇ।***
***ਜਿਥੇ ਜੰਗ ਮਚਾਇਆ ਖਾਲਸੇ ਫੜ ਜ਼ਾਲਮ ਛੰਡੇ।***
***ਓਥੇ ਬੰਦਾ ਗੜ੍ਹ ਗੁਰਧਾਮ ਹੈ ਪਏ ਝੁੱਲਦੇ ਝੰਡੇ।***
***ਓਥੇ ਲੋਕ ਸਿਆਣੇ ਵੱਸਦੇ ਵਰਤੇ ਤੇ ਹੰਢੇ।***
***ਓਥੇ ਵਰ ਛੇਵੇਂ ਗੁਰਾਂ ਦਾ ਜਿਸ ਪਾਪੀ ਚੰਡੇ।***
***ਏਥੇ ਬੀਰ ਬਹਾਦਰ ਹੋਣਗੇ ਕੱਢਣਗੇ ਕੰਡੇ।***
***ਓਥੇ ਬੱਬਰਾਂ ਖਾਧੀਆਂ ਗੋਲੀਆਂ ਕਈ ਗੋਰੇ ਫੰਡੇ।***
***ਓਹਨਾਂ ਦੇਸ਼ ਦੇ ਦੁਸ਼ਮਣ ਮਾਰ ਕੇ ਦਿਲ ਕੀਤੇ ਠੰਡੇ।***
***ਇਸ ਪਿੰਡ ਦੇ ਕੇਵਲ ਸਿੰਘ ਨੇ ਅੱਜ ਫਿਰ ਰਣ ਮੰਡੇ।***
***ਜੱਸ 'ਦਿਲਬਰ, ਗੌਂਦਾ ਮਰਦ ਦਾ ਕਾਇਰਾਂ ਨੂੰ ਭੰਡੇ।***

ਸ਼ਹਿਰ ਦੇ ਰੌਲੇ-ਗੌਲੇ ਤੇ ਖੱਟ-ਖੱਟ ਤੋਂ ਦੂਰ ਚਿੱਟੀ ਵੇਈਂ ਦੇ ਕੰਢੇ ਪਿੰਡ ਕੋਟਲੀ ਥਾਨ ਸਿੰਘ ਵਸਦਾ ਏ। ਜਿਸ ਧਰਤੀ ਦੀ ਯਾਤਰਾ ਕਰਨ ਲਈ ਦੂਰ-ਦੂਰ ਤੋਂ ਲੋਕੀਂ ਆਏ ਹਨ। ਧੰਨ ਹੈ ਉਹ ਮਿੱਟੀ, ਉਹ ਗਲੀਆਂ, ਉਹ ਵਿਹੜੇ, ਉਹ ਮਹਿਲ ਤੇ ਮਾੜੀਆਂ, ਹਵੇਲੀਆਂ ਤੇ ਜੂਹਾਂ ਜਿਨ੍ਹਾਂ ਨੇ ਸ਼ਹੀਦ ਕੇਵਲ ਸਿੰਘ ਦੇ ਪੈਰਾਂ ਦੀ ਛੂਹ ਪ੍ਰਾਪਤ ਕੀਤੀ ਏ। ਇਸ ਪਿੰਡ ਦੇ ਨੇੜੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਮੁਗਲ ਫੌਜਾਂ ਨੂੰ ਭਾਰੀ ਸ਼ਿਕੱਸਤ ਦਿੱਤੀ ਸੀ। ਉਸ ਜਗ੍ਹਾ ਬੰਦਾ ਗੜ੍ਹ ਗੁਰਦਵਾਰਾ

ਹੈ। ਕਹਿੰਦੇ ਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਪਿੰਡ ਨੂੰ ਵਰ ਦਿੱਤਾ ਕਿ ਏਥੇ ਬੜੇ ਸੂਰਮੇਂ ਹੋਣਗੇ ਜੋ ਇਸ ਪਿੰਡ ਦੀ ਸ਼ਾਨ ਚਮਕੌਣਗੇ। ਇਸ ਪਿੰਡ ਦੇ ਨੇੜੇ ਵੇਈਂ ਦੇ ਕੰਢੇ ਆਜ਼ਾਦੀ ਦੇ ਆਸ਼ਕ ਬੱਬਰਾਂ ਨੇ ਅੰਗਰੇਜ਼ ਪੁਲੀ ਦਾ ਟਾਕਰਾ ਕੀਤਾ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ।

ਅੱਜ ਤੋਂ ਅਠਾਰਾਂ ਸਾਲ ਪਹਿਲੇ 8 ਨਵੰਬਰ 1914 ਈ: ਨੂੰ ਸ: ਕੇਵਲ ਸਿੰਘ ਦਾ ਜਨਮ ਇਸ ਪਿੰਡ ਵਿਚ ਸ: ਸੋਹਣ ਸਿੰਘ ਦੇ ਘਰ ਹੋਇਆ। ਇਹ ਖਾਨਦਾਨ ਸੈਂਹਦੜ ਜੱਟਾਂ ਦਾ ਏ । ਜਿਹੜੇ ਕਿ ਫੌਜ ਵਿਚ ਅਦੁੱਤੀ ਬਹਾਦਰੀ ਲਈ ਮਸ਼ਹੂਰ ਹਨ। ਸ: ਕੇਵਲ ਸਿੰਘ ਦੇ ਬਾਬੇ ਦਾ ਨਾਮ ਸ: ਅਰੂੜ ਸਿੰਘ ਹੈ ਜਿਨ੍ਹਾਂ ਦੀ ਆਯੂ 85 ਸਾਲਾਂ ਦੀ ਹੋ ਚੁੱਕੀ ਹੈ। ਸ: ਅਰੂੜ ਸਿੰਘ ਦਾ ਛੋਟਾ ਭਰਾ ਸ: ਜੀਵਨ ਸਿੰਘ ਪਹਿਲੀ ਵੱਡੀ ਜੰਗ ਵਿਚ ਲੜਿਆ ਸੀ, ਅਤੇ ਇਹਨਾਂ ਦਾ ਲੜਕਾ ਸ: ਕੇਵਲ ਸਿੰਘ ਦਾ ਚਾਚਾ ਸ: ਮੋਹਣ ਸਿੰਘ ਦੂਜੀ ਵੱਡੀ ਜੰਗ ਵਿਚ ਲੜਿਆ ਸੀ। ਅਤੇ ਸ: ਅਰੂੜ ਸਿੰਘ ਅਜ਼ਾਦ ਭਾਰਤ ਦੀ ਰਖਿਆ ਦੀ ਪਹਿਲੀ ਜੰਗ ਵਿਚ ਜਿਸ ਬਹਾਦਰੀ ਨਾਲ ਲੜਿਆ ਏ, ਉਸ ਉਤੇ ਜਿੰਨਾਂ ਵੀ ਮਾਣ ਕਰੇ ਥੋੜਾ ਏ।

ਸ: ਕੇਵਲ ਸਿੰਘ ਦਾ ਇਕ ਹੋਰ ਭਰਾ ਹੈ ਜਿਸਦਾ ਨਾਮ ਹੈ ਸ: ਫੁੰਮਣ ਸਿੰਘ। ਯੋਧੇ ਦਾ ਬਚਪਨ ਬੜੇ ਚਾਵਾਂ ਲਾਡਾਂ ਤੇ ਮਲ੍ਹਾਰਾਂ ਵਿਚ ਬੀਤਿਆਂ। ਉਹਨੇ ਹਾਣੀਆਂ ਨਾਲ ਮੱਝਾਂ ਚਾਰੀਆਂ, ਉਹਨੇ ਹਲਟ ਚਲਾਏ ਉਹਨੇ ਹੱਲ ਵਾਹੇ ਸੁਹਾਗੇ ਫੇਰੇ, ਵਾਢੀਆਂ ਕੀਤੀਆਂ, ਬੂਰੀਆਂ ਚੁੰਘੀਆਂ, ਮੱਖਣਾਂ ਦੇ ਪੇੜੇ ਖਾਧੇ, ਉਹਨੇ ਮਿੱਤਰਾਂ ਨਾਲ ਸਕੂਲਾਂ ਦੀਆਂ ਕਲਾਸਾਂ ਪੜ੍ਹੀਆਂ, ਉਹਨੇ ਮੁੱਢਲੀ ਵਿੱਦਿਆ ਹਾਸਲ ਕੀਤੀ, ਅਜੇ ਤੱਕ ਪਿੰਡ ਦੇ ਰਾਹਾਂ ਵਿਚੋਂ ਉਹਦੇ ਰੂਪ ਦੀ ਲਾਲੀ ਸ਼ਿੰਮ ਰਹੀ ਏ। ਬਾਰਾਂ-ਤੇਰਾਂ ਸਾਲਾਂ ਵਿਚ ਹੀ ਗਭਰੇਟ ਹੋ ਗਿਆ। ਬਚਪਨ ਤੇ ਜਵਾਨੀ ਦੀਆਂ ਹੱਦਾਂ ਵਿਚ ਵੇਖਣ ਵਾਲਿਆਂ ਨੂੰ ਬੜਾ ਸੁਹਣਾ ਤੇ ਪਿਆਰਾ ਲੱਗਦਾ ਸੀ। ਦੁੱਧ ਦੇ ਛੰਨਿਆਂ ਤੇ ਘਿਓ ਦੀਆਂ ਚੂਰੀਆਂ ਨੇ ਉਮਰ ਨਾਲੋਂ ਸਿਹਤ ਵਿਚ ਕਾਫੀ ਫਰਕ ਪਾ ਦਿੱਤਾ। ਜਵਾਨ ਪ੍ਰਤੀਤ ਹੋ ਰਿਹਾ ਸੀ। ਉਹ ਖੇਤਾਂ ਵਿਚ ਫਿਰਦਾ ਭੁੰਨ-ਭੁੰਨ ਛੱਲੀਆਂ ਚੱਬਦਾ, ਗੰਨੇ ਚੂਪਦਾ ਵੀ ਆਪਣੇ ਚਾਚੇ ਸ: ਮੋਹਣ ਸਿੰਘ ਦੀਆਂ ਗੱਲਾਂ ਬੜੀ ਦਿਲਚਸਪੀ ਨਾਲ ਸੁਣਿਆ ਕਰਦਾ ਸੀ। ਉਸ ਦਾ ਚਾਚੇ ਨਾਲ ਬੜਾ ਪਿਆਰ ਸੀ। ਜਦੋਂ ਸ: ਮੋਹਣ ਸਿੰਘ ਨੇ ਦੱਸਣਾ ਕੇਵਲਾ ਜਵਾਨੀ ਵਿਚ ਬੜੇ ਫਿਰ ਫਿਰ ਕੇ ਦੁਨੀਆਂ ਦੇ ਰੰਗ ਵੇਖੇ ਨੇ, ਬੜੇ ਸੈਰ ਕੀਤੇ ਨੇ, ਬੜੇ ਮੁਲਖ ਵੇਖੇ ਨੇ, ਬੜੇ ਬੜੇ ਕਾਰਨਾਮੇ ਕਰਦੇ ਰਹੇ ਹਾ, ਪੁੱਤਰਾਂ ! ਜਦੋਂ ਮੈਂ ਦੂਜੀ ਵੱਡੀ ਜੰਗ ਵਿਚ ਜਰਮਨ ਦੇ ਵਿੱਰੁਧ ਲੜਦਿਆਂ ਸੁਡਾਨ ਦੇ ਮੋਰਚਿਆਂ 'ਤੇ ਬਹਾਦਰੀ ਵਿਖਾਈ ਤਾਂ ਅੰਗਰੇਜ਼ ਅਫਸਰਾਂ ਨੇ ਮੈਨੂੰ ਖੁਸ਼ੀ ਨਾਲ 'ਨਿਧੜਕ' ਦਾ ਖਿਤਾਬ ਦਿੱਤਾ ਸੀ। ਸੁਣ ਕੇ ਕੇਵਲ ਸਿੰਘ ਨੇ ਖੁਸ਼ੀ ਨਾਲ ਉਛਲ ਕੇ ਕਿਹਾ, ਚਾਚਾ ਜੀ ! ਮੈਂ ਵੀ ਦੇਸ਼ ਲਈ ਲੜਾਂਗਾ। ਮੈਂ ਵੀ ਬਹਾਦਰੀ ਵਿਖਾਵਾਂਗਾ, ਮੈਂ ਵੀ ਨਿਧੜਕ ਬਣਾਂਗਾ। ਮੈਂ ਜ਼ਰੂਰ ਫੌਜ ਵਿਚ

ਭਰਤੀ ਹੋਵਾਂਗਾ। ਮੈਂ ਹੋਰ ਕੋਈ ਨੌਕਰੀ ਨਹੀਂ ਜੇ ਕਰਨੀ। ਉਹਦੇ ਸੈਨਿਕ ਬਣਨ ਦੇ ਚਾਅ ਵਧਦੇ ਗਏ।

## ਸਿਰਖਿੰਡੀ ਛੰਦ

*ਜਦ ਨਵੀਂ ਜਵਾਨੀ ਆਈ ਕੇਵਲ ਸਿੰਘ 'ਤੇ।*
*ਉਹਨੇ ਪੀਤਾ ਦੁੱਧ ਮਲਾਈ, ਖਾਧੀਆਂ ਚੂਰੀਆਂ।*
*ਉਹਦੇ ਰੂਪ ਤੇ ਲਾਲੀ ਛਾਈ, ਵਾਂਗ ਗੁਲਾਬ ਦੇ।*
*ਉਹਨੇ ਦਿਲ ਵਿਚ ਪੱਕ ਪਕਾਈ, ਭਰਤੀ ਹੋਵਣਾ।*
*ਉਹਨੇ ਸੱਚੀ ਗੱਲ ਸੁਣਾਈ, ਆਪ ਨਿਧੜਕ ਨੂੰ।*
*ਮੈਂ ਚਾਚਾ ਨਹੀਉਂ ਵਾਹੀ, ਕਰਨੀ ਚਾਹਵਦਾ।*
*ਮੈਂ ਚਾਹੁੰਦਾ ਬਣਾ ਸਿਪਾਹੀ, ਆਪਣੇ ਦੇਸ਼ ਦਾ।*
*ਮੈਂ ਬਰਦੀ ਜਦੋਂ ਸਜਾਈ, ਦੁਨੀਆਂ ਵੇਖ ਸੀ।*
*ਮੈਂ ਰਾਈਫਲ ਜਦੋਂ ਉਠਾਈ ਦੁਸ਼ਮਣ ਡਰਨਗੇ।*
*ਜਦ ਸਾਹਬ ਪਰੇਟ ਕਰਾਈ, ਲੈਫਟਰਈ ਕਹਿ।*
*ਮੈਂ ਕਰ ਲੈਣੀ ਸਿੱਖਲਾਈ ਥੋੜੇ ਦਿਨਾਂ ਵਿਚ।*
*ਮੈਂ ਦਸੂੰ ਖ਼ੂਬ ਸਫਾਈ, ਆਪਣੇ ਹੁਨਰ ਦੀ।*
*ਮੈਂ ਜਦ ਤਾਕਤ ਅਜ਼ਮਾਈ, ਗੱਭਰੂ ਮੰਨਣਗੇ।*
*ਮੈਂ ਜਦੋਂ ਤਰੱਕੀ ਪਾਈ, ਅਫਸਰ ਬਣਾਂਗਾ।*
*ਜੇ ਦੁਸ਼ਮਣ ਕਰੂ ਚੜ੍ਹਾਈ, ਮੇਰੇ ਦੇਸ਼ 'ਤੇ।*
*ਮੈਂ ਰਣ ਵਿਚ ਕਰਾਂ ਤਬਾਹੀ, ਓਹਦੀ ਫੌਜ ਦੀ।*
*ਜੇ ਸੱਚੇ ਰੱਬ ਨੂੰ ਵਾਈ, ਐਸਾ ਲੜਾਂਗਾ।*
*ਜੱਗ ਰੂਪ ਯਾਦ ਲੜਾਈ, ਬੀਰ ਜਵਾਨ ਦੀ।*
*ਕਿਸੇ ਦੇਸ਼ ਤੋਂ ਜ਼ਿੰਦ ਘੁਮਾਈ, ਲੋਕੀ ਕਹਿਣਗੇ।*
*ਜਦ 'ਦਿਲਬਰ' ਵਾਰ ਬਣਾਈ, ਢਾਡੀ ਗਾਉਣ ਗੇ।*

ਕੇਵਲ ਸਿੰਘ ਨੇ ਕਿਹਾ ਚਾਚਾ ਜੀ, ਜੇ ਰੱਬ ਨੇ ਚਾਹਿਆ ਤਾ ਮੈਂ ਕੀ ਤੁਹਾਡੇ ਵਾਂਗ ਦੇਸ਼ ਦੇ ਲੋਕਾਂ ਨੂੰ ਨਿਧੜਕ ਬਣ ਕੇ ਵਿਖਾਵਾਂਗਾ। ਸ: ਮੋਹਣ ਸਿੰਘ ਨੇ ਕਿਹਾ ਕੇਵਲ ਸਿੰਘ ਵਾਹਿਗੁਰੂ ਤੇਰੀ ਵੱਡੀ ਉਮਰ ਕਰੇ, ਤੇਰੇ 'ਚਾਅ' ਲਾਹੁਣ ਨੂੰ ਅਜੇ ਬੜਾ ਸਮਾਂ ਏ, ਰੱਜ-ਰੱਜ ਰੀਝਾਂ ਪੂਰੀਆਂ ਕਰ ਲਈਂ। ਬਰਖ਼ੁਰਦਾਰ ਪਹਿਲਾਂ ਸਾਨੂੰ ਵੀ ਚਾਅ ਪੂਰੇ ਕਰ ਲੈਣ ਦੇ ਤੇਰੇ ਲਈ ਚੰਗੇ-ਚੰਗੇ ਘਰਾਣਿਆਂ ਦੇ ਰਿਸ਼ਤੇ ਆ ਰਹੇ ਨੇ। ਪਹਿਲੋਂ ਤੇਰੀ ਸ਼ਾਦੀ ਕਰਾਂਗੇ ਰਿਸ਼ਤੇਦਾਰ ਸਾਕ-ਸੰਬੰਧੀ ਜੁੜਨਗੇ। ਬੈਂਡ ਵਾਜੇ ਵੱਜਣਗੇ, ਰੌਣਕ ਮੇਲਾ ਬਣੇਗਾ, ਵੀਰ ਸੋਹਣ ਸਿੰਘ ਨੂੰ ਵਧਾਈਆਂ ਮਿਲਣਗੀਆਂ, ਤੇਰੀ ਦਾਦੀ ਗੰਗੀ ਖੁਸ਼ੀਆਂ ਵਿਚ ਫੁੱਲ-ਫੁੱਲ ਬਹੇਗੀ। ਉਹ ਤਾਂ ਕਹਿੰਦੀ ਏ ਮੈਂ ਸੋਨੇ ਦੀ ਪਉੜੀ ਚੜ੍ਹਕੇ ਭਰੇ ਪਰਵਾਰ 'ਚੋਂ ਜਾਵਾਂਗੀ, ਨਾਲੇ ਚਾਰ

ਦਿਨ ਜਵਾਨੀ ਦੇ ਰੱਜ ਕੇ ਖਾਣਾ ਹੰਢੋਣਾ ਚਾਹੀਦਾ ਏ, ਫੇਰ ਨੌਕਰੀ ਤਾਂ ਆਦਮੀ ਸਾਰੀ ਉਮਰ ਕਰਦਾ ਈ ਰਹਿੰਦਾ ਏ। ਕੇਵਲ ਸਿੰਘ ਨੇ ਕਿਹਾ ਮਾਪਿਆਂ ਦੀ ਖੁਸ਼ੀ ਨਾਲ ਮੇਰੀ ਖੁਸ਼ੀ ਏ ਚੁਨਾਂਚਿ ਮੰਗਣੀ ਕਰ ਦਿੱਤੀ, ਸਾਹਾ ਸੋਧਿਆ ਤੇ ਵਿਆਹ ਦਾ ਦਿਨ ਪੱਕਾ ਕਰ ਦਿੱਤਾ।

## ਪਉੜੀ

*ਜਦ ਗੱਭਰੂ ਹੋਇਆ ਮਾਪਿਆਂ ਰਲ ਮਤੇ ਪਕਾਏ।*
*ਓਹਨਾਂ ਸਾਹਾ ਸੋਧ ਵਿਆਹ ਦਾ ਖਤ ਲਿਖ ਕੇ ਪਏ।*
*ਸਭ ਸਾਕ ਸੰਬੰਧੀ ਜੁੜ ਗਏ ਵਾਹ ਸਮੇਂ ਸੁਹਾਏ।*
*ਸਭ ਲੋਕ ਵਧਾਈਆਂ ਦੇਂਵਦੇ ਵਾਜੇ ਵਜਵਾਏ।*
*ਜਦ ਖਾਰੇ ਚੜ੍ਹਿਆ ਮੇਲਣਾ ਰਲ ਗੀਤ ਸੀ ਗਾਏ।*
*ਫਿਰ ਭੈਣ ਨੇ ਵਾਗਾਂ ਗੁੰਦੀਆ ਲੱਖ ਸ਼ਗਨ ਮਨਾਏ।*
*ਸਭ ਢੁੱਕੀ ਜੰਞ ਜਵਾਨ ਦੀ ਕਈ ਵੇਖਣ ਆਏ।*
*ਸਭ ਰਿਸ਼ਤੇਦਾਰਾਂ ਖੁਸ਼ੀ ਵਿਚ ਚਾਅ ਰੱਜ-ਰੱਜ ਲਾਹੇ।*
*ਫਿਰ ਅੰਮ੍ਰਿਤ ਵੇਲੇ ਉੱਠ ਕੇ ਆਨੰਦ ਰਚਾਏ।*
*ਓਥੇ ਹਾਸੇ ਕੀਤੇ ਸਾਲੀਆਂ ਓਹਨੇ ਛੰਦ ਸੁਣਾਏ।*
*ਫਿਰ ਡੋਲਾ ਲੈ ਮੁਟਿਆਰ ਦਾ ਘਰ ਵਾਪਸ ਆਏ।*
*ਮਾਂ ਪਾਣੀ ਪੀਤਾ ਵਾਰ ਕੇ ਸ਼ੌ-ਸ਼ੁਕਰ ਮਨਾਏ।*
*ਪਰ ਕੋਈ ਨਾ ਜਾਣੇ 'ਦਿਲਬਰਾਂ, ਕੀ ਰੱਬ ਨੂੰ ਭਾਏ।*

ਸ: ਕੇਵਲ ਸਿੰਘ ਦੀ ਸ਼ਾਦੀ ਤਹਿਸੀਲ ਜਲੰਧਰ ਦੇ ਪਿੰਡ ਕੰਗਣੀ ਵਾਲ ਵਿਚ ਬੀਬੀ ਸੁਰਜੀਤ ਕੌਰ ਨਾਲ ਹੋਈ। ਮਾਤਾ ਕਰਤਾਰ ਕੌਰ ਨੇ ਨੂੰਹ ਦੇ ਸਿਰ ਤੋਂ ਪਾਣੀ ਵਾਰ ਕੇ ਪੀਤਾ। ਘਰ ਵਿਚ ਰੱਜ ਕੇ ਖੁਸ਼ੀਆਂ ਮਨਾਈਆਂ ਗਈਆਂ।

*ਉਥੇ ਘਰ ਵਿਚ ਚਾਨਣ ਹੋ ਗਿਆ ਆਈ ਸੁਰਜੀਤਾਂ।*
*ਉਥੇ ਵਿਹੜੇ ਖੁਸ਼ੀਆਂ ਨੱਚੀਆਂ ਰੰਗ ਬੰਨ੍ਹੇ ਗੀਤਾਂ।*
*ਦੋ ਸਿਦਕੀਆਂ ਰੂਹਾਂ ਮਿਲ ਗਈਆਂ ਛਾ ਗਈਆਂ ਪ੍ਰੀਤਾਂ।*
*ਉਹਨਾਂ ਮਾਣਿਆ ਰੱਜ ਸੁਹਾਗ ਨੂੰ ਸਭ ਕਰਕੇ ਰੀਤਾਂ।*

ਉੱਠਦੀ ਜਵਾਨੀ ਪਿਆਰ ਦੀ ਭੁੱਖੀ ਹੋਇਆ ਕਰਦੀ ਏ। ਰੂਪ ਦੀ ਖਿੜ੍ਹੀ ਗੁਲਜ਼ਾਰ ਜੋਬਨ ਦੀਆਂ ਉੱਠਦੀਆਂ ਛੱਲਾਂ ਦਿਲ ਸਾਗਰ ਵਿਚ ਪਿਆਰ ਦਾ ਤੂਫਾਨ ਰੰਗਲੇ ਚੂੜੇ ਦੀ ਛਣ-ਛਣ ਝਾਂਜਰ ਦੀਆਂ ਛਣਕਾਰਾ ਤਲੀਆਂ 'ਤੇ ਗੂੜ੍ਹੀ ਮਹਿੰਦੀ ਸਾਣ ਉਤੇ ਚਾੜ੍ਹੇ ਹੋਏ ਕੱਜਲ ਭਿੰਨੇ ਨੈਣ ਚੰਚਲ ਨਜ਼ਾਕਤਾਂ, ਸ਼ੋਖ ਅਦਾਵਾਂ ਡੁੱਲ੍ਹ ਡੁੱਲ੍ਹ ਪੈਂਦੇ ਹਾਸੇ ਮਾਨੋਂ ਘਰ ਸਵਰਗ ਦਾ ਰੂਪ ਬਣ ਗਿਆ।

ਕੁਛ ਚਿਰ ਲਈ ਕੇਵਲ ਸਿੰਘ ਰੂਪ ਦੀ ਦੁਨੀਆਂ ਵਿਚ ਗੁਆਚ ਗਿਆ। ਹੁਸਨ ਦੀ ਦੁਨੀਆਂ ਵਿਚ ਖੂਬਸੂਰਤੀ (ਸੁੰਦਰਤਾ) ਪੂਜੀ ਜਾਂਦੀ ਏ। ਪਰ ਮਰਦਾਂ

ਦੀ ਦੁਨੀਆਂ ਵਿਚ ਸਤਿਕਾਰੀ ਜਾਂਦੀ ਏ। ਇਕ ਦਿਨ ਕਿਸੇ ਫੌਜੀ ਨੌਜਵਾਨ ਨੂੰ ਵੇਖਿਆ, ਕੁਛ ਪਾਕਿਸਤਾਨ ਤੇ ਕਸ਼ਮੀਰ ਦੀ ਚਰਚਾ ਸੁਣੀ। ਸ: ਕੇਵਲ ਸਿੰਘ ਦੇ ਸੁੱਤੇ ਜਜ਼ਬੇ ਜਾਗ ਪਏ। ਚਾਚੇ ਮੋਹਨ ਨੂੰ ਨਾਲੇ ਲਿਆ ਤੇ ਜਲੰਧਰ ਆ ਕੇ ਫੌਜ ਵਿਚ ਭਰਤੀ ਹੋ ਗਿਆ। ਸਿੱਖ ਰਜਮੈਂਟ ਦੇ ਸਿਪਾਹੀਆਂ ਵਿਚ ਇਸ ਦਾ ਨਾਮ ਲਿਖਿਆ ਗਿਆ ਜਦ ਗੱਭਰੂ ਨੇ ਫੌਜੀ ਵਰਦੀ ਪਾਈ, ਇਕ ਵਾਰੀ ਉਹਦੇ ਰੂਪ ਵਿਚ ਨਿਖਾਰ ਆ ਗਿਆ।

**ਸਾਕਾ**

***ਉਹਨੂੰ ਮੁੱਛਾਂ ਹਾਲੇ ਫੁੱਟੀਆਂ ਚੜ੍ਹ ਰਿਹਾ ਜਵਾਨੀ।***
***ਉਹਦੇ ਮੱਥੇ ਲਾਲੀ ਡਲਕਦੀ ਉਹਦੀ ਅੱਖ ਮਸਤਾਨੀ।***
***ਉਹਦੀ ਛਾਤੀ ਚੌੜੀ ਸ਼ੇਰ ਜਿਉਂ ਪੋਰਸ ਦੀ ਸਾਨੀ।***
***ਉਹਦੇ ਡੌਲੇ ਮੁਦਗਰ ਲੋਹੇ ਦੇ ਵਿਚ ਜ਼ੋਰ ਤੂਫ਼ਾਨੀ।***
***ਉਹਦੇ ਭਰਵੇਂ ਅੰਗ ਸਰੀਰ ਦੇ ਉਹਦਾ ਰੋਹ ਬਲਵਾਨੀ।***
***ਉਹਦੀ ਫੌਜੀ ਵਰਦੀ ਵੇਖਕੇ ਡਰਦੇ ਅਭਿਮਾਨੀ।***
***ਇਹ ਜ਼ਿੰਦਗੀ ਲੌਣੀ ਦੇਸ਼ ਲਈ ਓਹਨੇ ਦਿਲ ਵਿਚ ਠਾਨੀ।***
***ਕਦੇ ਯਾਦ ਕਰੂ ਜੱਗ 'ਦਿਲਬਰਾ' ਕੀਤੀ ਕੁਰਬਾਨੀ।***

ਇਹਨੂੰ ਭਰਤੀ ਹੋਇਆ ਨੂੰ ਅਜੇ ਥੋੜ੍ਹਾ ਹੀ ਸਮਾਂ ਗੁਜ਼ਰਿਆ ਸੀ। ਦੇਸ ਵਿਚ ਚੀਨ ਦੀ ਸ਼ੈਤਾਨੀ ਦੀਆਂ ਅਫਵਾਹਾਂ ਉੱਡਣ ਲੱਗ ਪਈਆਂ।

ਚੀਨ ਦੀ ਕਮਿਊਨਿਸਟ ਸਰਕਾਰ 1949 ਵਿਚ ਕਾਇਮ ਹੋਈ। ਸਰਮਾਏਦਾਰੀ, ਜਗੀਰਦਾਰੀ, ਖ਼ਤਮ ਕਰ ਦਿੱਤੀ ਗਈ। ਪਰ ਭੁੱਖ-ਨੰਗ, ਕੰਗਾਲੀ ਬੇਰੁਜ਼ਗਾਰੀ ਚੀਨ ਵਿਚੋਂ ਖਤਮ ਨਾ ਹੋ ਸਕੀ। ਮੁੱਠ-ਮੁੱਠ ਚੌਲਾਂ ਨੂੰ ਚੀਨੀ ਤਰਸਦੇ ਰਹੇ।

ਚੀਨੀ ਆਗੂਆਂ ਨੇ ਚੀਨ 'ਚੋਂ ਗਰੀਬੀ ਕੱਢਣ ਵਾਸਤੇ ਤੇ ਸਨਅਤੀ ਤਰੱਕੀ ਵਾਸਤੇ ਪ੍ਰੋਗਰਾਮ ਬਣਾਇਆ ਜਿਸ ਦਾ ਨਾਮ ਲੰਮੀ ਛਾਲ ਰਖਿਆ ਗਿਆ। ਜਨਤਾ ਉਤੇ ਮਨ ਮੰਨੇ ਜ਼ੁਲਮ ਢਾਹੇ ਗਏ। ਜਬਰਦਸਤੀ ਲੋਕਾਂ ਨੂੰ ਵਗਾਰ ਫੜ ਕੇ ਅਠਾਰਾਂ ਘੰਟੇ ਕੰਮ ਕਰਵਾਇਆ ਗਿਆ। ਏਥੋਂ ਤੱਕ ਕਿ ਸਰਕਾਰ ਦੇ ਨੀਯਤ ਕੀਤੇ ਦਿਨ ਬਿਨਾਂ ਪਤੀ-ਪਤਨੀ ਵੀ ਆਪਸ ਵਿਚ ਨਹੀਂ ਸਨ ਮਿਲ ਸਕਦੇ ਲਿਤੜਿਆਂ ਨੂੰ ਹੋਰ ਲਤਾੜਿਆ ਗਿਆ। ਪਰ ਮਾਓਜ਼ੇ ਤੁੰਗ ਦੇ ਸੁਪਨੇ ਪੂਰੇ ਨਾ ਹੋ ਸਕੇ। ਸੱਤਰ-ਪੰਝੱਤਰ ਕਰੋੜ ਦੀ ਆਬਾਦੀ ਵਾਲਾ ਵਿਸ਼ਾਲ ਦੇਸ ਰੋਟੀ ਨੂੰ ਤਰਸਦਾ ਹੀ ਰਿਹਾ। ਗਵਾਂਢੀ ਦੇਸ਼ਾਂ ਦੀ ਉਸਾਰੀ ਵੇਖ ਕੇ ਚੀਨ ਸਰਕਾਰ ਵਿਚੇ-ਵਿਚ ਸੜਨ ਭੁਜਣ ਲੱਗ ਪਈ। ਪ੍ਰਧਾਨ ਮੰਤਰੀ ਚੂ ਐਨ ਲਾਈ ਦਾ ਦਿਮਾਗ ਵਿਚ ਫਿਰ ਗਿਆ। ਖਾਸ ਕਰਕੇ ਭਾਰਤ ਉਹਨਾਂ ਦੀਆਂ ਅੱਖਾਂ ਵਿਚ ਰੜਕ ਰਿਹਾ ਸੀ। ਨਿਸ਼ਾਨਾ ਮਿੱਥ ਕੇ ਜੰਗੀਆਂ ਤਿਆਰੀਆਂ ਆਰੰਭ ਦਿੱਤੀਆਂ। ਚਾਲੀ ਪੰਜਾਹ ਲੱਖ ਫੌਜ ਨਵੇਂ ਹਥਿਆਰਾਂ ਨਾਲ ਲੈਸ ਕਰਨੀ ਸ਼ੁਰੂ ਕਰ ਦਿੱਤੀ। 52 ਡਵੀਜ਼ਨ ਫੌਜ ਬਣਾ ਲਈ।

ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਜੀ ਨੂੰ ਚੀਨ ਆਉਣ ਦਾ ਸੱਦਾ ਦਿੱਤਾ ਗਿਆ। ਪੰਡਤ ਜੀ ਤਾਂ ਅੱਗੇ ਹੀ ਪੰਚ ਸ਼ੀਲ ਦੇ ਹਾਮੀ ਸਨ, ਅਮਨ ਇੱਛਕ ਸਨ। ਚੀਨ ਪੁੱਜੇ, ਹਿੰਦੀ ਚੀਨੀ ਭਾਈ-ਭਾਈ ਦੇ ਨਾਹਰੇ ਲਾਏ ਗਏ। ਪੰਡਤ ਜੀ ਨੇ ਚੂ ਐਨ ਲਾਈ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ। ਭਾਰਤ ਵਿਚ ਉਸ ਦਾ ਬੜਾ ਸਨਮਾਨ ਕੀਤਾ ਗਿਆ। ਭਾਖੜਾ ਡੈਮ ਤੇ ਹੋਰ ਖਾਸ-ਖਾਸ ਪ੍ਰੋਜੈਕਟ ਉਸਰ ਰਹੇ ਭਾਰਤ ਦੇ ਕ੍ਰਿਸ਼ਮੇ ਵਿਖਾਏ ਗਏ। ਪੰਡਤ ਨਹਿਰੂ ਜੀ ਨੇ ਪਿਆਰ ਵਿਸ਼ਵਾਸ ਵਿਚ ਆ ਕੇ ਸੌ ਸਾਲ ਤੋਂ ਚੱਲੀ ਆ ਰਹੀ ਆਜ਼ਾਦ ਸਟੇਟ ਤਿੱਬਤ ਉਤੇ ਚੀਨ ਦਾ ਅਧਿਕਾਰ ਮੰਨ ਲਿਆ। ਚੀਨ ਸਰਕਾਰ ਦੇ ਮਨ ਦੀ ਮੁਰਾਦ ਪੂਰੀ ਹੋ ਗਈ।

ਭਾਰਤ ਉਤੇ ਹਮਲਾ ਕਰਨ ਵਾਸਤੇ ਉਹਨਾਂ ਨੇ ਤਿੱਬਤ ਵਿਚ ਮਜ਼ਬੂਤ ਫੌਜੀ ਅੱਡੇ ਬਣਾ ਲਏ। ਤਿੱਬਤੀਆਂ ਉਤੇ ਬੜੇ ਅਤਿਆਚਾਰ ਕੀਤੇ ਗਏ। ਹਜ਼ਾਰਾਂ ਤਿੱਬਤੀਆਂ ਨੇ ਭਾਰਤ ਵਿਚ ਆਣ ਪਨਾਹ ਲਈ। ਚੀਨ ਸਰਕਾਰ ਨੇ 1949 ਈ: ਤੋਂ ਲੈਕੇ 1954 ਈ: ਤਕ ਮਿੱਤਰਤਾ ਦਾ ਸਾਂਗ ਰਚਿਆ। ਫਿਰ 1954 ਈ: ਤੋਂ 1961 ਈ: ਤੱਕ ਦੋਸਤੀ ਦੇ ਪਰਦੇ ਹੇਠਾਂ ਛੇੜਖਾਨੀ ਸ਼ੁਰੂ ਕਰ ਦਿੱਤੀ। ਭਾਰਤ ਦੇ ਇਲਾਕੇ 'ਤੇ ਮੱਲ ਮਾਰਨ ਲੱਗ ਪਏ।

*ਜਿਨਹੋਂ ਕੋ ਹਾਰ ਸਮਝਾ ਥਾ ਗਲਾ ਆਪਣਾ ਸਜਾਣੇ ਕੋ।*
*ਵੋਹ ਕਾਲੇ ਨਾਗ ਬਣ ਬੈਠੇ ਹਮਾਰੇ ਕਾਟ ਖਾਣੇ ਕੋ।*

ਭਾਰਤ ਦੀ ਸਰਹੱਦ ਸਿੱਕਮ, ਭੂਟਾਨ ਤੇ ਤਿੱਬਤ ਤੋਂ ਵੱਖਰੀ ਚੀਨ ਨਾਲ 3200 ਤ੍ਰਿੰਨ ਹਜ਼ਾਰ ਦੋ ਸੌ ਮੀਲ ਲੰਮੀ ਲੱਗਦੀ ਹੈ। ਸਿੱਕਮ, ਭੂਟਾਨ ਤੇ ਨੇਪਾਲ ਨਾਲ ਭਾਰਤ ਦੇ ਦੋਸਤਾਨਾ ਸੰਬੰਧ ਸਨ। ਕਿਸੇ ਵੇਲੇ ਦਾਰਜਲਿੰਗ ਸਿੱਕਮ ਸਟੇਟ ਦਾ ਹਿੱਸਾ ਸੀ। ਅੰਗਰੇਜ਼ਾਂ ਨੇ ਮਹਾਰਾਜੇ ਕੋਲੋਂ ਮੁੱਲ ਖਰੀਦਿਆ ਸੀ।

ਚੀਨ ਨੇ ਵਿਚੇ-ਵਿਚ ਇਲਾਕਾ ਮੱਲਣਾ ਸ਼ੁਰੂ ਕਰ ਦਿੱਤਾ। ਅੱਗੇ ਵਧਦਾ ਗਿਆ। ਹਜ਼ਾਰਾਂ ਵਰਗ ਮੀਲ ਭਾਰਤ ਦੇ ਰਕਬੇ 'ਤੇ ਅਧਿਕਾਰ ਜਮ੍ਹਾਂ ਲਿਆ। ਅੰਗਰੇਜ਼ ਦੇ ਵੇਲੇ ਤੋਂ ਭਾਰਤ ਚੀਨ ਵਿਚਾਲੇ 'ਮੈਕਮੋਨ ਲਾਈਨ' ਹੱਦ ਮੰਨੀ ਜਾਂਦੀ ਸੀ। ਚੀਨ ਸਾਫ ਮੁਕਰਨ ਲੱਗ ਪਿਆ ਉਸ ਨੇ ਅੱਗੇ ਵਧ ਕੇ 32 ਚੌਂਕੀਆਂ ਨਵੀਆਂ ਬਣਾ ਲਈਆਂ। ਸਤੰਬਰ ਨੂੰ ਚੀਨ ਨੇ 'ਧੌਲਾ' ਚੌਂਕੀ 'ਤੇ ਹਮਲਾ ਕਰ ਕੇ ਪੰਜਾਹ ਹਜ਼ਾਰ ਮੁਰੱਬਾ ਮੀਲ ਭਾਰਤ ਦੇ ਇਲਾਕੇ ਉਤੇ ਆਪਣਾ ਦਾਅਵਾ ਪ੍ਰਗਟ ਕਰ ਦਿੱਤਾ। ਭਾਰਤ ਸਰਕਾਰ ਹੈਰਾਨ ਰਹਿ ਗਈ। ਦੇਸ਼ ਵਿਚ ਹਲਚਲ ਮੱਚ ਗਈ। ਚੀਨ ਨੇ ਭਾਰਤ ਪ੍ਰੋਟੈਸਟਾਂ ਦੀ ਕੋਈ ਪ੍ਰਵਾਹ ਨਾ ਕੀਤੀ। ਸਗੋਂ ਪਾਕਿਸਤਾਨ ਸਰਕਾਰ ਨਾਲ ਗੰਢ-ਸੰਢ ਕਰ ਲਿਆ।

*ਚਤਰ ਚੁਸਤ ਚਲਾਕ ਤੇ ਚੋਰ ਚੀਨੀ,*
*ਚੂ ਐਨ ਲਾਈ ਦਾ ਦਿਲ ਬੇਈਮਾਨ ਹੋਇਆ।*

*ਭਾਰਤ ਨਾਲ ਸ਼ਰਾਰਤਾਂ ਕਰਨ ਲੱਗਾ,*
*ਲੋਭੀ ਲਾਲਚੀ ਦੁਸ਼ਮਣ ਸ਼ੈਤਾਨ ਹੋਇਆ।*
*ਮਿੱਤਰ ਮਾਰ ਤੇ ਬਣਿਆ ਵਿਸ਼ਵਾਸ ਘਾਤੀ,*
*ਦਗਾ ਨਾਲ ਦੁਸ਼ਮਣ ਪਾਕਿਸਤਾਨ ਹੋਇਆ।*
*ਸੱਪ, ਚੋਰ ਤੇ ਵੈਰੀ 'ਤੇ ਵਿਸੀਏ ਨਾ,*
*ਰਾਜਨੀਤੀ ਦਾ 'ਦਿਲਬਰ' ਬਿਆਨ ਹੋਇਆ।*
*ਪੱਛਮ ਵਲੋਂ ਤਾਂ ਹੋਏ ਨੇ ਕਈ ਹੱਲੇ,*
*ਨਹੀਂ ਸਾਂ ਜਾਣਦੇ ਉਲਟਾ ਜਹਾਨ ਹੋ ਜਾਊ।*
*ਰਾਖਾ ਸਦੀਆਂ ਦਾ ਜੋ ਪਹਿਰੇਦਾਰ ਸਾਡਾ,*
*ਉਹ ਹਿਮਾਲਾ ਹੀ ਲਹੂ ਲੁਹਾਨ ਹੋ ਜਾਊ।*
*ਜਿਸਦੀ ਮੱਦਦ ਕੀਤੀ ਯੂ. ਐਨ. ਏ. ਵਿਚ,*
*ਉਹੋ ਈ ਬਣ ਦੋਖੀ ਵੈਰੀ ਜਾਨ ਹੋ ਜਾਊ।*
*ਯੂਰਪ ਨੇੜੇ ਤੇ ਏਸ਼ੀਆ ਦੂਰ ਜਾਊ,*
*ਨੀਲੀ ਧਰਤ ਤੇ ਚਿੱਟਾ ਅਸਮਾਨ ਹੋ ਜਾਊ।*
*ਜਿਹੜੇ ਭਾਈ ਕਹਿਕੇ ਨਾਹਰੇ ਲਾਂਵਦੇ ਨੇ,*
*ਇਹਨਾਂ ਨਾਲ ਹੀ ਸਾਡਾ ਘਮਸਾਨ ਹੋ ਜਾਊ।*
*'ਦਿਲਬਰ' ਨੀਤੀ 'ਚ ਤਰਸ ਤੇ ਪਿਆਰ ਹੈ ਨਹੀਂ,*
*ਸੱਚ ਨਾ ਰਿਹਾ ਤਾਂ ਦੁਨੀਆਂ ਵੀਰਾਨ ਹੋ ਜਾਊ।*
*ਸੱਚੇ ਸੁਚਿਆਂ ਨਾਲ ਜਹਾਨ ਸਾਰਾ,*
*ਫਿਟਕਾਂ ਬੁਰਿਆਂ ਨੂੰ ਜੱਗ ਵਿਚ ਪੈਂਦੀਆਂ ਨੇ।*
*ਸਦਾ ਉਹ ਕੌਮਾਂ ਕਾਮਯਾਬ ਹੋਣ,*
*ਆਪਣੇ ਪੈਰਾਂ 'ਤੇ ਕੌਮ ਜੋ ਰਹਿੰਦੀਆਂ ਨੇ।*

ਸ: ਕੇਵਲ ਸਿੰਘ ਤੇ ਉਸ ਦੇ ਸਾਥੀ ਜਵਾਨ ਸਮਝਦੇ ਸੀ ਕਿ ਵੈਰੀ ਨਾਲ ਦੋ ਹੱਥ ਕਰਨੇ ਹੀ ਪੈਣੇ ਹਨ। ਸੂਰਮਾਂ ਜਾਂ ਜਿੱਤ ਕੇ ਔਂਦਾ ਏ ਜਾਂ ਸ਼ਹੀਦ ਹੋ ਜਾਂਦੇ ਏ। ਇਸ ਤੋਂ ਤੀਜੀ ਗੱਲ ਸੂਰਮਾ ਨਹੀਂ ਜਾਣਦਾ। ਸੋ ਕਲਗੀਧਰ ਦੇ ਬੀਰ ਸਪੁੱਤਰ ਦੇਸ਼ ਲਈ ਮਰ ਮਿਟਨ ਵਾਸਤੇ ਤਿਆਰ ਬਰ-ਤਿਆਰ ਸਨ।

ਪਿੰਡੋਂ ਇਕ ਦੋ ਚਿੱਠੀਆਂ ਮਾਤਾ-ਪਿਤਾ ਦੀਆਂ ਆਈਆਂ ਕਿ ਬਰਖੁਦਾਰ ਕੇਵਲ ਸਿੰਘ ਦਿਲ ਉਦਾਸ ਹੈ ਇਕ ਵਾਰ ਛੁੱਟੀ ਲੈ ਕੇ ਆਉ ਤੇ ਮਿਲ ਜਾਉ।

ਸੱਜ ਵਿਆਹੀ ਪਤਨੀ ਸੁਰਜੀਤ ਕੌਰ ਨੇ ਲਿਖਿਆ ਮੇਰੇ ਸਿਰਤਾਜ।

ਮੈਂ ਜਾਣਦੀ ਹਾਂ ਕਿ ਦੇਸ਼ ਦੇ ਲਈ ਤੁਹਾਡੇ ਬੜੇ ਫਰਜ਼ ਨੇ ਪਰ ਸਾਨੂੰ ਬਿਲਕੁਲ ਹੀ ਭੁੱਲ ਗਏ ਜਾਪਦੇ ਹੋ। ਐਡੇ ਗੂੜ੍ਹੇ ਪਿਆਰ ਇਕ ਦਮ ਕਫੂਰ ਹੋ ਗਏ ਨੇ। ਤੁਹਾਡੀਆਂ ਰੀਝਾਂ ਦਾ ਸ਼ਿੰਗਾਰ, ਤੁਹਾਡੇ ਸੁਪਨਿਆਂ ਦੇ ਮਲਕਾ ਦਾ ਤਸੱਵਰ, ਦਿਲ

ਦਿਮਾਗ ਦੇ ਕਿਸੇ ਕੋਨੇ ਵਿਚ ਵੀ ਨਹੀਂ ਸਮਾ ਸਕਿਆ। ਅਜੇ ਤਾਂ ਡੋਲੀ ਦਾ ਰਾਹ ਵੀ ਨਹੀਂ ਮੈਲਾ ਹੋਇਆ। ਚੂੜੇ ਦਾ ਰੰਗ ਲਾਲ ਰੱਤਾ ਏ। ਨਾ ਹੀ ਕਈ ਪਿਆਰ ਪੱਤਰ ਆਇਆ ਏ ਤੇ ਨਾ ਹੀ ਤੁਸੀਂ ਆਪ....ਤੁਹਾਡੀ 'ਸੁਰਜੀਤ'

ਬਹਾਦਰ ਨੇ ਚਿੱਠੀ ਪੜ੍ਹੀ ਤੇ ਯਾਦਾਂ ਸੱਜਰੀਆਂ ਹੋ ਉਠੀਆਂ। ਸਮੇਂ ਦੇ ਥੱਪੜਾਂ ਨਾਲ ਯਾਦਾਂ ਨਿੰਮ੍ਹੀਆਂ ਪੈ ਜਾਂਦੀਆਂ ਨੇ। ਪਰ ਯਾਦਾਂ ਦੀਆਂ ਚੋਭਾਂ ਨਾਲ ਯਾਦਾਂ ਨਵੇਂ ਸਿਰਿਓਂ ਨਿਖਰ ਆਉਂਦੀਆਂ ਨੇ। ਜਿਵੇਂ ਮੀਂਹ ਪੈਣ ਪਿਛੋਂ ਬਨਸਪਤੀ ਤੇ ਨਿਖਾਰ 'ਤੇ ਖੇੜਾ ਆ ਜਾਂਦਾ ਏ। ਇਸ ਤਰ੍ਹਾਂ ਇਹ ਦੋਵੇਂ ਅਮਲ ਵਾਰੋ-ਵਾਰੀ ਆਪਣਾ ਕੰਮ ਕਰੀਂ ਜਾਂਦੇ ਹਨ। ਨ ਯਾਦਾਂ ਮਿਟਦੀਆਂ ਨੇ ਤੇ ਨਾ ਹੀ ਪੂਰੇ ਨਿਖਾਰ ਵਿਚ ਰਹਿੰਦੀਆਂ ਨੇ ਹਾਂ ਪ੍ਰੀਵਰਤਨ (ਵੱਧ-ਘੱਟ) ਹੁੰਦੀ ਰਹਿੰਦੀ ਹੈ। ਸੂਰਮੇਂ ਨੇ ਉਤਰ ਦਿੱਤਾ-

'ਪਿਆਰੀ ਸੁਰਜੀਤ!'

ਕਈ ਸਨੇਹ, ਕਈ ਵਸੀਲੇ, ਕਈ ਯਾਦਾਂ ਤੇ ਵਾਰਤਾਵਾਂ ਰੂਹ ਦਾ ਅਹਾਰ ਬਣ ਜਾਂਦੀਆਂ ਹਨ। ਕਦੇ ਤੱਕੀ ਗੁਲਸ਼ਨ ਦੀ ਨਿੱਖਰੀ ਬਹਾਰ ਦਾ ਬਖਸ਼ਿਆ ਰੂਹ-ਵਜਦ, ਢਲਦੀ ਸ਼ਾਮ ਦੀ ਧੁੰਦ ਲਾਹਟ ਵਿਚ ਘੁੱਲਦੀ ਜਾਂਦੀ ਕਿਸੇ ਵਿਆਕੁਲ ਉਡੀਕ ਦੀ ਕਸਕ ਯਾ ਫਿਰ ਪਹੁ-ਫੁਟਾਲ ਨਾਲ ਕਿਸੇ ਹੁਸ਼ਨਾਕ ਦਿਆਂ ਬੁੱਲ੍ਹਾਂ ਦੀ ਮੁਸਕਰਾਹਟ ਤੇ ਖੁਸ਼ੀਆਂ ਭਰੇ ਚਿਹਰੇ 'ਤੇ ਡਲ੍ਹਕਦੇ ਸ਼ਿੰਗਰਫ ਦਾ ਮੰਜ਼ਰ ਪੀਆ ਮਿਲਨੀ ਦੀ ਪ੍ਰਸੰਨਤਾ ਤੇ ਲੰਬੀ ਰਾਤ ਦੇ ਨਿੱਘੇ ਅਲਿੰਗਣ ਦੀ ਅਧਰੱਜੀ ਉਤਸੁਕਤਾ ਪੀਆ ਪਿਆਰ ਦੀ ਖੁਮਾਰੀ ਵਿਚ ਲਬਰੇਜ਼ ਹੋਣਾ ਜੀਵਨ ਦੀ ਬਹੁਮੁੱਲੀ ਜਾਇਦਾਦ ਬਣ ਜਾਂਦੇ ਹਨ। ਸਮੇਂ ਭਾਵੇਂ ਲੰਘ ਜਾਂਦੇ ਨੇ, ਦੁਨਿਆਵੀ ਝੰਜਟਾਂ ਦੇ ਝੱਖੜ ਭਾਵੇਂ ਇਹਨਾਂ ਜਜ਼ਬਾਤੀ ਹੀਰਿਆਂ ਉਤੇ ਵਕਤ ਦੀ ਗਰਦ ਛੱਡ ਜਾਂਦੇ ਹਨ, ਪਰ ਯਾਦਾਂ ਦੀ ਇਕ ਨਿੱਕੀ ਜਿਹੀ ਝੁਨ-ਝੁਨ ਇਸ ਗਰਦ ਦੀ ਪਤਲੀ ਤੇ ਤਰਲ ਤਹਿ ਹੈ ਝੜੀਂ ਕਰਕੇ ਪੜ ਦੇਂਦੀ ਏ। ਯਾਦਾਂ ਵਿਚ ਇਕ ਵਾਰ ਨਹੀਂ ਹਜ਼ਾਰ ਵਾਰ ਇਨਸਾਨ ਬੀਤੇ ਰੰਗ ਫਿਰ ਸੱਜਰੇ ਸੁਆਦ ਨਾਲ ਜਿਉਂ ਲੈਂਦਾ ਹੈ।

ਸੱਜਣੀਂ ? ਤੇਰਾ ਪਿਆਰ ਮੇਰੀ ਰੂਹ ਦਾ ਅਧਾਰ ਹੈ। ਤੇਰੇ ਪਿਆਰਾਂ ਦੇ ਮਾਣੇਂ ਸੁਆਦ ਦੀ ਖਿਆਲਾਂ ਵਿਚ ਮੁੜ ਜੀਵਣੀ ਇਕ ਬੇਵੱਸ ਅਵਸਥਾ ਹੈ। ਜਿਸ ਉਤੇ ਮੇਰੇ ਉਪਰਲੇ ਜੀਵਨ ਦਾ ਕੋਈ ਵੱਸ ਨਹੀਂ ਤੇਰੇ ਗਿਲੇ ਤੇਰੇ ਨਿਹੋਰੇ ਤੇਰੀਆਂ ਟਕੋਰਾਂ ਮੈਨੂੰ ਸਿਰਫ ਤੇਰੇ ਪਿਆਰ ਦੀ ਜ਼ਾਮਨੀ ਦੇਂਦੀਆਂ ਹਨ। ਤੈਨੂੰ ਇਹਨਾਂ ਦੀ ਵਰਤੋਂ ਦਾ ਹੱਕ ਹੈ, ਪਰ ਯਾਦ ਰੱਖ, ਕੋਹਾਂ ਦੀ ਵਿਥ ਤੇ ਵਕਤ ਦੀ ਖਲੀਜ਼ ਦਿਲਾਂ ਦੀ ਪਹਿਚਾਨ ਵਿਚ 'ਮਦਖਲ' ਨਹੀਂ ਹੋ ਸਕਦੀ। ਜਿਵੇਂ ਬਿਜਲੀ ਦਾ ਸਵਿੱਚ ਦੱਬਿਆਂ ਕਮਰਾ ਜਗਮਗਾ ਉਠਦਾ ਏ। ਜਿਵੇਂ ਠੋਕਰ ਤੇ ਆ ਕੇ ਨਹਿਰ ਦਾ ਪਾਣੀ ਜਾਗ ਪੈਂਦਾ ਏ। ਤੇਰੀ ਚਿੱਠੀ ਪੜ੍ਹਕੇ ਪਿਆਰ ਦੀ ਲਹਿਰ ਪਰਬਲ ਹੋ ਉਠੀ ਏ, ਮੈਂ ਛੁੱਟੀ ਲੈ ਕੇ ਥੋੜੇ ਦਿਨਾਂ ਤੱਕ ਆਵਾਂਗਾ। *ਤੇਰਾ-ਕੇਵਲ ਸਿੰਘ*

ਛੁੱਟੀ ਦੀ ਦਰਖਾਸਤ ਦੇ ਦਿੱਤੀ ਗਈ, ਕੁਝ ਦਿਨਾਂ ਦੀ ਛੁੱਟੀ ਮਨਜ਼ੂਰ ਹੋ ਗਈ, ਡਾਰੋਂ ਵਿਛੜਿਆ ਮਿਰਗ ਮੁੜਕੇ ਇਕ ਵਾਰ ਫਿਰ ਡਾਰ ਵਿਚ ਆ ਰਲਿਆ। ਵਿਛੜੀਆਂ ਸਿਕਦੀਆਂ ਰੂਹਾਂ ਦੇ ਮਿਲਾਪ ਹੋ ਗਏ। ਕੋਠਲੀ ਥਾਨ ਸਿੰਘ ਦਾ ਵਾਯੂ ਮੰਡਲ ਅਨੰਦ ਵਿਸਮਾਦ ਵਿਚ ਝੂੰਮ ਉਠਿਆ।

## ਤਰਜ਼-ਕਾਫੀ। ਜਾਂ-ਵਾਹ ਮੇਰੇ ਦਾਤਾ.....

*ਛੁੱਟੀ ਲੈ ਕੇ ਕੇਵਲ ਸਿੰਘ ਜਦ ਮਿਲਣ ਘਰਾਂ ਨੂੰ ਆਇਆ ਹੋ।*
*ਮਾਂ ਨੇ ਪੁੱਤ ਦਾ ਮੱਥਾ ਚੁੰਮਿਆਂ ਪਿਓ ਨੇ ਸ਼ੁਕਰ ਮਨਾਇਆ ਹੋ।*
*ਚਾਵਾਂ ਦੇ ਨਾਲ ਵੇਹੜਾ ਹੱਸਿਆ ਰੀਝਾਂ ਦਿਲ ਮੁਸਕਾਈਆਂ ਹੋ।*
*ਪਿਆਰ ਭਰੇ ਦਿਲ ਦੀਆਂ ਸੱਧਰਾਂ, ਲੈ ਉਠੀਆਂ ਅੰਗੜਾਈਆਂ ਹੋ।*
*ਜਿੰਨਾਂ ਨਾਲ ਲੰਘਾਇਆ ਬਚਪਨ ਮਿਲ ਪਏ ਮਿੱਤਰ ਪਿਆਰੇ ਹੋ।*
*ਪਾ ਪਾ ਕੇ ਗਲਵੱਕੜੀਆਂ ਸਭ ਨੇ ਲੁੱਛਦੇ ਸੀਨੇ ਠਾਰੇ ਹੋ।*
*ਮੋਹਨ ਸਿੰਘ ਨਿਧੜਕ ਖੁਸ਼ੀ ਵਿਚ ਫੁਲਿਆ ਫਿਰਦਾ ਚਾਚਾ ਹੋ।*
*ਕਈਆਂ ਦੋਖੀਆਂ ਦੇ ਮੂੰਹ ਉਤੇ ਵੱਜਾ ਅੱਜ ਤਮਾਚਾ ਹੋ।*
*ਭੈਣਾਂ ਨੇ ਗੁੱਟ ਰੱਖੜੀ ਬੰਨ੍ਹੀ ਸੌ-ਸੌ ਸ਼ਗਨ ਮਨਾਇਆ ਹੋ।*
*ਜਿਊਂਦਾ ਰਹੇ ਜਵਾਨੀਆ ਮਾਣੇ ਵੇ ਅੰਮੜੀ ਦਿਆ ਜਾਇਆ ਹੋ।*
*ਪਤਨੀ ਦੀ ਦੁਨੀਆ ਵਿਚ ਮੁੜਕੇ ਆਈਆ ਫੇਰ ਬਹਾਰਾਂ ਹੋ।*
*ਵਿਹੜੇ ਦੇ ਵਿਚ ਛਣਕ ਪਈਆਂ ਮੁੜ ਝਾਂਜਰ ਛਣਕਾਰਾਂ ਹੋ।*
*ਸੁੱਤੇ ਹਾਰ ਸ਼ਿੰਗਾਰ ਜਾਗ ਪਏ ਭਖ ਪਈ ਰੰਗਲੀ ਮਹਿੰਦੀ ਹੋ।*
*ਨਵੀਂ ਜਵਾਨੀ ਬਹੁਤਾ ਚਿਰ ਨਾ ਪੀਆ ਵਿਛੋੜਾਂ ਸਹਿੰਦੀ ਹੋ।*
*ਛੁੱਟੀ ਦੇ ਦਿਨ ਇਉਂ ਲੰਘਗੇ ਜਿਉਂ ਸਾਵਣ ਦੀਆਂ ਤੀਆਂ ਹੋ।*
*ਆਖਰ ਇਕ ਦਿਨ ਚੱਲਣਾ 'ਦਿਲਬਰ' ਜਿਉਂ ਸਹੁਰੇ ਘਰ ਧੀਆਂ ਹੋ।*

ਜਿੰਨੀਆਂ ਉਡੀਕ ਦੀਆਂ ਘੜੀਆਂ ਲੰਮੀਆਂ ਹੁੰਦੀਆਂ ਨੇ ਮਿਲਾਪ ਦੀਆਂ ਘੜੀਆਂ ਓਨੀਆਂ ਹੀ ਛੋਟੀਆਂ ਹੁੰਦੀਆਂ ਹਨ। ਮਿੱਤਰਾਂ ਦੇ ਸ਼ੁਗਲ ਵਿਚ ਪਤਨੀ ਦੇ ਪਿਆਰ ਮਾਤਾ-ਪਿਤਾ ਦੀਆਂ ਅਸ਼ੀਰਵਾਦਾਂ ਵਿਚ ਛੁੱਟੀ ਦੇ ਦਿਨ ਸਵਰਗਾਂ ਵਾਂਗ ਲੰਘ ਗਏ। ਆਖਰ ਛੁੱਟੀ ਮੁੱਕ ਗਈ। ਦਿਲ ਕਹਿਣ ਅਜੇ ਤਾਂ ਰੱਜ ਕੇ ਗੱਲਾਂ ਵੀ ਨਵੀਂ ਕਰ ਸਕੇ, ਸਾਰੇ ਪਰਵਾਰ ਦੀਆਂ ਅੱਖਾਂ ਸੱਜਲ ਸਨ। ਕਿਸੇ ਨੇ ਠੀਕ ਕਿਹਾ ਹੈ-

*ਸਾਰੇ ਦੁੱਖ ਦੁਨੀਆਂ ਦੇ ਮੰਦੇ, ਪਰ ਸਭ ਤੋਂ ਬੁਰੀ ਜੁਦਾਈ।*

ਸ਼ੇਰ ਨੇ ਛੇਤੀ ਆਉਣ ਦਾ ਇਕਰਾਰ ਕਰਕੇ ਪਤਨੀ ਨੂੰ ਹੌਂਸਲਾ ਦਿੱਤਾ। ਮਿੱਤਰਾਂ ਦਾ ਧੀਰਜ ਬੰਨ੍ਹਾਇਆ। ਭੈਣ-ਭਰਾਵਾਂ ਦੇ ਹੰਝੂ-ਪੂੰਝੇ, ਮਾਤਾ-ਪਿਤਾ ਦੇ ਗਲ ਲੱਗਾ। ਤੁਰਨ ਲੱਗੇ ਲਾਲ ਦੇ ਸਿਰ 'ਤੇ ਪਿਆਰ ਦੇ ਕੇ ਮਾਂ ਨੇ ਆਖਿਆ,

ਮੇਰੇ ਹੀਰਿਆ ਜੰਗ ਦੀਆਂ ਅਫਵਾਹਾਂ ਨੇ ਸ਼ਾਇਦ ਤੈਨੂੰ ਮੋਰਚਿਆਂ 'ਤੇ ਜਾਣਾ ਪਵੇ। ਪੁੱਤਰਾ! ਸਾਡੀ ਆਤਮਾ ਤਦ ਹੀ ਖੁਸ਼ ਹੋਵੇਗੀ, ਜੇ ਤੇਰੀ ਬਹਾਦਰੀ ਦੀ ਖਬਰ ਸੁਣੀਏਂ, ਸਾਡੀ ਅਸ਼ੀਰਵਾਦ ਤੇਰੇ ਨਾਲ ਹੈ।

### ਤਰਜ਼-ਮੈਂ ਤੇਰੀ ਤੂੰ ਮੇਰਾ....

*ਜੇ ਤੂੰ ਜਾਣਾ ਜੰਗ ਨੂੰ ਜਮ-ਜਮ ਜਾਵੀਂ ਵੇ।*
*ਪਰ ਦੁੱਧ ਮੇਰੇ ਨੂੰ ਬੱਚਿਆ ਦਾਗ ਲਾਈਂ ਵੇ।*
*ਤੂੰ ਮੇਰੀਆਂ ਅੱਖੀਆਂ ਦਾ ਚਾਨਣ, ਤੇਰੇ ਨਾਲ ਜਹਾਨ ਮੇਰਾ।*
*ਵੇਖ-ਵੇਖ ਮੁੱਖ ਰੱਜਾਂ ਤੇਰਾ, ਜੱਗ ਤੇ ਤੂੰ ਹੈਂ ਨਿਸ਼ਾਨ ਮੇਰਾ।*
*ਉਠ ਮਾਂ ਨੂੰ ਜਾਂਦੀ ਵੇਰ ਦੀ ਜੱਫੀ ਪਾਵੀਂ ਵੇ।*
*ਪਰ ਦੁੱਧ ਮੇਰੇ ਨੂੰ....*
*ਦੇਸ਼ ਤੇ ਭੀੜਾਂ ਆ ਬਣੀਆਂ ਅੱਜ ਲੱਗੀ ਅੱਗ ਹਿਮਾਲੇ ਨੂੰ।*
*ਹੱਥੀਂ ਸ਼ਗਨ ਮਣਾ ਕੇ ਤੋਰਾਂ, ਅੱਜ ਮੱਖਣਾਂ ਦੇ ਪਾਲੇ ਨੂੰ।*
*ਤੂੰ ਚੰਨਿਆਂ ਭਾਰਤ ਮਾਂ ਦੀ ਲਾਜ ਬਚਾਵੀਂ ਵੇ।*
*ਪਰ ਦੁੱਧ ਮੇਰੇ ਨੂੰ....ਜੇ ਤੂੰ ਜਾਣਾ....*
*ਅਮਨ ਪੈ ਗਿਆ ਖ਼ਤਰੇ ਦੇ ਵਿਚ ਦੁਸ਼ਮਣ ਹਮਲਾ ਕੀਤਾ ਏ।*
*ਬਚ ਕੇ ਕੋਈ ਨਾ ਵੈਰੀ ਜਾਵੇ, ਜੇ ਤੂੰ ਅੰਮ੍ਰਿਤ ਪੀਤਾ ਏ।*
*ਤੂੰ ਮਾਰ-ਮਾਰ ਕੇ ਚੀਨੀ ਲਿਟਾਵੀਂ ਵੇ।*
*ਪਰ ਦੁੱਧ ਮੇਰੇ ਨੂੰ....*
*ਕਈਆਂ ਭੈਣਾਂ ਦੇ ਵੀਰੇ ਤੁਰਗੈ ਕਈ ਸੁਹਾਗਣਾਂ ਲੁੱਟ ਗਈਆਂ।*
*ਚਾਵਾਂ ਨਾਲ ਚੜ੍ਹਾਈਆਂ ਵੰਗਾਂ, ਮੁਟਿਆਰਾਂ ਦੀਆਂ ਟੁੱਟ ਗਈਆਂ।*
*ਤੂੰ ਖੂਨ ਕਾ ਬਦਲਾ ਖੂਨ 'ਦਿਲਬਰਾ' ਗਾਂਵੀ ਵੇ।*
*ਪਰ ਦੁੱਧ ਮੇਰੇ ਨੂੰ ਬੱਚਿਆ ਦਾਗ ਨਾ ਲਾਵੀਂ ਵੇ।*
*ਜੇ ਤੂੰ ਜਾਣਾ ਜੰਗ ਨੂੰ ਜਮ-ਜਮ ਜਾਵੀਂ ਵੇ। ਪਰ....*

ਮਾਤਾ ਕਰਤਾਰ ਕੌਰ ਨੇ ਕਿਹਾ, ਮੇਰੇ ਸ਼ੇਰ ਸਪੁੱਤਰਾ ਸੂਰਮੇਂ ਕਦੇ ਬਰਦਾਸ਼ਤ ਨਹੀਂ ਕਰ ਸਕਦੇ ਕਿ ਉਹਨਾਂ ਦੇ ਦੇਸ਼ ਦੀ ਧਰਤ ਉਤੇ ਕੋਈ ਗੈਰ ਪੈਰ ਧਰੇ। ਅਣਖ ਤੇ ਸਵੈਮਾਨ ਹੀ ਕੌਮ ਦੀ ਜ਼ਿੰਦਗੀ ਦਾ ਤੱਤ ਹੋਇਆ ਕਰਦੇ ਨੇ। ਜਿਸ ਕੌਮ 'ਚੋਂ ਅਣਖ ਮਿਟ ਜਾਏ ਉਹ ਕੌਮ ਦੁਨੀਆਂ 'ਚੋਂ ਮਲੀਆ ਮੇਟ ਹੋ ਜਾਇਆ ਕਰਦੀ ਏ, ਲਾਲ ਜੀ! ਦਸਮੇਸ਼ ਜੀ ਦਾ ਹੁਕਮ ਯਾਦ ਰੱਖਣਾ।

*'ਜਬ ਆਵ ਕੀ ਅਉਧ ਨਿਦਾਨ ਬਣੇ'*
*ਅਤਿ ਹੀ ਰਣ ਮੈਂ ਤਬ ਜੂਝ ਮਰਉਂ॥*

ਸੁਣਕੇ ਕੇਵਲ ਸਿੰਘ ਨੇ ਮਾਂ ਦੇ ਚਰਨ ਛੋਹੇ ਤੇ ਕਿਸੇ ਅਗੰਮੀ ਜੋਸ਼ ਵਿਚ

ਗੱਭਰੂ ਇਉਂ ਉੱਤਰ ਦਿੱਤਾ-

**ਬੈਂਤ**

*ਬੱਬਰ ਸ਼ੇਰ ਨੇ ਆਖਿਆ ਸੁਣ ਮਾਤਾ,*
*ਤੇਰੇ ਹੁਕਮ 'ਤੇ ਫੁੱਲ ਚੜ੍ਹਾਵਾਂਗਾ ਮੈਂ।*
*ਬਾਬੇ ਅਰੂੜ ਸਿੰਘ ਦੀ ਪੱਗ ਰਹੂ ਉੱਚੀ*
*ਤੇਰੇ ਦੁੱਧ ਨੂੰ ਦਾਗ ਨਾ ਲਵਾਂਗਾ ਮੈਂ।*
*ਚਾਚਾ ਮੋਹਣ ਸਿੰਘ ਦੇਸ਼ ਲਈ ਜਿਵੇਂ ਲੜਿਆ,*
*ਤਿਵੇਂ ਵੈਰੀਆਂ ਦੇ ਘਾਣ ਲਾਹਵਾਂਗਾ ਮੈਂ।*
*ਮੇਰੀਆਂ ਰਗਾਂ ਵਿਚ ਖ਼ੂਨ ਦਸਮੇਸ਼ ਜੀ ਦਾ,*
*ਅੰਮ੍ਰਿਤ ਛਕੇ ਨੂੰ ਸਫਲ ਬਣਾਵਾਂਗਾ ਮੈਂ।*
*ਸ਼ਾਨ ਦੇਸ਼ ਤੇ ਕੌਮ ਦੀ ਕਰਾਂ ਉੱਚੀ,*
*ਖਾਨਦਾਨ ਨੂੰ ਚਾਰ ਚੰਨ ਲਵਾਂਗਾ ਮੈਂ।*
*ਜਾਂ ਤੇ ਦੇਸ਼ ਲਈ ਲੱਗ ਜਾਊ ਸਿਰ ਮੇਰਾ,*
*ਜਾਂ ਫਿਰ ਉਚੇ ਮੁਰਤਾਬੇ ਪਾਵਾਂਗਾ ਮੈਂ।*
*ਬਿਜਲੀ ਵਾਂਗ ਮੈਂ ਕੜਕਾਗਾਂ ਵੈਰੀਆਂ 'ਤੇ,*
*ਐਸਾ ਸਿੱਖੀ ਦਾ ਜੌਹਰ ਵਿਖਾਵਾਂਗਾ ਮੈਂ।*
*ਅੰਗ-ਸੰਗ ਹੈ 'ਦਿਲਬਰਾ' ਗੁਰੂ ਮੇਰਾ,*
*ਫਤਿਹ ਪਾ ਕੇ ਘਰਾ ਨੂੰ ਆਵਾਂਗਾ ਮੈਂ।*

ਮਾਤਾ-ਪਿਤਾ ਨੂੰ ਨਮਸ਼ਕਾਰ ਕੀਤੀ, ਜਿਸ ਸਕੂਲ ਵਿਚ ਨਿੱਕਾ ਹੁੰਦਾ ਪੜ੍ਹਦਾ ਸੀ, ਉਸ ਸਕੂਲ ਵਿਚ ਗਿਆ। ਸਤਿਕਾਰ ਯੋਗ ਪਿਆਰੇ ਉਸਤਾਦਾਂ ਨੂੰ ਮਿਲਿਆ। ਹੈਡ ਮਾਸਟਰ ਸਾਹਿਬ ਨੇ ਕਿਹਾ ਅਜ਼ੀਜ਼ ਕੇਵਲ ਸਿੰਘ ਕਬੱਡੀ ਦੀ ਟੂਰਨਮੈਂਟ ਵਿਚੋਂ ਜਿੱਤਿਆ ਹੋਇਆ ਤੇਰਾ ਕੱਪ ਹਰ ਵੇਲੇ ਸਾਨੂੰ ਤੇਰੀ ਯਾਦ ਦਿਲਾਉਂਦਾ ਰਹਿੰਦਾ ਏ। ਹਰ ਵਿਦਿਆਰਥੀ ਤੇ ਹਰ ਅਧਿਆਪਕ ਦੇ ਦਿਲ ਵਿਚ ਤੇਰੀ ਮਿੱਠੀ ਬੋਲੀ ਤੇ ਗੁਣਾਂ ਕਰਕੇ ਤੇਰਾ ਸਤਿਕਾਰ ਹੈ। ਜਿਸ ਤਰ੍ਹਾਂ ਏਥੇ ਇਮਤਿਹਾਨਾਂ ਵਿਚੋਂ ਪਾਸ ਹੁੰਦਾ ਸੈਂ, ਟੂਰਨਾਮੈਂਟਾਂ ਵਿਚ ਜਿੱਤਦਾ ਸੈਂ। ਪਰਮਾਤਮਾ ਕਰੇ ਤੈਨੂੰ ਜ਼ਿੰਦਗੀ ਦੇ ਹਰ ਮੈਦਾਨ ਵਿਚ ਕਾਮਯਾਬੀ ਨਸੀਬ ਹੋਵੇ। ਦੇਸ਼ ਦੇ ਦੁਸ਼ਮਣਾਂ ਤੇ ਫਤਿਹ ਪਾਵੇਂ। ਜਿਵੇਂ ਸਕੂਲ ਨੂੰ ਕੱਪ ਜਿੱਤ ਕੇ ਦੇ ਗਿਆ ਏਂ ਫੌਜ ਵਿਚੋਂ ਵੀ 'ਮਹਾਂ ਵੀਰ ਚੱਕਰ ਪ੍ਰਾਪਤ ਕਰੇਂ....। ਘਰ ਆ ਕੇ ਸਾਰੇ ਪਰਵਾਰ ਨੂੰ ਮਿਲਿਆ ਕੌਣ ਜਾਣਦਾ ਸੀ ਇਹ ਯੋਧੇ ਦੀ ਅੰਤਮ ਮਿਲਣੀ ਹੈ। ਸਭ ਨੇ ਬੜੀਆਂ ਸ਼ੁਭ ਇੱਛਾਵਾਂ ਨਾਲ ਬਹਾਦਰ ਨੂੰ ਵਿਦਿਆ ਕੀਤਾ। ਜਿੰਨਾ ਚਿਰ ਅੱਖੋਂ ਨਾ ਓਹਲੇ ਹੋ ਗਿਆ ਸਭ ਦੀਆਂ ਨਜ਼ਰਾਂ ਸ: ਕੇਵਲ ਸਿੰਘ ਤੇ ਗੱਡੀਆਂ ਰਹੀਆਂ। ਵਿਹੜਾ ਖਾਲੀ-ਖਾਲੀ ਲੱਗਣ ਲੱਗ ਪਿਆ। ਬਹਾਰਾ ਖਿਜ਼ਾ ਵਿਚ ਬਦਲ ਗਈ, ਰੌਣਕਾਂ ਅਲੋਪ ਹੋ ਗਈਆਂ ਸਿਆਣੇ

ਠੀਕ ਕਹਿੰਦੇ ਨੇ, ਮਰਦ ਦੀ ਮਾਇਆ ਤੇ ਬ੍ਰਿਛ ਦੀ ਛਾਇਆ ਓਹਦੇ ਨਾਲ ਰਹਿੰਦੀ ਏ ਪਿਤਾ ਸ: ਮੋਹਣ ਸਿੰਘ ਆਪਣੀ ਡਿਊਟੀ 'ਤੇ ਪਹੁੰਚ ਗਿਆ।

ਸਿੱਖ ਰੈਜਮੈਂਟ ਨੂੰ ਨੀਫਾ ਫਰੰਟ 'ਤੇ ਪੁੱਜਣ ਦਾ ਹੁਕਮ ਹੋ ਗਿਆ, ਜੰਗ ਦਾ ਖ਼ਤਰਾ ਵਧਦੀ ਜਾ ਰਿਹਾ ਸੀ। ਰੋਜ਼ ਗੰਭੀਰ ਤੋਂ ਗੰਭੀਰ, ਭਿਆਨਕ ਤੋਂ ਭਿਆਨਕ, ਖਬਰਾਂ ਆ ਰਹੀਆਂ ਸਨ। ਆਖਰਕਾਰ 20 ਅਕਤੂਬਰ 1962 ਈ: ਨੂੰ ਚੀਨ ਦੀਆਂ ਫੌਜਾਂ ਨੇ ਖੁੱਲ੍ਹੇ ਤੌਰ 'ਤੇ 'ਨੀਫਾ' ਤੇ 'ਲਦਾਖ' ਵਿਚ ਹਮਲਾ ਕਰ ਦਿੱਤਾ।

## ਸਾਕਾ

*ਸੰਨ ਉੱਨੀ ਸੌ ਬਾਹਠ ਵਿਚ ਮੱਚ ਗਈ ਦੁਹਾਈ।*
*ਜਦ ਮਾਂਹ ਅਕਤੂਬਰ ਚੜ੍ਹ ਪਿਆ ਰੁੱਤ ਰੰਗਲੀ ਆਈ।*
*ਏਥੇ ਹਲਚਲ ਮੱਚ ਗਈ ਫੌਜ ਵਿਚ ਸਿਆਸਤ ਘਬਰਾਈ।*
*ਜਦ ਵਸਦੇ ਰੱਸਦੇ ਦੇਸ਼ 'ਤੇ ਇਕ ਆਫਤ ਆਈ।*
*ਜਦ ਬਣ ਗਿਆ ਮਿੱਤਰ ਮਾਰ ਸੀ ਸਾਡਾ ਹਮਸਾਈ।*
*ਜੋ ਨਾਹਰੇ ਲਾਉਂਦਾ ਨਿੱਤ ਸੀ ਅਸੀਂ ਭਾਈ-ਭਾਈ।*
*ਉਹ ਭੁੱਲ ਗਿਆ ਪੰਚ ਸ਼ੀਲ ਨੂੰ ਝੱਟ ਚੂ ਐਨ ਲਾਈ।*
*ਉਹਨੇ ਭਾਰਤ ਦੀ ਸਰਹੱਦ 'ਤੇ ਆ ਫੌਜ ਚੜ੍ਹਾਈ।*
*ਉਹਨੇ ਨੀਫਾ ਅਤੇ ਲਾਦਖ ਵਿਚ ਆ ਅੱਤ ਮਚਾਈ।*
*ਉਹਨੇ ਅਮਨ ਬਗੀਚਾ ਜਾਗਿਆ ਝੁਲਸਿਆ ਅੱਗ ਆਣ ਲਗਾਈ।*
*ਫਿਰ ਭਾਰਤ ਜਾਗਿਆ 'ਦਿਲਬਰਾ, ਜਦ ਛਿੜੀ ਲੜਾਈ।*

ਚੀਨ ਦੀਆਂ ਫੌਜਾਂ ਇਕ ਦਮ ਹਜ਼ਾਰਾਂ ਦੀ ਗਿਣਤੀ ਵਿਚ ਚੜ੍ਹ ਕੇ ਆ ਰਾਈਫਲਾਂ, ਮਸ਼ੀਨ ਗੰਨਾਂ ਗਰਨੇਟ ਬੰਬਾਂ ਤੇ ਤੋਪਾਂ ਤੇ ਗੋਲਿਆਂ ਨਾਲ ਉਹਨਾ ਬਰਫਾਂ ਨੂੰ ਅੱਗ ਲਾ ਦਿੱਤੀ। ਸਦੀਆਂ ਤੋਂ ਭਾਰਤ ਦਾ ਪਹਿਰੇਦਾਰ ਚਲਾ ਰਿਹਾ ਹਿਮਾਲਾ ਲਹੂ-ਲੁਹਾਨ ਕਰ ਦਿੱਤਾ। ਸੜਕਾਂ ਉਹਨੇ ਪਹਿਲੇ ਹੀ ਪੱਕੀਆਂ ਕਰ ਲਈਆਂ ਸਨ। ਟੈਂਕ ਉਹਨਾਂ ਦੇ ਮੋਰਚਿਆਂ ਉਤੇ ਪਹੁੰਚ ਰਹੇ ਸਨ। ਭਾਰਤੀ ਗੱਭਰੂ ਸੈਨਿਕ ਭਾਵੇਂ ਨਵੇਂ ਹਥਿਆਰਾਂ ਨਾਲ ਲੈਸ ਨਹੀਂ ਸਨ ਬਰਫਾਨੀ ਪਹਾੜੀਆਂ ਵਿਚ ਹਜ਼ਾਰਾਂ ਫੁੱਟ ਦੀ ਬਲੰਦੀ ਤੇ ਲੜਨ ਦਾ ਤਜਰਬਾ ਵੀ ਨਹੀਂ ਸੀ। ਪਰ ਫਿਰ ਭੀ ਗੱਭਰੂ ਤਲੀਆਂ 'ਤੇ ਸਿਰ ਰੱਖ ਕੇ ਭਾਰਤੀ ਫੌਜ ਦੇ ਜਰਨੈਲਾਂ ਬਹਾਦਰ ਫੌਜੀਆਂ ਨੂੰ ਲਲਕਾਰ ਕੇ ਇਉਂ ਕਿਹਾ ਹੈ।

## ਕਲੀ

*ਚੜਿਆ ਜੋਸ਼ ਆਣ ਕੇ ਭਾਰਤ ਦੇ ਜਰਨੈਲਾਂ ਨੂੰ,*
*ਉਹਨਾਂ ਆਖਿਆ ਫੌਜੀ ਗੱਭਰੂਆਂ ਨੂੰ ਲਲਕਾਰ ਕੇ।*

ਸਾਡਾ ਇਕ ਗੁਆਂਢੀ ਮੁਲਕ ਦੋਸਤੀ ਭੁੱਲ ਗਿਆ,
ਕੀਤਾ ਮਿੱਤਰਤਾ ਦਾ ਖ਼ੂਨ ਓਸ ਹੰਕਾਰ ਕੇ।
ਉਤੋਂ ਯਾਰੀ ਲਾ ਕੇ ਵਿਚੋਂ ਦਗਾ ਕਮਾਇਆ ਏ,
ਦੱਬ ਲਿਆ ਬਹੁਤ ਇਲਾਕਾ ਉਸ ਨੇ ਮੱਲਾ-ਮਾਲ ਕੇ।
ਚੌਕੀਆਂ ਪੱਕੀਆਂ ਕਰਕੇ ਚੀਨੀਆਂ ਲਾ ਲਏ ਮੋਰਚੇ,
ਹੱਥੀਂ ਰਾਈਫਲਾਂ ਫਿਰਦੇ ਰੂਪ ਦਾ ਧਾਰਕੇ।
ਸੜਕਾਂ ਪੱਕੀਆਂ ਕਰ ਲਈਆਂ ਟੈਂਕ ਲੰਘਾਵਣ ਨੂੰ,
ਭੇਜੀ ਜਾਣ ਮਨੀਸਨ ਹਵਾਈ ਜਹਾਜ਼ ਉਤਾਰ ਕੇ।
ਹਮਲਾ ਕੀਤਾ ਸਾਡੇ ਪਹਿਰੇਦਾਰ ਹਿਮਾਲਾ 'ਤੇ,
ਫੌਜਾਂ, ਗੋਲੇ, ਬੰਬ ਤੇ ਗੰਨਾਂ ਨਾਲ ਸ਼ਿੰਗਾਰ ਕੇ।
ਸਾਨੂੰ ਲੜਨਾ ਪੈਣਾ ਬਰਫਾਂ ਲੱਦੀਆਂ ਚੋਟੀਆਂ 'ਤੇ,
ਹੋ ਜਾ ਕੇ ਚੁਸਤ ਜਵਾਨੋਂ ਹਿੰਮਤ ਹੌਸਲਾ ਧਾਰ ਕੇ।
ਕਰਕੇ ਲੱਖਾਂ ਹੀ ਕੁਰਬਾਨੀ ਲਈ ਆਜ਼ਾਦੀ ਏ,
ਇਸ ਦੀ ਰਖਿਆ ਕਰਨੀ ਜਾਨਾਂ ਆਪਣੀਆਂ ਵਾਰ ਕੇ।
ਇਹ ਹੈ ਦੇਸ਼ ਸ਼ਿਵਾ, ਪਰਤਾਪ, ਗੁਰੂ ਗੋਬਿੰਦ ਸਿੰਘ ਦਾ,
ਦੁਸ਼ਮਣ ਸੁਕਾ ਜਾਏ ਨਾ ਇਸਦੀ ਅਣਖ ਵੰਗਾਰ ਕੇ।
ਪੈ ਜਾਓ ਸ਼ੇਰਾਂ ਵਾਂਗੂੰ ਟੁੱਟ ਕੇ ਬਹਾਦਰੋ,
ਛੱਡੋ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ।
ਰੱਖ ਲਓ ਲਾਜ ਦੇਸ਼ ਦੀ ਖ਼ੂਨ ਡੋਹਲ ਕੇ ਯੋਧਿਓ,
ਦੱਸੋ ਦੁਨੀਆਂ ਤਾਈਂ ਝੂਠ ਤੇ ਸੱਚ ਨਿਤਾਰ ਕੇ।
ਭਾਰਤ ਵਾਸੀ ਤੁਹਾਡੀ ਸਦਾ ਕਹਾਣੀ ਕਰਨਗੇ,
'ਦਿਲਬਰ' ਵਾਰਾ ਗਾਉ ਸਭ ਦੇ ਵਿਚਾਰ ਉਚਾਰ ਕੇ।
[1]ਬਹਾਦਰ ਜਰਨੈਲਾਂ ਸਭ ਰੇਜਮੈਂਟਾਂ ਦੀ ਵੱਖ-ਵੱਖ ਥਾਂ

---

1. *ਅਫ਼ਸੋਸ ਕਿ 22 ਨਵੰਬਰ 1963 ਈ: ਨੂੰ ਪੁਣਛ (ਰਿਆਸਤ ਕਸ਼ਮੀਰ) ਦੇ ਨੇੜੇ ਇਕ ਹੈਲੀ ਕਾਪਟਰ ਹਾਦਸੇ ਦਾ ਸ਼ਿਕਾਰ ਹੋਇਆ। ਜ਼ਾਲਮ ਮੌਤਾਂ ਨੇ ਭਾਰਤ ਵਰਸ ਕੋਲੋਂ ਛੇ ਬਹੁਮੁੱਲੀਆਂ ਜਾਨਾਂ।*
   *1 ਲੈਫਟੀਨੈਂਟ ਜਰਨਲ ਦੌਲਤ ਸਿੰਘ*
   *2 ਲੈਫਟੀਨੈਂਟ ਜਨਰਲ ਬਿਕ੍ਰਮ ਸਿੰਘ*
   *3 ਮੇਜਰ ਜਰਨਲ ਐਨ ਕੇ ਡੀ ਨਾਨਾਵਤੀ*
   *4 ਬਰਗੇਡੀਅਰ ਐਸ ਆਰ ਉਬਰਾਏ*
   *5 ਏਅਰ ਵਾਈਸ ਮਾਰਸ਼ਲ ਈ ਡਬਲਯੂ ਪਿੰਟੋ*
   *6 ਫਲਾਈਟ ਲੈਫਟੀਨੈਂਟ ਸਤਿਨਾਮ ਸਿੰਘ ਸੋਢਾ ਖੋਹ ਲਈਆਂ ਦੇਸ਼ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ। ਏਸੇ ਹੀ ਅਭਾਗੇ ਦਿਨ ਭਾਰਤ ਦੇ ਹਮਦਰਦ ਮਿੱਤਰ ਦੇਸ਼ ਅਮ੍ਰੀਕੀ ਦੇ ਪ੍ਰਧਾਨ ਮੰਤਰੀ ਸ੍ਰੀ ਕਨੇਡੀ ਜੀ ਨੂੰ ਕਿਸੇ ਨੇ ਤਿੰਨ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।*

ਡਿਊਟੀ ਲਾ ਦਿੱਤੀ ਭਾਰਤੀ ਯੋਧੇ ਦੁਸ਼ਮਣਾਂ ਉਤੇ ਇਉਂ ਟੁੱਟ ਕੇ ਗਏ ਜਿਸ ਤਰ੍ਹਾਂ ਸ਼ੇਰ ਮਿਰਗਾਂ ਦੀਆਂ ਡਾਰਾਂ ਤੇ ਪੈਂਦਾ ਏ। ਸਵਾ-ਸਵਾ ਲੱਖ ਨਾਲ ਕੱਲਾ ਲੜਨ ਵਾਲੇ ਬਹਾਦਰ ਹਜ਼ਾਰਾਂ ਚੀਨੀਆਂ ਨੂੰ ਕੀੜੇ-ਮਕੌੜਿਆਂ ਵਾਂਗ ਮੌਤ ਦੇ ਘਾਟ ਉਤਾਰੀ ਜਾ ਰਹੇ ਸਨ। ਚੀਨੀ ਵੀ ਇਕੱਠੇ ਹੋ ਕੇ ਇਉਂ ਪੈਂਦੇ ਸਨ। ਜਿਵੇਂ ਭੰਬਟ ਸ਼ਮ੍ਹਾਂ ਉਤੇ ਕੁਰਬਾਨ ਹੋਣ ਲਈ ਡਾਰਾਂ ਬੰਨ੍ਹ ਕੇ ਆਉਂਦੇ ਨੇ। ਖਟਿਆਲਾ ਫਸਟ ਡਵੀਜ਼ਨ ਦੇ ਸਿੱਖ ਨੌਜਵਾਨ ਬਹਾਰ ਛੇ-ਛੇ ਫੁੱਟੇ ਗੱਭਰੂ ਹਜ਼ਾਰਾਂ ਚੀਨੀਆਂ ਨਾਲ ਜੂਝੇ। ਇਕ-ਇਕ ਗੱਭਰੂ ਸੈਂਕੜੇ ਚੀਨੀਆਂ ਨੂੰ ਮਾਰ ਕੇ ਸ਼ਹੀਦ ਹੋਇਆ। ਕਈ ਦੇਸ਼ ਤੋਂ ਆਪਾ ਵਾਰ ਗਏ 'ਤੇਰਾ ਫੀਲਡ' ਦੀ ਇਕ ਬੈਟਰੀ ਲਦਾਖ ਫਰੰਟ ਅਤੇ ਜਿਸ ਬਹਾਦਰੀ ਨਾਲ ਲੜੀ ਦੁਸ਼ਮਣ ਅਸ਼-ਅਸ਼ ਕਰ ਉਠੇ। ਮੁੱਠੀ ਭਰ ਜਵਾਨਾਂ ਨੇ ਛੇ ਸੱਤ ਹਜ਼ਾਰ ਚੀਨੀ ਮਾਰੇ ਸ: ਗੁਰਦੀਪ ਸਿੰਘ ਓ.ਪੀ ਤੇ ਉਸ ਦੇ ਹੋਰ ਸਾਥੀ ਸ਼ਹੀਦ ਹੋਏ। ਰਾਸ਼ਟਰਪਤੀ ਨੇ ਸ: ਗੁਰਦੀਪ ਸਿੰਘ ਨੂੰ ਮਹਾਂ ਵੀਰ ਚੱਕਰ ਪ੍ਰਦਾਨ ਕੀਤਾ। ਅਨੇਕਾਂ ਗੱਭਰੂਆਂ ਦੀਆਂ ਬਹਾਦਰੀ ਭਰੀਆਂ ਕਹਾਣੀਆਂ ਹਨ ਜੋ ਮਜ਼ਮੂਨ ਵਧਣ ਦੇ ਡਰ ਤੋਂ ਲਿਖੀਆਂ ਨਹੀਂ ਜਾ ਸਕਦੀਆਂ।

ਨੀਫਾ ਏਰੀਏ ਵਿਚ ਚੀਨੀ ਹਮਲਾਵਰਾਂ ਨਾਲ ਲੜਦੇ ਹੋਏ ਗਾਰਡਜ਼ ਰੈਜਮੈਂਟ ਦੇ ਲੈਫਟੀਨੈਂਟ ਜਤਿੰਦਰ ਸਿੰਘ ਚੌਧਰੀ ਨੇ ਪੰਜਾਹ ਚੀਨੀਆਂ ਨੂੰ ਮਾਰ ਕੇ ਸ਼ਹੀਦੀ ਪ੍ਰਾਪਤ ਕੀਤੀ।

ਮੇਜਰ ਅਜੀਤ ਸਿੰਘ ਨੇ ਜੋ ਬੇ-ਮਿਸਾਲ ਬਹਾਦਰੀ ਲੱਦਾਖ ਵਿਚ ਚੀਨੀ ਹਮਲਾਵਰਾਂ ਨਾਲ ਲੜ ਕੇ ਵਿਖਾਈ ਉਸ ਦੇ ਬਦਲੇ ਉਸ ਨੂੰ 'ਮਹਾਂ ਵੀਰ ਚੱਕਰ, ਮਿਲਿਆ ਏ,

ਰਾਜਪੂਤ ਰਜ਼ਮੈਂਟ ਦੇ ਕੰਪਨੀ ਹਵਲਦਾਰ ਮੇਜਰ ਸੌਦਾਗਰ ਸਿੰਘ ਨੇ ਕਮਾਲ ਦਾ ਹੌਸਲਾ ਵਿਖਾਇਆ। 'ਨਾਮ ਕਾਚੂ' ਦੇ ਅਸਥਾਨ ਤੇ 20 ਅਕਤੂਬਰ ਦੀ ਸਵੇਰ ਨੂੰ ਢਾਈ ਸੌ ਚੀਨੀ ਨੇ ਹੱਲਾ ਬੋਲਿਆ, ਓਹਨਾਂ ਕੋਲ ਰਾਈਫਲਾਂ, ਗਰਨੇਡ ਤੇ ਗੋਲੀ ਸਿੱਕਾ ਸੀ। ਤੀਜੇ ਪੁਲ ਦੇ ਨੇੜੇ ਸ: ਸੌਦਾਗਰ ਸਿੰਘ ਤੇ ਦੋ ਸਿਪਾਹੀ ਜਿਹੜੇ ਉਸ ਚੌਂਕੀ ਤੇ ਸਨ। ਬਾਰਾਂ ਚੀਨੀ ਸਿਪਾਹੀਆਂ ਨਾਲ ਭਿੜ ਪਏ। ਜਦ ਦੋਵੇਂ ਸਾਥੀ ਮਾਰੇ ਗਏ ਤਾਂ ਸ: ਸੌਦਾਗਰ ਸਿੰਘ ਛੋਟੀ ਚਟਾਨ ਦੇ ਪਿੱਛੇ ਆੜ ਲੈ ਲਈ। ਚੀਨੀ ਉਸ ਦੀ ਪੁਜ਼ੀਸ਼ਨ ਤੋਂ ਪੰਜ। ਗਜ਼ ਦੀ ਵਿੱਥ 'ਤੇ ਸਨ। ਨਿੱਡਰ ਸੌਦਾਗਰ ਸਿੰਘ ਨੇ ਰਾਈਫਲ ਵਾਲੇ ਨੂੰ ਤੇ ਇਕ ਹੋਰ ਚੀਨੀ ਨੂੰ ਮਾਰ-ਮੁਕਾਇਆ ਪਰ ਜਦ ਤੀਜਾ ਚੀਨੀ ਅਗੇ ਵਧਿਆਂ ਤਾਂ ਵਿਚਾਲੇ ਫਾਸਲਾ ਪੰਜ ਗਜ਼ ਸੀ। ਸੌਦਾਗਰ ਸਿੰਘ ਦਾ ਗੋਲੀ ਸਿੱਕਾ ਖ਼ਤਮ ਚੁੱਕਾ ਸੀ। ਉਹਨੇ ਬਿਜਲੀ ਦੀ ਫੁਰਤੀ ਵਾਂਗ ਛਾਲ ਮਾਰੀ ਤੇ ਦੁਸ਼ਮਨ ਦੇ ਢਿੱਡ ਵਿਚ ਸੰਗੀਨ ਖੋਭ ਦਿੱਤੀ। ਚੀਨੀ ਆਟੋਮੈਟਿਕ ਰਾਈਫਲ ਖੋਹ ਲਈ ਤੇ ਫਿਰ ਆਪਣੀ ਜਗ੍ਹਾ ਆ ਗਿਆ। ਆਪਣੀ ਟ੍ਰਾਫੀ 'ਚੋਂ ਫਾਇਰ ਖੋਲ੍ਹ ਦਿੱਤਾ। ਅੱਧੀ ਦਰਜਨ ਚੀਨੀ ਥਾਂ ਰਖੇ। ਫਿਰ ਉਸ ਨੂੰ ਪਿਛੇ ਹੋਣ ਦਾ ਆਦੇਸ਼

ਮਿਲਿਆ। ਉਹ ਇਕ ਥਾਂ ਤੋਂ ਦੂਜੀ ਥਾਂ ਛਲਾਂਗਾਂ ਭਰਦਾ ਦਰਖਤਾਂ ਦੇ ਓਹਲੇ ਹੋ ਕੇ ਬਰਗੇਡ ਹੈਡ ਕਵਾਟਰ ਵਿਚ ਪੁੱਜ ਗਿਆ।

ਗੋਰਖਾ ਰਾਈਫਲਜ਼ ਦੇ ਮੇਜਰ ਧੰਨਾ ਸਿੰਘ ਥਾਪਾ ਅਤੇ ਸਿੱਖ ਰਜਮੈਂਟ ਦੇ ਸੂਬੇਦਾਰ ਜੋਗਿੰਦਰ ਸਿੰਘ ਨੂੰ ਲੱਦਾਖ ਤੇ ਨੀਫਾ ਵਿਚ ਬੇ-ਮਿਸਾਲ ਬਹਾਦਰੀ ਵਿਖਾਉਣ ਕਰਕੇ 'ਪਰਮ ਵੀਰ ਚੱਕਰ' ਦਾ ਸਨਮਾਨ ਮਿਲਿਆ।[2]

ਸ: ਕੇਵਲ ਸਿੰਘ ਤੇ ਉਸਦੇ ਸਾਥੀ ਸਿੱਖ ਰਜਮੈਂਟ ਦੇ ਸਿਪਾਹੀ ਵੀ ਨੀਫਾ 'ਤੇ ਪੁੱਜ ਗਏ। ਸ: ਕੇਵਲ ਸਿੰਘ ਦੀ ਵਿਲੌਂਗ, ਦੇ ਨੇੜੇ ਇਕ ਅਗਲੀ ਚੌਕੀ ਤੇ ਡਿਊਟੀ ਲੱਗ ਗਈ। ਯੋਧਾ ਮੋਰਚੇ ਵਿਚ ਬੈਠਾ ਨਿਗਰਾਨੀ ਕਰ ਰਿਹਾ ਸੀ। ਉਸ ਦੇ ਸਾਹਮਣੇ ਲੋਹਟ ਦਰਿਆ ਸੀ। ਅਚਾਨਕ ਚੀਨੀ ਟਿੱਡੀ ਦਲ ਵਾਂਗ ਅਗੇ ਵਧੇ, ਅਤੇ ਭਾਰਤੀ ਫੌਜੀ ਦਸਤੇ ਉਹਨਾਂ ਨਾਲ ਇਕ ਸਖਤ ਲੜਾਈ ਵਿਚ ਜੂਝ ਪਏ।

ਸ: ਕੇਵਲ ਸਿੰਘ ਨੇ ਆਪਣੇ ਸਾਥੀਆਂ ਨੂੰ ਵੰਗਾਰ ਕੇ ਇਉਂ ਕਿਹਾ।

## ਮਿਰਜ਼ਾ

*ਰਾਈਫਲ ਫੜਕੇ ਸੂਰਮਾ ਕੇਵਲ ਸਿੰਘ ਸਰਦਾਰ।*
*ਸਾਥੀਆਂ ਤਾਈਂ ਵਗਾਰਦਾ ਉੱਚੀ ਕਹੇ ਪੁਕਾਰ।*
*ਹੈ ਦੁਸ਼ਮਣ ਵਧਦਾ ਆਂਵਦਾ ਕਰ ਕੇ ਮਾਰੋ-ਮਾਰ।*
*ਅੱਜ ਭੈਰੋ ਮਾਰੂ ਗਾਂਵਦਾ ਮੌਤ ਨੱਚੇ ਮੁਟਿਆਰ।*
*ਔਹ ਤੜ-ਤੜ ਗੰਨਾਂ ਚੱਲਦੀਆਂ ਚੱਲਣ ਜਿਵੇਂ ਅਨਾਰ।*
*ਔਹ ਟਿਡੀ ਦਲ ਹੈ ਚੀਨ ਦਾ ਨਹੀਂਗਾ ਅੰਤ ਸ਼ੁਮਾਰ।*
*ਔਹ ਮੱਕੜੀ ਆਈ ਕਰਨ ਨੂੰ ਸ਼ੇਰਾਂ ਦਾ ਏ ਸ਼ਿਕਾਰ।*
*ਨਹੀਂ ਪਿਛੇ ਹੱਟਣਾ ਯੋਧਿਓ ਲਵੋ ਹੌਂਸਲਾ ਧਾਰ।*
*ਅਸੀਂ ਭਾਰਤ ਮਾਂ ਤੋਂ ਆਪਣੇ ਸੀਸ ਦੇਵਣੇ ਵਾਰ।*
*ਅਸੀਂ ਬੀਰ ਪੰਜਾਬੀ ਗੱਭਰੂ ਸਾਨੂੰ ਜਾਣੇ ਕੁੱਲ ਸੰਸਾਰ।*
*ਸਾਨੂੰ ਯਾਦ ਕਰੇ ਪਿਆ ਅਜੇ ਤੱਕ ਕਾਬਲ ਤੇ ਕੰਧਾਰ।*
*ਅਸੀਂ ਉਹਨਾਂ ਦੀ ਸੰਤਾਨ ਹਾਂ ਜੋ ਮੌਤ ਨੂੰ ਗਏ ਵੰਗਾਰ।*
*ਅੱਜ ਦੀਪ ਸਿੰਘ ਲਲਕਾਰਦਾ ਨਲੂਆ ਰਿਹਾ ਪੁਕਾਰ।*
*ਸਤਲੁਜ ਕੰਢੇ ਕੂਕਦਾ ਭਗਤ ਸਿੰਘ ਸਰਦਾਰ।*
*ਤੁਸੀਂ ਟੁਕੜੇ-ਟੁਕੜੇ ਹੋ ਜਾਵੋ, ਪਰ ਕਦੇ ਨਾ ਮੰਨੋ ਹਾਰ।*
*ਅੱਜ 'ਦਿਲਬਰ' ਪਾਓ ਸ਼ਹੀਦੀਆਂ ਸਾਡਾ ਰਾਖਾ ਕਲਗੀਧਰ।*

ਕਲਗੀਧਰ ਪਾਤਿਸ਼ਾਹ ਦੇ ਬੀਰ ਜਵਾਨਾਂ ਨੇ ਸਤਿ ਸ੍ਰੀ ਅਕਾਲ ਦਾ ਜੈਕਾਰਾ

*2. (ਜਾਗ੍ਰਤੀ) ਜਨਵਰੀ 1963 ਈ:।*

ਛੱਡਿਆ ਤੇ ਦੁਸ਼ਮਣ 'ਤੇ ਟੁੱਟ ਕੇ ਪੈ ਗਏ, ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਪੰਜਾਬੀ ਗੱਭਰੂਆਂ ਦੀ ਦ੍ਰਿੜ੍ਹਤਾਂ ਤੇ ਤੇਜ਼ ਫਾਇਰ ਨੇ ਚੀਨੀਆਂ ਦੇ ਛੱਕੇ ਛੁੜਾ ਦਿੱਤੇ। ਉਹ ਪਿਛੇ ਨੂੰ ਭੱਜ ਉਠੇ ਤਾਂ ਜੋ ਇਕੱਠੇ ਹੋ ਕੇ ਫੇਰ ਹਮਲਾ ਕਰ ਸਕਣ, ਭਾਰਤੀ ਗੱਭਰੂਆਂ ਦਾ ਗੋਲੀ-ਸਿੱਕਾ ਮੁੱਕ ਚੁੱਕਾ ਸੀ। ਸ: ਕੇਵਲ ਸਿੰਘ ਦੇ ਜੋਸ਼ ਨੇ ਉਬਾਲਾ ਖਾਧਾ ਅਤੇ ਉਸ ਨੂੰ ਉੱਚੀ ਲਲਕਾਰਿਆ, ਦਸਮੇਸ਼ ਦੇ ਬਹਾਦਰ ! ਅੱਜ ਪਿਛੇ ਹਟ ਕੇ ਖਾਲਸਈ ਸ਼ਾਨ ਨੂੰ ਵੱਟਾ ਨਹੀਂ ਲੌਣਾ। ਦੇਸ਼ ਦੀ ਰਖਿਆ ਖ਼ਾਤਰ ਮਰ ਮਿਟੋ। ਮਾਤਰ ਭੂਮੀ ਦੇ ਪਿਆਰ ਵਿਚ ਗੜੂੰਦ ਉਹ ਬਲਵਾਨ ਯੋਧਾ ਸੰਗੀਨ ਚੜ੍ਹਾ ਕੇ ਆਪਣੇ ਮੋਰਚੇ ਤੋਂ ਬਾਹਰ ਕੁੱਦ ਪਿਆ, ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਉਹ ਭੁੱਖੇ ਸ਼ੇਰ ਵਾਂਗ ਵੈਰੀਆਂ ਉਤੇ ਇਉਂ ਟੁੱਟ ਪਿਆ।

**ਵਾਰ**

*ਜਦੋਂ ਗੋਲੀ ਸਿੱਕਾ ਮੁੱਕ ਗਿਆ ਜਵਾਨ ਦਾ,*
*ਓਹਨੇ ਲਈ ਸੀ ਸੰਗੀਨ ਮੋਹਰੇ ਚਾੜ੍ਹ।*
*ਸਿੰਘ ਚੀਨੀਆਂ 'ਤੇ ਟੁੱਟ ਕੇ ਪੈ ਗਿਆ।*
*ਜਿਵੇਂ ਭੇਡਾਂ ਉਤੇ ਪਵੇ ਬਘਿਆੜ।*
*ਯੋਧੇ ਗੱਜ ਕੇ ਜੈਕਾਰਾ ਛੱਡਿਆ,*
*ਛਾਲਾਂ ਮਾਰਕੇ ਸੀ ਚੜ੍ਹ ਗਿਆ ਪਹਾੜ।*
*ਵਾਂਗ ਲਛਮਨ ਦੇ ਵਿੰਨ-ਵਿੰਨ ਸੁੱਟਦਾ,*
*ਜਿਥੋਂ ਲੰਘੇ ਜਾਂਦਾ ਛਾਤੀਆਂ ਨੂੰ ਪਾੜ।*
*ਉਹਨੇ ਅੱਗੇ ਅੱਗੇ ਚੀਨੀ ਲਾ ਲਏ,*
*ਜਿਵੇਂ ਸ਼ੇਰ ਮੂਹਰੇ ਗਿੱਦੜਾਂ ਦੀ ਧਾੜ।*
*ਘੇਰਾ ਦੂਰ ਜਾ ਕੇ ਪਾਇਆ ਫੇਰ ਵੈਰੀਆਂ,*
*ਅੱਗੇ ਸੁਟ ਕੇ ਪਹਾੜੀ ਦਿੱਤੀ ਸਾੜ।*
*ਕਹਿੰਦੇ ਬਚ ਕੇ ਪੰਜਾਬ ਜਾਏ ਨਾ,*
*ਛੱਡੀ ਗੋਲੀਆਂ ਦੀ ਬੰਨ੍ਹ ਕੇ ਬੁਛਾੜ।*
*ਕਈ ਗਟਾ ਗਟ ਪੀ ਕੇ ਗੁੱਟ ਹੋ ਗਏ,*
*ਹਾੜੇ ਮੌਤ ਨੇ ਪਿਲਾਏ ਹਾੜ੍ਹ ਹਾੜ੍ਹ।*
*ਇਕ ਯੋਧੇ ਲਈ ਹਜ਼ਾਰਾਂ ਰੌਂਦ ਚੱਲ ਗਏ,*
*ਵਿੰਨ ਸੂਰਮੇਂ ਦੀ ਦਿੱਤੀ ਨਾੜ-ਨਾੜ।*
*ਅੰਤ ਪਾ ਗਿਆ ਸ਼ਹੀਦੀ ਬੀਰ 'ਦਿਲਬਰਾ'*
*ਡਿੱਗਾ ਸਤਿ ਸ੍ਰੀ ਅਕਾਲ ਕਹਿਕੇ ਦਾੜ।*

ਸ: ਕੇਵਲ ਸਿੰਘ ਸੰਗੀਨ ਚਾੜ੍ਹ ਕੇ ਹਮਲਾਵਰਾਂ ਦੇ ਝੁੰਡ ਵਿਚ ਵੜ ਗਿਆ।

ਮਾਰ-ਮਾਰ ਕੇ ਸੰਗੀਨਾਂ ਸੈਂਕੜੇ ਚੀਨੀ ਜ਼ਖਮੀ ਕੀਤੇ ਤੇ ਅੱਠ ਮੌਤ ਦੇ ਘਾਟ ਉਤਾਰ ਦਿੱਤੇ। ਦੁਸ਼ਮਣ ਅੰਧਾ-ਧੁੰਦ ਗੋਲੀਆਂ ਚਲਾ ਰਹੇ ਸਨ। ਸੂਰਮੇਂ ਦਾ ਅੰਗ-ਅੰਗ ਵਿੰਨ੍ਹਿਆ ਗਿਆ। ਅੱਠਾਂ ਨੂੰ ਮਾਰ ਕੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਿਆ ਕੁਝ ਗੋਲੀਆਂ ਮੱਥੇ ਵਿਚ ਲੱਗੀਆਂ ਤੇ ਸ਼ਹੀਦੀ ਪ੍ਰਾਪਤ ਕਰ ਗਿਆ ਅਖ਼ੀਰ ਵੇਲੇ ਵੀ ਉਹਦੇ ਬੁੱਲ੍ਹਾਂ ਵਿਚੋਂ ਅਵਾਜ਼ ਆਈ।

*ਕਿਆ ਹੂਆ ਗਰ ਮਰ ਮਿਟੇ ਹੈਂ ਹਮ ਵਤਨ ਕੇ ਵਾਸਤੇ।*
*ਬੁਲਬੁਲੇਂ ਕੁਰਬਾਨ ਹੋਤੀ ਹੈਂ ਚਮਨ ਕੇ ਵਾਸਤੇ।*

ਸਿੰਘ ਕਲਗੀਧਰ ਜੀ ਦੇ ਬਚਨਾਂ ਤੇ ਫੁੱਲ ਝੜਾ ਗਿਆ। ਕਿ-

*ਜਬ ਆਵਿ ਕੀ ਅਉਧ ਨਿਦਾਨ ਬਣੇ*
*ਅਤਿ ਹੀ ਰਣ ਤਬ ਜੂਝ ਮਰਉ ॥*

ਕਿਸੇ ਉਰਦੂ ਦੇ ਸ਼ਾਇਰ ਦਾ ਕਥਨ ਹੈ-

*ਫਿਦਾਇਆਨੇ ਵਤਨ ਕੀ ਯਾਦ ਦਿਲ ਸੇ ਮਿਟ ਨਹੀਂ ਸ਼ਕਤੀ,*
*ਜ਼ਮਾਨੇ ਮੇਂ ਕਹਾਂ ਤਾਕਤ ਹੈ ਨਾਮ ਇਨਕਾ ਮਿਟਾਨੇ ਕੀ।*
*ਯਿਹ ਵੋਹ ਰੌਸ਼ਨ ਸਿਤਾਰੇ ਹੈਂ ਕਿਆਮਤ ਤੱਕ ਜੋ ਚਮਕੇਂਗੇ,*
*ਮਿਲੀ ਤਾਬੋ ਕਿਨ ਕੋ ਚਮਕ ਇਨ ਘਟਾਨੇ ਕੀ।*

ਮਰਦਾਂ ਦੀ ਸ਼ਾਨ ਸ਼ਾਹੀ ਤਖ਼ਤਾਂ ਉਤੇ ਪੂਜੀ ਜਾਂਦੀ ਏ।....ਕੇਵਲ ਸਿੰਘ ਨੂੰ ਇਸ ਉੱਚ ਦਰਜੇ ਦੀ ਬਹਾਦਰੀ ਸਦਕਾ 'ਮਹਾਂ ਵੀਰ ਚੱਕਰ' ਦਾ ਸਨਮਾਨ ਮਿਲਿਆ। ਭਾਰਤੀ ਸੈਨਾ ਦੇ ਕਮਾਂਡਰ (ਚੀਫ ਆਫ ਦੀ ਸਟਾਫ) ਜਨਰਲ ਪੀ, ਐਨ, ਥਾਪਰ ਨੇ ਸ਼ਹੀਦ ਕੇਵਲ ਸਿੰਘ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ ਨੂੰ ਚਿੱਠੀ ਲਿਖੀ। ਜਿਸ ਵਿਚ ਸ: ਕੇਵਲ ਸਿੰਘ ਦੀ ਬਹਾਦਰੀ ਵਰਣਨ ਕਰਦੇ ਹੋਏ ਇਹ ਲਿਖਿਆ ਹੈ ਕਿ ਭਾਰਤ ਦੀ ਸੈਨਾ ਨੂੰ ਸ: ਕੇਵਲ ਸਿੰਘ ਜਿਹੇ ਮਹਾਨ ਜੋਧੇ 'ਤੇ ਫਖਰ ਹੈ।

ਪੰਜਾਬ ਦੇ ਮੁੱਖ ਮੰਤਰੀ ਕੋਟਲੀ ਥਾਨ ਸਿੰਘ ਪੁੱਜੇ। ਸ਼ਹੀਦ ਦੀ ਮਾਤਾ ਕਰਤਾਰ ਕੌਰ ਦੇ ਪੈਰੀ ਹੱਥ ਲਾਇਆ ਸ਼ਹੀਦ ਦੇ ਪਰਵਾਰ ਨੂੰ ਪੰਜਾਬ ਸਰਕਾਰ ਵਲੋਂ ਪੰਜ ਹਜ਼ਾਰ ਰੁਪੈ ਦੇਣ ਦਾ ਐਲਾਨ ਕੀਤਾ ਗਿਆ। ਮੁੱਖ ਮੰਤਰੀ ਨੇ ਕਿਹਾ ਸ: ਕੇਵਲ ਸਿੰਘ ਦੀ ਬਹਾਦਰੀ ਤੇ ਸਾਰੇ ਭਾਰਤ ਨੂੰ ਫਖਰ ਹੈ। ਸ: ਮੋਹਣ ਸਿੰਘ ਨੇ ਆਪਣੇ ਲਾਲ ਦੀ ਜਦੋਂ ਬਹਾਦਰੀ ਸੁਣੀ, ਤਾਂ ਉਹਦੇ ਜਜ਼ਬਾਤ ਇਉਂ ਉਛਲੇ।

**ਤਰਜ਼-ਤੇਰੇ ਕਰਾਰਾਂ ਸਾਨੂੰ ਪੱਟਿਆ। ਦਸ ਮੈਂ ਕੀ....**

*ਸੁਣ ਕੇ ਸ਼ਹੀਦੀ ਤੇਰੀ ਬੱਚਿਆ।*
*ਮੇਰਾ ਅੰਗ-ਅੰਗ ਜੋਸ਼ ਵਿਚ ਮੱਚਿਆ।*
*ਜੱਗ ਵਿਚ ਲਾਲ ਵੇ ਬਣਾਈ ਸਾਡੀ ਭੱਲ ਤੂੰ।*
*ਕੱਲੇ ਨੇ ਹਜ਼ਾਰਾਂ ਵਿਚ ਪਾਇਆ ਤਰਥੱਲ ਤੂੰ।*

ਹਿੰਦ ਕੀਤਾ ਜਦੋਂ ਹੱਲਾ । ਪਾਇਆ ਚੀਨੀਆ ਨੂੰ ਠੱਲਾ ।
ਪਾ ਕੇ ਭੰਗੜਾ ਤੂੰ ਜੰਗ ਵਿਚ ਨੱਚਿਆ ।
ਸੁਣਕੇ ਸ਼ਹੀਦੀ ਤੇਰੀ ਬੱਚਿਆ । ਮੇਰਾ ਅੰਗ....
ਨਿੱਕਾ ਹੁੰਦਾ ਕਹਿੰਦਾ ਸੈ ਮੈਂ ਦੇਸ਼ ਲਈ ਲੜਾਂਗਾ ।
ਚਾਚੇ ਵਾਂਗੂੰ ਜੰਗ ਵਿਚ ਵੈਰੀਆਂ ਨੂੰ ਘੜਾਂਗਾ ।
ਤੂੰ ਤਾਂ ਚਾ ਮੁਕਾਈ, ਐਸੀ ਲੜੀ ਊ ਲੜਾਈ ।
ਲਾਜ ਰੱਖ ਲਈ ਉ ਬਚਨਾਂ ਦੇ ਸੱਚਿਆ । ਸੁਣਕੇ ਸ਼ਹੀਦੀ
ਭਰਤੀ ਕਰਾਇਆ ਤੈਨੂੰ ਹੋਇਆ ਅਜੇ ਸਾਲ ਸੀ ।
ਐਡੀ ਤੇਰੇ ਦਿਲ ਕੁਰਬਾਨੀ ਵਾਲੀ ਕਾਹਲ ਸੀ ।
ਕਈਆਂ ਚੀਨੀਆਂ ਨੂੰ ਮਾਰ, ਹੋਇਓਂ ਦੇਸ਼ ਤੋਂ ਨਿਸਾਰ ।
ਖ਼ੂਨ ਪਰਬਤਾਂ ਦੀ ਹਿੱਕ ਵਿਚ ਰਚਿਆ । ਸੁਣਕੇ ਸ਼ਹੀਦੀ....
ਸਾਰਾ ਜੱਗ ਵੇਖ ਤੈਨੂੰ 'ਦਿਲਬਰਾ' ਸਲੌਂਹਦਾ ਏ ।
ਬੱਚਾ ਫਖਰ ਨਾਲ ਗੀਤ ਤੇਰੇ ਗੌਂਦਾ ਏ ।
ਤੇਰੀ ਵੇਖ ਕੇ ਜਵਾਨੀ, ਮੌਤ ਹੋ ਗਈ ਦੀਵਾਨੀ ।
ਤੇਰਾ ਸੁੰਦਰ ਸਰੂਪ ਉਹਨੂੰ ਜਚਿਆ ।
ਸੁਣਕੇ ਸ਼ਹੀਦੀ ਤੇਰੀ ਬੱਚਿਆ ।
ਮੇਰਾ ਅੰਗ-ਅੰਗ ਜੋਸ਼ ਵਿਚ ਮੱਚਿਆ । ਸੁਣਕੇ ਸ਼ਹੀਦੀ....

ਸ: ਕੇਵਲ ਸਿੰਘ ਨੂੰ ਭਰਤੀ ਹੋਇਆ ਸਿਰਫ ਇਕ ਸਾਲ ਅੱਠ ਦਿਨ ਹੀ ਹੋਏ ਸਨ, ਭਾਵੇਂ ਉਹਨੇ ਫੌਜ ਵਿਚ ਥੋੜਾ ਚਿਰ ਨੌਕਰੀ ਕੀਤੀ, ਪਰ ਆਪਣੀ ਬਹਾਦਰੀ ਨਾਲ ਉਹ ਪਦਵੀ ਹਾਸਲ ਕਰ ਗਿਆ ਜਿਸਦੇ ਲਈ ਹਰ ਸੂਰਮਾਂ ਇੱਛਕ ਹੈ।

ਜਦ ਪਵਿੱਤਰ ਸ਼ਹੀਦਾਂ ਦੀਆਂ ਖ਼ੂਨ ਧਾਰਾਂ,
ਬਲਦੀ ਜ਼ੁਲਮ ਦੀ ਅੱਗ ਪੈਂਦੀਆਂ ਨੇ।
'ਦਿਲਬਰ' ਚੜ੍ਹਦੀਆਂ ਕਲ੍ਹਾਂ ਵਿਚ ਸਦਾ ਖੇਡਣ
ਕੌਮਾਂ ਵਧਦੀਆਂ ਫੁੱਲਦੀਆਂ ਰਹਿੰਦੀਆਂ ਨੇ।

-ਸਮਾਪਤ-

# ਦਿਲਬਰ

# ਵਾਰਾਂ

# ਦਿਲਬਰ ਵਾਰਾਂ ਬਾਰੇ

ਗਿਆਨੀ ਦਯਾ ਸਿੰਘ ਦਿਲਬਰ ਦੇ ਪ੍ਰਸਿੱਧ ਢਾਡੀ ਜਥੇ ਨੂੰ ਹਰ ਕੋਈ ਜਾਣਦਾ ਹੈ। ਇਹਨਾਂ ਦੇ ਢਾਡੀ ਜਥੇ ਨੇ ਸਿੱਖ ਇਤਿਹਾਸ ਤੇ ਢਾਡੀ ਵਾਰਾਂ ਆਪਣੀ ਸੁਰੀਲੀ ਅਵਾਜ਼ ਨਾਲ ਸਿੱਖ ਸੰਗਤਾਂ ਨੂੰ ਸੁਣਾ ਕੇ ਖਾਸ ਪ੍ਰਸਿੱਧਤਾ ਹਾਸਲ ਕੀਤੀ ਹੈ। ਪੰਥ ਦੇ ਚੋਣਵੇਂ ਢਾਡੀ ਜਥਿਆਂ ਵਿਚੋਂ ਗਿ: ਸੋਹਨ ਸਿੰਘ ਸੀਤਲ ਤੋਂ ਪਿੱਛੋਂ ਗਿਆਨੀ ਦਯਾ ਸਿੰਘ 'ਦਿਲਬਰ' ਦਾ ਨਾਮ ਦੇਸਾਂ-ਪ੍ਰਦੇਸਾਂ ਵਿਚ ਪ੍ਰਸਿੱਧ ਹੈ। ਪੰਜਾਬੀ ਵਾਰਾਂ ਸਿੱਖ ਸੰਗਤਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਸੁਣਨੀਆਂ ਸ਼ੁਰੂ ਕੀਤੀਆਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਬਾਈ ਵਾਰਾਂ ਵਿਚੋਂ ਕਈ ਵਾਰਾਂ ਨੂੰ ਆਪ ਪੁਰਾਣੇ ਬਹਾਦਰਾਂ ਨੇ ਸੂਰਮਿਆਂ ਦੀਆਂ ਵਾਰਾਂ ਦੇ ਸਿਰਲੇਖ ਦੇ ਕੇ ਆਪਣੇ ਢਾਡੀਆਂ ਨੂੰ ਉਹਨਾਂ ਤਰਜਾਂ 'ਤੇ ਗਾਉਣ ਦਾ ਹੁਕਮ ਦਿੱਤੇ ਜਿਵੇਂ ਕਿ ਸ੍ਰੀ ਆਸਾ ਜੀ ਦੀ ਵਾਰ ਉਪਰ 'ਟੁੰਡੇ ਅਸਰਾਜੇ ਕੀ ਧੁਨੀ' 'ਤੇ ਗਾਉਣ ਦਾ ਹੁਕਮ ਹੈ। ਢਾਡੀ ਜਥਿਆਂ ਪਾਸੋਂ ਵਾਰਾਂ ਸੁਣਕੇ ਖਾਸ ਜੋਸ਼ ਤੇ ਰੰਗ ਕਰਨ ਲਈ ਉਤਸ਼ਾਹ ਪੈਦਾ ਹੁੰਦਾ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਾਂਤੀ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜ਼ਾਲਮ ਹਕੂਮਤ ਵਲੋਂ ਤੱਤੀਆਂ ਲੋਹਾ 'ਤੇ ਬਿਠਾ ਕੇ ਤੱਤੀ ਰੇਤ ਸੀਸ 'ਤੇ ਪੁਆ ਸ਼ਹੀਦ ਕੀਤਾ ਗਿਆ ਤੱਕ ਕੇ ਸਿੱਖ ਪੰਥ ਨੂੰ ਭਗਤੀ ਤੇ ਸ਼ਕਤੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਾਜਨਾ ਕੀਤੀ ਜਿਥੇ ਸਿੱਖਾਂ ਨੂੰ ਘੋੜੇ ਸ਼ਾਸਤਰ, ਲਿਆਉਣ ਦਾ ਹੁਕਮ ਦਿੱਤਾ ਗਿਆ ਤੇ ਨਾਲ ਹੀ ਰੋਜ਼ਾਨਾ ਦੀਵਾਨ ਸਜਾ ਕੇ ਢਾਡੀਆਂ ਪਾਸੋਂ ਵਾਰਾਂ ਸੁਣਵਾਈਆਂ ਗਈਆਂ ਜਿਸ ਨਾਲ ਸਿੱਖਾਂ ਦੇ ਅੰਦਰ ਮੁਗਲ ਹਕੂਮਤ ਨਾਲ ਲੜਨ ਵਾਸਤੇ ਜੋਸ਼ ਤੇ ਜਜ਼ਬਾ ਪੈਦਾ ਹੋਵੇ। ਸੋ ਇਸ ਤਰ੍ਹਾਂ ਸਿੱਖਾਂ ਦੇ ਅੰਦਰ ਵਾਰ ਨੂੰ ਪ੍ਰਸਿੱਧਤਾ ਹਾਸਲ ਹੋਈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਬਾਰ ਵਿਚ ਵੀ ਮਸ਼ਹੂਰ ਢਾਡੀ ਜਥੇ ਵਾਰਾਂ ਗਾ ਕੇ ਪ੍ਰਸਿੱਧਤਾ ਹਾਸਲ ਕਰਦੇ ਰਹੇ। ਦਿਲਬਰ ਜੀ ਦੀਆਂ ਇਹਨਾਂ ਵਾਰਾਂ ਵਿਚ ਭਾਈ ਬਚਿੱਤਰ ਸਿੰਘ ਦੀ ਵਾਰ ਆਦਿ, ਸਾਹਿਬਜ਼ਾਦਿਆਂ ਦੀ ਵਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਵਾਰ ਆਦਿ ਉਹ ਇਤਿਹਾਸਕ ਪ੍ਰਸੰਗ ਹਨ ਜਿਹਨਾਂ ਨੂੰ ਸੁਣ ਕੇ ਸਰੋਤਿਆਂ ਅੰਦਰ ਜੋਸ਼ ਤੇ ਉਤਸ਼ਾਹ ਵੱਧਦਾ ਹੈ ਮੌਜੂਦ ਸਮੇਂ ਦੀ ਜੋ ਜੰਗ ਹੋਈ ਹੈ। ਦਿਲਬਰ ਜੀ ਨੇ ਉਸਨੂੰ ਵੀ ਆਪਣੀ ਕਲਮ ਨਾਲ ਬਹੁਤ ਸੋਹਣੇ ਤੇ ਜੋਸ਼ੀਲੇ ਤਰੀਕੇ ਨਾਲ ਲਿਖਿਆ ਹੈ। ਬੰਗਲਾ ਦੇਸ਼ ਦੀ

ਜੰਗ ਵਿਚ ਸਿੱਖ ਜਵਾਨਾਂ ਦੀ ਅਣਖੀ ਕਹਾਣੀ ਬਿਆਨ ਕੀਤੀ ਹੈ ।

ਜਿਹਨਾਂ ਨੂੰ ਪੜ੍ਹਕੇ ਸਾਡੇ ਨੌਜਵਾਨ ਫੌਜੀ ਵੀਰ ਤੇ ਹੋਰ ਦੇਸ਼ ਸੇਵਾ ਕਰਨ ਵਾਲੇ ਦੇਸ਼ ਵਾਸਤੇ ਕੁਰਬਾਨੀ ਦਾ ਜਜ਼ਬਾ ਪ੍ਰਾਪਤ ਕਰਨਗੇ । ਮੈਂ ਆਸ ਕਰਦਾ ਹਾਂ ਕਿ ਜਿਵੇਂ ਦਿਲਬਰ ਜੀ ਦੀਆਂ ਪਹਿਲੀਆਂ 12 ਪੁਸਤਕਾਂ ਸਿੱਖ ਸੰਗਤਾਂ ਪਾਸੋਂ ਪ੍ਰਾਪਤ ਕਰ ਰਹੀਆਂ ਹਨ, ਇਸ ਪੁਸਤਕ ਨੂੰ ਉਸ ਤੋਂ ਵੱਧ ਮਾਣ ਮਿਲੇਗਾ।

ਸ੍ਰੀ ਅੰਮ੍ਰਿਤਸਰ ਜੀ
17-5-72

*ਮੇਹਰ ਸਿੰਘ*
*ਗਿਆਨੀ*

# ਵਾਰ ਸ: ਬਚਿੱਤਰ ਸਿੰਘ

## ਹਾਥੀ ਦਾ ਟਾਕਰਾ ਕਰਨਾ

ਜਦ ਪਾਇਆਂ ਪੁਰੀ ਅਨੰਦ ਨੂੰ ਤੁਰਕਾਂ ਨੇ ਘੇਰਾ।
ਓਥੇ ਰਲ ਗਏ ਪਹਾੜੀਏ ਲਿਆ ਘੇਰ ਚੁਫੇਰਾ।
ਦਲ ਮੱਕੜੀ ਬਾਈਧਾਰ ਦਾ ਜੁੜ ਗਿਆ ਬਥੇਰਾ।
ਪਏ ਜੈ-ਜੈ ਦੇਵਾਂ ਆਖਦੇ ਜਦ ਚੜ੍ਹੇ ਸਵੇਰਾ।
ਕੁਝ ਰੰਘੜ 'ਗੁਜਰ' ਧਾੜਵੀਂ ਦਿਲ ਚਾ ਵਧੇਰਾ।
ਉਹ ਆਖਣ ਲੁੱਟ ਕੇ ਜਾਵਣਾ ਸਾਧਾਂ ਦਾ ਡੇਰਾ।
ਪਿਆ ਘੜੇ ਸਕੀਮਾਂ ਭੀਮ ਚੰਦ ਕਰ ਹੇਰਾ ਫੇਰਾ।
ਜਿਵੇਂ ਸੋਚ ਫਨੀਅਰ ਫੜਨ ਨੂੰ ਉਸਤਾਦ ਸਪੇਰਾ
ਪਰ ਓਧਰ ਵੀ ਸਿੰਘ ਸੂਰਮੇਂ ਕਰ ਵੱਡਾ ਜੇਰਾ।
ਉਹ ਅਚਨਚੇਤ ਹੀ ਕਿਲ੍ਹੇ ਦਾ ਟੱਪ ਆਉਣ ਬਨੇਰਾ।
ਓਥੇ ਝੜਪਾਂ ਹੁੰਦਿਆਂ ਹੁੰਦਿਆਂ ਜੰਗ ਹੋਇਆ ਲੰਮੇਰਾ।
ਕੁਝ ਭੀਮ ਚੰਦ ਨੂੰ ਸੁਝੇ ਨਾ ਛਾ ਗਿਆ ਹਨੇਰਾ।

## ਸਿੰਘ ਦਾ ਮਹਲਾ

ਇਕ ਦਿਨ ਕੁਝ ਸਿੰਘਾਂ ਸੂਰਿਆਂ ਕਰ ਲਏ ਤਿਆਰੇ।
ਉਹਨਾਂ ਆ ਗਿਆ ਲੈ ਦਸਮੇਸ਼ ਤੋਂ ਘੋੜੇ ਸ਼ਿੰਗਾਰੇ।
ਉਹ ਬਾਹਰ ਕਿਲ੍ਹੇ ਤੋਂ ਨਿਕਲ ਪਏ ਵੱਜ ਗਏ ਨਗਾਰੇ।
ਉਹਨਾਂ ਸਤਿ ਸ੍ਰੀ ਅਕਾਲ ਦੇ ਛੱਡੇ ਜੈਕਾਰੇ।
ਉਹ ਵੈਰੀ ਉਤੇ ਟੁੱਟ ਪਏ ਸਾਰੇ ਦੇ ਸਾਰੇ।
ਉਹਨਾਂ ਸਿਰ 'ਤੇ ਚੱਕਰ ਲਿਸ਼ਕਦੇ ਨੀਲੇ ਦਸਤਾਰੇ।
ਉਹਨਾਂ ਹੱਥੀਂ ਨੇਜ਼ੇ ਬਰਛੀਆਂ ਮਾਰਨ ਚਮਕਾਰੇ।
ਉਹਨਾਂ ਚੋਵੇ ਲਾਲੀ ਚਿਹਰਿਓਂ ਨੇਤਰ ਅੰਗਿਆਰੇ।
ਉਹਨਾਂ ਹੱਥਾਂ ਵਿਚ ਭਗੌਤੀਆਂ ਇਉਂ ਦੇਣ ਨਜ਼ਾਰੇ।
ਜਿਵੇਂ ਸੂਰਜ ਸਿੱਖਰ ਦੁਪਹਿਰ ਦਾ ਮਾਰੇ ਲਿਸ਼ਕਾਰੇ।
ਉਹਨਾਂ ਅਣਖ ਫਰੋਸ਼ ਪਹਾੜੀਏ ਰਣ ਵਿਚ ਵੰਗਾਰੇ।
ਉਹਨਾਂ ਚੀਰੇ ਫੜ ਫੜ ਤੁਰਕੜੇ ਜਿਵੇਂ ਚਲਦੇ ਆਰੇ।
ਓਥੇ ਨਦੀਆਂ ਚੱਲੀਆਂ ਲਹੂ ਦੀਆਂ ਵਿਚ ਜੋਧੇ ਤਾਰੇ।

ਜਿਵੇਂ ਅਟੈਮ ਬੰਬ ਦੇ ਸਾਗਰਾਂ ਵਿਚ ਜ਼ਹਿਰ ਖਲਾਰੇ।
ਓਥੇ ਮਾਵਾਂ ਦੇ ਪੁੱਤ ਕਰ ਗਏ ਕਈ ਕੂਚ ਕਿਨਾਰੇ।
ਜੋ ਗਾਨੇ ਬੰਨ੍ਹ ਕੇ ਆਏ ਸੀ ਸ਼ੁਭ ਸ਼ਗਨ ਵਿਚਾਰੇ।
ਉਹ ਛੱਡਕੇ ਤੁਰ ਗਏ ਲਾੜੀਆਂ ਦਿਲ ਮੋਹ ਵਿਸਾਰੇ।
ਜੋ ਲੁੱਟਣ ਦੇ ਲਈ ਆਏ ਸੀ ਕਰ ਘਰੋਂ ਤਿਆਰੇ।
ਉਹ ਸਦਾ ਦੀ ਨੀਂਦਰ ਸੌਂ ਗਏ ਲਾਲਚ ਦੇ ਮਾਰੇ।
ਓਥੇ ਤੁਰਕਾਂ ਦੇ ਪਰ ਉਖੜ ਗਏ ਨਾ ਚੱਲੇ ਚਾਰੇ।
ਉਹ ਭੱਜ ਗਏ ਛੱਡ ਮੈਦਾਨ ਨੂੰ ਲੋਟੂ ਹਤਿਆਰੇ।

## ਸਿੰਘ ਵਾਪਸ ਕਿਲ੍ਹੇ ਵਿਚ

ਸਿੰਘ ਫਤਹ ਦਾ ਝੰਡਾ ਗੱਡ ਕੇ ਮੁੜ ਕਿਲ੍ਹੇ 'ਚ ਆਏ।
ਉਹਨਾਂ ਕਲਗੀਧਰ ਨੂੰ ਆਣਕੇ ਫਿਰ ਸੀਸ ਨਿਵਾਏ।
ਉਹਨਾਂ ਗੱਜ ਅਕਾਲ-ਅਕਾਲ ਦੇ ਨਾਹਰੇ ਗੁੰਜਾਏ।
ਓਥੇ ਪਰਬਤ ਡਰ-ਡਰ ਕੰਬਦੇ ਯੋਧੇ ਹਰਖਾਏ।
ਓਥੇ ਸ਼ਰਮ ਦੇ ਵਿਚ ਪਹਾੜੀਏ ਡੁੱਬੇ ਘਬਰਾਏ।
ਕਿਵੇਂ ਜਿੱਤੀਏ ਦਸਵੇਂ ਗੁਰਾਂ ਨੂੰ ਕੋਈ ਪੇਸ਼ ਨਾ ਜਾਏ।

## ਮੁਗਲ ਨੱਸ ਚਲੇ

ਜਦ ਸਿੰਘਾਂ ਦਾ ਹੱਥ ਵੇਖਿਆ ਰਣ ਵਿਚ ਕਰਾਰਾ।
ਸਭ ਮੁਗਲ ਫੌਜ ਦਾ ਹੌਸਲਾ ਹੋ ਗਿਆ ਨਕਾਰਾ।
ਜੋ ਆਇਆ ਚੜ੍ਹਕੇ ਦਿੱਲੀਓਂ ਜਰਨੈਲ ਸੀ ਭਾਰਾ।
ਓਥੋਂ ਚੱਲਿਆ ਨੱਸ ਨਵਾਬ ਬੇਗ ਕਰ ਲਿਆ ਤਿਆਰਾ।

## ਰਾਜਿਆਂ ਦੀ ਘਬਰਾਹਟ

ਜਦ ਮੁਗਲ ਫੌਜ ਦੇ ਮੁੜਨ ਦੀ ਸੁਣ ਲਈ ਕਹਾਣੀ।
ਤਦ ਹੋ ਗਿਆ ਰਾਜਾ ਭੀਮ ਚੰਦ ਪਾਣੀ-ਪਾਣੀ।
ਉਹ ਲੈ ਕੇ ਆਇਆ ਨਾਲ ਸੀ ਰਾਜਿਆਂ ਦੀ ਢਾਣੀ।
ਉਹਨੇ ਮਿੰਨਤ ਕੀਤੀ ਸਮੇਂ ਦੀ ਝੱਟ ਰਮਜ਼ ਪਛਾਣੀ।
ਉਹਨੇ ਕਿਹਾ ਮੁਗਲ ਜਰਨੈਲ ਨੂੰ ਗੱਲ ਕਰੇ ਸਿਆਣੀ।
ਤੁਸੀਂ ਛੱਡ ਕੇ ਜਾਓ ਮੈਦਾਨ ਨਾ ਹੋ ਨਿੰਮੂਝਾਣੀ।
ਇਹ ਬੇਇੱਜ਼ਤੀ ਬਾਦਸ਼ਾਹ ਤੋਂ ਨਹੀਂ ਝੱਲੀ ਜਾਣੀ।
ਜੱਗ ਆਖੂ ਹਾਰੀ ਸਾਧ ਤੋਂ ਫੌਜ ਪਠਾਣੀ।

ਕੁਝ ਦਿਨਾਂ ਦੀ ਮੋਹਲਤ ਦੇ ਦਿਓ ਇਹ ਅਰਜ਼ ਨਮਾਣੀ।
ਅਸੀਂ ਰਹਿਣ ਨਹੀਂ ਦੇਂਦੇ ਇਸ ਤਰ੍ਹਾਂ ਉਲਝੀ ਹੋਈ ਤਾਣੀ।
ਅਸੀਂ ਢੌਹਣਾ ਕਿਲ੍ਹਾ ਅਨੰਦ ਗੜ੍ਹ ਇਹ ਰੀਝ ਪੁਰਾਣੀ।
ਅਸੀਂ ਸਿੰਘਾਂ ਨੂੰ ਰਣ ਰਿੜਕਣਾਂ ਪਾ ਤੇਗ ਮਧਾਣੀ।
ਇਹ ਖਾਂਦੇ ਰੋਜ਼ ਕੜਾਹ ਨੇ ਪੜ੍ਹ ਛੱਡਦੇ ਬਾਣੀ।
ਅਸੀਂ ਕਰੀਏ ਵਿਚ ਮੈਦਾਨ ਦੇ ਰੱਤ ਮਿੱਝ ਦੀ ਘਾਣੀ।
ਇਹ ਭੁੱਲ ਗਏ ਨੇ ਹੱਥ ਲਾਏ ਸੀ ਜੋ ਵਿਚ ਭੰਗਾਣੀ।
ਸਾਡੇ ਰਾਖੇ ਸਾਰੇ ਦੇਵ ਤੇ 'ਜਗਦੰਬੇ' ਰਾਣੀ।

## ਮੁਗਲ ਫਿਰ ਡਟ ਗਏ

ਇਹ ਮੰਨ ਲਈ ਗੱਲ ਨਵਾਬ ਬੇਗ ਫਿਰ ਛੌਣੀਆਂ ਪਾਈਆਂ।
ਉਸ ਨਵੇਂ ਸਿਰੇ ਕੀਤੀਆਂ ਮੁੜ ਕੇ ਤਗੜਾਈਆਂ।
ਉਸ ਫੌਜ ਨੂੰ ਦਿੱਤੇ ਹੌਂਸਲੇ ਗੋਲੀਆਂ ਵਰਤਾਈਆਂ ।
ਉਹਨਾਂ ਲੈ ਲੈ ਕੇ ਨਾਂ ਅਲੀ ਦਾ ਫਿਰ ਜੱਫੀਆਂ ਪਾਈਆਂ ।
ਉਹਨਾਂ ਖਾਧੇ ਵੱਢ-ਵੱਢ ਬੱਕਰੇ ਤਲੀਆਂ ਮੁਰਗਾਈਆਂ ।
ਪਰ ਪਤਾ ਲੱਗੇ ਗਾ ਸਿੰਘਾਂ ਨੇ ਜਦ ਤੇਗਾਂ ਵਾਹੀਆਂ ।

## ਰਾਜਿਆਂ ਦੀ ਮੀਟਿੰਗ

ਫਿਰ ਓਧਰ ਭੀਮ ਚੰਦ ਨੇ ਝੱਟ ਰਾਜੇ ਸੱਦੇ।
ਉਸ ਆਖਿਆ ਕਿਹੜਾ ਸੂਰਮਾ ਅਜ ਹਾਰ ਉਲੱਦੇ ।
ਤੁਸੀਂ ਸਿਰ 'ਤੇ ਲੌਂਦੇ ਕਲਗੀਆਂ ਲੱਕ ਸ਼ਸਤਰ ਬੱਧੇ।
ਪਰ ਵੇਖ ਕੇ ਸਿੱਖੜੇ ਗੁਰੂ ਦੇ ਤੁਸੀਂ ਹੋ ਜਾਓ ਅੱਧੇ।

## ਫਿਰ ਆਖਿਆ

ਕੁਝ ਸੋਚੇ ਬਾਈਧਾਰ ਦੀ ਕਿਵੇਂ ਅਣਖ ਬਚਾਈਏ ।
ਅੱਜ ਰੁੜ੍ਹਦੀ ਸੂਰਮਗਤੀ ਨੂੰ ਕਿਵੇਂ ਬੰਨ੍ਹਾ ਲਾਈਏ ।
ਇਹ ਕਿਲ੍ਹੇ ਜੋ ਸਾਡੀ ਹਿੱਕ ਤੇ ਕਿਵੇਂ ਤੋੜੀਏ ਢਾਹੀਏ।
ਅੱਜ ਰਾਜਪੂਤਾਂ ਦੀ ਸ਼ਾਨ ਨੂੰ ਕਿਵੇਂ ਰੱਖ ਵਿਖਾਈਏ।
ਸਿਰ ਧੜ ਦੀ ਬਾਜੀ ਲਾ ਕੇ ਰਣ ਮੱਥਾ ਡਾਹੀਏ।
ਜੱਗ ਤਾਹਨੇ ਦੇਊ ਦਿਲਬਰਾ ਜੇ ਹਾਰ ਕੇ ਜਾਈਏ।

## ਰਾਜਾ ਕੇਸਰੀ ਚੰਦ ਦੀ ਸਕੀਮ

ਕਿਹਾ ਕੇਸਰੀ ਚੰਦ ਜਸ ਵਾਲੀਏ ਰੋਹ ਦੇ ਵਿਚ ਆ ਕੇ।
ਮੈਂ ਰਖਿਆ ਇਕ ਬਲਵਾਨ ਹੈ ਹਾਥੀ ਸਿੱਖਲਾਕੇ।
ਓਹਦੇ ਮੱਥੇ ਤਵੀਆਂ ਬੀੜ ਕੇ ਹਥਿਆਰ ਸਜਾਕੇ।
ਉਹਦੇ ਸੁੰਡ ਦੇ ਨਾਲ ਚਾ ਬੰਨੀਏ ਤੇਗਾ ਲਟਕਾਕੇ।
ਓਹਦੇ ਮਸਤ ਬਣਾਓ ਰੱਜਵੀਂ ਸ਼ਰਾਬ ਪਿਆਕੇ।
ਉਹਦਾ ਮੂੰਹ ਕਿਲ੍ਹੇ ਵਲ ਕਰ ਦਿਓ ਮਾਹੈਤ ਬਿਠਾਕੇ।
ਉਹ ਮਾਰ-ਮਾਰ ਕੇ ਟੱਕਰਾਂ ਤੋੜੂ ਦਰਵਾਜ਼ਾ।
ਬੱਸ ਮਗਰੇ ਫੌਜਾਂ ਸਾਰੀਆਂ ਕੱਸ ਦੇਣ ਅਵਾਜ਼ਾ।
ਕੱਲ ਸਿੰਘਾਂ ਕੋਲੋਂ ਹਾਰ ਦਾ ਲਓ ਬਦਲਾ ਤਾਜ਼ਾ।
ਹੈ ਔਖਾ ਹੱਥੀਂ ਮੋੜਨਾ ਤੁਸੀਂ ਜਿੱਤ ਲਓ ਬਾਜ਼ਾ।
ਇਹ ਖ਼ਬਰ ਸੁਣੀ ਜਾਂ ਫੀਲ ਦੀ ਸਤਿਗੁਰ ਦੇ ਸੂਹੇ।
ਉਹਦੇ ਨੇਤਰ ਹੋ ਗਏ ਜੋਸ਼ ਵਿਚ ਝੱਟ ਲਾਲ ਸਲੂਹੇ।
ਉਸ ਆਖਿਆ ਹਾਥੀ ਔਣ ਪਏ ਲੱਖ ਹੋ ਕੇ ਭੂਏ।
ਨਹੀਂ ਟੁੱਟਣ ਦੇਣੇ ਅਸਾਂ ਨੇ ਲੋਹਗੜ੍ਹ ਦੇ ਬੂਹੇ।

## ਸੂਹੇ ਨੇ ਦਸਮੇਸ਼ ਜੀ ਨੂੰ ਖ਼ਬਰ ਦੇਣੀ

ਉਹ ਝੱਟ ਪਹੁੰਚਿਆ ਕਿਲ੍ਹੇ ਵਿਚ ਕਰਕੇ ਤੇ ਧਾਈ।
ਉਹਨੇ ਖ਼ਬਰ ਗੁਰੂ ਦਸਮੇਸ਼ ਨੂੰ ਸਾਰੀ ਪਹੁੰਚਾਈ।
ਉਸ ਆਖਿਆ ਸੱਚੇ ਪਾਤਸ਼ਾਹ ਕਰ ਲਓ ਤਗੜਾਈ।
ਕੱਲ੍ਹ ਕਰਨਾ ਪੈਣਾ ਟਾਕਰਾ ਜਦ ਆਫਤ ਆਈ।
ਝੱਟ ਬੋਲੇ ਦਸਵੇਂ ਪਾਤਸ਼ਾਹ ਓਹ ਜੋਤ ਇਲਾਹੀ।
ਉਹ ਹਾਰ ਨਹੀਂ ਸਕਦਾ ਜੀਹਦਾ ਹੈ ਅਕਾਲ ਸਹਾਈ।

## ਸਤਿਗੁਰਾਂ ਨੇ ਦਰਬਾਰ ਲਾਉਣਾ

ਗੁਰੂ ਕਲਗੀਧਰ ਦਸਮੇਸ਼ ਨੇ, ਸੁਣ ਲਾਇਆ ਝੱਟ ਦਰਬਾਰ ਸੀ।
ਔਹ ਤਖ਼ਤ ਤੇ ਬੈਠੀ ਸਾਹਮਣੇ, ਖ਼ੁਦ ਆਪ ਸੱਚੀ ਸਰਕਾਰ ਸੀ।
ਉਹਦੇ ਆਸੇ ਪਾਸੇ ਸਿੰਘ ਸੀ, ਜਿਉਂ ਚੰਦ ਗਿਰਦੇ ਪਰਵਾਰ ਸੀ।
ਉਹਦੇ ਸੀਸ 'ਤੇ ਕਲਗੀ ਸੋਭਦੀ, ਉਹਦੀ ਅਣਖਾਂ ਭਰੀ ਨੁਹਾਰ ਸੀ।
ਉਹਦੇ ਨੈਣੋਂ ਡੁੱਲਦੀਆਂ ਮਸਤੀਆਂ, ਪਏ ਪੀਂਦੇ ਸਭ ਨਰ-ਨਾਰ ਸੀ।
ਉਹਦੇ ਮੱਥੇ ਚਮਕਣ ਬਿਜਲੀਆਂ, ਉਹ ਰੱਬ ਦਾ ਨਿਰਾ ਦੀਦਾਰ ਸੀ।
ਉਹਦੇ ਮੋਢੇ ਭੱਥਾ ਤੂਸਿਆ, ਅਣੀ ਆਲੇ ਵਿਚ ਹਜ਼ਾਰ ਸੀ।

ਉਹਦੇ ਖ਼ੂਬ ਮੁਛਹਿਰੇ ਕੁੰਢਲੇ, ਉਹਦੀ ਕੇਸਰੀ ਜਿਹੀ ਦਸਤਾਰ ਸੀ।
ਉਹਦੇ ਚੱਕਰ ਸੋਹਣ ਸੁਦਰਸ਼ਨੀ, ਜਿਵੇਂ ਮਥਰਾ ਕ੍ਰਿਸ਼ਨ ਮੁਰਾਰ ਸੀ।
ਉਹਦੇ ਹੱਥ ਵਿਚ ਉਡਦਾ ਬਾਜ ਸੀ, ਜੀਹਦੀ ਜੱਗੋਂ ਵੱਖ ਉਡਾਰ ਸੀ।
ਉਹਨਾਂ ਪਾਇਆ ਪੁਸ਼ਾਕਾਂ ਮਖਮਲੀ ਜਿਵੇਂ ਫੁੱਲਾਂ ਦੀ ਗੁਲਜ਼ਾਰ ਸੀ।
ਉਹਦੇ ਗਾਤਰੇ ਵਿਚ ਤਲਵਾਰ ਸੀ, ਪਰ ਬੁੱਲ੍ਹਾਂ ਵਿਚ ਕਰਤਾਰ ਸੀ।
ਉਹਦਾ ਵੇਖ ਕੇ ਰੋਅਬ ਅਨੋਖੜਾ, ਭੁੱਲ ਜਾਂਦੇ ਸ਼ਾਹ ਅਸਵਾਰ ਸੀ।
ਜਦ ਖਬਰ ਸੁਣੀ ਜਾਸੂਸ ਤੋਂ, ਹੱਸ ਬੋਲੇ ਨਿਰੇ ਪਿਆਰ ਸੀ।
ਹੈ ਇਕੋ ਓਟ ਅਕਾਲ ਦੀ, ਉਹਨਾਂ ਸਭ ਨੂੰ ਕਿਹਾ ਉਚਾਰ ਸੀ।
ਨਹੀਂ ਖਾਲਸਾ ਜੀ ਘਬਰਾਵਣਾ, ਕੀ ਹੋਇਆ ਹਾਥੀ ਆਏਗਾ।
ਉਹਨੂੰ ਹੈਸੀ ਨਸ਼ਾ ਸ਼ਰਾਬ ਦਾ, ਉਹ ਚੀਕ-ਚਿਹਾੜਾ ਪਾਏਗਾ।
ਉਹ ਟੱਕਰਾਂ ਵੀ ਕਈ ਲਾਏਗਾ, ਉਹ ਸੁੰਡ ਨੂੰ ਖ਼ੂਬ ਘੁਮਾਏਗਾ।
ਉਹਦੀ ਧੌਣ 'ਤੇ ਹੋਊ ਮਹੌਤ ਵੀ, ਟਿੱਲ ਆਪਣਾ ਸਾਰਾ ਲਾਏਗਾ।
ਪਰ ਸਾਡਾ ਹਾਥੀ ਦੁਨੀ ਚੰਦ, ਇਹ ਆਪਣੇ ਜ਼ੌਹਰ ਵਿਖਾਏਗਾ।
ਇਹ ਹੱਥ ਵਿਚ ਬਰਛਾ ਫੜੇਗਾ, ਤੇ ਲਾ ਕੇ ਜ਼ੋਰ ਚਲਾਏਗਾ।
ਇਹਦਾ ਬਰਛਾ ਤਵੀਆਂ ਵਿੰਨ੍ਹ ਕੇ, ਮੱਥੇ ਵਿਚ ਪਾੜਾ ਪਾਏਗਾ।
ਇਹਨੂੰ ਘੋੜੇ ਚੜ੍ਹਿਆ ਵੇਖ ਕੇ, ਪਿਆ ਖੌਫ ਕਾਲ ਵੀ ਖਾਏਗਾ।
ਇਹ ਕਈਆਂ ਦੇ ਸਿਰ ਲਾਹੇਗਾ, ਇਹ ਖ਼ੂਬ ਜੈਕਾਰੇ ਗਜਾਏਗਾ।
ਇਹ ਪਾਊ ਹੱਸ ਸ਼ਹੀਦੀਆਂ, ਇਹ ਸੱਚਖੰਡ ਦੇ ਵਿਚ ਜਾਏਗਾ।
ਜਦ ਗੱਲ ਕਹੀ ਮਹਾਰਾਜ ਨੇ, ਦੁਨੀ ਚੰਦ ਵੀ ਬੈਠਾ ਕੋਲ ਸੀ।
ਇਹਦਾ ਪਿੰਡ 'ਮਜੀਠਾ' ਦੱਸਦੇ, ਇਹ ਚੁਸਤ ਚਤਰ ਮਿੱਠਬੋਲ ਸੀ।
ਇਹ ਭਾਈ ਸਾਹਲੋ ਦਾ ਪੋਤਰਾ, ਜੋ ਸਿਦਕੀ ਸਿੱਖ ਅਣਭੋਲ ਸੀ।
ਪਰ ਇਹ ਚਾਲਾਕ ਮਸੰਦ ਸੀ, ਠਿੱਠ ਕਰਦਾ ਸੁਗਲ ਕਲੋਲ ਸੀ।
ਉਗਰਾਹੀ ਕਰ-ਕਰ ਲਿਆਂਵਦਾ, ਗੁਰਸਿੱਖੀ ਲੈਂਦਾ ਟੋਲ ਸੀ।
ਇਹ ਸਿੱਖਾਂ ਦੇ ਦਸਵੰਧ ਦੀ, ਝੱਟ ਲੈਂਦਾ ਗੰਢ ਫਰੋਲ ਸੀ।
ਇਹਦੀਆਂ ਅੱਖਾਂ ਨਿੱਕੀਆਂ-ਨਿੱਕੀਆਂ, ਨੱਕ ਲੰਮਾ ਗੱਲ੍ਹਾਂ ਗੋਲ ਸੀ।
ਇਹਦਾ ਖੁੱਲ੍ਹਾਂ ਚੋਲਾ ਰੇਸ਼ਮੀ, ਇਹਦੀ ਗੋਗੜ ਲੁੱਕਦਾ ਢੋਲ ਸੀ।
ਇਹਦਾ ਢਿਲਕਵਾ ਜਿਹਾ ਸਰੀਰ ਸੀ, ਸੁਖ ਰਹਿਣਾ ਬਹੁਤਾ ਸੋਹਲ ਸੀ।
ਇਹਦਾ ਸੁਣ ਸੁਣ ਕੇ ਦਿਲ ਕੰਬਦਾ, ਸਦ ਜੰਗ ਵਿਚ ਵੱਜਦਾ ਢੋਲ ਸੀ।
ਇਹਦਾ ਉੱਤੋਂ ਕਾਫੀ ਰੋਅਬ ਸੀ, ਪਰ ਅੰਦਰ ਲਾ ਗਿਆ ਡੋਲ ਸੀ।
ਜਦ ਗੱਲ ਸੁਣੀ ਦਸਮੇਸ਼ ਤੋਂ, ਇਹ ਅੰਦਰੋਂ-ਅੰਦਰ ਡਰ ਗਿਆ।
ਰੰਗ ਫਿੱਕਾ ਪੀਲਾ ਪੈ ਗਿਆ, ਇਹਦਾ ਗੁੱਸਾ ਬਿਲਕੁਲ ਠਰ ਗਿਆ।
ਇਹਨੂੰ ਠੰਢੀ ਤਰੇਲੀ ਆ ਗਈ, ਦਿਲ ਕੰਬਿਆ ਹੌਕਾ ਭਰ ਗਿਆ।

ਨਾਂ ਸੁਣ ਕੇ ਫੀਲ ਨਸ਼ਈ ਦਾ, ਇਹ ਜਿਉਂਦਾ ਹੀ ਬਸ ਮਰ ਗਿਆ।
ਇਹ ਸੋਚੇ ਮੇਰੇ ਢਿੱਡ 'ਤੇ, ਜੇ ਹਾਥੀ ਪੈਰ ਨੂੰ ਧਰ ਗਿਆ।
ਮੈਂ ਮਿੱਧਿਆ ਦਲਿਆ ਜਾਊਗਾ, ਮੇਰਾ ਭਾਗ ਸਮਝ ਲਓ ਹਰ ਗਿਆ।
ਉਹਨੂੰ ਮੁੜ-ਮੁੜ ਗੁੱਸਾ ਆਂਵਦਾ, ਕਹੇ ਗੁਰੂ ਚਲਾਕੀ ਕਰ ਗਿਆ।
ਕੀ ਟਾਕਰਾ ਫੀਲ ਮਨੁੱਖ ਦਾ, ਬਸ ਮੇਰਾ ਕਾਰਜ ਸਰ ਗਿਆ।
ਉਹ ਕੱਚੇ ਘੜੇ ਦੇ ਵਾਗਰਾਂ, ਬਿਨ ਪਾਣੀ ਦੇ ਹੀ ਖਰ ਗਿਆ।
ਉਹ ਮਨ ਵਿਚ ਸੋਚਾਂ ਸੋਚਦਾ, ਮੈਂ ਕਿਉਂ ਨਾ ਛਾਤੀ ਘਰ ਗਿਆ।
ਉਹ ਸਿੰਘਾਂ ਨੂੰ ਸਮਝਾਵਦਾ, ਹੈ ਕੌਣ ਅਕਾਲ ਨੂੰ ਚਰ ਗਿਆ।
ਇਹ ਖਾਲਸਾ ਜੀ ਇਨਸਾਫ ਨਹੀਂ, ਇਹ ਮੈਂ ਹੀ ਸਾਂ ਗੱਲ ਜਰ ਗਿਆ।
ਕਿਉਂ ਨਹੀਂ ਸਮਝਾਉਂਦੇ ਗੁਰਾਂ ਨੂੰ, ਮੇਰਾ ਹਿਰਖ ਨਾਲ ਦਿਲ ਭਰ ਗਿਆ।
ਜੇ ਸਾਰੇ ਛੱਡ ਮਸੰਦ ਗਏ, ਤਾਂ ਸਮਝੋ ਬੇੜਾ ਤਰ ਗਿਆ।

## ਸਿੰਘਾਂ ਨੇ ਹੌਂਸਲਾ ਦੇਣਾ

ਸਿੰਘਾਂ ਆਖਿਆ ਦੂਨੀ ਚੰਦ, ਕਰ ਕੁਛ ਸੋਚ ਵਿਚਾਰ।
ਸਤਿਗੁਰ ਸੱਚੇ ਪਾਤਿਸ਼ਾਹ, ਕਰਣ ਕਰਾਵਣ ਹਾਰ।
ਸਰਬ ਕਲਾ ਸਮਰੱਥ ਨੇ ਸ਼ਕਤੀ ਦੇ ਅਵਤਾਰ।
ਤੈਨੂੰ ਤਾਂ ਵਡਿਆਈ ਹੀ, ਦੇਣੀ ਬਖਸ਼ਣਹਾਰ।
ਤਗੜਾ ਹੋ ਕਰ ਹੌਂਸਲਾ, ਰਾਖਾ ਗੁਰ ਦਾਤਾਰ।
ਹਾਥੀ ਦਾ ਕਰ ਟਾਕਰਾ, ਲੈ ਕੇ ਹੱਥ ਹਥਿਆਰ।
ਜਦ ਤੂੰ ਬਰਛਾ ਮਾਰਿਆ, ਸਕਣਾ ਨਹੀਂ ਸਹਾਰ।
ਅੱਗੇ ਲੱਗ ਕੇ ਨੱਸਣਾ, ਹਾਥੀ ਚੀਕਾਂ ਮਾਰ।
ਸਾਰੇ ਜੱਗ ਤੇ ਹੋਵਣੀ, ਤੇਰੀ ਜੈ-ਜੈ ਕਾਰ।
ਨਾਲੇ ਗੁਰ ਪਰਸੰਨ ਹੋਊ, ਸੋਭਾ ਵਿਚ ਸੰਸਾਰ।
ਸਿਰ 'ਤੇ ਹੱਥ ਹੈ ਗੁਰਾਂ ਦਾ, ਕਦੇ ਨਹੀ ਔਣੀ ਹਾਰ।
ਚੜ੍ਹ ਪਓ ਸੋਧ ਅਰਦਾਸ ਨੂੰ, ਰਾਖਾ ਖੁਦ ਕਰਤਾਰ।
ਦੂਨੀ ਚੰਦ ਨੇ ਸੋਚਿਆ, ਸਭੇ ਖੰਡਨ ਦਾ।
ਸਭਨਾਂ ਪਾਸ ਹੋਵਣਾ, ਮੈਨੂੰ ਵਿਚ ਫਸਾ।
ਮੈਂ ਨਹੀਂ ਛਾਨ ਗਵਾਵਣੀ, ਗੱਲਾਂ ਦੇ ਵਿਚ ਆ।
ਮੈਨੂੰ ਚਾਹੁੰਦੇ ਮਾਰਨਾ ਹਾਥੀ ਅੱਗੇ ਡਾਹ।
ਰੱਜਿਆ ਹੋਊ ਸ਼ਰਾਬ ਦਾ, ਹਾਥੀ ਬੜੀ ਬਲਾ।
ਕਿਉਂ ਅਨਿਆਈ ਮੌਤ ਨੂੰ, ਆਪੇ ਲਵਾਂ ਬੁਲਾ।
ਸਾਥੀ ਆਪਣੇ ਸੱਦ ਲਏ, ਲੱਗਾ ਕਰਣ ਸਲਾਹ।

ਰਾਤੋ-ਰਾਤ ਹੀ ਜਾਣ ਦੀ, ਲਵੋ ਸਕੀਮ ਬਣਾ।
ਪਿਛਲੇ ਪਾਸੇ ਕਿਲ੍ਹੇ ਦੇ, ਰੱਸੇ ਲਓ ਲਮਕਾ।
ਨੱਸੋ ਛਾਲਾਂ ਮਾਰ ਕੇ, ਜਾਨਾਂ ਲਵੋ ਬਚਾ।
ਬੀਤੀ ਅੱਧੀ ਰਾਤ ਜਾ, ਹੋ ਗਏ ਸਨ ਤਿਆਰ।
ਆ ਗਏ ਪਿੱਛੇ ਕਿਲ੍ਹੇ ਦੇ, ਬਣ ਕੇ ਪਹਿਰੇਦਾਰ।
ਨੱਸਣ ਲੱਗੇ ਗੁਰਾਂ ਤੋਂ, ਚੋਰੀ ਛਾਲਾਂ ਮਾਰ।
ਦੁਨੀ ਚੰਦ ਜਦ ਲਮਕਿਆ, ਚੋਖਾ ਸੀਗਾ ਭਾਰ।
ਅੱਧ 'ਚੋਂ ਰੱਸਾ ਟੁੱਟਿਆ ਡਿੱਗਾ ਖੱਡ ਵਿਚਕਾਰ।
ਗੋਡੇ ਤੋਂ ਲੱਤ ਟੁੱਟ ਗਈ, ਹੋ ਗਿਆ ਬੜਾ ਲਾਚਾਰ।
ਸਾਥੀ ਇਹਦੇ ਚੁੱਕ ਕੇ, ਲੈ ਗਏ ਹੁਸ਼ਿਆਰ।
ਜਦੋਂ ਮਜੀਠੇ ਪਹੁੰਚਿਆਂ, ਸਭ ਨੇ ਪਾਈ ਧਿਰਕਾਰ।
ਗੁਰ ਤੋਂ ਬੇ-ਮੁੱਖ ਹੋ ਕੇ, ਆ ਗਏ ਦੁਸ਼ਟ ਮਕਾਰ।
ਤਾਹਨੇ ਮਾਰੇ ਸਭ ਨੇ, ਜੀਣਾ ਹੋਇਆ ਦੁਸ਼ਵਾਰ।
ਔਖਾ ਬਚਣਾ ਮੌਤ ਤੋਂ, ਕਰ ਲਏ ਯਤਨ ਹਜ਼ਾਰ।
ਸੱਪ ਲੜ ਕੇ ਉਹ ਮਰ ਗਿਆ ਗਿਆ ਅਪਜਸ ਖਿਲਾਰ।
ਜਦ ਖਬਰ ਹੋਈ ਮਹਾਰਾਜ ਨੂੰ ਨੱਸ ਗਿਆ ਕਮੀਨਾ।
ਉਹਨਾਂ ਓਸੇ ਵੇਲੇ ਸੱਦਿਆ ਇਕ ਸਿੰਘ ਨਗੀਨਾ।
ਜੀਹਦਾ ਨਾਮ ਬਚਿੱਤਰ ਸਿੰਘ ਸੀ ਗੁਰਸੰਗ ਲਿਵਲੀਨਾ।
ਓਹਦੇ ਡੌਲੇ ਮੁਦਗਰ ਲੋਹੇ ਦੇ ਉਹਦਾ ਚੌੜਾ ਸੀਨਾ।
ਉਹਨੂੰ ਥਾਪੀ ਦਿੱਤੀ ਗੁਰਾਂ ਨੇ ਕਿਹਾ ਸੁਣੀ ਸ਼ੁਕੀਨਾ।
ਇਕ ਹਾਥੀ ਭੇਜਿਆ ਰਾਜਿਆਂ ਬੁਜ਼ਦਿਲ ਬੰਦੀਨਾ।
ਜਾਹ ਮੱਥਾ ਉਹਦਾ ਵਿੰਨ੍ਹ ਦੇ ਮੁੱਕ ਜਾਵੇ ਕੀਨਾ।
ਸਿੰਘ ਓਸੇ ਵੇਲੇ ਗੱਜਿਆ ਛੁਟ ਪਿਆ ਪਸੀਨਾ।
ਉਹਦੇ ਛਾਲ ਮਾਰ ਕੇ ਚੜ੍ਹ ਗਿਆ ਲੈ ਘੋੜਾ ਚੀਨਾ।
ਓਹਨੇ ਗੱਜ ਜੈਕਾਰਾ ਛੱਡਿਆ ਕੰਬ ਗਿਆ ਮਦੀਨਾ।
ਹਨ ਅਣਖੀ ਜਾਨਾਂ ਵਾਰਦੇ ਨਹੀਂ ਮੰਨਦੇ ਈਨਾ।
ਉਹਦੇ ਨਾਲ ਉਦੇ ਸਿੰਘ ਸੂਰਮਾਂ ਲੈ ਤੁਰਿਆ ਜੱਥਾ।
ਉਹਦੇ ਗਾਤਰੇ ਪੁੱਤਰੀ ਕਾਲ ਦੀ ਉਹਦੇ ਮੋਢੇ ਭੱਥਾ।
ਉਹਦੇ ਫੱਲਨ ਮੁਛਹਿਰੇ ਕੁੰਢਲੇ ਰੋਹ ਭਰਿਆ ਮੱਥਾ।
ਉਹਦੇ ਨੇਜ਼ੇ ਵੱਢਣਾ ਸਿਰਾਂ ਦਾ ਰਣ ਦੇ ਵਿਚ ਦੱਥਾ।
ਉਹਨੇ ਖੇਡਣਾ ਵਿਚ ਮੈਦਾਨ ਦੇ ਅਜ ਖੂਬ ਪਲੱਥਾ।
ਉਹਦੇ ਵੀਰ ਬਚਿੱਤਰ ਸਿੰਘ ਦੀ ਜੱਗ ਕਰਸੀ ਕੱਥਾ।

ਜਿਸ ਬਰਛੇ ਦੇ ਨਾਲ ਵਿਨਣਾ ਹਾਥੀ ਦਾ ਮੱਥਾ।
ਜਿਵੇਂ ਲੱਕੜ ਦੇ ਵਿਚ ਠੋਕਦਾ ਤਰਖਾਣ ਹੈ ਸੱਥਾ।
ਉਹਦੇ ਸਾਹਵੇਂ ਜਿਹੜਾ ਆ ਗਿਆ ਹੋ ਜਾਊ ਨਿਹੱਥਾ।
ਅੱਜ ਯੁੱਧ ਵੇਖਣ ਕੈਲਾਸ਼ ਤੋਂ ਆ ਸ਼ਿਵਜੀ ਲੱਥਾ।
ਓਥੇ ਯੋਧਿਆ ਸ਼ਸ਼ਤਰ ਪਹਿਨ ਲਏ ਪਾ ਹੱਥ ਪੜੱਥਾ।
ਅੱਜ ਭੀਮ ਅਰਜਨ ਦੀ ਵਾਰ ਦਾ ਹੋ ਜਾਊ ਉਲੱਥਾ।
ਜਦ ਬਾਹਰ ਨਿਕਲ ਪਏ ਕਿਲ੍ਹੇ 'ਚ ਨੱਚ ਉਠੇ ਘੋੜੇ।
ਓਥੇ ਸੁੰਮਾਂ ਧਰਤੀ ਪੱਟ ਤੀ ਲੈ ਆਂਦੇ ਲੋਹੜੇ।
ਓਥੇ ਗੱਭਰੂ ਮੜੇ ਸੰਜੋਆਂ ਵਿਚਕਰਾਲਾ ਚੱਕਰ ਤੋੜੇ।
ਜਦ ਆਵਣ ਮਰਦ ਮੈਦਾਨ ਵਿਚ ਫਿਰ ਕਿਹੜਾ ਹੋੜੇ।
ਅਜ ਤੇਗਾਂ ਰਣ ਵਿਚ ਕੱਤਣੇ ਮਰਦਾਂ ਦੇ ਗੋਹੜੇ।
ਜੱਗ ਵੇਖੂ ਲਹੂ ਦੀ ਧਾਰ ਵਿਚ ਜਦ ਹਾਥੀ ਰੋਹੜੇ।
ਅਜ ਨਵਾਂ ਤਮਾਸ਼ਾ ਹੋਵਣਾ ਕਈ ਗਏ ਝਜੋੜੇ।
ਜਿਹਨਾਂ ਮੌਤ ਵਿਔਣੀ ਦਿਲਬਰਾ ਨਹੀ ਰਹਿੰਦੇ ਮੋੜੇ।
ਓਧਰ ਚੜ੍ਹ ਪਏ ਜੰਗ ਨੂੰ ਰਲ ਆੜੀ-ਆੜੀ।
ਇਕ ਦਾ ਸੈਨਾ ਮੁਗਲ ਦੀ ਇਕ ਤਰਫ ਪਹਾੜੀ।
ਉਹ ਨਿੱਤ ਸਭਿਆਸੀ ਜੰਗ ਦੇ ਕੋਈ ਨਹੀਂ ਅਨਾੜ।
ਕਿਸੇ ਬਰਛੀ ਤੇਗ ਬੰਦੂਕ ਲੈ ਹੱਥਾਂ ਵਿਚ ਹਾੜੀ।
ਕੋਈ ਖਿਚ ਖਿਚ ਜੋਹੇ ਕਮਾਨ ਨੂੰ ਉਹਨੇ ਤੰਦੀ ਚਾੜੀ।
ਉਹਨਾਂ ਮੋਹਰੇ ਹਾਥੀ ਲਾ ਲਿਆ ਮਿੱਧ ਸੁੱਟਣੀ ਵਾੜੀ।
ਉਹ ਰੱਜਿਆ ਨਾਲ ਸ਼ਰਾਬ ਦੇ ਜਾਂਦਾ ਚੰਘਾੜੀ।
ਉਹ ਸੁੰਡ ਮਾਰ ਕੇ ਸੁੱਟਦਾ ਦਲ ਜਾਂਦਾ ਦਾੜੀ।
ਖੁਲ੍ਹ ਗਈ ਪਰਬਤ ਕੈਲਾਸ਼ ਤੇ ਸ਼ਿਵ ਜੀ ਦੀ ਤਾੜੀ।
ਔਹ ਕੇਸਰੀ ਚੰਦ ਗਜਰਾਜ ਦੇ ਆ ਰਿਹਾ ਪਛਾੜੀ।
ਉਹਦੇ ਨੇਤਰਾਂ 'ਚੋਂ ਅੱਗ ਬਰਸਦੀ ਜਾਂਦੀ ਸੀ ਸਾੜੀ।
ਉਹਦੇ ਆਖੇ ਸਿੰਘ ਕਰ ਸੁੱਟਣੇ ਅਜ ਫਾੜੀ-ਫਾੜੀ।
ਅੱਜ ਢੌਹਣੀ ਲੋਹਗੜ੍ਹ ਕਿਲ੍ਹੇ ਦੀ ਹਰ ਮਮਟੀ ਮਾੜੀ।
ਉਹਨੇ ਮੌਤ ਦਾ ਗਾਨਾ ਬੰਨ੍ਹਿਆ ਵਰ ਲੈਣੀ ਲਾੜੀ।
ਇਕ ਪ੍ਰਿਥੀ ਰਾਓ ਜਰਨੈਲ ਵੀ ਵਧ ਰਿਹਾ ਅਗਾੜੀ।
ਅੱਜ ਯੋਧਿਆਂ ਦੀ ਵਿਚ ਜੰਗ ਦੇ ਰੱਤ ਡੁੱਲ੍ਹਣੀ ਗਾੜੀ।
ਪਰ ਮਾਲੀ ਕਿਵੇਂ ਬਚਾਵਦਾ ਵੇਖੋ ਫੁੱਲਵਾੜੀ।
ਔਹ ਆਉਂਦਾ ਬੀਰ ਬਚਿੱਤ੍ਰ ਸਿੰਘ ਅਣਖੀ ਜੋਸ਼ੀਲਾ।

ਉਹਦੇ ਨੇਤਰ ਲਾਲੋ-ਲਾਲ ਸੀ ਜਿਉਂ ਸ਼ੇਰ ਨਸ਼ੀਲਾ।
ਫੱਬ ਰਹੇ ਮੁਛਹਿਰੇ ਕੁੰਢਲਾ ਮੱਥਾ ਚਮਕੀਲਾ।
ਉਹ ਮੜ੍ਹਿਆ ਨਾਲ ਸੰਜੋਅ ਦੇ ਉਹਦਾ ਬਾਣਾ ਨੀਲਾ।
ਉਹਦਾ ਘੋੜਾ ਔਂਦਾ ਨੱਚਦਾ ਫਨੀਅਰ ਫੁਰਤੀਲਾ।
ਉਹ ਹਾਥੀ ਦੇ ਨਾਲ ਲੜੇਗਾ ਬਲਬੀਰ ਹਠੀਲਾ।
ਜੱਗ ਅਮਰਤ ਸ਼ਕਤੀ ਵੇਖਣੀ ਬਣ ਗਿਆ ਵਸੀਲਾ।
ਅੱਜ ਕਰੂ ਕ੍ਰਿਸ਼ਮੇ ਦਿਲਬਰਾ ਸਿੰਘ ਛੈਲ ਕਬੀਲਾ।
ਜਦ ਹਾਥੀ ਸਿੰਘ ਨੇ ਵੇਖਿਆ ਰੰਗ ਕਾਲਾ ਸੌਲਾ।
ਉਸ ਕਲਗੀਧਰ ਅਰਾਧਿਆ ਉਹਦਾ ਫਰਕਿਆ ਡੌਲਾ।
ਉਹਨੂੰ ਬਰਛਾ ਨੌ ਫੁਟ ਜਾਪਿਆ ਕੱਖਾਂ ਤੋਂ ਹੌਲਾ।
ਉਹਨੂੰ ਆਪਣੇ ਅੰਦਰ ਪੈ ਗਿਆ ਸ਼ੇਰਾਂ ਦਾ ਝੌਲਾ।
ਔਹ ਹਾਥੀ ਪਿਆ ਚੰਘਾੜਦਾ ਪੀ ਹੋਇਆ ਬੌਲਾ।
ਓਦੇ ਘੋੜੇ ਛਾਲਾਂ ਮਾਰੀਆਂ ਮੱਚ ਉਠਿਆ ਰੌਲਾ।
ਉਹਨੇ ਸੁੰਮ ਰਖੇ ਦੋ ਸੁੰਡ ਤੇ ਅਜ ਰਾਖਾ ਮੌਲਾ।
ਜਿਵੇਂ ਫਨੀਅਰ ਨਾਗ ਦੇ ਫਨ ਤੇ ਚੜ੍ਹ ਗਿਆ ਨਿਔਲਾ।
ਸਿੰਘ ਪੈ ਗਿਆ ਖਿੱਚ ਕੇ ਨਾਗਣੀ ਜਿਵੇਂ ਵਾ ਵਰੋਲ।
ਅੱਜ ਸਫਲਾ ਕਰਨਾ ਗੁਰਾਂ ਦਾ ਖਾਧਾ ਤਰਿਹੰਲ।
ਸਿੰਘ ਆਖਿਆ ਗੁਰ ਮੇਰੇ ਸੰਗ ਹੈ ਉਹਦੀ ਸ਼ਕਤੀ ਭਾਰੀ।
ਉਹਨੇ ਨਾਗਣੀ ਖਿੱਚ ਗਜ ਰਾਜ ਮੱਥੇ ਵਿਚ ਮਾਰੀ।
ਉਹ ਲੰਘ ਗਈ ਤਵੀਆਂ ਵਿੰਨ੍ਹਕੇ ਵਾਹ ਕਲਾ ਨਿਆਰੀ।
ਉਹ ਦੋ ਫੁਟ ਮੱਥਾ ਚੀਰ ਗਈ ਜਿਵੇਂ ਲੱਕੜ ਆਰੀ।
ਸਿੰਘ ਗੇੜਾ ਦੇ ਕੇ ਖਿੱਚ ਲਈ ਕਰਕੇ ਹੁਸ਼ਿਆਰੀ।
ਝੱਟ ਮੱਥੇ ਵਿਚੋਂ ਖ਼ੂਨ ਦੀ ਨਿਕਲੀ ਪਿਚਕਾਰੀ।
ਓਥੇ ਹਾਥੀ ਚੀਕਾਂ ਮਾਰੀਆਂ ਸੱਟ ਪਈ ਕਰਾਰੀ।
ਵਾਹ ਕਲਗੀਧਰ ਮੇਰੇ ਪਾਤਸ਼ਾਹ ਤੇਰੇ ਸਦਕੇ ਵਾਰੀ।
ਜਦ ਹਾਥੀ ਪਿਛੇ ਮੁੜ ਪਿਆ ਜੋ ਜਖਮੀ ਝੱਲਾ।
ਉਹਦੇ ਮਗਰ ਬਚਿੱਤਰ ਸਿੰਘ ਨੇ ਕਰ ਦਿੱਤਾ ਹੱਲਾ।
ਉਹ ਗੱਜਿਆ ਪੈ ਜਉ ਸੂਰਿਓ ਕੱਢ ਦਿਓ ਕੁੜੱਲਾ।
ਸਿੰਘ ਧੂਹ ਤਲਵਾਰਾਂ ਜਾ ਪਏ ਮੱਚਿਆ ਤਰਥੱਲਾ।
ਪਿਆ ਸੌ-ਸੌ ਵੈਰੀ ਢਾਹਵਦਾ ਸਿੰਘ ਕੱਲਾ-ਕੱਲਾ।
ਕੋਈ ਸਿਮਰੇ ਭੈਰੋਂ ਬੀਰ ਨੂੰ ਕੋਈ ਆਖੇ ਅੱਲਾ।
ਓਥੇ ਤੀਰਾਂ ਦੀ ਝੜੀ ਲੱਗ ਗਈ ਜਿਉਂ ਨਦੀ ਉਛੱਲਾ।

ਪਰ ਕੇਸਰੀ ਚੰਦ ਨੇ ਆਣ ਕੇ ਪਾ ਦਿੱਤਾ ਠੱਲ੍ਹਾ।
ਜਦ ਹਾਥੀ ਮੁੜਿਆ ਵੇਖਿਆ ਛਾ ਗਈ ਹੈਰਾਨੀ।
ਉਹਨੇ ਮਾਰਨ ਦੀ ਜਾਂ ਮਰਨ ਦੀ ਅੱਜ ਦਿਲ ਵਿਚ ਠਾਨ।
ਉਹ ਸੈਨਾ ਲੈ ਕੇ ਆ ਪਿਆ ਜਿਉਂ ਲਹਿਰ ਤੂਫਾਨੀ।
ਉਹਦੀ ਅਣਖ ਹੁਲਾਰਾ ਮਾਰਿਆ ਉਸ ਕਿਹਾ ਜ਼ਬਾਨੀ।
ਮੈਂ ਲੇਖੇ ਲੌਣੀ ਕੌਮ ਦੇ ਆਪਣੀ ਜ਼ਿੰਦਗਾਨੀ।
ਉਸ ਭੀਮ ਚੰਦ ਨੂੰ ਆਖਿਆ ਗੱਲ ਸੁਣੋ ਭਰਾਵੋ।
ਅਜ ਮਰ ਜਾਵੋ ਜਾਂ ਮਾਰ ਲਓ ਪਰ ਅਣਖ ਬਚਾਵੋ।
ਅੱਜ ਤਾਕਤ ਪੂਰੀ ਵਰਤ ਲਓ ਟਿੱਲ ਸਾਰਾ ਲਾਵੋ।
ਪਰ ਕਿਲ੍ਹਾ ਅਨੰਦਪੁਰ ਗੁਰੂ ਤੋਂ ਇਕ ਵਾਰ ਛੁਡਾਵੋ।
ਹੁਣ ਮੁਗਲ ਫੌਜ ਵੀ ਨਾਲ ਹੈ ਕੁਛ ਕਰ ਦਿਖਲਾਵੋ।
ਤੁਹਾਨੂੰ ਸੌਂਹ ਹੈ ਦੇਵੀ ਮਾਂ ਦੀ ਜੇ ਘਰ ਨੂੰ ਜਾਵੋ।
ਉਹਨਾਂ ਜੈ-ਜੈ ਆਖ ਕੇ ਕਰ ਦਿੱਤਾ ਧਮਾਕਾ।
ਉਹਨਾਂ ਕਿਹਾ ਮੁਗਲ ਜਰਨੈਲ ਨੇ ਅੱਜ ਤੱਕ ਲੋ ਆਕਾ।
ਅਸਾਂ ਕੀਤਾ ਪਰਣ ਨਿਭਾਵਣਾ ਸਭ ਖਿਚ ਲਿਆ ਖਾਕਾ।
ਅਜ ਲੌਹਣਾ ਅਪਣੀ ਤੇਗ ਦਾ ਲਹੂ ਦੇ ਕੇ ਫਾਕਾ।
ਉਹਨਾਂ ਕਹਿਰੀ ਹੱਲਾ ਬੋਲਿਆ ਕੱਢ ਦਿੱਤਾ ਕੜਾਕਾ।
ਪਰ ਸਿੰਘ ਵੀ ਕੰਧ ਸੀ ਲੋਹੇ ਦੀ ਬੰਨ੍ਹ ਦਿੱਤਾ ਠਾਕਾ।
ਓਥੇ ਧੜ-ਧੜ ਤੋਪਾਂ ਚੱਲੀਆਂ ਪੈ ਗਿਆ ਭੜਾਕਾ।
ਹੋਏ ਯੋਧੇ ਆਮੋ-ਸਾਹਮਣੇ ਤੋੜਨ ਲਈ ਨਾਕਾ।
ਓਥੇ ਤੇਗਾਂ ਚੱਲੀਆਂ ਖਟਾ-ਖਟ ਹੋ ਰਿਹਾ ਖੜਾਕਾ।
ਕਈ ਯੋਧੇ ਵਾਰ ਚਲਾਂਵਦੇ ਦੇ-ਦੇ ਕੇ ਝਾਕਾ।
ਜਿਵੇਂ ਪੇਂਡੂ ਮੁੰਡੇ ਖੇਡਦੇ ਰਲ ਆਕਾ-ਬਾਕਾ।
ਸਭ ਲਹੂ ਨਾਲ ਗਿਆ ਰੰਗਿਆ ਸਤਿਲੁਜੀ ਇਲਾਕਾ।
ਜੱਗ ਯਾਦ ਕਰੇਗਾ 'ਦਿਲਬਰਾ' ਇਹ ਖ਼ੂਨੀ ਸਾਕਾ।
ਅੱਜ ਗੱਭਰੂ ਜੌਹਰ ਵਿਖਾਂਵਦੇ ਪਏ ਵਿਚ ਅਖਾੜੇ।
ਜਦ ਢਾਲੀ ਸੱਟਾਂ ਪੈਂਦਿਆਂ ਨਿਕਲਣ ਚੰਗਿਆੜੇ।
ਕਿਤੇ ਚੱਲਣ ਬੰਦੂਕਾਂ ਰਹਿਕਲੇ ਲਹੂ ਡੁੱਲ੍ਹਦੇ ਗਾੜੇ।
ਕਈ ਖਿੱਚ-ਖਿੱਚ ਤੀਰ ਚਲਾਂਵਦੇ ਚਿੱਲੇ ਤੇ ਚਾੜੇ।
ਕਿਤੇ ਚੱਲਣ ਗੋਲੇ ਤੋਪ ਦੇ ਪਾ ਰਹੇ ਉਜਾੜੇ।
ਜਿਵੇਂ ਤੇਜ਼ ਹਨੇਰੀ ਜੜ੍ਹਾਂ ਤੋਂ ਫੜ ਰੁੱਖ ਉਖਾੜੇ।
ਕਿਤੇ ਮੱਚਦੇ ਹੋਏ ਬਰੂਦ ਨੇ ਇਉਂ ਗੱਭਰੂ ਸਾੜੇ।

ਜਿਵੇਂ ਜੇਠ ਮਹੀਨੇ ਸੜਨ ਕੋਈ ਸੁੱਕ ਖਲਵਾੜੇ।
ਓਥੇ ਸਾਲੂ ਲੈ ਕੇ ਕਈ ਵਰ ਲਏ ਲਾੜੇ।
ਕਈ ਲੇਟੇ ਪੀ ਕੇ ਅਜਲ ਦੇ ਸਾਕੀ ਤੋਂ ਹਾੜੇ।
ਪਈ ਅੱਖ ਮੌਤ ਮੁਟਿਆਰ ਦੀ ਮਰਦਾਂ ਨੂੰ ਤਾੜੇ।
ਉਹਦੀ ਜਿਹਨੂੰ ਉਂਗਲ ਛੋਹ ਗਈ ਮੁੱਕ ਗਏ ਪੁਵਾੜੇ।
ਔਹ ਕੇਸਰੀ ਚੰਦ ਲਲਕਾਰ ਦਾ ਦਿਲ ਭੁੱਸਾ ਸੜਿਆ।
ਉਹਨੂੰ ਬੀਰ ਉਦੇ ਸਿੰਘ ਤੱਕਿਆ ਰੋਹ ਡਾਢਾ ਚੜ੍ਹਿਆ।
ਉਹਨੇ ਦਸਮਾਂ ਜਾਮਾ ਸਿਮਰਿਆ ਗੁਰ ਮੰਤਰ ਪੜ੍ਹਿਆ।
ਉਹਨੇ ਨੇਜ਼ਾ ਇਕ ਉਲਾਰਕੇ ਗਰਦਨ 'ਤੇ ਜੜਿਆ।
ਉਸਦਾ ਸੀਸ ਧੜੋਂ ਵੱਖ ਹੋ ਗਿਆ ਫੁੱਲ ਵਾਂਗੂ ਝੜਿਆ।
ਕੋਈ ਵਿਰਲਾ ਸੂਰਾ 'ਦਿਲਬਰਾ' ਸਿੰਘਾਂ ਨਾਲ ਅੜਿਆ।
ਜਦ ਡਿੱਗਾ ਕੇਸਰੀ ਚੰਦ ਸੀ ਮੱਚ ਗਈ ਦੁਹਾਈ।
ਸਿੰਘ ਟੁੱਟ ਪੈ ਵਾਂਗ ਤੂਫਾਨ ਦੇ ਕੋਈ ਆਫਤ ਆਈ।
ਬਲਵਾਨਾਂ ਖੂਬ ਮੈਦਾਨ ਵਿਚ ਚੰਡੀ ਖੜ੍ਹਕਾਈ।
ਸਭ ਨੱਸੇ ਫਿਰਨ ਪਹਾੜੀਏ ਜਿਉਂ ਫਿਰਨ ਸ਼ੁਦਾਈ।
ਕਈ ਘਾਇਲ ਡਿੱਗੇ ਤੜਪਦੇ ਉਹਨਾਂ ਸੁਰਤ ਭੁਲਾਈ।
ਜਿਵੇਂ ਬਹੁਤੀ ਪੀ ਕੇ ਰਿੰਦ ਪਏ ਮੁੱਕ ਗਈ ਸੁਰਾਹੀ।
ਕਈ ਹਾਥੀ ਥੱਲੇ ਮਿਧੜ ਕੇ ਮਰ ਗਏ ਸਿਪਾਹੀ।
ਕਈ ਤੌਬਾ-ਤੌਬਾ ਆਖਦੇ ਲਾਹੌਲ ਖੁਦਾਈ।
ਜਦ ਦੁਸ਼ਮਣ ਨੱਠੇ ਜੰਗ 'ਚੋਂ ਮੁੱਕ ਗਈ ਲੜਾਈ।
ਜਾ ਸਿੰਘਾਂ ਦਿੱਤੀ ਗੁਰਾਂ ਨੂੰ ਵਿਚ ਕਿਲ੍ਹੇ ਵਧਾਈ।
ਮੇਰੇ ਸਤਿਗੁਰ ਇਕ-ਇਕ ਬੀਰ ਨੂੰ ਅੱਜ ਜੱਫੀ ਪਾਈ।
ਜਦ ਯਾਦ ਕਰੇਗਾ 'ਦਿਲਬਰਾ' ਇਹ ਸੂਰਮ ਤਾਂਈ।

✡

# ਵਾਰ-ਬਾਬਾ ਦੀਪ ਸਿੰਘ ਸ਼ਹੀਦ

## ਦੁਰਾਨੀ ਦਾ ਚੌਥਾ ਹਮਲਾ

ਜਦ ਔਂਦਾ ਰਿਹਾ ਪੰਜਾਬ 'ਤੇ ਚੜ੍ਹ ਸ਼ਾਹ ਦੁਰਾਨੀ।
ਉਹਨੂੰ ਚੌਥੀ ਵਾਰੀ ਸੱਦਿਆ ਬੇਗਮ ਮੁਗਲਾਨੀ।
ਉਹਨੂੰ ਚਿੱਠੀ ਪਾਈ ਬਾਦਸ਼ਾਹ ਆਲਮਗੀਰ ਸਾਨੀ।
ਉਹਨੂੰ ਪੜ੍ਹ ਕੇ ਖੁਸ਼ੀਆਂ ਚੜ੍ਹ ਗਈਆਂ ਹੋ ਗਈ ਮਨ ਮਾਨੀ।
ਉਹਨੇ ਕੀਤਾ ਸ਼ੁਕਰ ਰਸੂਲ ਦਾ ਪੜ੍ਹ ਆਇਤ ਕੁਰਾਨੀ।
ਓਸ ਝੰਡਾ ਹਰਿਆ ਚੁਕਿਆ ਜਹਾਦ ਨਿਸ਼ਾਨੀ।
ਉਸ ਟੁੰਬ ਜਗਾਈ ਬੀਰਤਾ ਤੇ ਅਣਖ ਪਠਾਣੀ।
ਉਸ ਢੋਲ ਵਜਾਤਾ ਜੰਗ ਦਾ ਫੌਰਨ ਐਲਾਨੀ।
ਉਸ ਪਿੰਡੀਂ ਭੇਜੇ ਮੌਲਵੀ ਕਰਕੇ ਸ਼ੈਤਾਨੀ।
ਉਹਨਾਂ ਕਰ ਤਕਰੀਰਾਂ ਜੋਸ਼ ਵਿਚ ਚੁੱਕੇ ਤੁਰਕਾਨੀ।
ਨਾ ਸੁਣਕੇ ਮਜ਼ਬੀ ਜੰਗ ਦਾ ਭੜਕੇ ਅਫ਼ਗਾਨੀ।
ਓਹ ਕੱਠੇ ਹੋ ਗਏ ਦੇਸ਼ ਲਈ ਦੇਵਣ ਕੁਰਬਾਨੀ।
ਸ਼ਾਹ ਠਾਹਰਾ ਮਾਰਿਆ ਐਲੀ ਦਾ ਵਿਚ ਜੋਸ਼ ਜਵਾਨੀ।
ਉਸ ਆਖਿਆ ਉਠ ਯੋਧਿਓ ਕਰ ਲਓ ਮਨ ਮਾਨੀ।
ਤੁਸੀਂ ਜੋਹ ਲਏ ਅੱਗੇ ਜਾਇਕੇ ਸਭ ਹਿਦੁੰਸਤਾਨੀ।
ਨਾਂ ਸੁਣਕੇ ਤੁਹਾਡਾ ਕੰਬਦੇ ਵੱਡੇ ਅਭਿਮਾਨੀ।
ਤੁਸੀਂ ਉਹਨਾਂ ਦੀ ਔਲਾਦ ਹੋ ਜੋ ਬੀਰ ਲਾਸਾਨੀ।
ਤੁਸੀਂ ਜਿਸ ਦਮ ਜਾ ਕੇ ਪੀ ਲਿਆ ਰਾਵੀ ਦਾ ਪਾਣੀ।
ਤਾਂ ਦਿੱਲੀ ਤੇ ਕਰ ਛਾਂ ਜਊ ਸਭ ਮੁਰਦੇ ਹਾਣੀ।
ਉਸ ਲਿਆ ਜਰਨੈਲ ਜਹਾਨ ਖਾਂ ਜੰਗਾਂ ਦਾ ਜਾਨੀ।
ਇਕ ਦਲ ਚੜ੍ਹਿਆ ਪੰਜਾਬ 'ਤੇ ਕਹਿਰੀ ਤੁਫ਼ਾਨੀ।

### ਪਠਾਣਾਂ ਦੀ ਚੜ੍ਹਾਈ

ਉਹ ਚੜ੍ਹ ਪਏ ਐਲੀ-ਐਲੀ ਦੇ ਲਾ-ਲਾ ਕੇ ਨਾਹਰੇ।
ਉਹਨਾਂ ਆਖਿਆ ਭਾਰਤ ਲੁੱਟਣੀ 'ਚਾ ਦਿਲਵਿਚ ਧਾਰੇ।
ਉਹਨਾਂ ਲਈਆਂ ਤੇਗਾਂ ਬਰਛੀਆਂ ਗੰਡਾਸੇ ਭਾਰੇ।
ਉਨ੍ਹਾਂ ਤੋਪਾਂ ਲਈਆਂ ਅੱਗ ਦੇ ਉਗਲਣ ਅੰਗਿਆਰੇ।
ਲਾ ਮਹਿੰਦੀ ਗਾਨੇ ਬੰਨ੍ਹ ਲਏ ਵਿਚ ਜੋਸ਼ ਕਰਾਰੇ।

ਓਥੇ ਮਾਵਾਂ ਹੱਥੀਂ ਅਪਣੀ ਕਈ ਪੁੱਤ ਸ਼ਿੰਗਾਰੇ।
ਉਹਨਾਂ ਦੁੰਬੇ ਖਾਧੇ ਰੱਜ ਕੇ ਸਭ ਫਿਰਨ ਭੰਕਾਰੇ।
ਪਰ ਪਤਾ ਲੱਗਾ ਜਦ ਸਿੰਘਾਂ ਨੇ ਰਣ ਵਿਚ ਵੰਗਾਰੇ।

## ਲੁੱਟ-ਮਾਰ

ਉਹ ਲੰਘੇ ਅਟਕ ਝਨਾਂ ਨੂੰ ਕਰ ਮਾਰੋ ਮਾਰੀ।
ਉਹਨਾਂ ਲਏ ਨਜ਼ਰਾਨੇ ਆਣ ਕੇ ਲਾਹੌਰੋਂ ਭਾਰੀ।
ਉਹਨਾਂ ਬਾਰਾਂ ਕੁ ਦਿਨ ਕੱਟਕੇ ਫਿਰ ਕਰ ਲਈ ਤਿਆਰੀ।
ਸੀ ਮੁਗਲ ਸੋਚਦੇ ਆ ਗਈ ਦਿੱਲੀ ਦੀ ਵਾਰੀ।
ਉਹ ਬਿਨ ਜਾਗੋਂ ਹੀ ਜਾ ਵੜੇ ਦਿੱਲੀ ਬਲਕਾਰੀ।
ਕਿਸੇ ਯੋਧੇ ਨੇ ਨਾ ਰੋਕਿਆ ਫੌਜ ਵੰਗਾਰੀ।
ਓਹਨਾਂ ਕਤਲੇਆਮ ਮਚਾ ਦਿੱਤੀ ਹੱਥ ਤੇਗ ਸਵਾਰੀ।
ਓਹਨਾਂ ਲੁੱਟੇ ਸ਼ਾਹ ਅਮੀਰ ਕਈ ਰੌਲੀ ਸਰਦਾਰੀ।
ਓਹਨਾਂ ਸੋਹਣੀ ਲੜਕੀ ਛੱਡੀ ਨਾ ਵਿਆਹੀ ਜਾਂ ਕੁਵਾਰੀ।
ਓਹਨਾਂ ਘਰ ਘਰ ਪਿੱਟਣੇ ਪਾ ਦਿੱਤੇ ਰੌਵਨ ਨਰ-ਨਾਰੀ।

## ਖਾਲਸੇ ਦੀ ਦਲੇਰੀ

ਉਹ ਲੁੱਟਾਂ ਲੁੱਟ ਕੇ ਦਿੱਲੀਓਂ ਜਦ ਵਾਪਸ ਆਏ।
ਪੰਜਾਬ 'ਚ ਸਿੰਘਾਂ ਸੂਰਿਆਂ ਜੈਕਾਰੇ ਬੁਲਾਏ।
ਉਹਨਾਂ ਲੁੱਟੇ ਹੋਏ ਮਾਲ 'ਚੋਂ ਹਿੱਸੇ ਵੰਡਵਾਏ।
ਉਹਨਾਂ ਅਹਿਮਦ ਸ਼ਾਹ ਦੀ ਫੌਜ ਦੇ ਛੱਕੇ ਛੁਡਵਾਕੇ।
ਜਦ ਚੰਗੇ ਬੀਰੇ ਬਹਾਦਰਾਂ ਨੇ ਹੱਥ ਵਖਾਏ।
ਤਾਂ ਸੜ-ਬਲ ਕੋਇਲੇ ਹੋ ਕੇ ਸ਼ਾਹ ਹੁਕਮ ਚੜ੍ਹਾਏ।

## ਅਬਦਾਲੀ ਦਾ ਹੁਕਮ

ਉਹਨੇ ਸੱਕੇ ਪੁੱਤ ਤੈਮੂਰ ਨੂੰ ਦੇ ਜ਼ੁੰਮੇਂਵਾਰੀ।
ਉਹਨੂੰ ਦਿੱਤੀ ਆਪ ਲਾਹੌਰ ਦੀ ਉਸ ਸੂਬੇਦਾਰੀ।
ਇਕ ਸੈਨਾਪਤੀ ਜਹਾਨ ਖਾਂ ਸੰਗ ਪਲਟਨ ਭਾਰੀ।
ਕਿਹਾ ਖ਼ਤਮ ਕਰ ਦਿਓ ਸਿੰਘਾਂ ਨੂੰ ਵਾਹ ਲਾ ਕੇ ਸਾਰੀ।
ਮੈਂ ਰੋਲ ਕੇ ਛੱਡਣੀ ਇਹਨਾਂ ਦੀ ਸਿੱਖੀ ਸਰਦਾਰੀ।
ਇਹ ਮੁੜ-ਮੁੜ ਕਰਨ ਸ਼ਰਾਰਤਾਂ ਹੱਥ ਲੈਣੇ ਕਾਰੀ।

## ਜਹਾਨ ਖਾਂ ਦਾ ਜ਼ੁਲਮ

ਤਾਂ ਚਾੜ੍ਹੀ ਫੌਜ ਜਹਾਨ ਖਾਂ ਝੱਟ ਚਾਰ-ਚੁਫੇਰੇ।
ਉਸ ਅੰਮ੍ਰਿਤਸਰ ਵਿਚ ਆਣ ਕੇ ਖੁਦ ਲਾ ਲਏ ਡੇਰੇ।
ਉਸ ਹਰਿਮੰਦਰ ਨੂੰ ਪਾ ਲਏ ਫੌਜਾਂ ਦੇ ਘੇਰੇ।
ਉਸ ਕਤਲ ਮਚਾਈ ਸ਼ਹਿਰ ਵਿਚ ਚਾ ਮੂੰਹ ਹਨੇਰੇ।
ਉਸ ਹਿੰਦੂ ਸਿੱਖ ਉਜਾੜ ਕੇ ਘਰ ਬਾਰ ਬਥੇਰੇ।
ਉਸ ਤੇਗ ਦੀ ਧਾਰ ਲੰਘਾ ਦਿੱਤੇ ਕਈ ਵੱਡੇ-ਵਡੇਰੇ।
ਉਸ ਤੇਗ ਧਰਮੀਆਂ ਦੇ ਸਿਰ ਵੱਢ ਕੇ ਬਾਜ਼ਾਰੀਂ ਫੇਰ।
ਉਸ ਅੱਗਾਂ ਲਾ ਕੇ ਸਿਰ ਸਾੜ ਤੇ ਕਈ ਮਹਿਲ ਬਨੇਰੇ।
ਉਸ ਘਰ ਘਰ ਪਿੱਟਣੇ ਪਾ ਦਿੱਤੇ ਕਰ ਜ਼ੁਲਮ ਘਨੇਰੇ।
ਉਹ ਨੀਹਾਂ ਵਿਚ ਬਰੂਦ ਦੇ ਹਰਿਮੰਦਰ ਗੇਰੇ।
ਉਹ ਪੂਰਨ ਲੱਗਾ ਤਾਲ ਨੂੰ ਕਰ ਪਾਪ ਵਧੇਰੇ।
ਉਥੇ ਕਹਿਰੀ ਬਾਂਗਾਂ ਮਿਲਦੀਆਂ ਸੀ ਸੰਝ ਸਵੇਰੇ।
ਕਿਸੇ ਸਿੰਘਾਂ ਨੂੰ ਜਾ ਦੱਸਿਆ ਕਰ ਪੰਧ ਲੰਮੇਰੇ।
ਹੁਣ ਰਣ ਵਿਚ ਵੇਖੇ ਜਾਣਗੇ ਮਰਦਾਂ ਦੇ ਜੇਰੇ।

## ਸਿੰਘਾਂ ਦਾ ਦੀਵਾਨ

ਸ੍ਰੀ ਦਮਦਮੇ ਸਾਹਿਬ ਵਿਚ ਸਜਿਆ ਸੀ ਦਰਬਾਰ।
ਸੰਗਤ ਬਾਣੀ ਸੁਣ ਰਹੀ ਆਸਾ ਦੀ ਵਾਰ।
ਅੰਮ੍ਰਿਤ ਵੇਲਾ ਨਾਮ ਦੇ ਸਭ ਨੂੰ ਚੜ੍ਹੇ ਖ਼ੁਮਾਰ।
ਰਾਗੀ ਕਰਦੇ ਕੀਰਤਨ ਸਾਜ਼ਾਂ ਦੀ ਟੁਣਕਾਰ।
ਬੈਠੇ ਲਾ ਸਮਾਧੀਆਂ ਸਿੰਘ ਸੂਰੇ ਸਰਦਾਰ।
ਹੱਥਾਂ ਦੇ ਵਿਚ ਸਿਮਰਨੇ ਗਾਤਰੇ ਵਿਚ ਤਲਵਾਰ।
ਹਿਰਦੇ ਦੇ ਵਿਚ ਵੱਸ ਰਿਹਾ ਸਤਿਗੁਰ ਕਲਗੀਧਾਰ।
ਆਤਮ ਰਸ ਸੀ ਛਾ ਰਿਹਾ ਹੋ ਰਹੀ ਜੈ-ਜੈ ਕਾਰ।
ਕਈ ਸੇਵਾ ਕਰਨ ਪਏ ਰਹੇ ਨੇ ਜਨਮ ਸਵਾਰ।
ਬਾਹਾਂ ਅੱਗੇ ਖੜ੍ਹੇ ਲੈ ਸ਼ਸਤਰ ਪਹਿਰੇਦਾਰ।
ਬੈਠਾ ਤਾਬੇ ਗੁਰਾਂ ਦੀ ਰਿਹਾ ਸੀ ਚੌਰ ਉਲਾਰ।
ਮਿਸਲ ਸ਼ਹੀਦਾਂ ਦੀਪ ਸਿੰਘ ਉੱਘਾ ਜਥੇਦਾਰ।

## ਸੂਹੇ ਨੇ ਖਬਰ ਦੇਣੀ

ਏਨੇ ਚਿਰ ਨੂੰ ਆ ਗਿਆ ਅੰਮ੍ਰਿਤਸਰੋਂ ਜਵਾਨ।
ਧੜ-ਧੜ ਛਾਤੀ ਧੜਕਦੀ ਚਿਹਰਾ ਲਹੂ ਲੁਹਾਨ।
ਅੱਖਾਂ ਦੇ ਵਿਚ ਅੱਥਰੂ ਗੁੱਸੇ ਵਿਚ ਗਲਤਾਨ।
ਆ ਕੇ ਮੱਥਾ ਟੇਕਿਆਂ ਉਸ ਨੇ ਵਿਚ ਦੀਵਾਨ।
ਭੋਗ ਪਿਆ ਜਾਂ ਵਾਰ ਦਾ ਖੜ੍ਹ ਗਿਆ ਉਹ ਬਲਵਾਨ।
ਭਰੀ ਸੰਗਤ ਵਿਚ ਵਾਰਤਾ ਲੱਗਾ ਇਉਂ ਸੁਨਾਣ।
ਹਰਿਮੰਦਰ 'ਤੇ ਟੁੱਟ ਕੇ ਪੈ ਗਿਆ ਖਾਨ ਜਹਾਨ।
ਉਸ ਤਾਲ ਮਿੱਟੀ ਪਾ ਪੂਰਿਆ ਜਿਥੇ ਕਰੋ ਇਸ਼ਨਾਨ।
ਉਹ ਹਰਿਮੰਦਰ ਪਿਆ ਢਾਂਵਦਾ ਸਤਿਗੁਰ ਦਾ ਅਸਥਾਨ।
ਓਥੇ ਕੇਸਰੀ ਲੀਰਾਂ ਹੋ ਗਿਆ ਹਰਿਆ ਝੁੱਲੇ ਨਿਸ਼ਾਨ।
ਉਹਨੇ ਤੇਗ ਦੀ ਧਾਰ ਲੰਘਾ ਦਿੱਤੇ ਕਈ ਬਿਰਧ ਜਵਾਨ।
ਜੇ ਹੁਣ ਨਾ ਸਿੰਘਾਂ ਬੁਹੜਿਓਂ ਲੈ ਕੇ ਹੱਥ ਕਿਰਪਾਨ।
ਤਾਂ ਮਿੱਟੀ ਦੇ ਵਿਚ ਮਿਲ ਜਾਊ ਸਿੱਖ ਕੌਮ ਦੀ ਸ਼ਾਨ।
ਕਲਗੀਧਰ ਦੀ ਸ਼ਾਨ ਤੋਂ ਵਾਰੇ ਆਪਣੀ ਜਾਨ।
ਹੋ ਜਾਊ ਜੱਗ ਤੋ ਸੁਰਖਰੂ ਗਾਊ ਜੱਸ ਜਹਾਨ।
ਜਿਸ ਦਮ ਜਥੇਦਾਰ ਨੇ ਸੁਣਿਆਂ ਇਹ ਬਿਆਨ।
ਸੁਣਦਿਆਂ ਲੂੰ-ਲੂੰ ਫਰਕਿਆ ਚੜ੍ਹਿਆ ਜੋਸ਼ ਮਹਾਨ।

## ਬਾਬਾ ਜੀ ਦਾ ਜੋਸ਼

ਗੱਲ ਸੁਣ ਕੇ ਜਥੇਦਾਰ ਦੇ ਅੱਗ ਲੱਗੀ ਸੀਨੇ।
ਉਸ ਆਖਿਆ ਚੜ੍ਹਕੇ ਆ ਗਏ ਕੋਈ ਕਾਇਰ ਕਮੀਨੇ।
ਉਹ ਬੈਠੇ ਮੱਲ ਗੁਰਧਾਮ ਨੂੰ ਲੰਘ ਗਏ ਮਹੀਨੇ।
ਸਿੰਘ ਤੁਰ ਗਏ ਬੀਕਾਨੇਰ ਨੂੰ ਲੰਘ ਗਏ ਮਹੀਨੇ।
ਉਠਿਆ ਬਾਬਾ ਦੀਪ ਸਿੰਘ ਫੜ ਕੇ ਦੋ ਧਾਰਾ।
ਉਹਦੇ ਨੇਤ੍ਰ ਹੋ ਗਏ ਲਾਲ ਜਿਉਂ ਭਖਦਾ ਅੰਗਿਆਰਾ।
ਉਹਦੇ ਸਿਰ 'ਤੇ ਚੱਕਰ ਚਮਕਦੇ ਮਾਰਨ ਲਿਸ਼ਕਾਰਾ।
ਉਹਦੇ ਮੱਥੇ ਮੁੜ੍ਹਕਾ ਆ ਗਿਆ ਜਿਵੇਂ ਡਲ੍ਹਕੇ ਪਾਰਾ।
ਉਹਦੇ ਡੌਲੇ ਫਰਕੇ ਜੋਸ਼ ਵਿਚ ਛੱਡਿਆ ਜੈਕਾਰਾ।
ਉਹਨੇ ਧਰਤੀ ਤੇ ਪੱਬ ਮਾਰਿਆ ਹਿੱਲ ਗਿਆ ਮੁਨਾਰਾ।
ਉਹ ਚੱਲਿਆ ਕਰਨ ਅਜ਼ਾਦ ਸੀ ਗੁਰਧਾਮ ਪਿਆਰਾ।
ਜਿਵੇਂ ਰਾਂਝਾ ਚੱਲਿਆ ਝੰਗ ਨੂੰ ਛੱਡ ਤਖ਼ਤ ਹਜ਼ਾਰਾ।

ਉਸ ਆਖਿਆ ਬੀਰ ਬਹਾਦਰ ਕਰ ਲਵੋ ਤਿਆਰਾ।
ਅੱਜ ਪੀਓ ਸ਼ਹੀਦੀ ਜਾਮ ਨੂੰ ਆ ਜਾਏ ਨਜ਼ਾਰਾ।
ਉਸ ਆਖਿਆ ਕਲਗੀ ਵਾਲਿਆ ਇਕ ਤੇਰਾ ਸਹਾਰਾ।
ਅੱਜ ਅੰਮ੍ਰਿਤ ਸ਼ਕਤੀ 'ਦਿਲਬਰਾ' ਵੇਖੂ ਜੱਗ ਸਾਰਾ।

## ਸਿੰਘਾਂ ਦਾ ਉੱਤਰ

ਗੱਲ ਸੁਣ ਕੇ ਭੜਕੇ ਖਾਲਸੇ ਛੱਡਦੇ ਜੈਕਾਰੇ।
ਉਹ ਬੋਲੇ ਅੱਗੋਂ ਜੋਸ਼ ਵਿਚ ਦਸਮੇਸ਼ ਦੁਲਾਰੇ।
ਅਸੀਂ ਸੀਸ ਤਲੀ 'ਤੇ ਰੱਖੀਏ ਕਰ ਦਿਓ ਇਸ਼ਾਰੇ।
ਇਕ ਪਲ ਵਿਚ ਚੋਟਾਂ ਲਾ ਦਈਏ ਰਣਜੀਤ ਨਗਾਰੇ।
ਅਸੀਂ ਤੁਰਕਾਂ ਉਤੇ ਟੁੱਟੀਏ ਲਾਲੇ ਬਲ ਸਾਰੇ।
ਅਸੀਂ ਰਾਮ ਸਰੋਵਰ ਨ੍ਹਾ ਲਈਏ ਲਾ ਲਹੂ ਵਿਚ ਤਾਰੇ।
ਅਸੀਂ ਭੇਟ ਚੜ੍ਹਾਈਏ ਸਰਾਂ ਦੀ ਜਾ ਗੁਰੂ ਦਵਾਰੇ
ਅਸੀਂ ਫੁੱਲਾਂ ਵਾਂਗ ਮਧੋਲੀਏ ਅੱਗ ਦੇ ਅੰਗਿਆਰੇ।
ਅਸੀਂ ਦਸ ਦਸ ਲੱਖ ਜਵਾਨ ਤਾਂ ਹਾਂ ਚਾਲੀ ਭਾਰੇ।
ਅਸੀਂ ਨਾਦਰ ਸ਼ਾਹ ਨੂੰ ਲੁੱਟਿਆ ਨਹੀਂ ਉਸ ਤੋਂ ਹਾਰੇ।
ਇਹ ਚੇਲੇ ਅਹਿਮਦ ਸ਼ਾਹ ਦੇ ਹਨ ਕੀ ਵਿਚਾਰੇ।
ਅਸੀਂ ਲਾੜੀ ਮੌਤ ਵਿਆਹ ਲਈਏ ਲੈ ਲਾਵਾਂ ਚਾਰੇ।
ਅਸੀਂ ਵੀਰ ਅਜੀਤ ਜੁਝਾਰ ਦੇ ਦਿਲ ਚਾ ਕੁਵਾਰੇ।
ਅਸੀਂ ਦਾਗ ਗ਼ੁਲਾਮੀ ਧੋਵੀਏ ਪਾ ਖ਼ੂਨ ਫੁਹਾਰੇ।
ਅਸੀਂ ਗਿਣ ਗਿਣ ਬਦਲੇ ਲੈ ਲਈਏ ਜੋ ਕੀਤੇ ਕਾਰੇ।
ਜਿਹਨਾਂ ਕੀਤੇ ਸਾਡੇ ਦੇਸ਼ ਨੂੰ ਲੁੱਟਣ ਦੇ ਚਾਰੇ।
ਅਸੀਂ ਖੈਬਰੋਂ ਪਾਰ ਲੰਘਾ ਦੇਈਏ ਕਰਕੇ ਲੰਗਾਰੇ।
ਅਸੀਂ ਜਿਸ ਦਮ ਹੱਥ ਵਿਚ ਪਕੜ ਲਏ ਖੰਡੇ ਦੇ ਧਾਰੇ।
ਸਾਡੇ ਅੰਗ-ਸੰਗ ਕਲਗੀ ਵਾਲੜਾ ਨਹੀਂ ਕੱਲੇ ਕਾਰੇ।
ਇਹ ਸੁਣਕੇ ਜਥੇਦਾਰ ਨੇ ਕਰ ਲਏ ਤਿਆਰੇ।
ਉਹਨੇ ਉੱਠ ਅਰਦਾਸਾ ਸੋਧਿਆ ਗੁਰ ਚਰਣ ਮਝਾਰੇ।

## ਜਥੇਦਾਰ ਨੇ ਅਰਦਾਸਾ ਸੋਧਣਾ

ਗੁਰ ਚਰਣੀ ਖੜ੍ਹਕੇ ਸਿੰਘ ਨੇ ਅਰਦਾਸ ਗੁਜ਼ਾਰੀ।
ਸੁਣ ਮੀਰੀ-ਪੀਰੀ ਵਾਲਿਆ ਸਤਿਗੁਰ ਬਲਕਾਰੀ।
ਅਜ ਤੇਰੇ ਚਰਣੀਂ ਢੈਹ ਪਿਆ ਤਲਵਾਰ ਪੁਜਾਰੀ।

ਇਸ ਜ਼ਿੰਦੜੀ ਨਾਲੋਂ ਕੌਮ ਦੀ ਹੈ ਅਣਖ ਪਿਆਰੀ।
ਅਸੀਂ ਰਣ ਤੱਤੇ ਵਿਚ ਜਾਣ ਦੀ ਕਰ ਲਈ ਤਿਆਰੀ।
ਮੈਂ ਅੰਮ੍ਰਿਤਸਰ ਵਿਚ ਜ਼ਾਲਮਾਂ ਅੱਤ ਚੁੱਕੀ ਭਾਰੀ।
ਮੈਂ ਖੰਡੇ ਨਾਲ ਵਗਾ ਦਿਆ ਲਹੂ ਦੀ ਪਿਚਕਾਰੀ।
ਮੈਂ ਹੋਲੀ ਖੇਡਾਂ ਖ਼ੂਨ ਦੀ ਬਣ ਕ੍ਰਿਸ਼ਨ ਮੁਰਾਰੀ।
ਮੈਂ ਹਰੀਮੰਦਰ ਛੁਡਵਾਵਣਾ ਵਾਹ ਲਾ ਕੇ ਸਾਰੀ।
ਮੈਂ ਪਾਠ ਕਰਾਂ ਰਹਿਰਾਸ ਦਾ ਲਾ ਲਹੂ ਵਿਚ ਤਾਰੀ।
ਮੈਂ ਜਾਮ ਸ਼ਹੀਦੀ ਪੀਵਣਾ ਬਣ ਗੁਰੂ ਦੀਦਾਰੀ।
ਹੁਣ ਤੈਨੂੰ ਸ਼ਰਮਾਂ ਸਤਿਗੁਰੂ ਪੱਤ ਰੱਖੀਂ ਸਾਰੀ।
ਮੈਂ ਹੱਥ ਵਿਚ ਖੰਡਾ ਪਕੜ ਕੇ ਦਲ ਦੁਸ਼ਟ ਮੁਕਾਵਾਂ।
ਮੈਂ ਨਦੀ ਵਗਾ ਕੇ ਲਹੂ ਦੀ ਫਿਰ ਉਸ ਵਿਚ ਨ੍ਹਾਵਾਂ।
ਮੈਂ ਜ਼ਾਲਮ ਦਾ ਲਹੂ ਪੀ ਕੇ ਤੇ ਪਿਆਸ ਬੁਝਾਵਾਂ।
ਮੈਂ ਗਿਣ ਗਿਣ ਮਾਰਾਂ ਸੂਰਮੇ ਅੱਜ ਵੱਟੇ ਲਾਹਵਾਂ।
ਹਰਿਮੰਦਰ ਤਖ਼ਤ ਅਕਾਲ ਨੂੰ ਅਜ਼ਾਦ ਕਰਾਵਾਂ।
ਫਿਰ ਲੈਣੀਆਂ ਲਾੜੀ ਮੌਤ ਨਾਲ ਮੈਂ ਜਾ ਕੇ ਲਾਵਾਂ।
ਮੈਂ ਕੀਤੇ ਹੋਏ ਬਚਨ ਨੂੰ ਅੱਜ ਤੋੜ ਨਿਭਾਵਾਂ।
ਪਤ ਰੱਖੀਂ ਸੱਚੇ ਪਾਤਸ਼ਾਹ ਫਿਰ ਸੱਚਖੰਡ ਜਾਵਾਂ।

## ਬਾਬਾ ਜੀ ਦੀ ਚੜ੍ਹਾਈ

ਚੜ੍ਹਿਆ ਬਾਬਾ ਦੀਪ ਸਿੰਘ ਹੱਥ ਪਕੜ ਭਵਾਨੀ।
ਉਸ ਫੌਜ ਗੁਰਾਂ ਦੀ ਲਾਡਲੀ ਲੈ ਗਈ ਮਸਤਾਨੀ।
ਉਸ ਸੱਦੀ ਵਾਜਾਂ ਮਾਰ ਕੇ ਲਾੜੀ ਕੁਰਬਾਨੀ।
ਓਹ ਚੱਲਿਆਂ ਵਾਰਨ ਦੇਸ਼ ਤੋਂ ਜੋਬਨ ਤੇ ਜੁਆਨੀ।
ਉਸ ਦਿਲ ਵਿਚ ਧਾਰੀ ਮੌਤ ਦੀ ਕਰਨੀ ਮਹਿਮਾਨੀ।
ਉਸ ਮੋਢੇ ਭੱਥਾ ਪਾ ਲਿਆ ਦਸਮੇਸ਼ ਨਿਸ਼ਾਨੀ।
ਉਹਦੇ ਮੱਥੇ ਦਿੱਸਣ ਤਿਉੜੀਆਂ ਜਿਉਂ ਹਰਫ ਕੁਰਾਨੀ।
ਉਹਦੇ ਨੈਣ ਚੰਗਾੜੇ ਅੱਗ ਦੇ ਫੂਕਨ ਅਫ਼ਗਾਨੀ।
ਉਸ ਸਮਝਿਆ ਜੱਗ ਨੂੰ ਨਾਸ਼ਵਾਨ ਝੂਠਾ ਤੇ ਫਾਨੀ।
ਉਸ ਆਖਿਆ ਧਰਮ ਤੋਂ ਵਾਰਨੀ ਆਪਣੀ ਜ਼ਿੰਦਗਾਨੀ।
ਝਟ ਸਿੰਘਾਂ ਨੂੰ ਲਲਕਾਰਿਆ ਯੋਧੇ ਲਾਸਾਨੀ।
ਹੁਣ ਜਿਊਂਦੇ ਜਾਨ ਪੰਜਾਬ 'ਚੋਂ ਨਾ ਘਰੀਂ ਦੁਰਾਨੀ।
'ਦਿਲਬਰ' ਯਾਦ ਕਰਾਂ ਦਿਓ ਤੁਰਕਾਂ ਨੂੰ ਨਾਨੀ।

## ਤੁਰਕਾਂ ਦੀ ਤਿਆਰੀ

ਜਾਂ ਤੁਰਕਾਂ ਓਦਰ ਸਿੰਘਾਂ ਦੀਆਂ ਸੁਣ ਲਈਆਂ ਚੜ੍ਹਾਈਆਂ।
ਉਹਨਾਂ ਕੱਠੀਆਂ ਕਰਕੇ ਪਲਟਨਾਂ ਕਰੀਆਂ ਤਗੜਾਈਆਂ।
ਉਹਨਾਂ ਡੱਟਕੇ ਲਾ ਲਏ ਮੋਰਚੇ ਮੱਚ ਗਈਆਂ ਦੁਹਾਈਆਂ।
ਉਹਨਾਂ ਕੱਢਕੇ ਆਦਮ ਖਾਣੀਆਂ ਤੇਗਾਂ ਲਿਸ਼ਕਾਈਆਂ।
ਉਹਨਾਂ ਹੱਥੀ ਫੜੀਆਂ ਬ੍ਰਛੀਆਂ ਲਹੂ ਦੀਆਂ ਤਰਿਹਾਈਆਂ।
ਉਹਨਾਂ ਲਾ ਗੰਡਾਸੇ ਛਵੀਆਂ ਧਾਰਾਂ ਬਣਵਾਈਆਂ।
ਉਹਨਾਂ ਕਿਲੇ ਚਾੜ੍ਹ ਕਮਾਨ ਦੇ ਤੇਗਾਂ ਟੁਣਕਾਈਆਂ।
ਉਹਨਾਂ ਭੱਥਿਆਂ ਵਿਚੋਂ ਤੀਰ ਪਏ ਲੈਂਦੇ ਅੰਗੜਾਈਆਂ।
ਉਹਨਾਂ ਤੋਪਾਂ ਲਈਆਂ ਦੋਜ਼ਖੀ ਜੋ ਕਰਨ ਤਬਾਹੀਆਂ।
ਉਹਨਾਂ ਲਏ ਬੰਦੂਕਾਂ ਰਹਿਕਲੇ ਕਰ ਦੇਣ ਸਫਾਈਆਂ।
ਉਹਨਾਂ ਲੈ-ਲੈ ਨਾਮ ਬਹਿਸ਼ਤ ਦਾ ਬਹੁ ਜਲ੍ਹੀਆ ਪਾਈਆਂ।
ਉਥੇ ਜੰਗੀ ਚੜ੍ਹਤਾਂ ਤੱਕ ਕੇ ਕੰਬੀਆਂ ਪਾਤਸ਼ਾਹੀਆਂ।
ਉਹਨਾਂ ਕਾਬਲ ਅਤੇ ਕੰਧਾਰ ਤੱਕ ਖਬਰਾਂ ਪਹੁੰਚਾਈਆਂ।
ਚੜ੍ਹ ਆ ਗਏ ਓਧਰੋਂ ਖਾਲਸੇ ਕਰਕੇ ਤੇ ਧਾਹੀਆਂ।
ਹੁਣ ਰਣ ਵਿਚ ਦੱਸਦੇ 'ਦਿਲਬਰਾ' ਜਿਉਂ ਤੇਗਾਂ ਵਾਹੀਆਂ।

## ਖਾਲਸੇ ਦਾ ਹੱਲਾ

ਜਦ ਸੂਹੇ ਦਿੱਤੀਆਂ ਆਣ ਕੇ ਰਣ ਦੀਆਂ ਰਪੋਟਾਂ।
ਤਾਂ ਸਿੰਘਾਂ ਝੱਟ ਰਣਜੀਤ 'ਤੇ ਲਾ ਦਿੱਤੀਆਂ ਚੋਟਾਂ।
ਉਹਨਾਂ ਹੱਲਾ ਕਹਿਰੀ ਬੋਲਿਆ ਲੈ ਗੁਰ ਦੀਆਂ ਓਟਾਂ।
ਉਹ ਚੜ੍ਹ ਪਏ ਝੱਟ ਗੁਰਧਾਮ 'ਚੋਂ ਕੱਢਣ ਲਈ ਖੋਟਾਂ।
ਉਹਨਾਂ ਬਾਜ਼ੀ ਲਾਈ ਸਿਰਾਂ ਦੀ ਜਿੱਤਣ ਲਈ ਗੋਟਾਂ।
ਹੁਣ ਗਿਣ-ਗਿਣ ਬਦਲੇ ਲੈਵਣੇ ਨਹੀਂ ਹੋਣੀਆਂ ਛੋਟਾਂ।

## ਜੰਗ ਦਾ ਨਜਾਰਾ

ਝੱਟ ਬਿਗਲ ਵੱਜ ਗਿਆ ਜੰਗ ਦਾ ਜੁੱਟੇ ਖਾਂ ਖਾਰਾਂ।
ਇਕ ਦਮ ਰਣਜੀਤ ਨਗਾਰਿਆਂ ਪਾਈਆਂ ਗੁੰਜਾਰਾਂ।
ਸਭ ਇਕ ਦੂਜੇ 'ਤੇ ਟੁੱਟ ਪਏ ਲੈ ਕੇ ਤਲਵਾਰਾਂ।
ਪਏ ਤੀਰ ਚੱਲਦੇ ਨਾਗ ਜਿਉਂ ਮਾਰੇ ਫੁੱਕਾਰਾਂ।
ਕਿਤੇ ਚਲ ਚਲ ਚੱਕਰ ਉੱਡਦੇ ਬੰਨ੍ਹ-ਬੰਨ੍ਹ ਕਤਾਰਾਂ।
ਕਿਤੇ ਕੜ-ਕੜ ਚੱਲਣ ਗੋਲੀਆਂ ਡਾਰਾਂ ਦੀਆਂ ਡਾਰਾਂ।

ਕਿਤੇ ਛਵੀ ਗੰਡਾਸੇ ਬ੍ਹਛੀਆਂ ਲਾਹ ਰਹੇ ਸਥਾਰਾਂ ।
ਜਿਵੇਂ ਵੱਢ-ਵੱਢ ਰੱਖੀਆਂ ਖੇਤ ਵਿਚ ਕ੍ਰਿਸਾਨ ਜਵਾਰਾਂ।
ਓਥੇ ਸਟਾਂ ਖਾ-ਖਾ ਡਿੱਗਦੇ ਕਈ ਬੀਰ ਹਜ਼ਾਰਾਂ।
ਜਿਵੇਂ ਡਿੱਗਣ ਵਿਚ ਭੁਚਾਲ ਦੇ ਕਈ ਮਹਿਲ ਮੁਨਾਰਾਂ।
ਓਥੇ ਤੇਗਾਂ ਗਾਟੇ ਵੱਢਦੀਆਂ ਤੇ ਚੱਲਣ ਕਟਾਰਾਂ।
ਜਿਵੇਂ ਵਾਢੀ ਪਾਈ ਕਣਕ ਨੂੰ ਜੱਟਾਂ ਜ਼ਿਮੀਦਾਰਾਂ।
ਉਥੇ ਬਰਛੇ ਚੱਲਣ ਲਹੂ ਨਾਲ ਰੰਗ ਰੰਗ ਕੇ ਧਾਰਾਂ।
ਜਿਵੇਂ ਸੁਰਖੀ ਲਾ ਕੇ ਪੌਂਦੀਆਂ ਗਿੱਧਾ ਮੁਟਿਆਰਾਂ।
ਓਥੇ ਗੋਲੇ ਸਹਿ ਸਹਿ ਤੋਪ ਦੇ ਡਿੱਗਣ ਖਾ ਮਾਰਾਂ ।
ਜਿਵੇਂ ਮਾਰੀ ਸੱਟ ਵਦਾਣ ਦੀ ਸਿਰ ਵਿਚ ਲੁਹਾਰਾਂ।
ਓਥੇ ਲੂਹ ਦੀਆਂ ਨਿਕਲਣ ਤਨਾਂ 'ਚੋਂ ਉਡ ਉਡ ਫੁਹਾਰਾਂ।
ਜਿਉਂ ਫੁੱਟਣ ਕਿਸੇ ਪਹਾੜ 'ਚੋਂ ਚਸ਼ਮੇ ਦੀਆਂ ਧਾਰਾਂ।
ਸਿਰ ਬਾਝੋਂ ਦਿਸਣ ਧੜ ਪਏ ਕੋਈ ਲਵੇ ਨਾ ਸਾਰਾਂ।
ਜਿਉਂ ਮੋਛੇ ਸੁੱਟੇ ਵੱਢ ਕੇ ਤਿੱਖੇ ਹਥਿਆਰਾਂ।
ਓਥੇ ਘੋੜੇ ਪੈਲਾਂ ਪਾਂਵਦੇ ਲਾ-ਲਾ ਉਡਾਰਾਂ।
ਜਿਵੇਂ ਮਾਲ ਰੋਡ 'ਤੇ ਚੱਲਦੀਆਂ ਖਹਿ ਖਹਿ ਕੇ ਕਾਰਾਂ।
ਸਭ ਇਕ ਦੂਜੇ ਤੋਂ ਵੱਧ ਕੇ ਪਏ ਮਾਰਨ ਮਾਰਾਂ।
ਓਥੇ ਸਿਰੀਆਂ ਦਿਸਣ ਰੁਲਦੀਆਂ ਨਲੀਏਰ ਬਜ਼ਾਰਾਂ।
ਨਾ ਕੋਈ ਕਿਸੇ ਨੂੰ ਬਹੁੜਿਆ ਨਾ ਲਈਆਂ ਸਾਰਾਂ।
ਓਥੇ ਕੀਤੇ ਕੌਲ ਪੁਗਾਏ ਨਾ ਮਿੱਤਰਾਂ ਤੇ ਯਾਰਾਂ।
ਓਥੇ ਪੀਤੀ ਰੱਤ ਕਲ ਜੋਗਣਾਂ ਲੈ-ਲੈ ਡਕਾਰਾਂ।
ਸੀ ਜਿਹੜੀਆਂ ਕੱਲ ਸੁਹਾਗਣਾਂ ਲੁੱਟ ਰਹੀਆਂ ਬਹਾਰਾਂ।
ਉਹਨਾਂ ਰੰਗਲੇ ਚੂੜੇ ਭੰਨ ਲਏ ਬਿਨ ਕਰੇ ਦੀਦਾਰਾਂ।
ਕੱਲ੍ਹ ਸੇਜਾਂ ਮਾਨਣ ਜਿਹੜੀਆਂ ਲਾ ਹਾਰ ਸ਼ਿੰਗਾਰਾਂ।
ਉਹ ਜ਼ੁਲਫਾਂ ਗਲ ਪਾ ਰੋਂਦੀਆਂ ਭੰਨ ਸੁਹਾਗ ਪਟਾਰਾਂ।
ਜਿਹਨਾਂ ਲਾੜੇ ਤੋਰੇ ਜੰਗ ਨੂੰ ਗਾਨੇ ਬੰਨ੍ਹ ਨਾਰਾਂ।
ਉਹ ਕੋਠੇ ਚੜ੍ਹ ਚੜ੍ਹ ਤੱਕਦੀਆਂ ਲਾਕੇ ਲਿਵਤਾਰਾਂ।
ਪਰ ਸੂਰੇ ਜੁੱਟੇ ਜੰਗ ਵਿਚ ਛੱਡ ਮੋਹ ਪਿਆਰਾਂ।
ਕਈ ਹੱਲੇ ਬੋਲੇ ਗਾਜ਼ੀਆਂ ਕਈ ਸਿੰਘ ਸਰਦਾਰਾਂ।
ਪਰ ਕਿਸੇ ਨਾ ਛੱਡ ਮੋਰਚੇ ਨਾ ਮੰਨੀਆਂ ਹਾਰਾਂ।
ਭਖ ਰਹੀਆਂ ਚਿਹਰੇ ਲਾਲੀਆਂ ਜਿਉਂ ਚੜ੍ਹੇ ਸ਼ਿਕਾਰਾਂ।
'ਦਿਲਬਰ' ਢਾਡੀ ਗੌਣਗੇ ਮਰਦਾਂ ਦੀਆਂ ਵਾਰਾਂ।

## ਬਾਬਾ ਜੀ ਨੇ ਸ਼ਹੀਦੀ ਪੌਣੀ

ਦੀਪ ਸਿੰਘ ਨੇ ਕਹਿਰ ਦਾ ਜਦ ਜੰਗ ਮਚਾਇਆ।
ਵੇਖ ਕੇ ਖਾਨ ਜਮਾਲ ਦੇ ਲਹੂ ਅੱਖੀਂ ਛਾਇਆ।
ਉਹ ਘੋੜੇ ਚੜ੍ਹਿਆ ਅਜ਼ਲ ਦੇ ਝੱਟ ਵਧਦਾ ਆਇਆ।
ਉਸ ਆਣ ਕੇ ਬਾਬਾ ਦੀਪ ਸਿੰਘ ਖੰਡਾ ਲਿਸ਼ਕਾਇਆ।
ਹੋਏ ਲੀਡਰ ਆਹਮੋ-ਸਾਹਮਣੇ ਟਿੱਲ ਫੌਜਾਂ ਲਾਇਆ।
ਘਾਹ ਲਹੂ ਤੇ ਮਿੱਝ ਦਾ ਹੋ ਗਿਆ ਸਵਾਇਆ।
ਦੋਹਾਂ ਰਲ ਕੇ ਜੋਸ਼ ਵਿਚ ਜਦ ਵਾਰ ਚਲਾਇਆ।
ਸੀਸ ਦੋਹਾਂ ਦੇ ਲੱਥ ਗਏ ਰੱਬ ਖੇਲ ਰਚਾਇਆ।

## ਕਿਸੇ ਨੇ ਬੋਲੀ ਮਾਰਨੀ

ਬਾਬਾ ਜੀ ਨੂੰ ਕਿਸੇ ਨੇ ਆ ਬੋਲੀ ਮਾਰੀ।
ਤੁਸਾਂ ਕੀਤਾ ਕੌਲ ਨਿਭਾਇਆ ਨਾ ਹੋ ਅੰਮ੍ਰਿਤਧਾਰੀ।
ਤੁਸਾਂ ਕਿਹਾ ਅਜ਼ਾਦ ਕਰਾ ਕੇ ਗੁਰ ਨਗਰੀ ਪਿਆਰੀ।
ਤਾਂ ਫੇਰ ਸ਼ਹੀਦੀ ਪਾਵਸਾਂ ਅਰਦਾਸ ਗੁਜ਼ਾਰੀ।
ਅਤੇ ਰਾਮ ਸਰੋਵਰ ਚਾਰ ਮੀਲ ਦੀ ਵਿੱਥ ਹੈ ਭਾਰੀ।
ਤੁਸਾਂ ਏਥੇ ਹੀ ਡੇਰੇ ਲਾ ਲਏ ਜੋਧੇ ਬਲਕਾਰੀ।
ਜੇ ਅੰਮ੍ਰਿਤਸਰ 'ਚੋਂ ਤੁਰਕ ਦੀ ਨਾ ਫੌਜ ਨਕਾਰੀ।
ਤਾਂ ਦੁਨੀਆਂ ਮਿਹਣੇ ਮਾਰ ਸੀ ਸਿੱਖ ਫੌਜ ਹੈ ਹਾਰੀ।

## ਅਨੋਖਾ ਚੋਜ

ਜਾਂ ਸੁਣਿਆਂ ਬਾਬਾ ਸਾਹਿਬ ਨੇ ਇਹ ਬਚਨ ਕਰਾਰਾ।
ਉਹਦੇ ਸੀਨੇ ਲੱਗਾ ਤੀਰ ਸੀ ਉਹ ਕਰ ਗਿਆ ਕਾਰਾ।
ਉਹਦੇ ਡੌਲੇ ਫਰਕੇ ਨਾਗ ਜਿਉਂ ਮਾਰੇ ਛੂੰਕਾਰਾ।
ਉਹ ਜੋਸ਼ 'ਚ ਆ ਕੇ ਉਠਿਆ ਛੱਡ ਕੇ ਜੈਕਾਰਾ।
ਉਸ ਖੱਬੇ ਹੱਥ ਸਿਰ ਫੜ ਲਿਆ ਸੱਜੇ ਦੋ ਧਾਰਾ।
ਉਹਦੇ ਮੱਥੇ ਲਾਲੀ ਚਮਕਦੀ ਜਿਵੇਂ ਚੜ੍ਹਿਆ ਤਾਰਾ।
ਉਹਦੇ ਖੂਨ ਆ ਗਿਆ ਨੇਤਰੀਂ ਭਖ ਹੋਏ ਅੰਗਿਆਰਾ।
ਓਥੇ ਪਰਲੋ ਪਲ ਵਿਚ ਆ ਗਈ ਵਗ ਪਈ ਲਹੂ ਧਾਰਾ।
ਉਹਨਾਂ ਅੱਗੇ-ਅੱਗੇ ਲਾ ਲਿਆ ਤੁਰਕੀ ਦਲ ਸਾਰਾ।

## ਖਾਲਸੇ ਦੀ ਫ਼ਤਿਹ

ਵਧ ਗਏ ਸਿੰਘਾਂ ਦੇ ਹੌਸਲੇ ਦਿਲ ਢੈਹ ਗਏ ਖਾਨਾਂ।
ਉਹਨਾਂ ਨਾਂ ਲੈ ਕੇ ਦਸਮੇਸ਼ ਦਾ ਵਾਹੀਆਂ ਕਿਰਪਾਨਾਂ।
ਉਹਨਾਂ ਕੱਢੀਆਂ ਇਕ-ਇਕ ਵਾਰ ਨਾਲ ਫੜ ਵੀਹ ਇਕਜਾਨਾਂ।
ਉਹਨਾਂ ਆਖਿਆਂ ਵਿਚ ਮੈਦਾਨ ਦੇ ਆ ਖਾਨ ਜਹਾਨਾਂ।
ਤੈਨੂੰ ਲਾੜੀ ਮੌਤ ਨਕਾਹ ਦਈਏ ਬੰਨ੍ਹ ਆਇਓਂ ਗਾਨਾਂ।
ਉਹਨਾਂ ਖਿਚ-ਖਿਚ ਮਾਰੀਆਂ ਬਰਛੀਆਂ ਲੈ ਗਈਆਂ ਪ੍ਰਾਨਾਂ।
ਉਹਨਾਂ ਮਿੱਟੀ ਵਿਚ ਮਿਲਾਤੀਆਂ ਕਾਬਲ ਦੀਆਂ ਸ਼ਾਨਾਂ।
ਸੀ ਜਿਧਰ ਹੱਲਾ ਬੋਲਿਆ ਸਿਰ ਲੱਥ ਜਵਾਨਾਂ।
ਝਟ ਓਧਰ ਭਾਜੜ ਪੈ ਗਈ ਹੋਏ ਤੁਰਕ ਰਵਾਨਾਂ।
ਸਿੰਘ ਜੀਹਦੇ ਕੋਲੋਂ ਲੰਘ ਗਿਆ ਲੈ ਧਰ ਪਰਵਾਨਾਂ।
ਉਹ ਮੁੜ ਨਾ ਛੁੱਟੇ ਮੌਤ ਤੋਂ ਲਾ ਪੱਜ ਬਹਾਨਾਂ।
ਧੜ ਲੜਦਾ ਤੱਕ ਕੇ ਆਖਦੇ ਲਾਹੌਲ ਖ਼ੁਦਾਨਾਂ।
ਕਰ ਤੋਬਾ ਪਾਈਆਂ ਉਂਗਲਾਂ ਮੂੰਹ ਵਿਚ ਪਠਾਣਾਂ।
ਉਹ ਨੱਸ ਗਏ ਛੱਡ ਮੈਦਾਨ ਨੂੰ ਕਰਵਾ ਕੇ ਹਾਨਾਂ।
ਮਰਦ ਨਿਭੌਂਦੇ ਸਦਾ ਹੀ ਸਿਰ ਨਾਲ ਜ਼ਬਾਨਾਂ।
ਸਿੰਘ ਗਾਉਂਦੇ ਸਿਰ ਤੋਂ ਪਰੇ ਵੀ ਹਨ ਸਿਦਕ ਤਰਾਨਾਂ।
ਤੂੰ ਸਿੰਘਾਂ ਉਤੇ ਫਖਰ ਕਰੀਂ ਸਦਾ ਹਿੰਦੁਸਤਾਨਾਂ।
ਦੇ ਕੁਰਬਾਨੀ ਜਿਹਨਾਂ ਨੇ ਰੱਖ ਲਈਆਂ ਸ਼ਾਨਾਂ।

✡

# ਵਾਰ-ਸਾਹਿਬਜ਼ਾਦਾ ਅਜੀਤ ਸਿੰਘ ਜੰਗ ਸ੍ਰੀ ਚਮਕੌਰ ਸਾਹਿਬ ਦਸਮੇਸ਼ ਪਾਤਸ਼ਾਹ

ਔਹ ਵਿਚ ਗੜ੍ਹੀ ਚਮਕੌਰ ਦੇ ਦਸਵਾਂ ਗੁਰੂ ਆਇਆ।
ਉਹਦੀ ਕਲਗੀ ਚਮਕਾਂ ਮਾਰਦੀ ਉਹਦਾ ਤੇਜ ਸਵਾਇਆ।
ਉਹਦੇ ਮੋਢੇ ਬਾਜ਼ਕ ਉੱਡਣੇ ਭੱਥਾ ਲਟਕਾਇਆ।
ਉਹਦੇ ਗਾਤਰੇ ਪੁੱਤਰ ਕਾਲ ਦਾ ਲਹੂ ਪੀਵਣ ਆਇਆ।
ਉਹਦੇ ਨੈਣਾਂ ਦੇ ਵਿਚ ਬੀਰ ਰਸ ਹੱਥ ਬਾਜ ਸੁਹਾਇਆ।
ਉਹਦੇ ਮੱਥੇ ਸੂਰਜ ਝਲ੍ਹਕਦਾ ਜਿਸ ਜਗਤ ਨਿਵਾਇਆ।
ਉਹਦੇ ਨਾਲ ਦੇ ਚਾਲੀ ਯੋਧਿਆਂ ਸਿਰ ਤਲੀ ਟਿਕਾਇਆ।
ਅੱਜ ਲੱਖਾਂ ਦਾ ਮੂੰਹ ਮੋੜ ਦਊ ਗੁਜਰੀ ਦਾ ਜਾਇਆ।
ਅੱਜ ਜਾਮਾ ਸਾਹਿਬ ਅਜੀਤ ਸਿੰਘ ਕੋਈ ਨੂਰੀ ਪਾਇਆ।
ਉਹਨੇ ਲਾੜੀ ਮੌਤ ਵਿਆਹਣੀ ਜੰਞ ਲੈ ਕੇ ਆਇਆ।
ਉਹਦਾ ਛੋਟਾ ਵੀਰ ਜੁਝਾਰ ਸਿੰਘ ਫਿਰਦਾ ਹਰਖਾਇਆ।
ਜਿਵੇਂ ਪੇਂਡੂ ਮੁੰਡਾ ਨੱਚਦਾ ਮੇਲੇ ਵਿਚ ਆਇਆ।
ਵਾਹ ਜੋਸ਼ ਪੁੱਤਾਂ ਦਾ ਵੇਖਕੇ ਪਿਓ ਖੁਸ਼ਾ ਮਨਾਇਆ।
ਅੱਜ 'ਦਿਲਬਰ' ਲੱਖਾਂ ਦਲਾਂ ਦਾ ਹੋ ਜਾਊ ਸਫਾਇਆ।

## ਕਲਗੀਧਰ ਜੀ ਨੇ ਸਿੰਘਾਂ ਨੂੰ ਵੰਗਾਰਨਾ

ਬੋਲੇ ਦਸਵੇਂ ਪਾਤਸ਼ਾਹ ਹੱਥ ਖੰਡਾ ਫੜਕੇ।
ਦਸ ਲੱਖ ਵੈਰੀ ਆ ਗਿਆ ਸਾਡੇ 'ਤੇ ਚੜ੍ਹਕੇ।
ਤੁਸਾਂ ਸ਼ੇਰਾਂ ਵਾਂਗੂੰ ਗੱਜਣਾ ਨਹੀਂ ਬਹਿਣਾ ਦੜਕੇ।
ਤੁਸੀਂ ਕੱਲਾ-ਕੱਲਾ ਸਵਾ ਲੱਖ ਨਾਲ ਦੱਸੋ ਲੜਕੇ।
ਮੈਂ ਵੇਖਾਂ ਤੁਹਾਡੀ ਬੀਰਤਾ ਬੁਰਜਾਂ 'ਤੇ ਚੜ੍ਹਕੇ।
ਤੁਸੀਂ ਵੈਰੀ ਉਤੇ ਟੁੱਟ ਪਓ ਅੱਜ ਚੰਡੀ ਪੜ੍ਹਕੇ।
ਅੱਜ ਦੁਸ਼ਮਣ ਸੁੱਕਾ ਜਾਏ ਨਾ ਸਿੰਘਾਂ ਨਾਲ ਅੜਕੇ।
ਇਹ 'ਦਿਲਬਰ' ਵਾਰਾਂ ਗਾਏਗਾ ਮਰਦਾਂ ਵਿਚ ਖੜ੍ਹਕੇ।

## ਸਿੰਘਾਂ ਦਾ ਉਤਰ

ਇਹ ਸੁਣ ਕੇ ਸਿੰਘਾਂ ਸੂਰਿਆਂ ਛੱਡਿਆ ਜੈਕਾਰਾ।
ਉਹਨਾਂ ਆਖਿਆ ਬਾਜਾਂ ਵਾਲਿਆਂ ਇਕ ਤੇਰਾ ਸਹਾਰਾ।
ਤੁਸਾਂ ਸਾਜਿਆ ਪੁੱਤ ਅਕਾਲ ਦਾ ਹੈ ਪੰਥ ਨਿਆਰਾ।
ਅਸਾਂ ਬਾਟੇ ਦੇ ਵਿਚ ਰਗੜ ਕੇ ਪੀਤਾ ਦੋ ਧਾਰਾ।
ਸਾਡੇ ਗਾਤਰੇ ਰਾਖਸ਼ ਭਖਨੀ ਮਾਰੇ ਲਿਸ਼ਕਾਰਾ।
ਅਸੀਂ ਸਿਮਰ ਕੇ ਇਕ ਅਕਾਲ ਨੂੰ ਦੱਸ ਦਈਏ ਨਜ਼ਾਰਾ।
ਸਾਡੇ ਸਿਰ 'ਤੇ ਹੱਥ ਹਜ਼ੂਰ ਦਾ ਜ਼ੋਰਾਵਰ ਭਾਰਾ।
ਅਸੀਂ ਦੁਸ਼ਟਾਂ ਦਾ ਮੂੰਹ ਭੰਨੀਏਂ ਦੱਸ ਹੱਥ ਕਰਾਰਾ।
ਅਸੀਂ ਅੰਬਰਾਂ ਵਿਚ ਅੱਗ ਲਾ ਦਈਏ ਇਕ ਲਾ ਕੇ ਨ੍ਹਾਰਾਂ।
ਤੂੰ ਕਰ ਦੇ ਸਾਡੇ ਮਾਲਕਾ ਬਸ ਇਕ ਇਸ਼ਾਰਾ।

## ਸਿੰਘਾਂ ਦੀ ਤਿਆਰੀ

ਕਰ ਲਈ ਤਿਆਰੀ ਖਾਲਸੇ ਰੱਖ ਸੀਸ ਹਥੇਲੀ।
ਝੱਟ ਬਾਹਰੋਂ ਆ ਕੇ ਦੁਸ਼ਮਣਾਂ ਲਈ ਘੇਰ ਹਵੇਲੀ।
ਵਾਹ ਹਿੰਮਤ ਸਿੰਘ ਤੇ ਸਾਹਿਬ ਸਿੰਘ ਮਰਦਾਂ ਦਾ ਮੈਲੀ।
ਓਥੇ ਮੋਹਕਮ ਸਿੰਘ ਦੀ ਜਾਪਦੀ ਅੱਜ ਚੜ੍ਹਤ ਨਵੇਲੀ।
ਪਿਆ ਫੱਬੇ ਸਾਹਿਬ ਅਜੀਤ ਸਿੰਘ ਚੰਦਨ ਦੀ ਗੇਲੀ।
ਜਿਸ ਉਤੇ ਆਸ਼ਕ ਮੌਤ ਜਿਉਂ ਮਜਨੂੰ ਤੇ ਲੈਲੀ।
ਨਹੀਂ ਰੀਸਾਂ ਸਾਹਿਬ ਜੁਝਾਰ ਦੀਆਂ ਜੀਹਦੀ ਮੌਤ ਸਹੇਲੀ।
ਜੀਹਦੀ ਤਾਬਿਆਂ ਵਿਚ ਸਤ ਬੀਰ ਨੇ ਜੀਹਦੀ ਹੋਣੀ ਚੇਲੀ।
ਆ ਟਿੱਡੀ ਦਲ ਨੇ ਘੇਰਿਆ ਜਿਉਂ ਮੱਖੀਆਂ ਭੇਲੀ।
ਅੱਜ ਪਰਖੇ ਜਾਣਗੇ 'ਦਿਲਬਰਾ' ਮਿੱਤਰ ਤੇ ਬੇਲੀ।

## ਰਣ ਦਾ ਨਜ਼ਾਰਾ

ਜਦ ਦਸ ਲੱਖ ਦੁਸ਼ਮਣ ਆ ਗਿਆ ਕਰ ਮਾਰੋ-ਮਾਰਾਂ।
ਓਥੇ ਲਿਸ਼ਕਣ ਬਿਜਲੀ ਵਾਂਗਰਾਂ ਨੰਗੀਆਂ ਤਲਵਾਰਾਂ।
ਪਏ ਨਾਹਰੇ ਲੌਂਦੇ ਗੱਭਰੂ ਮਾਰਨ ਲਲਕਾਰਾਂ।
ਉਹਨਾਂ ਝਟ ਕੇ ਲਾ ਲਏ ਮੋਰਚੇ ਮੱਲ ਲਈਆਂ ਠਾਹਰਾਂ।
ਓਥੇ ਤੋਪਾਂ ਗੱਜਣ ਲੱਗੀਆਂ ਹੋ ਧੂੰਆਂ ਧਾਰਾਂ।
ਓਥੇ ਯਾ ਐਲੀ ਦੀਆਂ ਪੈ ਗਈਆਂ ਇਕ ਵਾਰ ਗੁਜਾਰਾ।
ਉਹਨਾਂ ਖਾਧੀ ਕਸਮ ਕੁਰਾਨ ਦੀ ਮਿਲ ਕੇ ਹੁਸ਼ਿਆਰਾਂ।

ਅੱਜ ਫੜਨਾ ਗੁਰ ਦਸਮੇਸ਼ ਨੂੰ ਕੱਢ ਲੈਣੀਆਂ ਖਾਰਾਂ।
ਅੱਜ ਪਰਖੇ ਜਾਣਗੇ ਹੌਸਲੇ ਮਰਦਾਂ ਦੀਆਂ ਕਾਰਾਂ।
ਪਰ ਭਾਗਾਂ ਨਾਲ ਨੇ 'ਦਿਲਬਰਾ' ਜਿੱਤਾਂ ਤੇ ਹਾਰਾਂ।

## ਮੁਗਲਾਂ ਦੀ ਚੜ੍ਹਾਈ

ਚੜ੍ਹ ਆਇਆ ਸੂਬਾ ਵਜ਼ੀਰ ਖਾਂ ਕਰ ਮਾਰੋ-ਮਾਰ।
ਦੋ ਨਾਹਰ ਖਾਂ ਤੇ ਗਣੀ ਖਾਂ ਜਰਨੈਲ ਸੀ ਭਾਰੀ।
ਸੁਲਤਾਨ, ਈਮਾਨ, ਜਹਾਨ ਖਾਂ ਜੋਧੇ ਬਲਕਾਰੀ।
ਕਿਤੇ ਮੀਆਂ ਖਾਂ ਨਜੀਬ ਖਾਂ ਵੱਡੇ ਹੰਕਾਰੀ।
ਕਰ ਆਇਆ ਜ਼ਬਰਦਸਤ ਖਾਂ ਲਾਹੌਰੋਂ ਤਿਆਰੀ।
ਕਿਤੇ ਹੈਬਤ ਖਾਂ ਗੁੱਲ ਖਾਂ ਦੀ ਚੜ੍ਹਤ ਨਿਆਰੀ।
ਕਿਤੇ ਜ਼ਾਫਰ ਅਲੀ ਤੇ ਨੂਰ ਖਾਂ ਆਏ ਗਏ ਬਦਕਾਰੀ।
ਅੱਜ ਫੜਨਾ ਦਸਵੇਂ ਗੁਰੂ ਨੂੰ ਇਨ੍ਹਾਂ ਦਿਲ ਵਿਚ ਧਾਰੀ।
ਸਭ ਰਾਜੇ ਬਾਈਧਾਰ ਦੇ ਮਤ ਜਿਹਨਾਂ ਦੀ ਮਾਰੀ।
ਉਹ ਗੋਲੇ ਜੀ ਹਜ਼ੂਰੀਏ ਚਮਚੇ ਸਰਕਾਰੀ।
ਪਈ ਮੌਤ ਕਰੇ ਅਠਖਲੀਆਂ ਪੀ ਰਤ ਡਕਾਰੀ।
ਅੱਜ ਰਣ ਵਿਚ ਪਰਖੀ ਜਾਏਗੀ ਮਿੱਤਰਾਂ ਦੀ ਯਾਰੀ।

## ਜੰਗ ਗਰਮ

ਅੱਠ ਪੋਹ ਦਾ ਸੂਰਜ ਚੜ੍ਹਦਿਆਂ ਕਰ ਦਿਤਾ ਹੱਲਾ।
ਕਈ ਚੜ੍ਹਣ ਲੱਗੇ ਲਾ ਪਉੜੀਆਂ ਮਾਰਨ ਲਈ ਮੱਲਾ।
ਪਰ ਤੀਰ ਗੁਰੂ ਦਸਮੇਸ਼ ਦੇ ਪੌਂਦੇ ਰਹੇ ਠੱਲਾ।
ਜਦ ਚੜ੍ਹਿਆ ਪਉੜੀ ਨਾਹਰ ਖਾਂ ਕਹਿ ਕੇ ਯਾ ਅੱਲਾ।
ਝੱਟ ਲਿਆ ਨਿਸ਼ਾਨ ਸਾਹਿਬ ਨੇ ਫੁੰਡ ਦਿੱਤਾ ਕੱਲਾ।
ਫਿਰ ਗੁੱਸੇ ਦੇ ਵਿਚ ਗਣੀ ਖਾਂ ਚੜ੍ਹਿਆ ਹੋ ਝੱਲਾ।
ਫੱਟ ਉਡਿਆ ਤੀਰ ਹਜ਼ੂਰ ਦਾ ਕਿਵੇਂ ਰਹੇ ਨਿਚੱਲਾ।
ਖਾ ਗੁੱਸਾ ਫੇਰ ਵਜ਼ੀਰ ਖਾਂ ਓਥੇ ਫਰਿਆ ਪੱਲਾ।
ਕੋਈ ਗਾਜ਼ੀ ਟੱਪੇ ਕੰਧ ਨੂੰ ਅੱਜ ਖਟ ਭੱਲਾ।
ਫਿਰ ਚੜ੍ਹਿਆ ਖਵਾਜਾ ਮਹਿਮੂਦ ਚੁੱਕ ਹਰਿਆ ਟੱਲਾ।
ਉਹਨੂੰ ਗਰਜ ਕਿਹਾ ਦਸਮੇਸ਼ ਨੇ ਜ਼ਾਹ ਮੁੜ ਜਾ ਮੱਲਾ।
ਉਹਤੋਂ ਤੇਜ ਗਿਆ ਨਾ ਝੱਲਿਆ ਕਹਿ ਲਾਹੌਲ ਵੱਲਾ।
ਉਹ ਪਉੜੀਓਂ ਡਰਦਾ ਡਿੱਗ ਪਿਆ ਮਰਦੂਦ ਨਿਗੱਲਾ।

ਓਥੇ ਤੀਰ ਨੇ ਛਾਂ ਕਰ ਦਿੱਤੀ ਮਚਿਆ ਤਰਥੱਲਾ।
ਇਕ-ਇਕ ਨੇ ਵਿੰਨੇ ਵੀਹ-ਵੀਹ ਹੋਈ ਬੱਲਾ-ਬੱਲਾ।
ਓਥੇ ਰੱਜੀਆਂ ਪੀ ਕਲਜੋਗਨਾਂ ਹੋਇਆ ਖ਼ੂਨ ਸਵੱਲਾ।
ਧਨ ਕਲਗੀਧਰ ਦਾ ਖਾਲਸਾ ਬਲਬੀਰ ਹਠੱਲਾ।

## ਹਵੇਲੀ 'ਚੋਂ ਜਥਾ ਨਿਕਲਣਾ

ਫਿਰ ਨਿਕਲਿਆ ਜਥਾ ਹਵੇਲੀਓਂ ਵੱਜ ਗਏ ਨਗਾਰੇ।
ਯਾ ਐਲੀ ਕਹਿ ਕੇ ਟੁੱਟ ਪੈ ਵੈਰੀ ਦਲ ਭਾਰੇ।
ਓਥੇ ਹਿੰਮਤ ਸਿੰਘ ਜਰਨੈਲ ਨੇ ਯੋਧੇ ਵੰਗਾਰੇ।
ਸਿੰਘ ਤੇਗਾਂ ਧੂਹ ਕੇ ਜਾ ਪਏ ਦੇ ਕੇ ਲਲਕਾਰੇ।
ਓਥੇ ਲਿਸ਼ਕਣ ਤੇਗਾਂ ਬਰਛੀਆਂ ਵਾਹ ਬਣੇ ਨਜ਼ਾਰੇ।
ਜਿਵੇਂ ਕਾਲੀ ਘਟਾ 'ਚੋਂ ਬਿਜਲੀਆਂ ਮਾਰਨ ਲਿਸ਼ਕਾਰੇ।
ਓਥੇ ਢਾਲਾਂ ਉਤੇ ਵੱਜ ਕੇ ਖੰਡੇ ਟੁਣਕਾਰੇ।
ਜਿਵੇਂ ਪੈਰੀਂ ਬੰਨ੍ਹ ਕੇ ਘੁੰਗਰੂ ਨੱਚਦੇ ਵਣਜਾਰੇ।
ਓਥੇ ਖਾ-ਖਾ ਨੇਜ਼ੇ ਡਿੱਗਦੇ ਕਈ ਖਾਨ ਹੰਕਾਰੇ।
ਜਿਵੇਂ ਡਿੱਗੇ ਰੁੱਖ ਖਜ਼ੂਰ ਦਾ ਦਰਿਆ ਕਿਨਾਰੇ।
ਓਥੇ ਲੇਥੂ-ਪੇਥੂ ਲਹੂ ਨਾਲ ਕਈ ਭਰਨ ਹੁੰਗਾਰੇ।
ਜਿਵੇਂ ਧੋਬੀ ਥਾਨ ਹਲਵਾਨ ਦੇ ਧੋ-ਧੋ ਖਿਲਾਰੇ।
ਓਥੇ ਥਾਂ-ਥਾਂ ਡਿੱਗੀਆਂ ਬੋਟੀਆਂ ਜਿਉਂ ਵਿਛੇ ਅੰਗਿਆਰੇ।
ਜਾਂ ਕੇਸੂ ਅਤੇ ਅਨਾਰ ਦੇ ਫੁੱਲ ਝੜ ਗਏ ਸਾਰੇ।
ਓਥੇ ਵਾਰੀ-ਵਾਰੀ ਨਿਕਲੇ ਕਈ ਜਥੇ ਸ਼ਿੰਗਾਰੇ।
ਸਭ ਪਾ ਗਏ ਹੱਸ ਸ਼ਹੀਦੀਆਂ ਦਸਮੇਸ਼ ਦੁਲਾਰੇ।

## ਮੋਹਕਮ ਸਿੰਘ ਪਿਆਰੇ ਦਾ ਜੱਥਾ

ਜਦ ਹਿੰਮਤ ਸਿੰਘ ਤੇ ਸਾਹਿਬ ਸਿੰਘ ਕਰ ਗਏ ਕਮਾਲਾਂ।
ਫਿਰ ਮੋਹਕਮ ਸਿੰਘ ਦੇ ਜਥੇ ਨੇ ਵੱਧ ਮਾਰੀਆਂ ਛਾਲਾਂ।
ਓਹ ਤੇਗ ਚਲੌਂਦੇ ਜਿਸ ਤਰ੍ਹਾਂ ਵੱਜਣ ਖੜਤਾਲਾਂ।
ਕੋਈ ਆਖੇ ਮੈਨੂੰ ਰੱਖ ਲਉ ਨਹੀਂ ਮਰਨਾ ਫਾਲਾਂ।
ਓਹਨਾਂ ਲੋਥਾਂ ਇਉਂ ਖਿਲਾਰੀਆਂ ਮੈਂ ਕਿਵੇਂ ਵਿਖਾਲਾਂ।
ਜਿਵੇਂ ਕੋਟਾ ਸ਼ਹਿਰ ਉਜਾੜਿਆ ਕਈ ਵਾਰ ਭੁਚਾਲਾਂ।
ਕਈ ਡਿੱਗੇ ਜ਼ਖਮੀ ਹੋ ਕੇ ਪਾਲਾਂ ਦੀਆਂ ਪਾਲਾਂ।
ਜਿਵੇਂ ਕਾਰਖਾਨੇ ਵਿਚ ਵਰਕਰਾਂ ਕੀਤੀਆਂ ਹੜਤਾਲਾਂ।

ਸਿੰਘ ਜਾਂਦੇ ਹੂੰਝਾਂ ਫੇਰਦੇ ਕੋਈ ਝੱਲੇ ਨਾਂ ਝਾਲਾਂ।
ਅੱਜ ਕੋਈ ਨਾ ਮਦਦੀ ਬਹੁੜਦਾ ਨਾ ਕਰੇ ਸੰਭਾਲਾਂ।
ਕਈ ਕਰਦੇ ਹੇਰਾ ਫੇਰੀਆਂ ਰਣ ਚੱਲਣ ਚਾਲਾਂ।
ਪਰ ਸੂਰੇ ਚੁਣ-ਚੁਣ ਮਾਰਦੇ ਕਰਦੇ ਪੜਤਾਲਾਂ।
ਇਉਂ ਲਾਸ਼ਾਂ ਦਿਸਣ ਪਈਆਂ ਜਿਉਂ ਲੱਕੜਾਂ ਵਿਚ ਟਾਲਾਂ।
ਜਿਵੇਂ ਹਾਲ ਚੜ੍ਹਾ ਲੈ ਖਾਨ ਕਾਹ ਗਾ ਗਾ ਕਵਾਲਾਂ।
ਕਈ ਤੇਗਾਂ ਰਣ ਵਿਚ ਟੁੱਟੀਆਂ ਕਈ ਡਿੱਗੀਆਂ ਢਾਲਾਂ।
ਨਹੀ ਮੁੜ ਕੇ ਜੱਗ ਵਿਚ ਆਵਣਾ ਮਾਈਆਂ ਦੇ ਲਾਲਾਂ।

## ਸਾਹਿਬਜ਼ਾਦਾ ਅਜੀਤ ਸਿੰਘ ਉਠਿਆ

ਜਦ ਸਿੰਘ ਸਤਾਰਾ ਤੁਰ ਗਏ ਰਣ ਫਤਿਹ ਗਜਾ ਕੇ।
ਫਿਰ ਉਠਿਆ ਸਾਹਿਬ ਅਜੀਤ ਸਿੰਘ ਗਲ ਪੱਲਾ ਪਾ ਕੇ।
ਉਸ ਆਖਿਆ ਕਲਗੀਧਰ ਨੂੰ ਇਓਂ ਸੀਸ ਨਿਵਾਕੇ।
ਮੈਨੂੰ ਜੰਗ ਵਿਚ ਜਾਣ ਦੀ ਆਗਿਆ ਦਿਓ ਥਾਪੜਾ ਲਾ ਕੇ।
ਮੈਂ ਮਾਰਾ ਦੁਸ਼ਮਣ ਦਲਾਂ ਨੂੰ ਰਣ ਅੰਦਰ ਜਾ ਕੇ।
ਮੈਂ ਚੁਣ-ਚੁਣ ਮਾਰਾਂ ਸੂਰਮੇਂ ਖੰਡਾ ਖੜਕਾਕੇ।
ਮੈਂ ਵੱਢ ਵੱਢ ਕਰ ਦਿਆਂ ਡੱਕਰੇ ਚੰਡੀ ਖੜਕਾਕੇ।
ਮੈਂ ਦੱਸਣਾ ਵਿਚ ਮੈਦਾਨ ਦੇ ਟਿੱਲ ਸਾਰਾ ਲਾ ਕੇ।
ਮੈਂ ਮੁਗਲਾਂ ਦੇ ਘਰ ਛੱਡਣੇ ਅੱਜ ਵੈਣ ਪੁਆਕੇ।
ਮੇਰੀ ਚੰਡੀ ਖੁਸ਼ੀ 'ਚ ਨੱਚਣਾ ਲਹੂ ਦੇ ਵਿਚ ਨਹਾਕੇ।
ਜੋ ਦਸ ਲੱਖ ਚੜ੍ਹਕੇ ਆ ਗਏ ਰਣ ਢੋਲ ਵਜਾਕੇ।
ਮੈਂ ਦਸਾਂਗਾ ਇਉਂ ਲੜੀ ਦਾ ਸਿਰ ਤਲੀ ਟਿਕਾ ਕੇ।

## ਦਸਮੇਸ਼ ਜੀ ਦਾ ਉਤਰ

ਇਹ ਸੁਣ ਕੇ ਕਲਗੀਧਰ ਨੇ ਪੁੱਤ ਸੀਨੇ ਲਾਇਆ।
ਉਹਨਾਂ ਆਖਿਆ ਮੇਰੇ ਹੀਰਿਆ ਸੁੰਦਰੀ ਦਿਆ ਜਾਇਆ।
ਤੈਨੂੰ ਮੱਖਣਾਂ ਦੇ ਨਾਲ ਪਾਲਿਆ ਮੈਂ ਲਾਡ ਲਡਾਇਆ।
ਜਾਹ ਰਣ ਵਿਚ ਦੁਸ਼ਮਣ ਦਲਾਂ ਦਾ ਕਰ ਦਿਹ ਸਫਾਇਆ।
ਤੇਰੇ ਪੜਦਾਦੇ ਨੇ ਜਿਸ ਤਰ੍ਹਾਂ ਰਣ ਭੜਥੂ ਪਾਇਆ।
ਤੇਰੇ ਦਾਦਾ ਜੀ ਧਰਮ ਲਈ ਸਿਰ ਲੇਖੇ ਲਾਇਆ।
ਜਿਵੇਂ ਦੁਸ਼ਮਣ ਦੇ ਨਾਲ ਜੂਝਿਆਂ ਤੇਰਾ ਸੰਗੋ ਤਾਇਆ।
ਅੱਜ ਤੂੰ ਵੀ ਹੱਥ ਨਾਲ ਵਿਖਾਦੇ ਸ਼ੁਭ ਮੌਕਾ ਆਇਆ।

ਮੇਰੇ ਦਿਲ ਵਿਚ ਰੀਝਾਂ ਲੱਖ ਨੇ ਦਿਲ ਚਾ ਸਵਾਇਆ।
ਮੈਂ ਅੱਖੀਂ ਤੈਨੂੰ ਵੇਖਣਾਂ ਜਦ ਜੱਗ ਮਚਾਇਆ।
ਜੱਗ ਓਸ ਮਰਦ ਨੂੰ ਪੂਜਦਾ ਜਿਸ ਬੋਲ ਪੁਗਾਇਆ।
ਅੱਜ ਦਸ ਲੱਖ ਦੇ ਨਾਲ ਜੂਝਨਾ ਤੇਰੇ ਹਿੱਸੇ ਆਇਆ।

## ਸਾਹਿਬਜ਼ਾਦਾ ਅਜੀਤ ਸਿੰਘ ਦੀ ਚੜ੍ਹਾਈ

ਲੱਗਾ ਸਾਹਿਬ ਅਜੀਤ ਸਿੰਘ ਰਣ ਕਰਨ ਚੜ੍ਹਾਈ।
ਉਹਨੇ ਪਹਿਨ ਪੁਸ਼ਾਕਾ ਰੇਸ਼ਮੀ ਸਿਰ ਕਲਗੀ ਲਾਈ।
ਉਹਨੇ ਮੋਢੇ ਭੱਥਾ ਪਾ ਪਿਆ ਲਿਆ ਗਲ ਤੇਗ ਸਜਾਈ।
ਉਹਨੇ ਆਖਿਆ ਮੇਰੇ ਅੰਗ-ਸੰਗ ਰਹੀ ਚੰਡੀ ਮਾਈ।
ਉਹਨੇ ਹਿਰਦੇ ਸਿਮਰ ਅਕਾਲ ਨੂੰ ਇਕ ਜੋਤ ਜਗਾਈ।
ਉਹਨੇ ਮੋਢੇ ਤੀਰ ਕਮਾਨ ਹੱਥ ਦੁਰਗਾ ਲਿਸ਼ਕਾਈ।
ਜਿਸ ਢਾਲ 'ਤੇ ਸੱਟਾਂ ਸਹਿਨੀਆਂ ਉਹ ਮਗਰ ਬੰਨ੍ਹਾਈ।
ਉਹਨੇ ਆਖਿਆ ਮੇਰੀ ਮੌਤ ਹੈ ਲੱਗਦੀ ਭਰਜਾਈ।
ਉਹ ਬੋਲਿਆਂ ਛੇਵੇਂ ਪਾਤਸ਼ਾਹ ਤੇਰੀ ਓਟ ਤਕਾਈ।
ਅੱਜ ਮੀਰੀ-ਪੀਰੀ ਵਾਲਿਆ ਰਣ ਹੋਈਂ ਸਹਾਈ।

## ਯੋਧੇ ਮੈਦਾਨ ਵਿਚ

ਉਹਦੇ ਨਾਲ ਦੇ ਅੱਠਾਂ ਯੋਧਿਆਂ ਛੱਡਿਆ ਜੈਕਾਰਾ।
ਝੱਟ ਘੋੜੇ ਉਤੇ ਚੜ੍ਹ ਪਿਆ ਦਸਮੇਸ਼ ਦੁਲਾਰਾ।
ਖੁੱਲ ਗਿਆ ਦਰਵਾਜ਼ਾ ਗੜ੍ਹੀ ਦਾ ਵੱਜ ਗਿਆ ਨਗਾਰਾ।
ਉਹ ਜਾਂਦਿਆਂ ਪੈ ਗਏ ਟੁੱਟ ਕੇ ਟਿੱਲ ਲਾ ਕੇ ਸਾਰਾ।
ਉਹਦਾ ਘੋੜਾ ਰੋਹ ਵਿਚ ਨੱਚਿਆ ਜਿਵੇਂ ਡਲ੍ਹਕੇ ਪਾਰਾ।
ਉਹਦੇ ਸਿਰ 'ਤੇ ਚੱਕ੍ਰ ਲਿਸ਼ਕਿਆ ਜਿਵੇਂ ਟੁੱਟਦਾ ਤਾਰਾ।
ਉਹਦੌ ਉੱਡਣ ਤੀਰ ਕਰੁੰਡੀਏ ਮਾਰਨ ਫੁੰਕਾਰਾ।
ਜਿਵੇਂ ਲੈ ਸੁਨੇਹਾ ਮੌਤ ਦਾ ਜਾਂਦਾ ਹਲਕਾਰਾ।
ਉਹ ਜੀਹਦੇ ਸੀਨੇ ਲੱਗਦੇ ਫੁੱਟ ਪਵੇ ਫੁਹਾਰਾ।
ਓਥੇ ਲਹੂ ਮਿੱਝ ਦਾ ਹੋ ਗਿਆ ਰਣ ਅੰਦਰ ਗਾਰਾ।
ਉਹ ਲਾੜੀ ਮੌਤ ਵਿਆਹੁਣ ਲਈ ਫਿਰ ਰਿਹਾ ਕੁਵਾਰਾ।
ਜਿਵੇਂ ਧੀਦੋ ਮੱਝਾਂ ਚਾਰਦਾ ਛੱਡ ਤਖਤ ਹਜ਼ਾਰਾ।
ਉਹਦਾ ਭੱਥਾ ਖਾਲੀ ਹੋ ਗਿਆ ਖਿੱਚ ਲਈ ਭਵਾਨੀ।
ਉਹੇ ਲਿਸ਼ਕੀ ਬਿਜਲੀ ਵਾਂਗਰਾਂ ਹੋਣੀ ਦੀ ਨਾਨੀ।

ਉਹਦੇ ਮਥੇ ਲਾਲੀ ਡਲ੍ਹਕਦੀ ਡੁੱਲ੍ਹ ਰਹੀ ਜਵਾਨੀ।
ਅੱਜ ਮਰਨਾ ਲਾੜੀ ਮੌਤ ਨੂੰ ਉਸ ਦਿਲ ਵਿਚ ਠਾਨੀ।
ਉਹ ਜਿਧਰ ਤੇਗ ਉਲਾਰਦਾ ਕਰਦਾ ਮਨ ਮਾਨੀ।
ਕੋਈ ਦਸ ਲੱਖ ਵਿਚ ਨਹੀਂ ਜਾਪਦਾ ਯੋਧੇ ਦਾ ਸਾਨੀ।
ਉਹਦਾ ਘੋੜਾ ਚਿੱਟੇ ਰੰਗ ਦਾ ਰਣ ਦੇ ਵਿਚ ਹਿਣਕੇ।
ਉਹਦੀ ਤੇਗ ਬਣਾਵੇ ਪੋਰੀਆਂ ਵੱਢੇ ਮਿਣ-ਮਿਣ ਕੇ।
ਉਹਦੇ ਸਾਥੀ ਬਦਲੇ ਲੈਣ ਪਏ ਦੁਸ਼ਮਣ ਤੋਂ ਗਿਣ ਕੇ।
ਉਹ ਸੀਸ ਉਡੌਂਦੇ ਧੜਾ ਤੋਂ ਜਿਉਂ ਉੱਡਣ ਤਿਣਕੇ।
ਪਈ ਮੌਤ ਵੀ ਹਾੜ੍ਹੇ ਕਢਦੀ ਜਦ ਚੰਡੀ ਤਿਣਕੇ।
ਉਹ ਚੌਂਹਦਾ ਢੇਰ ਲਗਾਵਣੇ ਲਾਸ਼ਾਂ ਦੇ ਚਿਣ ਕੇ।
ਜਿਸ ਖਾਧੇ ਗੁਰ ਦਸਮੇਸ਼ ਦੇ ਲੰਗਰ 'ਚੋਂ ਕਿਣਕੇ।
ਉਹ ਕਦੇ ਨਹੀਂ ਮੌਤ ਤੋਂ ਨਾ ਰਹਿੰਦਾ ਝਿਣਕੇ।

## ਜੰਗ ਦਾ ਨਜ਼ਾਰਾ

ਓਥੇ ਸਿਰੀਆਂ ਦਿਸਣ ਇਸ ਤਰ੍ਹਾਂ ਜੀਕਣ ਗੁਲਦਸਤੇ।
ਪਈ ਚੱਲੇ ਤੇਗ ਅਜੀਤ ਦੀ ਵੱਢੇ ਪਈ ਫਸਤੇ।
ਕੋਈ ਜਾਂਦੀ ਵੇਰ ਸਲਾਮ ਕਹੇ ਕੋਈ ਕਹੇ ਨਮਸਤੇ।
ਅੱਜ ਥੱਕ ਗਈ ਮੌਤ ਖਰੀਦਦੀ ਸਿਰ ਏਨੇ ਸਸਤੇ।
ਉਥੇ ਸਭ ਤਰਤੀਬਾਂ ਟੁੱਟੀਆਂ ਖਿੰਡ-ਪੁੰਡ ਗਏ ਦਸਤੇ।
ਵਾਹ ਫੁਰਤੀ ਸਾਹਿਬ ਅਜੀਤ ਦੀ ਬੰਨ੍ਹ ਦਿੱਤੇ ਬਸਤੇ।

## ਮੁਗਲਾਂ ਦਾ ਹੱਲਾ

ਇਕ ਵਾਰੀ ਗੁੱਸਾ ਖਾ ਕੇ ਪੈ ਗਏ ਚੁਗੱਤੇ।
ਕੁਝ ਰਾਜੇ ਬਾਈਧਾਰ ਦੇ ਕੁਝ ਮੁਗਲ ਕੁਪੱਤੇ।
ਉਹ ਘੇਰਾ ਪਾ ਕੇ ਡਟ ਗਏ ਹੰਕਾਰ 'ਚ ਮੱਤੇ।
ਸਿਰ ਦਿਸਣ ਵਾਂਗ ਹਦਵਾਣਿਆਂ ਪੈ ਲਮਕਣ ਛੱਤੇ।
ਉਹ ਵੇਖ ਗੁਰਾਂ ਦੇ ਲਾਲ ਨੂੰ ਹੋਏ ਰਤ ਬਰੱਤੇ।
ਉਹ ਆਖਣ ਬਚ ਕੇ ਜਾਏ ਨਾ ਜ਼ਰਾ ਹੋ ਜਾਉ ਤੱਤੇ।
ਜੋ ਵਧਦੇ ਅੱਗੇ ਜਰਾ ਵੀ ਮਹਾਂਜੇ ਤੇ ਫੱਤੇ।
ਝੱਟ ਤੀਰ ਗੁਰਾਂ ਦਾ ਗੜ੍ਹੀ 'ਚੋਂ ਵਿੰਨ ਛਾਤੀ ਘੱਤੇ।
ਕਈ ਉਡਦੇ ਜਾਂਦੇ ਦਿਸਦੇ ਜਿਵੇਂ ਤਾਸ਼ ਦੇ ਪੱਤੇ।
ਵਾਹ ਪੂਣੀ ਤੇਗ ਅਜੀਤ ਦੀ ਸਿਰ ਗੋਹੜੇ ਕੱਤੇ।

## ਘੋੜਾ ਸ਼ਹੀਦ ਹੋਣਾ

ਜਦ ਘੋੜਾ ਗੋਲੀ ਵੱਜ ਕੇ ਪਾ ਗਿਆ ਸ਼ਹੀਦੀ।
ਉਹਦੇ ਸਾਥੀ ਅੱਠੇ ਵਿਗੜਗੇ ਉਹਨਾਂ ਮੌਤ ਖਰੀਦੀ।
ਫਿਰ ਪੈਦਲ ਲੜਿਆ ਸੂਰਮਾਂ ਕਈ ਮਾਰੇ ਗੀਦੀ।
ਫੜ ਸਿੱਧੇ ਜੱਨਤ ਤੋਰ ਤੇ ਦੇ ਟਿਕਟ ਰਸੀਦੀ।
ਉਥੇ ਪਲ ਵਿਚ ਬਣ ਗਏ ਸੂਰਮੇਂ ਬੱਕਰੇ ਬਕਰੀਦੀ।
ਪਰ ਲੱਗੇ ਸਾਹਿਬ ਅਜੀਤ ਨੂੰ ਵੀ ਜਖਮ ਸ਼ਹੀਦੀ।
ਇਕ ਪਾਸੇ ਕੱਲਾ ਸੂਰਮਾਂ ਇਕ ਤਰਫ ਹਜ਼ਾਰਾਂ।
ਸਭ ਮੁਗਲ ਚੁਗਲ ਸਰਕਾਰੀਏ ਲੈ ਆਏ ਹਥਿਆਰਾਂ।
ਉਹਦੇ ਚਾਰ-ਚੁਫੇਰੇ ਇਸ ਤਰ੍ਹਾਂ ਲਿਸ਼ਕਣ ਤਲਵਾਰਾਂ।
ਜਿਵੇਂ ਰਾਂਝਾ ਘੇਰ ਖਲੋਤੀਆਂ ਰੰਗ ਪੁਰ ਦੀਆਂ ਨਾਰਾਂ।
ਉਹਨੂੰ ਲੱਗੇ ਜ਼ਖਮ ਸਰੀਰ 'ਤੇ ਨਹੀਂ ਅੰਤ ਸ਼ੁਮਾਰਾਂ।
ਜਿਵੇਂ ਤਾਰੇ ਦਿਸਣ ਅਕਾਸ਼ 'ਤੇ ਮਾਰਨ ਚਮਕਾਰਾਂ।
ਪਰ ਲੜਦਾ-ਲੜਦਾ ਫੇਰ ਵੀ ਲਾਹ ਗਿਆ ਸਥਾਰਾਂ।
ਉਹਦਾ ਖ਼ੂਨ ਸਰੀਰੋਂ ਚੋਂਵਦਾ ਜਿਉਂ ਵਗਣ ਝਲਾਰਾ।
ਉਹ ਅੰਤ ਸ਼ਹੀਦੀ ਪਾ ਗਿਆ ਖ਼ਾਤਰ ਉਪਕਾਰਾਂ।
ਜਦ ਵੇਖਿਆ ਕਲਗੀ ਵਾਲੀਆਂ ਸੱਚੀਆਂ ਸਰਕਾਰਾਂ।
ਉਹਨਾਂ ਕਿਹਾ ਸ਼ੁਕਰ ਹੈ ਵਾਹਿਗੁਰੂ ਤੇਰਾ ਲੱਖ ਹਜ਼ਾਰਾਂ।
ਜੋ ਦੇਸ ਲਈ ਕੁਰਬਾਨੀਆਂ ਕਰ ਗਏ ਨਰ-ਨਾਰਾਂ।
ਜੱਗ ਢਾਡੀ ਗਾਉਂਦੇ 'ਦਿਲਬਰਾ' ਉਹਨਾਂ ਦੀਆਂ ਵਾਰਾਂ।

✲

# ਵਾਰ—ਸਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹੀਦੀ

# ਜੰਗ ਚਮਕੌਰ ਸਾਹਿਬ

ਜਦ ਵੇਖਿਆ ਸਾਹਿਬ ਜੁਝਾਰ ਸਿੰਘ ਮੇਰਾ ਡਿੱਗਾ ਵੀਰਾ।
ਉਹ ਲਾੜੀ ਮੌਤ ਵਿਆਹ ਗਿਆ ਸਿਰ 'ਤੇ ਬੰਨ੍ਹ ਕੇ ਚੀਰਾ।
ਉਹ ਉਠਿਆ ਸਤਿ ਕਰਤਾਰ ਕਹਿ ਜੀਤੋ ਦਾ ਹੀਰਾ।
ਉਹਦਾ ਜੋਸ਼ 'ਚ ਚਿਹਰਾ ਫੁਲਿਆ ਜਿਵੇਂ ਗੂੰਦ ਕਤੀਰਾ।
ਉਹ ਉਮਰੋਂ ਛੋਟਾ ਜਾਪਦਾ ਪਰ ਗੁਣੀ ਗਹੀਰਾ।
ਉਹਨੇ ਉਠ ਕੇ ਗੁਰ ਦਸਮੇਸ਼ ਦੇ ਹੱਥ ਚਰਨੀਂ ਲਾਇਆ।
ਉਹਨੇ ਨਾਲ ਅਦਬ ਦੇ ਪਿਤਾ ਨੂੰ ਫਿਰ ਸੀਸ ਨਿਵਾਇਆ।
ਉਹਨੇ ਆਖਿਆ ਦੇਵੋ ਆਗਿਆ ਪੁੱਤ ਮੰਗਣ ਆਇਆ।
ਮੈਂ ਵਰਾਂ ਸ਼ਹੀਦੀ ਨਾਰ ਨੂੰ ਮੈਨੂੰ ਚਾ ਸਵਾਇਆ।
ਜਿਵੇਂ ਮੇਰੇ ਵੀਰ ਅਜੀਤ ਨੇ ਰਣ ਭੜਥੂ ਪਾਇਆ।
ਮੈਂ ਰੋੜ੍ਹਾਂ ਲਹੂ ਦੀ ਧਾਰ ਵਿਚ ਜੋ ਚੜ੍ਹਕੇ ਆਇਆ।
ਮੇਰੇ ਗਾਤਰੇ ਪੁੱਤ੍ਰ ਕਾਲ ਦਾ ਫਿਰਦਾ ਹਲਕਾਇਆ।
ਮੇਰੇ ਸਿਰ 'ਤੇ ਚੱਕ੍ਰ ਲਿਸ਼ਕਦਾ ਲਹੂ ਦਾ ਤ੍ਰਿਹਾਇਆ।
ਮੈਂ ਚੌਹਨਾਂ ਮੁਗਲਾਂ ਸ਼ਾਹੀ ਦਾ ਕਰ ਦਿਆਂ ਸਫਾਇਆ।
ਤੁਸਾਂ ਬੁਰਜ ਤੇ ਚੜ੍ਹਕੇ ਵੇਖਣਾ ਜਦ ਆਹੂ ਲਾਹਿਆ।
ਮੈਂ ਪੈਣ ਨਹੀਂ ਦੇਣਾ ਗੜ੍ਹੀ ਤੇ ਵੈਰੀ ਦਾ ਸਾਇਆ।
ਸਨ ਤੋਬਾ-ਤੋਬਾ ਕਰਨਗੇ ਜਦ ਹੱਥ ਵਿਖਾਇਆ।
ਜੱਗ ਆਖੇਗਾ ਦਸਮੇਸ਼ ਨੇ ਵਾਰਿਆ ਜੋੜਾ।
ਮੈਨੂੰ ਸੱਚਖੰਡ ਵੀਰ ਉਡੀਕਦਾ ਨਾ ਪਵੇ ਵਿਛੋੜਾ।
ਮੈਂ ਪੈਦਲ ਜਾਣਾ ਜੰਗ ਵਿਚ ਨਹੀਂ ਲੈਣਾ ਘੋੜਾ।
ਜਦ ਚੱਲਣ ਤੀਰ ਕਰੂਡੀਏ ਮੱਚੇਗਾ ਲੋਹੜਾ।
ਮੈਂ ਤੁਰਕਾਂ ਦੇ ਸਿਰ ਫੇਹਦਿਆ ਜਿਵੇਂ ਫਿਸਦਾ ਫੋੜਾ।
ਮੈਂ ਰਸਤੇ ਵਿਚੋਂ ਹੂੰਝਣਾ ਮੁਗਲਾਂ ਦਾ ਰੋੜਾ।
ਜਦ ਵੇਖਿਆ ਛੋਟੇ ਲਾਲ ਦਾ ਮਜ਼ਬੂਤ ਇਰਾਦਾ।

ਉਠ ਸੀਨੇ ਲਾਇਆ ਹਜ਼ੂਰ ਨੇ ਛੋਟਾ ਸਹਿਜ਼ਾਦਾ।
ਉਨ੍ਹਾਂ ਪਿਆਰ 'ਚ ਮੱਥਾ ਚੁੰਮਿਆ ਛਾਇਆ ਵਿਸਮਾਦਾ।
ਔਹ ਅਰਸ਼ਾਂ ਤੇ ਪਿਆ ਤੱਕਦਾ ਰਾਹ ਤੇਰਾ ਦਾਦਾ।
ਤੇਰੇ ਅੰਗ-ਸੰਗ ਪੁਰਖ ਅਕਾਲ ਹੈ ਜੋ ਆਦ ਜੁਗਾਦ।
ਤੈਨੂੰ ਮੱਖਣਾਂ ਦੇ ਨਾਲ ਪਾਲਿਆ ਕਈ ਲਾਡ ਲਡਾਏ।
ਤੂੰ ਜੀਤੇ ਦਾ ਦੁੱਧ ਚੁੰਘਿਆ ਤੇਰੇ ਨਾਜ਼ ਉਠਾਏ।
ਤੈਨੂੰ ਬਾਟੇ ਵਿਚੋਂ ਪੰਜ ਘੁੱਟ ਅੰਮ੍ਰਿਤ ਦੇ ਪਿਆਏ।
ਤੈਨੂੰ ਦੱਸੀ ਚੰਡੀ ਵਾਰ ਸੀ ਜਾਪ ਜਾਪ ਸਿਖਾਏ।
ਤੈਨੂੰ ਫੜਣ ਵਾਸਤੇ ਦਿੱਲੀਓਂ ਦਲ ਚੜ੍ਹ ਕੇ ਆਏ।
ਪਰ ਜਿਉਂਦੇ ਘਰ ਨੂੰ ਜਾਣ ਨਾ ਮਾਵਾਂ ਦੇ ਜਾਏ।
ਤੂੰ ਪੋਤਾ ਨੌਵੇਂ ਗੁਰੂ ਦਾ ਤੂੰ ਵਤਨ ਪੁਜਾਰੀ।
ਅਜ ਰਣ ਵਿਚ ਮੇਰ ਛਿੰਦਿਆ ਵਾਹ ਲਾ ਦੇ ਸਾਰੀ।
ਤੇਰਾ ਇਕ-ਇਕ ਤੀਰ ਕਰੂੰਡੀਆ ਤੇਰੀ ਤੇਅ ਸ਼ਿੰਗਾਰੀ।
ਤੇਰੇ ਗਲ ਸੰਜੋਅ ਫੌਲਾਦ ਦੀ ਤੇਰੀ ਤੇਜ ਕਟਾਰੀ।
ਤੁਸਾਂ ਛੇਆਂ ਹੱਥ ਵਿਖਾਵਣੇ ਅੱਜ ਵਾਰੋ ਵਾਰੀ।
ਮੈਂ ਵੇਖ-ਵੇਖ ਖੁਸ਼ ਹੋਵਾਂਗਾ ਤੇਰੀ ਚੜ੍ਹਤ ਨਿਆਰੀ।
ਅਜ ਜੰਗ ਵਿਚ ਭੁਰਲੂ ਫੇਰਦੇ ਤੂੰ ਵਾਂਗ ਮਦਾਰੀ।
ਅਜ ਧਰਤੀ ਲਹੂ ਵਿਚ ਰੰਗ ਦੇ ਬਣ ਨਵਾਂ ਲਲਾਰੀ।
ਜਿਵੇਂ ਵਾਰੀ ਤੇਰੇ ਵੀਰ ਨੇ ਇਹ ਜਾਨ ਪਿਆਰੀ।
ਜਾਹ ਤੂੰ ਵੀ ਲੇਖੇ ਲੱਗ ਜਾ ਇਹ ਖਾਹਸ਼ ਹਮਾਰੀ।
ਲੈ ਆ ਗਿਆ ਸ੍ਰੀ ਹਜ਼ੂਰ ਦੀ ਕਰ ਲਈ ਤਿਆਰੀ।
ਉਹਦੇ ਨਾਲ ਚੜ੍ਹੇ ਪੰਜ ਸੂਰਮੇਂ ਜੋ ਯੋਧੇ ਭਾਰੀ।
ਜਦ ਖੁਲ੍ਹਿਆ ਬੂਹਾ ਗੜ੍ਹੀ ਦਾ ਨਿਕਲੇ ਬਲਕਾਰੀ।
ਅਜ ਮਰ ਜਾਣਾ ਜਾਂ ਮਰਣਾ ਓਹਨਾਂ ਦਿਲ ਵਿਚ ਧਾਰੀ।
ਅਜ ਰਣ ਵਿਚ ਖੂਬ ਚਲਾਣਵੀ ਲਹੂ ਦੀ ਪਚਕਾਰੀ।
ਜਿਵੇਂ ਗੋਕਲ ਹੋਲੀ ਖੇਡਦਾ ਹੈ ਕ੍ਰਿਸ਼ਨ ਮੁਰਾਰੀ।
ਓਹਨਾਂ ਜਦੋਂ ਜੈਕਾਰਾ ਛੱਡਿਆ ਕੰਬੇ ਨਰ ਨਾਰੀ।
ਓਥੇ ਡੋਲੇ ਧਰਤ ਅਕਾਸ਼ ਸੀ ਖੜ ਗਈ ਉਸਾਰੀ।
ਓਥੇ ਸੂਰਜ ਲੁਕਿਆ ਬੱਦਲੀ ਹੋਈ ਗਰਦ ਗੁਬਾਰੀ।
ਇਕ ਵੇਰਾਂ ਪਰਬਤ ਡੋਲ ਗਏ ਤੱਕ ਮੌਤ ਖਲਾਰੀ।
ਉਹ ਸਿਰੀਆਂ ਇਉਂ ਉਲਾਰਦੇ ਛ ਮੌਤ ਬਪਾਰੀ।
ਜਿਵੇਂ ਖੇਡਣ ਵਿਚ ਮੈਦਾਨ ਦੇ ਫੁੱਟ ਬਾਲ ਖਿਡਾਰੀ।

ਉਹ ਛੱਡਣ ਤੀਰ ਕਾਮਨ 'ਚੋਂ ਇਉਂ ਚੁਸਤ ਸ਼ਿਕਾਰੀ।
ਜਿਉਂ ਗਿਆ ਅਪੋਲੋ ਚੰਦ ਵੱਲ ਇਕ ਮਾਰ ਉਡਾਰੀ।
ਜਦ ਤਕ ਬਾਜ਼ਾਂ ਵਾਲੜਾ ਪੁੱਤ ਦੀ ਹੁਸ਼ਿਆਰੀ।
ਉਹ ਆਖੇ ਲਾਲ ਜੁਝਾਰ ਸਿੰਘ ਮੈਂ ਸਦਕੇ ਵਾਰੀ।
ਜਦ ਭਥਾ ਖਾਲੀ ਹੋ ਗਿਆ ਉਸ ਧੂਹ ਲਈ ਚੰਡੀ।
ਉਸ ਹੱਥਾਂ ਦੇ ਵਿਚ ਤੋਲ ਕੇ ਇਕ ਵੇਰਾਂ ਛੰਡੀ।
ਉਹ ਜਿਥੇ ਜਾ ਕੇ ਲੱਗਦੀ ਪਾ ਦੇਂਦੀ ਵੰਡੀ।
ਉਹ ਸੀਨੇ ਜਾਂਦੀ ਚੀਰਦੀ ਜਾਂ ਵੱਢੇ ਘੰਡੀ।
ਉਹ ਸੌਦੇ ਕਰਦੀ ਸਿਰਾਂ ਦੇ ਬੀਰਾਂ ਦੀ ਮੰਡੀ।
ਉਹ ਖ਼ੂਨ ਨਦੀ ਵਿਚ ਨ੍ਹਾ ਕੇ ਪਈ ਹੋਵੇ ਠੰਢੀ।
ਜਿਸ ਸਾਹਵੇਂ ਲਾੜਾ ਘਲਿਆ ਉਹ ਹੋ ਗਈ ਭੰਡੀ।
ਓਥੇ ਬੱਧੇ ਗਾਨੇ ਟੁੱਟ ਗਏ ਤੇ ਪੈ ਗਈ ਭੰਡੀ।
ਉਹ ਦਰਸ਼ਨ ਦੇ ਪਛਾਣ ਕੇ ਸੀ ਵਰਤੀ ਹੰਢੀ।
ਕਏ ਯੋਧੇ ਪਾ ਤੇ 'ਦਿਲਬਰਾ' ਸੁਰਗਾਂ ਦੀ ਡੰਡੀ।
ਉਹਦੇ ਨਾਲ ਦੇ ਪੰਜਾਂ ਸਾਥੀਆਂ ਰਣ ਆਹੂ ਲਾਏ।
ਜਿਉਂ ਮਹਾਂ ਭਾਰਤ ਵਿਚ ਪਾਂਡਵਾਂ ਸਨ ਪੂਰ ਖਪਾਏ।
ਉਹ ਤੇਗਾਂ ਵੌਂਹਦੇ ਇਸ ਤਰ੍ਹਾਂ ਵੈਰੀ 'ਤੇ ਛਾਏ।
ਜਿਉਂ ਗੱਭਰੂ ਭੰਘੜਾ ਪਾਵਦੇ ਘੁੱਟ ਪੀ ਕੇ ਆਏ।
ਇਉਂ ਲੱਗਦੇ ਦੁਸ਼ਮਣ ਦਲਾਂ ਦੇ ਚਿਹਰੇ ਕੁਮਲਾਏ।
ਜਿਉਂ ਸ਼ੇਰ ਜੰਗਲ ਵਿਚ ਗਰਜਦਾ ਗਿੱਦੜ ਘਬਰਾਏ।
ਓਥੇ ਲਹੂ ਵਿਚ ਲਾਸ਼ਾਂ ਭਿੱਜੀਆਂ ਮੁਰਦੇ ਖਿੰਡਾਏ।
ਜਿਉਂ ਸੂਰਜ ਲਾਲੀ ਸੁੱਟ ਕੇ ਹੁਣ ਡੁੱਬਦਾ ਜਾਏ।
ਓਥੇ ਸਿਰੀਆਂ ਦਿਸਣ ਰੁਲਦੀਆਂ ਇਉਂ ਸਮੇਂ ਬਣਾਏ।
ਜਿਉਂ ਮੰਡੀ ਬੀਕਾਨੇਰ ਤੋਂ ਹਦਵਾਣੇ ਆਏ।
ਓਥੇ ਕਈ ਚੀਕਾਂ ਮਾਰਦੇ ਕਈ ਕਹਿੰਦੇ ਹਾਏ।
ਅੱਜ ਕੋਈ ਨਾ ਦਰਦੀ ਦਿਸਦਾ ਜੋ ਆਣ ਛੁਡਾਏ।
ਓਥੇ ਵੈਰੀ ਬੀਰ ਜੁਝਾਰ ਨੇ ਏਨੇ ਝਟਕਾਏ।
ਜਿਉਂ ਖੇਤਾਂ ਦੇ ਵਿਚ ਕਣਕ ਦੇ ਜੱਟ ਬੋਹਲ ਲਗਾਏ।
ਕਈ ਤੇਗ ਦੀ ਧਾਰ ਲੰਘਾ ਦਿੱਤੇ ਮਾਵਾਂ ਦੇ ਜਾਏ।
ਜਿਉਂ ਮੋਮਨ ਬੱਕਰੇ ਵੱਢ ਕੇ ਪਿਆ ਈਦ ਮਨਾਏ।
ਇਸ ਜੰਗ ਨੂੰ ਹਰ ਕੋਈ ਵੇਖ ਕੇ ਅੰਦਾਜ਼ਾ ਲਾਏ।
ਹੁਣ ਮੁਗਲ ਸ਼ਾਹੀ ਦੇ 'ਦਿਲਬਰਾ' ਦਿਨ ਨੇੜੇ ਆਏ।

ਇਹ ਵੇਖਕੇ ਖਾਨ ਵਜ਼ੀਰ ਦਿਲ ਕੁੜਿਆ-ਕੁੜਿਆ।
ਉਸ ਫੌਜਾਂ ਤਾਈਂ ਵੰਗਾਰਿਆ ਬਹੁ ਭੁੱਜਾ ਸੜਿਆ।
ਉਸ ਕਲਮਾਂ ਨਬੀ ਰਸੂਲ ਦਾ ਹੱਥ ਚੁੱਕ ਕੇ ਪੜ੍ਹਿਆ।
ਉਸ ਜਾਪੇ ਘੋੜ ਅਜਲ ਦੇ ਜਾਂਦਾ ਏ ਚੜ੍ਹਿਆ।
ਉਸ ਆਖਿਆ ਲਾਨ੍ਹਤ ਅਸਾਂ ਤੇ ਕੀ ਜੰਗ ਹੈ ਲੜਿਆ।
ਜੇ ਗੋਬਿੰਦ ਸਿੰਘ ਦੇ ਲਾਲ ਨੂੰ ਜਿਊਂਦਾ ਨਾ ਫੜਿਆ।
ਇਹ ਸੁਣ ਕੇ ਵਧੇ ਕਰੋਧ ਵਿਚ ਜ਼ਾਲਮ ਜਰਵਾਣੇ।
ਕੁਝ ਅੰਨ੍ਹੇ ਬਾਈਧਾਰ ਦੇ ਕੁਝ ਤੁਰਕੂ ਕਾਣੇ।
ਕਈ ਰੋਹ ਵਿਚ ਸੱਟਾਂ ਮਾਰਦ ਕਈ ਨਿੰਮੂਝਾਣੇ।
ਅੱਜ ਕੀਹਨੇ ਜੰਨਤ ਜਾਵਣਾ ਇਹ ਅੱਲਾ ਜਾਣੇ।
ਜੋ ਆ ਗਏ ਚੜ੍ਹਕੇ ਦਿਲੀਓਂ ਮੁਗਲਾਂ ਦੇ ਢਾਣੇ।
ਪਿਆ ਸੋਚੇ ਸਾਹਿਬ ਜੁਝਾਰ ਸਿੰਘ ਸਭ ਮਾਰ ਮੁਕਾਣੇ।
ਓਥੇ ਭੁੱਜਣ ਲੱਗੇ ਸੂਰਮੇਂ ਜਿਉਂ ਭੁੱਜਣ ਬਾਣੇ।
ਇਹ ਸਿੰਘ ਚਣੇ ਨੇ ਲੋਹੇ ਦੇ ਕਈ ਨਹੀਂ ਮਖਾਣੇ।
ਜਿਹਨਾਂ ਅੰਮ੍ਰਿਤ ਛਕਿਆ ਬਾਟਿਓਂ ਪਾ ਨੀਲੇ ਬਾਣੇ।
ਉਹ ਇਕ-ਇਕ ਭਾਰੂ ਦਲਾਂ ਤੇ ਕੋਈ ਨਹੀਂ ਨਮਾਣੇ।
ਉਹਨਾਂ ਪਲ ਵਿਚ ਮਾਰ ਮੁਕਾ ਦਿੰਦੇ ਤੁਰਕਾਂ ਦੇ ਘਾਣੇ।
ਪਰ ਹੋਰ ਬਥੇਰੇ ਆਈ ਗਏ ਖਸਮਾਂ ਨੂੰ ਖਾਣੇ।
ਕੀ ਲੜਨਾ ਛੋਟੇ ਬਾਲ ਨੇ ਤੁਰਕਾਂ ਦੇ ਭਾਣੇ।
ਪਰ ਤੋਬਾ-ਤੋਬਾ ਕਰਨ ਪਏ ਜਰਨੈਲ ਸਿਆਣੇ।
ਅੱਜ ਵੇਖੋ ਚੜ੍ਹਕੇ ਬੁਰਜ ਤੇ ਪਿਓ ਖੁਸ਼ੀ ਮਨਾਵੇ।
ਪੁੱਤ ਲੜਦਾ ਹੁਸਨ ਹੁਸੈਨ ਜਿਉਂ ਪਿਆ ਸ਼ਾਨ ਵਧਾਵੇ।
ਜਦ ਕੋਈ ਜਰਨੈਲ ਜੁਝਾਰ ਨੂੰ ਵੱਧ ਘੇਰਾ ਪਾਵੇ।
ਉਹਦੀ ਛਾਤੀ ਵਿਚੋਂ ਸਤਿਗੁਰੂ ਇਕ ਤੀਰ ਲੰਘਾਵੇ।
ਜਦ ਤਗੜਾ ਹੋ ਜਾ ਪੁੱਤਰਾ ਪਿਓ ਆਖ ਸੁਣਾਵੇ।
ਤਦ ਦੂਣਾ ਚੌਣਾ ਹੌਸਲਾ ਪੁੱਤ ਦਾ ਹੋ ਜਾਵੇ।
ਓਹ ਏਦਾਂ ਢਾਹ-ਢਾਹ ਸੂਰਮੇਂ ਪਿਆ ਧਰਤ ਵਿਛਾਵੇ।
ਜਿਵੇਂ ਸੱਥਰ ਵੱਢ ਜਵਾਰ ਦੇ ਜੱਟ ਭਰੀਆਂ ਪਾਵੇ।
ਉਹ ਧਰਤੀ ਰੱਤੀ ਲਹੂ ਨਾਲ ਇਉਂ ਰੰਗਦਾ ਜਾਵੇ।
ਜਿਉਂ ਸੂਰਜ ਡੁੱਬਣ ਲੱਗਿਆਂ ਅੱਗ ਅੰਬਰੀਂ ਲਾਵੇ।
ਕੋਈ ਜ਼ਖਮੀ ਉਹਦੀ ਤੇਗ ਦਾ ਲੁਛੇ ਕੁਰਲਾਵੇ।
ਸੰਸਾਰ ਬਰੇਤੀ ਵਿਚ ਜਿਉਂ ਪਲਸੇਟਾਂ ਖਾਵੇ।

ਉਹ ਆਪਣੇ ਇਕ-ਇਕ ਵਾਰ ਨਾਲ ਸੌ-ਸੌ ਢਾਹਵੇ।
ਅੱਜ ਕਈਆਂ ਦੇ ਮੁੱਕ ਜਾਣਗੇ ਜੀਵਣ ਦੇ ਦਾਹਵੇ।
ਓਥੇ ਏਨੀ ਪਰਲੋ ਆ ਗਈ ਸਭ ਸੈਨਾ ਹੁੱਟ ਗਈ।
ਤਦ ਚਲਦੀ ਤੇਗ ਜੁਝਾਰ ਦੀ ਅੱਧ ਵਿਚੋਂ ਟੁੱਟ ਗਈ।
ਉਹ ਟੁੱਟਦੀ-ਟੁੱਟਦੀ ਸੂਰਮੇਂ ਕਈ ਚੀਰ ਕੇ ਸੁੱਟ ਗਈ।
ਪਰ ਸਮਝੋ ਜੱਗ ਤੋਂ ਬੀਰ ਦੀ ਹੈ ਚੋਗ ਨਖੁਟ ਗਈ।
ਅਭਿਮੰਨੂ ਵਾਂਗੂੰ ਹੋ ਗਿਆ ਜਦ ਬੇ ਹਥਿਆਰਾ।
ਉਹਨੂੰ ਘੇਰਾ ਪਾਇਆ ਵੈਰੀਆਂ ਦੇ ਕੇ ਲਲਕਾਰਾ।
ਉਹਦੇ ਜੁਸੇ ਬਰਛੇ ਖੁੱਭ ਗਏ ਇਉਂ ਦੇਣ ਨਜ਼ਾਰਾ।
ਜਿਵੇਂ ਸੂਰਜ ਕਿਰਣਾਂ ਛੱਡ ਦਾ ਮਾਰੇ ਲਿਸ਼ਕਾਰਾ।
ਉਸਨੇ ਡਿੱਗਦੇ ਨੇ ਵੀ ਗੱਜ ਕੇ ਛੱਡਿਆ ਜੈਕਾਰਾ।
ਉਹ ਹੱਸ ਸ਼ਹੀਦੀ ਪਾ ਗਿਆ ਦਸਮੇਸ਼ ਦੁਲਾਰਾ।
ਜਿਸ ਸਾਜਿਆ ਪੁੱਤ ਅਕਾਲ ਦਾ ਇਹ ਪੰਥ ਨਿਆਰਾ।
ਅੱਜ 'ਦਿਲਬਰਾ' ਹੋਇਆ ਸੁਰਖਰੂ ਕਲਗੀਧਰ ਪਿਆਰਾ।

☆

# ਵਾਰ—ਸ: ਸ਼ਾਮ ਸਿੰਘ ਅਟਾਰੀ
# ਮਹਾਂਰਾਣੀ ਜ਼ਿੰਦ ਕੌਰ ਦੀ ਚਿੱਠੀ

ਮਹਿਬੂਬਾ ਸ਼ੇਰ ਪੰਜਾਬ ਦੀ ਇਕ ਚਿੱਠੀ ਪਾਈ।
ਗੱਲ ਸੁਣੀ ਅਟਾਰੀ ਵਾਲਿਆ ਮੈਂ ਦਿਆਂ ਦੁਹਾਈ।
ਤੂੰ ਪਿਛੇ ਕਦੇ ਨਾ ਹਟਿਓਂ ਤੂੰ ਤੋੜ ਨਿਭਾਈ।
ਅੱਜ ਬੈਠਾ ਕੀ ਹੈਂ ਸੋਚਦਾ ਤੈਨੂੰ ਖਬਰ ਨਾ ਕਾਈ।
ਹੈ ਗੋਰੇ ਨੇ ਪੰਜਾਬ 'ਤੇ ਕਰ ਲਈ ਚੜ੍ਹਾਈ।
ਉਸ ਸ਼ੇਰਾਂ ਨੂੰ ਵੰਗਾਰਿਆ ਉਸ ਅਣਖ ਜਗਾਈ।
ਰੋਹ ਚੜ੍ਹਿਆ ਹੈ ਸਿੱਖ ਫੌਜ ਨੂੰ ਤਲਵਾਰ ਉਠਾਈ।
ਹੋਈ ਮੁੱਕਦੀ ਫੇਰੂ ਸ਼ਹਿਰ ਵਿਚ ਹੈ ਬੜੀ ਲੜਾਈ।
ਓਥੇ ਲਾਇਆ ਟਿੱਲ ਬਹਾਦਰਾਂ ਗਈ ਪੇਸ਼ ਨਾ ਕਾਈ।
ਓਥੇ ਰੱਜ ਕੇ ਗੋਰਾ ਫੌਜ ਨੇ ਹੈ ਅੱਗ ਬਰਸਾਈ।
ਨਹੀਂ ਛੱਡੀ ਕਸਰ ਬਹਾਦਰਾਂ ਲਹੂ ਨਦੀ ਵਗਾਈ।
ਪਰ ਆਗੂ ਹੋਏ ਗ਼ਦਾਰ ਨੇ ਸਭ ਗੱਲ ਗਵਾਈ।

✡

## ਹੋਰ ਲਿਖਿਆ

ਅੱਜ ਤੇਜਾ ਸਿੰਘ ਤੇ ਲਾਲ ਸਿੰਘ ਕਰ ਗਏ ਗ਼ਦਾਰੀ।
ਉਹ ਚੌਹਦੇ ਜਾਵੇ ਫੌਜ ਸਭ ਜੰਗਾਂ ਵਿਚ ਮਾਰੀ।
ਉਹ ਦੁਸ਼ਮਣ ਦੇ ਨਾਲ ਮਿਲ ਗਏ ਗੱਲ ਕਰੀ ਨਕਾਰੀ।
ਉਹਨਾਂ ਦਸਿਆ ਭੇਤ ਲਾਹੌਰ ਦਾ ਮਤ ਗਈ ਹੈ ਮਾਰੀ।
ਉਹ ਲਾਲਚ ਦੇ ਵਿਚ ਫਸ ਗਏ ਬਣ ਕੂੜ ਵਪਾਰੀ।
ਉਹਨਾਂ ਧੋਖਾ ਦਿੱਤਾ ਦੇਸ਼ ਨੂੰ ਸੱਟ ਲੱਗੀ ਕਰਾਰੀ।
ਤੂੰ ਸ਼ਾਨ ਪੰਥ ਦੀ ਰੱਖ ਲੈ ਕਿਉਂ ਹਿੰਮਤ ਹਾਰੀ।
ਬੱਸ ਚਿੱਠੀ ਪੜ੍ਹਦਾ ਪਹੁੰਚ ਜਾ ਬਣ ਦੇਸ਼ ਪੁਜਾਰੀ।
ਹਾਲਤ ਵੇਖ ਪੰਜਾਬ ਦੀ ਮੈਨੂੰ ਰੋਣਾ ਔਂਦਾ।
ਅੱਜ ਹੁੰਦਾ ਸ਼ੇਰ ਪੰਜਾਬ ਜੇ ਪੰਜਾਬ ਬਚੌਂਦਾ।
ਜੇ ਹੁੰਦਾ ਨਲਵਾ ਹਰੀ ਸਿੰਘ ਤਰਥੱਲ ਮਚੌਂਦਾ।
ਅੱਜ ਹੁੰਦਾ ਫੂਲਾ ਸਿੰਘ ਜੇ ਮੇਰਾ ਦਰਦ ਵੰਡੌਂਦਾ।

ਜੇ ਹੁੰਦਾ ਬੰਦਾ ਸਿੰਘ ਅੱਜ ਤਲਵਾਰ ਉਠੌਂਦਾ।
ਜੇ ਹੁੰਦਾ ਟਿੱਕਾ ਖੜਗ ਸਿੰਘ ਕੌਣ ਕਈ ਨਾਹਰਾ ਲੌਂਦਾ।
ਜੇ ਹੁੰਦਾ ਨੌ-ਨਿਹਾਲ ਸਿੰਘ ਕੌਣ ਅੱਖ ਉਠੌਂਦਾ।
ਅੱਜ ਹੁੰਦਾ ਜੇਕਰ ਸ਼ੇਰ ਸਿੰਘ ਸ਼ੇਰਾਂ ਨੂੰ ਢੌਂਹਦਾ।
ਅੱਜ ਦੁਸ਼ਮਣ ਦੇਸ਼ ਪੰਜਾਬ ਦੀ ਨਾ ਅਣਖ ਗਵੌਂਦਾ।
ਅੱਜ ਗੋਰਾ ਸਾਡੀ ਹਿੱਕ 'ਤੇ ਨਾ ਛਾਉਣੀ ਪੌਂਦਾ।
ਮੇਰਾ ਛੋਟਾ ਜਿਹਾ ਦਲੀਪ ਅੱਜ ਰੋ-ਰੋ ਕੁਰਲੌਂਦਾ।
ਜੇ ਮਾਂ ਜੀ ! ਬਾਪੂ ਹੋਂਵਦਾ ਰਣ ਭੱੜਥੂ ਪੌਂਦਾ।
ਕੋਈ ਰੱਖ ਲਓ ਅੱਜ ਪੰਜਾਬ ਨੂੰ ਮੇਰਾ ਦਿਲ ਘਬਰੌਂਦਾ।
ਫਿਰ ਬੀਤਿਆਂ ਵੇਲਾ 'ਦਿਲਬਰਾ' ਨਹੀਂ ਹੱਥੀਂ ਔਂਦਾ।
ਉਠ ਸ਼ੇਰਾ ਵਕਤ ਸੰਭਾਲ ਲੈ ਅੱਜ ਵਤਨ ਪੁਕਾਰੇ।
ਤੂੰ ਯੋਧਾ ਹੈ ਪੰਜਾਬ ਦਾ ਤੈਨੂੰ ਅਣਖ ਵੰਗਾਰੇ।
ਤੂੰ ਗੈਰਤ ਨਾਲ ਪੰਜਾਬ ਵਿਚ ਹਨ ਸਮੇਂ ਗੁਜਾਰੇ।
ਅੱਜ ਕਰ ਲੈ ਰਾਖੀ ਦੇਸ਼ ਦੀ ਨਾ ਚੋਟ ਨਗਾਰੇ।
ਅੱਜ ਲੱਗੀ ਢਾਹ ਪੰਜਾਬ ਨੂੰ ਡੁੱਬ ਰਹੇ ਕਿਨਾਰੇ।
ਹਨ ਵਰ ਲਏ ਲਾੜੀ ਮੌਤ ਨੇ ਕਈ ਬੀਰ ਕੁਵਾਰੇ।
ਜੋ ਪਾਣੀ ਪਤਨੋਂ ਲੰਘ ਗਏ ਮੁੜਕੇ ਨਹੀਂ ਔਣੇ।
ਨਹੀਂ ਫੇਰ ਕਿਸੇ ਨੇ ਸੱਦਣਾ ਨਹੀਂ ਤਰਲੇ ਪੌਣੇ।

✲

## ਚਿੱਠੀ ਪੜ੍ਹਨ ਤੋਂ ਬਾਦ

ਜਦ ਚਿੱਠੀ ਪੜ੍ਹ ਲਈ ਸ਼ੇਰ ਨੇ ਉਹ ਰੋਹਬ ਵਿਚ ਆਇਆ।
ਉਹਦੇ ਖ਼ੂਨ ਉਛਾਲਾ ਮਾਰਿਆ ਦਿਲ ਲਾਂਬੂ ਲਾਇਆ।
ਉਹਦੇ ਸਾਹਵੇਂ ਸਿੱਖ ਦਰਬਾਰ ਦਾ ਸਭ ਨਕਸ਼ਾ ਆਇਆ।
ਉਹਨੇ ਤੱਕਿਆ ਰੋਂਦੀ ਨਾਰ ਨੂੰ ਚਿਹਰਾ ਕੁਮਲਾਇਆ।
ਜੀਹਦੀ ਗੋਦੀ ਦੇ ਵਿਚ ਲਾਡਲਾ ਬੈਠਾ ਘਬਰਾਇਆ।
ਉਹਨੇ ਚਿੱਟੇ ਬਸਤਰ ਪਹਿਨ ਲਏ ਘੋੜਾ ਮੰਗਵਾਇਆ।
ਉਹਨੇ ਹੱਥੀਂ ਖੰਡਾ ਪਰਖਿਆ ਗਲ ਵਿਚ ਲਟਕਾਇਆ।
ਉਹ ਚਲਿਆ ਪੌਣ ਸ਼ਹੀਦੀਆਂ ਸਿੰਘਣੀ ਦਾ ਜਾਇਆ।
ਜਦ ਗੱਲ ਸੁਣੀ ਸਰਦਾਰਨੀ ਉਹ ਨੱਠੀ ਆਈ।
ਉਹਨੇ ਔਂਦਿਆਂ ਪੁੱਛੀ ਗੱਲ ਜਾਂ ਸਿੰਘ ਖ਼ੋਲ੍ਹ ਸੁਣਾਈ।
ਗਈ ਹੋਣੀ ਵਰਤ ਪੰਜਾਬ 'ਤੇ ਆਹ ਚਿੱਠੀ ਆਈ।

ਛਲ ਕੀਤਾ ਰਲ ਕੇ ਆਗੂਆਂ ਜ਼ਿੰਦਾਂ ਘਬਰਾਈ।
ਅੱਜ ਦੁਸ਼ਮਣ ਬਣ ਗਏ ਡੋਗਰੇ ਉਹਨਾਂ ਲੋਈ ਲਾਹੀ।
ਅੱਜ ਤੇਜਾ ਸਿੰਘ ਤੇ ਲਾਲ ਸਿੰਘ ਮੂੰਹ ਮਲੀ ਸਿਆਹੀ।
ਮੈਂ ਚਲਿਆ ਹਾਂ ਵਿਚ ਜੰਗ ਦੇ ਸਿੰਘ ਫਤਿਹ ਬੁਲਾਈ।
ਗੁਰੂ ਕਲਗੀ ਵਾਲਾ ਪੰਥ ਦਾ ਹੈ ਸਦਾ ਸਹਾਈ।

## ਸਿੰਘ ਨੇ ਅਰਦਾਸ ਕਰਨੀ

ਤਦ ਸ਼ਾਮ ਸਿੰਘ ਸਰਦਾਰ ਨੇ ਕੀਤਾ ਅਰਦਾਸਾ।
ਉਹਨੇ ਆਖਿਆ ਬਾਜਾਂ ਵਾਲਿਆ ਤੇਰਾ ਭਰਵਾਸਾ।
ਸਿੰਘ ਚਲਿਆ ਵਿਚ ਮੈਦਾਨ ਦੇ ਲੈ ਤੇਰੀ ਆਸਾ।
ਹਾਂ ਫਤਿਹ ਪੰਥ ਦੀ ਮੰਗਦਾ ਹੱਥ ਫੜਕੇ ਕਾਸ਼ਾ।
ਮੈਂ ਰਣ ਦੇ ਵਿਚ ਹੈ ਕੁੱਦਣਾ ਸਿਰ ਮਾਰ ਮੁੜਾਸਾ।
ਤੂੰ ਬਹੁੜੀ ਮੇਰੇ ਸਤਿਗੁਰਾਂ ਪਲਟਾ ਦੇ ਪਾਸਾ।
ਮੈਂ ਖ਼ੂਨ ਦੀ ਨਦੀ ਵਗਾਦਿਆਂ ਜਿਉਂ ਵਗੇ ਬਿਆਸਾ।
ਮੈਂ ਵਿਚੇ ਖੋਰਾਂ ਡੋਗਰੇ ਜਿਉਂ ਖੁਰੇ ਪਤਾਸਾ।
ਅੱਜ ਬੇਈਮਾਨ ਅੰਗਰੇਜ਼ ਨੂੰ ਭੁੱਲ ਜਾਵੇ ਹਾਸਾ।
ਮੈਂ ਤੇਗ ਦੇ ਮੂੰਹ ਤੇ ਮਲਦਿਆਂ ਅੱਜ ਲਹੂ ਦੰਦਾਸਾ।
ਉਸ ਪਾਠ ਚੰਡੀ ਦੀ ਵਾਰ ਕਰ ਲਿਆ ਜ਼ਬਾਨੀ।
ਉਸ ਸੱਦੀ ਫਿਰ ਸਰਦਾਰਨੀ ਗੱਲ ਕੀਤੀ ਦਾਨੀ।
ਉਹਨੂੰ ਦਿੱਤੀ ਨਾਲ ਪਿਆਰ ਦੇ ਤਲਵਾਰ ਨਿਸ਼ਾਨੀ।
ਉਹਨੇ ਆਖਿਆ ਕਰਮਾਂ ਵਾਲੀਏ ਇਹ ਦੁਨੀਆਂ ਫਾਨੀ।
ਜੋ ਲੱਗ ਜੇ ਖ਼ਾਤਰ ਦੇਸ਼ ਦੇ ਚੰਗੀ ਜ਼ਿੰਦਗਾਨੀ।
ਨਹੀਂ ਮਰਦ ਕਦੇ ਵੀ ਕੌਮ ਦੀ ਤੱਕ ਸਕਦੇ ਹਾਨੀ।
ਗੁਰ ਕਲਗੀ ਵਾਲਾ ਸੰਗ ਹੈ ਨਹੀਂ ਭੁੱਲਣਾ ਆਖਾ।
ਫਿਰ ਜਿਊਂਦੇ ਰਹੇ ਤੇ ਮਿਲਾਂਗੇ ਨਹੀਂ ਤੇ ਰੱਬ ਰਾਖਾ।
ਉਹਦਾ ਘੋੜਾ ਪੁੱਤਰ ਪਾਉਣ ਦਾ ਉਡ ਚਲਿਆ ਸੂਰਾ।
ਉਹ ਆਖੇ ਦੁਸ਼ਮਣ ਦਲਾਂ ਦਾ ਕਰ ਸੁੱਟਣਾ ਚੂਰਾ।
ਉਹਦੇ ਰਤ ਬਰੱਤੇ ਨੈਣ ਸੀ ਜਿਉਂ ਚੜ੍ਹੇ ਧਤੂਰਾ।
ਉਹਨੂੰ ਗੋਰਾ ਖਹਿੰਦਾ ਜਾਪਦਾ ਜਿਉਂ ਝੋਟਾ ਬੂਰਾ।
ਉਹ ਪਹੁੰਚਾ ਵਿਚ ਸਭਰਾਓਂ ਦੇ ਬਚਨਾਂ ਦਾ ਪੂਰਾ।
ਉਹਨੂੰ ਵੇਖਕੇ ਖੱਬੀ ਖਾਨਾਂ ਦਾ ਜਾਏ ਨਿਕਲ ਕਰੂਰਾ।

ਓਥੇ ਸਿੱਖ ਫੌਜ ਦੇ ਜੋਸ਼ ਦੀ ਕੀ ਕਰਾਂ ਕਹਾਣੀ।
ਉਹਨਾਂ ਆਖਿਆ ਅੱਜ ਪੰਜਾਬ ਦੀ ਹੈ ਲਾਜ ਬਚਾਣੀ।
ਉਹਨਾਂ ਚੜ੍ਹੀਆਂ ਗਿੱਠ-ਗਿੱਠ ਲਾਲੀਆਂ ਦਿਲ ਖਾਰ ਪੁਰਾਣੀ।
ਦਿਸ ਰਹੀ ਗੁਲਾਮੀ ਸਾਹਮਣੇ ਖਸਮਾਂ ਨੂੰ ਖਾਣੀ।
ਜੋ ਚੜ੍ਹਕੇ ਆ ਗਈ ਦੇਸ਼ 'ਤੇ ਗੈਰਾਂ ਦੀ ਢਾਣੀ।
ਅੱਜ ਬਿਲਿਆਂ ਦੀ ਵਿਚ ਜੰਗ ਦੇ ਹੈ ਅਲਖ ਮੁਕਾਣੀ।
ਅੱਜ ਗੋਰੇ ਰਣ ਵਿਚ ਰਿੜਕਣ ਪਾ ਤੇਗ ਮਧਾਣੀ।
ਅੱਜ ਲਹੂ ਨਾਲ ਹੈ ਰੰਗਣਾ ਸਤਿਲੁਜ ਦਾ ਪਾਣੀ।

✲

## ਅੰਗ੍ਰੇਜ਼ਾਂ ਦੀ ਤਿਆਰੀ

ਸੀ ਉਧਰ ਵੀ ਅੰਗਰੇਜ਼ ਦੀ ਬੜੀ ਚਾਤਰ ਨੀਤੀ।
ਉਹਨਾਂ ਬੋਤਲ ਬੋਤਲ ਰੰਮ ਦੀ ਭਰ-ਭਰ ਕੇ ਪੀਤੀ।
ਉਹਨਾਂ ਭੇਦ ਲਿਆ ਸਿੱਖ ਫੌਜ ਦਾ ਕਰ ਗਲ ਚੁੜੀਤੀ।
ਉਹਨਾਂ ਆਖਿਆ ਕਰਣੇ ਖਾਲਸੇ ਅੱਜ ਫੀਤੀ-ਫੀਤੀ।
ਅੱਜ ਪਰਖੀ ਜਾਣੀ ਜੰਗ ਵਿਚ ਹੈ ਵਤਨ ਪਰੀਤੀ।
ਜਿਹਨਾਂ ਸੀਸ ਟਿਕਾਏ ਤਲੀ ਤੇ ਸੀ ਕਦੇ ਨਾ ਕੀਤੀ।
ਪਏ ਵੱਜਣ ਗੋਰਾ ਫੌਜ ਵਿਚ ਅੱਜ ਢੋਲ ਢਮੱਕੇ।
ਵਾਹ ਲਿਸ਼ਕਣ ਅੱਖਾਂ ਬਿੱਲੀਆਂ ਰੰਗ ਗੋਰੇ ਕੱਕੇ।
ਉਹਨਾਂ ਪਾਈਆਂ ਨਵੀਆਂ ਬਰਦੀਆਂ ਜਿਉਂ ਇੱਟ ਦੇ ਥੱਕੇ ।
ਉਹ ਗਿਟਮਿਟ ਗਿਟਮਿਟ ਬੋਲਦੇ ਨੀਤੀ ਵਿਚ ਪੱਕੇ।
ਉਹ ਵਫਾਦਾਰ ਇੰਗਲੈਂਡ ਦੇ ਨਹੀਂ ਹਿੰਦ ਦੇ ਸੱਕੇ।
ਉਹ ਚੁਸਤ ਚਤਰ ਅਣਥੱਕ ਸੀ ਨਾ ਅੱਕੇ ਥੱਕੇ।
ਉਹਨਾਂ ਆਖਿਆ ਰਣ ਵਿਚ ਮਾਰਣੇ ਸਿੰਘਾਂ ਦੇ ਫੱਕੇ।
ਉਹ ਅਗੇ ਵਧਦੇ ਆਂਵਦੇ ਨਹੀਂ ਰਹਿੰਦੇ ਡੱਕੇ।
ਉਹਨਾਂ ਕਿਰਚਾਂ ਗੱਨਾਂ ਰਾਈਫਲਾਂ ਤੇ ਪਿਸਟਲ ਚੱਕੇ।
ਓਹ ਤੋਪਾਂ ਖਿੱਚੀ ਆਂਵਦੇ ਲਾ-ਲਾ ਧੱਕੇ।

✲

## ਜੰਗ ਸ਼ੁਰੂ

ਉਥੇ ਹੋ ਕੇ ਆਮੋ ਸਾਹਮਣੇ ਦਲ ਦੋਵੇਂ ਜੁੱਟੇ।
ਉਥੇ ਤੋਪਾਂ ਦੇ ਮੂੰਹ ਖੁੱਲ੍ਹ ਗਏ ਕਈ ਗੋਲੇ ਛੁੱਟੇ।

ਇਕ ਵੇਰਾਂ ਏਦਾਂ ਪੈ ਗਏ ਸਿੰਘ ਲਾ ਕੇ ਝੁੱਟੇ।
ਜਿਉਂ ਸ਼ੇਰ ਨਿਕਲ ਕੇ ਘੁਰਨਿਓਂ ਗਿੱਦੜਾਂ 'ਤੇ ਟੁੱਟੇ।
ਉਥੇ ਕੜ-ਕੜ ਚਲੀਆਂ ਗੋਲੀਆਂ ਕਈ ਧਰਤੀ ਸੁੱਟੇ।
ਕਈ ਹਿੱਕਾਂ ਹੋਈਆਂ ਛਾਨਣੀ ਕਈ ਮੱਥੇ ਫੁੱਟੇ।
ਕਈ ਬਿਦ-ਬਿਦ ਤੇਗਾਂ ਵਾਹਵਦੇ ਨਾ ਹਾਰੇ ਹੁੱਟੇ।
ਉਹ ਤੁਰ ਗਏ ਜਿਹਨਾਂ ਦੇ ਜੱਗ ਤੋਂ ਸਨ ਚੋਗ ਨਿਖੁਟੇ।

☆

## ਸ: ਸ਼ਾਮ ਸਿੰਘ ਦਾ ਹੱਲਾ

ਸ਼ਾਮ ਸਿੰਘ ਸਰਦਾਰ ਨੇ ਦਿੱਤਾ ਲਲਕਾਰਾ।
ਉਹਨੇ ਸਤਿ ਸ੍ਰੀ ਅਕਾਲ ਦਾ ਛੱਡਿਆ ਜੈਕਾਰਾ।
ਉਹਦਾ ਘੋੜਾ ਉਛਲਿਆ ਦੌੜਿਆ ਇਉਂ ਤੇਜ ਤਰਾਰਾ।
ਜਿਵੇਂ ਰਾਕਟ ਉਡੇ ਚੰਦ ਵੱਲ ਵੇਖੇ ਜੱਗ ਸਾਰਾ।
ਉਹਦੇ ਹੱਥ ਵਿਚ ਚੰਡੀ ਚਮਕਦੀ ਜਿਉਂ ਚਮਕੇ ਤਾਰਾ।
ਉਹ ਜਿਧਰ ਦੀ ਲੰਘ ਜਾਂਵਦਾ ਵਗਦੀ ਲਹੂ ਧਾਰਾ।
ਉਹਨੇ ਪੱਬਾਂ ਪਰਨੇ ਹੋ ਕੇ ਟਿੱਲ ਲਾਇਆ ਸਾਰਾ।
ਉਹਦੀ ਤੇਗ ਜਾਂਵਦੀ ਚੀਰਦੀ ਜਿਉਂ ਲੱਕੜ ਆਰਾ।
ਉਹ ਜਿਥੇ ਪੈਂਦਾ ਟੁੱਟ ਕੇ ਕਰ ਜਾਂਦਾ ਕਾਰਾ।
ਉਹਨੇ ਮਿੰਟਾਂ ਅੰਦਰ ਕਰਾ ਦਿੱਤਾ ਲਹੂ ਮਿਝ ਦਾ ਗਾਰਾ।
ਓਥੇ ਫੁੱਲ ਬਰਸੌਂਦੇ ਦੇਵਤੇ ਤੱਕ ਘੂੱਲਘਾਰਾ।
ਉਹਨੇ ਨਿੰਬੂ ਵਾਂਗੂ ਗੋਰਿਆਂ ਦੀ ਰੱਤ ਨਿਚੋੜੀ।
ਉਹਦੇ ਸਾਹਵੇਂ ਓਹੋ ਠਹਿਰਿਆ ਜੀਹਦੀ ਉਮਰਾ ਥੋੜੀ।
ਉਹ ਜੀਹਦੀ ਕਿਸਮਤ ਲਿਖ ਗਿਆ ਰੱਬ ਵੀ ਨਾ ਮੋੜੀ।
ਉਹਦੀ ਜਾਹ ਮੁਹੰਮਦ ਕਵੀ ਨੇ ਸੀ ਕਵਿਤਾ ਜੋੜੀ।
ਉਹਦੀ ਵਾਰ ਗਵੱਈਏ ਗੌਣਗੇ ਰਹਿੰਦੇ ਜੱਗ ਤੋੜੀ।
ਓਥੇ ਭਾਜੜ ਪਈ ਅੰਗਰੇਜ਼ ਨੂੰ ਨੱਠ ਚੱਲੇ ਗੋਰੇ।
ਓਥੇ ਲਾਰਡ ਗਫ ਘਬਰਾ ਗਿਆ ਭਰਦਾ ਹਟਕੋਰੇ।
ਕਈ ਮੇਮਾਂ ਹੋਈਆਂ ਰੰਡੀਆਂ ਦਿਲ ਲੱਗੇ ਝੋਰੇ।
ਉਹਨੇ ਕੀਤੇ ਫੇਰ ਵੰਗਾਰ ਕੇ ਕਈ ਸੁੱਟੇ ਡੋਰੇ।
ਉਥੇ ਡਿੱਗੀਆਂ ਕਈ ਪਲਟਨਾਂ ਹੋ ਪੋਰੇ-ਪੋਰੇ।
ਉਹਨਾਂ ਬੜੀਆਂ ਤੋਪਾਂ ਦਾਗੀਆਂ ਵਿਚ ਅੱਖ ਦੇ ਫੋਰੇ।
ਪਰ ਤੇਜਾ ਸਿੰਘ ਤੇ ਲਾਲ ਸਿੰਘ ਕਰ ਘੋਸ ਮਸੋਰੇ।

ਉਹ ਨੱਠ ਗਏ ਪੁਲ ਤੋੜ ਕੇ ਦਿਲ ਹੋ ਗਏ ਕੋਰੇ।
ਜਗ ਪਾਜੀ ਖੱਟਣ ਲਾਹਨਤਾਂ ਲੈਂਦੇ ਫਿਟਕਾਰਾਂ।
ਪਰ ਜੱਗ ਵਿਚ ਢਾਡੀ ਗੌਣਗੇ ਮਰਦਾਂ ਦੀਆਂ ਵਾਰਾਂ।
ਤਦ ਸ਼ਾਮ ਸਿੰਘ ਸਰਦਾਰ ਨੇ ਕਿਹਾ ਜੀ ਭਿਆਣੇ।
ਗਏ ਕਿਥੇ ਸਾਡੇ ਤੋਪਚੀ ਰਹੇ ਬੈਠ ਧਿਗਾਣੇ।
ਜ਼ਰਾ ਦਾਗੋ ਤੋਪਾਂ ਬੀੜ ਕੇ ਲਓ ਸੇਧ ਸਿਆਣੇ।
ਭੁੰਨ ਸੁੱਟੇ ਵੈਰੀ ਦੇਸ਼ ਦੇ ਜਿਉਂ ਭੁੱਜਣ ਦਾਣੇ।
ਕਿਸੇ ਕੋਲੋਂ ਦੱਸਿਆ ਸਿੰਘ ਜੀ ਜਰਨੈਲ ਸੀ ਕਾਣੇ।
ਓਹੁ ਸਾਡਾ ਸਭ ਬਰੂਦ ਨੇ ਲਾ ਗਏ ਟਿਕਾਣੇ।
ਪਏ ਸਰਸੋਂ ਭਰ-ਭਰ ਭੇਜਦੇ ਖਸਮਾਂ ਨੂੰ ਨੂੰ ਖਾਣੇ।
ਕਿਉਂ ਆਪਣੇ ਹੋਏ ਗ਼ਦਾਰ ਨੇ ਖਬਰੇ ਰੱਬ ਜਾਣੇ।
ਇਹ ਸੁਣਕੇ ਸਿੰਘ ਸਰਦਾਰ ਨੂੰ ਰੋਹ ਡਾਹਢਾ ਚੜਿਆ।
ਉਸ ਜੋਸ਼ 'ਚ ਹੱਲਾ ਬੋਲਿਆ ਜਾਂ ਦਲ ਵਿਚ ਵੜਿਆ।
ਉਹਨੇ ਸੱਜੇ ਹੱਥ ਵਿਚ ਧੂਹ ਕੇ ਤੇਗੇ ਨੂੰ ਫੜਿਆ।
ਓਹਨੇ ਓਟ ਲਈ ਦਸਮੇਸ਼ ਦੀ ਗੁਰ ਮੰਤਰ ਪੜ੍ਹਿਆ।
ਉਹਨੇ ਜਿਥੇ ਧਾਵਾ ਬੋਲਿਆ ਕੋਈ ਬੀਰ ਨਾ ਅੜਿਆ।
ਉਹਦੇ ਸਾਹਵੇਂ ਜਿਹੜਾ ਆ ਗਿਆ ਫੁੱਲ ਵਾਂਗੂੰ ਝੜਿਆ।
ਇਕ ਵੇਰਾਂ ਦਲ ਅੰਗਰੇਜ਼ ਦਾ ਘਬਰਾ ਕੇ ਦੌੜਿਆ।
ਸਭ ਤੋਬਾ-ਤੋਬਾ ਕਰਨ ਪਏ ਸਿੰਘ ਏਨਾ ਲੜਿਆ।
ਉਹਦਾ ਜੁੱਸਾ ਹੋਇਆ ਛਾਨਣੀ ਕਈ ਗੋਲੀਆਂ ਖਾ ਕੇ।
ਉਹ ਸੂਹਾ ਰੱਤਾ ਹੋ ਗਿਆ ਲਹੂ ਅੰਦਰ ਨਹਾ ਕੇ।
ਉਹ ਅੱਗੇ ਵਧਦਾ ਆਂਵਦਾ ਜੈਕਾਰੇ ਬੁਲਾਕੇ।
ਰਹੀ ਹੋਸ਼ ਨਾ ਟੁੰਡੀ ਲਾਟ ਨੂੰ ਡਿੱਗਾ ਕੇ ਗਸ਼ ਖਾ ਕੇ।
ਉਹਦਾ ਮੱਥੇ ਦੇ ਵਿਚ ਲੱਗਿਆ ਇਕ ਆਨ ਦੁਗਾੜਾ।
ਉਹ ਲੰਘ ਗਿਆ ਸਿਰ ਚੀਰਕੇ ਪਾ ਵੱਡਾ ਪਾੜਾ।
ਉਹਦਾ ਲਾਲ ਲਹੂ ਨਾਲ ਹੋ ਗਿਆ ਦੁੱਧ ਚਿੱਟਾ ਦਾੜ੍ਹਾ।
ਉਹਦਾ ਪਾਣੀ ਵਾਗੂੰ ਵਹਿ ਗਿਆ ਲਹੂ ਰਤਾ ਗਾੜ੍ਹਾ।
ਉਹਨੂੰ ਆਪ ਪਿਆਇਆ ਕਾਲ ਨੇ ਇਕ ਭਰਕੇ ਹਾੜਾ।
ਉਹ ਵਰ ਗਿਆ ਲਾੜੀ ਮੌਤ ਨੂੰ 'ਦਿਲਬਰ' ਬੰਨ੍ਹ ਲਾੜਾ।

☆

# ਵਾਰ ਚੌਧਰੀ ਨੱਥੇ ਦੀ

## ਮੱਸੇ ਦੀ ਕਰਤੂਤ

ਜਦ ਮੱਸੇ ਨੇ ਹਰਿਮੰਦਰ ਵਿਚ ਮੁਜਰਾ ਕਰਵਾਇਆ।
ਇਹ ਵੇਖਕੇ ਕਿਸੇ ਜਵਾਨ ਦੇ ਲਹੂ ਅੱਖੀਂ ਛਾਇਆ।
ਉਹ ਬੀਕਾਨੇਰ 'ਚ ਪਹੁੰਚਿਆ ਸਿੰਘਣੀ ਦਾ ਜਾਇਆ।
ਉਹਨੇ ਬੁੱਢਾ ਸਿੰਘ ਦੇ ਜਥੇ ਨੂੰ ਜਾ ਹਾਲ ਸੁਣਾਇਆ।
ਅੱਜ ਸ਼ੇਰਾਂ ਪਿਛੋਂ ਗਿੱਦੜਾਂ ਹੈ ਭੱੜਥੂ ਪਾਇਆ।
ਤੁਸਾਂ ਕਿਉਂ ਪਿਆਰੇ ਨੂੰ ਹੈ ਮਨੋਂ ਭੁਲਾਇਆ।

## ਜਥੇਦਾਰ ਦਾ ਜੋਸ਼

ਇਹ ਸੁਣ ਕੇ ਜਥੇਦਾਰ ਦੇ ਅੱਗ ਲੱਗੀ ਸੀਨੇ।
ਝੱਟ ਰੱਤ ਬਰੱਤੇ ਹੋ ਗਏ ਉਹਦੇ ਨੈਣ ਨਗੀਨੇ।
ਉਹਨੇ ਆਖਿਆ ਅੱਜ ਵੰਗਾਰਿਆ ਕਿਸੇ ਕਾਇਰ ਕਮੀਨੇ।
ਉਹਨੂੰ ਇਕ ਇਕ ਪਲ ਵੀ ਜਾਪਿਆ ਜਿਵੇਂ ਲੰਘਣ ਮਹੀਨੇ।
ਜਦੋਂ ਮਾਰਿਆ ਜਥੇਦਾਰ ਨੇ ਗੱਜ ਕੇ ਲਲਕਾਰਾ।
ਦੋ ਸ਼ੇਰਾਂ ਝੱਟ-ਪਟ ਉਠ ਕੇ ਕਰ ਲਿਆ ਤਿਆਰਾ।
ਇਕ ਭੰਗੂ ਸਿੰਘ ਮਤਾਬ ਸੀ ਦਸਮੇਸ਼ ਦੁਲਾਰਾ।
ਅਤੇ ਦੂਜਾ ਸੁੱਖਾ ਸਿੰਘ ਦੀ ਸਤਿਗੁਰ ਦਾ ਪਿਆਰਾ।
ਉਹਨਾਂ ਉਠ ਅਰਦਾਸਾ ਸੋਧਿਆ ਛੱਡਿਆ ਜੈਕਾਰਾ।
ਦੋ ਘੋੜਿਆਂ ਖੋਰੂ ਪੱਟਿਆ ਵੱਜ ਗਿਆ ਨਗਾਰਾ।
ਉਹ ਨੰਬਰਦਾਰਾਂ ਵਾਂਗਰਾਂ ਅੰਮ੍ਰਿਤਸਰ ਆਏ।
ਓਹਨਾਂ ਹਰਿਮੰਦਰ ਵਿਚ ਜਾ ਕੇ ਗੁਰ ਦਰਸ਼ਨ ਪਾਏ।
ਉਹਨਾਂ ਸਿਰ ਮੱਸੇ ਦਾ ਵੱਢਿਆ ਖੰਡੇ ਖੜਕਾਏ।
ਉਹਨਾਂ ਮਿੰਟਾਂ ਵਿਚ ਸ਼ਰਾਬ ਦੇ ਆਸ਼ਕ ਝਟਕਾਏ।
ਉਹਨਾਂ ਤਬਲੇ ਅਤੇ ਸੁਰੰਗੀ ਨੂੰ ਭੰਨ ਗੁੱਸੇ ਲਾਹੇ।
ਉਹਨਾਂ ਨਾਰੀ ਸਮਝ ਕੇ ਵੇਸਵਾ ਤੇ ਰਹਿਮ ਕਮਾਏ।
ਉਹਨਾਂ ਮੱਸੇ ਦਾ ਸਿਰ ਫੜ ਲਿਆ ਹੱਥ ਵਾਂਗਰ ਕੱਦੂ।
ਉਹਦਾ ਧੜ ਧਰਤੀ 'ਤੇ ਢਹਿ ਪਿਆ ਮੱਦੂ ਦਾ ਮੱਦੂ।
ਉਹ ਘੋੜੇ ਲੈ ਕੇ ਉੱਡ ਗਏ ਵੱਢ ਕੇ ਬੱਦੂ।
ਹੁਣ ਢਾਹਾਂ ਮਾਰਕੇ ਮਸਿਆ ਤੇਰੀ ਬੇਗਮ ਸੱਦੂ।
ਜਦ ਹਾਲ ਰੰਘੜ ਦੀ ਮੌਤ ਦੇ ਲੋਕਾਂ ਵਿਚ ਆਏ।
ਕੋਈ ਆਖੇ ਆਏ ਭੂਤਨੇ ਉਹਨਾਂ ਭੇਸ ਵਟਾਏ।

ਕੋਈ ਆਖੇ ਅਰਸ਼ੋਂ ਉਤਰੇ ਹੋਣੀ ਦੇ ਜਾਏ।
ਕੋਈ ਆਖੇ ਵਾਂਗ ਤੂਫਾਨ ਦੇ ਉਹਨਾਂ ਭੱੜਥੂ ਪਾਏ।
ਕੋਈ ਕਹੇ ਉਹਨਾਂ ਨੂੰ ਵੇਖ ਕੇ ਸਾਡੇ ਦਿਲ ਘਬਰਾਏ।
ਕਈ ਰਾਤ ਉੱਠਣ ਬਰੜਾ ਕੇ ਜਦ ਸੁਪਨੇ ਆਏ।
ਜਦ ਸੁਣਿਆ ਬੇਗਮ ਮੱਸੇ ਦੀ ਘਰ ਪਿਆ ਪਟਾਕਾ।
ਉਹ ਰੋਈ ਮਾਰ ਦੋਹੱਥੜਾਂ ਲੈ ਗੋਂਦੀ ਕਾਕਾ।
ਉਹਨੇ ਵੈਣ ਪਾਏ ਕੁਰਲਾ ਕੇ ਰੋ ਪਿਆ ਇਲਾਕਾ।
ਉਹ ਆਖੇ ਮੇਰੇ ਹਾਣੀਆਂ ਕੀ ਕਰ ਗਿਓਂ ਸਾਕਾ।
ਅੱਜ ਹੀਰ ਕੱਲੀ ਨੂੰ ਛੱਡਕੇ ਕਿਉਂ ਤੁਰ ਗਿਓਂ ਚਾਕਾ।
ਦਿਨ ਦੀਵੀ ਮੇਰਾ ਸੁਹਾਗ ਤੇ ਕਿਸ ਮਾਰਿਆ ਡਾਕਾ।
ਓਹਨੇ ਲਾਹ ਲਈ ਨੱਥ ਸੁਹਾਗ ਦੀ ਭੰਨ ਸੁਟਿਆ ਚੂੜਾ।
ਉਹਦਾ ਰੋ-ਰੋ ਕੇ ਰੰਗ ਖੁਰ ਗਿਆ ਕਜਲੇ ਦਾ ਗੂੜ੍ਹਾ।
ਉਨ੍ਹੇ ਗਲ੍ਹਾਂ ਪਿੱਟ-ਪਿੱਟ ਫੇਹ ਲਈਆਂ ਜਿਵੇਂ ਤਲਿਆ ਪੂੜਾ।
ਉਸ ਸਿਰ ਵਿਚ ਸਵਾਹ ਖਲਾਰ ਲਈ ਜਿਵੇਂ ਧੂੜਿਆ ਧੂੜਾ।
ਉਹਦੀਆਂ ਅੱਖਾਂ ਰੋ-ਰੋ ਹੋ ਗਈਆਂ ਜਿਵੇਂ ਲਾਲ ਲਸੂੜਾ।
ਉਹਦੀ ਮਹਿੰਦੀ ਨੂੰ ਅੱਗ ਲੱਗ ਗਈ ਘਰ ਵਿਛ ਗਿਆ ਫੂੜਾ।
ਉਹਨੂੰ ਸੁੱਖਾਂ ਦੇ ਵਿਚ ਵਸਦੀ ਨੂੰ ਪਿਆ ਭਸੂੜਾ।
ਇਹ ਜੱਗ ਵਿਧਵਾ ਨੂੰ ਸਮਝਦਾ ਰੂੜੀ ਦਾ ਕੂੜਾ।
ਸਭ ਰੀਝਾਂ ਮਿੱਟੀ ਮਿਲ ਗਈਆਂ ਟੁੱਟ ਗਿਆ ਪੰਘੂੜਾ।
ਉਹ ਜਾ ਕੇ ਵਿਚ ਲਾਹੌਰ ਦੇ ਰੋਈ ਕੁਰਲਾਈ।
ਉਸ ਸੂਬੇ ਦੇ ਦਰਬਾਰ ਵਿਚ ਜਾ ਦਿੱਤੀ ਦੁਹਾਈ।
ਮੇਰਾ ਖਾਵੰਦ ਸਿੰਘਾਂ ਮਾਰਿਆ ਤੈਨੂੰ ਖਬਰ ਨਾ ਕਾਈ।
ਅਜ ਮੇਰੇ ਭਾ ਦੀ ਹਾਕਮਾਂ ਜੱਗ ਪਰਲੋ ਆਈ।
ਮੈਨੂੰ ਬਦਲਾ ਲੈ ਦੇ ਸਿੰਘਾਂ ਤੋਂ ਜਿਹਨਾਂ ਅੱਤ ਸਚਾਈ।
ਮੇਰਾ ਭੁੱਜਦਾ ਸੀਨਾ ਠਾਰ ਦੇ ਤੇਰੇ ਦਰ ਆਈ।
ਇਹ ਸੁਣਕੇ ਜ਼ਕਰੀਆ ਖਾਨ ਦੇ ਅੱਗ ਸੀਨੇ ਭੜਕੀ।
ਉਹਦਾ ਖ਼ੂਨ ਗੁੱਸੇ ਵਿਚ ਖੌਲਿਆ ਉਹਨੂੰ ਬੋਲੀ ਰੜਕੀ।
ਉਹਨੂੰ ਅਪਣਾ ਖ਼ਤਰਾ ਪੈ ਗਿਆ ਦਿਲ ਚਿੰਤਾ ਖੜਦੀ।
ਉਹਨੂੰ ਖੌਫ ਆ ਗਿਆ ਸਿੰਘਾਂ ਤੋਂ ਉਹਦੀ ਛਾਤੀ ਧੜਕੀ।
ਉਸ ਸੱਦ ਲੈ ਸਾਰੇ ਚੌਧਰੀ ਅੱਖ ਖੱਬੀ ਫੜਕੀ।
ਉਹ ਰੋਹ ਵਿਚ ਆਕੇ ਭਬਕਿਆ ਜਿਵੇਂ ਬਿਜਲੀ ਕੜਕੀ।

ਤੁਸੀਂ ਕਹਿੰਦੇ ਸੀ ਸਿੰਘ ਮੁੱਕਗੇ ਇਹ ਕਿਥੋਂ ਆਏ।
ਦਿਨ ਰੀਵੀਂ ਮੱਸਾ ਮਾਰ ਕੇ ਕਿਧਰ ਨੂੰ ਧਾਏ।
ਕਿਸੇ ਸੂਹੇ ਨਾ ਕੱਢੀ ਉਹਨਾਂ ਦੀ ਨਾ ਫੜ ਮੰਗਵਾਏ।
ਅੱਜ ਸਾਰਾ ਜੱਗ ਸਰਕਾਰ ਨੂੰ ਪਿਆ ਲਾਨਤ ਪਾਏ।
ਝੱਟ ਬੋਲਿਆ ਭਗਤ ਨਿਰੰਜਣੀ ਜੰਡਿਆਲੇ ਵਾਲਾ।
ਉਸ ਮੁਖਬਰ ਝੋਲੀ ਚੁੱਕ ਕੇ ਮੂੰਹ ਕੀਤਾ ਕਾਲਾ।
ਉਹ ਜਾਪ ਨਾਢੂ ਖਾਂ ਦਾ ਜਿਵੇਂ ਬਣਿਆ ਸਾਲਾ।
ਉਸ ਕਿਹਾ ਜੀ ਸਿੰਘ ਮਹਿਤਾਬ ਹੈ ਜੀ ਦਾ ਪੁੱਠਾ ਚਾਲਾ।
ਉਹ ਸਿੰਘਾਂ ਦੇ ਨਾਲ ਰਲ ਗਿਆ ਘਰ ਲਾਕੇ ਤਾਲਾ।
ਉਹਦਾ ਪਿੰਡ ਇਹ ਮੀਰਾਂਕੋਟ ਹੈ ਫੜ ਲਵੋ ਸੁਖਾਲਾ।
ਓਹ ਅੱਜਕਲ੍ਹ ਪਿੰਡ ਵਿਚ ਘੁੰਮਦਾ ਇਹ ਖ਼ਬਰ ਹੈ ਪੱਕੀ।
ਘੱਲ ਫੌਜਾਂ ਉਹਨੂੰ ਫੜ ਲਵੋ ਗੱਲ ਰਹੇ ਨਾ ਸ਼ੱਕੀ।
ਝੱਟ-ਪੱਟ ਦੀਨ ਨੂੰ ਚਾੜਿਆ ਦੇ ਫੌਜ ਵਧੇਰੀ।
ਉਹਨਾਂ ਘੋੜੇ ਖੁੱਲ੍ਹੇ ਛੱਡ ਤੇ ਵਗ ਪਈ ਹਨੇਰੀ।
ਉਹਨਾਂ ਜਾ ਕੇ ਮੀਰਾਂਕੋਟ ਦੀ ਝੱਟ ਨਗਰੀ ਘੇਰੀ।
ਕਿੱਸਾ ਦੱਸਿਆ ਸਿੰਘ ਮਹਿਤਾਬ ਨੂੰ ਹੁਣ ਲਾ ਨਾ ਦੇਰੀ।
ਉਹ ਪੁੱਤ ਦੀ ਬਾਂਹ ਫੜਾ ਕੇ ਦੇ ਹੱਲਾ ਸ਼ੇਰੀ।
ਸੀ ਹਰਣ ਹੋ ਗਿਆ ਸੂਰਮਾਂ ਝੱਟ ਨਾਲ ਦਲੇਰੀ।
ਜਦ ਨੂਰ ਦੀਨ ਨੇ ਮਾਰਿਆ ਪਿੰਡ ਉਤੇ ਛਾਪਾ।
ਉਹਨੇ ਕੱਠੇ ਕਰਕੇ ਚਾੜ੍ਹਿਆ ਸਭ ਤਾਈਂ ਕੁਟਾਪਾ।
ਉਹਨੇ ਇੱਜ਼ਤ ਲਾਹੀ ਕਈਆਂ ਦੀ ਪੈ ਗਿਆ ਸਿਆਪਾ।
ਪਿਆ ਡੰਡਾ ਖੜਕੇ ਪਵੇ ਜਿਉਂ ਕੱਪੜੇ 'ਤੇ ਥਾਪਾ।
ਕਿਸੇ ਦੱਸਿਆ ਉਹਦਾ ਪੁੱਤ ਹੈ ਜੀ ਕੱਲ ਕਲਾਪਾ।
ਉਹਨੂੰ ਰਖਿਆ ਨੱਥੇ ਚੌਧਰੀ ਉਹਦਾ ਤੁਰ ਗਿਆ ਭਾਪਾ।
ਵਾਹ ਯੋਧਾ ਨੱਥਾ ਚੌਧਰੀ ਅਣਖੀ ਤੇ ਸੂਰਾ।
ਉਹ ਯਾਰੀ ਪਾਲਣ ਵਾਲੜਾ ਬਚਨਾਂ ਦਾ ਪੂਰਾ।
ਉਹਦੀ ਛਾਤੀ ਵਾਂਗ ਚਟਾਨ ਦੇ ਰੰਗ ਕੱਕਾ ਬੂਰਾ।
ਉਹਦੇ ਡੌਲੇ ਮੁਦਗਰ ਲੋਹੇ ਦੇ ਦਵੇ ਤੋਟ ਗਰੂਰਾ।
ਕਈ ਵਿਰਲਾ ਯੋਧਾ ਝੱਲਦਾ ਉਹਦਾ ਵੱਜਾ ਹੂਰਾ।
ਉਹ ਸ਼ੇਰਾਂ ਵਾਂਗੂੰ ਗੱਜਦਾ ਜਦ ਮਾਰ ਘੰਗੂਰਾ।
ਉਹਦੀ ਭਬਕ ਕੰਬਾਵੇ ਵੈਰੀਆਂ ਜਾਏ ਨਿਕਲ ਕਰੂਰਾ।

ਉਹਨੇ ਅਪਣੇ ਪੁੱਤਰ ਸੱਦ ਲਏ ਪੰਜੇ ਦੇ ਪੰਜੇ।
ਉਹਨੇ ਆਖਿਆ ਆ ਗਏ ਪੁਲਸੀਏ ਫਸ ਗਏ ਸਕੰਜੇ।
ਅਸਾਂ ਯਾਰੀ ਤੋੜ ਨਿਭਾਵਣੀ ਦਿਓ ਠੋਕ ਬਰੰਜੇ।
ਅੱਜ ਲਾੜੀ ਮੌਤ ਵਿਆਹਵਣੀ ਚੜ੍ਹ ਚੱਲੋ ਜੰਜੇ।
ਖਾ ਗੁੱਸਾ ਨੂਰ ਦੀਨ ਨੇ ਝੱਟ ਬੋਲ ਹਲੇ।
ਓਥੇ ਤਿੱਖੇ ਤੀਰ ਕਰੂੰਡੀਏ ਭਥਿਆਂ 'ਚੋਂ ਚੱਲੇ।
ਓਥੇ ਕਈ ਵਾਰ ਬਹਾਦਰਾਂ ਛਾਤੀ ਤੇ ਝੱਲੇ।
ਪਿਆ ਨੱਥਾ ਸੀ ਲਲਕਾਰ ਦਾ ਕਰ ਬਲੇ ਬੱਲੇ।
ਜਿਧਰ ਪਰ੍ਹੇ ਬਣਾ ਕੇ ਟੁੱਟ ਪੈਂਦਾ ਨੱਥਾ।
ਪਲ ਵਿਚ ਦਿਸਦਾ ਘਾਣ ਸੀ ਮਰਦਾਂ ਦਾ ਲੱਥਾ।
ਉਹਨੇ ਖਿੱਚ ਖਿੱਚ ਛੱਡੇ ਸ਼ੂਕਨੇ ਮੁੱਕ ਚਲਿਆ ਭੱਥਾ।
ਉਹਨੇ ਛਾਤੀ ਵਿੰਨ੍ਹੀ ਕਿਸੇ ਦੀ ਤੇ ਕਿਸੇ ਦਾ ਮੱਥਾ।
ਉਹ ਜਿਧਰ ਪਵੇ ਵੰਗਾਰ ਕੇ ਜੱਥੇ ਦਾ ਜੱਥਾ।
ਉਹ ਪਲੋ-ਪਲੀ ਵਿਚ ਕਈਆਂ ਨੂੰ ਕਰ ਦੇ ਨਿਹੱਥਾ।
ਉਹ ਸੂਹੇ ਰੱਤੇ ਹੋ ਗਏ ਜਿਵੇਂ ਡੁੱਲ੍ਹਿਆ ਕੱਥਾ।
ਕੋਈ ਵਧ ਕੇ ਨੇਜ਼ੇ ਮਾਰਦਾ ਕੋਈ ਗੁਥਮ-ਗੁੱਥਾ।
ਕੋਈ ਰਣ ਵਿਚ ਤੇਗ ਚਲਾਂਵਦਾਂ ਰਿਹਾ ਖੇਡ ਪਲੱਥਾ।
ਜਿਵੇਂ ਵੱਢਦੀ ਜਾਵੇ ਦਾਤਰੀ ਪੱਠਿਆ ਦਾ ਦੱਥਾ।
ਇਕ ਪਿਆਰੀ ਜ਼ਿੰਦੜੀ ਵਾਸਤੇ ਭਿੜੀਆਂ ਤਲਵਾਰਾਂ।
ਉਥੇ ਕਈ ਜਾਨਾਂ ਹੂਲ ਗਏ ਵਗੀਆਂ ਲਹੂ ਧਾਰਾਂ।
ਓਥੇ ਬਰਛੇ ਸੀਨੇ ਖੁੱਭਦੇ ਪੈਂਦੇ ਲਿਸ਼ਕਾਰਾਂ।
ਜਿਵੇਂ ਬਗਲੇ ਉਡਣ ਅਕਾਸ਼ ਵਿਚ ਬੰਨ੍ਹ-ਬੰਨ੍ਹ ਕੇ ਡਾਰਾਂ।
ਓਥੇ ਢਾਲਾਂ ਉਤੇ ਪੈਂਦੀਆਂ ਏਦਾਂ ਟੁਣਕਾਰਾਂ।
ਜਿਵੇਂ ਪਾ ਪੰਜ਼ੇਬਾਂ ਨੱਚਦੀਆਂ ਕੁੜੀਆਂ ਮੁਟਿਆਰਾਂ।
ਓਥੇ ਨੇਜ਼ੇ ਵੱਜ ਵੱਜ ਸਿਰਾਂ 'ਚੋਂ ਇਉਂ ਵਗਨ ਫੁਹਾਰਾਂ।
ਜਿਉਂ ਸ਼ਿਵਜੀ ਦੀਆਂ ਜਟਾਂ 'ਚੋਂ ਗੰਗਾ ਦੀਆਂ ਧਾਰਾਂ।
ਮਾਰੀਆਂ ਫੌਜੀ ਹਾਕਮਾਂ ਬੜੀਆਂ ਲਲਕਾਰਾਂ।
ਪਰ ਨੱਥੇ ਨਹੀਂ ਮੰਨੀਆਂ ਰਣ ਦੇ ਵਿਚ ਹਾਰਾਂ।
ਆਖਰ ਬਹੁਤਿਆਂ ਸਾਹਮਣੇ ਗਈ ਪੇਸ਼ ਨਾ ਕਾਈ।
ਰਣ ਵਿਚ ਨੱਥੇ ਚੌਧਰੀ ਸ਼ਹੀਦੀ ਪਾਈ।
ਜਣਿਆਂ ਜਿਸ ਨੇ ਸੂਰਮਾਂ ਧੰਨ ਉਹਦੀ ਮਾਈ।
ਜਿਸਨੇ ਬਾਂਹ ਫੜੀ ਦੀ ਲਾਜ ਨਿਭਾਈ।
ਜਸ ਮਰਦਾਂ ਦਾ ਗਾਂਵਦੀ ਹੈ ਸਦਾ ਲੁਕਾਈ।
'ਦਿਲਬਰ' ਉਸ ਜਵਾਨ ਦੀ ਹੈ ਵਾਰ ਬਣਾਈ।

# ਵਾਰ ਸ: [1]ਕੇਵਲ ਸਿੰਘ ਕੋਟਲੀ

# ਥਾਨ ਸਿੰਘ ਦੀ ਸ਼ਹੀਦੀ

## ਭਾਰਤ ਤੇ ਚੀਨ ਦੇ ਯੁੱਧ ਵਿਚ 1962 ਈ:
## ਕੋਟਲੀ ਥਾਨ ਸਿੰਘ

ਔਹ ਪਿੰਡ ਕੋਟਲੀ ਥਾਨ ਸਿੰਘ ਵੇਈਂ ਦੇ ਕੰਢੇ।
ਜਿਥੇ ਬਾਬੇ ਬੰਦਾ ਸਿੰਘ ਨੇ ਖੜਕਾਏ ਖੰਡੇ।
ਜਿਥੇ ਕਲਗੀਧਰ ਦੇ ਯੋਧਿਆਂ ਫੜ ਮੁਗਲ ਤਰੰਡੇ।
ਜਿਥੇ ਜੰਗ ਮਚਾਇਆ ਖਾਲਸੇ ਕਈ ਜ਼ਾਲਮ ਛੰਡੇ।
ਓਥੇ ਬੰਦਾ ਗੜ੍ਹ ਗੁਰਧਾਮ ਹੈ ਪਏ ਝੁੱਲਦੇ ਝੰਡੇ।
ਓਥੇ ਲੋਕ ਸਿਆਣੇ ਵਸਦੇ ਵਰਤੇ ਤੇ ਹੰਢੇ।
ਓਥੇ ਵਰ ਹੈ ਛੇਵੇਂ ਗੁਰਾਂ ਦਾ ਜਿਸ ਪਾਪੀ ਚੰਡੇ।
ਏਥੇ ਬੀਰ ਬਹਾਦਰ ਹੋਣਗੇ ਕੱਢਣਗੇ ਕੰਡੇ।
ਓਥੇ ਬੱਬਰਾਂ ਖਾਧੀਆਂ ਗੋਲੀਆਂ ਕਈ ਗੋਰੇ ਫੰਡੇ।
ਉਹਨਾਂ ਦੇਸ਼ ਦੇ ਦੁਸ਼ਮਣ ਮਾਰਕੇ ਦਿਲ ਕੀਤੇ ਠੰਡੇ।
ਉਹ ਪਿੰਡ ਦੇ ਕੇਵਲ ਸਿੰਘ ਨੇ ਅੱਜ ਫਿਰ ਰਣ ਮੰਡੇ।
ਜਸ 'ਦਿਲਬਰ' ਗਾਉਂਦਾ ਮਰਦ ਦਾ ਕਾਇਰਾਂ ਨੂੰ ਭੰਡੇ।
ਓਥੇ ਜ਼ਿਲ੍ਹਾ ਜਲੰਧਰ ਲੱਗਦਾ ਵਾਹ ਦੇਸ਼ ਦੁਆਬਾ।
ਨਹੀਂ ਦੁਨੀਆਂ ਭੁੱਲੀ ਅਜੇ ਤੀਕ ਬੱਬੇਰਾਂ ਦਾ ਦਾਬਾ।
ਅੱਜ ਦੂਰੋਂ-ਦੂਰੋਂ ਏਸ ਪਿੰਡ ਚੱਲ ਲੋਕੀ ਔਂਦੇ।
ਸਭ ਸ਼ਰਧਾ ਦੇ ਫੁੱਲ ਆਣ ਕੇ ਹਨ ਭੇਟ ਚੜ੍ਹੌਂਦੇ।
ਉਹ ਕੇਵਲ ਸਿੰਘ ਦੀ ਧਰਤ ਨੂੰ ਹਨ ਸੀਸ ਝੁਕੌਂਦੇ।
ਭਾਵੇਂ ਮਰਦ ਜਿਊਂਦੇ ਚਾਰ ਦਿਨ ਉਹ ਸ਼ੋਭਾ ਪੌਂਦੇ।
ਇਹ ਗੱਲ ਅਜੇ ਕੁਝ ਸਾਲ ਦੀ ਸੀ ਸੰਨ ਚੁਤਾਲੀ।
ਦਿਨ ਅੱਠ ਨਵੰਬਰ ਆ ਗਿਆ ਲੈ ਕੇ ਖੁਸ਼ਹਾਲੀ।
ਏਥੇ ਪੈਦਾ ਹੋਇਆ ਬੀਰ ਉਹ ਖੇਤਾਂ ਦਾ ਹਾਲੀ।
ਜਿਸ ਮਿੱਟੀ ਦੇ ਵਿਚ ਖੇਡਿਆ ਉਹ ਕਰਮਾਂ ਵਾਲੀ।

---

1. ਜੇ ਸਰਦਾਰ ਕੇਵਲ ਸਿੰਘ ਦੀ ਸ਼ਹੀਦੀ ਦਾ ਪੂਰਾ ਪ੍ਰਸੰਗ ਸਮੇਤ ਲੈਕਚਰ ਪੜ੍ਹਨਾ ਚਾਹੋ ਤਾਂ ਪੜ੍ਹੋ ਏਸ ਕਲਮ ਦੀ ਲਿਖੀ ਪੁਸਤਕ 'ਦਿਲਬਰ ਸਧਰਾਂ'।

ਉਸ ਏਥੇ ਮੱਝਾਂ ਚਾਰੀਆਂ ਬਣ-ਬਣ ਕੇ ਪਾਲੀ।
ਅਜੇ ਖੇਤਾਂ ਵਿਚੋਂ ਸਿੰਮਦੀ ਉਹਦੇ ਰੂਪ ਦੀ ਲਾਲੀ।
ਉਹ ਅਰੂੜ ਸਿੰਘ ਦਾ ਪੋਤਰਾ ਦਸਮੇਸ਼ ਦੁਲਾਰਾ।
ਉਹ ਸੋਹਣ ਸਿੰਘ ਕਰਤਾਰ ਕੌਰ ਦੀ ਅੱਖ ਦਾ ਤਾਰਾ।
ਉਹ ਫੁੰਮਣ ਸਿੰਘ ਦਾ ਵੀਰ ਸੀ ਮਿੱਤਰਾਂ ਨੂੰ ਪਿਆਰਾ।
ਉਹ ਬਰਖੁਰਦਾਰ ਨਿਧੜਕ ਦਾ ਉਹਦਾ ਤੇਜ ਕਰਾਰਾ।
ਉਹ ਚਾੜ੍ਹਿਆ ਦੇਸ਼ ਦੁਆਬੇ ਦੀ ਧਰਤੀ 'ਤੇ ਤਾਰਾ।
ਪਰ ਦੇਸ਼ ਸੇਵਾ ਦਾ ਚਾਅ ਸੀ ਉਹਦੇ ਵਿਚ ਭਾਰਾ।
ਜਦ ਗੱਭਰੂ ਹੋਇਆ ਮਾਪਿਆਂ ਰਲ ਮਤੇ ਪਕਾਏ।
ਉਹਨਾਂ ਸਾਹਾ ਸੋਧ ਵਿਆਹ ਦਾ ਲਿਖ ਲੈਟਰ ਪਾਏ।
ਸਭ ਸਾਕ-ਸੰਬੰਧੀ ਜੁੜ ਗਏ ਵਾਹ ਸਮੇਂ ਸੁਹਾਏ।
ਸਭ ਲੋਕ ਵਧਾਈਆਂ ਦੇਂਵਦੇ ਵਾਜੇ ਵਜਵਾਏ।
ਜਦ ਖਾਰੇ ਚੜ੍ਹਿਆ ਮੇਲਣਾਂ ਮਿਲ ਗੀਤ ਸੀ ਗਾਏ।
ਉਹਦੀ ਭੈਣ ਨੇ ਵਾਗਾਂ ਗੁੰਦੀਆਂ ਲੱਖ ਸ਼ੁਕਰ ਮਨਾਏ।
ਜਦ ਢੁੱਕੀ ਜੰਝ ਜਵਾਨ ਦੀ ਕਈ ਵੇਖਣ ਆਏ।
ਉਹਦੇ ਅੰਮ੍ਰਿਤ ਵੇਲੇ ਉੱਠ ਕੇ 'ਆਨੰਦ' ਰਚਾਏ।
ਉਥੇ ਠੱਠੇ ਕੀਤੇ ਸਾਲੀਆਂ ਉਹਨੇ ਛੰਦ ਸੁਣਾਏ।
ਫਿਰ ਡੋਲਾ ਲੇ ਮੁਟਿਆਰ ਦਾ ਉਹ ਵਾਪਸ ਆਏ।
ਮਾਂ ਪਾਣੀ ਪੀਤਾ ਵਾਰ ਕੇ ਕਈ ਸ਼ਗਨ ਮਨਾਏ।
ਪਰ ਕੋਈ ਨਾ ਜਾਣੇ 'ਦਿਲਬਰਾ' ਕੀ ਰੱਬ ਨੂੰ ਭਾਏ।
ਓਥੇ ਘਰ ਵਿਚ ਚਾਨਣ ਹੋ ਗਿਆ ਆ ਗਈ ਸੁਰਜੀਤਾਂ।
ਓਥੇ ਵਿਹੜੇ ਖੁਸ਼ੀਆਂ ਨੱਚੀਆਂ ਰੰਗ ਬੰਨ੍ਹੇ ਗੀਤਾਂ।
ਦੋ ਸਿਕਦੀਆਂ ਰੂਹਾਂ ਮਿਲ ਗਈਆਂ ਛਾ ਗਈਆਂ ਪ੍ਰੀਤਾਂ।
ਉਹਨਾਂ ਮਾਣਿਆਂ ਰੱਜ ਸੁਹਾਗ ਨੂੰ ਸਭ ਕਰਕੇ ਰੀਤਾਂ।
ਉਹਨੇ ਸੁਣੀਆਂ ਚਾਚੇ ਮੋਹਣ ਸਿੰਘ ਤੋਂ ਜੰਗ ਦੀਆਂ ਗੱਲਾਂ।
ਕਿਵੇਂ ਜਰਮਨ ਜੰਗ ਵਿਚ ਯੋਧਿਆਂ ਪਾਈਆਂ ਤਰਥੱਲਾਂ।
ਕਿਵੇਂ ਮਾਰਿਆ ਜਾ ਸੂਡਾਨ ਨੂੰ ਉਹਨਾਂ ਮਾਰੀਆਂ ਮੱਲਾਂ।
ਉਹਨੂੰ ਅਫਸਰਾਂ ਕਿਹਾ ਨਿਧੜਕ ਸੀ ਜਦ ਪਾਈਆਂ ਠੱਲ੍ਹਾਂ।
ਸੁਣ ਕੇਵਲ ਦੇ ਦਿਲ ਉੱਛਲੀਆਂ ਖੁਸ਼ੀਆਂ ਦੀਆਂ ਛੱਲਾਂ।
ਉਹਨੇ ਆਖਿਆ ਚਾਚਾ ਦਿਲ ਕਰੇ ਭਰਤੀ ਹੋ ਚੱਲਾਂ।
ਮੈਨੂੰ ਰੀਝਾਂ ਜਾ ਕੇ ਫੌਜ ਵਿਚ ਮੈਂ ਕਰਾਂ ਪਰੇਟਾਂ।
ਮੈਂ ਬਰਦੀ ਪਾ ਕੇ ਜਾ ਰਲਾਂ ਵਿਚ ਅਪਟੂਡੇਟਾਂ।

ਮੈਂ ਮਾਰਾਂ ਲੈਫਟ ਰਾਈਟ ਕਹਿ ਬੂਟਾਂ ਦੀਆਂ ਫੇਟਾਂ ।
ਮੈਂ ਰੋਜ਼ ਚਲਾਵਾਂ ਰਾਈਫਲਾਂ ਖਾ ਮੀਟ ਪਲੇਟਾਂ।
ਮੈਂ ਪਲਟਨ ਦੇ ਵਿਚ ਫਬ ਜਾਂ ਰਲ ਵਿਚ ਗਭਰੇਟਾਂ।
ਮੈਂ ਜਾ ਕੇ ਕਰਾਂ ਸਲੂਟ ਨੂੰ ਲੰਘ ਛੌਣੀ ਗੇਟਾਂ।
ਮੈਂ ਬੈਠਾ ਜਾ ਵਿਚ ਮੋਰਚੇ ਮਾਰਾਂ ਅਲਸੇਟਾਂ।
ਮੈਂ ਲੜਾਂ ਮੈਦਾਨਿ ਜੰਗ ਵਿਚ ਬੰਨ੍ਹ ਸ਼ਿਸ਼ਤਾਂ ਲੇਟਾਂ।
ਮੈਂ ਨਾਮ ਨਿਸ਼ਾਨ ਜਹਾਨ ਤੋਂ ਦੁਸ਼ਮਣ ਦਾ ਮੇਟਾਂ।
ਮੈਂ ਦਿਆਂ ਮਾਦਰਿ ਵਤਨ ਨੂੰ ਇਸ ਸਿਰ ਦੀਆਂ ਭੇਟਾਂ।
ਮੇਰਾ ਛੇਤੀ ਨਾਂ ਲਿਖਾਂ ਦੇ ਨਹੀਂ ਹੁੰਦੀਆਂ ਵੇਟਾਂ।
ਚੱਲ ਪੁੱਛੀਏ ਭਰਤੀ ਹੋਣ ਦੀਆਂ ਜਲੰਧਰੋਂ ਡੇਟਾਂ।
ਸੁਣ ਕੇਵਲ ਦੀ ਗੱਲ ਮੋਹਣ ਸਿੰਘ ਖੁਸ਼ੀਆਂ ਵਿਚ ਆਇਆ।
ਉਹਨੇ ਚਾਅ ਵਿਚ ਬਰਖੁਰਦਾਰ ਨੂੰ ਭਰਤੀ ਕਰਵਾਇਆ।
ਉਹਨੇ ਸਿੱਖ ਰੈਜਮੈਂਟ ਵਿਚ ਗੱਭਰੂਆਂ ਦਾ ਨਾਂ ਲਿਖਵਾਇਆ।
ਉਹ ਹਾਣੀਆ ਦੇ ਵਿਚ ਰਲ ਗਿਆ ਸਿੰਘਣੀ ਦਾ ਜਾਇਆ।
ਉਹਨੂੰ ਮੁੱਛਾਂ ਹਾਲੇ ਫੁੱਟੀਆਂ ਚੜ੍ਹ ਰਿਹਾ ਜਵਾਨੀ।
ਉਹਦੇ ਮੱਥੇ ਲਾਲੀ ਡਲ੍ਹਕਦੀ ਉਹਦੀ ਅੱਖ ਮਸਤਾਨੀ ।
ਉਹਦੀ ਡੌਲੇ ਮੁਦਗਰ ਲੋਹੇ ਦੇ ਵਿਚ ਜੋਰ ਤੂਫਾਨੀ।
ਉਹਦੇ ਭਰਵੇਂ ਅੰਗ ਸਰੀਰ ਦੇ ਉਹਦਾ ਰੋਹ ਬਲਵਾਨੀ।
ਉਹਦੀ ਫੌਜੀ ਵਰਦੀ ਵੇਖ ਕੇ ਡਰਦੇ ਅਭਿਮਾਨੀ।
ਇਹ ਜ਼ਿੰਦਗੀ ਲੌਣੀ ਦੇਸ਼ ਲਈ ਉਹਦੇ ਦਿਲ ਵਿਚ ਠਾਨੀ।
ਇਹ ਚਾਰ ਦਿਨਾਂ ਦਾ ਖੇਲ ਹੈ ਸਭ ਦੁਨੀਆਂ ਫਾਨੀ।
ਉਹਨੇ ਸੱਚਮੁਚ ਵਾਰੀ ਦੇਸ਼ ਤੋਂ ਆਪਣੀ ਜ਼ਿੰਦਗਾਨੀ।
ਪੰਜਾਬ ਦੀ ਸ਼ਾਨ ਵਧਾ ਗਿਆ ਉਹ ਸਿਰ ਦਾ ਦਾਨੀ।
ਮੈਂ ਦੱਸਾਂ ਓਸ ਜਵਾਨ ਦੀ ਅੱਜ ਅਮਰ ਕਹਾਨੀ।
ਜਿਸ ਲੈ ਲਿਆ ਚੱਕਰ ਮਹਾਂਵੀਰ ਕਰ ਕੇ ਕੁਰਬਾਨੀ।
ਉਹ ਧੰਨ ਮਾਤਾ ਕਰਤਾਰ ਕੌਰ ਜੀਹਦਾ ਲਾਲ ਲਾਸਾਨੀ।
ਤੇ ਧੰਨ ਬੀਬੀ ਸੁਰਜੀਤ ਕੌਰ ਜੀਹਦਾ 'ਦਿਲਬਰ' ਜਾਨੀ।
ਅਜੇ ਹੋਇਆ ਇਕੋ ਸਾਲ ਸੀ ਉਹਨੂੰ ਹੋਇਆਂ ਭਰਤੀ।
ਮੇਰੇ ਸੋਹਣੇ ਭਾਰਤ ਦੇਸ਼ 'ਤੇ ਆ ਹੋਣੀ ਵਰਤੀ।
ਅਸੀਂ ਦੇਸ਼ ਉਸਾਰੀ ਵਿਚ ਰਹੇ ਟਿੱਲ ਲਾ ਕੇ ਜੁੱਟੇ।
ਅਸੀਂ ਧਰਤੀ ਫੋਲ ਹੁੰਗਾਲਤੀ ਅਸੀਂ ਪਰਬਤ ਪੁੱਟੇ।

ਅਸੀਂ ਅਨਪੜ੍ਹ ਤਾਂ ਕੰਗਾਲਤਾ ਸਭ ਹੂੰਝ ਕੇ ਸੁੱਟੇ।
ਅਸੀਂ ਪਿੰਡ-ਪਿੰਡ ਸੜਕਾਂ ਲੈ ਗਏ ਅਸਾਂ ਪੱਥਰ ਕੁੱਟੇ।
ਸਾਡੇ ਗੱਭਰੂ ਖੇਤੀ ਜਾ ਵਜੇ ਜਦ ਛੇ-ਛੇ ਫੁੱਟੇ।
ਉਹਨਾਂ ਲਾਏ ਢੇਰ ਅਨਾਜ਼ ਦੇ ਨਾ ਹਾਰੇ ਹੁੱਟੇ।
ਸਾਡੇ ਰੰਗਲੇ ਸੁਪਨੇ ਗੈਰ ਦੇ ਝਟਕੇ ਨਾਲ ਟੁੱਟੇ।
ਅਸੀਂ ਸ਼ਾਂਤੀ ਦੇ ਵਿਚ ਫਸ ਰਹੇ ਤਾਈਉਂ ਗਏ ਲੁੱਟੇ।
ਅਸੀਂ ਪੰਦਰਾਂ ਸਾਲ 'ਚ ਬਦਲੀਆਂ ਹਿੰਦ ਦੀਆਂ ਨੁਹਾਰਾਂ।
ਏਥੇ ਹਿੰਮਤ ਕਰਕੇ ਜੁੱਟ ਪੈ ਗੱਭਰੂ ਮੁਟਿਆਰਾਂ।
ਅਸਾਂ ਘਰ ਘਰ ਅੰਦਰ ਫੇਰੀਆਂ ਬਿਜਲੀ ਦੀਆਂ ਤਾਰਾਂ।
ਏਥੇ ਥਾਂ-ਥਾਂ ਸੜਕਾਂ ਪੁੱਜੀਆਂ ਕਈ ਮੀਲ ਹਜ਼ਾਰਾਂ।
ਏਥੇ ਤਿੱਤਲੀਆਂ ਵਾਂਗੂ ਫਿਰਦੀਆਂ ਬੱਸਾਂ ਤੇ ਕਾਰਾਂ।
ਅਸਾਂ ਭਾਖੜੇ ਕਈ ਉਸਾਰ ਤੇ ਪਾਈਆਂ ਘੁੰਮਘਾਰਾਂ।
ਏਥੇ ਪਾਣੀ ਵਿਚੋਂ ਬਿਜਲੀਆਂ ਪਾਈਆਂ ਲਿਸ਼ਕਾਰਾਂ।
ਅਸਾਂ ਖੇਤਾਂ ਵਿਚੋਂ ਵਗਾ ਲਈਆਂ ਚਾਂਦੀ ਦੀਆਂ ਧਾਰਾਂ।
ਏਥੇ ਘਰ-ਘਰ ਲਾਏ ਟਿਊਬਵੈਲ ਪੁੱਜਦੇ ਸਰਦਾਰਾ।
ਅਸਾਂ ਮੁੜ ਕੇ ਫੇਰ ਵਸਾ ਲਈਆਂ ਉਹ ਸਾਦਲ ਬਾਰਾਂ।
ਏਥੇ ਥਾਂ-ਥਾਂ ਕਾਲਜ ਉਸਰੇ ਖਿੜਿਆਂ ਗੁਲਜ਼ਾਰਾਂ।
ਅਸਾਂ ਦੇਸ਼ ਸਵਰਗ ਬਣਾ ਲਿਆ ਛਾਂ ਗਈਆਂ ਬਹਾਰਾਂ।
ਏਥੇ ਕੁੜੀਆਂ ਮੁੰਡੇ ਗਾਂਵਦੇ ਬੰਨ੍ਹ-ਬੰਨ੍ਹ ਕੇ ਡਾਰਾਂ।
ਜਿਵੇਂ ਧੜਕਣ ਗੀਤ ਦੀ ਲੈ ਵਿਚ ਵਾਇਲਨ ਦੀਆਂ ਤਾਰਾਂ।
ਇਸ ਤਕ ਕੇ ਸਵਰਗ ਨੂੰ ਕਿਸੇ ਖਾਧੀਆਂ ਖਾਰਾਂ।
ਉਹ ਸੜ ਬਲ ਕੋਇਲੇ ਹੋ ਗਿਆ ਭੁੱਲ ਗਈਆਂ ਵਿਚਾਰਾਂ।
ਅਸਾਂ ਸਮਝਿਆ ਜਿਸਨੂੰ ਵਾਂਗ ਸੀ ਮਿੱਤਰਾਂ ਤੇ ਯਾਰਾਂ।
ਉਸ ਦੁਸ਼ਮਣ ਬਣ ਕੇ ਮਾਰੀਆਂ ਸਾਨੂੰ ਲਲਕਾਰਾਂ।
ਏਥੇ ਸੰਨ ਉੱਨੀ ਸੌ ਬਾਹਟ ਵਿਚ ਮੱਚ ਗਈ ਦੁਹਾਈ।
ਜਦ ਮਾਂਹ ਅਕਤੂਬਰ ਚੜ੍ਹ ਪਿਆ ਰੁੱਤ ਰੰਗਲੀ ਆਈ।
ਏਥੇ ਹਲਚਲ ਮੱਚ ਗਈ ਫੌਜ ਵਿਚ ਸਿਆਸਤ ਘਬਰਾਈ।
ਜਦ ਵਸਦੇ ਰਸਦੇ ਦੇਸ਼ 'ਤੇ ਇਕ ਆਫਤ ਆਈ।
ਜਦ ਬਣ ਗਿਆ ਮਿਤਰ ਮਾਰ ਸੀ ਸਾਡਾ ਹਮਸਾਈ।
ਜੋ ਨਾਹਰੇ ਨਾਹਰੇ ਲੌਂਦਾ ਨਿੱਤ ਸੀ ਅਸੀਂ ਭਾਈ-ਭਾਈ।
ਉਹ ਭੁੱਲ ਗਿਆ ਪੰਚ ਸ਼ੀਲ ਨੂੰ ਝੱਟ ਚੂ ਐਨ ਲਾਈ।
ਉਹਨੇ ਭਾਰਤ ਦੀ ਸਰਹੰਦ 'ਤੇ ਆ ਕੇ ਫੌਜ ਚੜ੍ਹਾਈ।

ਉਹਨੇ ਨੀਫਾ ਅਤੇ ਲਦਾਖ ਵਿਚ ਆ ਅੱਤ ਮਚਾਈ।
ਉਹਨੇ ਅਮਨ ਬਗੀਚਾ ਝੁਲਸਿਆ ਅੱਗ ਆਣ ਲਗਾਈ।
ਫਿਰ ਭਾਰਤ ਜਾਗਿਆ 'ਦਿਲਬਰਾ' ਜਦ ਛਿੜੀ ਲੜਾਈ।
ਜਦ ਚੀਨੀ ਦੁਸ਼ਮਣ ਮਾਰੀਆਂ ਹੱਦਾਂ 'ਤੇ ਮੱਲਾਂ।
ਤਾਂ ਘਰ ਘਰ ਹੋਈਆਂ ਦੇਸ਼ ਵਿਚ ਵੈਰੀ ਦੀਆਂ ਗੱਲਾਂ।
ਝੱਟ ਚੜ੍ਹ ਪੈ ਹਿੰਦੀ ਸੂਰਮੇਂ ਪਾਵਣ ਲਈ ਠੱਲ੍ਹਾਂ।
ਜਿਉਂ ਸਾਗਰ ਵਿਚੋਂ ਉਛਲੀਆਂ ਤੂਫਾਨੀ ਛੱਲਾਂ।
ਲਾ ਦਿੱਤੀ ਹਿੰਦੀ ਫੌਜ ਨੇ ਜਦ ਚੋਟ ਨਗਾਰੇ।
ਤਾਂ ਕੇਵਲ ਸਿੰਘ ਜਿਹੇ ਗੱਭਰੂਆਂ ਛੱਡੇ ਜੈਕਾਰੇ।
ਝੱਟ ਹੁਕਮ ਹੋ ਗਿਆ ਫੌਜ ਨੂੰ ਕਰ ਲਵੋ ਤਿਆਰੇ।
ਓਹ ਨੀਫਾ ਦੇ ਵਿਚ ਪਹੁੰਚ ਗੇ ਦਸਮੇਸ਼ ਦੁਲਾਰੇ।
ਉਹ ਬਾਂਕਾ ਯੋਧਾ ਕੇਵਲ ਸਿੰਘ ਦਿਲ ਵਿਚ ਵਿਚਾਰੇ।
ਅੱਜ ਦੱਸਣੇ ਚੀਨੀ ਜ਼ਾਲਮਾਂ ਨੂੰ ਹੱਥ ਕਰਾਰੇ।
ਉਹਦੇ ਡਟਿਆ ਜਾ ਵਿਲੌਂਗ ਵਿਚ ਦਿਲ ਹੌਂਸਲਾ ਧਾਰੇ।
ਉਹਦੇ ਸਾਥੀ ਯੋਧੇ ਗੱਭਰੂ ਬਲਵਾਨ ਸੀ ਸਾਰੇ।
ਚੜ੍ਹ ਆ ਗਈ ਚੀਣੀ ਮੱਕੜੀ ਲੈ ਲਸ਼ਕਰ ਭਾਰੇ।
ਓਥੇ ਹੋ ਗਿਆ ਗਰਮ ਮੈਦਾਨ ਸੀ ਜਦ ਲੱਗੇ ਨਾਹਰੇ।
ਓਥੇ ਕੜ-ਕੜ ਚੱਲੀਆਂ ਰਾਈਫਲਾਂ ਵੱਜੇ ਲਲਕਾਰੇ।
ਓਥੇ ਬਰਫਾਂ ਵਿਚੋਂ ਨਿਕਲ ਪਏ ਅੱਗ ਦੇ ਅੰਗਿਆਰੇ।
ਓਥੇ ਚੱਲ ਰਹੇ ਗਰਨੇਟ ਸੀ ਜਿਉਂ ਟੁੱਟਣ ਤਾਰੇ।
ਓਥੇ ਪੱਥਰਾਂ ਦੇ ਵੀ ਯੋਧਿਆਂ ਲਾਹ ਦਿੱਤੇ ਲੰਗਾਰੇ।
ਓਥੇ ਦੜ-ਦੜ ਡਿੱਗੇ ਗੱਭਰੂ ਜਿਉਂ ਢਹਿਣ ਮੁਨਾਰੇ।
ਓਥੇ ਲਹੂ ਸਰੀਰੋਂ ਫੁੱਟਦਾ ਬੇਦਰਦ ਨਜ਼ਾਰੇ।
ਜਿਉਂ ਫੁਟਣ ਕਿਸੇ ਪਹਾੜ 'ਚੋਂ ਪਏ ਗਰਮ ਫੁਹਾਰੇ।
ਓਥੇ ਦੈਂਤਾਂ ਵਰਗੇ ਚੀਨੀਆਂ ਆ ਟੈਂਕ ਖਲ੍ਹਾਰੇ।
ਜਿਥੇ ਗੋਲੀਆਂ ਕੱਖ ਨਾ ਕਰਦੀਆਂ ਕੀ ਬੰਬ ਵਿਚਾਰੇ।
ਇਹ ਗਿਣਵੇਂ ਮਿਣਵੇਂ ਗੱਭਰੂ ਸੀ ਕੱਲੇ-ਕਾਰੇ।
ਉਹ ਚੀਨੇ ਕਈ ਹਜ਼ਾਰ ਸੀ ਨਹੀਂ ਅੰਤ ਸੁਮਾਰੇ।
ਪਰ ਕੇਵਲ ਸਿੰਘ ਸਰਦਾਰ ਨੇ ਨਹੀਂ ਹੌਂਸਲੇ ਹਾਰੇ।
ਉਹ ਯੋਧਾ ਆਪਣੇ ਸਾਥੀਆਂ ਨੂੰ ਖੜ੍ਹਾ ਵੰਗਾਰੇ।
ਓਥੇ ਡੇਢ ਪਹਿਰ ਰਹੀ ਹੋਂਵਦੀ ਗਹਿ ਗੱਚ ਲੜਾਈ।
ਓਥੇ ਚੀਨੀਆਂ ਤੇ ਪੰਜਾਬੀਆਂ ਬੜੀ ਅੱਗ ਵਰ੍ਹਾਈ।

ਓਥੇ ਗੱਭਰੂਆਂ ਕੀਤੀ ਰੱਜ ਕੇ ਜੋ ਵੀ ਮਨ ਆਈ।
ਓਥੇ ਚੀਨੀ ਬੁਹਤੇ ਆ ਗਏ ਰਿਹਾ ਅੰਤ ਨਾ ਕਾਈ।
ਪਰ ਏਧਰੋਂ ਕਿਸੇ ਵਿਲੌਂਗ ਤੇ ਨਾ ਮੱਦਦ ਪੁਚਾਈ।
ਜੱਗ ਕਹਿੰਦਾ ਫੱਟ ਲੜਾਈ ਦੇ ਹੁੰਦੇ ਨੇ ਢਾਈ।
ਉਹਨਾਂ ਡੱਟ ਕੇ ਕੀਤਾ ਟਾਕਰਾ ਨਾ ਆਣ ਗਵਾਈ।
ਉਹਨਾਂ ਆਹੂ ਲਾਹੇ ਰੱਜ ਕੇ ਵਾਹ ਰੀਝ ਪੁਗਾਈ।
ਕਈ ਸਾਥੀ ਕੇਵਲ ਸਿੰਘ ਦੇ ਕਰ ਗਏ ਚੜ੍ਹਾਈ।
ਉਹਦਾ ਅਸਲਾ ਸਾਰਾ ਮੁੱਕ ਗਿਆ ਗਈ ਪੇਸ਼ ਨਾ ਕਾਈ।
ਪਰ ਭੱਜ ਕੇ ਕਿਸੇ ਵੀ ਬੀਰ ਨੇ ਨਾ ਕੰਡ ਵਿਖਾਈ।
ਉਹ ਚੌਂਕੀ ਵਿਚੋਂ ਨਿਕਲਿਆ ਦਸਮੇਸ਼ ਦੁਲਾਰਾ।
ਉਹਨੇ ਸਤਿ ਸ੍ਰੀ ਅਕਾਲ ਦਾ ਛੱਡਿਆ ਜੈਕਾਰਾ।
ਉਹ ਰੈਫਲ ਲੈ ਕੇ ਉਛਲਿਆ ਸਾਰੇ ਦਾ ਸਾਰਾ।
ਉਸ ਲਾੜੀ ਮੌਤ ਵਿਔਣ ਨੂੰ ਕਰ ਲਿਆ ਤਿਆਰਾ।
ਉਹ ਪਰਬਤ ਉਤੇ ਗੱਜਿਆ ਜਿਵੇਂ ਸ਼ੇਰ ਸ਼ਿਕਾਰਾ।
ਉਸ ਮੋਹਰੇ ਚਾੜ੍ਹ ਸੰਗੀਨ ਨੂੰ ਮਾਰਿਆ ਲਲਕਾਰਾ।
ਅੱਜ ਦੁਸ਼ਮਣ ਬਚਕੇ ਜਾਏ ਨਾ ਹੱਥ ਲਾਓ ਕਰਾਰਾ।
ਅੱਜ ਪੱਥਰ ਰੱਤੇ ਕਰ ਦਿਓ ਪਾ ਖ਼ੂਨ ਫੁਹਾਰਾ।
ਤੁਸੀਂ ਲਾਜ ਬਚਾ ਲਉ ਦੇਸ਼ ਦੀ ਕੁਛ ਕਰਕੇ ਚਾਰਾ।
ਅਸੀਂ ਬੱਬਰ ਸ਼ੇਰ ਪੰਜਾਬ ਦੇ ਯੋਧੇ ਮਤਵਾਲੇ।
ਅਸੀਂ ਪੀਤੇ ਖੰਡੇਧਾਰ ਦੇ ਅੰਮ੍ਰਿਤ ਦੇ ਪਿਆਲੇ।
ਅਸੀਂ ਵੀਰ ਅਜੀਤ ਜੁਝਾਰ ਦੇ ਹਾਂ ਬੀਰ ਨਿਰਾਲੇ।
ਔਹ ਖੜ੍ਹਾ ਵੰਗਾਰੇ ਦੀਪ ਸਿੰਘ ਲੈ ਖੰਡਾ ਢਾਲੇ।
ਔਹ ਨਲੂਆ ਆਖੇ ਬੀਰ ਜੋ ਬਚਨਾਂ ਨੂੰ ਪਾਲੇ।
ਅੱਜ ਹੋਇਆ ਸ਼ੇਰ ਪੰਜਾਬ ਦਾ ਦਿਲ ਛਾਲੇ-ਛਾਲੇ।
ਅੱਜ ਗੈਰਾਂ ਸਾਡੀ ਹਿੱਕ 'ਤੇ ਪਾਈ ਛੌਣੀ।
ਅਸਾਂ ਰੱਖ ਤਲੀ 'ਤੇ ਸੀਸ ਨੂੰ ਹੈ ਲਾਜ ਬਚੌਣੀ।
ਉਹ ਛਾਲ ਮਾਰ ਕੇ ਕੁੱਦਿਆ ਯੋਧਾ ਅਣਖੀਲਾ।
ਉਹ ਦੁਸ਼ਮਣ ਦਲ ਵਿਚ ਵੜ ਗਿਆ ਝੱਟ ਛੈਲ ਛਬੀਲਾ।
ਉਹ ਚੀਨੀ ਜਾਂਦਾ ਵਿੰਨਦਾ ਗੱਭਰੂ ਫੁਰਤੀਲਾ।
ਉਹ ਸੈਂਕੜੇ ਜ਼ਖਮੀ ਕਰ ਗਿਆ ਬਲਬੀਰ ਹਠੀਲਾ।
ਉਸ ਕੀਤਾ ਚੀਨੀ ਫੌਜ ਦਾ ਸੀ ਤੀਲਾ-ਤੀਲਾ।
ਉਸ ਅੱਠਾਂ ਨੂੰ ਥਾਂ ਮਾਰਿਆ ਕਰਕੇ ਤੇ ਹੋਲਾ।

ਉਹਦਾ ਗੋਲੀਆਂ ਲਗ ਲਗ ਹੋ ਗਿਆ ਰੰਗ-ਰੱਤਾ ਨੀਲਾ।
ਉਹ ਖ਼ੂਨ 'ਚ ਲੱਥ-ਪੱਥ ਹੋ ਗਿਆ ਹਾਏ ਰੰਗ ਰੰਗੀਲਾ।
ਉਹਦੇ ਮੱਥੇ ਲੱਗੀਆਂ ਗੋਲੀਆਂ ਕਰ ਗਿਆ ਚੜ੍ਹਾਈ।
ਉਹਨੇ ਡਿੱਗਦੇ ਨੇ ਵੀ ਸਤਿ ਸ੍ਰੀ ਅਕਾਲ ਬੁਲਾਈ।
ਉਹ ਬੀਰ ਸ਼ਹੀਦੀ ਪਾ ਗਿਆ ਉਹਨੇ ਲਾਜ਼ ਬਚਾਈ।
ਤਾਂ 'ਦਿਲਬਰ' ਉਸ ਜਵਾਨ ਦੀ ਹੈ ਵਾਰ ਬਣਾਈ।

✡

# ਵਾਰ ਸ: ਬੋਤਾ ਸਿੰਘ ਤੇ ਗਰਜਾ ਸਿੰਘ

## ਅਠਾਰਵੀਂ ਸਦੀ

ਜਦ ਈਸਵੀ ਸੰਨ ਸਤਾਰਾਂ ਸੌ ਚੜ੍ਹ ਪਿਆ ਅਠੱਤੀ।
ਜਦ ਮੁਗਲਾਂ ਦੀ ਸਰਕਾਰ ਸੀ ਹੋ ਗਈ ਕੁਪੱਤੀ।
ਜਦ ਦਿਲ ਵਿਚ ਮਜ਼ਬੀ ਈਰਖਾ ਹਾਕਮ ਨੇ ਘੱਤੀ।
ਜਦ ਹਿੰਦੂਆਂ ਦੀ ਪੰਜਾਬ 'ਚੋਂ ਗੁਲ ਹੋ ਗਈ ਬੱਤੀ।
ਜਦ ਜਨਤਾ ਦੁਖੀ ਲਾਚਾਰ ਸੀ ਜ਼ੁਲਮਾਂ ਦੀ ਸੱਤੀ।
ਜਦ ਪੂਣੀ ਵਾਂਗਰ ਹਾਕਮਾਂ ਫੜ ਪਰਜਾ ਕੱਤੀ।
ਜਦ ਸ਼ਰਮ ਹੱਯਾ ਸਰਕਾਰ ਵਿਚ ਨਾ ਰਹਿ ਗਿਆ ਰੱਤੀ।
ਨਾ ਬੁਹੜੇ ਦੇਵੀ ਦੇਵਤੇ ਨਾ ਭੈਰੋਂ ਜੱਤੀ।
ਜਦ ਰਿਹਾ ਨਾ ਧੱਕੇ ਸ਼ਾਹੀ ਦਾ ਕੋਈ ਓੜਕ ਬੰਨ੍ਹਾ।
ਸੀ ਚੁੱਕ ਲਜਾਂਦੇ ਘਰਾਂ 'ਚੋਂ ਕੁੜੀਆਂ ਤੇ ਰੰਨਾ।
ਚੁਣ-ਚੁਣ ਕੇ ਸਿੰਘ ਮਰਵਾਂਵਦੇ ਖੁਸ਼ ਕਰਨ ਤਮੰਨਾ।
ਕਈ ਮਾਰੇ ਚਰਖੀ ਚਾੜ੍ਹ ਕੇ ਦੁੱਖ ਵੰਨ ਸੁਵੰਨਾ।
ਅੱਜ ਰੰਗਲਾ ਦਿੱਸਦਾ ਖ਼ੂਨ ਨਾਲ ਇਤਿਹਾਸ ਦਾ ਪੰਨਾ।
ਇਕ ਵੇਰਾਂ ਸਾਰਾ ਪੰਥ ਹੀ ਹੋ ਗਿਆ ਚੁਕੰਨਾ।
ਸਭ ਖਾਲੀ ਹੋ ਗਏ ਪਿੰਡ ਸ਼ਹਿਰ ਲੁਧਿਆਣਾ ਖੰਨਾ।
ਕਈ ਜੰਗਲਾਂ ਵਿਚ ਦਿਨ ਕੱਟਦੇ ਪਾ ਕਛ ਘੁਟੰਨਾ।
ਸੀ ਖਾਣ ਨੂੰ ਗਾਜਰ ਮੂਲੀਆਂ ਚੂਪਣ ਨੂੰ ਗੰਨਾ।
ਨਾ ਲੱਭੇ ਮੰਜਾ ਬਿਸਤਰਾ ਨਾ ਥਾਲੀ ਛੰਨਾ।
ਘਰ ਘੋੜਿਆ ਉਤੇ ਸਮਝਿਆ ਕਾਠੀ ਦਾ ਹੰਨਾ।
ਜਦ ਲਿਖਦੇ ਨੇ ਇਤਿਹਾਸਕਾਰ ਗੱਲ ਕਿਵੇਂ ਨਾ ਮੰਨਾ।
ਨਹੀਂ ਰੀਸਾਂ ਤੇਰੀਆਂ ਜੱਗ 'ਤੇ ਪੰਜਾਬੀ ਚੰਨਾ।
ਜੋ ਸੂਬੇਦਾਰ ਲਾਹੌਰ ਦਾ ਉਹ ਦੀ ਸਾਜ਼ਸ ਗਹਿਰੀ।
ਸੀ ਖਾਨ ਬਹਾਦਰ ਜ਼ਕਰੀਆ ਸਿੰਘਾਂ ਦਾ ਵੈਰੀ।
ਉਹ ਆਖਿਆ ਜਿਹੜਾ ਚੌਧਰੀ ਦੇਵੇਗਾ ਡੈਰੀ।
ਮੈਂ ਰੱਜਵੀਂ ਮਾਇਆ ਦਿਆਂਗਾ ਉਹਨੂੰ ਵਿਚ ਕਚਹਿਰੀ।
ਬੱਸ ਮੁਖਬਰਾਂ ਦੇ ਲਈ ਆਗਿਆ ਉਹ ਸਮਾਂ ਸੁਨਹਿਰੀ।
ਉਹ ਨੱਠੇ-ਭੱਜੇ ਦਿਨੇ-ਰਾਤ ਦਿਨ ਵਕਤ ਦੁਪਹਿਰੀ।

ਇਹ ਹੁਕਮ ਹੋਇਆ ਸਰਕਾਰ ਦਾ ਜੋ ਸਿੰਘ ਫੜਾਵੇ।
ਮੂੰਹ ਮੰਗਿਆ ਲਵੇ ਇਨਾਮ ਹੈ ਉਹ ਰੁਤਬੇ ਪਾਵੇ।
ਪਈ ਰੋਜ਼ ਹੁੰਦੀ ਕਤਲਾਮ ਸੀ ਹੁਣ ਕੌਣ ਬਚਾਵੇ।
ਕਈ ਧਰਮੀ ਸੁਣਕੇ ਤੜਪਦੇ ਭਰ ਹਉਕੇ ਹਾਵੇ।
ਸਿੰਘ ਤੁਰਗੇ ਬੀਕਾਨੇਰ ਨੂੰ ਕਰਕੇ ਤੇ ਧਾਵੇ।
ਕੋਈ ਲੁਕ ਛਿਪਕੇ ਦਿਨ ਕੱਟਦਾ ਪਿਆ ਘੜੀ ਲੰਘਾਵੇ।
ਕੋਈ ਰਾਤ ਬਰਾਤੇ ਤਰਨ ਤਾਰਨ ਅੰਮ੍ਰਿਤਸਰ ਆਵੇ।
ਉਹ ਤਾਲ 'ਚ ਕਰ ਇਸ਼ਨਾਨ ਨੂੰ ਫਿਰ ਸ਼ੁਕਰ ਮਨਾਵੇ।
ਜੈ ਹੋ ਜੈ ਕਿਧਰੇ ਟਾਕਰਾ ਖੰਡਾ ਖੜਕਾਵੇ।
ਉਹ ਪਾਵੇ ਹੱਸ ਸ਼ਹੀਦੀਆਂ ਰਣ ਹੱਥ ਵਿਖਾਵੇ।
ਇਕ ਬੋਤਾ ਸਿੰਘ ਸਰਦਾਰ ਸੀ ਉਹਦਾ ਪਿੰਡ ਭੜਾਣਾ।
ਉਹਦੇ ਨਾਲ ਦਾ ਗਰਜਾ ਸਿੰਘ ਸੀ ਰੰਘਰੇਟਾ ਰਾਣਾ।
ਉਹ ਤਰਨ ਤਾਰਨ ਨੂੰ ਤੁਰ ਪਏ ਯਤਨ ਨਮਾਣਾ।
ਉਹਨਾਂ ਕੀਤਾ ਜਾ ਇਸ਼ਨਾਨ ਸੀ ਵਾਹ ਸਮਾਂ ਸੁਹਾਣਾ।
ਉਹ ਆਏ ਕਰਕੇ ਯਾਤਰਾ ਕਰ ਜੀ ਭਿਆਣਾ।
ਉਹਨਾਂ ਨੂਰ ਦੀਨ ਦੀ ਸਰਾਂ ਕੋਲ ਮੱਲ ਲਿਆ ਟਿਕਾਣਾ।
ਉਹ ਲੁਕ ਛਿਪ ਕੇ ਦਿਨ ਕੱਟ ਦੇ ਸਿਰ ਮੰਨ ਕੇ ਭਾਣਾ।
ਪਰ ਇਕ ਦਿਨ ਸਾਰਾ ਉਲਝਿਆ ਇਹ ਪੇਟਾ ਤਾਣਾ।
ਦੋ ਰਾਹੀ ਰਾਹੇ ਜਾਂਦਿਆਂ ਕਰਦੇ ਸੀ ਗੱਲਾਂ।
ਇਕ ਆਖੇ ਬੈਠ ਸਿੰਘ ਨੇ ਵਿਚ ਲੁਕ ਕੇ ਝੱਲਾਂ।
ਕਿਤੇ ਰਾਤ-ਬਰਾਤੇ ਮਾਰਦੇ ਇਹ ਜਾ ਕੇ ਮੱਲਾਂ।
ਕਿਹਾ ਦੂਜੇ ਗਿੱਦੜ ਹੋਣਗੇ ਖਾਂਦੇ ਨੇ ਵੱਲਾਂ।
ਇਹ ਐਵੇਂ ਫਿਰਦੇ ਹੌਂਕਦੇ ਧੌਂਕਣ ਪਈਆਂ ਖੱਲਾਂ।
ਜੇ ਸਿੰਘ ਹੁੰਦੇ ਕਿਤੇ ਗੱਜ ਦੇ ਕੱਢ ਦੇਣ ਕੁੜੱਲਾਂ।
ਜੋ ਅਸਲੀ ਸਿੰਘ ਨੇ ਪਾਂਵਦੇ ਰਣ ਦੇ ਵਿਚ ਠੱਲ੍ਹਾਂ।
ਨਹੀਂ ਮੱਛੀ ਡਰਦੀ ਵੇਖਕੇ ਸਾਗਰ ਦੀਆਂ ਛੱਲਾਂ।
ਜਦ ਬੋਤਾ ਸਿੰਘ ਨੇ ਰਾਹੀਆਂ ਤੋਂ ਗੱਲ ਸੁਣੀ ਕਰਾਰੀ।
ਉਹਦਾ ਸੀਨਾ ਬੋਲੀ ਚੀਰ ਗਈ ਜਿਉਂ ਲੱਕੜ ਆਰੀ।
ਉਹਨੇ ਮਾਰਨ ਦੀ ਜਾਂ ਮਰਨ ਦੀ ਗੱਲ ਦਿਲ ਵਿਚ ਧਾਰੀ।
ਉਹਨੇ ਆਖਿਆ ਗਰਜਾ ਸਿੰਘ ਨੂੰ ਕਰ ਝੱਟ ਤਿਆਰੀ।
ਇਹ ਜ਼ਿੰਦੜੀ ਲੇਖੇ ਲਾ ਦਈਏ ਕਰ ਹਿੰਮਤ ਭਾਰੀ।
ਜੋ ਰਾਹੀ ਬੋਲੀ ਮਾਰ ਗਏ ਨਾ ਜਾਏ ਸਹਾਰੀ।

ਕਿਉਂ ਲੁਕ ਕੇ ਅਸੀਂ ਬਚਾਂਵਦੇ ਇਹ ਜ਼ਿੰਦ ਨਕਾਰੀ ।
ਜਦ ਇਕ ਦਿਨ ਮਰਨਾ ਫੇਰ ਕਿਉਂ ਇਹ ਜਾਨ ਪਿਆਰੀ।
ਨਹੀਂ ਮੁੜ ਕੇ ਔਣਾ ਦਿਲਬਰਾ ਜੱਗ ਦੂਜੀ ਵਾਰੀ।
ਕਿਹਾ ਗਰਜਾ ਸਿੰਘ ਨੇ ਗਰਜ ਕੇ ਗੱਲ ਸੁਣ ਲੈ ਵੀਰਾ।
ਚੱਲ ਵਰੀਏ ਲਾੜੀ ਮੌਤ ਨੂੰ ਇਹ ਬੰਨ੍ਹਕੇ ਚੀਰਾ।
ਕਦੇ ਲੁਕਦਾ ਨਹੀਂ ਵਿਚ ਗੋਦੜੀ ਜੋ ਸੁੱਚਾ ਹੀਰਾ।
ਨਹੀਂ ਲੁਕਦਾ ਇਸ਼ਕ ਤੇ ਮੁਸ਼ਕ ਵੀ ਨਾ ਹਿੰਝ ਮੰਮੀਰਾਂ।
ਕਦੇ ਸੂਰਜ ਲੁਕੇ ਨਾ ਬੱਦਲੀ ਚੌਲਾਂ ਵਿਚ ਜੀਰਾ।
ਉਠ ਆਈਏ ਵਿਚ ਮੈਦਾਨ ਦੇ ਲੈ ਹੱਥ ਸ਼ਮਸ਼ੀਰਾ।
ਅਸੀਂ ਸਿੰਘ ਚਣੇ ਮੈਦਾਨ ਦੇ ਲੈ ਗੂੰਦ ਕਤੀਰਾ।
ਅਸੀਂ ਵੰਗਾਂ ਤਾਂ ਨਹੀਂ ਪਹਿਨੀਆਂ ਨਾ ਪਾਇਆ ਕਲ੍ਹੀਰਾ।
ਅੱਜ ਸੀਨੇ ਦੇ ਵਿਚ ਮੁਗਲ ਦਾ ਰਿਹਾ ਰੜਕ ਵੀਰਾ।
ਚੱਲ ਦੱਸੀਏ ਹੱਥ ਸਰਕਾਰ ਨੂੰ ਛੱਡ ਮੋਹ ਸਰੀਰਾ।
ਹਾਂ ਸਿੰਘ ਗੁਰੂ ਦਸਮੇਸ਼ ਦਾ ਨਹੀਂ ਬਾਹਮਣ ਪੰਡਾ।
ਅਸਾਂ ਬਾਟੇ ਦੇ ਵਿਚ ਰਗੜ ਕੇ ਪੀਤਾ ਏ ਖੰਡਾ।
ਅਸਾਂ ਉਚਾ ਕਰਨਾ ਪੰਥ ਦਾ ਇਹ ਕੇਸਰੀ ਝੰਡਾ।
ਅਸਾਂ ਮੁਗਲਾਂ ਦੀ ਸਿਰ ਵੱਢ ਕੇ ਦਿਲ ਕਰਨਾ ਠੰਡਾ।
ਰਾਹ ਰੋਕ ਲਈਏ ਹੱਥ ਪਕੜਕੇ ਮੋਟਾ ਜਿਹਾ ਡੰਡਾ।
ਅਸੀਂ ਡਟ ਕੇ ਲਈਏ ਮਸੂਲ ਨੂੰ ਉਗਰਾਹੀਏ ਫੰਡਾ।
ਨਹੀਂ ਚੱਲਣ ਦੇਣਾ ਮੁਗਲ ਦਾ ਹੁਣ ਹਲਵਾ ਮੰਡਾ।
ਅਸਾਂ ਕੱਢਣਾਂ ਏਂ ਪੰਜਾਬ 'ਚੋਂ ਦੁਸ਼ਟਾਂ ਦਾ ਕੰਡਾ।
ਅਸਾਂ ਖਾਨੂੰ ਦਾ ਸਿਰ ਭੰਨਣਾਂ ਜਿਉਂ ਗੰਦਾ ਅੰਡਾ।
ਕਿਤੇ ਸਾਡੇ ਬਿਨਾਂ ਪੰਜਾਬ ਨਹੀਂ ਹੋ ਚੱਲਿਆ ਰੰਡਾ।
ਉਹ ਦੋਹਾਂ ਸਿੰਘਾਂ ਸੂਰਿਆਂ ਛੱਡ ਦਿੱਤੇ ਜੈਕਾਰੇ।
ਉਹ ਰਾਹ ਵਿਚ ਪਕੜ ਖਲੋ ਗਏ ਦੋ ਸੱਟੇ ਭਾਰੇ।
ਉਹ ਲੱਗ ਲੈਣ ਮਸੂਲ ਨੂੰ ਦਸਮੇਸ਼ ਦੁਲਾਰੇ।
ਚੁੱਪ ਕਰਕੇ ਦੇਣ ਮਸੂਲ ਨੂੰ ਲੰਘ ਜਾਂਦੇ ਸਾਰੇ।
ਕੋਈ ਅੱਗੋਂ ਬੋਲ ਨਾ ਸਕਿਆ ਸੀ ਰੋਅਬ ਕਰਾਰੇ।
ਦੋ ਤਿੰਨ-ਮਹੀਨੇ ਗੁਜ਼ਰ ਗਏ ਇਉਂ ਵਕਤ ਗੁਜ਼ਾਰੇ।
ਫਿਰ ਸੋਰਨ ਹੋਵੇ ਟਾਕਰਾ ਕਈ ਕਰੀਏ ਚਾਰੇ।
ਉਹਨਾਂ ਚਿੱਠੀ ਭੇਜੀ ਲਾਹੌਰ ਨੂੰ ਜੋ ਕਰੀਏ ਹੋਝਾ।
ਮੇਰਾ ਸਾਥੀ ਗਰਜਾ ਸਿੰਘ ਹੈ ਮੈਂ ਸਿੰਘ ਹਾਂ ਬੋਤਾ।

ਮੇਰੇ ਮੋਟਾ ਸੋਟਾ ਹੱਥ ਵਿਚ ਰਾਹ ਵਿਚ ਖਲੋਤਾ।
ਮੈਂ ਆਨਾ ਲੈਂਦਾ ਗੱਡੇ ਦਾ ਇਕ ਪੈਸਾ ਖੋਤਾ।
ਆ ਖਾਨੂੰ ਸਾਡੇ ਸਾਹਮਣੇ ਤੈਨੂੰ ਚੜ੍ਹਿਆ ਸੋਤਾ।
ਤੂੰ ਹੈਂ ਅਖਵੌਂਦਾ ਮੁਗਲ ਦਾ ਪੁੱਤਰ ਤੇ ਪੋਤਾ।
ਪਿਆ ਗੱਲਾਂ ਕਰੇ ਲਾਹੌਰ ਵਿਚ ਜਿਉਂ ਰਾਖਾ ਤੋਤਾ।
ਅਸਾਂ ਲੈਣਾਂ ਏਂ ਹੁਣ ਰੱਜ ਕੇ ਤੇਗਾਂ ਦਾ ਜੋਤਾ।
ਤੈਨੂੰ ਦੇਈਏ ਡੂੰਘੇ ਪਾਣੀਆਂ ਵਿਚ ਫੜਕੇ ਗੋਤਾ।
ਤੈਨੂੰ ਕੌਣ ਕਹਿੰਦਾ ਏ ਆਦਮੀ ਤੂੰ ਹੈਗਾ ਏਂ ਖੋਤਾ।
ਤੂੰ ਦਰਗਾਹ ਦੇ ਵਿਚ ਜਾਏਗਾ ਜਰਵਾਣਿਆਂ ਰੋਤਾ।
ਕਹੀਂ ਭਾਬੀ ਖਾਂਨੋ ਨੂੰ ਯਾਦ ਕਰੇ ਤੇਰਾ ਦੇਵਰ ਬੋਤਾ।
ਜਦ ਚਿੱਠੀ ਪਵ੍ਹੀ ਨਵਾਬ ਨੇ ਬੋਤਾ ਸਿੰਘ ਘੱਲੀ।
ਉਹਦੇ ਸੀਨੇ ਵਿਚ ਅੱਗ ਲੱਗ ਗਈ ਮੱਚੀ ਤਰਥੱਲੀ।
ਉਹਦੇ ਨੈਣੋਂ ਲਾਟਾਂ ਨਿਕਲੀਆਂ ਜ਼ਿਦ ਨਿਕਲ ਚੱਲੀ।
ਉਹਦੇ ਗੁੱਸੇ ਵਿਚ ਪੱਬ ਮਾਰਿਆ ਓਥੇ ਧਰਤੀ ਹੱਲੀ।
ਉਹਨੇ ਕਿਹਾ ਸਿੱਖੜੇ ਮਰਦੂਦ ਨੇ ਅੱਜ ਗੱਲ ਉੱਥਲੀ।
ਉਸ ਫੌਜਦਾਰ ਝੱਟ ਸਦਿਆ ਖੜਕਾਈ ਟੱਲੀ।
ਉਹਨੇ ਆਖਿਆ ਸੁਣੀ ਜਲਾਲ ਦੀਨ ਗੱਲ ਹੋਈ ਅਵੱਲੀ।
ਦੋ ਸਿੱਖ ਬੜੇ ਗੁਸਤਾਖ ਨੇ ਉਹਨਾਂ ਸੜਕ ਹੈ ਮੱਲੀ।
ਓਹ ਖੜ੍ਹੇ ਮਸੂਲ ਉਗਰਾਂਵਦੇ ਸਭ ਜਨਤਾ ਠੱਗੀ।
ਜਾਹ ਲੈ ਜਾ ਸੌ ਕੂ ਗੱਭਰੂ ਬਲਵਾਨ ਹਠੱਲੀ।
ਉਹਨਾਂ ਕੀਤੀ ਜੋ ਬੇਇਜ਼ਤੀ ਨਹੀਂ ਜਾਂਦੀ ਝੱਲੀ।
ਫੜ ਤੂੰਬਾ-ਤੂੰਬਾ ਕਰ ਦਿਓ ਜਾ ਪਾਵੇ ਜੱਲੀ।
ਜਿਵੇਂ ਪੇਂਡੂ ਮੁੰਡੇ ਭੋਰਦੇ ਮੱਕੀ ਦੀ ਛੱਲੀ।
ਜੇ ਵਸ ਲੱਗੇ ਤਾਂ ਦੋਹਾਂ ਨੂੰ ਜਿਉਂਦੇ ਫੜ ਲਿਆਵੋ।
ਪਾ ਪੈਰਾਂ ਦੇ ਵਿਚ ਬੇੜੀਆਂ ਲੱਕ ਸੰਗਲ ਪਾਵੋ।
ਮੇਰੇ ਸਾਹਵੇਂ ਬੋਤਾ ਸਿੰਘ ਦੀ ਪੁੱਠੀ ਖੱਲ ਲਾਵੋ।
ਉਹਨੂੰ ਕੀਤੀ ਹੋਈ ਕਰਤੂਤ ਦਾ ਫੜ ਮਜਾ ਚਖਾਵੋ।
ਕਿਤੇ ਨੱਸ ਨਾ ਜਾਵਣ ਦੋਹਾਂ ਨੂੰ ਜਾ ਘੇਰਾ ਪਾਵੋ।
ਜੇ ਹੱਥ ਚੁੱਕਣ ਤਾਂ ਦੋਹਾਂ ਦੀ ਫੜ ਅਲਖ ਮੁਕਾਵੋ।
ਚੜ੍ਹ ਪਿਆ ਜਵਾਨ ਜਲਾਲ ਦੀਨ ਸੌ ਗੱਭਰੂ ਲੈ ਕੇ।
ਉਹ ਬੋਤਾ ਸਿੰਘ ਵੱਲ ਤੁਰ ਪਏ ਯਾ ਐਲੀ ਕਹਿਕੇ।
ਉਹਨਾਂ ਤੇਗਾਂ ਫੜੀਆਂ ਨੰਗੀਆਂ ਘੋੜਿਆਂ 'ਤੇ ਬਹਿਕੇ।

ਅੱਜ ਡਿੱਗਣਗੇ ਮੈਦਾਨ ਵਿਚ ਸੱਟਾਂ ਸਹਿਕੇ।
ਨਹੀਂ ਮਰਦ ਕਦੇ ਦਿਨ ਕਟਦੇ ਚੁੱਪ ਕਰਕੇ ਛਹਿਕੇ।
ਹਨ ਚੌਲ ਸਦਾ ਹੀ ਨਿੱਖਰਦੇ ਚੌਲਾਂ ਨਾਲ ਖਹਿਕੇ।
ਕਦੇ ਦਿਲ ਨਹੀਂ ਛੱਡਦੇ ਪਹਿਲਵਾਨ ਖਾੜੇ ਵਿਚ ਢਹਿਕੇ।
ਹੈ ਸੋਨਾ ਚਮਕ 'ਦਿਲਬਰਾ' ਅਗਨੀ ਵਿਚ ਪੈ ਕੇ।
ਉਹਨਾਂ ਜਾਂਦਿਆਂ ਦੋਹਾਂ ਸਿੰਘਾਂ ਨੂੰ ਝੱਟ ਘੇਰਾ ਪਾਇਆ।
ਫਿਰ ਫੌਜਦਾਰ ਨੇ ਗਰਜ ਕੇ ਇਉਂ ਆਖ ਸੁਣਾਇਆ।
ਹੈ ਕਾਲ ਤੁਸਾਂ ਦਾ ਸਿੱਖਿੜਓ ਹੁਣ ਨੇੜੇ ਆਇਆ।
ਮੇਰੀ ਫੌਜ ਦੋਹਾਂ ਦਾ ਕਰੇਗੀ ਪਲਾਂ ਵਿਚ ਸਫਾਇਆ।
ਤੁਸਾਂ ਭਾਲਿਆ ਦੀ ਨਹੀਂ ਲੱਭਣਾ ਜਦ ਹੱਥ ਉਠਾਇਆ।
ਕੀ ਟਾਕਰਾ ਸੌ ਤੇ ਦੋਹਾਂ ਦਾ ਨਹੀਂ ਫਰਕ ਸਵਾਇਆ।
ਜੇ ਆਪਣਾ ਭੱਲਾ ਹੋ ਚਾਂਹਵਦੇ ਸੁੱਟ ਦਿਓ ਤਲਵਾਰਾਂ।
ਤੁਸੀਂ ਆਪਣੇ ਆਪ ਹੀ ਮੰਨ ਲਓ ਸਾਡੇ ਤੋਂ ਹਾਰਾਂ।
ਮੈਂ ਮਾਫੀ ਲੈ ਦਊਂ ਸੂਬੇ ਤੋਂ ਜਾ ਵਿਚ ਦਰਬਾਰਾਂ।
ਓਹ ਸਾਰੀਆਂ ਭੁੱਲਾਂ ਬਖਸ਼ ਦਊ ਜਾ ਕਰੋ ਪੁਕਾਰਾਂ।
ਜਦ ਅੱਗ ਲੱਗੇ ਦਰਿਆ ਚੜ੍ਹੇ ਕਰ ਲਈਏ ਵਿਚਾਰਾਂ।
ਜੋ ਮੱਥਾ ਲਾਵੇ ਪਹਾੜ ਨਾਲ ਖਾਂਦਾ ਏ ਮਾਰਾਂ।
ਇਹ ਸੁਣਕੇ ਗਰਜੇ ਖਾਲਸੇ ਦੇ ਕੇ ਲਲਕਾਰਾਂ।
ਓਏ ਗੱਲ ਸੁਣ ਕੱਚੇ ਪਿਲਿਆ ਨਾ ਦੇਹ ਵੰਗਾਰਾਂ।
ਕਦੇ ਈਨ ਨਹੀਂ ਮੰਨੀ ਯੋਧਿਆਂ ਸਿੰਘਾਂ ਸਰਦਾਰਾਂ।
ਅਸਾਂ ਵੇਖੇ ਤੇਰੇ ਜਿਹੇ ਕਈ ਵਰਿਆਮ ਹਜ਼ਾਰਾਂ।
ਤੂੰ ਭੂਮ ਡਰਾਵੇ ਦਿਹ ਨਾ ਸਭ ਕੱਢ ਲੈ ਖਾਰਾਂ।
ਜਾਂ ਸਿੰਘ ਬੁੱਕੇ ਨੱਸ ਜਾਣੀਆਂ ਮਿਰਗਾਂ ਦੀਆਂ ਡਾਰਾਂ।
ਅਸੀਂ ਬਾਜ ਹਾਂ ਦਸਵੇਂ ਗੁਰੂ ਦੇ ਕੋਈ ਨਹੀਂ ਗੁਟਾਰਾਂ।
ਰਣ ਵਿਚ ਸੁੱਟੇ ਹਥਿਆਰ ਨਾ ਕਦ ਸ਼ਾਹ ਅਸਵਾਰਾਂ।
ਜੇ ਸਿੰਘਾਂ ਦੇ ਹੱਥ ਵੇਖਣੇ ਕੱਢ ਚਾਰ ਸਿਪਾਹੀ।
ਤੂੰ ਲੈ ਕੇ ਬਾਕੀ ਫੌਜ ਨੂੰ ਖੜ੍ਹ ਜਾ ਇਕ ਬਾਹੀ।
ਫਿਰ ਦੋ ਤੇ ਚਾਹੁੰਦਾ ਟਾਕਰਾ ਕਿਵੇਂ ਹੁੰਦਾ ਆਹੀ।
ਹੈ ਤੈਨੂੰ ਮਾਣ ਨਵਾਬ ਤੇ ਸਾਨੂੰ ਓਟ ਇਲਾਹੀ।
ਤੁਸੀਂ ਖਾਂਦੇ ਰੱਜ ਰੱਜ ਬੱਕਰੇ ਤੁਸੀਂ ਨੌਕਰ ਸ਼ਾਹੀ।
ਅਸੀਂ ਖਾਈਏ ਗਾਜਰ ਮੂਲੀਆਂ ਘਾਹ ਪੱਤੇ ਕਾਹੀ।
ਜੇ ਤੇਰੇ ਚਹੁੰ ਸਵਾਰਾਂ ਦੀ ਹੁਣੇ ਅਲਖ ਨਾ ਲਾਹੀ।

ਤਾਂ ਸਿੰਘ ਨਾ ਕਹੀਂ ਜਲਾਲਦੀਨ ਜੇ ਦੇਈਏ ਡਾਹੀ।
ਕਿਹਾ ਫੌਜਦਾਰ ਨੇ ਗਰਜ ਕੇ ਗੱਲ ਸੁਣੋ ਜਵਾਨੋ।
ਕੋਈ ਨਿਕਲੇ ਚਾਰੇ ਗੱਭਰੂ ਯੋਧੇ ਬਲਵਾਨੋ।
ਅੱਜ ਸਿੰਘਾਂ ਨੇ ਵੰਗਾਰਿਆ ਗੱਲ ਕਹੀ ਜ਼ਬਾਨੋ।
ਅੱਜ ਦੱਸੋ ਹੱਥ ਕਮਾਲ ਦੇ ਕੱਢ ਤੇਗ ਮਿਆਨੋ।
ਤੁਸੀ ਮੰਨੇ ਵਿਚ ਜਹਾਨ ਦੇ ਮੁਗਲੋ ਤੇ ਖਾਨੋ।
ਫੜ ਟੁਕੜੇ-ਟੁਕੜੇ ਕਰ ਦਿਓ ਨਾ ਜਾਣ ਮੈਦਾਨੋ।
ਝਟ ਨਿਕਲੇ ਚਾਰੇ ਗੱਭਰੂ ਦਿਲ ਧਾਰ ਦਲੇਰੀ।
ਪਰ ਸਿੰਘ ਵੀ ਪੈ ਗਏ ਟੁੱਟ ਕੇ ਝੱਟ ਵਾਂਗ ਹਨੇਰੀ।
ਅੱਜ ਰਣ ਵਿਚ ਤਾਕਤ ਤੁੱਲਣੀ ਹੈ ਚਾਲੀ ਸੇਰੀ।
ਓਥੇ ਤੇਗਾਂ ਚੱਲੀਆਂ ਡੁਲ੍ਹਿਆਂ ਲਹੂ ਵਾਂਗਰ ਗੇਰੀ।
ਚਹੁੰ ਤੁਰਕਾਂ ਨੇ ਟਿੱਲ ਲਾ ਕੇ ਵਾਹ ਲਾਈ ਬਥੇਰੀ।
ਪਰ ਮਿੰਟਾਂ ਵਿਚ ਹੀ ਸਿੰਘਾਂ ਨੇ ਕਰ ਦਿੱਤੇ ਢੇਰੀ।
ਕਦੇ ਬਾਜਾਂ ਸੰਗ ਲੜ ਸਕਦੀ ਹੈ ਨਹੀਂ ਬਟੇਰੀ।
ਜਗ 'ਦਿਲਬਰ' ਵਾਂਗ ਸਰਾਂ ਦੇ ਪਾ ਜਾਣੀ ਫੇਰੀ।
ਜਦ ਚਾਰ ਡਿੱਗੇ ਪੰਜ ਗੱਭਰੂ ਤੁਰਕਾਂ ਨੇ ਘੱਲੇ।
ਸਿੰਘ ਖੜਗੇ ਪਿੱਠਾਂ ਜੋੜ ਕੇ ਝੱਟ ਮੋਰਚੇ ਮੱਲੇ।
ਨਹੀਂ ਕੋਈ ਵੀ ਮਾੜਾ ਦਿਸਦਾ ਦੋ ਤਰਫ ਧੜੱਲੇ।
ਸਿੰਘ ਰੋਕਣ ਵਾਰ ਬਚਾ ਕੇ ਫਿਰ ਕਰਦੇ ਹੱਲੇ।
ਚਿਰ ਕਾਫੀ ਦੋਹਾਂ ਸਿੰਘਾਂ ਨੇ ਪੰਜ ਗੱਭਰੂ ਠੱਲੇ।
ਨਹੀਂ ਅਣਖੀ ਪਿਛੇ ਹਟਦੇ ਕੁਝ ਹੋਵੇ ਪੱਲੇ।
ਪਰ ਸ਼ੇਰਾਂ ਨਾਲ ਮੁਕਾਬਲਾ ਕੀ ਕਰਨ ਨਿਗੱਲੇ।
ਜਦ ਵੱਜ ਸੱਟ ਜਵਾਨ ਦੀ ਫਿਰ ਕਿਹੜਾ ਝੱਲੇ।
ਫਿਰ ਫੁਰਤੀ ਦੇ ਨਾਲ ਵਾਰ ਸੀ ਸਿੰਘਾਂ ਦੇ ਚੱਲੇ।
ਉਹਨਾਂ ਪੰਜੇ ਖਾਨ ਜੀ ਸੁੱਟ ਲੈ ਘੋੜਿਆਂ ਤੋਂ ਥੱਲੇ।
ਫਿਰ ਪੈ ਗਈ ਸਾਰੀ ਫੌਜ ਸੀ ਕਰ ਹੱਲਾ ਭਾਰਾ।
ਤੇ ਓਧਰ ਦੋਹਾਂ ਸੂਰਿਆਂ ਛੱਡਿਆ ਜੈਕਾਰਾ।
ਉਹ ਗੁਥ ਮਗੁੱਥਾ ਹੋ ਗਏ ਟਿਲ ਲਾਇਆ ਸਾਰਾ।
ਓਥੇ ਲਹੂ ਮਿੱਝ ਦਾ ਹੋ ਗਿਆ ਪਲ ਦੇ ਵਿਚ ਗਾਰਾ।
ਓਥੇ ਖਟ ਖਟ ਤੇਗਾਂ ਚੱਲੀਆਂ ਯੁੱਧ ਹੋਇਆ ਕਰਾਰਾ।
ਤੀਰ ਹੋਰ ਮਾਰ ਲੈ ਤੁਰਕੜੇ ਵਾਹ ਸਿੰਘ ਸਰਦਾਰਾ।
ਓਥੇ ਹਾਲ-ਦੁਹਾਈ ਮੱਚ ਗਈ ਹੋਇਆ ਗਰਦ ਗੁਬਾਰਾ।

ਜਿਹਨੂੰ ਕਾਲ ਦੀ ਪੁੱਤਰੀ ਛੋਹ ਕਰ ਗਿਆ ਕਿਨਾਰਾ।
ਹੱਦ ਮੁੱਕ ਗਈ ਦੋਹਾਂ ਬਹਾਦਰਾਂ ਰਣ ਤੇਗਾਂ ਵਾਹੀਆਂ।
ਓਥੇ ਫੌਜਦਾਰ ਨੇ ਵੇਖਕੇ ਮੂੰਹ ਉਂਗਲਾਂ ਪਾਈਆਂ।
ਇਕ ਵੇਰਾਂ ਜਿਥੇ ਜਾ ਪਏ ਮੱਚ ਗਈਆਂ ਦੁਹਾਈਆਂ।
ਕਈ ਨੱਸੇ ਫਿਰਨ ਮੈਦਾਨ ਦੇ ਵਿਚ ਵਾਂਗ ਸ਼ੁਦਾਈਆਂ।
ਓਥੇ ਸਾਕੀ ਪਏ ਵਰਤਾਂਵਦੇ ਫੜ ਹੱਥ ਸੁਰਾਹੀਆਂ।
ਜਿਸ ਪੀ ਲਈ ਲੰਮੀਆਂ ਤਾਣ ਕੇ ਕਰ ਗਿਆ ਚੜ੍ਹਾਈਆਂ।
ਓਥੇ ਲਾਸ਼ਾਂ ਗਈਆਂ ਮਿਧੜੀਆਂ ਇਉਂ ਦੇਣ ਦਿਖਾਈਆਂ।
ਜਿਵੇਂ ਖਸਖਸ ਪਾ ਕੇ ਰਗੜਦੇ ਕੂਕੇ ਸ਼ਰਦਾਈਆਂ।
ਓਥੇ ਬਿਜਲੀ ਵਾਂਗਰ ਇਸ ਤਰ੍ਹਾਂ ਤੇਗਾਂ ਲਿਸ਼ਕਾਈਆਂ।
ਜਿਵੇਂ ਆਤਸ਼ਬਾਜ਼ੀ ਚੱਲ ਦੀ ਫੁੱਲਝੜੀਆਂ ਲਾਈਆਂ।
ਓਥੇ ਤੇਗਾਂ ਆਣ ਚੁਫੇਰਿਓਂ ਇਉਂ ਝੁਰਮਟਾਂ ਪਾਈਆਂ।
ਜਿਵੇਂ ਰਾਝੇਂ ਦੇ ਨਾਲ ਖੇਡਦੀਆਂ ਸਕੀਆਂ ਭਰਜਾਈਆਂ।
ਓਥੇ ਬੋਤਾ ਸਿੰਘ ਨੂੰ ਘੇਰਿਆ ਇਉਂ ਆਣ ਕਸਾਈਆਂ।
ਜਿਵੇਂ ਮਿਰਜਾ ਘੇਰਿਆ ਜੰਡ ਹੇਠ ਸਾਹਿਬਾਂ ਦੇ ਭਾਈਆਂ।
ਸਿੰਘ ਛਠਲੀ-ਛਠਲੀ ਹੋ ਗਏ ਨਹੀਂ ਢੇਰੀਆਂ ਢਾਹੀਆਂ।
ਰਹੇ ਆਖਰੀ ਦਮ ਤੱਕ ਜੂਝਦੇ ਫੌਜਾਂ ਝਟਕਾਈਆਂ।
ਜਿਵੇਂ ਜੱਟਾਂ ਵਿਚ ਵਿਸਾਖ ਦੇ ਵਾਢੀਆਂ ਪਾਈਆਂ।
ਫਿਰ ਸੀਸ ਦੋਹਾਂ ਦੇ ਲੱਥ ਗੇ ਰਣ ਫਤਿਹ ਗਜਾਈਆਂ।
ਉਹਨਾਂ ਅਣਖੀ ਧੌਣਾਂ ਗੈਰ ਅੱਗੇ ਹਨ ਨਹੀਂ ਝੁਕਾਈਆਂ।
ਉਹਨਾਂ ਕਹਿਕੇ ਗੱਲਾਂ ਮੂੰਹ ਤੋਂ ਸਿਰ ਨਾਲ ਨਿਭਾਈਆਂ।
ਉਹਨਾਂ ਸ਼ਾਨਾਂ ਦੂਲੇ ਪੰਥ ਦੀਆਂ ਹਨ ਰੱਖ ਵਿਖਾਈਆਂ।
ਇਹ ਵਾਰਾਂ ਤਾਂਹੀਓਂ 'ਦਿਲਬਰ' ਢਾਡੀਆਂ ਨੇ ਗਾਈਆਂ।

☆

# ਕੇਸਰੀ ਝੰਡੇ ਦੀ ਵਾਰ

ਇਸ ਝੰਡੇ ਹੇਠਾਂ ਖਾਲਸਾ ਦਸਮੇਸ਼ ਸਜਾਇਆ।
ਇਹ ਝੰਡਾ ਹਰ ਗੁਰਧਾਮ ਤੇ ਗੁਰਦੇਵ ਝੁਲਾਇਆ।
ਇਸ ਹੇਠਾਂ ਵਧਿਆ ਖਾਲਸਾ ਨਿੱਤ ਦੂਣ ਸਵਾਇਆ।
ਇਸ ਝੰਡੇ ਹੇਠਾਂ ਜ਼ੁਲਮ ਨੂੰ ਸੀ ਠੱਲ੍ਹਾ ਪਾਇਆ।
ਇਹ ਝੰਡਾ ਆਪਣੇ ਖ਼ੂਨ ਨਾਲ ਇਸ ਪੰਥ ਰੰਗਾਇਆ।
ਇਹ ਸਦਾ ਸੰਦੇਸ਼ਾ ਅਣਖ ਦਾ ਹੈ ਦੇਂਦਾ ਆਇਆ।
ਇਹਨੂੰ ਨੀਵਾਂ ਕਰਨ ਲਈ ਦੁਸ਼ਮਣਾਂ ਟਿੱਲ ਸਾਰਾ ਲਾਇਆ।
ਇਸ ਝੰਡੇ ਹੇਠਾਂ ਸਤਿਗੁਰਾਂ ਸਰਬੰਸ ਲੁਟਾਇਆ।
ਇਹ ਝੰਡਾ ਚੁੱਕ ਕੇ ਜ਼ੁਲਮ ਦਾ ਹੈ ਮੂੰਹ ਭਵਾਇਆ।
ਸਾਨੂੰ ਸੌ ਜਨਤ ਤੋਂ ਵੱਧ ਹੈ ਇਹਦਾ ਠੰਢਾ ਸਾਇਆ।
ਇਸ ਕੌਮ ਦਾ ਝੰਡਾ ਝੁਕ ਗਿਆ ਹੋ ਗਿਆ ਸਫਾਇਆ।
ਇਸ ਗੱਲ ਨੂੰ ਕਦੇ ਵੀ ਖਾਲਸੇ ਨਹੀਂ ਮਨੋ ਭੁਲਾਇਆ।
ਇਸ ਝੰਡੇ ਉਤੇ ਲਾ ਦਿੱਤਾ ਸਤਿਗੁਰ ਨੇ ਖੰਡਾ।
ਇਹ ਜੁਗ-ਜੁਗ ਝੁੱਲੇ 'ਦਿਲਬਰਾ' ਸਿੰਘਾਂ ਦਾ ਝੰਡਾ।
ਇਸ ਝੰਡੇ ਹੇਠਾਂ ਖਾਲਸੇ ਕੀਤੀ ਕੁਰਬਾਨੀ।
ਇਹ ਝੰਡਾ ਉਚਾ ਕਰ ਗਿਆ ਪੁੱਤਰਾਂ ਦਾ ਦਾਨੀ।
ਇਸ ਝੰਡੇ ਦਾ ਕੋਈ ਦੂਸਰਾ ਨਹੀਂ ਜੱਗ ਵਿਚ ਸਾਨੀ।
ਇਸ ਝੰਡੇ ਹੇਠਾਂ ਰੋਲ ਕੇ ਮਾਰੇ ਅਭਿਮਾਨੀ।
ਇਸ ਝੰਡੇ ਹੇਠਾਂ ਖਾਲਸੇ ਖੰਡੇ ਖੜਕਾਵੇ।
ਇਸ ਝੰਡੇ ਹੇਠਾਂ ਖਾਲਸੇ ਕਈ ਯੁੱਧ ਮਚਾਏ।
ਇਹ ਝੰਡਾ ਉਚਾ ਰੱਖਣ ਲਈ ਬੰਦ-ਬੰਦ ਕਟਵਾਏ।
ਇਹ ਝੰਡਾ ਉਚਾ ਰੱਖਣ ਲਈ ਖੋਪਰ ਉਤਰਾਏ।
ਇਸ ਝੰਡੇ ਹੇਠਾਂ ਪੰਥ ਨੇ ਜੈਕਾਰੇ ਬੁਲਾਏ।
ਇਸ ਝੰਡੇ ਹੇਠਾਂ ਖ਼ੂਨ ਦੇ ਦਰਿਆ ਵਗਾਏ।
ਇਸ ਝੰਡੇ ਹੇਠਾਂ ਜ਼ੁਲਮ ਦੇ ਕਈ ਪੂਰ ਖਪਾਏ।
ਇਸ ਹੇਠਾਂ ਬਿਨਾਂ ਹੀ ਸੀਸ ਤੋਂ ਅਸਾਂ ਜੰਗ ਮਚਾਏ।
ਇਸ ਝੰਡੇ ਹੇਠਾਂ ਕੱਢਿਆ ਦੁਸ਼ਟਾਂ ਦਾ ਕੰਡਾ।
ਇਹ ਜੁਗ-ਜੁਗ ਝੁੱਲੇ 'ਦਿਲਬਰਾ' ਸਿੰਘਾਂ ਦਾ ਝੰਡਾ।

ਇਸ ਝੰਡੇ ਹੇਠਾਂ ਖਾਲਸਾ ਪੜ੍ਹਦਾ ਏ ਬਾਣੀ।
ਇਹਦੀ ਬੜੀ ਅਨੋਖੀ ਜੱਗ ਵਿਚ ਪੁਰ ਲੁਤਫ ਕਹਾਣੀ।
ਇਹਨੂੰ ਰੰਗ ਚੜ੍ਹਾਇਆ ਕੇਸਰੀ ਪਾ ਲਹੂ ਦਾ ਪਾਣੀ।
ਇਸ ਹੇਠਾਂ ਖੰਡੇ ਖਾਲਸੇ ਬਣ ਹਾਣੀ-ਹਾਣੀ।
ਜਦ ਹਿੰਦੂ ਰਿੜਕੇ ਮੁਗਲ ਨੇ ਪਾ ਤੇਗ ਮਧਾਣੀ।
ਇਸ ਝੰਡੇ ਹੇਠਾਂ ਖਾਲਸੇ ਕੀਤੀ ਮਿਝ ਘਾਣੀ।
ਜਦ ਹਿੰਦੂ ਜਨਤਾ ਹਿੰਦ ਵਿਚ ਹੋ ਗਈ ਨਮਾਣੀ।
ਇਸ ਝੰਡੇ ਹੇਠਾਂ ਖਾਲਸੇ ਸੁਲਝਾਈ ਤਾਣੀ।
ਇਹਨੂੰ ਕੈਰੀ ਅੱਖ ਰਹੀ ਵੇਖਦੀ ਦੁਸ਼ਟਾਂ ਦੀ ਢਾਣੀ।
ਇਹ ਝੰਡਾ ਪੁਰਖ ਅਕਾਲ ਦਾ ਇਹਦੀ ਕਥਾ ਪੁਰਾਣੀ।
ਇਹਨੇ ਮੱਚਦਾ ਭਾਂਬੜ ਜ਼ੁਲਮ ਦਾ ਕਰ ਦਿੱਤਾ ਠੰਢਾ।
ਇਹ ਜੁਗ-ਜੁਗ ਝੁੱਲੇ 'ਦਿਲਬਰਾ' ਸਿੰਘਾਂ ਦਾ ਝੰਡਾ।

✲

# ਬੰਗਲਾ ਦੇਸ਼ ਦੀ ਵਾਰ

## ਮਾਰਚ 1971 ਈ: ਪਾਕਿਸਤਾਨ

ਜਦ ਕਿਸਮਤ ਪਾਕਿਸਤਾਨ ਦੀ ਹੱਥ ਫੌਜ ਦੇ ਆਈ ।
ਜਦ ਲੋਕਾਂ ਉਤੇ ਛਾ ਗਈ ਡਿਕਟੇਟਰ ਸ਼ਾਹੀ।
ਜਦ ਅਫਸਰਾਂ ਜ਼ੁਲਮ ਤੇ ਜਬਰ ਦੀ ਸੀ ਅੱਤ ਮਚਾਈ।
ਜਦੋਂ ਸਾਰੇ ਦੇਸ਼ 'ਚ ਹੋ ਗਈ ਰੱਜਵੀਂ ਮਹਿੰਗਾਈ।
ਜਦੋਂ ਰੋਟੀ ਬਦਲੇ ਤਰਸਦੀ ਵੇਖੀ ਲੋਕਾਈ।
ਤੁਲ ਗਏ ਬਗ਼ਾਵਤ ਕਰਨ 'ਤੇ ਜਦ ਲੋਕ ਸ਼ੁਦਾਈ।
ਜਦ ਆਈ ਜਨਤਾ ਦੇ ਕਹਿਰ ਦੀ ਸੀ ਨੇੜੇ ਆਈ।
ਫਿਰ ਭਾਰਤ ਅਯੂਬ ਨੇ ਲਈ ਛੇੜ ਲੜਾਈ।
ਸੰਨ ਪੈਂਹਠ ਸਤੰਬਰ ਅਮਨ ਨੂੰ ਉਹਨਾਂ ਤੀਲੀ ਲਾਈ।
ਦੋ ਪਾਸੀਂ ਫੌਜੀ ਯੋਧਿਆਂ ਅੱਗ ਖ਼ੂਬ ਵਰ੍ਹਾਈ।
ਪਰ ਕੁਦਰਤ ਵਲੋਂ ਹਿੰਦ ਦੇ ਜਿੱਤ ਹਿੱਸੇ ਆਈ।
ਅਸਾਂ ਈਚੋ ਗਿੱਲ ਦੀ ਨਹਿਰ ਸੀ ਲਹੂ ਨਾਲ ਵਗਾਈ।
ਅਸਾਂ ਬਰਕੀ ਝੰਡਾ ਗੱਡਿਆ ਕਰ ਦਿੱਤੀ ਤਬਾਹੀ।
ਅਸਾਂ ਹਾਜ਼ੀ ਪੀਰ ਨੂੰ ਲੰਘ ਕੇ ਜਾ ਛੌਣੀ ਪਾਈ।
ਜਦ ਹਸਤੀ ਪਾਕਿਸਤਾਨ ਦੀ ਮੂੰਹ ਮੌਤ ਦੇ ਆਈ।
ਫਿਰ ਦੇਵੀ ਯੂ.ਐਨ.ਓ. ਵੀ ਹਰਕਤ ਵਿਚ ਆਈ।
ਵਿਚ ਪੈ ਕੇ ਓਹਨੇ ਜੰਗ ਦੀ ਬੰਦੀ ਕਰਵਾਈ।
ਕਰ ਦਿੱਤੀ ਮਿੱਤਰ ਰੂਸ ਨੇ ਫਿਰ ਸੁਲਹ ਸਫਾਈ।
ਪਰ ਹੀਰਾ ਹਿੰਦ ਦਾ ਸ਼ਾਸਤਰੀ ਕਰ ਗਿਆ ਚੜ੍ਹਾਈ।
ਜਦ ਖਿੜਕੇ ਪੈਰ ਅਯੂਬ ਦੇ ਯਹੀਆਂ ਖਾਂ ਆਇਆ।
ਉਹਨੇ ਖੋਹ ਕੇ ਰਾਜ ਅਯੂਬ ਤੋਂ ਉਹਨੂੰ ਖੁੱਡੇ ਲਾਇਆ।
ਉਹਨੇ ਆਪਣਾ ਪਾਕਿਸਤਾਨ ਤੇ ਫਿਰ ਤਹਿਤ ਬਿਠਾਇਆ।
ਉਹਨੇ ਕੱਚੇ-ਪਿਲੇ ਸੋਧ ਕੇ ਵਾਹ ਰੋਅਬ ਜਮਾਇਆ।
ਉਹਨੇ ਪੱਛਮੀ ਪਾਕਿਸਤਾਨ ਨੂੰ ਖੁਸ਼ਹਾਲ ਬਣਾਇਆ।
ਉਹਨੇ ਤਾਕਤ ਦੇ ਕੇ ਭੁੱਟੋ ਨੂੰ ਸੀ ਨਾਲ ਰਲਾਇਆ।
ਜਦੋਂ ਖੋਜਾ ਸੱਯਦ ਚੌਧਰੀ ਸੈਂਟਰ ਵਿਚ ਛਾਇਆ।
ਓਥੇ ਨਾਲ ਪਠਾਣ ਪੰਜਾਬੀਆਂ ਬਲੋਚ ਰਲਾਇਆ।

ਜਦੋਂ ਪੂਰਬੀ ਪਾਕਿਸਤਾਨ ਦਾ ਹੱਕ ਗਿਆ ਦਬਾਇਆ।
ਫਿਰ ਫਿਕਰ ਪਿਆ ਬੰਗਾਲ ਨੂੰ ਬਹੁਤਾ ਘਬਰਾਇਆ।

☆

# ਸ਼ੇਖ ਮੁਜੀਬਲ ਰਹਿਮਾਨ

ਇਕ ਉਠਿਆ ਮਰਦ ਮੁਜੀਬ ਸ਼ੇਖ ਕਰ ਹਿੰਮਤ ਭਾਰੀ।
ਉਹਨੇ ਫਿਰ ਕੇ ਸਭ ਬੰਗਾਲ ਦੀ ਜਨਤਾ ਵੰਗਾਰੀ।
ਉਹਨੇ ਆਖਿਆ ਸਾਨੂੰ ਫਾਹ ਲਿਆ ਚਾਲਾਕ ਸ਼ਿਕਾਰੀ।
ਅਸੀਂ ਅਰਬਾਂ ਦੌਲਤ ਖੱਟੇ ਵਾਹ ਲਾ ਕੇ ਸਾਰੀ।
ਸਾਡੀ ਧਰਤੀ ਦੁਲਹਣ ਵਾਂਗਰਾਂ ਕੁਦਰਤ ਸ਼ਿੰਗਾਰੀ।
ਸਾਡੀ ਪਟਸਨ ਤੇ ਚਾਹ ਵੇਖਕੇ ਖੜ੍ਹ ਜਾਣ ਵਪਾਰੀ।
ਅਸੀਂ ਮਿਹਨਤ ਕੀਤੀ ਦਿਨੇ-ਰਾਤ ਹੈ ਸੱਨਤ ਉਸਾਰੀ।
ਅਸੀਂ ਸੱਤ ਕਰੋੜ ਪੰਜਾਹ ਲੱਖ ਸਾਡੀ ਤਾਕਤ ਭਾਰੀ।
ਅਸੀਂ ਗਿਣਤੀ ਵਿਚ ਸੱਠ ਫੀ ਸਦੀ ਜੇ ਲਈਏ ਵਾਰੀ।
ਅਸੀਂ ਮੁਸ਼ਕਲ ਦੇ ਵਿਚ ਕਦੇ ਨਹੀਂ ਹਿੰਮਤ ਹਾਰੀ।
ਪਰ ਫਿਰ ਵੀ ਸਾਡੇ ਵਤਨ ਵਿਚ ਭੁੱਖ ਨੰਗ ਖਲਾਰੀ।

☆

# ਅਵਾਮੀ ਲੀਗ

ਇਕ ਮੁਸਲਮ ਲੀਗ ਮੁਕਾਬਲੇ ਬਣੀ ਲੀਮ ਅਵਾਮੀ।
ਉਹਦਾ ਲੀਡਰ ਸ਼ੇਖ ਮੁਜੀਬ ਸੀ ਦਾਨਸ਼ਮੰਦ ਨਾਮੀ।
ਉਹਨੇ ਕਿਹਾ ਮਜ਼ਦੂਰ ਕਿਸਾਨ ਦੀ ਮੈਂ ਭਰਨੀ ਹਾਮੀ।
ਹਰ ਇਕ ਬੰਗਾਲੀ ਵਾਸਤੇ ਮੈਂ ਲੱਭਣੀ ਆਸਾਮੀ।
ਉਹਦੀ ਕੀਤੀ ਭੁੱਟੋ ਕੰਪਨੀ ਰੱਜ ਕੇ ਬਦਨਾਮੀ।
ਉਹਨੂੰ ਸਾਲ ਸਤਾਰਾਂ ਜਿਹਲ ਵਿਚ ਰਖਿਆ ਬਿਨ ਖਾਸੀ।

☆

# ਇਲੈਕਸ਼ਨ

ਜਦ ਜਨਤਾ ਪਾਕਿਸਤਾਨ ਦੀ ਆਵਾਜ਼ ਉਠਾਈ।
ਫਿਰ ਚੋਣਾਂ ਕਰਨੀਆਂ ਮੰਨ ਗਈ ਡਿਕਟੇਟਰ ਸ਼ਾਹੀ।
ਓਥੇ ਪਾਕਸਤਾਨੀ ਲੀਡਰਾਂ ਬੜੀ ਡੇਫ ਵਸਾਈ।
ਓਥੇ ਇਕ ਦੂਜੇ ਦੀ ਰੱਜ ਕੇ ਕਈਆਂ ਛਿੱਲ ਲਾਹੀ।
ਓਥੇ ਭੁੱਟੋ ਨੇ ਟਿੱਲ ਲਾ ਲਿਆ ਗਈ ਪੇਸ਼ ਨਾ ਕਾਈ।
ਬੰਗਾਲੀਆਂ ਵੋਟ ਮੁਜੀਬ ਨੂੰ ਰਲ ਬਹੁਤਾ ਪਾਈ।
ਓਥੇ ਕਈਆਂ ਖੱਬੀ ਖਾਨਾਂ ਦੀ ਗਈ ਸਫਾਈ।
ਓਥੇ ਦੂਜੀ ਪੀਪਲਜ਼ ਪਾਰਟੀ ਤਾਕਤ ਵਿਚ ਆਈ।
ਹੋ ਗਈ ਅਵਾਮੀ ਲੀਗ ਦੀ ਜਦ ਕਲਾ ਸਵਾਈ।
ਫਿਰ ਯਹੀਆ ਖਾਂ ਨੇ ਸੇਖ ਨੂੰ ਆ ਦਿੱਤੀ ਵਧਾਈ।
ਸੱਦ ਲਿਆ ਅਜਲਾਸ ਅਸੈਂਬਲੀ ਯਹੀਏ ਘਬਰਾ ਕੇ।
ਛੇ ਨੁਕਤੇ ਰੱਖੇ ਮੁਜੀਬ ਨੇ ਤਾਕਤ ਵਿਚ ਆ ਕੇ।
ਉਹਨੇ ਕਿਹਾ ਕੋਈ ਦੇਸ਼ ਬੰਗਾਲ ਨੂੰ ਕਿਉਂ ਰੱਖੇ ਦਬਾ ਕੇ।
ਸਭ ਸੂਬਿਆਂ ਨੂੰ ਹੱਕ ਦੇ ਦਿਓ ਇਕ ਕਦਮ ਉਠਾਕੇ।
ਮੈਂ ਦੋਸਤੀ ਚਾਹਵਾਂ ਹਿੰਦ ਨਾਲ ਸਭ ਵੈਰ ਭੁਲਾਕੇ।
ਮੈਂ ਵੀਰ-ਵੀਰਾਂ ਨੂੰ ਮੇਲਣੇ ਗਲਵੱਕੜੀ ਪਾ ਕੇ।
ਮੈਂ ਸਿਆਸਤ ਬਦਲਾਂ ਦੇਸ਼ ਦੀ ਕਾਨੂੰਨ ਬਣਾਕੇ।
ਮੇਰੇ ਵਤਨ ਦੇ ਗੱਭਰੂ ਤੁਰਨਗੇ ਹੁਣ ਧੌਣ ਉਠਾਕੇ।
ਪਰ ਯਹੀਆ ਭੁੱਟੋ ਅੜ ਗਏ ਇਕ ਬਣਤ ਬਣਾਕੇ।
ਉਹਨਾਂ ਬਦਲੀ ਡੇਟ ਅਜਲਾਸ ਦੀ ਇਕ ਮਤਾ ਪਕਾ ਕੇ।
ਪਰ ਸ਼ੇਖ ਵੀ ਓਧਰ ਡਟ ਗਿਆ ਉਸ ਕਿਹਾ ਸੁਣਾਕੇ।
ਮੈਂ ਛੇ ਨੁਕਤੇ ਛੱਡਣੇ ਕਿਸੇ ਰੋਅਬ 'ਚ ਆਕੇ।
ਉਹਨਾਂ ਬੜਾ ਮਨਾਇਆ ਸ਼ੇਖ ਨੂੰ ਢਾਕੇ ਵਿਚ ਜਾਕੇ।
ਉਹ ਚਾਹਵਾਨ ਲੱਡੂ ਬੂਰ ਦੇ ਦਈਏ ਵਰਚਾਕੇ।
ਜਦ ਫੈਸਲਾ ਹੋ ਨਾ ਸਕਿਆ ਕੋਈ ਗੱਲ ਮੁਕਾ ਕੇ।
ਫਿਰ ਵਾਪਸ ਦੋਵੇਂ ਮੁੜਗੇ ਟਿੱਲ ਸਾਰਾ ਲਾਕੇ।
ਗੱਲ ਕੀਤੀ ਸ਼ੇਖ ਮੁਜੀਬ ਨੇ ਭਾਵੇਂ ਸੀ ਦਾਨੀ।
ਪਰ ਮੰਨੀ ਯਹੀਆ ਖਾਂ ਨੇ ਇਹ ਆਪਣੀ ਹਾਨੀ।
ਉਹਨੇ 25 ਮਾਰਚ ਰਾਤ ਨੂੰ ਕੀਤੀ ਮਨ ਮਾਨੀ।
ਇਕ ਟੁੱਟਿਆ ਦੇਸ਼ ਬੰਗਾਲ ਤੇ ਹਾਏ ਕਹਿਰ ਤੂਫ਼ਾਨੀ।

ਓਥੇ ਕੜ-ਕੜ ਚੱਲੀਆਂ ਗੋਲੀਆਂ ਭੁੱਜੀ ਜ਼ਿੰਦਗਾਨੀ।
ਜੋ ਜ਼ੁਲਮ ਕਮਾਇਆ ਫੌਜੀਆਂ ਲਿਖ ਸਕੇ ਨਾ ਕਾਨੀ।
ਓਥੇ ਪਾਕਿਸਤਾਨੀ ਫੌਜ ਨੇ ਇਹ ਦਿਲ ਵਿਚ ਠਾਨੀ।
ਅੱਜ ਜਿਊਂਦਾ ਕੋਈ ਨਹੀਂ ਛੱਡਣਾ ਅਸਾਂ ਮਰਦ ਜ਼ਨਾਨੀ।
ਉਹਨਾਂ ਮਾਰੇ ਜੱਜ ਵਕੀਲ ਤੇ ਡਾਕਟਰ ਲਾਸਾਨੀ।
ਉਹਨਾਂ ਚੁਣ ਮਾਰੇ ਵਿਦਿਆਰਥੀ ਕੀਤੀ ਸ਼ੈਤਾਨੀ।
ਜਦ ਵੇਖੀ ਖੁਦ ਸਰਕਾਰ ਦੇ ਦਿਲ ਬੇਈਮਾਨੀ।
ਓਥੇ ਰੋਈ ਧਾਹਾਂ ਮਾਰ ਕੇ ਪਿੱਟ ਉਠੀ ਜਵਾਨੀ।

✲

## ਜ਼ੁਲਮ ਦੀ ਹੱਦ

ਉਹ ਢਾਕਾ ਯੂਨੀਵਰਸਟੀ 'ਚੋਂ ਫੜੀਆਂ ਮੁਟਿਆਰਾਂ।
ਰਹੇ ਇਕ ਕਲੀ ਮਧੋਲਦੇ ਓਥੇ ਬਾਰਾਂ-ਬਾਰਾਂ।
ਕਈ ਛਾਲਾਂ ਮਾਰ ਕੇ ਮਰ ਗਈਆਂ ਖਾ ਅਜ਼ਲੀ ਮਾਰਾਂ।
ਉਥੇ ਕੜ ਕੜ ਚੱਲੀਆਂ ਗੋਲੀਆਂ ਵਗੀਆਂ ਲਹੂ ਧਾਰਾਂ।
ਉਹਨਾਂ ਫੂਕੇ ਅੱਗਾਂ ਲਾ ਕੇ ਘਰ-ਬਾਰ ਹਜ਼ਾਰਾਂ।
ਓਥੇ ਥਾਂ-ਥਾਂ ਦਹਿਸ਼ਤ ਖਿੱਲਰੀ ਵਿਚ ਗਲੀ ਬਜ਼ਾਰਾਂ।
ਉਹਨਾਂ ਚੁਣ ਚੁਣ ਕੱਢੀਆਂ ਘਰਾਂ 'ਚੋਂ ਬੰਗਾਲਣ ਨਾਰਾਂ।
ਦਿਨ ਦੀਵੀਂ ਇੱਜ਼ਤਾਂ ਲੁੱਟੀਆਂ ਫੌਜੀ ਬਦਕਾਰਾਂ।
ਉਹ ਆਖਣ ਮੱਕੇ ਵਾਲਿਆ ਆ ਲੈ ਲਾ ਸਾਰਾ।
ਅੱਜ ਲੱਖਾਂ ਰੋਵਣ ਫਾਤਮਾਂ ਨਾ ਸੁਣੇ ਪੁਕਾਰਾਂ।
ਕਈ ਅਰਬ 'ਚ ਜਾ ਕੇ ਵੇਚੀਆਂ ਕੂੰਜਾਂ ਦੀਆਂ ਡਾਰਾਂ।
ਉਹ ਜ਼ਾਲਮ ਜ਼ੁਲਮ ਕਮੌਣ ਪਏ ਚੱਲਣ ਤਲਵਾਰਾਂ।
ਪਰ ਆਜ਼ਾਦੀ ਮਤਵਾਲੜੇ ਨਹੀਂ ਮੰਨਦੇ ਹਾਰਾਂ।

✲

## ਮੁਕਤੀ ਬਾਹਿਨੀ

ਓਥੇ ਆਜ਼ਾਦੀ ਦੇ ਆਸ਼ਕਾ ਇਕ ਫੌਜ ਬਣਾਈ।
ਉਹਨਾਂ ਭਰਤੀ ਕੀਤੇ ਦੇਸ਼ ਦੇ ਗ਼ਮਖਾਰ ਸਿਪਾਹੀ।
ਉਹਨਾਂ ਕੀਤੀ ਖ਼ੂਬ ਮੁਕਾਬਲਾ ਜ਼ਿੰਦ ਤਲੀ ਟਿਕਾਈ।
ਉਹਨਾਂ ਟੁੱਟੇ-ਫੁੱਟੇ ਹਥਿਆਰ ਲੈ ਕਰ ਦਿੱਤੀ ਤਬਾਹੀ।

ਉਹਨਾਂ ਪਾਕਿਸਤਾਨੀ ਫੌਜ ਦੀ ਫੜ ਅਲਖ ਮੁਕਾਈ।
ਉਹਨਾਂ ਕਈ ਹਜ਼ਾਰਾਂ ਮੀਲ ਵਿਚ ਸੀ ਧਾਕ ਬਿਠਾਈ।
ਉਹਨਾਂ ਆਖਿਆਂ ਜੇਕਰ ਸ਼ੇਖ ਦੀ ਜ਼ਿੰਦ ਖ਼ਤਰੇ ਆਈ।
ਅਸੀਂ ਗਿਣ-ਗਿਣ ਬਦਲੇ ਲਵਾਂਗੇ ਵੇਖੂ ਲੋਕਾਈ।
ਕੁੱਲ ਦੁਨੀਆਂ ਆਖਿਆ ਸ਼ੇਖ ਦੀ ਕਰ ਦਿਓ ਰਿਹਾਈ।
ਪਰ ਮੌਤ ਨੂੰ ਰਹੀ ਬੁਲਾਂਵਦੀ ਡਿਕਟੇਟਰ ਸ਼ਾਹੀ।
ਜਿਥੇ ਪਾਕਿਸਤਾਨੀ ਫੌਜ ਸੀ ਜਾ ਜ਼ੁਲਮ ਕਮੌਂਦੀ।
ਓਥੇ ਮੁਕਤੀ ਸੈਨਾ ਜਾ ਕੇ ਸੀ ਡੱਕਾ ਪੌਂਦੀ।
ਉਹ ਪਾਕਿਸਤਾਨੀ ਫੌਜ ਦੇ ਫੜ ਆਹੂ ਲੌਂਹਦੀ।
ਉਹਦਾ ਜਿਥੇ ਵੀ ਦਾਅ ਲੱਗਦਾ ਸੀ ਪੂਰ ਖਪੌਂਦੀ।
ਉਹ ਮਾਰਕੇ ਬੰਬ ਉਡਾਂਵਦੀ ਸੀ ਧਰਤ ਕੰਬੌਂਦੀ।
ਉਹਦਾ ਨਾਂ ਸੁਣਕੇ ਸੀ ਯਹੀਏ ਦੀ ਜੁੰਡਲੀ ਘਬਰੌਂਦੀ।
ਕਈ ਭਾਰਤ ਵਿਚ ਸੀ ਆਣ ਕੇ ਕਰ ਰਹੇ ਤਿਆਰੀ।
ਉਹਨਾਂ ਵਤਨ ਅਜ਼ਾਦ ਕਰੌਣ ਲਈ ਵਾਹ ਲਾਈ ਸਾਰੀ।
ਉਹਨਾਂ ਖੁੰਬ ਜ਼ੁਲਮ ਦੀ ਠੱਪਣੀ ਲੈ ਤਾਕਤ ਭਾਰੀ।
ਉਹਨਾਂ ਸੀਨੇ ਰੜਕੇ ਫੌਜ ਨੇ ਅੰਤ ਗੁਜਾਰੀ।
ਇਕ ਕਰੋੜ ਦੁਖੀ ਸ਼ਰਨਾਰਥੀ ਭਾਰਤ ਵਿਚ ਆਏ।
ਕਈ ਕੈਂਪਾਂ ਦੇ ਵਿਚ ਰੁਲ ਗਏ ਮਾਵਾਂ ਦੇ ਜਾਏ।
ਉਹਨਾਂ ਦਿਲ ਵਿਚ ਭਾਂਬੜ ਮੱਚਦੇ ਸੀ ਕੌਣ ਬੁਝਾਏ।
ਉਹਨਾਂ ਲੱਖਾਂ ਹੀ ਤੂਫਾਨ ਸੀ ਦਿਲ ਵਿਚ ਦਬਾਏ।
ਉਹ ਜੰਗ ਪਰੇਡਾਂ ਸਿੱਖਦੇ ਬਣ ਗਏ ਹਮਸਾਏ।
ਫਿਰ ਬੰਗਲਾ ਦੇਸ਼ ਦੀ ਫਤਹ ਦੇ ਦਿਨ ਨੇੜੇ ਆਏ।
ਤੱਕ ਮੁਕਤੀ ਸੈਨਾ ਜੂਝਦੀ ਯਹੀਆ ਘਬਰਾਇਆ।
ਉਹ ਭਾਰਤ ਦੀ ਸਰਹੰਦ 'ਤੇ ਝੱਟ ਫੌਜ ਲਿਆਇਆ।
ਉਹਨੇ ਬਾਡਰ ਦਾ ਸਭ ਏਰੀਆ ਖਾਲੀ ਕਰਵਾਇਆ।
ਉਹਨੇ ਅਮਰੀਕਾ ਤੇ ਚੀਨ ਦਾ ਅਸਲਾ ਵਰਤਾਇਆ।
ਉਹਨੇ ਧਮਕੀ ਦੇ ਕੇ ਜੰਗ ਦੀ ਯਰਕੌਣਾ ਚਾਹਿਆ।
ਪਰ ਸ਼ੇਰ ਨਹੀਂ ਈਨਾਂ ਮੰਨਦੇ ਜਗ ਵੇਂਹਦਾ ਆਇਆ।
ਜਦ ਤੱਕ ਹਿੰਦ ਸਰਕਾਰ ਨੇ ਦੁਸ਼ਮਣ ਦੀ ਨੀਤੀ।
ਇਹਨਾਂ ਫੌਜ ਪੁਚਾਈ ਹੱਦ 'ਤੇ ਝੱਟ ਫੁਰਤੀ ਕੀਤੀ।
ਜਾ ਮਰਦਾਂ ਮੱਲੇ ਮੋਰਚੇ ਫਟ ਚੁੱਪ ਚਪੀਤੀ।
ਉਹਨਾਂ ਕਰਕੇ ਦੁਸ਼ਮਣ ਦੇਸ਼ ਦੇ ਹੁਣ ਫੀਤੀ-ਫੀਤੀ।

ਨਾ ਡਰਨ ਪੰਜਾਬਣ ਮਾਂ ਤੋਂ ਜਿਹਨਾਂ ਗੁੜ੍ਹਤੀ ਪੀਤੀ।
ਸਦਾ ਅਣਖ ਲਈ ਸਿਰ ਵਾਰਨੇ ਮਰਦਾਂ ਦੀ ਰੀਤੀ।
ਆਵਾਜ਼ ਉਠੀ ਇਕ ਹਿੰਦੀਓ ਦੁਸ਼ਮਣ ਲਲਕਾਰੇ।
ਅੱਜ ਭੁਟੋ ਯਹੀਆ ਹੱਦ ਤੋਂ ਸਾਡੀ ਅਣਖ ਵੰਗਾਰੇ।
ਉਹਨਾਂ ਅਮਰੀਕਾ ਦੀ ਮੱਦਦ 'ਤੇ ਕਰ ਲਏ ਤਿਆਰੇ।
ਉਹਨੂੰ ਚੀਨ ਦਿੱਤੇ ਹਥਿਆਰ ਨੇ ਹਨ ਸਹਿਮ ਖਿਲਾਰੇ।
ਪਰ ਸਾਡੇ ਵੀ ਹਮਦਰਦੀਆਂ ਹਨ ਕੀਤੇ ਚਾਰੇ।
ਅੱਜ ਗੰਢ ਲਏ ਮਿੱਤਰ ਰੂਸ ਨੇ ਫਿਰ ਮਿੱਤਰ ਚਾਰੇ।
ਅਸੀਂ ਹਰ ਔਕੜ ਵਿਚ ਰਲਾਂਗੇ ਨਹੀਂ ਕੱਲੇ ਕਾਰੇ।
ਅਸੀਂ ਦਿਨੇ ਵਿਖਾ ਕੇ ਦੱਸਣੇ ਗੈਰਾਂ ਨੂੰ ਤਾਰੇ।
ਜੇ ਸੁੱਤੇ ਸ਼ੇਰ ਜਗਾ ਲਏ ਦੁਸ਼ਮਣ ਹਤਿਆਰੇ।
ਅਸੀਂ ਗਿਣ-ਗਿਣ ਬਦਲੇ ਲਵਾਂਗੇ ਜੋ ਕਹਿਰ ਗੁਜ਼ਾਰੇ।
ਸਾਡੇ ਬੀਰ ਬਹਾਦਰ ਗੱਭਰੂ ਹਨ ਯੋਧੇ ਭਾਰੇ।
ਅਸੀਂ ਦੁਸ਼ਮਣ ਤੇ ਵਰਸਾ ਦਈਏ ਅੱਗ ਦੇ ਅੰਗਿਆਰੇ।
ਅਜ ਭੁੱਲ ਗਏ ਪਾਕਿਸਤਾਨ ਨੂੰ ਉਹ ਹੱਥ ਕਰਾਰੇ।
ਅਸੀਂ ਮੁੜਕੇ ਫਿਰ ਸੰਨ ਪੈਂਹਠ ਦੇ ਦੱਸ ਦਈਏ ਨਜ਼ਾਰੇ।
ਸਾਡੇ ਸਿਰ 'ਤੇ ਹੱਥ ਦਸਮੇਸ਼ ਦਾ ਜਿਸ ਜ਼ਾਲਮ ਮਾਰੇ।
ਸਾਡੇ ਕਦਮ ਫਤਿਹ ਹੈ ਚੁੰਮਦੀ ਅਸੀਂ ਕਦੇ ਨਹੀਂ ਹਾਰੇ।
ਅਸਾਂ ਦੁਖੀਆਂ ਦੀ ਬਾਂਹ ਫੜੀ ਦੀ ਹੈ ਲਾਜ਼ ਨਿਭੌਣੀ।
ਅਸਾਂ ਆਜ਼ਾਦੀ ਦੀ ਸ਼ਮਾਂ ਹੈ ਲਹੂ ਨਾਲ ਜਗੌਣੀ।
ਜਦ ਢਾਕੇ ਮੁਕਤੀ ਫੌਜ ਦੀ ਜੱਗ ਵੇਖੂ ਛੌਣੀ।
ਫਿਰ ਯਹੀਆ ਖਾਂ ਹੱਥ ਮਲੇਗਾ ਫਤਿਹ ਗਜੌਣੀ।
ਜੋ ਭਾਰਤ ਦੇ ਨਾਲ ਅੜੇਗਾ ਲਾਵਾਂਗੇ ਤੌਣੀ।
ਇਹ ਵਾਰ ਢਾਡੀਆਂ 'ਦਿਲਬਰਾ' ਮਰਦਾਂ ਦੀ ਗੌਣੀ।

✡

# ਪਾਕਿ: ਤੇ ਭਾਰਤ ਯੁੱਧ ਦੀ ਵਾਰ

## (ਦਸੰਬਰ 1971 ਈ:)

ਜਦ ਬੰਗਲਾ ਦੇਸ਼ 'ਚ ਜ਼ਾਲਮਾਂ ਦਿੱਤੀ ਮੌਤ ਖਲਾਰ।
ਜਦ ਪਾਕਿਸਤਾਨੀ ਜ਼ੁਲਮ ਦਾ ਹੋ ਗਏ ਲੋਕ ਸ਼ਿਕਾਰ।
ਜਦ ਸ਼ੇਖ ਮੁਜੀਬ ਨੂੰ ਬੰਨ੍ਹ ਲਿਆ ਹੱਥੀਂ ਕੜੀਆਂ ਮਾਰ।
ਜਦ ਦਸ ਲੱਖ ਬੰਦਾ ਮੌਤ ਦੇ ਦਿੱਤਾ ਘਾਟ ਉਤਾਰ।
ਜਦ ਫੌਜੀਆਂ ਚੁਣ ਚੁਣ ਫੜ ਲਈਆਂ ਕੁੜੀਆਂ ਕਈ ਹਜ਼ਾਰ।
ਜਦ ਬੁਰਸ਼ਿਆਂ ਇੱਜ਼ਤਾਂ ਲੁੱਟੀਆਂ ਰੱਜਕੇ ਸਰੇ ਬਜ਼ਾਰ।
ਫਿਰ ਮੁਕਤੀ ਬਾਹਿਨੀ ਬਣ ਗਿਆ ਉਹ ਬੰਗਲਾ ਸੋਨਾਰ।
ਕਈ ਲੱਖਾਂ ਦੁਖੀਏ ਆ ਗਏ ਭਾਰਤ ਦੇ ਵਿਚਕਾਰ।
ਫਿਰ ਭਾਰਤ ਦਾ ਰੋਹ ਜਾਗਿਆ ਆਇਆ ਨਵਾਂ ਉਭਾਰ।
ਜਦ ਮੁਕਤੀ ਬਾਹਿਨੀ ਗੱਜ ਪਈ ਜਾਗਿਆ ਦੇਸ਼ ਪਿਆਰ।
ਉਹਨੂੰ ਭਾਰਤ ਦਿੱਤਾ ਹੌਸਲਾ ਨਾਲ ਦਿੱਤੇ ਹਥਿਆਰ।
ਜਦ ਆਜ਼ਾਦੀ ਦੀ ਜੰਗ ਵਿਚ ਜੂਝ ਪਏ ਨਰ-ਨਾਰ।
ਇਹ ਵੇਖਕੇ ਪਾਕਿਸਤਾਨ ਨੇ ਦਿਲ ਵਿਚ ਖਾਧੀ ਖਾਰ।
ਕਰ ਦਿੱਤਾ ਹਮਲਾ ਹਿੰਦ ਤੇ ਯਹੀਏ ਦੀ ਸਰਕਾਰ।
ਉਹਨਾਂ ਤਿੰਨ ਦਸੰਬਰ ਰਾਤ ਨੂੰ ਕੀਤੀ ਆ ਬੰਬਾਰ।
ਪਰ ਭਾਰਤ ਦੇ ਜਰਨੈਲ ਵੀ ਘੱਟ ਨਹੀਂ ਹੁਸ਼ਿਆਰ।
ਉਹਨਾਂ ਸਗਵਾਂ ਬਦਲਾ ਲੈ ਲਿਆ ਭਾਜੀ ਲਈ ਉਤਾਰ।
ਰਣ ਵੱਜੇ ਮਾਰੂ ਮੌਤ ਦੇ ਗੱਜੇ ਸ਼ਾਹ ਅਸਵਾਰ।
ਜੋ ਮਰਣਾ ਜਾਨਣ 'ਦਿਲਬਰਾ' ਉਹ ਕਦੇ ਨਹੀਂ ਖਾਂਦੇ ਹਾਰ।
ਜਦ ਪਾਕਿਸਤਾਨ ਨੇ ਹਿੰਦ 'ਤੇ ਹਮਲਾ ਕੀਤਾ ਆ।
ਜਦ ਯਹੀਆ ਖਾਂ ਨੇ ਜੰਗ ਦਾ ਦਿੱਤਾ ਢੋਲ ਵਜਾਅ।
ਜਦ ਤਿੰਨ ਦਸੰਬਰ ਰਾਤ ਨੂੰ ਦਿੱਤੀ ਅੱਗ ਬਰਸਾਅ।
ਉਹਦੇ ਹਵਾਬਾਜ਼ ਸੀ ਉਡਾਕੇ ਆਏ ਵਾਂਗ ਹਵਾਅ।
ਉਹਨਾਂ ਬਾਰਾਂ ਅੱਡੇ ਚੁਣ ਲਏ ਚੋਂਹਦੇ ਦਈਏ ਉੜਾਅ।
ਅਸੀਂ ਰੱਬੋ ਬਚਗੇ 'ਦਿਲਬਰਾ' ਉਨ੍ਹਾਂ ਲਾਇਆ ਚੰਗਾ ਦਾਅ।
ਜਦ ਹਿੰਦੁਸਤਾਨੀ ਹਾਕਮਾਂ ਵੇਖਿਆ ਨਵਾਂ ਪਲਾਨ।
ਉਹ ਨੀਤੀ ਸਾਰੀ ਸਮਝਗੇ ਦੁਸ਼ਮਣ ਹੈ ਸ਼ੈਤਾਨ।

ਉਹਨਾਂ ਹੁਕਮ ਚੜ੍ਹਾਇਆ ਫੌਜ ਨੂੰ ਕਰ ਦਿੱਤਾ ਐਲਾਨ।
ਹੁਣ ਰਾਖੀ ਕਰ ਲਓ ਦੇਸ਼ ਦੀ ਰਣ ਲਾਹੋ ਘਾਣ।
ਜੋ ਚੜ੍ਹਕੇ ਆਏ ਹਿੰਦ ਤੇ ਉਹ ਜਿਊਂਦੇ ਘਰ ਨਾ ਜਾਣ।
ਅਸੀਂ ਆਪਣਾ ਸਭ ਕੁਛ ਵਾਰਕੇ ਦੇਸ਼ ਦੀ ਰੱਖਣੀ ਸ਼ਾਨ।
ਬਸ ਹੁਕਮ ਹੋਣ ਦੀ ਦੇਰ ਸੀ ਉਠੇ ਭੜਕ ਜਵਾਨ।
ਉਹਨਾਂ ਸੀਨੇ ਵਿਚ ਅੱਗ ਲੱਗ ਗਈ ਨੇਤਰ ਲਹੂ-ਲੁਹਾਨ।
ਕਈ ਓਸੇ ਅੱਧੀ ਰਾਤ ਨੂੰ ਉਡ ਚੜ੍ਹੇ ਅਸਮਾਨ।
ਓਥੇ ਕਈਆਂ ਨੇ ਮਿੱਗ ਲੈ ਗਏ ਕਈਆਂ ਨੈਟ ਬਿਬਾਨ।
ਉਹ ਆਖਣ ਅਜੇ ਫੂਕਣਾ ਸਾਰਾ ਪਾਕਿਸਤਾਨ।
ਉਹਨਾਂ ਅੱਡੇ ਕਈ ਉਡਾ ਦਿੱਤੇ ਜਿਥੋਂ ਕਰਨ ਉਡਾਨ।
ਬਸ ਧੌਂਸੇ ਚੋਟਾਂ ਵਜੀਆਂ ਮੱਚ ਪਿਆ ਘਮਸਾਨ।
ਰੋਜ਼ ਜਾਗ ਪੈਂਦਾ ਏ 'ਦਿਲਬਰਾ' ਜਦ ਸੀਨੇ ਲੱਗਣ ਬਾਣ।

☆

# ਜਰਨੈਲ ਮਾਣਕ ਸ਼ਾਹ ਦੀ ਲਲਕਾਰ

ਕਿਹਾ ਮਾਣਕ ਸ਼ਾਹ ਜਰਨੈਲ ਨੇ ਯੋਧਿਓ ਬਲ ਧਾਰੋ।
ਤੁਸੀਂ ਭਾਰਤ ਦਾ ਨਾਂ ਜੱਗ ਵਿਚ ਚਮਕਾਓ ਯਾਰੋ।
ਸੁਣੋ ਡੋਗਰਿਓ ਮਰਹਟਿਓ ਸਿੰਘੋ ਸਰਦਾਰੋ।
ਤੁਸੀਂ ਠੂਹਇਓਂ ਤਿਖੇ ਗੋਰਖਿਓ ਮਰ ਜਾਓ ਜਾਂ ਮਾਰੋ।
ਤੁਸੀਂ ਉਠੋ ਰਾਜਸਥਾਨੀਓ ਰਣ ਸ਼ਾਹ ਅਸਵਾਰੋ।
ਬੰਗਾਲੀਓ ਤੇ ਮਦਰਾਸੀਓ ਤੱਪਦੀ ਹਿੱਕ ਠਾਰੋ।
ਰਣ ਪਾਵੋ ਫਤਿਹ ਪੰਜਬੀਓ ਦਸਮੇਸ਼ ਚਿਤਾਰੋ।
ਸਭ ਹਿੰਦੂ ਮੁਸਲਮ ਹਰੀਜਨੋ ਹਿੰਦ ਬਰਖੁਰਦਾਰੋ।
ਤੁਸੀਂ ਦੇਸ਼ ਦੀ ਅਣਖ ਬਚਾ ਲਵੋ ਰਲ ਪਹਿਰੇਦਾਰੋ।
ਅੱਜ ਭਾਰਤ ਮਾਂ ਪੁਕਾਰਦੀ ਸਭ ਜਾਨਾਂ ਵਾਰੋ।
ਫਿਰ ਰੇਡੀਓ ਉਤੇ ਹਾਕਮਾਂ ਕੀਤੀਆਂ ਤਕਰੀਰਾਂ।
ਤੁਸੀਂ ਦੁਸ਼ਮਣ ਦਾ ਮੂੰਹ ਭੰਨ ਦਿਓ ਲੈ ਲਵੋ ਜਗੀਰਾਂ।
ਤੁਸੀਂ ਯੋਧਿਓ ਚਨੇ ਲੋਹੇ ਦੇ ਨਹੀ ਖੰਡੇ ਤੇ ਖੀਰਾਂ।
ਤੁਸੀਂ ਜੰਗਾਂ ਵਿਚ ਰਹੇ ਵਾਹਵਦੇ ਤੇਜ਼ ਸ਼ਮਸ਼ੀਰਾਂ।
ਅੱਜ ਤੋਪਾਂ ਬੰਬ ਉਡੀਕਦੇ ਰਣ ਵਿਚ ਬਲਬੀਰਾਂ।
ਤੁਸੀਂ ਤੋੜੇ ਟੈਂਕ ਫੌਲਾਦ ਦੇ ਕਰ ਸੁੱਟੇ ਲੀਰਾਂ।

ਤੁਸੀਂ ਸਬਰ ਜੈਟ ਉਡਾ ਦਿਓ ਖਿੱਚੋ ਤਸਵੀਰਾਂ।
ਤੁਸੀਂ ਟਿਕਾ ਖਾਂ ਤੇ ਨਿਆਜ਼ੀ ਨੂੰ ਪਾ ਲਵੋ ਜੰਜ਼ੀਰਾਂ।
ਤੁਸੀਂ ਯਾਹੀਏ ਨੂੰ ਹੱਥ ਲਾ ਦਿਓ ਹਿੱਲ ਜਾਣ ਜ਼ਮੀਰਾਂ।
ਤੁਸੀਂ ਪੈਰੋ ਰਾਮ ਕ੍ਰਿਸ਼ਨ ਦੇ ਕਰ ਦਿਓ ਅਖੀਰਾਂ।
ਤੁਹਾਨੂੰ ਚੰਡਿਆ ਗੋਬਿੰਦ ਸਿੰਘ ਜਿਹੇ ਗੁਰੂਆਂ ਤੇ ਪੀਰਾਂ।

☆

## ਮੋਰਚੇ ਮੱਲ ਲਏ

ਰੋਹ ਸਾਰੇ ਭਾਰਤ ਦੇਸ਼ ਨੂੰ ਚੜ੍ਹ ਗਿਆ ਸਵਾਇਆ।
ਜਾ ਹੱਦਾਂ ਉਤੇ ਯੋਧਿਆਂ ਜੈਕਾਰੇ ਬੁਲਇਆ।
ਜਰਨੈਲਾਂ ਫੌਜ ਸ਼ਿੰਗਾਰ ਲਈ ਗੁਰ ਪੀਰ ਧਿਆਇਆ।
ਸਿਰਤਾਜ ਸਿੰਘ ਕਸ਼ਮੀਰ 'ਤੇ ਝੰਡਾ ਲਹਿਰਾਇਆ।
ਬਲਵੰਤ ਸਿੰਘ ਆਹਲੂਵਾਲੀਆ ਸ਼ੰਕਰਗੜ੍ਹ ਧਾਇਆ।
ਵਿਚ ਸਾਂਬਾ ਸੈਕਟਰ ਸੰਗਤ ਸਿੰਘ ਨੇ ਪੈਰ ਜਮਾਇਆ।
ਅਤੇ ਝਾਂਸੀ ਦੇ ਬਰਗੇਡ ਨੂੰ ਛੰਬ ਵਿਚ ਪੁਚਾਇਆ।
ਸਭ ਥਾਂ-ਥਾਂ ਯੋਧੇ ਜੁੱਟ ਪਏ ਜੰਗ ਖ਼ੂਬ ਮਚਾਇਆ।
ਰੈਡਾਰ ਉਡੀਕਾਂ ਕਰਨ ਪਏ ਕਦੋਂ ਦੁਸ਼ਮਣ ਆਇਆ।
ਇਹ ਪੱਛਮੀ ਮੋਰਚਾ ਕੈਂਡਵ ਦੇ ਸੀ ਹਿੱਸੇ ਆਇਆ।
ਪਰ ਬੰਗਲਾ ਵੱਲ ਜਗਜੀਤ ਸਿੰਘ ਨੇ ਕਦਮ ਉਠਾਇਆ।

☆

## ਦੋ ਮੁਹਾਜ਼ਾਂ 'ਤੇ ਲੜਾਈ

ਬੰਗਾਲ ਅਤੇ ਪੰਜਾਬ ਵਿਚ ਮੱਚ ਪਈ ਲੜਾਈ।
ਏਥੇ ਯੋਧਿਆਂ ਹੱਸ-ਹੱਸ ਦੇਸ਼ ਦੇ ਜ਼ਿੰਦ ਲੇਖੇ ਲਾਈ।
ਕਿਸੇ ਰਾਈਫਲ ਗੰਨ ਸਟੇਨ ਸੀ ਹੱਥ ਵਿਚ ਉਠਈ।
ਕਿਸੇ ਬੰਬ ਚਲਾਏ ਜੋਸ਼ ਵਿਚ ਕਰ ਦਿੱਤੀ ਤਬਾਹੀ।
ਕਿਸੇ ਸੈਬਰ ਜੈਟ ਮਿਰਾਜ ਤੇ ਬੰਨ੍ਹ ਤੋਪ ਚਲਾਈ।
ਕਿਸੇ ਟੈਂਕ ਚਲਾਇਆ ਰੋਹ ਵਿਚ ਗੜੇ ਗੱਜ ਮਚਾਈ।
ਬਸ ਅੱਗੇ-ਅੱਗੇ ਵਧੀ ਗਏ ਜਾ ਬਾਜ ਸਿਪਾਹੀ।
ਪਰ ਦੁਸ਼ਮਣ ਅੱਗੇ ਕਿਸੇ ਨੇ ਨਹੀ ਧੌਣ ਝੁਕਾਈ।

# ਬੀ.ਐਸ.ਐਫ. ਜਵਾਨਾਂ ਦੀ ਬਹਾਦਰੀ

ਕਈ ਬੀ.ਐਸ.ਐਫ. ਦੇ ਗੱਭਰੂ ਕਰ ਗਏ ਕਮਾਲਾਂ।
ਜਦ ਤਿੰਨ ਦਸੰਬਰ ਸ਼ਾਮ ਨੂੰ ਪਈਆਂ ਤਰਕਾਲਾਂ।
ਕਰ ਦਿੱਤਾ ਹਮਲਾ ਵੈਰੀਆਂ ਬੰਨ੍ਹ ਆ ਗਏ ਪਾਲਾ।
ਕਈ ਚੌਂਕੀਆਂ ਵਿਚੋਂ ਨਿਕਲੇ ਝੱਟ ਮਾਰ ਕੇ ਛਾਲਾਂ।
ਉਹਨਾਂ ਅੱਖਾਂ ਹੋਈਆਂ ਰੱਤੀਆਂ ਜਿਉਂ ਜਗਣ ਮਿਸਾਲਾਂ।
ਓਥੇ ਕੜ-ਕੜ ਚੱਲੀਆਂ ਗੋਲੀਆਂ ਰਣ ਘਾਲੀਆਂ ਘਾਲਾਂ।
ਉਨ੍ਹਾਂ ਸਫਲੀਆਂ ਹੋਣ ਨਾ ਦਿੱਤੀਆਂ ਦੁਸ਼ਮਣ ਦੀਆਂ ਚਾਲਾਂ।
ਰਣ ਝੱਲੇ ਕਿਹੜਾ 'ਦਿਲਬਰਾ' ਮਰਦਾਂ ਦੀਆਂ ਝਾਲਾਂ।

✫

# ਹੈਡ ਕਾਂਸਟੇਬਲ ਕੰਵਲਜੀਤ ਸਿੰਘ

ਵਾਹ ਕੰਵਲਜੀਤ ਸਿੰਘ ਗੱਭਰੂ ਦੇਂਦਾ ਸੀ ਪਹਿਰਾ।
ਉਹਦੇ ਹੱਥ ਕੜਾ ਦਸਮੇਸ਼ ਦਾ ਉਹਦੇ ਤੇੜ ਕਛਹਿਰਾ।
ਉਹਨੇ ਅੰਮ੍ਰਿਤ ਪੀਤਾ ਬਾਟਿਓਂ ਖੰਡੇ ਦਾ ਗਹਿਰਾ।
ਉਹ ਵੇਖਿਆਂ ਦੁਸ਼ਮਣ ਆ ਗਏ ਹੁਣ ਲੱਗੂ ਲਹਿਰਾ।
ਉਹਨੇ ਤੋੜ ਦਿੱਤੀ ਝੱਟ ਵਾਇਰਲਸ ਲਿਆ ਕਾਰਮੁਛਹਿਰਾ।
ਉਹਨੂੰ ਰਾਤ ਸਮਾਂ ਵੀ ਜਾਪਿਆ ਜਿਉਂ ਤਿੱਖੜ ਦੁਪਹਿਰਾ।
ਉਹਨੇ ਸੋਚਿਆ ਵਕਤ ਸ਼ਹੀਦੀ ਦਾ ਆ ਗਿਆ ਸੁਨਹਿਰਾ।
ਉਹ ਰਾਈਫਲ ਲੈ ਕੇ ਜਾ ਪਿਆ ਪਿੰਡੇ ਦਾ ਕਹਿਰਾ।
ਉਹਦੇ ਸਾਹਦੇ ਅੜ ਨਾ ਸਕਿਆ ਕੋਈ ਨੱਥੂ ਖੈਰਾ।
ਉਹਦੇ ਗਰਨੇਟਾਂ ਅੱਗ ਲਾ ਦਿੱਤੀ ਬਣ ਗਿਆ ਦੁਸਹਿਰਾ।
ਉਹਨੇ ਖੂਬ ਚਲਾਈਆਂ ਗੋਲੀਆਂ ਜਦ ਅਸਲਾ ਮੁਕਿਆ।
ਉਹਨੇ ਹੱਥ ਵਿਚ ਖੂੰਡੇ ਵਾਂਗਰਾਂ ਰਾਈਫਲ ਨੂੰ ਚੁਕਿਆ।
ਉਹਨੇ ਦੁਸ਼ਮਣ ਨੂੰ ਲਲਕਾਰਿਆ ਜਾ ਨੇੜੇ ਢੁੱਕਿਆ।
ਉਹ ਸ਼ੇਰ ਦੇ ਵਾਂਗੂ ਸੂਰਮਾ ਗੱਜਿਆ ਤੇ ਬੁੱਕਿਆ।
ਉਹਨੇ ਕਈ ਸੁੱਟੇ ਬਟ ਮਾਰਕੇ ਉਹ ਜ਼ਰਾ ਨਾ ਉਕਿਆ।
ਉਹ ਜੋਹਦੇ ਉਤੇ ਜਾ ਪਿਆ ਉਹਦਾ ਸਾਹ ਸੁਕਿਆ।
ਉਹਦੇ ਸੀਨੇ ਗੋਲੀ ਲੱਗ ਗਈ ਉਹ ਕਰ ਗਈ ਕਾਰਾ।
ਉਹਨੇ ਡਿੱਗਦੇ ਵੀ ਜ਼ੋਰ ਦੀ ਛੱਡਿਆ ਜੈਕਾਰਾ।

ਉਹਦਾ ਵੈਰੀਆਂ ਨੇ ਸਿਰ ਵੱਢਿਆ ਪਿਆ ਕਹਿਰ ਕਹਾਰ।
ਉਹ ਦਰਖਤ ਦੇ ਉਤੇ ਟੰਗਿਆ ਖਾ ਰਿਹਾ ਹੁਲਾਰਾ।
ਜਦ ਸਾਡੀ ਮਿਲਟਰੀ ਪਹੁੰਚ ਗਈ ਕਰ ਹੱਲਾ ਭਾਰਾ।
ਉਹਨਾਂ ਸੀਸ ਵੇਖਕੇ ਆਖਿਆ ਵਾਹ ਸਿੰਘ ਸਰਦਾਰਾ।
ਉਹਦਾ ਸੱਚਮੁਚ ਭਾਰਤ ਰਿਣੀ ਏਂ ਸਾਰੇ ਦਾ ਸਾਰਾ।
ਉਹਨੂੰ ਵੀਰ ਚੱਕਰ ਦੇ 'ਦਿਲਬਰਾ' ਵਡਿਆਇਆ ਭਾਰਾ।

✡

## ਸ: ਮਹਿੰਦਰ ਸਿੰਘ ਥਲਾਂ

ਮੈਂ ਕਿਹੜੇ-ਕਿਹੜੇ ਗੱਭਰੂ ਦੀ ਕਰਾਂ ਕਹਾਣੀ।
ਜਿਹਨਾਂ ਵਾਰੀ ਸੋਹਣੇ ਦੇਸ਼ ਤੋਂ ਜ਼ਿੰਦ ਸੁੱਘੜ ਸੁਜਾਣੀ।
ਪਿੰਡ ਰਾਣੀਆਂ ਅੰਮ੍ਰਿਤਸਰ ਜ਼ਿਲਾ ਇਕ ਚੌਕੀ ਜਾਣੀ।
ਓਥੇ ਬੀਰ ਮਹਿੰਦਰ ਸਿੰਘ ਸੀ ਨਹੀਂ ਗੱਲ ਪੁਰਾਣੀ।
ਜਦ ਵੇਖੀ ਉਸ ਨੇ ਆ ਗਈ ਦੁਸ਼ਮਣ ਦੀ ਢਾਣੀ।
ਉਹ ਸ਼ੇਰ ਦੇ ਵਾਂਗੂੰ ਗਜਿਆ ਵਗਾਰੇ ਹਾਣੀ।
ਅਸਾਂ ਖਾਧਾ ਅੰਨ ਪੰਜਾਬ ਦਾ ਤੇ ਪੀਤਾ ਪਾਣੀ।
ਅਸਾਂ ਪਾਕਿਸਤਾਨੀ ਜ਼ੁਲਮ ਦੀ ਹੈ ਅਲਖ ਮੁਕਾਣੀ।
ਉਹਨੇ ਹੱਥ ਵਿਚ ਰਾਈਫਲ ਚੁੱਕ ਲਈ ਦੁਸ਼ਟਾਂ ਨੂੰ ਖਾਣੀ।
ਜਦ ਗੋਲੀ ਸਿੱਕਾ ਮੁੱਕ ਗਿਆ ਸੀ ਉਲਝੀ ਤਾਣੀ।
ਅੱਜ ਮਰ ਜਾਣਾ ਜਾ ਮਾਰਣਾ ਉਸ ਦਿਲ ਵਿਚ ਠਾਣੀ।
ਉਹਨੇ ਵਿੰਨ੍ਹੀ ਨਾਲ ਸੰਗੀਨ ਦੇ ਟੋਲੀ ਜ਼ਰਵਾਣੀ।
ਉਹਨੇ ਕਈ ਡੇਗੇ ਬੱਟ ਮਾਰ ਕੇ ਨਾ ਮੰਗਣ ਪਾਣੀ।
ਉਹਨੇ ਰਿੜਕੇ ਵੈਰੀ ਦੇਸ਼ ਦੇ ਕਈ ਵਾਂਗ ਮਧਾਣੀ।
ਉਹਨੇ ਮਾਰੇ ਫਿਰ ਨੌਂ ਸੂਰਮੇ ਜਿੱਤ ਅਣਖ ਪਠਾਣੀ।
ਪਰ ਆਖਰ ਘੇਰੀਂ ਬਹੁਤਿਆਂ ਉਹ ਜ਼ਿੰਦ ਨਿਮਾਣੀ।
ਉਹਦੇ ਸੀਨੇ ਗੋਲੀ ਲੱਗ ਗਈ ਉਹਨੇ ਛਾਤੀ ਤਾਣੀ।
ਉਹ ਆਖਰੀ ਫਤਿਹ ਗਜਾ ਗਿਆ ਪੜ੍ਹਦਾ ਗੁਰਬਾਣੀ।
ਉਹਨੂੰ ਮੌਤ ਨੇ ਸੀਨੇ ਲਾਇਆ ਹੋਊ ਪਰੀਤ ਪੁਰਾਣੀ।
ਜੱਗ ਯਾਦ ਕਰੇਗਾ 'ਦਿਲਬਰਾ' ਉਹਨੂੰ ਸਦੀਆਂ ਤਾਣੀ।
ਉਹਨੇ ਕੀਤੀ ਜਿਹੜੀ ਬਹਾਦਰੀ ਗੱਲ ਬਹੁਤੀ ਚੰਗੀ।
ਉਹਨੇ ਅੱਠ ਡੰਗੇ ਖਟ ਮਾਰਕੇ ਜਦ ਦੁਸ਼ਮਣ ਢੰਗੀ।

ਉਹਦੇ ਮੂੰਹ ਵਿਚ ਗੋਲੀ ਵਜਾਕੇ ਗਰਦਨ 'ਚੋਂ ਲੰਘੀ।
ਇਕ ਵੈਰੀ ਅੱਗੇ ਵਧ ਕੇ ਕਿਹਾ ਚੁੱਕ ਲਉ ਦੰਗੀ।
ਇਹਦੀ ਲਾਸ਼ ਨੂੰ ਲੈ ਜਾਉ ਖਿੱਚਕੇ ਕਰ ਦੇਵੋ ਨੰਗੀ।
ਇਹ ਸਾਹਵੇਂ ਇਕ ਦਰਖਤ ਤੇ ਦਿਸੇਗੀ ਟੰਗੀ।
ਇਹ ਸੁਣ ਕੇ ਰੋਹ ਵਿਚ ਉਠਿਆ ਉਹ ਯੋਧਾ ਜੰਗੀ।
ਉਹਨੇ ਮੱਥੇ ਵਿਚ ਬੱਟ ਮਾਰਕੇ ਉਹਦੀ ਪੁੜਪੁੜੀ ਰੰਗੀ।
ਉਹ ਪਾਕਿਸਤਾਨੀ ਡਿਗਿਆ ਜਿਵੇਂ ਨਾਗਣੀ ਡੰਗੀ।
ਉਥੇ ਦੁਸ਼ਮਣ ਡਿੱਗੇ ਇਸ ਤਰ੍ਹਾਂ ਜਿਵੇਂ ਲੋਟੇ ਭੰਗੀ।
ਉਹ ਵੈਰੀ ਦੇ ਹੱਥ ਆਇਆ ਨਾ ਟੱਪ ਆਇਆ ਸ਼ੰਗੀ।
ਜਿਵੇਂ ਜ਼ੁਲਫਾਂ ਵਿਚੋਂ ਲੰਘ ਗਈ ਚਿਕੜੀ ਦੀ ਕੰਘੀ।
ਉਹਦੀ ਲਾਸ਼ ਨੂੰ ਪਿੰਡ ਪੁਚਾ ਦਿੱਤਾ ਉਹਦੇ ਸਾਥੀ ਸੰਗੀ।
ਜਗ ਅਮਰ ਹੋ ਗਿਆ 'ਦਿਲਬਰਾ' ਉਹ ਬੀਰ ਭੁਜੰਗੀ।
ਪਿੰਡ ਥਲਾਂ ਤਹਿਸੀਲ ਫਿਲੌਰ ਵਿਚ ਉਹਦੀ ਯਾਦ ਸੁਹਾਣੀ।
ਓਥੇ ਜਾਵੀ ਦਾ ਨਵੇਂ ਸ਼ਹਿਰ ਤੋਂ ਪਿੰਡ ਔੜ ਦੇ ਬਾਣੀ।
ਉਹਦੇ ਪਿਤਾ ਦਾ ਨਾਂ ਬਖਸ਼ੀਸ਼ ਸਿੰਘ ਮਾਂ ਭਾਗੋ ਸਿਆਣੀ।
ਉਹਦੀ ਪਤਨੀ ਬੀਬੀ ਗਿਆਨ ਕੌਰ ਉਹਦੇ ਦਿਲ ਦੀ ਰਾਣੀ।
ਉਹਨੂੰ ਵੀਰ ਚੱਕਰ ਸਰਕਾਰ ਦਿੱਤਾ ਗੱਲ ਕਰੀ ਸਿਆਣੀ।
ਸਦਾ ਯਾਦ ਰਹੇਗੀ 'ਦਿਲਬਰਾ' ਉਹਦੀ ਅਮਰ ਕਹਾਣੀ।

☆

## ਪੰਜਾਬ ਦਾ ਗੱਭਰੂ

ਇਹ ਗੱਭਰੂ ਦੇਸ਼ ਪੰਜਾਬ ਦਾ ਇਹਦਾ ਜੋਸ਼ ਨਿਆਰਾ।
ਇਹਨੇ ਬਾਟੇ ਦੇ ਵਿਚ ਰਗੜ ਕੇ ਪੀਤਾ ਦੋ ਧਾਰਾ।
ਇਹਦੇ ਸਿਰ 'ਤੇ ਹੱਥ ਦਸਮੇਸ਼ ਦਾ ਇਹਨੂੰ ਦੇਸ਼ ਪਿਆਰਾ।
ਇਹਨੇ ਵੇਖਿਆ ਪਾਕਿਸਤਾਨ ਦਾ ਜਦ ਜ਼ੁਲਮੀ ਕਾਰਾ।
ਇਹਨੇ ਹੱਦਾਂ 'ਤੇ ਜਾ ਛੱਡਿਆ ਪੁਰ ਜੋਸ਼ ਜ਼ੈਕਾਰਾ।
ਜਦ ਗੜ-ਗੜ ਤੋਪਾਂ ਚੱਲੀਆਂ ਆ ਗਿਆ ਨਜ਼ਾਰਾ।
ਇਹਦੇ ਟੈਕਾਂ ਭੜਥੂ ਪਾ ਦਿੱਤੇ ਰਣ ਵਿਚ ਕਰਾਰਾ।
ਇਹ ਉਡਕੇ ਚੜ੍ਹਿਆ ਅੰਬਰੀ ਲੈ ਹੌਸਲਾ ਭਾਰਾ।
ਇਹਦੇ ਬੰਬਾਂ 'ਚੋਂ ਅੱਜ ਨਿਕਲੀ ਜਿਉਂ ਟੁੱਟਦਾ ਤਾਰਾ।
ਇਹਨਾਂ ਢਾਹੀਆਂ ਫੌਜੀ ਛੌਣੀਆਂ ਕਰ ਦਿੱਤਾ ਗਾਰਾ।

ਇਹਨਾਂ ਚੀਰ ਟੈਂਕ ਫੌਲਾਦ ਦੇ ਜਿਉਂ ਲੱਕੜ ਆਰਾ।
ਅੱਜ ਜੱਗ ਤੇ ਹੋਵੇ 'ਦਿਲਬਰਾ' ਇਹਦੀ ਜੈ ਜੈਕਾਰ।
ਇਉਂ ਪਏ ਪੰਜਾਬੀ ਗੱਭਰੂ ਦੁਸ਼ਮਣ ਤੇ ਜਾ ਕੇ।
ਜਿਵੇਂ ਪੈਂਦਾ ਸ਼ੇਰ ਸ਼ਿਕਾਰ 'ਤੇ ਦਿਲ ਗੁੱਸਾ ਖਾ ਕੇ।
ਇਹਨਾਂ ਦਰਗ ਹਾਜੀ ਪੀਰ ਦਾ ਲਿਆ ਵੱਜ ਵਜਾਕੇ।
ਵੀਹ ਪੱਚੀਂ ਚੌਕੀਆਂ ਪੁੱਛਣ ਵਿਚ ਖੋਹੀਆਂ ਟਿੱਲ ਲਾ ਕੇ।
ਕਈ ਛੰਭ ਸੈਕਟਰ ਵਿਚ ਜੂਝ ਗਏ ਲਹੂ ਨਦੀ ਵਗਾਕੇ।
ਉਹਨਾਂ ਦਸਿਆ ਪਾਕਿਸਤਾਨ ਦਾ ਓਥੇ ਮੂੰਹ ਵਗਾਕੇ।
ਜੋ ਸ਼ੰਕਰ ਗੜ੍ਹ ਵਿਚ ਯੋਧਿਆਂ ਗਲ ਦੱਸੀ ਬਣਾਏ।
ਉਹਨਾਂ ਤੋੜੇ ਟੈਂਕ ਇਕਾਨਵੇਂ ਫੂਕੇ ਅੱਗ ਲਾ ਕੇ।
ਇਹ ਪੈ ਗਏ ਰਾਜਿਸਥਾਨ ਤੇ ਜੈਕਾਰੇ ਬੁਲਾਕੇ।
ਉਥੋਂ ਪਾਕਿਸਤਾਨੀ ਨੱਸ ਗਏ ਸੀ ਦੁੰਬ ਦਬਾਕੇ।
ਇਹ ਸਿੰਧ ਵਿਚ ਅਗੇ ਵਧੀ ਗਏ ਰਣ ਪੈਰ ਜਮਾਕੇ।
ਗਈ ਪੇਸ਼ ਨਾ ਦੁਸ਼ਮਣ ਫੌਜ ਦੀ ਗਈ ਖੁੰਬ ਠਪਾਕੇ।
ਇਹ ਦੱਸੀ ਸਾਡੇ ਯੋਧਿਆਂ ਰਣ ਧਾਂਕ ਬਿਠਾਕੇ।
ਓਥੇ ਭੁੱਟੋ ਯਹੀਆ ਸਹਿਮ ਗਏ ਡਿੱਗੇ ਗਸ਼ ਖਾ ਕੇ।

✲

# ਬੰਗਲਾ ਦੇਸ਼

ਤੇ ਓਧਰ ਸੀ ਜਗਜੀਤ ਸਿੰਘ ਜਰਨੈਲ ਅਰੋੜਾ।
ਉਹਨਾਂ ਫੌਜਾਂ ਲੈ ਕੇ ਪਾ ਲਿਆ ਬੰਗਲਾ ਵੱਲ ਮੌੜਾ।
ਉਹਨੇ ਪਾਕਿਸਤਾਨੀ ਫੌਜ ਨੂੰ ਲਿਆ ਚਾੜ੍ਹ ਮਰੋੜਾ।
ਓਥੇ ਗੰਨ ਸਟੇਨਾਂ ਚੱਲੀਆਂ ਜਿਉਂ ਹਿਣ ਕੇ ਘੋੜਾ।
ਓਥੇ ਮੁਕਤੀ ਬਾਹਨੀ ਨਾਲ ਸੀ ਫੌਜਾਂ ਦਾ ਜੋੜਾ।
ਹਥਿਆਰ ਦਿੱਤੇ ਜਰਨੈਲ ਨੇ ਨਾ ਛੱਡਿਆ ਤੋੜਾ।
ਕਈ ਬੰਬਾਂ ਦੇ ਨਾਲ ਫੇਹ ਦਿੱਤੇ ਜਿਉਂ ਪਿਸਦਾ ਫੋੜਾ।
ਦਿਲ ਪਾਕਿਸਤਾਨੀ ਫੌਜ ਹੁੰਦਾ ਗਿਆ ਥੋੜਾ।
ਬਸ ਟੁੱਟ ਕੇ ਪੈ ਗਏ ਗੱਭਰੂ ਮੱਚ ਉਠਿਆ ਲੋਹੜਾ।
ਓਥੇ ਪਾਕਿਸਤਾਨੀ ਉਠ ਗਏ ਜਿਉਂ ਰੂੰ ਦਾ ਗੋਹੜਾ।
ਸਭ ਬੱਦਲ ਵਾਂਗੂੰ ਉੱਡ ਗਏ ਰਜਾਕਾਰ ਤੇ ਗਾਜ਼ੀ।
ਜੋ ਕੁੜੀਆਂ ਪਕੜ ਬੰਗਾਲਣਾ ਦਿਲ ਕਰਦੇ ਰਾਜ਼ੀ।

ਕੁਛ ਮਰਗੇ ਤੇ ਕੁਝ ਨੱਸ ਗਏ ਉਹ ਬੁਜ਼ਦਿਲ ਪਾਜ਼ੀ।
ਨਾ ਨਾਹਰੇ ਲਾਏ ਮੁਜਾਹਿਦਾਂ ਨਾ ਲੱਭੇ ਕਾਜ਼ੀ।
ਸਭ ਦਿਸੇ ਜਾਨ ਬਚਾਂਵਦੇ ਕਰ ਬਹਾਨੇ ਸਾਜੀ।
ਓਥੇ ਸਹਿਮ ਗਿਆ ਫੁਰਮਾਨ ਅਲੀ ਡਰ ਗਿਆ ਨਿਆਜ਼ੀ।
ਕੋਈ ਐਸੀ ਘੜੀ ਸਕੀਮ ਸੀ ਜਰਨੈਲਾਂ ਤਾਜੀ।
ਅਸਾਂ ਦੋ ਹਫਤਿਆਂ ਵਿਚ ਜਿੱਤ ਲਈ ਬੰਗਲਾ ਦੀ ਬਾਜ਼ੀ।
ਜਦ ਵਰਖਾ ਹੋਈ ਬਰੂਦ ਦੀ ਕੋਈ ਰਿਹਾ ਨਾ ਹੀਲਾ।
ਸਭ ਪਾਕਿਸਤਾਨੀ ਨੱਸ ਗਏ ਛੱਡ ਕੇ ਕੌਮੀਲਾ।
ਲਲਕਾਰੇ ਦੇਂਦਾ ਵਧ ਗਿਆ ਜਗਜੀਤ ਹਠੀਲਾ।
ਇਕ ਮੁਕਤੀ ਬਾਹਿਨੀ ਫੌਜ ਦਾ ਬਣ ਗਿਆ ਵਸੀਲਾ।
ਜਦ ਬੰਬ ਬਰਸਾਏ ਅੰਬਰੋਂ ਸੀ ਵਕਤ ਜੋਸ਼ੀਲਾ।
ਕਰ ਲਿਤਾ ਦੁਸ਼ਮਣ ਫੌਜ ਦਾ ਉਹਨਾਂ ਤੀਲਾ-ਤੀਲਾ।
ਓਥੇ ਹੋਸ਼ ਧਰਤ ਭੁੱਲ ਗਈ ਆਕਾਸ਼ ਨਸ਼ੀਲਾ।
ਰੰਗ ਪਾਕਿਸਤਾਨੀ ਫੌਜ ਦਾ ਝੱਟ ਫਿਰ ਗਿਆ ਨੀਲਾ।
ਜਦ ਪਾਣੀ ਪਦਮਾ ਨਦੀ ਦਾ ਹੋਇਆ ਲਾਲ ਰੰਗੀਲਾ।
ਓਥੇ ਮਹਾਂ ਭਾਰਤ ਦੇ ਜੰਗ ਵਾਂਗ ਵਰਤਾਈ ਲੀਲਾ।
ਸੀ ਨਦੀਆਂ ਦੇ ਪੁਲ ਦੁਸ਼ਮਣਾਂ ਕਰ ਦਿੱਤੇ ਨਕਾਰੇ।
ਇਹਨਾਂ ਫੁਰਤੀ ਦੇ ਵਿਚ ਆਰਜ਼ੀ ਪੁਲ ਝੱਟ ਉਸਾਰੇ।
ਇਹਨਾਂ ਪੂਰੇ ਦੋ ਬਟਾਲੀਅਨ ਜਾ ਅਗ੍ਹਾਂ ਉਤਾਰੇ।
ਉਹ ਛੱਤਰੀਆਂ ਦੇ ਨਾਲ ਉਤਰੇ ਯੋਧੇ ਭਬਕਾਰੇ।
ਜਦੋਂ ਅੱਗੋਂ ਪਿਛੋਂ ਘਿਰ ਗਏ ਪਾਕੀ ਹਥਿਆਰੇ।
ਫਿਰ ਫੜ-ਫੜ ਸੂਰਾਂ ਵਾਂਗਰਾਂ ਹਿੰਦੀਆਂ ਨੇ ਮਾਰੇ।
ਜਦ ਹਮਲਾ ਹਿੰਦੀ ਫੌਜ ਨੇ ਕਰ ਦਿੱਤਾ ਹਵਾਈ।
ਜਦ ਗੜ-ਗੜ ਤੋਪਾਂ ਚੱਲੀਆਂ ਧਰਤੀ ਕੰਬਾਈ।
ਜਦ ਮੱਦਦ ਨਾ ਕਿਸੇ ਵੀ ਪਾਸਿਓਂ ਦੁਸ਼ਮਣ ਨੂੰ ਪਾਈ।
ਘਬਰਾ ਕੇ ਪਾਕਿਸਤਾਨੀਆਂ ਸਭ ਹੋਸ਼ ਭੁਲਾਈ।
ਜੈਸੂਰ ਨੂੰ ਘੇਰਾ ਪਾ ਲਿਆ ਅੱਗ ਖੂਬ ਵਰ੍ਹਾਈ।
ਫਿਰ ਢਾਕੇ ਤੋਪਾਂ ਬੀੜੀਆਂ ਜਲ ਨੇੜੇ ਆਈ।
ਫਿਰ ਆਖਰ ਜਨਰਲ ਨਿਆਜ਼ੀ ਨੇ ਸੀ ਧੌਣ ਝੁਕਾਈ।
ਉਹਨੇ ਸੁੱਟ ਦਿੱਤੇ ਹਥਿਆਰ ਸੀ ਹੋਈ ਖ਼ਤਮ ਲੜਾਈ।
ਅਜ਼ਾਦ ਹੋ ਗਿਆ ਬੰਗਲਾ ਹੋਈ ਕਲਾ ਸਵਾਈ।
ਫਿਰ ਜੈ ਭਾਰਤ ਜੈ ਬੰਗਲਾ ਆਵਾਜ਼ ਸੀ ਆਈ।

ਅੱਠ ਜਨਵਰੀ ਸ਼ੇਖ ਮੁਜੀਬ ਦੀ ਹੋ ਗਈ ਰਿਹਾਈ।
ਜਿੱਤ ਆਖਰ ਹੁੰਦੀ ਸੱਚ ਦੀ ਵਹਿੰਦੀ ਲੋਕਾਈ।
ਸਿਰ ਨੀਵਾ ਹੋ ਗਿਆ ਜ਼ੁਲਮ ਦਾ ਸਾਡੀ ਰਹਿ ਆਈ।
ਅਸੀਂ ਸਦਾ ਵਸਾਂਗੇ 'ਦਿਲਬਰਾ' ਬਣ ਭਾਈ-ਭਾਈ।

✫

## ਪੰਜਾਬੀ ਜਵਾਨ

ਤੂੰ ਅਣਖ ਬਚਾ ਲਈ ਦੇਸ਼ ਦੀ ਪੰਜਾਬੀ ਹੱਲਾ।
ਸੀ ਕੀਤਾ ਪਾਕਿਸਤਾਨ ਨੇ ਤੇਰੇ 'ਤੇ ਹੱਲਾ।
ਓਹ ਹੋ ਗਿਆ ਵਿਚ ਹੰਕਾਰ ਦੇ ਪਾਗ਼ਲ ਤੇ ਝੱਲਾ।
ਤੂੰ ਮਾਰ ਕੇ ਬੰਬ ਉਡਾ ਦਿੱਤੇ ਪਾਇਆ ਤਰਥੱਲਾ।
ਅੱਜ ਹੋ ਗਈ ਬੰਗਲਾ ਦੇਸ਼ ਵਿਚ ਤੇਰੀ ਬੱਲਾ-ਬੱਲਾ।
ਉਹ ਜਰਨਲ ਹੈ ਜਗਜੀਤ ਸਿੰਘ ਜਿਸ ਪਾਇਆ ਠੱਲ੍ਹਾ।
ਹਥਿਆਰ ਸੁੱਟੇ ਅੱਜ ਵੈਰੀਆਂ ਤੇਰਾ ਫਿਰ ਗਿਆ ਪੱਲਾ।
ਸੀ ਭੁੱਟੋ ਰੋ-ਰੋ ਪਿੱਟਿਆ ਕੌਂਸ਼ਲ ਵਿਚ ਖਲਾ।
ਤੇਰਾ ਸਾਥੀ ਮਿੱਤਰ ਰੂਸ ਹੈ ਤੇ ਹੈ ਨਹੀਂ ਕੱਲਾ।
ਤੂੰ ਯਾਦ ਕਰਾਇਆ 'ਦਿਲਬਰਾ' ਦੁਸ਼ਮਣ ਨੂੰ ਅੱਲਾ।

✫

# ਬਾਪ
# ਸ਼ਹੀਦਾਂ ਦਾ

# ਕੁਝ ਆਪਣੇ ਵੱਲੋਂ

ਮੈਂ ਆਪਣੇ ਢਾਡੀ ਜਥੇ ਸਮੇਤ 10 ਅਗਸਤ 1975 ਈ: ਨੂੰ ਇੰਗਲੈਂਡ ਰਵਾਨਾ ਹੋਇਆ। ਇਹ ਸਾਰਾ ਉੱਦਮ ਸ: ਸੰਤੋਖ ਸਿੰਘ ਸ਼ੱਕਰ ਪਿੰਡ ਪੂਨੀਆ ਜ਼ਿਲ੍ਹਾ ਜਲੰਧਰ ਤੇ ਸ: ਮਹਿੰਦਰ ਸਿੰਘ ਸਮਰਾ ਪਿੰਡ (ਸਮਰਾਵਾਂ ਜ਼ਿਲ੍ਹਾ ਜਲੰਧਰ) ਦਾ ਸੀ। ਇੰਗਲੈਂਡ ਪੁੱਜਕੇ ਜੋ ਸੰਗਤਾਂ ਦਾ ਪਿਆਰ ਮੈਂ ਵੇਖਿਆ ਮਨ ਗਦ-ਗਦ ਹੋ ਗਿਆ, ਸ਼ਾਇਦ ਸਾਡਾ ਇਹ ਪਹਿਲਾ ਢਾਡੀ ਜਥਾ ਸੀ ਜੋ ਇੰਗਲੈਂਡ ਵਿਚ ਸਿੱਖੀ ਪ੍ਰਚਾਰ ਲਈ ਪੁੱਜਾ ਸੀ। ਸੰਗਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਹਰ ਦੀਵਾਨ ਵਿਚ ਸੰਗਤਾਂ ਕੀਰਤਨ ਟੇਪ ਰੀਕਾਰਡ ਕਰਦੀਆਂ ਸਨ ਜੋ ਪ੍ਰਸੰਗ ਇਕ ਸਟੇਜ 'ਤੇ ਇਕ ਵਾਰ ਸੁਣਾ ਦਿੱਤਾ, ਦੁਬਾਰਾ ਨਹੀਂ ਸੀ ਸੁਣਾਇਆ ਜਾ ਸਕਦਾ। ਕਈ ਜਗ੍ਹਾ ਜਿਵੇਂ ਕਿ ਗੁਰਦੁਵਾਰਾ ਸਮੈਦਿਕ (ਬਰਮਿੰਘਮ) ਵਰਗੀਆਂ ਥਾਵਾਂ 'ਤੇ ਸੱਠ-ਸੱਠ-ਸੱਤਰ ਸੱਤਰ ਪ੍ਰੋਗਰਾਮ ਦੇਣੇ ਪਏ। ਲੰਡਨ ਸਾਊਥਲ ਤੋਂ ਲੈ ਕੇ ਗਲਾਸਗੋ (ਸਕਾਟਲੈਂਡ) ਤੱਕ ਇੰਗਲੈਂਡ ਦੇ ਬਹੁਤ ਸਾਰੇ ਟਾਊਨਾਂ ਵਿਚ ਜਾਣ ਦਾ ਮੌਕਾ ਮਿਲਿਆ ਨਵੇਂ ਗੀਤ, ਨਵੀਆਂ ਕਵਿਤਾਵਾਂ ਨਵੇਂ ਪ੍ਰਸੰਗ ਲਿਖੇ। ਇੰਗਲੈਂਡ ਦੇ ਸੰਗੀਤ ਕਲਾਕਾਰਾਂ ਲੋਕਲ ਢਾਡੀ ਜਥਿਆਂ ਵੀ ਸਾਡੇ ਜਥੇ ਦਾ ਬੇਹੱਦ ਸਤਿਕਾਰ ਕੀਤਾ।

ਸ: ਸਰਦੂਲ ਸਿੰਘ ਝੰਡੇਰ ਕਲਾਂ ਮਰਵਾਹ ਸਾਹਿਬ ਜੋ ਅੱਜਕਲ੍ਹ ਬਰਮਿੰਘਮ ਕੌਂਸਲਰ ਹਨ, ਸ: ਕਪੂਰ ਸਿੰਘ ਸਪੁੱਤਰ ਸ: ਚੈਨ ਸਿੰਘ, ਸ: ਭਜਨ ਸਿੰਘ ਜਰਮਨੀ ਬੀਬੀ ਗੁਰਦੇਵ ਕੌਰ, ਗਿ: ਅਵਤਾਰ ਸਿੰਘ, ਗਿ: ਗੁਰਦਿਆਲ ਸਿੰਘ ਰਸੀਆਂ, ਸ: ਸਾਧੂ ਸਿੰਘ ਜੋਗੀ, ਗਿ: ਗਿਆਨ ਸਿੰਘ, 'ਸੁਰਜੀਤ', ਗਿ: ਗੁਰਬਚਨ ਸਿੰਘ ਹਮਦਰਦ, ਮਸਤਾਨ ਸਿੰਘ ਹੀਰਾ, ਅਨਾੜੀ ਗਰੁੱਪ, 'ਭੁਜੰਗੀ ਗਰੁੱਪ', 'ਅਨਜਾਣ ਗਰੁੱਪ' ਤੇ ਹੋਰ ਕਈ ਨਾਮ ਵਰਣਨ ਯੋਗ ਹਨ। ਗਿ: ਗਿਆਨ ਸਿੰਘ 'ਸੁਰਜੀਤ' ਤੇ ਗਿ: ਗੁਰਬਚਨ ਸਿੰਘ ਹਮਦਰਦ ਜੀ ਦੇ ਉੱਦਮ ਨਾਲ ਇਕ ਸਾਡਾ ਸਾਂਝਾ ਐਮ.ਪੀ. ਰੀਕਾਰਡ ਵੀ ਕਰਵਾਇਆ ਗਿਆ ਜੋ ਸੰਗਤਾਂ ਨੇ ਬਹੁਤ ਪਸੰਦ ਕੀਤਾ। ਇੰਗਲੈਂਡ ਵਿਚ ਮਹਾਰਾਜਾ ਦਲੀਪ ਸਿੰਘ ਦੀ ਸਾਮਾਨ 'ਕੋਹਿਨੂਰ ਹੀਰਾ' ਸ਼ੇਰਿ ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੀ ਕੁਰਸੀ ਤੇ ਹੋਰ ਬੜਾ ਕੁਛ ਵੇਖਿਆ। ਮੈਂ ਕਾਫੀ ਪੁਸਤਕਾਂ ਨਾਲ ਲੈ ਗਿਆ ਸਾਂ। ਸੰਗਤਾਂ ਨੇ ਹੱਥੋਂ-ਹੱਥੀਂ ਖਰੀਦ ਲਈਆਂ ਮਿੱਤਰਾਂ ਵਲੋਂ ਉਮੰਗ ਹੋਈ ਇੰਡੀਆ ਜਾ ਕੇ ਨਵੇਂ ਗੀਤਾਂ ਪ੍ਰਸੰਗਾਂ ਦੀਆਂ ਕਿਤਾਬਾਂ ਬਣਾਈਆਂ ਜਾਣ।

30 ਸਤੰਬਰ 1976 ਈ: ਨੂੰ ਅਸੀਂ ਇੰਡੀਆ ਵਾਪਸ ਆਏ। ਮੇਰੇ ਵੱਡੇ ਲੜਕੇ ਦਿਲਜੀਤ ਸਿੰਘ 'ਦਿਲਬਰ' ਐਮ.ਐਸ.ਸੀ, (ਐਗਰੀ ਕਲਚਰ ਯੂਨੀਵਰਸਿਟੀ

ਲੁਧਿਆਣਾ) ਦੀ ਮੰਗਣੀ ਸ: ਸੰਪੂਰਨ ਸਿੰਘ॥ ਬੱਟੂ ਸਕੱਤਰ ਗੁਰਦੁਵਾਰਾ ਸਿੰਘ ਸਭਾ ਗਲਾਸਗੋ (ਜੋ ਅੱਜਕਲ੍ਹ ਪ੍ਰਧਾਨ ਹਨ) ਦੀ ਸਪੁੱਤਰੀ ਬੀਬੀ ਦਿਲਜੀਤ ਕੌਰ ਨਾਲ ਹੋਈ। ਮੈਂ 23 ਜਨਵਰੀ 1977 ਈ: ਨੂੰ ਆਪਣੀ ਵੱਡੀ ਲੜਕੀ ਬੀਬੀ ਕੁਲਵਿੰਦਰ ਕੌਰ ਐਮ.ਏ.ਬੀ.ਐਡ ਦੀ ਸ਼ਾਦੀ ਸ: ਨਿਰਮਲਜੀਤ ਸਿੰਘ ਔਫੀਸਰ ਪੰਜਾਬ ਐਂਡ ਸਿੰਧ ਬੈਂਕ ਸਪੁੱਤਰ ਸ: ਲਾਭ ਸਿੰਘ ਇੰਜੀਨੀਅਰ ਅੰਮ੍ਰਿਤਸਰ ਨਾਲ ਕੀਤੀ। ਵੱਡਾ ਲੜਕਾ ਦਿਲਜੀਤ ਸਿੰਘ 'ਦਿਲਬਰ' ਜੁਲਾਈ 1977 ਈ: ਗਲਾਸਗੋ (ਸਕਾਟਲੈਂਗ) ਪੁੱਜਾ। 10 ਸੰਤਬਰ ਨੂੰ ਉਹਦੀ ਸ਼ਾਦੀ ਹੋਈ। ਮੇਰੀ ਪਤਨੀ ਸੰਤ ਕੌਰ ਵੀ ਇੰਗਲੈਂਡ ਆਪਣੇ ਸਪੁੱਤਰ ਦੀ ਸ਼ਾਦੀ ਵਿਚ ਸ਼ਾਮਲ ਹੋਈ। ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਨੇ 31 ਜਨਵਰੀ 1979 ਈ: ਨੂੰ ਪਟਿਆਲਾ ਗੁ: ਦੂਖ ਨਿਵਾਰਣ ਸਾਹਿਬ ਵਿਖੇ ਆਲ ਇੰਡੀਆ ਢਾਡੀ ਦਰਬਾਰ ਕੀਤਾ ਜਿਸ ਵਿਚ ਚਾਲੀ ਦੇ ਕਰੀਬ ਢਾਡੀ ਜਥੇ ਸ਼ਾਮਲ ਹੋਏ। ਤਿੰਨ ਜੱਜ ਫੈਸਲਾ ਕਰਨ ਲਈ ਮੁਕੱਰਰ ਕੀਤੇ ਗਏ।

(1) ਸਵਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (2) ਸਵਰਗਵਾਸੀ ਸ: ਅਮਰ ਸਿੰਘ ਦੁਸਾਂਝ ਮੈਨੇਜਿੰਗ ਡਾਇਰੈਕਟਰ 'ਅਕਾਲੀ ਪੱਤਰਕਾ' ਅਖਬਾਰ (3) ਗਿ: ਸੋਹਣ ਸਿੰਘ ਸੀਤਲ ਪ੍ਰਸਿੱਧ ਢਾਡੀ। ਦਾਸ ਦੇ ਜਥੇ ਨੂੰ ਪਹਿਲਾ ਇਨਾਮ (ਗੋਲਡ ਮੈਡਲ; ਗਿਆਰਾਂ ਸੌ ਰੁਪੈ ਚਾਰ ਗਰਮ ਸ਼ਾਲਾਂ) ਪ੍ਰਾਪਤ ਹੋਇਆ।

6 ਫਰਵਰੀ 1980 ਈ: ਮੈਂ ਆਪਣੇ ਢਾਡੀ ਜਥੇ ਸਮੇਤ ਕੈਨੇਡਾ ਪੁੱਜਾ। ਇਹ ਉੱਦਮ ਸ: ਸੁਰਜੀਤ ਸਿੰਘ ਮਾਹਲ (ਰਸੂਲਪੁਰ ਜ਼ਿਲ੍ਹਾ ਜਲੰਧਰ) ਦਾ ਸੀ। ਉਹਨਾਂ ਤਿੰਨ ਮਹੀਨੇ ਸਾਨੂੰ ਟਾਊਨ ਵਿਚ ਰੱਖਿਆ। ਇਕ ਐਲ.ਪੀ. ਰੀਕਾਰਡ ਵੀ ਕਰਵਾਇਆ ਜਿਸਦੇ ਇਕ ਪਾਸੇ ਚਮਕੌਰ ਸਾਹਿਬ ਦੀ ਵਾਰ ਤੇ ਦੂਜੇ ਪਾਸੇ ਸ: ਸੁੱਖਾ ਸਿੰਘ-ਮਹਿਤਾਬ ਸਿੰਘ ਦੀ ਵਾਰ ਮੱਸੇ ਦੀ ਮੌਤ ਭਰੇ ਗਏ। ਉਸ ਤੋਂ ਬਾਅਦ ਪੰਜ ਮਹੀਨੇ ਬੀ.ਸੀ. ਸਟੇਟ ਅਲਬਰਟਾ ਸਟੇਟ ਵਿਚ ਵੈਨਕੋਵਰ, ਵਿਕਟੋਰੀਆ ਤੋਂ ਲੈ ਕੇ ਕੈਲਗਿਰੀ, ਐਂਡਮਿੰਟਨ ਤੱਕ ਸਾਰੇ ਟਾਊਨਾਂ ਵਿਚ ਪ੍ਰੋਗਰਾਮ ਦਿੱਤੇ। 29 ਸਤੰਬਰ ਨੂੰ ਇੰਗਲੈਂਡ ਪੁੱਜੇ ਤਿੰਨ ਮਹੀਨੇ ਚੋਣਵੀਆਂ ਸਟੇਜਾਂ 'ਤੇ ਕੀਰਤਨ ਕਰਕੇ 4 ਜਨਵਰੀ 1981 ਈ: ਨੂੰ ਭਾਰਤ ਵਾਪਸ ਆਏ ਫਿਰ ਦਸੰਬਰ 1982 ਨੂੰ ਅਮਰੀਕਾ ਜਾਣ ਦਾ ਪ੍ਰੋਗਰਾਮ ਬਣਿਆ।

ਸ: ਦੀਦਾਰ ਸਿੰਘ ਬੈਂਸ ਹੋਰਾਂ ਜਿਨ੍ਹਾਂ ਦੇ ਪਿਤਾ ਸ: ਗੁਰਪਾਲ ਸਿੰਘ ਬੈਂਸ (ਛੋਟਾ ਨਾਂਗਲ, ਜ਼ਿਲ੍ਹਾ ਹੁਸ਼ਿਆਰਪੁਰ) ਯੂਬਾਸਿਟੀ (ਕੈਲੇਫੋਰਨੀਆ) ਗੁਰਦੁਵਾਰਾ ਸਾਹਿਬ ਦੇ ਪ੍ਰਧਾਨ ਸਨ। ਸਪੌਂਸ਼ਰ ਭੇਜਿਆ। ਮੈਂ ਆਪਣੇ ਢਾਡੀ ਜਥੇ ਸਮੇਤ 18 ਦਸੰਬਰ 1982 ਨੂੰ ਅਮਰੀਕਾ ਰਵਾਨਾ ਹੋਇਆ। ਇਕ ਰਾਤ ਜਾਪਾਨ ਦੀ ਰਾਜਧਾਨੀ ਟੋਕੀਓ ਰਹੇ। 19 ਦਸੰਬਰ ਸ਼ਾਮ 6 ਵਜੇ ਟੋਕੀਓ ਤੋਂ ਉਡਾਨ ਕੀਤੀ। ਦੂਜੇ ਸੁਬ੍ਹਾ 9 ਵਜੇ ਸਨਫਰਾਂਸਿਸਕੋ (ਯੂ.ਐਸ.ਏ) ਪੁੱਜੇ। ਉਥੇ ਅਜੇ ਤਾਰੀਖ 19 ਹੀ ਸੀ ਯੂਬਾਸਿਟੀ

ਹੈਡਕਵਾਟਰ ਰਖਿਆ। ਕੈਲੇਫੋਰਨੀਆਂ ਦੇ ਸਾਰੇ ਚੋਣਵੇਂ ਟਾਊਨਾਂ ਵਿਚ ਕੀਰਤਨ ਕੀਤੇ ਲਵਿੰਗਸਟਨ ਵਿਚ ਸ: ਲੈਂਬਰ ਸਿੰਘ ਪਾਬਲਾ (ਲੰਗੜੋਆ ਜ਼ਿਲ੍ਹਾ ਜਲੰਧਰ) ਵਲੋਂ ਜੋ ਪਿਆਰ ਮਿਲਿਆ ਜ਼ਿੰਦਗੀ ਦੀ ਅਭੁੱਲ ਯਾਦ ਹੈ। ਲਾਸਏਂਜ਼ਲਸ ਵਿਚ ਡਾਕਟਰ ਅੰਮ੍ਰਿਤ ਸਿੰਘ (ਹਾਟ ਸਪੈਸ਼ਲਿਸਟ) ਸਕੱਤਰ ਗੁਰਦੁਵਾਰਾ ਤੇ ਸ: ਲਖਬੀਰ ਸਿੰਘ ਚੀਮਾਂ ਪ੍ਰਧਾਨ ਗੁ: ਸਾਹਿਬ ਵਲੋਂ ਬਹੁਤ ਹੀ ਸਤਿਕਾਰ ਮਿਲਿਆ। ਡਾਕਟਰ ਅੰਮ੍ਰਿਤ ਸਿੰਘ ਦੇ ਮਾਤਾ-ਪਿਤਾ ਤੇ ਉਹਨਾਂ ਦੀ ਪਤਨੀ ਬੀਬੀ ਹਰਜੱਸ ਕੌਰ ਤਾਂ ਸਾਨੂੰ ਆਪਣੇ ਪ੍ਰਵਾਰ ਦੇ ਮੈਂਬਰ ਹੀ ਸਮਝਦੇ ਰਹੇ। ਅਲਸਬਰੇਟੇ ਟਾਊਨ ਵਿਚ ਬੀਬੀ ਸੁਰਜੀਤ ਕੌਰ ਰੇਡੀਓ ਕਲਾਕਾਰ ਜਲੰਧਰ ਜੋ ਉਸ ਵੇਲੇ ਓਥੇ ਗ੍ਰੰਥੀ ਦੀ ਡਿਊਟੀ ਦੇ ਰਹੇ ਸਨ ਅਤੇ ਉਹਨਾਂ ਦੇ ਪਤੀ ਸ: ਕਿਹਰ ਸਿੰਘ ਨੇ ਡੂੰਘਾ ਪਿਆਰ ਬਖਸ਼ਿਆ। ਜੀਅ ਕਰਦਾ ਏ ਸਾਰੀ ਜ਼ਿੰਦਗੀ ਅਮਰੀਕਾ ਦੇ ਨਾਮ ਲਿਖ ਦਿਆਂ ਪੰਜਾਬ ਦੇ ਸਿੰਘ ਬੜੇ ਹੀ ਮਹਿਮਾਨ ਨਿਵਾਜ਼ ਨੇ। 27 ਮਈ 1983 ਨੂੰ ਸਿੱਖ ਕੌਂਸਲ ਦੀ 'ਸ਼ਿਕਾਗੋ' ਵਿਖੇ ਕਾਨਫਰੰਸ ਸੀ, ਅਸੀਂ ਸ਼ਿਕਾਗੋ ਗਏ ਓਥੇ ਹਫਤਾ ਰਹਿਕੇ ਨਿਊਯਾਰਕ ਨਿਊਜਰਸੀ ਪੁੱਜੇ। ਮਹਾਨ ਵਿਦਵਾਨ ਗਿ: ਗੁਰਦੀਪ ਸਿੰਘ ਹੈੱਡ ਗਰੰਥੀ ਗੁ: ਨਿਊਯਾਰਕ ਨੇ ਮਹਾਨ ਆਦਰ ਬਖਸ਼ਿਆ। ਵੀਰ ਕੋਮਲ ਸਿੰਘ ਕਮਲ ਨੇ ਤਾਂ ਸਾਨੂੰ ਘਰ ਹੀ ਨਹੀਂ ਚੇਤੇ ਆਉਣ ਦਿੱਤਾ ਸ: ਅਵਤਾਰ ਸਿੰਘ ਚੌਂਕ ਕਲਾਂ, ਜਲੰਧਰ ਪ੍ਰਧਾਨ ਗੁ: ਨਿਊਜਰਸੀ ਨੇ ਹਫਤਾ ਭਰ ਜਥੇ ਨੂੰ ਘਰ ਰਖਿਆ ਬੜੇ ਸਤਿਸੰਗ ਹੋਏ ਡਾ: ਅਜੈਬ ਸਿੰਘ ਕੈਨੇਡੀ ਕੱਟ ਨੇ ਬਚਪਨ ਦੇ ਭੁੱਲੇ ਵਿਸਰੇ ਜਮਾਨੇ ਚੇਤੇ ਕਰਾ ਦਿੱਤੇ ਭੈਣ ਮਨਜੀਤ ਤੇ ਧੀ ਮਨਜੀਤ ਨੇ ਮਨ ਚਿੱਤ ਲਾ ਅਮਰੀਕਾ ਦੀ ਯਾਤਰਾ ਸਮਾਪਤ ਕਰਕੇ ਸਨਫ੍ਰਾਂਸਿਸਕੋ ਤੋਂ ਪਲੈਨ ਲੈ ਕੇ ਜੁਲਾਈ 1983 ਵੈਨਕੋਵਰ ਕੈਨੇਡਾ ਪੁੱਜੇ।

ਸ: ਦਲਜੀਤ ਸਿੰਘ ਸੰਧੂ ਸ: ਮੋਤਾ ਸਿੰਘ ਝੀਤਾ ਪ੍ਰਧਾਨ ਗੁ: ਰੌਸ ਸਟਰੀਚ ਸ: ਗੁਰਮੇਲ ਸਿੰਘ ਦੁਸਾਂਝ, ਸ: ਲੈਂਬਰ ਸਿੰਘ ਸੋਢੀ, ਸ: ਸਤਿਨਾਮ ਸਿੰਘ ਜੌਹਲ ਸਾਰੇ ਪ੍ਰਬੰਧਕਾਂ ਵਲੋਂ ਬੜੀ ਅਪਣੱਤ ਵਿਖਾਈ ਗਈ। ਸ: ਮਹਿੰਦਰ ਸਿੰਘ ਬਾਂਦੀ ਤੇ ਕੇਵਲ ਸਿੰਘ ਧਾਮੀ ਤਾਂ ਰੋਜ਼ ਇਕ ਵਾਰ ਮਿਲਿਆ ਬਿਨਾਂ ਨਹੀਂ ਸੀ ਰਹਿੰਦੇ ਗਿ: ਬਲਬੀਰ ਸਿੰਘ ਚੰਗਿਆੜੇ ਦੇ ਗੀਤ ਕੰਨਾਂ ਵਿਚ ਗੂੰਜਦੇ ਨੇ ਵਾਹ ਮੇਰੇ ਦਾਤਾ.....।

ਵੀਰ ਸ਼ਿੰਗਾਰਾ ਸਿੰਘ ਮਾਹਲ ਬਾਰੇ ਕੀ ਦੱਸਾਂ। ਮੈਨੂੰ ਤਾਂ ਸਾਰਾ ਕੈਨੇਡਾ ਪਿਆਰ ਦਾ ਮੁਜੱਸਮਾਂ ਜਾਪਿਆ ਏ। ਵੀਰ ਕੁਲਵੰਤ ਸਿੰਘ ਬੀ.ਏ. ਦੀਆਂ ਵਿਦਵਤਾਂ ਭਰੀਆਂ ਮਹਿਫਲਾਂ ਨਹੀਂ ਭੁੱਲ ਦੀਆਂ 18 ਜਨਵਰੀ 1984 ਨੂੰ ਅਸੀਂ ਵੈਨਕੋਵਰ ਤੋਂ ਉੱਡੇ 20 ਜਨਵਰੀ ਨੂੰ ਦਿੱਲੀ ਆ ਪੁੱਜੇ। ਮੇਰਾ ਵੱਡਾ ਲੜਕਾ ਦਲਜੀਤ ਸਿੰਘ ਦਿਲਬਰ ਉਹਦੀ ਪਤਨੀ ਦਿਲਜੀਤ ਕੌਰ ਮੇਰਾ ਪੋਤਰਾ ਹਰਮੀਤ ਸਿੰਘ ਤੇ ਪੋਤਰੀ ਰੂਪਨੀਤ

ਕੌਰ ਅਸੀਂ ਸਾਰੇ ਦਿੱਲੀ ਇਕੱਠੇ ਹੋ ਗਏ। 5 ਫਰਵਰੀ 1984 ਈ: ਨੂੰ ਮੇਰੇ ਛੋਟੇ ਲੜਕੇ ਕੁਲਜੀਤ ਸਿੰਘ ਐਮ.ਏ.ਬੀ.ਐਸ ਦੀ ਸ਼ਾਦੀ ਬੀਬੀ ਨਵਦੀਪ ਕੌਰ ਐਮ.ਏ. ਸਪੁੱਤਰੀ ਸ: ਜਸਵੰਤ ਸਿੰਘ ਫੀਰੋਜ਼ਪੁਰ ਕੈਂਟ ਨਾਲ ਹੋਣੀ ਨੀਯਤ ਹੋਈ ਸੀ ਸੋ ਅਸੀਂ ਸਾਰੇ ਖੁਸ਼ੀ-ਖੁਸ਼ੀ ਘਰ ਪੁੱਜੇ। ਵਿਆਹ ਖੂਬ ਧੂਮ-ਧਾਮ ਨਾਲ ਹੋਇਆ। ਦਿਲਜੀਤ ਸਿੰਘ ਕਾਫੀ ਗੀਤ ਕਵਿਤਾਵਾਂ-ਗਜ਼ਲਾਂ ਲਿਖ ਕੇ ਲਿਆਇਆ ਸੀ ਸਿਰਫ ਦੋ ਤਿੰਨ ਗਜ਼ਲਾਂ ਇਸ ਸੰਗ੍ਰਹਿ ਵਿਚ ਦੇ ਰਿਹਾ ਹਾਂ।

ਮੇਰੀ ਛੋਟੀ ਲੜਕੀ ਸਵਰਾਜ ਕੌਰ ਐਮ . ਏ. ਬੀ. ਐਡ. ਜੋ ਐਲ. ਐਲ. ਬੀ. ਕਰ ਰਹੀ ਹੈ ਨੇ ਵੀ ਕੁਛ ਕਵਿਤਾਵਾਂ ਲਿਖੀਆਂ ਹਨ ਬਹੁਤ ਸਾਰੇ ਕਾਲਜ ਫੰਕਸ਼ਨਾਂ ਵਿਚੋਂ ਪਹਿਲੇ ਇਨਾਮ ਸ਼ੀਲਡਾਂ ਜਿੱਤੀਆਂ ਹਨ। ਦੋ ਕਵਿਤਾਵਾਂ ਸਵਰਾਜ ਕੌਰ ਦੀਆਂ ਇਸ ਸੰਗ੍ਰਹਿ ਵਿਚ ਦਿੱਤੀਆਂ ਹਨ; ਆਜ਼ਾਦ ਹਿੰਦੁਸਤਾਨ ਹੈ ਦੀਆਂ ਤਿੰਨ ਝਾਕੀਆਂ ਗੁਰਬਤ; ਸਰਮਾਏਦਾਰੀ ਤੇ 'ਦਹੇਜ' ਸਵਰਾਜ ਕੌਰ ਨੇ ਲਿਖੀਆਂ ਹਨ। ਪਰ 'ਧਰਮਯੁੱਧ' ਤੇ ਬਿਲਿਊ ਸਟਾਰ ਉਪਰੇਸ਼ਨ' ਦੋ ਝਾਕੀਆਂ ਮੈਂ ਨਾਲ ਜੋੜੀਆਂ ਹਨ ਇਹਨਾਂ ਬਿਨਾਂ ਮੈਨੂੰ ਕਵਿਤਾ ਅਧੂਰੀ ਜਾਪਦੀ ਸੀ। ਬਾਹਰ ਰਹਿ ਕੇ ਮੈਂ ਵੀ ਕਾਫੀ ਪ੍ਰਸੰਗ ਢਾਡੀ ਵਾਰਾਂ ਤੇ ਗੀਤ ਕਵਿਤਾਵਾਂ ਲਿਖੀਆਂ ਹਨ। ਕੁਛ ਗੀਤ ਤੇ ਕਵਿਤਾਵਾਂ ਇਸ ਸੰਗ੍ਰਹਿ ਵਿਚ ਛਾਪ ਰਿਹਾ ਹਾਂ। ਪਾਠਕਾਂ ਦੀ ਉਮੰਗ ਨੂੰ ਮੁੱਖ ਰੱਖ ਕੇ ਬੜੀ ਛੇਤੀ ਢਾਡੀ ਪ੍ਰਸੰਗਾਂ ਦੀ ਪੁਸਤਕ 'ਦਿਲਬਰ ਸਾਕੇ' ਕੇ ਪਾਠਕਾਂ ਦੀ ਭੇਂਟ ਕਰਾਂਗਾ।

ਅਪਣੇ ਜਥੇ ਦੇ ਸਾਥੀ ਗਿ: ਕਰਮ ਸਿੰਘ ਪਾਬਲਾ ਲੰਗੜੋਆ, ਗਿ: ਕਿਸ਼ਨ ਸਿੰਘ ਮਹਿੰਦਪੁਰੀ ਤੇ ਗਿ: ਕੁਲਦੀਪ ਸਿੰਘ ਭੁੱਲੇਵਾਲ ਗੁੱਜਰਾਂ (ਹੁਸ਼ਿਆਰਪੁਰ) ਦਾ ਧੰਨਵਾਦੀ ਹਾਂ ਜਿਹਨਾਂ ਨੇ ਪੁਸਤਕ ਲਿਖਣ-ਛਾਪਣ ਦਾ ਉਤਸ਼ਾਹ ਦਿੱਤਾ ਹੈ। ਭਾਈ ਚਤਰ ਸਿੰਘ, ਜੀਵਨ ਸਿੰਘ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਇਸ ਪੁਸਤਕ ਨੂੰ ਛਾਪਣ ਦਾ ਉਪਰਾਲਾ ਕੀਤਾ ਹੈ, ਉਮੀਦ ਹੈ ਪਾਠਕ ਅੱਗੇ ਵਾਂਗ ਹੀ ਹੌਂਸਲਾ ਵਧੌਣਗੇ।

20 ਦਸੰਬਰ 1985 ਈ. ਗਿ: ਦਇਆ ਸਿੰਘ 'ਦਿਲਬਰ'

ਨਵਾਂ ਸ਼ਹਿਰ ਦੁਆਬਾ (ਜਲੰਧਰ)

# ਬਾਪ ਸ਼ਹੀਦਾਂ ਦਾ

ਜਾਮਾਂ ਲੀਰਾਂ ਪੈਰ ਝਰੀਟੇ, ਸੁੱਤਾ ਬਾਪ ਸ਼ਹੀਦਾਂ ਦਾ।
ਮੂੰਹ ਵਿਚ ਬਾਣੀ, ਦਿਲ, ਵਿਚ ਸ਼ੁਕਰਾਨਾ ।
ਦੱਸਦਾ ਹਾਲ ਮੁਰੀਦਾਂ ਦਾ ।
ਕੱਲ੍ਹ ਅਜੇ ਮਹਿਕ ਰਹੇ ਸੀ ਗੁੰਦੇ ਟਹਿਕ ਰਹੀ ਫੁੱਲਵਾੜੀ ਸੀ ।
ਅੱਜ ਬਹਾਰਾਂ ਉੱਡ ਪੁੱਡ ਗਈਆਂ । ਉੱਜੜੀ ਚੰਦਨ ਵਾੜੀ ਸੀ ।
ਭੱਠਾ ਮੁਗਲ ਰਾਜ ਦਾ ਬਹਿਣਾ ਲੱਗੂ ਪਾਪ ਸ਼ਹੀਦਾਂ ਦਾ ।
ਜਾਮਾਂ ਲੀਰਾਂ ਪੈਰ ਝਰੀਟੇ ਸੁੱਤਾ ਬਾਪ ਸ਼ਹੀਦਾਂ ਦਾ।
ਮੂੰਹ ਵਿਚ ਬਾਣੀ ਦਿਲ ਵਿਚ ਸ਼ੁਕਰਾਨਾ ।
ਦੱਸਦਾ ਹਾਲ ਮੁਰੀਦਾਂ ਦਾ ।
ਜਦੋਂ 'ਅਜੀਤ' ਨੇ ਬਰਛਾ ਫੜਿਆ ਟੁੱਟੇ ਮਾਣ ਜਵਾਨਾਂ ਦੇ ।
ਜਦੋਂ ਜੁਝਾਰ ਨੂੰ- ਬਰਛਾ ਵੱਜਾ, ਹੋਏ ਖ਼ੂਨ ਅਰਮਾਨਾਂ ਦੇ ।
ਧਰਤੀ ਜੁੱਗਾਂ ਤੱਕ ਨਾ ਭੁੱਲੂ, ਇਹ ਸੰਤਾਪ ਸ਼ਹੀਦਾਂ ਦਾ ।
ਜਾਮਾਂ ਲੀਰਾਂ ਪੈਰ ਝਰੀਟੇ ਸੁੱਤਾ....
ਤੇਸੀ ਦੇ ਨਾਲ ਗਿੱਟੇ ਛਾਂਗੇ ਜਦੋਂ ਕਟੋਰ ਜਲਾਦਾਂ ਨੇ ।
ਜ਼ੋਰਾਵਰ ਕਿਹਾ- ਹੋਈਆਂ ਪੱਕੀਆਂ ਧਰਮ ਦੀਆਂ ਬੁਨਿਆਦਾਂ ਨੇ ।
ਇੱਟ ਨਾਲ ਖੜਕੂ ਇੱਟ ਸਰਹੰਦ ਦੀ ਇਹ ਸਰਾਪ ਸ਼ਹੀਦਾਂ ਦਾ
ਜਾਮਾਂ ਲੀਰਾਂ ਪੈਰ ਝਰੀਟੇ ਸੁੱਤਾ ਬਾਪ ਸ਼ਹੀਦਾਂ ਦਾ ।
ਅਰਥੀ 'ਟੋਡਰ ਮੱਲ' ਜਾ ਚੁੱਕੀ ਚੰਨ ਜਿਹੇ ਬਾਲ ਮਾਸੂਮਾਂ ਦੀ ।
ਜਦ ਸਰਹਿੰਦ ਰਿਖਾ ਵਿਚ ਰੱਖੀ ਦਾਦੀ ਨਾਲ ਮਾਸੂਮਾਂ ਦੀ ।
ਤਾਰੇ ਵੇਖ ਅੰਬਰ ਦੇ ਰੋਏ ਕਰਦੇ ਜਾਪ ਸ਼ਹੀਦਾਂ ਦਾ ।
ਜਾਮਾਂ ਲੀਰਾਂ ਪੈਰ ਝਰੀਟੇ....
ਧੰਨ ਓਹ ਜੰਗਲ ਜਿੱਥੇ ਸੁੱਤਾ ਸਾਡਾ 'ਦਿਲਬਰ' ਪਿਆਰਾ ਏ ।
ਸਾਡਾ ਓਹ ਕੋਹਤੂਰ ਤੇ ਮੱਕਾ ਸਾਡਾ ਤਖ਼ਤ ਹਜ਼ਾਰਾ ਏ ।
ਰਹਿੰਦੀ ਦੁਨੀਆਂ ਤੱਕ ਜੱਗ ਕਰ ਸੀ ।
ਵਾਰਤਾਲਾਪ ਸ਼ਹੀਦਾਂ ਦਾ ਜਾਮਾਂ ਲੀਰਾਂ ਪੈਰ ਝਰੀਟੇ ।
ਸੁੱਤਾ ਬਾਪ ਸ਼ਹੀਦਾਂ ਦਾ ।
ਮੂੰਹ ਵਿਚ ਬਾਣੀ ਦਿਲ ਸ਼ੁਕਰਾਨਾਂ ।
ਦੱਸਦਾ ਹਾਲ ਮੁਰੀਦਾਂ ਦਾ ।

# ਕਾਜ਼ੀ ਤੇ ਮਤੀਦਾਸ

## (ਸਵਾਲ ਜਵਾਬ)

ਤਰਜ਼-ਜੱਗਾ....

ਕਾਜ਼ੀ- ਕਰਾਮਾਤ ਦੇ ਡਰਾਵੇ ਦੇਵੇਂ,
ਤੇਰੇ ਵਿਚ ਮੈਨੂੰ ਜਾਪਦਾ ਗਰੂਰ ਹੈ; ਗਰੂਰ ਹੈ ।
ਮੰਜ਼ਲ ਫਕੀਰਾਂ ਵਾਲੜੀ ਬੜੀ ਦੂਰ ਹੈ ।

ਮਤੀਦਾਸ- ਜਿਨ੍ਹਾਂ ਓਟ ਗੁਰੂ ਨਾਨਕ ਦੀ ਤੱਕ ਲਈ,
ਲੱਭ ਲੈਂਦੇ ਸਭੇ ਮੰਜਲਾਂ ਕਾਜ਼ੀਆਂ, ਕਾਜ਼ੀਆਂ ।
ਚੜ੍ਹਿਆਂ ਸਰੂਰ ਸਿੱਖੀ ਦਾ,ਨਹੀਂ ਲਹਿਣਾ ਪਾਜ਼ੀਆ ।

ਕਾਜ਼ੀ- ਦੱਸ ਦਿੱਲੀ 'ਤੇ ਲਾਹੌਰ ਟਕਰਾਕੇ,
ਵੇਖ ਲਈਏ ਮੁਆਜਜ਼ਾ ਤੇਰਾ । ਸਾਰਾ, ਸਾਰਾ ।
ਨਹੀਂ ਤਾਂ ਤੈਨੂੰ ਚੀਰ ਦਿਆਂਗੇ ਰੱਖ ਆਰਾ ।

ਮਤੀਦਾਸ- ਮੇਰਾ ਗੁਰੂ ਜੇ ਆਗਿਆ ਦੇਵੇ
ਗੱਲ ਮੂੰਹੋਂ ਆਖਾਂ ਡਰ ਕੇ,
ਡਰ ਕੇ-ਦਿੱਲੀ ਤੇ ਲਹੌਰ ਨੂੰ ਦੱਸਾਂ ਗਰਕ ਕਰਕੇ ।

ਕਾਜ਼ੀ- ਪੜ੍ਹ ਕਲਮਾਂ ਬਚਾ ਲੈ ਜ਼ਿੰਦ ਆਪਣੀ ।
ਨਹੀਂ ਤੇ ਭਾਰੀ ਦੁੱਖ ਸੀਸ ਤੇ ਜਰੇਂਗਾ, ਜਰੇਂਗਾ ।
ਆਰੇ ਥੱਲੇ ਕੁੱਸ-ਕੁੱਸ ਕੇ ਸਿੱਖਾ ਮਰੇਂਗਾ ।

ਮਤੀਦਾਸ- ਮੈਨੂੰ ਜਾਨ ਤੋਂ ਸਿੱਖੀ ਹੈ ਪਿਆਰੀ,
'ਦਿਲਬਰ' ਗੁਰਾਂ ਦਾ ਦਾਸ ਹੈ ।
ਦਾਸ ਹੈ-ਗੁਰੂ ਲੇਖੇ ਜ਼ਿੰਦ ਲੱਗ ਜੇ ਅਰਦਾਸ ਹੈ ।

✡

# ਸ਼ਹੀਦਾਂ

ਦੋ ਫੱਟਿਆਂ ਵਿਚ ਜਕੜ ਕੇ ਸਿੱਖ ਨੂੰ ਲਿਆ ਬਿਠਾ।
ਆਰਾ ਸਿਰ 'ਤੇ ਰੱਖਿਆ ਹੁਕਮ ਜਲਾਦਾਂ ਪਾ।
ਸਿੱਖ ਨੇ ਜੁਪਜੀ ਸਾਹਿਬ ਨੂੰ ਹਿਰਦੇ ਲਿਆ ਵਸਾ।
ਗੁਰ ਚਰਣਾਂ ਵਿਚ ਆਪਣੀ ਦਿੱਤੀ ਸੁਰਤ ਟਿਕਾ।
ਆਰਾ ਚਲਦਾ ਵੇਖਕੇ, ਕਈ ਡਿੱਗੇ ਗਸ਼ ਖਾ।
ਮੂੰਹ ਵਿਚ ਉਂਗਲਾਂ ਪਾਂਵਦੇ ਤੱਕ ਰਹੇ ਕੁਰਲਾ।

ਲਹੂ ਵਿਚ ਚੋਲਾ ਰੰਗਿਆ ਇਸ਼ਕ ਨੂੰ ਚੜ੍ਹਿਆ ਚਾ।
ਭੈ ਕਾਹੂ ਕੋ ਦੇਤ ਨਹਿ ਸਤਿਗੁਰ ਰਹੇ ਸਮਝਾ।
ਸ਼ਮ੍ਹਾਂ ਪਤੰਗੇ ਵਾਂਗਰਾਂ ਦਿੱਤਾ ਸਿਦਕ ਨਿਭਾ।
'ਦਿਲਬਰ' ਹੋਇਆ ਸੁਰਖਰੂ ਅੰਤ ਸ਼ਹੀਦੀ ਪਾ।

# ਹਿੰਦ ਬਚਾਈ

ਜਦ ਜ਼ਾਲਮ ਨੌਵੇਂ ਗੁਰਾਂ 'ਤੇ ਤਲਵਾਰ ਚਲਾਈ।
ਓਥੇ ਧਰਤੀ ਅੰਬਰ ਡੋਲਿਆ, ਕੰਬ ਗਈ ਲੁਕਾਈ।
ਓਦੋਂ ਮੱਚੀ ਹਾਹਾਕਾਰ ਸੀ, ਜਨਤਾ ਕੁਰਲਾਈ।
ਸਭ ਆਖਣ ਹੋਣੀ ਗਰਕ ਹੈ ਮੁਗਲਾਂ ਦੀ ਸ਼ਾਹੀ।
ਓਥੇ ਜੈਤੇ ਕੀਤਾ ਹੌਂਸਲਾ ਹਿੰਮਤ ਦਿਖਲਾਈ।
ਉਹ ਸੀਸ ਉਠਾ ਕੇ ਲੈ ਗਿਆ ਕਰ ਸੂਰਮ ਤਾਈ।
ਓਦੋਂ ਦੇਵਤਿਆਂ ਨੇ ਅਰਸ਼ ਤੇ ਜੈਕਾਰ ਬੁਲਾਈ।
ਸਿਰ ਦੇ ਕੇ ਗੁਰ ਨੇ 'ਦਿਲਬਰਾ' ਹੈ ਹਿੰਦ ਬਚਾਈ।

(ਰੀਕਾਰਡ ਇੰਗਲੈਂਡ)

# ਸਾਹਿਬਜ਼ਾਦੇ ਤੇ ਸੂਬਾ

## (ਸਵਾਲ ਜਵਾਬ)

### ਤਰਜ਼-ਮਾਏ ਨੀ ਮਾਏ ਮੇਰੇ ਦਿਲਾਂ ਦੇ ਮਹਿਰਮੇ....

ਸੂਬਾ- ਆਖਦਾ ਏ ਸੂਬਾ ।
ਗੱਲ ਸੁਣੋ ਸਾਹਿਬਜ਼ਾਦਿਓ ਸੱਚੀ ਗੱਲ ਦੇਵਾਂ ਮੈਂ ਸੁਣਾ ।
ਓਇ ਬੱਚਿਓ ਮੰਨ ਲਓ ਰਸੂਲ ਤੇ ਖੁਦਾ ।
ਸਾਹਿਬਜ਼ਾਦੇ- ਜ਼ੋਰਾਵਰ ਫਤਿਹ ਸਿੰਘ ।
ਸਾਹਿਬਜ਼ਾਦੇ ਕਹਿਣ ਲੱਗੇ । ਗੱਜ-ਵੱਜ ਫਤਿਹ ਨੂੰ ਬੁਲਾ ।
ਓ ਸੂਬਿਆ ਸਾਨੂੰ ਕੁਰਬਾਨੀਆਂ ਦਾ ਚਾਅ ।
ਸੂਬਾ- ਪੜ੍ਹ ਲਵੋ ਕਲਮਾਂ, ਤੇ ਦੀਨ ਨੂੰ ਕਬੂਲ ਕਰੋ,
ਐਸ਼ ਲਵੋ ਰੱਜ ਕੇ ਉਡਾ । ਓਇ ਬੱਚਿਓ ਮੰਨ ਲਓ....
ਸਾਹਿਬਜ਼ਾਦੇ- ਸਿੱਖੀ ਲਈ ਜੰਮੇ ਅਸਾਂ ਸਿੱਖੀ ਲਈ ਸ਼ਹੀਦ ਹੋਣਾ ।
ਹੋਰ ਨਹੀਂ ਕਿਸੇ ਦੀ ਪ੍ਰਵਾਹ ਓ ਸੂਬਿਆ ਸਾਨੂੰ ਕੁਰਬਾਨੀ....
ਸੂਬਾ- ਬਾਪ ਤੁਹਾਡਾ ਬੰਨ੍ਹ ਲਿਆ ਸਿੰਘ ਸਾਰੇ ਮਾਰ ਦਿੱਤੇ ।
ਦਿੱਤਾ ਹੈ ਅਨੰਦਪੁਰ ਢਾਹ । ਓ ਬੱਚਿਓ....
ਸਾਹਿਬਜ਼ਾਦੇ- ਬਾਪ ਸਾਡੇ ਤਾਈਂ, ਫੜ ਸਕਦਾ ਨਹੀਂ ਕੋਈ ਯੋਧਾ,
ਝੂਠੀਆਂ ਗੱਲਾਂ ਨਾ ਬਣਾ । ਓਇ ਸੂਬਿਆ ਸਾਨੂੰ....
ਸੂਬਾ- ਤਾਜ਼ ਤੇ ਤਖ਼ਤ ਲਵੋ-
ਦਿਆਂਗਾ ਨਵਾਬੀਆਂ ਨੂੰ ।
ਬੇਗਮਾਂ ਦੇ ਡੋਲੇ ਲਓ ਵਿਆਹ ।
ਓਇ ਬੱਚਿਓ ਮੰਨ ਲਓ....
ਸਾਹਿਬਜ਼ਾਦੇ- ਰਾਜ ਤੇ ਹਕੂਮਤਾਂ ਨੂੰ,
ਜੁੱਤੀ ਉਤੋਂ ਵਾਰ ਦੇਈਏ ।
ਸਿਰ ਨਾਲ ਸਿੱਖੀ ਨੂੰ ਨਿਭਾ, ਓ ਸੂਬਿਆ....
ਸੂਬਾ- ਚਰਖੜੀ 'ਤੇ ਚਾੜ੍ਹ ਦੇਵਾਂ, ਆਰੇ ਨਾਲ ਚੀਰ ਦੇਵਾਂ ।
ਬੰਦ-ਬੰਦ ਦੇਵਾਂਗਾ ਕਟਾ, ਓਇ ਬੱਚਿਓ ਮੰਨ ਲਓ....
ਸਾਹਿਬਜ਼ਾਦੇ- ਪੁੱਤ ਦਸਮੇਸ਼ ਦੇ ਹਾਂ, ਮੌਤ ਦਾ ਨਹੀਂ ਡਰ ਸਾਨੂੰ,
ਧਮਕੀਆਂ ਦੇ ਕੇ ਤੂੰ ਡਰਾ । ਓਇ ਸੂਬਿਆ ਸਾਨੂੰ...
ਸੂਬਾ- ਫੇਰ ਪਛਤਾਓਗੇ, ਨਹੀਂ ਕਿਸੇ ਨੇ ਛਡੌਣਾ ਆ ਕੇ,

ਸੂਲੀ ਉਤੇ ਦਿਆਂਗਾ ਚੜ੍ਹਾ । ਓਇ ਬੱਚਿਓ ਮੰਨ ਲਓ....
ਸਾਹਿਬਜ਼ਾਦੇ- ਧਰਮੀਆਂ ਦਾ ਜੱਸ ।
ਲੋਕ ਗਾਉਂਦੇ ਨੇ ਜਹਾਨ ਵਿਚ,
ਵਾਰਾਂ ਦੇਊ 'ਦਿਲਬਰ' ਬਣਾ।
ਓ ਸੂਬਿਆ ਸਾਨੂੰ ਕੁਰਬਾਨੀ....
ਆਖਦਾ ਏ ਸੂਬਾ ਗੱਲ ਸੁਣੋ ਸਾਹਿਬਜ਼ਾਦਿਓ ।
ਸੱਚੀ ਗੱਲ ਦੇਵਾਂ ਮੈਂ ਸੁਣਾ ਓ ਬੱਚਿਓ...
ਹੋਇ ਕੇ ਨਿੱਡਰ ਅਗੋਂ ਸਾਹਿਬਜ਼ਾਦੇ ਕਹਿਣ ਲੱਗੇ ।
ਗੱਜ-ਵੱਜ ਫਤਿਹ ਨੂੰ ਬੁਲਾ ਓ ਸੂਬਿਆ....

## ਹਨੇਰ ਪੈ ਗਿਆ

ਬਾਜਾਂ ਵਾਲੇ ਨੂੰ ਖੰਜਰ ਕਿਸੇ ਮਾਰਿਆ,
ਤੇ ਜੱਗ 'ਤੇ ਹਨੇਰ ਪੈ ਗਿਆ ।
ਸਿੱਖ ਕੌਮ ਦਾ ਨਸੀਬ ਅੱਜ ਹਾਰਿਆ,
ਤੇ ਜੱਗ 'ਤੇ ਹਨੇਰ ਪੈ ਗਿਆ ।
ਖੇਮੇ 'ਚ ਹਜ਼ੂਰ ਲੇਟੇ ਕਰਦੇ ਅਰਾਮ ਸੀ,
ਆਏ ਦੋ ਪਠਾਣ ਮਨ ਜਿਹਨਾਂ ਦੇ ਹਰਾਮ ਸੀ,
ਪਾਪੀ ਗੁੱਲ ਖਾਂ ਨੇ ਕਹਿਰ ਗੁਜ਼ਾਰਿਆ ।
ਤੇ ਜੱਗ ਤੇ ਹਨੇਰ ਪੈ ਗਿਆ....
ਬਰਮਾ ਤੇ ਵਿਸ਼ਨੂੰ ਦੀ ਹੋਸ਼ ਚਕਰਾ ਗਈ ।
ਸ਼ਰਮ ਨਾਲ ਮੌਤ ਵੀ,
ਕੰਬਣੀ ਜਿਹੀ ਆ ਗਈ ।
ਗਿਆ ਰੱਬ ਤੋਂ ਵੀ ਗਿਆਨ ਨਾ ਸਹਾਰਿਆ,
ਤੇ ਜੱਗ 'ਤੇ....
ਖ਼ੂਨ ਵਿਚ ਲੱਥ-ਪੱਥ ਹੋ ਗਈ ਸਰਕਾਰ ਸੀ ।
ਹਾਏ ਰੱਬਾ ਵਰਤਿਆ ਕੀ ਭਾਣਾ ਕਰਤਾਰ ਸੀ ।
ਸੀਨਾ ਭੁੱਜਦਾ ਵਜ਼ੀਰ ਖਾਂ ਨੇ ਠਾਰਿਆ,
ਤੇ ਜੱਗ ਤੇ ਹਨੇਰ....
ਫੁਰਤੀ ਦੇ ਨਾਲ ਲੱਗਾ,
ਹੱਸਣ ਪਠਾਣ ਸੀ ।
ਖਿੱਚ ਕੇ ਮਿਆਨੋਂ,

ਗੁਰਾਂ ਮਾਰੀ ਕਿਰਪਾਨ ਸੀ ।
ਦੂਜਾ ਖਾਲਸੇ ਨੇ ਪਾਰ ਜਾ ਉਤਾਰਿਆ ।
ਤੇ ਜੱਗ 'ਤੇ ਹਨੇਰ ਪੈ ਗਿਆ....
ਧੰਨ ਦਸਮੇਸ਼ ਤੇਰੇ,
ਕੌਤਕ ਅਪਾਰ ਨੇ ।
ਸਮਝਿਆ ਨਾ ਤੈਨੂੰ,
ਡੁੱਬ ਜਾਣੇ ਸੰਸਾਰ ਨੇ ।
ਤੈਨੂੰ 'ਦਿਲਬਰਾ' ਨੇ ਸਦਾ ਨਿਮਸ਼ਕਾਰਿਆ,
ਤੇ ਜੱਗ 'ਤੇ ਹਨੇਰ....
ਬਾਜਾਂ ਵਾਲੇ ਨੂੰ ਖੰਜਰ ਕਿਸੇ ਮਾਰਿਆ,
ਤੇ ਜੱਗ 'ਤੇ ਹਨੇਰ ਪੈ ਗਿਆ ।
ਸਿੱਖ ਕੌਮ ਦਾ ਨਸੀਬ ਅੱਜ ਹਾਰਿਆ,
ਤੇ ਜੱਗ 'ਤੇ ਹਨੇਰ ਪੈ ਗਿਆ ।

✡

# ਤੇਰੇ ਖਾਲਸੇ

ਤੇਗ ਵਿਚੋਂ ਪੈਦਾ ਹੋਇਆ ਗਾਤਰੇ 'ਚ ਤੇਗ ਰੱਖੇ।
ਬਾਟੇ ਵਿਚ ਰਗੜ ਪੀਤਾ ਖੰਡਾ ਤੇਰੇ ਖਾਲਸੇ।
ਹੱਥਾਂ ਵਿਚ ਸੇਵਾ, ਇਹਦੇ ਪੈਰਾਂ 'ਚ ਨਵਾਬੀਆਂ ਨੇ।
ਕੇਸਰੀ ਝੁਲਾਇਆ ਉੱਚਾ, ਝੰਡਾ ਤੇਰੇ ਖਾਲਸੇ।
ਦਿਲ ਵਿਚ ਪਿਆਰ ਇਹਦੇ ਨੈਣਾਂ 'ਚ ਅਕਾਲ ਵੱਸੇ।
ਜ਼ਾਲਮਾਂ ਦਾ ਕੱਢ ਦਿੱਤਾ ਕੰਡਾ ਤੇਰੇ ਖਾਲਸੇ।
ਭਾਂਬੜ ਜ਼ੁਲਮ ਵਾਲਾ ਮੱਚਦਾ ਸੀ ਦਿਲਬਰ' ਜੀ।
ਦੇ ਕੇ ਕੁਰਬਾਨੀ ਕੀਤਾ, ਠੰਢਾ ਤੇਰੇ ਖਾਲਸੇ।

✡

# ਜਾਗਣਗੇ ਬਲਵਾਨ

ਅਜੇ ਕੱਲ੍ਹ ਦੀ ਗੱਲ ਪੰਜਾਬ 'ਤੇ ਸਾਡਾ ਆਪਣਾ ਸੀਗਾ ਰਾਜ ।
ਸੀ ਕਾਬਲ ਤੀਕਰ ਗੂੰਜਦੀ ਸਾਡੇ ਧੌਂਸੇ ਦੀ ਆਵਾਜ਼ ।
ਅਸੀਂ ਮਾਲਕ ਸਾਂ ਪੰਜਾਬ ਦੇ, ਸਾਡੇ ਸਿਰ ਸ਼ਾਹੀ ਤਾਜ ।

ਸਾਡੇ ਆਪਣੇ ਹੀ ਜਰਨੈਲ ਸੀ, ਸਾਡਾ ਆਪਣਾ ਸੀ ਮਹਾਰਾਜ ।
ਏਥੇ ਨਲਵੇ ਜਿਹੇ ਸੀ ਸੂਰਮੇ, ਜੀਹਤੋਂ ਦੁਸ਼ਮਣ ਖਾਂਦੇ ਭਾਜ ।
ਏਥੇ ਦੁੱਧ ਦੀਆਂ ਨਦੀਆਂ ਵਹਿੰਦੀਆਂ, ਏਥੇ ਵਾਧੂ ਹੋਣ ਅਨਾਜ਼ ।
ਸਾਡਾ ਬਾਦਸ਼ਾਹ ਸੀ ਰਣਜੀਤ ਸਿੰਘ ਜੀਹਨੂੰ ਕਹਿੰਦੇ ਸੀ ਸਰਕਾਰ ।
ਜੀਹਦੇ ਹੱਥ ਵਿਚ ਕਲਮ ਸੀ ਅਕਲ ਦੀ ਜੀਹਦੇ ਗਾਤਰ ਵਿਚ ਤਲਵਾਰ ।
ਜੀਹਦੇ ਸਿਰ 'ਤੇ ਕਲਗੀ ਸ਼ੋਭਦੀ, ਜੀਹਦੀ ਅਣਖਾਂ ਭਰੀ ਨੁਹਾਰ ।
ਜੀਹਦੇ ਡੌਲੇ 'ਤੇ ਕੋਹਿਨੂਰ ਸੀ ਜੀਹਦੀ ਰੋਹਬ ਭਰੀ ਦਸਤਾਰ ।
ਉਹ ਆਸ਼ਕ ਸੀ ਸੁਖਮਨੀ ਦਾ ਉਹਨੂੰ ਯਾਦ ਚੰਡੀ ਦੀ ਵਾਰ ।
ਉਹਦੇ ਹਿਰਦੇ ਵਿਚ ਸੀ ਵੱਸਦਾ, ਗੁਰ ਸਤਿਗੁਰ ਕਲਗੀਧਾਰ ।
ਸੀ ਇੰਦਰ ਨੂੰ ਸ਼ਰਮਾਣ ਦੇ, ਸਾਡੇ ਬਾਦਸ਼ਾਹੀ ਦਰਬਾਰ ।
ਸਾਡਾ ਨਾ ਸੁਣ ਕਾਬਲ ਕੰਬਦਾ ਤੇ ਥਰ-ਥਰ ਕਰੇ ਕੰਧਾਰ ।
ਏਥੇ ਖਲਕਤ ਵਸਦੀ ਸੁਖੀ ਸੀ ਸਭ ਮੌਜਾਂ ਵਿਚ ਨਰ-ਨਾਰ ।
ਸੀ ਹਾਕਮ ਸੇਵਕ ਦੇਸ਼ ਦੇ ਅਤੇ ਦਿਲ ਵਿਚ ਦੇਸ਼ ਪਿਆਰ ।
ਸਾਡੀ ਚਰਚਾ ਸੀ ਵਿਚ ਜੱਗ ਦੇ ਸਾਨੂੰ ਜਾਣੇ ਕੁੱਲ ਜਹਾਨ ।
ਸਾਡੇ ਨਾਹਰੇ ਸੁਣ ਕੇ ਗੂੰਜ਼ਦੇ, ਸੀ ਧਰਤੀ ਤੇ ਅਸਮਾਨ ।
ਏਥੇ ਕੇਸਰੀ ਰੰਗ ਦੇ ਝੂਲਦੇ ਹੈਸੀ ਅੰਬਰਾਂ ਵਿਚ ਨਿਸ਼ਾਨ ।
ਸਾਨੂੰ ਤੋਹਫੇ ਭੇਟ ਚੜ੍ਹਾਂਵਦੇ ਸਨ ਗੱਜਨੀ ਤੇ ਈਰਾਨ ।
ਮੁਟਿਆਰਾਂ ਸੀ ਅਣਖੀਲੀਆਂ, ਏਥੇ ਛੇ-ਛੇ ਜਵਾਨ ।
ਸਾਡੀ ਸੂਰਜ ਵਾਂਗੂੰ ਚਮਕਦੀ, ਸੀ ਜੱਗ ਵਿਚ ਉੱਚੀ ਸ਼ਾਨ ।
ਜਦ ਔਂਦੀਆਂ ਯਾਦ ਕਹਾਣੀਆਂ, ਅੰਗੜਾਈ ਲਏ ਸਵੈਮਾਨ ।
ਅਸੀਂ ਸਤਿਲੁਜ ਕੰਢੇ ਲੁੱਟੇ ਗਏ, ਸਾਡੇ ਦਿਲ ਵਿਚ ਰਹੇ ਅਰਮਾਨ ।
ਅੱਜ ਨਾ ਉਹ ਰਿਹਾ ਪੰਜਾਬ ਹੈ,ਨਾ ਉਹ ਅਣਖ ਤੇ ਆਣ ।
ਅੱਜ ਨਾ ਉਹ ਤਾਜ ਤੇ ਤ਼ਖ਼ਤ ਹੈ ਨਾ ਉਹ ਚੜ੍ਹਤ ਮਹਾਨ ।
ਅੱਜ ਨਾ ਉਹ ਤੋਪਾਂ ਕਿਲ੍ਹੇ ਨੇ, ਨਾ ਉਹੀ ਰਹੀ ਕਿਰਪਾਨ ।
ਨਾ ਨਲਵੇ ਜਿਹੇ ਸੂਰਮੇ ਜੋ ਜਿੱਤ ਲੈਣ ਮੈਦਾਨ ।
ਅੱਜ ਗੈਰਾਂ ਕਬਜ਼ੇ ਆ ਗਿਆ ਸਾਡੇ ਗੁਰਾਂ ਦਾ ਜਨਮ ਅਸਥਾਨ ।
ਕਦੇ ਵੇਲਾ ਆਊ 'ਦਿਲਬਰ' ਫਿਰ ਜਾਗਣ ਗੇ ਬਲਵਾਨ ।

✡

# ਮਾਤਾ ਸੁਲੱਖਣੀ

## ਤਰਜ਼-ਤੈਨੂੰ ਕ੍ਰਿਸ਼ਨ ਕਿਸੇ ਨਹੀਂ ਕਹਿਣਾ.....

ਝੋਲੀ ਅੱਡ ਕੇ ਮੈਂ ਸੀਸ ਨਿਵਾਵਾਂ ।
ਤੂੰ ਖੈਰ ਪਾ ਦੇ ਬਾਜਾਂ ਵਾਲਿਆ ।
ਏਥੇ ਮਿਲਦੀਆਂ ਨਿਥਾਵਿਆਂ ਨੂੰ ਥਾਵਾਂ ।
ਤੂੰ ਖੈਰ ਪਾਦੇ ਬਾਜਾਂ ਵਾਲਿਆ ।

ਅਰਜ਼ਾ ਕਰੇ ਸੁਲੱਖਣੀ ਮਾਈ ।
ਤੇਰੀ ਸੁਣ-ਸੁਣ ਕੇ ਵਡਿਆਈ ।
ਦਾਤਾ ਦਰ ਤੇਰੇ 'ਤੇ ਆਈ ।
ਤਰਲੇ ਪਾਵਾਂ ।
ਤੂੰ ਖੈਰ ਪਾ ਦੇ ਬਾਜਾਂ ਵਾਲਿਆ ।

ਤੂੰ ਹੈ ਜੱਗ ਸਾਰੇ ਦਾ ਵਾਲੀ ।
ਤੇਰੇ ਦਰ 'ਤੇ ਖੜ੍ਹੀ ਸਵਾਲੀ ।
ਪਾਉ ਭਿਛਿਆ ਨਾ ਮੋੜੋ ਖਾਲੀ ।
ਅਰਜ਼ ਸੁਣਾਵਾਂ ।
ਤੂੰ ਖੈਰ ਪਾ ਦੇ ਬਾਜਾਂ ਵਾਲਿਆ ।
ਨਹੀਂ ਕੋਈ ਦਿਸਦਾ ਅੱਖ ਦਾ ਤਾਰਾ ।
ਆ ਕੇ ਦੇਵੇ ਕੌਣ ਸਹਾਰਾ ।
ਬਾਝੋਂ ਪੁੱਤਰਾਂ ਨਹੀਂ ਗੁਜਾਰਾ ।
ਰੋਂਦੀਆਂ ਮਾਵਾਂ ।
ਤੂੰ ਖੈਰ ਪਾ ਦੇ ਬਾਜਾਂ ਵਾਲਿਆ ।

ਜਦੋਂ ਗੁਆਂਢੀ ਔਂਤਰੀ ਕਹਿੰਦੇ,
ਮੇਰੇ ਦਿਲ ਨੂੰ ਡੋਬੂ ਪੈਂਦੇ ।
ਹੰਝੂ ਅੱਖੀਆਂ ਵਿਚੋਂ ਵਹਿੰਦੇ ।
ਮਰਦੀ ਜਾਵਾਂ ।
ਤੂੰ ਖੈਰ ਪਾ ਦੇ.....

ਤੂੰ ਹੈਂ ਅਰਸ਼ ਕੁਰਸ਼ ਦਾ ਦਾਨੀ,
ਬਾਝੋਂ ਪੁੱਤ ਦੇ ਹੋਈ ਵੀਰਾਨੀ ।
ਧੌਲੇ ਆ ਗਏ ਢਲੀ ਜੀਵਾਨੀ ।

ਨੀਰ ਵਗਾਵਾਂ ।
ਤੂੰ ਖੈਰ ਪਾ ਦੇ ਬਾਜਾਂ ਵਾਲਿਆ ।

ਸੁਞੀ ਗੋਦ ਜਦੋਂ ਮੈਂ ਤਕਾਂ ।
ਹੰਝੂ ਵਗਦੇ ਰੋਕ ਨਾ ਸਕਾਂ ।
ਪੁੱਤਰ ਮੰਗਦੀ ਵੀ ਹੁਣ ਝਕਾਂ ।
ਕਿਧਰ ਜਾਵਾਂ ।
ਤੂੰ ਖੈਰ ਪਾ ਦੇ ਬਾਜਾਂ ਵਾਲਿਆ ।

ਲਾਟਾਂ ਵਾਲੀ ਗੁੱਗਾ ਪੀਰ ।
ਹਨੂੰਮਾਨ ਤੇ ਭੈਰੋਂ ਬੀਰ ।
ਕੋਈ ਨਹੀਂ ਛੱਡਿਆ ਪੀਰ ਫਕੀਰ ।
ਮੈਂ ਕਿਹਨੂੰ ਮਨਾਵਾਂ ।
ਤੂੰ ਖੈਰ ਪਾਦੇ.......

'ਦਿਲਬਰ' ਰੱਖ ਲਉ ਲਾਜ ਗੋਪਾਲ ।
ਮੇਰੇ ਸਤਿਗੁਰ ਦੀਨ ਦਿਆਲ ।
ਬਖਸ਼ੋ ਚੰਨ ਵਰਗਾ ਇਕ ਲਾਲ ।
ਮੈਂ ਸਦਕੇ ਜਾਵਾਂ ।
ਤੂੰ ਖੈਰ ਪਾ ਦੇ.......

ਝੋਲੀ ਅੱਡ ਕੇ ਮੈਂ ਸੀਸ ਨਿਵਾਵਾਂ ।
ਤੂੰ ਖੈਰ ਪਾ ਦੇ ਬਾਜਾਂ ਵਾਲਿਆ ।
ਏਥੇ ਮਿਲਦੀਆਂ ਨਿਥਾਵਿਆਂ ਨੂੰ ਥਾਵਾਂ ।
ਤੂੰ.... .....

✲

## ਗੁਰਬਾਣੀ

ਤਰਜ਼-ਮੇਰਾ ਲੱਖਾਂ ਦਾ ਸਾਵਣ ਜਾਂਦਾ

ਇਹ ਬਾਣੀ ਹੈ ਸੱਚ ਖੰਡ ਦੀ।
ਇਹ ਖੁਸ਼ੀਆਂ ਤੇ ਸੁੱਖ ਵੰਡਦੀ।
ਇਹ ਧੁਰ ਅਰਸ਼ਾਂ ਤੋਂ ਆਈ।
ਮੇਰੇ ਸਤਿਗੁਰ ਨਾਨਕ ਦੇਵ ਨੇ।

ਕਲਜੁਗ ਵਿਚ ਜੋਤ ਜਗਾਈ ।

ਇਹ ਚਾਨਣ ਹੈ।
ਇਹ ਜੋਤੀ ਹੈ।
ਸੱਚੇ ਕਰਤਾਰ ਦੀ ।
ਪਾਪੀਆਂ ਦੇ,
ਰਾਖਸ਼ਾਂ ਦੇ,
ਇਹ ਬੇੜੇ ਤਾਰਦੀ ।
ਇਹ ਮੁਕਤੀ ਦਾ ਭੰਡਾਰ ਹੈ ।
ਇਹ ਆਪ ਗੁਰੂ ਸਾਕਾਰ ਹੈ ।
ਇਹ ਚਾਰ ਪਦਾਰਥ ਦੇਵੇ ।
ਤਿਨ ਸਗਲੀ ਚਿੱਤ ਮਿਟਾਈ ।
ਮੇਰੇ ਸਤਿਗੁਰ ਨਾਨਕ ਦੇਵ ਨੇ...

ਇਹ ਲੱਛਮੀ ਹੈ,
ਸੁਰੱਸਤੀ ਹੈ,
ਇਹ ਦੇਵੀ ਪਿਆਰ ਦੀ ।
ਇਹ ਚੰਡੀ ਹੈ,
ਭਵਾਨੀ ਹੈ,
ਇਹ ਦੁਸ਼ਟਾਂ ਮਾਰਦੀ ।
ਇਹ ਰੀਠੇ ਸ਼ਹਿਦ ਬਣਾ ਦੇਵੇ ।
ਪੱਥਰਾਂ ਵਿਚ ਪੰਜਾਂ ਲਾ ਦੇਵੇ ।
ਇਹ ਤਪੇ ਕੜਾਹੇ ਠਾਰੇ ।
ਇਹ ਸ਼ਕਤੀ ਕੋਈ ਇਲਾਹੀ ।
ਮੇਰੇ ਸਤਿਗੁਰ ਨਾਨਕ ਦੇਵ.....
ਇਹ ਬਾਣੀ ਹੈ....

ਇਹ ਸੁੰਦਰਤਾ,
ਇਹ ਮਹਿਕ ਨਿਰੀ,
ਇਹ ਰੱਬੀ ਨੂਰ ਹੈ ।
ਇਹ ਪਾਰਸ ਹੈ,
ਇਹ ਅੰਮ੍ਰਿਤ ਹੈ,
ਇਹ ਜਲਵਾ ਤੂਰ ਹੈ ।

ਇਹ ਧਨ ਦੌਲਤ ਦਾ ਵਰ ਦੇਵੇ,
ਇਹ ਦੁੱਖ ਪਾਪ ਸਭ ਹਰ ਦੇਵੇ ।
ਇਹ ਰਿੱਧੀਆਂ-ਸਿੱਧੀਆਂ ਬਖਸ਼ੇ ।
ਜਿਸ ਹਿਰਦੇ ਵਿਚ ਵਸਾਈ ।
ਇਹ ਬਾਣੀ ਹੈ.....

ਇਹ ਕੱਟਦੀ ਹੈ,
ਚੁਰਾਸੀ ਨੂੰ,
ਇਹ ਦੇਂਦੀ ਗਿਆਨ ਹੈ ।
ਜੋ ਜਪਦਾ ਹੈ ।
ਜੋ ਗਾਉਂਦਾ ਹੈ,
ਉਹ ਪਾਉਂਦਾ ਮਾਣ ਹੈ,
ਇਹ ਆਦ ਜੁਗਾ ਦੀ ਸੱਚ ਹੈ ।
ਇਹ ਰੂਪ ਅਨਾਦੀ ਸੱਚ ਹੈ ।
'ਦਿਲਬਰ' ਵੀ ਓਟ ਤਕਾਈ ।
ਇਹ ਬਾਣੀ ਹੈ ਸੱਚ-ਖੰਡ ਦੀ ।
ਇਹ ਖੁਸ਼ੀਆਂ ਤੇ ਸੁੱਖ ਵੰਡਦੀ ।
ਇਹ ਧੁਰ ਅਰਸ਼ਾਂ ਤੋਂ ਆਈ ।
ਮੇਰੇ ਸਤਿਗੁਰ ਨਾਨਕ ਦੇਵ ਨੇ ।
ਕਲਜੁਗ ਵਿਚ ਜੋਤ ਜਗਾਈ ।

✡

# ਏਤੇ ਚਾਨਣ ਹੁੰਦਿਆਂ

ਜੇ ਲੱਖ ਨ੍ਹਾਵੇ ਤੀਰਥੀ, ਬੇਦ ਪੜ੍ਹੇ ਮੁੱਖ ਚਾਰ।
ਲਾਵੇ ਲੱਖ ਸਮਾਧੀਆਂ, ਉਮਰਾ ਦੇਵੇ ਗੁਜ਼ਾਰ।
ਪੁੱਠਾ ਲਟਕੇ ਤਪ ਕਰੇ, ਤਨ 'ਤੇ ਕਸ਼ਟ ਸਹਾਰ।
ਪੂਜਾ ਅਰਚਾ ਬੰਦਨਾ, ਮੰਤਰ ਲਵੇ ਚਿਤਾਰ।
ਟੱਲ ਖੜ੍ਹਕਾਵੇ ਮੰਦਰੀ, ਹਵਣ ਕਰੇ ਲੱਖ ਵਾਰ।
ਦਾਨ ਕਰੇ ਲੱਖ ਦੌਲਤਾਂ, ਹੀਰੇ ਲਾਲ ਜਵਾਹਰ।
'ਕਨਕ ਕਾਮਨੀ' ਦਾਨ ਦੇ, ਗਹਿਣਿਆਂ ਨਾਲ ਸ਼ਿੰਗਾਰ।
ਸਿਰ ਕਰਵੱਤ ਧਰਾ ਲਵੇ, ਜਪ ਤਪ ਕਰੇ ਹਜ਼ਾਰ।

ਬਾਝੋਂ ਗੁਰੂ ਗਿਆਨ ਨਹੀਂ ਨਾ ਜੀਵਣ ਦੀ ਸਾਰ।
ਗੁਰੂ ਬਾਝ ਨਾ ਭਵਜਲੋਂ, ਬੇੜਾ ਹੋਵੇ ਪਾਰ।
ਜੇ ਸਉ ਚੰਦਾ ਉਗਵਹਿ, ਸੂਰਜ ਚੜ੍ਹੇ ਹਜ਼ਾਰ।
ਏਤੇ ਚਾਨਣ ਹੋਂਦਿਆ, ਗੁਰ ਬਿਨ ਘੋਰ ਅੰਧਾਰ।

✡

# ਸੁਣ ਧੀਏ

**ਤਰਜ਼- ਮੇਰਾ ਲੱਖਾਂ ਦਾ ਸਾਵਣ ਜਾਂਦਾ**

*ਸੁਣ ਧੀਏ ਨਾਲ ਧਿਆਨ ਦੇ।*
*ਤੂੰ ਹੋ ਗਈ ਵਾਂਗ ਮਹਿਮਾਨ ਦੇ,*
*ਅੱਜ ਸੌਹਰੇ ਘਰ ਨੂੰ ਜਾਣਾ।*
*ਮਾਤਾ ਤੇ ਪਿਤਾ ਅਸੀਸ ਦੇ,*
*ਤੇਰਾ ਵੱਸਦਾ ਰਹੇ ਘਰਾਣਾ।*

*ਰਸਮਾਂ ਨੇ ਸਮਾਜ ਦੀਆਂ,*
*ਇਹ ਬਣੀਆਂ ਕੋਰੀਆਂ,*
*ਰਾਜੇ ਤੇ ਰਾਣੀਆਂ ਨੇ,*
*ਵੀ ਧੀਆਂ ਤੋਰੀਆਂ।*
*ਅੱਜ ਅਸਾਂ ਵੀ ਫਰਜ਼ ਨਿਭਾ ਦਿੱਤਾ।*
*ਤੈਨੂੰ ਪਤੀ ਦੇ ਪੱਲੇ ਲਾ ਦਿੱਤਾ।*
*ਤੇਰੀ ਡੋਲੀ ਵਿਦਿਆ ਕਰਕੇ,*
*ਅੱਜ ਬਾਬਲ ਹੋਇਆ ਨਿਮਾਣਾ।*
*ਸੁਣ ਧੀਏ.....*

*ਜੀਵਨ ਦਾ ਸਾਥੀ ਹੀ-*
*ਤੇਰਾ ਸਿਰਤਾਜ ਹੈ,*
*ਏਸੇ ਦੀ ਸੇਵਾ ਹੀ,*
*ਤੇਰੇ ਲਈ ਰਾਜ ਹੈ।*
*ਜੋ 'ਦੇਵਰ' ਜੇਠ ਨਨਾਣ ਹੈ।*
*ਸਭਨਾਂ ਦਾ ਕਰਣਾ ਮਾਣ ਹੈ।*
*ਸੱਸ ਸੌਹਰੇ ਨੂੰ ਸਤਿ ਕਾਰੀਂ,*
*ਤੂੰ ਬੱਚੀਏ ਫਰਜ਼ ਨਿਭਾਣਾ।*

ਸੁਣ ਧੀਏ.....

ਸ਼ੁਭ ਗੁਣਾਂ ਨੇਕੀਆਂ ਦਾ,
ਕਰੀਂ ਸ਼ਿੰਗਾਰ ਤੂੰ,
ਅੰਗ-ਸੰਗ ਹੈ ਜਾਣ ਲਵੀਂ,
ਗੁਰੂ ਕਰਤਾਰ ਤੂੰ ।
ਜੇ ਦਿਲ ਵਿਚ ਪਿਆਰ ਵਸਾਏਂਗੀ,
ਤੂੰ ਜੱਗ ਵਿਚ ਸ਼ੋਭਾ ਪ੍ਰਾਏਂਗੀ ।
ਤੂੰ 'ਦਿਲਬਰ' ਖ਼ੁਸ਼ੀਆਂ ਮਾਣੇ ।
ਤੇਰਾ ਜੀਵਣ ਹੋਵੇ ਸੁਹਾਣਾ ।
ਸੁਣ ਧੀਏ ਨਾਲ ਧਿਆਨ ਦੇ ।
ਤੂੰ ਹੋ ਗਈ ਵਾਂਗ ਮਹਿਮਾਨ ਦੇ,
ਅੱਜ ਸੌਹਰੇ ਘਰ ਨੂੰ ਜਾਣਾ ।
ਮਾਤਾ ਤੇ ਪਿਤਾ ਅਸੀਸ ਦੇ,
ਤੇਰਾ ਵੱਸਦਾ ਰਹੇ ਘਰਾਣਾ ।

✡

# ਸੁਹਾਗ ਸਿਖਿਆ

ਤਰਜ਼-ਮਧਾਣੀਆਂ, ਹਾਏ ਵੇ ਡਾਢਿਆ ਰੱਬਾ....

ਮਧਾਣੀਆਂ-
ਜੱਗ ਦੀ ਹੈ ਰੀਤ ਬੱਚੀਏ,
ਧੀਆਂ ਘਰ ਰੱਖੀਆਂ ਨਹੀਂ ਜਾਣੀਆਂ ।

ਸਾਇਆ-
ਰਾਜੇ ਮਹਾਂ ਰਾਜਿਆਂ ਵੀ,
ਧੀਆਂ ਤੋਰ ਕੇ ਫਰਜ਼ ਨਿਭਾਇਆ ।

ਬੋਲੇ-
ਜਿਗਰ ਦੀ ਟੁਕੜੀ ਨੂੰ,
ਬਾਬਲ ਤੋਰ ਕੇ ਹੂੰਝ ਪਿਆ ਡੋਹਲੇ ।

ਮਾਵਾਂ-
ਲੋਕੀਂ ਕਹਿੰਦੇ ਦੁਨੀਆਂ ਨੇ,
ਮਾਵਾਂ ਜੱਗ ਵਿਚ ਠੰਡੀਆਂ ਛਾਵਾਂ ।

ਡੋਲੇ-

ਵਿਹੜੇ ਦੀਆਂ ਤੋਰ ਰੌਣਕਾਂ,
ਮਾਂ ਸਾਂਭਦੀ ਪਈ ਗੁੱਡੀਆਂ ਪਟੋਲੇ ।

ਸਾਈਆਂ-

ਹੱਥੀਂ ਡੋਲੀ ਕਰ ਵਿਦਿਆ,
ਹੂੰਝ ਡੋਲਦੇ ਨੇ ਵੀਰ ਭਰਜਾਈਆਂ ।

ਸੇਵਾ-

ਸੌਹਰੇ ਘਰ ਜਾ ਕੇ ਬੱਚੀਏ,
ਸੱਸ ਸੌਹਰੇ ਦੀ ਹੈ ਕਰਨੀ ਸੇਵਾ ।

ਤਾਰਾ-

ਜ਼ਿੰਦਗੀ ਦਾ ਸਾਥੀ ਪਤੀ ਹੈ,
ਤੇਰਾ ਸਿਰਤਾਜ਼ ਜਾਂਵਣ ਸਹਾਰਾ ।

ਆਵੀ-

ਸੌਹਰੇ ਘਰ ਜੱਸ ਖੱਟ ਕੇ,
ਧੀਏ ਮਾਪਿਆਂ ਦੀ ਇੱਜ਼ਤ ਵਧਾਵੀਂ ।

ਪਾਣੀ-

ਛੱਡ ਕੇ ਪਾਖੰਡ ਬੱਚੀਏ,
ਸਦਾ ਪੜ੍ਹਣੀ ਗੁਰਾਂ ਦੀ ਬਾਣੀ ।

ਜਾਣੇ-

'ਦਿਲਬਰ' ਅਸੀਸ ਦੇਂਵਦਾ,
ਧੀਏ ਜੁੱਗ-ਜੁੱਗ ਖੁਸ਼ੀਆਂ ਮਾਣੇ ।

✫

# ਸ: ਭਗਤ ਸਿੰਘ ਤੇ ਮਾਤਾ

## (ਸਵਾਲ ਜਵਾਬ)

### ਤਰਜ਼-ਮਾਏ ਨੀ ਮਾਏ ਮੇਰੇ ਦਿਲ ਦੀਏ ਮਹਿਰਮੇ

ਮਾਤਾ- ਮਮਤਾ ਦੀ ਮਾਰੀ,
ਮਾਂ ਸਿਰ 'ਤੇ ਪਿਆਰ ਦੇ ਕੇ,
ਕਹਿਣ ਲੱਗੀ ਸੀਨੇ ਨਾਲ ਲਾ।
ਵੇ ਬੱਚਿਆ ਦੇਸ਼ ਲੇਖੇ ਜ਼ਿੰਦੜੀ ਨੂੰ ਲਾ।

ਭਗਤ ਸਿੰਘ- ਪੈਰੀਂ ਹੱਥ ਲਾ ਕੇ,
ਅੱਗੋਂ ਬੋਲਦਾ ਭਗਤ ਸਿੰਘ,
ਦੇਵਾਂਗਾ ਮੈਂ ਫਰਜ਼ ਨਿਭਾ।
ਨੀ ਅੰਮੀਏਂ ਫਾਂਸੀ ਵਾਲੀ ਪੀਂਘ ਨੂੰ ਝੂਟਾ,

ਮਾਤਾ- ਦੁੱਧ ਮੇਰਾ ਚੁੰਘਿਆ ਤੂੰ।
ਕਰਦੇ ਸਫਲ ਚੰਨਾ,
ਦਿਲ ਵਿਚ ਮੇਰੇ ਏਹੋ ਚਾਅ।
ਵੇ ਬੱਚਿਆ....

ਭਗਤ ਸਿੰਘ- ਦੇਸ ਭਗਤਾਂ ਦਾ,
ਮਾਏਂ ਪੁੱਤਰ ਤੇ ਪੋਤਰਾ ਮੈਂ।
ਮੈਨੂੰ ਕੌਣ ਸਕਦਾ ਭੁਲਾ।
ਨੀ ਅੰਮੀਏਂ ਫਾਂਸੀ ਵਾਲੀ....

ਮਾਤਾ- ਰੱਸਾ ਗਲ ਪੌਣ ਲੱਗਾ,
ਖਿੜ੍ਹ-ਖਿੜ੍ਹ ਹੱਸਦਾ ਰਹੇ।
ਰੱਬ ਅੱਗੇ ਕਰਾਂ ਮੈਂ ਦੁਆ।
ਵੇ ਬੱਚਿਆ....

ਭਗਤ ਸਿੰਘ- ਇਨਕਲਾਬ ਜ਼ਿੰਦਾਬਾਦ',
ਲਾਵਣਾਂ ਮੈਂ ਨਾਹਰਾ ਮਾਏਂ।
ਦੇਸ਼ ਦਾ ਤਰਾਨਾ ਲਵਾਂਗਾ ਗਾ।
ਨੀ ਅੰਮੀਏਂ....

ਮਾਤਾ- ਜ਼ੋਰਾਵਰ ਫਤਿਹ ਸਿੰਘ,
ਵਾਂਗੂੰ ਤੂੰ ਅਡੋਲ ਰਹਿਣਾ।

ਨੀਹਾਂ ਵਿਚ ਦਿੱਤੇ ਸੀ ਚਿਣਾ ।
ਵੇ ਬੱਚਿਆ....

ਭਗਤ ਸਿੰਘ- ਗੁਰੂ ਦਸਮੇਸ਼ ਜੀ ਦਾ ।
ਹੱਥ ਮੇਰੇ ਸੀਸ ਉਤੇ ।
ਓਹਨਾਂ ਦੀ ਹੀ ਓਟ ਲਈ ਤਕਾ ।
ਨੀ ਅੰਮੀਏਂ....

ਮਾਤਾ- ਦੇਸ਼ ਕੌਮ ਉਤੋਂ,
ਜਿਹੜੇ ਵਾਰ ਦੇ ਜਵਾਨੀਆਂ ਨੇ ।
ਜੱਗ ਵਿਚ ਸ਼ੋਭਾ ਲੈਂਦੇ ਪਾ ।
ਵੇ ਬੱਚਿਆ....

ਭਗਤ ਸਿੰਘ- ਮੱਕਾ ਤੇ ਮਦੀਨਾ,
ਮੇਰਾ ਸਭ ਕੁਛ ਦੇਸ਼ ਮਾਏਂ ।
ਮੁੱਢੋਂ ਮੇਰਾ ਅਣਖੀ ਸੁਭਾ ।
ਨੀ ਅੰਮੀਏਂ....

ਮਾਤਾ- ਸੁਭਾ ਵਿਚ 'ਦਿਲਬਰਾਂ',
ਗਾਉਣੇ ਤੇਰੇ ਗੀਤ ਸਦਾ ।
ਸੀਸ ਵਾਲੀ ਭੇਟਾ ਇਹ ਚੜ੍ਹਾ ।
ਵੇ ਬੱਚਿਆ....

ਭਗਤ ਸਿੰਘ- ਮਿਲੇਗੀ ਅਜ਼ਾਦੀ,
ਮੇਰਾ ਦੇਸ਼ ਖੁਸ਼ਹਾਲ ਹੋਣਾ ।
ਅਸਾਂ ਫੇਰ ਵੇਖਣਾ ਨਹੀਂ ਆ ।
ਨੀ ਅੰਮੀਏਂ ਫਾਂਸੀ ਵਾਲੀ ਪੀਂਘ ਨੂੰ ਝੂਟਾ ।
ਨੀ ਅੰਮੀਏਂ....

☆

## ਗੁਰੂ ਅਮਰਦਾਸ

ਅਮਰਦਾਸ ਗੁਰ ਤੀਸਰੇ ਪਾਤਿਸ਼ਾਹ ਦੀ,
ਮਹਿਮਾਂ ਜੱਗ ਤੋਂ ਅਪਰ-ਅਪਾਰ ਦਿੱਸੇ ।
ਸੇਵਾ ਸਿਮਰਨ ਤੇ ਉਹਨਾਂ ਦੀ ਬੰਦਗੀ 'ਚੋਂ,
ਵਾਲੀ ਜੱਗ ਦਾ ਆਪ ਕਰਤਾਰ ਦਿੱਸੇ ।
ਕਿਤੇ ਧਰਮ ਦੀ ਕਿਰਤ ਦਾ ਮਿਲੇ ਜਲਵਾ,

ਕਿਤੇ ਤੀਰਥਾਂ 'ਤੇ ਲੱਭਦਾ ਯਾਰ ਦਿੱਸੇ ।
ਕਰੜੀ ਘਾਲਣਾਂ ਘਾਲਕੇ ਮਿਲੇ ਰੁਤਬਾਂ,
ਢੋਂਦਾਂ ਗਾਗਰਾਂ ਕੋਈ ਸੇਵਾਦਾਰ ਦਿੱਸੇ ।
ਕਿਵੇਂ ਬਣੀ ਦਾ ਮਾਣ ਨਿਮਾਣਿਆਂ ਦਾ,
ਉਹਦੀ ਸੇਵਾ 'ਚੋਂ ਗੁਰੂ ਪਿਆਰ ਦਿੱਸੇ ।
ਉਹਦੇ ਨੇਤਰਾਂ 'ਚੋਂ ਅੰਮ੍ਰਿਤ ਬਰਸਦਾ ਏ,
ਰਿੱਧੀ-ਸਿੱਧੀ ਦਾ ਭਰਿਆ ਭੰਡਾਰ ਦਿੱਸੇ ।
ਉਹਦੇ ਲੰਗਰ 'ਚੋਂ ਬਾਦਸ਼ਾਹ ਮੰਗਤੇ ਦਾ,
ਇਕੋ ਜਿਹਾ ਹੀ ਸਭ ਨੂੰ ਸਤਿਕਾਰ ਦਿੱਸੇ ।
ਉਹਦੀ ਬਾਉਲੀ ਚੁਰਾਸੀ ਦੇ ਗੇੜ ਕੱਟੇ,
ਹਰ ਥਾਂ ਦਿਲਬਰਾ, ਉਹਦਾ ਦੀਦਾਰ ਦਿੱਸੇ ।

✲

## ਜਥੇਦਾਰ

ਦੇਸ਼ ਕੌਮ ਤੇ ਦੁਖੀ ਮਜ਼ਲੂਮ ਖ਼ਾਤਰ,
ਜਿਸ ਨੇ ਜ਼ਿੰਦੜੀ ਹੀ ਲੇਖੇ ਲਾਈ ਹੋਵੇ ।
ਜਿਥੇ ਕੌਮ ਦੀ ਅਣਖ ਦਾ ਸਵਾਲ ਹੋਵੇ,
ਓਥੇ ਤਲੀ 'ਤੇ ਜ਼ਿੰਦ ਟਿਕਾਈ ਹੋਵੇ ।
ਜਿਹੜਾ ਮਾੜੇ ਤੇ ਧੱਕਾ ਨਾ ਵੇਖ ਸੱਕੇ,
ਦੁਸ਼ਟਾਂ ਲਈ ਜਿਸ ਤੇਗ ਉਠਾਈ ਹੋਵੇ ।
ਮਰ ਮਿਟੇ ਗੁਰਧਾਮਾਂ ਦੀ ਰੱਖਿਆ ਲਈ,
ਰਾਖਾ ਧਰਮ ਦਾ ਸੰਤ-ਸਿਪਾਹੀ ਹੋਵੇ ।
ਪੁਤਲਾ ਅਣਖ ਦਾ ਦੇਸ਼ ਦਾ ਹੋਵੇ ਦਰਦੀ,
ਜੀਹਦੇ ਦਿਲ ਵਿਚ ਹੋਵੇ ਪਿਆਰ ਸਾਡਾ ।
ਜੀਹਨੂੰ ਮੌਤ ਨੂੰ ਵੇਖਕੇ ਚੜ੍ਹੇ ਲਾਲੀ,
ਇਹੋ ਜਿਹਾ ਹੋਵੇ ਜਥੇਦਾਰ ਸਾਡਾ ।

✲

# ਬਨਾਸਪਤੀ ਲੀਡਰ

ਵਾਅਦਾ ਕਰਕੇ ਨਾ ਜਿਹੜਾ ਕਰੇ ਪੂਰਾ ,
ਜਿਹੜਾ ਕਦੇ ਇਕਰਾਰ ਦਾ ਪੱਕਾ ਹੀ ਨਹੀਂ।
ਜਿਹੜਾ ਪਾਰਟੀ ਦਾ ਵਫ਼ਾਦਾਰ ਹੀ ਨਹੀਂ,
ਅਤੇ ਵਰਕਰਾਂ ਦਾ ਦਿਲੋਂ ਸੱਕਾ ਹੀ ਨਹੀਂ।
ਜੀਹਨੂੰ ਵੇਖਕੇ ਅਫਸਰ ਨਾ ਕਰਨ ਆਦਰ,
ਜੀਹਤੋਂ ਡਰਦਾ ਚੋਰ ਉਚੱਕਾ ਹੀ ਨਹੀਂ।
ਜੋ ਨਹੀਂ ਹੱਕ ਦੀ ਅਵਾਜ਼ ਬੁਲੰਦ ਕਰਦਾ
ਰੋਕ ਸਕਦਾ ਮਾੜੇ ਤੇ ਧੱਕਾ ਹੀ ਨਹੀਂ।
ਕੌਮ ਲਈ ਕੁਰਬਾਨੀ ਨਾ ਕਰੇ ਜਿਹੜਾ,
ਉਹਦਾ ਕਾਬਾ ਵੀ ਨਹੀਂ, ਉਹਦਾ ਮੱਕਾ ਵੀ ਨਹੀਂ।
'ਦਿਲਬਰ' ਕਦੇ ਉਹ ਲੀਡਰ ਨਹੀਂ ਬਣ ਸਕਦਾ,
ਉਹਦਾ ਮੁੱਲ ਪੌਂਦੀ ਕੌਮ ਡੱਕਾ ਵੀ ਨਹੀਂ।

✡

# ਸੂ: ਊਧਮ ਸਿੰਘ ਦੀ ਲਲਕਾਰ

## (ਜਰਨਲ ਡਾਇਰ ਨੂੰ ਗੋਲੀ ਮਾਰਨ ਤੋਂ ਬਾਅਦ)

### ਤਰਜ਼-ਮੱਟੀਆਂ

ਇਸ ਜ਼ਾਲਮ ਮੇਰੇ ਦੇਸ਼ ਵਿਚ ਸੀ ਕਹਿਰ ਕਮਾਇਆ।
ਇਹਨੇ ਨਿਰਦੋਸ਼ ਪੰਜਾਬੀਆਂ ਦਾ ਖ਼ੂਨ ਲਗਾਇਆ।
ਇਹਨੇ ਭੁੰਨੇ ਲੱਖਾਂ ਗੱਭਰੂ ਇਹਨੂੰ ਤਰਸ ਨਾ ਆਇਆ।
ਇਹਨੇ ਕੀਤੇ ਮੇਰੇ ਵਤਨ ਤੇ ਸੀ ਜ਼ੁਲਮ ਹਜ਼ਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ਮੈਂ ਖੜ੍ਹਾ ਪੁਕਾਰਾਂ।
ਇਹਨੇ ਜਲ੍ਹਿਆ ਵਾਲੇ ਬਾਗ ਵਿਚ ਗੋਲੀ ਚਲਵਾਈ।
ਇਹਨੇ ਭੇਜਿਆ ਜਰਨਲ ਡਾਇਰ ਨੂੰ ਬਣ ਗਏ ਕਸਾਈ।
ਜਦ ਕੜ-ਕੜ ਚੱਲੀਆਂ ਗੋਲੀਆਂ, ਜਨਤਾ ਕੁਰਲਾਈ।
ਓਥੇ ਮੱਚੀ ਹਾਹਾਕਾਰ ਸੀ, ਵਗੀਆਂ ਲਹੂ ਧਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ਮੈਂ ਖੜ੍ਹਾ ਪੁਕਾਰਾਂ।
ਕਈ ਵਿਧਵਾ ਹੋਈਆਂ ਸੁਹਾਗਣਾਂ ਵਿੱਛੜ ਗਏ ਲਾੜੇ।
ਕਈ ਮਾਵਾਂ ਪਿੱਟ-ਪਿੱਟ ਰੋਂਦੀਆਂ, ਸੀ ਕੱਢਦੀਆਂ ਹਾੜੇ।
ਕਈ ਲੱਖਾਂ ਘਰ ਪੰਜਾਬ ਦੇ, ਇਸ ਦੁਸ਼ਟ ਉਜਾੜੇ।
ਮੈਂ ਬਦਲਾ ਲੈ ਲਿਆ ਵਤਨ ਦਾ ਕੱਢ ਲਈਆਂ ਖਾਰਾਂ।
ਮੈਨੂੰ ਫੜ ਲਓ ਗੋਰੇ ਹਾਕਮੋ, ਮੈਂ ਖੜ੍ਹਾਂ ਵੰਗਾਰਾਂ।
ਅਸੀਂ ਮਾਲਕ ਆਪਣੇ ਵਤਨ ਦੇ; ਸਾਡਾ ਹੱਕ ਆਜ਼ਾਦੀ।
ਇਹਨੇ ਕੀਤੀ ਭਾਰਤ ਦੇਸ਼ ਦੀ ਰੱਜ ਕੇ ਬਰਬਾਦੀ।
ਇਹਨੇ ਫਾਂਸੀ ਚਾੜ੍ਹੇ ਦੇਸ਼ ਭਗਤ, ਕਹਿਕੇ ਅੱਤਵਾਦੀ।
ਹੁਣ ਸਾਡੀ ਵਾਰੀ ਆ ਗਈ, ਮੈਂ ਲਈਆਂ ਸਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ਮੈਂ ਖੜ੍ਹਾ ਪੁਕਾਰਾਂ।
ਮੈਂ ਕੱਢਿਆ ਆਪਣੇ ਵਤਨ ਦੇ, ਵੈਰੀ ਦਾ ਕੰਡਾ।
ਮੇਰੇ ਦਿਲ ਵਿਚ ਭਾਂਬੜ ਮੱਚਦਾ, ਅੱਜ ਹੋਇਆ ਠੰਢਾ।
ਮੇਰੇ ਭਾਰਤ ਉਤੇ ਝੁੱਲਣਾ ਤਿੰਨ ਰੰਗਾਂ ਝੰਡਾ।
ਹੁਣ ਹਿੰਦੀਆਂ ਦੀ ਜਿੱਤ ਹੋਵਣੀ, ਗੋਰੇ ਦੀਆਂ ਹਾਰਾਂ।
ਮੈਨੂੰ ਫੜ ਲਓ ਗੋਰੇ ਹਾਕਮੋ, ਮੈਂ ਖੜ੍ਹਾਂ ਵੰਗਾਰਾਂ।
ਮੈਂ ਕੀਤਾ ਜਿਹੜਾ ਪਰਣ ਸੀ, ਅੱਜ ਤੋੜ ਨਿਭਾਇਆ।
ਮੈਂ ਇਕੀ ਸਾਲਾਂ ਬਾਅਦ ਹੈ, ਵੈਰੀ ਨੂੰ ਢਾਹਿਆ।
ਮੈਂ ਲੱਖ-ਲੱਖ ਕਲਗੀਧਰ ਦਾ ਹੈ ਸ਼ੁਕਰ ਮਨਾਇਆ।

ਮੇਰੇ ਦੇਸ਼ ਦੇ ਗੱਭਰੂ ਖੁਸ਼ੀ ਵਿਚ, ਮਾਰਣਗੇ ਟਾਹਰਾਂ।
ਮੈਨੂੰ ਫੜ ਲਓ ਗੋਰੇ ਹਾਕਮੋਂ ਮੈਂ ਖੜ੍ਹਾਂ ਵੰਗਾਰਾਂ।
ਮੈਨੂੰ ਫੜਕੇ ਬੇਸ਼ੱਕ ਗੋਰਿਓ ਫਾਂਸੀ 'ਤੇ ਚਾੜ੍ਹੋ।
ਤੁਸੀਂ ਛੁਰੀਆਂ ਕਰਕੇ ਤਿੱਖੀਆ, ਮੇਰਾ ਸੀਨਾ ਪਾੜੋ।
ਮੇਰਾ ਪੁਰਜਾ-ਪੁਰਜਾ ਕੱਟ ਦਿਓ, ਮੈਨੂੰ ਅੱਗ ਵਿਚ ਸਾੜੋ।
ਮੇਰੇ ਪਿੰਡੇ ਉਤੇ ਲਾ ਦਿਓ, ਬਿਜਲੀ ਦੀਆਂ ਤਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ਮੈਂ ਖੜ੍ਹਾ ਪੁਕਾਰਾਂ।
ਕਦੇ ਹਿੰਦੀ ਗੱਲਾਂ ਕਰਨਗੇ, ਛਾਤੀ ਅਕੜਾ ਕੇ।
ਕਿਸੇ ਮਰਦ ਨੇ ਬਦਲਾ ਲੈ ਲਿਆ।
ਲੰਡਨ ਵਿਚ ਜਾ ਕੇ।
ਓਹਨੇ ਵੈਰੀ ਆਪਣੇ ਵਤਨ ਦਾ, ਸੁਟਿਆ ਪਟਕਾਕੇ।
ਇਟ ਸੰਗਤਾਂ ਦੇ ਵਿਚ ਗਾਉਣੀਆਂ, 'ਦਿਲਬਰ' ਨੇ ਵਾਰਾਂ।
ਮੈਨੂੰ ਫੜ ਲਓ ਗੋਰੇ ਹਾਕਮੋਂ, ਮੈਂ ਖੜ੍ਹਾਂ ਵੰਗਾਰਾਂ।

✡

## ਕੰਜ਼ਕਾਂ ਦੀ ਫਰਿਆਦ

### ਤਰਜ਼-ਝੋਕ ਮੇਰੇ ਮੌਲਾ....

ਬੰਨ੍ਹ ਕੇ ਅਬਦਾਲੀ ਤੁਰਿਆ ਕੁੜੀਆਂ ਮੁਟਿਆਰਾਂ ਨੂੰ।
ਬਾਜ ਅਚਿੰਤੇ ਪੈ ਗਏ, ਕੂੰਜਾਂ ਦੀਆਂ ਡਾਰਾਂ ਨੂੰ।
ਰੋ-ਰੋ ਕੇ ਯਾਦ ਕਰਦੀਆਂ ਆਪਣੇ ਪਰਿਵਾਰਾਂ ਨੂੰ।
ਪਿੱਟ-ਪਿੱਟ ਕੇ ਵੈਣ ਪੌਂਦੀਆਂ, ਦੁੱਖਾਂ ਦੀਆਂ ਮਾਰੀਆਂ।
ਕੋਈ ਛੁਡਵਾ ਲਓ ਆ ਕੇ, ਅਬਲਾਂ ਵਿਚਾਰੀਆਂ।
ਦੇਸ਼ ਦੀ ਇੱਜ਼ਤ ਰੱਖ ਲਓ।
ਲੁੱਟ ਕੇ ਪੰਜਾਬ ਨੂੰ ਗਿਲਜੇ ਜਲ੍ਹੀਆਂ ਨੂੰ ਪੌਂਦੇ ਨੇ।
ਖੁਸ਼ੀ ਵਿਚ ਹੋਏ ਸ਼ਰਾਬੀ, ਢੋਲੇ ਪਏ ਗਾਉਂਦੇ ਨੇ।
ਕਰਦੇ ਨੇ ਛੇੜਖਾਨੀਆਂ, ਖੱਲੀ ਉਡੌਂਦੇ ਨੇ।
ਦੈਂਤਾਂ ਦੇ ਕਾਬੂ ਆਈਆਂ, ਕੰਜ਼ਕਾਂ ਕੁਵਾਰੀਆਂ।
ਕੋਈ ਛੁਡਵਾ ਲਓ ਆ ਕੇ, ਅਬਲਾਂ ਵਿਚਾਰੀਆਂ....
ਕਈਆਂ ਦੇ ਮਾਪੇ, ਅੱਖਾਂ ਸਾਹਮਣੇ ਮਾਰੇ ਗਏ।
ਕਈਆਂ ਦੇ ਵੀਰ ਮੌਤ ਦੇ, ਘਾਟ ਉਤਾਰੇ ਗਏ।
ਜਿਹਨਾਂ ਦੀ ਅਣਖ ਲੁੱਟੀ ਗਈ, ਰੋਂਦੇ ਵਿਚਾਰੇ ਗਏ।

ਜਾਵੇ ਨਾ ਪੇਸ਼ ਕੋਈ, ਕਿਸਮਤਾਂ ਹਾਰੀਆਂ ।
ਕੋਈ ਛੁਡਵਾ ਲਓ ਆ ਕੇ, ਅਬਲਾਂ ਵਿਚਾਰੀਆਂ.....
ਹੱਸਣ ਜਦ ਗਿਲਜੇ ਕੁੜੀਆਂ ਰੋ-ਰੋ ਕੁਰਲੌਂਦੀਆਂ ।
ਮਾਰਣ ਜਦ ਕੂਕਾਂ,ਛੇਕ ਪੱਥਰਾਂ ਵਿਚ ਪੌਂਦੀਆਂ ।
ਦੁਖੀਆਂ ਦੀਆਂ ਆਹੀਂ ਲੋਕੋ, ਧਰਤੀ ਕੌਬੰਦੀਆਂ ।
ਦੇਸ਼ ਦੇ ਯੋਧੇ ਕਿਥੇ, ਲਾ ਗਏ ਉਡਾਰੀਆਂ ।
ਕੋਈ ਛੁਡਵਾ ਲਓ ਆ ਕੇ, ਅਬਲਾਂ ਵਿਚਾਰੀਆਂ....
ਕਰਦੀਆਂ ਯਾਦ, ਦੇਵੀ ਦੇਵਤੇ ਪੀਰਾਂ ਨੂੰ ।
ਬਹੁੜੇ ਕੋਈ ਰਾਮ ਕ੍ਰਿਸ਼ਨ ਅੱਜ, ਪਲਟੇ ਤਕਦੀਰਾਂ ਨੂੰ ।
ਜਾ ਕੇ ਕੋਈ ਦੱਸੇ, ਕਲਗੀਧਾਰ ਦੇ ਬੀਰਾਂ ਨੂੰ ।
ਬੇੜੀ ਹੈ ਰੁੜੀ ਜਾਂਵਦੀ, ਬਣੀਆਂ ਲਾਚਰੀਆਂ ।
ਕੋਈ ਛੁਡਵਾ ਲਓ ਆ ਕੇ, ਅਬਲਾਂ ਵਿਚਾਰੀਆਂ ।
ਦੇਸ਼ ਦੀ ਇੱਜ਼ਤ ਰੱਖ ਲਓ.....
ਕਿਧਰ ਗਏ ਬੀਰ ਬਹਾਦਰ ।
ਯੋਧੇ ਪੰਜਾਬ ਦੇ, ਘੁਰਨਿਆਂ ਵਿਚ ਸ਼ੇਰ ਵੜ ਗਏ ।
ਰਾਵੀ ਚਨਾਬ ਦੇ ।
ਲੁੱਟ ਕੇ ਲੈ ਚੱਲੇ ਗਿਲਜ਼ੇ, ਫੁੱਲ ਗੁਲਾਬ ਦੇ ।
ਛੇਤੀ ਕੋਈ ਆਵੋ 'ਦਿਲਬਰ' ਕਰਕੇ ਤਿਆਰੀਆਂ ।
ਕੋਈ ਛੁਡਵਾ ਲਓ ਆ ਕੇ, ਅਬਲਾਂ ਵਿਚਾਰੀਆਂ ।
ਜਾਂਦੀ ਹੋਈ ਇੱਜ਼ਤ ਰੱਖ ਲਓ....

✡

# ਦੋ ਸਰਦਾਰ

ਦੋ ਸ਼ਹਿਜ਼ਾਦੇ ਦੋ ਸਰਦਾਰ ਮਹਿਲ ਪੰਥ ਦਾ ਰਹੇ ਉਸਾਰ ।
ਧੰਨ ਇਹਨਾਂ ਦੀ ਜੀਤੋ ਮਾਤਾ ਧੰਨ ਪਿਤਾ ਗੁਰੂ ਕਲਗੀਧਾਰ ।
ਅੱਧ ਖਿੜ੍ਹੇ, ਇਹ ਫੁੱਲ ਗੁਲਾਬੀ ਦੋਵੇਂ ਸੋਹਣਿਆਂ ਦੇ ਸੁਲਤਾਨ ।
ਚਿਹਰਿਆਂ ਉਤੇ ਨੂਰ ਇਲਾਹੀ ਬੁੱਲ੍ਹਾਂ 'ਤੇ ਰੱਬੀ ਮੁਸਕਾਨ ।
ਦੁੱਧ ਮੱਖਣਾਂ ਦੇ ਪਾਲੇ ਹੋਏ ਸੋਹਲ ਸੁਣੱਖੇ ਰਾਜ ਕੁਮਾਰ ।
ਧੰਨ ਇਹਨਾਂ ਦੀ ਜੀਤੋ ਮਾਤਾ ਧੰਨ ਪਿਤਾ ਗੁਰੂ ਕਲਗੀਧਾਰ ।
ਜਾਵੋ ਕੋਈ ਦਾਦੀ ਨੂੰ ਆਖੋ ਵਿਛੜ ਚੱਲੇ ਤੇਰੇ ਦੋਵੇ ਪੋਤੇ ।
ਫਿਰ ਆਖੇਗੀ ਮੂੰਹ ਨਾ ਡਿੱਠਾ ਦੋਵੇਂ ਨੀਹਾਂ ਵਿਚ ਖਲੋਤੇ ।

ਇਹ ਬੱਚਿਆਂ ਦਾ ਆਖਰੀ ਮੇਲਾ ਇਕ ਵੇਰਾਂ ਕਰ ਲਵੇ ਪਿਆਰ ।
ਧੰਨ ਇਹਨਾਂ ਦੀ ਜੀਤੋ ਮਾਤਾ ਧੰਨ ਪਿਤਾ ਗੁਰੂ ਕਲਗੀਧਾਰ ।
ਔਹ ਅਰਸ਼ਾਂ ਤੇ ਦਾਦਾ ਜੀ ਅੱਜ ਪੋਤਰਿਆਂ 'ਤੇ ਫੁੱਲ ਬਰਸੌਂਦੇ ।
ਮਾਂ ਜੀਤੋ ਜੀ ਸਦਕੇ ਜਾਂਦੇ ਸੱਚਖੰਡ ਵਿਚ ਪੈ ਰਾਹ ਤਕੌਂਦੇ ।
ਗਲਵੱਕੜੀ ਵਿਚ ਲੈਣ ਨੂੰ ਕਾਹਲੇ ਦੋਵੇਂ ਵੀਰ ਅਜੀਤ ਜੁਝਾਰ ।
ਧੰਨ ਇਹਨਾਂ ਦੀ ਜੀਤੋ ਮਾਤਾ....
ਘਰ-ਘਰ ਦੇ ਵਿਚ ਮਾਤਮ ਛਾਇਆ ਲੋਕੀਂ ਹੰਝੂ ਡੋਹਲ ਰਹੇ ਨੇ ।
ਦਰਦਾਂ ਕੁਰਲੌਂਦੇ 'ਦਿਲਬਰ' ਸਾਰੇ ਬੋਲ ਰਹੇ ਨੇ ।
ਮੁਗਲਾਂ ਦਾ, ਬੇੜਾ ਡੁੱਬ ਜਾਣਾ ਗਰਕ ਹੋਊ ਜ਼ਾਲਮ ਸਰਕਾਰ....
ਦੋ ਸ਼ਹਿਜ਼ਾਦੇ ਦੋ ਸਰਦਾਰ ਮਹਿਲ ਪੰਥ ਦਾ ਰਹੇ ਉਸਾਰ ।
ਧੰਨ ਇਹਨਾਂ ਦੀ ਜੀਤੋ ਮਾਤਾ ਧੰਨ ਪਿਤਾ ਗੁਰੂ ਕਲਗੀਧਾਰ ।

✫

# ਫਾਂਸੀ ਦੇ ਤਖਤੇ 'ਤੇ

## ਤਰਜ਼-ਕਲੀ

ਖੜ੍ਹ ਕੇ ਊਧਮ ਸਿੰਘ ਨੇ, ਫਾਂਸੀ ਵਾਲੇ ਤਖਤੇ 'ਤੇ ।
ਲਾਇਆ ਜੇ ਭਾਰਤ 'ਤੇ ਇਨਕਲਾਬ ਦਾ ਨਾਹਰਾ ।
ਕਹਿੰਦਾ ਆਖਰੀ ਪ੍ਰਣਾਮ ਹਿੰਦੀ ਵੀਰਾਂ ਨੂੰ ਜੁਗ-ਜੁਗ ਵੱਸੇ ਮੇਰਾ,
ਭਾਰਤ ਦੇਸ਼ ਪਿਆਰਾ ।
ਜਨਮਾਂ ਤੀਕ ਵੀ ਮੈਨੂੰ, ਯਾਦ ਨਹੀਂ ਭੁੱਲਣੀ ਵਤਨਾਂ ਦੀ ।
ਜਿਥੇ ਹਰਿਮੰਦਰ ਦਾ ਦਿਸਦਾ ਅਜ਼ਬ ਨਜ਼ਾਰਾ ।
ਜ਼ਾਲਮ ਗੋਰੇ ਨੇ ਜਦ, ਰੋਲੀ ਅਣਖ ਪੰਜਾਬ ਦੀ ।
ਮੇਰਾ ਸੀਨਾ ਤੜਪਿਆ, ਜਿਵੇਂ ਤੜਪ ਦਾ ਪਾਰਾ ।
ਜਲ੍ਹਿਆਂ ਵਾਲੇ ਦਾ ਜਦ, ਖ਼ੂਨੀ ਸਾਕਾ ਡਿੱਠਾ ਮੈਂ ।
ਮੇਰੇ ਦਿਲ ਵਿਚ ਮਾਰਿਆ, ਸਿੱਖੀ ਸਿਦਕ ਹੁਲਾਰਾ ।
ਮੇਰੇ ਕੰਨਾਂ ਦੇ ਜਦ, ਵੈਣ ਸੁਣੇ ਅਬਲਾਵਾਂ ਦੇ ।
ਬਦਲਾ ਲੈਣ ਦਾ ਮੈਂ, ਪਰਣ ਕਰ ਲਿਆ ਭਾਰਾ ।
ਇੱਕੀ ਸਾਲ ਮੈਂ ਰਿਹਾ, ਮਗਰ ਲੱਗਾ ਅਡਵੈਰ ਦੇ ।
ਮੌਕਾ ਬਣ ਨਾ ਸਕਿਆ ਕੋਈ ਨਾ ਚਲਿਆ ਚਾਰਾ ।
ਆਖਰ ਇਕ ਦਿਨ ਬੁੱਢਾ ਬੁੱਚੜ ਕਾਬੂ ਆ ਗਿਆ ।
ਬਦਲਾ ਭਰੇ ਹਾਲ ਵਿਚ ਲੈ ਲਿਆ ਛੱਡ ਜੈਕਾਰਾ ।

ਅੱਜ ਮੈਂ ਸੁਰਖਰੂ ਹੋ ਕੇ, ਚੱਲਿਆ ਕੋਲ ਸ਼ਹੀਦਾਂ ਦੇ ।
ਕਰਨਾ ਭਗਤ ਸਿੰਘ ਜਿਹੇ ਮਿੱਤਰਾਂ ਦਾ ਦੀਦਾਰਾ ।
'ਦਿਲਬਰ' ਇਕ ਦਿਨ ਮੇਰਾ, ਦੇਸ਼ ਅਜ਼ਾਦੀ ਮਾਣੇਗਾ ।
ਹਿੰਦੀ ਯੋਧਿਆਂ ਅੱਗੇ, ਜੱਗ ਝੁਕੇਗਾ ਸਾਰਾ ।

✲

# ਸੈਦਾਖਾਨ ਤੇ ਨਸੀਰਾਂ

(ਸਵਾਲ ਜਵਾਬ)

ਨਸੀਰਾਂ— ਜੋਸ਼ ਵਿਚ ਆ ਕੇ ਤੇਰਾ, ਝੱਲਿਆ ਨਾ ਰੋਅਬ ਜਾਵੇ ।
ਕੀਹਦੇ ਉਤੇ ਕੀਤੀ ਏ ਚੜ੍ਹਾਈ, ਵੇ ਵੀਰਨਾ....
ਕਿਹੜੇ ਸੂਰਬੀਰ ਨਾਲ ਹੋਵਣਾ ਮੁਕਾਬਲਾ ਏ ।
ਕੀਹਦੇ ਨਾਲ ਲੜਣੀ ਲੜਾਈ । ਵੇ ਵੀਰਨਾ....

ਸੈਦਾਖਾਨ— ਬਾਦਸ਼ਾਹ ਨੇ ਆਪ ਮੈਨੂੰ, ਭੇਜਿਆ ਅਨੰਦਪੁਰ ।
ਗੁਰੂ ਉਤੇ ਕੀਤੀ ਏ ਚੜ੍ਹਾਈ । ਏ ਭੈਣ ਜੀ....
ਬੰਨ੍ਹਕੇ ਮੈਂ ਹੱਥੀਂ ਉਹਨੂੰ ਦਿੱਲੀ ਲੈ ਜਾਵਣਾ ਏਂ ।
ਜਿਹਨੇ ਧੁੰਮ ਦੇਸ਼ ਵਿਚ ਪਾਈ ਏ ਭੈਣ ਜੀ....

ਨਸੀਰਾਂ— ਤੋਬਾ-ਤੋਬਾ ਆਖ ਮੇਰੇ ਛਿੰਦੇ ਜਰਨੈਲ ਵੀਰਾ ।
ਇਹ ਕੀ ਮੈਨੂੰ ਗੱਲ ਤੂੰ ਸੁਣਾਈ, ਵੇ ਵੀਰਨਾ....
ਜ਼ਾਹਰਾ ਜ਼ਰੂਰ ਅੱਲਾ, ਦੁਨੀਆਂ 'ਚ ਆਪ ਆਇਆ ।
ਗੁਰੂ ਕੋਈ ਜੋਤ ਹੈ ਇਲਾਹੀ, ਵੇ ਵੀਰਨਾ....

ਸੈਦਾਖਾਨ— ਕਿਸੇ ਗੁਰੂ ਪੀਰ ਨੇ, ਨਹੀਂ ਠਹਿਰਨਾ ਮੈਦਾਨ ਵਿਚ ।
ਜਦੋਂ ਤਲਵਾਰ ਮੈਂ ਉਠਾਈ, ਏ ਭੈਣ ਜੀ....
ਢਾਹ ਕੇ ਅਨੰਦਪੁਰ ਮਿੱਟੀ ਵਿਚ ਮੇਲ ਦੇਣਾ ।
ਕਾਫਰਾਂ ਦੀ ਕਰਣੀ ਸਫਾਈ, ਏ ਭੈਣ ਜੀ....

ਨਸੀਰਾਂ— ਭੁੱਲ ਕੇ ਵੀ ਕਾਫਰ, ਨਾ ਆਖੀ ਦਸਮੇਸ਼ ਜੀ ਨੂੰ ।
ਅੱਲਾ ਤੇ ਰਸੂਲ ਦੀ ਦੁਹਾਈ ਬੜੇ-ਬੜੇ ਵਲੀ ਪੀਰ ।
[illegible] ਉਹਨੂੰ ਮੰਨਦੇ ਨੇ ।
ਸਾਰੀ ਉਹਨੂੰ ਪੂਜਦੀ ਲੁਕਾਈ । ਵੇ ਵੀਰਨਾ....

ਸੈਦਾਖਾਨ— ਦਿੱਲੀਓਂ ਮੈਂ ਖਾ ਕੇ ਆਇਆ, ਕਸਮ ਕੁਰਾਨ ਵਾਲੀ ।
ਬਾਜੀ ਸਿਰ ਧੜ ਦੀ ਲਗਾਈ ।
ਬਾਦਸ਼ਾਹ ਤੋਂ ਪਾਵਾਂਗਾ, ਇਨਾਮ ਮੂੰਹ ਮੰਗਿਆ ਮੈਂ ।

ਫਤਿਹ ਜਦੋਂ ਜੰਗ ਵਿਚ ਪਾਈ । ਏ ਭੈਣ ਜੀ....

ਨਸੀਰਾਂ— ਗੁਰੂ ਸਾਹਵੇਂ ਚੱਲਣੀ ਨਹੀਂ ਤਿੱਖੀ ਤਲਵਾਰ ਤੇਰੀ,
ਐਵੇਂ ਕਾਹਨੂੰ ਹੋਇਆ ਏਂ ਸ਼ੁਦਾਈ ।
ਤੇਰੇ ਜਿਹੇ ਲੱਖਾਂ ਉਹਦੇ ਭਾਂਡੇ ਪਈ ਮਾਂਜਦੇ ਨੇ ।
ਸੇਵਾ ਵਿਚ ਜ਼ਿੰਦਗੀ ਲਗਾਈ; ਵੇ ਵੀਰਨਾ....

ਸੈਦਾਖਾਨ— ਹੋਇ ਕੇ ਮੁਸਲਮਾਨ, ਗੁਰੂ ਦੀ ਤਾਰੀਫ ਕਰੇਂ ।
ਪੁੱਠੀ ਪੱਟੀ ਕਿਸ ਨੇ ਪੜ੍ਹਾਈ ।
ਲੈ ਲਿਆ ਕੀ ਕਰਕੇ ਮੱਦਦ ਤੁਸਾਂ ਗੁਰੂ ਜੀ ਦੀ ।
ਪਤੀ ਪੁੱਤ ਪਾ ਗਏ ਜੁਦਾਈ । ਏ ਭੈਣ ਜੀ....

ਨਸੀਰਾਂ— ਬਾਜਾਂ ਵਾਲਾ ਗੁਰੂ ਦਸਮੇਸ਼ ਸਾਡੇ ਅੰਗ-ਸੰਗ,
ਸਾਨੂੰ ਲੋੜ ਕਿਸੇ ਦੀ ਨਹੀਂ ਕਾਈ ।
ਆਉਣਗੀਆਂ ਗੱਲਾਂ ਤੈਨੂੰ ਯਾਦ ਕਦੇ ਵੀਰਨਾਂ ਵੇ,
ਛੁਪ ਨਹੀਂ ਸਕਦੀ ਸੱਚਾਈ । ਵੇ ਵੀਰਨਾ....

ਸੈਦਾਖਾਨ— ਸੂਰਮੇਂ ਅਣਖ ਪਿਛੇ ਪਾਂਵਦੇ ਸ਼ਹੀਦੀਆਂ ਨੂੰ,
ਸਾਰਾ ਜੱਗ ਕਰੇ ਵਡਿਆਈ ।
ਵੇਖ ਲਾਂ ਗਾ ਜਦੋਂ ਅੱਖਾਂ ਚਾਰ ਹੋਈਆਂ ਗੁਰੂ ਨਾਲ,
'ਦਿਲਬਰ' ਨੇ ਦੱਸੀ ਸਚਿਆਈ । ਏ ਭੈਣ ਜੀ....

✰

## ਬੰਦਾ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ

ਤਰਜ਼—ਘੱਗਰੇ ਵੀ ਗਏ ਫੁਲਕਾਰੀਆਂ ਵੀ....

ਸਿੰਘ ਵੀ ਗਏ ਤੇ ਸਰਦਾਰੀਆਂ ਵੀ ਗਈਆਂ ।
ਹਾਥੀ ਘੋੜੇ ਰਥ ਅਸਵਾਰੀਆਂ ਵੀ ਗਈਆਂ ।
ਬੰਦਾ ਸਿੰਘ ਗਿਆ, ਫੌਜਾਂ ਸਾਰੀਆਂ ਵੀ ਗਈਆਂ ।
ਖਾਲੀ ਹੋਏ ਟਿਕਾਣੇ । ਕੀ ਬਣੂ ਖਾਲਸੇ ਦਾ ।
ਸੱਚਾ ਪਾਤਸ਼ਾਹ ਵਾਹਿਗੁਰੂ ਜਾਣੇ ।
ਬੰਦਾ ਸਿੰਘ ਸੂਰਮਾ ਪਿਆਰਾ ਗੁਰੂ ਦਾ ।
ਯੋਧਾ ਜਰਨੈਲ ਓਹ ਦੁਲਾਰਾ ਗੁਰੂ ਦਾ ।
ਭੇਜਿਆ ਗੁਰਾਂ ਨੇ ਚੱਲ ਆਇਆ ਦੱਖਣੋਂ ।
ਝੰਡਾ ਧਰਮ ਯੁੱਧ ਦਾ ਉਠਾਇਆ ਦੱਖਣੋਂ ।
ਆਣ ਕੇ ਪੰਜਾਬ ਵਿਚ ਇਕੱਠੇ ਕਰ ਲਏ ।

ਸ਼ਸਤਰਾਂ ਦੇ ਸੂਰਿਆਂ ਭੰਡਾਰ ਭਰ ਲਏ ।
ਲੁੱਟਿਆ ਸਮਾਣਾ ਸਰਹੰਦ ਖਾਲਸੇ ।
ਝੰਡਾ ਕੀਤਾ ਕੇਸਰੀ ਬੁਲੰਦ ਖਾਲਸੇ ।
ਗੂੰਜੇ ਜਦੋਂ ਸਿੰਘਾਂ ਦੇ, ਜੈਕਾਰੇ ਅਸਮਾਨ ਵਿਚ ।
ਘਾਬਰ ਗਏ ਜ਼ਰਵਾਣੇ, ਕੀ ਬਣੂ ਖਾਲਸੇ ਦਾ....
ਬੰਦਾ ਸਿੰਘ ਬਣ ਗਿਆ, ਬੇ-ਤਾਜ਼ ਬਾਦਸ਼ਾਹ ।
ਖਾਲਸੇ ਦਾ ਮੋਢੀ, ਸਿਰਤਾਜ਼ ਬਾਦਸ਼ਾਹ ।
ਨਾਨਕ ਸ਼ਾਹੀ ਸਿੱਕਾ, ਦੇਸ਼ 'ਚ ਚਲਾ ਦਿੱਤਾ ।
ਖੰਡੇ ਵਾਲਾ ਝੰਡਾ ਕਿਲ੍ਹਿਆ ਤੇ ਝੁਲਾ ਦਿੱਤਾ ।
ਮੁਗਲਾਂ ਦੀ ਸ਼ਾਹੀ, ਇਕ ਵਾਰ ਹੱਲ ਗਈ ।
ਬਾਦਸ਼ਾਹ ਦੇ ਸਣੇ, ਸਰਕਾਰ ਹੱਲ ਗਈ ।
ਬੜੀ ਵੱਡੀ ਫੌਜ, ਦਿੱਲੀਓਂ ਚੜ੍ਹਾਈ ਗਈ ।
ਖਾਲਸੇ ਦੇ ਨਾਲ ਸੀ, ਲੜੀ ਲੜਾਈ ਗਈ ।
ਘੇਰਿਆਂ ਸਿੰਘਾਂ ਨੂੰ, ਗੁਰਦਾਸ ਨੰਗਲ ਗੜ੍ਹੀ ਵਿਚ
ਪੈ ਗਏ ਦੁੱਖੜੇ ਉਠਾਣੇ । ਕੀ ਬਣੂ ਖਾਲਸੇ ਦਾ....
ਭੁੱਖ ਹੱਥੋਂ ਸਿੰਘ ਜਾਂ, ਲਾਚਾਰ ਹੋ ਗਏ ।
ਖੋਲ੍ਹ ਦਿੱਤੇ ਬੂਹੇ, ਗ੍ਰਿਫਤਾਰ ਹੋ ਗਏ ।
ਮਾਰ-ਮਾਰ ਤੇਗਾਂ ਸਿੰਘ ਝਟਕਾਏ ਗਏ ।
ਨੇਜ਼ਿਆਂ 'ਤੇ ਸੀਸ, ਸਿੰਘਾਂ ਦੇ ਟੰਗਾਏ ਗਏ ।
ਬੰਦਾ ਸਿੰਘ ਫੜ, ਪਿੰਜਰੇ 'ਚ ਪਾ ਦਿੱਤਾ ।
ਮਾਰ ਕੇ ਜੰਜ਼ੀਰਾਂ ਹਾਥੀ 'ਤੇ ਬਿਠਾ ਦਿੱਤਾ ।
ਮੁਗਲਾਂ ਨੇ ਕੀਤੀ ਕਤਲਾਮ ਸਿੰਘਾਂ ਦੀ ।
ਹਾਲਤ ਨਾ ਵੇਖੀ ਜਾਏ, ਗੁਲਾਮ ਸਿੰਘਾਂ ਦੀ ।
ਤੋਰ ਕੇ ਲਾਹੌਰੋਂ ਸੀ, ਪੁਚਾਏ ਸਾਰੇ ਦਿੱਲੀ ਵਿਚ ।
ਐਸੇ ਵਰਤ ਗਏ ਭਾਣੇ । ਕੀ ਬਣੂ ਖਾਲਸੇ ਦਾ....
ਸੱਤਾਂ ਦਿਨਾਂ ਵਿਚ ਸਿੰਘ ਮਰਵਾ ਦਿੱਤੇ ।
ਬਾਦਸ਼ਾਹ ਨੇ ਸਾਰੇ ਕਤਲ ਕਰਾ ਦਿੱਤੇ ।
ਖਾਲਸੇ ਦੇ ਯੋਧੇ ਜਰਨੈਲ ਮਾਰੇ ਗਏ ਗੱਭਰੂ ਹੁਸੀਨ ।
ਕਈ ਛੈਲ ਮਾਰੇ ਗਏ ਬੰਦਾ ਸਿੰਘ ਦੇ ਕੇ ।
ਤਸੀਹੇ ਮਾਰਿਆ ਮੁਗਲਾਂ ਨੇ ਬੜਾ ਜ਼ੁਲਮ ਗੁਜ਼ਾਰਿਆ ।
ਖਾਲਸੇ ਕੀਤੀ ਦੇਸ਼ 'ਚੋਂ ਸਫਾਈ ਗਈ ਇਕ ਵੇਰਾਂ ਗੱਲ ।
ਸਿੰਘਾਂ ਦੀ ਮੁਕਾਈ ਗਈ ਵੇਖ ਕੇ ਜ਼ੁਲਮ ਸਹਿਮੀ ।

ਦਿਲਬਰਾ ਲੁਕਾਈ ਸਾਰੀ ।
ਆਖਣ ਲੋਕ ਸਿਆਣੇ ।
ਕੀ ਬਣੂ ਖਾਲਸੇ ਦਾ, ਸੱਚਾ ਪਾਤਸ਼ਾਹ ਵਾਹਿਗੁਰੂ ਜਾਣੇ....
ਸਿੰਘ ਵੀ ਗਏ—ਸਰਦਾਰੀਆਂ ਵੀ ਗਈਆਂ ।
ਹਾਥੀ ਘੋੜੇ ਰਥ ਅਸਵਾਰੀਆਂ ਵੀ ਗਈਆਂ ।
ਬੰਦਾ ਸਿੰਘ ਗਿਆ, ਫੌਜਾਂ ਸਾਰੀਆਂ ਵੀ ਗਈਆਂ ।
ਖਾਲੀ ਹੋਏ ਟਿਕਾਣੇ ।
ਕੀ ਬਣੂ ਖਾਲਸੇ ਦਾ....

✫

## ਪੁੱਤਰਾਂ ਵਾਲਿਓ

ਤਰਜ਼—ਮਾਂ ਹੁੰਦੀ ਏ ਓ ਦੁਨੀਆਂ ਵਾਲਿਓ
ਮਾਵਾਂ 'ਚੋਂ ਇਕ ਮਾਂ ਓ ਪੁੱਤਰਾਂ ਵਾਲਿਓ ।
ਗੁਜਰੀ ਜਿਸ ਦਾ ਨਾਂ ਓ ਪੁੱਤਰਾਂ ਵਾਲਿਓ ।
ਧਰਮ ਲਈ ਸਰਬੰਸ ਲੁਟਾਇਆ ।
ਅਪਣਾ ਸਭ ਕੁਛ ਘੋਲ ਘੁਮਾਇਆ ।
ਪਤੀ ਪੁੱਤਰ ਤੇ ਪੋਤੇ ਵਾਰੇ ।
ਹੱਸ-ਹੱਸ ਭਾਣੇ ਮੰਨ ਲੈ ਸਾਰੇ ।
ਮੰਨਦਾ ਕੁੱਲ ਜਹਾਨ ।
ਓ ਪੁੱਤਰਾਂ ਵਾਲਿਓ ਮਾਵਾਂ 'ਚੋਂ ਇਕ ਮਾਂ ਓ....
ਪਤੀ ਨੂੰ ਵਿੱਦਿਆ ਕਰਕੇ ਮਾਤਾ ।
ਕਹਿਣ ਲੱਗੀ ਲੱਖ ਸ਼ੁਕਰ ਹੈ ਦਾਤਾ ।
ਲਾਲ ਗੋਬਿੰਦ ਨੂੰ ਗੋਦ ਬਿਠਾਇਆ ।
ਪੁੱਤਰ ਘੁੱਟ ਕੇ ਸੀਨੇ ਲਾਇਆ ।
ਹੰਝੂ ਡੋਹਲੇ ਨਾ
ਓ ਪੁੱਤਰਾਂ....
ਦੋ ਪੋਤੇ ਜਦ ਰਹਿ ਗਏ ਕੱਲੇ ।
ਥੋੜਾ ਜਿਹਾ ਕੁਛ ਧਨ ਸੀ ਪੱਲੇ ।
ਫੜ ਲੈ ਗਏ ਸਰਹੰਦ ਜਰਵਾਣੇ ।
ਤਿੰਨੇ ਰੱਖੇ ਭੁੱਖਣ ਭਾਣੇ ।
ਨਰਕੋਂ ਭੈੜੀ ਥਾਂ ।

ਓ ਪੁੱਤਰਾਂ ਵਾਲਿਓ ।
ਮਾਵਾਂ 'ਚੋਂ ਇਕ ਮਾਂ....
ਪੋਤਿਆਂ ਨੂੰ ਇਹ ਗੱਲ ਸੀ ਆਖੀ ।
ਬੇਟਾ ਕਰਨੀ ਧਰਮ ਦੀ ਰਾਖੀ ।
ਹੱਥੀਂ ਤੋਰੇ ਲਾਲ ਪਿਆਰੇ
'ਦਿਲਬਰ' ਛੱਡ-ਛੱਡ ਕੇ ਜੈਕਾਰੇ ।
ਉਚੀ ਕਰਕੇ ਬਾਂਹ ।
ਓ ਪੁੱਤਰਾਂ....
ਜਦ ਤੱਕ ਰਹੇਗੀ ਸ੍ਰਿਸ਼ਟੀ ਸਾਰੀ ।
ਅਮਰ ਰਹੇਗੀ ਮਾਤ ਪਿਆਰੀ ।
ਕਲਗੀਧਰ ਦਸਮੇਸ਼ ਦੀ ਮਾਤਾ ।
ਬਾਦਸ਼ਾਹ ਦਰਵੇਸ਼ ਦੀ ਮਾਤਾ ।
ਮਾਂ ਇਕ ਠੰਡੀ ਛਾਂ ।
ਓ ਪੁੱਤਰਾਂ ਵਾਲਿਓ....

✡

# ਸਿਰਤਾਜ ਸ਼ਹੀਦਾਂ

## ਤਰਜ਼-ਨਗੋਜ਼ੇ

ਪੰਜਵੇਂ ਸਤਿਗੁਰ ਅਰਜਨ ਦੇਵ ਜੀ, ਕਰਕੇ ਚੋਜ਼ ਮਹਾਨ ਗਏ।
ਗੁਰੂ ਨਾਨਕ ਦੀ ਗੱਦੀ ਬਹਿ ਕੇ, ਦੇ ਸਿੱਖੀ ਦਾ ਦਾਨ ਗਏ।
ਗੁਰੂ ਪਿਤਾ ਦੀ ਸੇਵਾ ਕਰਕੇ, ਦਰ 'ਤੇ ਹੋ ਪਰਵਾਣ ਗਏ।
ਸਹਿਨਸ਼ੀਲਤਾ ਦੀ ਹੱਦ ਕੀਤੀ, ਇਤਨੇ ਹੋ ਨਿਰਮਾਣ ਗਏ।
ਚੰਦੂ ਦਾ ਰਿਸ਼ਤਾ ਠੁਕਰਾ ਕੇ, ਸੰਗਤਾਂ ਦਾ ਰੱਖ ਮਾਣ ਗਏ।
ਸੱਚ ਧਰਮ ਤੋਂ ਅਣਖ ਵਾਸਤੇ, ਹੱਸ ਕੇ ਹੋ ਕੁਰਬਾਨ ਗਏ।
ਹਰ ਮੰਦਰ ਬਣਵਾਕੇ ਉੱਚੀ, ਕਰ ਸਿੱਖੀ ਦੀ ਸ਼ਾਨ ਗਏ।
ਅੰਮ੍ਰਿਤਸਰ ਦੇ ਤਲਾ 'ਚ ਲੋਕੀਂ, ਲੱਖਾਂ ਕਰ ਇਸ਼ਨਾਨ ਗਏ।
ਗੁਰੂ ਗ੍ਰੰਥ ਦੀ ਬੀੜ ਸਾਜਕੇ, ਸੱਚ ਦਾ ਵੰਡ ਗਿਆਨ ਗਏ।
ਗੁਰਬਾਣੀ ਦਾ ਚਾਣਨ ਦੇ ਕੇ, ਜੱਗ ਦੀ ਕਰ ਕਲਿਆਣ ਗਏ।
ਸੇਵਾ ਸਿਮਰਨ ਕੁਰਬਾਨੀ ਦਾ, ਉੱਚਾ ਗੱਡ ਨਿਸ਼ਾਨ ਗਏ।
ਤੱਤੀਆਂ ਤਵੀਆਂ ਉਤੇ ਬਹਿ ਕੇ, ਪਾ ਜਨਤਾ ਵਿਚ ਜਾਨ ਗਏ।
ਸਹਿ ਕੇ ਕਸ਼ਟ ਸ਼ਹੀਦੀ ਪਾਈ, ਕੌਮ ਨੂੰ ਕਰ ਬਲਵਾਨ ਗਏ।

ਦੇਗ ਦੇ ਵਿਚ ਉਬਾਲੇ ਤੱਕ ਕੇ, ਮੁਗਲਾਂ ਦੇ ਟੁੱਟ ਮਾਣ ਗਏ।
ਰਾਵੀ ਦੀਆਂ ਖ਼ੂਨੀ ਲਹਿਰਾਂ ਵਿਚ ਰੋੜ੍ਹ ਜਦ ਭਗਵਾਨ ਗਏ।
ਤੇਗਾਂ ਨਿਕਲ ਮਿਆਨੋਂ ਆਈਆਂ, ਆਕੜ ਤੀਰ ਕਮਾਨ ਗਏ।
ਸਿੱਖੀ ਨੂੰ ਰੰਗ ਨਵਾਂ ਚਾੜ੍ਹ ਗਏ ਸਤਿਗੁਰ ਦੇ ਬਲੀ ਦਾਨ ਗਏ।
'ਦਿਲਬਰ' ਉਹਦੇ ਚਰਣਾਂ ਤੋਂ, ਕੁੱਲ ਆਲਮ ਹੋ ਕੁਰਬਾਨ ਗਏ।

☆

## ਸ਼ਹੀਦੀ ਖ਼ੂਨ

ਸੁੱਤੀ ਕੌਮ ਅੰਗੜਾਈਆਂ ਹੈ ਲੈ ਉੱਠਦੀ,
ਇਨਕਲਾਬ ਵਾਲਾ ਰਸਤਾ ਖੁੱਲ੍ਹਦਾ ਏ।
ਡੌਲੇ ਜੋਸ਼ ਵਿਚ ਫਰਕਣ ਜਵਾਨੀਆਂ ਦੇ,
ਜਦੋਂ ਖ਼ੂਨ ਸ਼ਹੀਦਾਂ ਦਾ ਡੁੱਲ੍ਹਦਾ ਏ।

☆

## ਕੁਝ ਕਵਿਤਾਵਾਂ

ਕਵਿਤਾ ਮੇਰਾ 'ਈਮਾਨ' ਹੈ।
ਕਵਿਤਾ 'ਚ ਮੇਰੀ 'ਜਾਨ' ਹੈ।
ਸਚਿਆਈ ਹੈ ਕੁਛ 'ਗਿਆਨ' ਹੈ।
ਕੁਛ ਸੱਧਰਾਂ 'ਅਰਮਾਨ' ਹੈ।
ਕੁਛ ਸ਼ਰਧਾ ਹੈ 'ਸਨਮਾਨ' ਹੈ।
ਕੁਛ ਪਿਆਰ ਹੈ ਬਲੀਦਾਨ ਹੈ।
ਕੁਛ 'ਅਣਖ' ਹੈ ਤੇ ਆਨ ਹੈ।
ਕੁਛ 'ਮਾਣ' ਹੈ ਤੇ ਤਾਣ ਹੈ।
ਲਉਣਾ ਕਈਆਂ 'ਅਨਮਾਨ' ਹੈ।
ਕਿ ਕੀ ਵਿਸ਼ਾ ਪਰਧਾਨ ਹੈ।
ਇਹ ਕਲਾ ਨਿਰੀ ਕਲਾ ਨਹੀਂ।
ਇਹ ਜ਼ਿੰਦਗੀ ਦਾ ਬਿਆਨ ਹੈ।

'ਦਿਲਬਰ'

☆

# ਗੁਰੂ ਨਾਨਕ

ਇਕ ਜੋਤ ਇਲਾਹੀ ਅਰਸ਼ਾਂ ਦੀ ਅਰਸ਼ਾਂ ਤੋਂ ਆਈ ਧਰਤੀ 'ਤੇ।
ਧਰਤੀ ਦੀ ਕਿਸਮਤ ਜਾਗ ਪਈ ਫਿਰ ਗਈ ਦੁਹਾਈ ਧਰਤੀ 'ਤੇ।
ਖੁਸ਼ੀਆਂ ਵਿਚ ਆਸ਼ਕ ਲੋਕਾਂ ਨੇ ਅੱਡੀਂ ਨਹੀਂ ਲਾਈ ਧਰਤੀ 'ਤੇ।
ਧਰਤੀ ਦਾ ਕਣ-ਕਣ ਬੋਲ ਪਿਆ ਆ ਗਈ ਖੁਦਾਈ ਧਰਤੀ 'ਤੇ।
ਭਗਤੀ ਤੇ ਸ਼ਕਤੀ ਬੋਲ ਉਠੀ ਹੋ ਗਿਆ ਚਿੱਤ ਪ੍ਰਸੰਨ ਮੇਰਾ।
ਧਰਤੀ ਆਖੇ ਇਹ ਜੋਤ ਮਿਰੀ ਅਸਮਾਨ ਕਹੇ ਇਹ ਚੰਨ ਮੇਰਾ।
ਉਸ ਸਤਿਗੁਰ ਨਾਨਕ ਫੱਕਰ ਸੀ ਨਾ ਰਾਜਾ ਸੀ ਨਾ ਸ਼ਾਸ਼ਕ ਸੀ।
ਉਸ ਦੀ ਬਾਣੀ ਵਿਚ ਅੰਮ੍ਰਿਤ ਸੀ ਉਸ ਦਾ ਦਰਸ਼ਨ ਦੁੱਖ ਨਾਸ਼ਕ ਸੀ।
ਉਸ ਨੂੰ ਹਰ ਸ਼ਖ਼ਸ ਪਿਆਰਾ ਸੀ ਉਸ ਦਾ ਹਰ ਸ਼ਖਸ਼ ਉਪਾਸ਼ਕ ਸੀ।
ਉਹ ਖੁਦ ਆਸ਼ਕ ਕਰਤਾਰ ਦਾ ਸੀ ਕਰਤਾਰ ਉਸ ਦਾ ਆਸ਼ਕ ਸੀ।
ਗੰਗਾ ਦੀ ਧਾਰਾ ਤੋਂ ਨਿਰਮਲ ਉਸ ਮਹਾਂ ਪੁਰਖ ਦਾ ਹਿਰਦਾ ਸੀ।
ਦੁਨੀਆਂ ਰੱਬ ਲੱਭਦੀ ਫਿਰਦਾ ਏ ਰੱਬ ਉਸਨੂੰ ਲੱਭਦਾ ਫਿਰਦਾ ਸੀ।
ਖਬਰੇ ਕਿੱਦਾਂ ਦਾ ਜਾਦੂ ਸੀ ਉਸ ਮਾਹੀ ਦੇ ਦੀਵਾਨੇ ਵਿਚ।
ਦਿਲ ਵਾਲੇ ਲੱਖਾਂ ਆ ਪਹੁੰਚੇ ਦਿਲ ਲੈ ਕੇ ਨਜ਼ਰਾਨੇ ਵਿਚ।
ਉਸ ਨੇ ਵਰਤਾਈ ਜੋ ਮਸਤੀ ਲੋਕਾਂ ਨੂੰ ਉਸ ਜ਼ਮਾਨੇ ਵਿਚ।
ਉਹ ਨਾ ਸਾਕੀ ਦੀਆਂ ਨਜ਼ਰਾਂ ਵਿਚ ਨਾ ਲੱਭਦੀ ਏ ਮੈਖਾਨੇ ਵਿਚ।
ਜਿੱਧਰ ਵੀ ਕਦਮ ਗਏ ਉਸ ਦੇ ਉਸ ਤਰਫ ਬਹਾਰਾਂ ਆ ਗਈਆਂ।
ਉਸ ਦੇ ਸ਼ਬਦਾਂ ਦੀਆਂ ਖੁਸ਼ਬੋਆਂ ਜੱਗ ਦਾ ਜੀਵਣ ਮਹਿਕਾ ਗਈਆਂ।
ਮਜ਼ਹਬ ਦੇ ਠੇਕੇਦਾਰਾਂ ਨੇ ਜਾ ਬਾਬਰ ਨੂੰ ਭੜਕਾ ਦਿੱਤਾ।
ਦੁਸ਼ਟਾਂ ਇਲਜ਼ਾਮ ਬ਼ਗਾਵਤ ਦਾ, ਉਸ ਰੱਬ ਰੂਪ 'ਤੇ ਲਾ ਦਿੱਤਾ।
ਓਹ ਠੱਗ ਨਹੀਂ ਸੀ ਫੱਕਰ ਸੀ, ਉਸਨੇ ਵੀ ਖੇਲ ਵਿਖਾ ਦਿੱਤਾ।
ਚੱਕੀਆਂ ਨੇ ਆਪੇ ਘੁੰਮ-ਘੁੰਮ ਕੇ, ਹਾਕਮ ਸੋਚਾਂ ਵਿਚ ਪਾ ਦਿੱਤਾ।
ਪਾਪੀ ਦਾ ਸੀਨਾ ਧੜਕ ਗਿਆ, ਸ਼ਾਹੀ ਸਿੰਘਾਸਨ ਡੋਲ ਗਿਆ।
ਚਰਣਾਂ 'ਤੇ ਡਿੱਗ ਗਿਆ ਰਾਜ ਮੁਕਟ, ਗੁਰੂ ਨਾਨਕ ਬੋਲ ਗਿਆ।

ਸਵਰਾਜ ਕੌਰ ਐਮ.ਏ, ਬੀ.ਐਡ

✫

# ਖਾਲਸਾ ਪੰਥ

ਮੇਰੇ ਸਤਿਗੁਰ ਕਲਗੀਧਰ ਨੇ ਇਹ ਪੰਥ ਸਜਾਇਆ।
ਇਹਨੂੰ ਅੰਮ੍ਰਿਤ ਖੰਡੇਧਾਰ ਦਾ, ਉਹਨਾਂ ਆਪ ਛਕਾਇਆ।
ਇਹ ਧਰਮ ਲਈ ਕੁਰਬਾਨੀਆਂ, ਹੈ ਕਰਦਾ ਆਇਆ।
ਇਹਨੇ ਹਰ ਜ਼ਾਲਮ ਸਰਕਾਰ ਨਾਲ, ਹੈ ਮੱਥਾ ਲਾਇਆ।
ਇਹ ਡਰਿਆ ਕਦੇ ਨਹੀਂ ਮੌਤ ਤੋਂ, ਕਦੇ ਨਹੀਂ ਘਬਰਾਇਆ।
ਇਹਨੇ ਦੁਸ਼ਟਾਂ ਤਾਂਈ ਸੋਧਿਆ, ਖੰਡਾ ਲਿਸ਼ਕਾਇਆ।
ਹਰਿਮੰਦਰ ਤਖ਼ਤ ਅਕਾਲ 'ਤੇ ਜਿਸ ਹੱਥ ਉਠਾਇਆ।
ਇਹਨੇ ਕੋਈ ਜ਼ਾਲਮ ਨਹੀਂ ਛੱਡਿਆ, ਹੈ ਮਾਰ ਮੁਕਾਇਆ।
ਇਹਦੀ ਪੈਜ ਜੁਗੋ-ਜੁਗ 'ਦਿਲਬਰਾ' ਗੁਰੂ ਰੱਖਦਾ ਆਇਆ।

✡

# ਐਟਮ ਦੀ ਚਿਣਗ

ਕਿਸ ਗੀਤ ਮੇਰਾ ਖੋਹ ਲਏ ਮਹਿਫਲ ਨੂੰ ਅੱਗ ਲਾ ਦਿੱਤੀ ।
ਸੰਧੂਰ ਵਿਚ ਬਾਰੂਦ ਦੀ, ਅੱਜ ਜ਼ਹਿਰ ਕਿਸ ਮਿਲਾ ਦਿੱਤੀ ।
ਫੁੱਲਾਂ ਨੂੰ ਹਾਏ ਮਸਲਿਆ, ਕੋਇਲਾਂ ਦਾ ਗਲਾ ਘੁੱਟਿਆ ।
ਦੁੱਧ ਚਿੱਟੇ ਅਮਨ ਵਿਚ ਕਾਂਜੀ ਹੈ ਕਿਸਨੇ ਪਾ ਦਿੱਤੀ ।
ਧਰਤੀ ਦਾ ਦਿਲ ਜ਼ਖਮੀ ਹੋਇਆ, ਅੰਬਰ ਨੇ ਧਾਹਾਂ ਮਾਰੀਆਂ ।
ਇਨਸਾਨੀਆਂ ਦੇ ਮੱਥੇ 'ਤੇ, ਕਾਲਖ ਜਿਹੀ ਹੈ ਲਾ ਦਿੱਤੀ ।
ਮਾਸੂਮ ਦਿਲ ਬੱਚਿਆਂ ਦੇ ਇਹ, ਕਿਸਨੇ ਪੰਘੂੜੇ ਸਾੜ ਤੇ ।
ਮਜ਼ਹਬ ਦੇ ਨਾਂ ਸ਼ੈਤਾਨ ਨੇ, ਵੰਡੀ ਦਿਲਾਂ ਵਿਚ ਪਾ ਦਿੱਤੀ ।
ਉਠੋ ਵੇ ਅਮਨਾਂ ਵਾਲਿਓ ਹੁਣ ਜੰਗ ਬਾਜਾਂ ਨੂੰ ਫੜੋ ।
ਧਰਤੀ ਦੀ ਹਿੱਕ ਲੂਹਣ ਨੂੰ, ਇਹ ਮੌਤ ਕਿਉਂ ਬਰਸਾ ਦਿੱਤੀ ।
ਮਨੁੱਖਤਾ ਦੀ ਹੂਕ ਹੈ, ਇਹ ਚਮਨ ਵੱਸਦਾ ਰੱਖ ਲਓ ਨਹੀਂ ਬੁੱਝਣੀ ।
ਜੇ ਕਿਸ ਨੇ ਐਟਮ ਦੀ ਚਿਣਗ ਲਾ ਦਿੱਤੀ ।

*ਦਿਲਜੀਤ ਸਿੰਘ 'ਦਿਲਬਰ' ਐਮ.ਐਸ.ਸੀ. (ਇੰਗਲੈਂਡ)*

✡

# ਹਾਲ ਬੀਮਾਰਾਂ ਦਾ

(ਗ਼ਜ਼ਲ)

ਕੀ ਪੁੱਛਦੇ ਹੋ ਹਾਲ ਬੀਮਾਰਾਂ ਦਾ । ਮਜ਼ਬੂਰਾਂ ਦਾ ਗ਼ਮਖਾਰਾਂ ਦਾ।
ਕੁਲ ਆਲਮ ਆਇਆ ਖਬਰ ਲਈ, ਹਮਦਰਦੀ ਦਾ ਹੜ੍ਹ ਵਗ ਤੁਰਿਆ।
ਜ਼ਿੰਦ ਤਰਸੇ ਜੀਹਦੇ ਦਿਲਾਸੇ ਨੂੰ, ਇਕ ਖਤ ਵੀ ਨਾ ਆਇਆ ਯਾਰਾਂ ਦਾ।
ਤਕਦੀਰ ਨੇ 'ਹੀਰ' ਮਿਲਾ ਦਿੱਤੀ, ਜ਼ਿੰਦ ਹੌਕਿਆਂ ਨਾਲ ਸੁਕਾ ਦਿੱਤੀ।
ਨਾ ਵਾਗੀ ਸੀ ਨਾ ਜੋਗੀ ਸੀ, ਪੁੱਤ ਚੌਧਰੀਆਂ ਸਰਦਾਰਾਂ ਦਾ।
ਨਾ ਹੁਸਨ ਦੇ ਅੰਦਰ ਕੋਸ਼ਿਸ਼ ਰਹੀ, ਨਾ ਜ਼ੋਰ ਇਸ਼ਕ ਦੀਆਂ ਹੂਕਾਂ ਵਿਚ।
ਸੁਰਮਾਏ ਦੇ ਇਸ ਜੁੱਗ ਅੰਦਰ, ਬਸ ਪਿਆਰੇ ਵਿਕੇ ਜ਼ੋਰਦਾਰਾਂ ਦਾ।
ਅੱਜ ਨਾ ਕੋਈ ਚਾਰੇ ਮੱਝੀਆਂ ਨੂੰ, ਤੇ ਨਾ ਕੋਈ ਤਰੇ ਝਨਾਵਾਂ ਨੂੰ।
ਨਾ ਮਹੀਂਵਾਲ ਨਾ ਸੋਹਣੀ ਹੈ, ਜੁਗ ਲੰਘ ਗਿਆ ਘੁਮਿਆਰਾਂ ਦਾ।
ਨਾ ਗੀਤ ਸੁਣੀਂ ਦੇ ਤੀਆਂ ਦੇ, ਨਾ ਸਈਆਂ ਪੀਘਾਂ ਝੂਟਦੀਆਂ।
ਬੱਸ ਸਾੜ੍ਹੀ ਸੁਰਖੀ ਪਾਊਡਰ ਲਾ, ਝੁੰਡ ਨਿਕਲਦਾ ਮੁਟਿਆਰਾਂ ਦਾ।
ਕੋਇਲਾਂ ਦੇ ਨਗਮੇਂ ਮੁੱਕਗੇ ਨੇ, ਬੁਲਬੁਲ ਦੇ ਗੀਤ ਖਾਮੋਸ਼ ਹੋਏ।
ਨਾ ਭੌਰੇ ਨੇ ਨਾ ਤਿੱਤਲੀਆਂ, ਗਿਆ ਮੌਸਮ ਕਿੱਧਰ ਬਹਾਰਾਂ ਦਾ।
ਕਦੇ ਜੰਡ ਹੇਠਾਂ ਕਦੇ ਨਹਿਰਾਂ ਵਿਚ, ਪਿਆਰਾਂ ਦੇ ਚਸ਼ਮੇ ਸੁੱਕ ਗਏ ਨੇ।
ਇਸ 'ਵਾਟਰ ਗੇਟ' ਸਕੈਂਡਲ ਵਿਚ, ਵੱਸ ਚੱਲਿਆਂ ਨਾ ਹੁਸ਼ਿਆਰਾਂ ਦਾ।
ਨਾ ਕੈਦੋ ਨੂੰ ਕਿਸੇਂ ਪੁੱਛਣਾ ਏਂ, ਨਾ ਚੱਲਣੇ ਤੀਰ ਸ਼ਮੀਰਾਂ ਦੇ।
ਚਰਚਾ ਹੋਊ ਹਰ ਮਹਿਫਲ ਵਿਚ, 'ਦਿਲਬਰ' ਦਾ ਜਾਂ ਦਿਲਦਾਰਾਂ ਦਾ।

*ਦਿਲਜੀਤ ਸਿੰਘ 'ਦਿਲਬਰ' ਐਮ.ਐਸ.ਸੀ. (ਇੰਗਲੈਂਡ)*

✡

# ਰਿਸ਼ੀ ਬਾਲਮੀਕ

*ਮਹਾਂ ਰਿਸ਼ੀ ਬਾਲਮੀਕ ਨੇ, ਮੇਰੇ ਦੇਸ਼ ਦੀ ਲਾਜ਼ ਬਚਾਈ ।*
*'ਰਾਮ' ਅਵਤਾਰ ਦੀ ਕਥਾ, ਲੋਕਾਂ ਤੱਕ ਉਹਦੀ ਕਲਮ ਨੇ ਪੁਚਾਈ ।*

*'ਮਹਾਂ ਸਤੀ' ਸੀਤਾ ਮਾਤਾ ਨੇ, ਜਦੋਂ ਬਿਨ੍ਹਾਂ ਹੀ ਗੁਨਾਹੋਂ ਸਜ਼ਾ ਪਾਈ ।*
*ਰਾਜ ਭਾਗ ਦੋਵੇਂ ਖੁੱਸ ਗਏ, ਪਿਆਰੇ ਪਤੀ ਨਾਲੋਂ ਪੈ ਗਈ ਜੁਦਾਈ ।*
*ਧਰਤੀ 'ਪੰਜਾਬ' ਸ਼ੇਰਾਂ ਦੀ, ਏਥੇ ਬਣਕੇ ਸਵਾਲਣ ਆਈ ।*
*ਮਹਾਂ ਰਿਸ਼ੀ ਬਾਲਮੀਕ ਨੇ.......*

ਮਹਾਂ ਵਿਦਵਾਨਾਂ 'ਸੰਤ' ਨੇ ਹੈ ਸੀ ਜੰਗਲਾਂ 'ਚ ਮੰਗਲ ਲਾਇਆ ।
'ਭਾਰਤ' ਦੀ ਆਣ 'ਸੀਤਾ' ਨੇ ਉਹਦੇ ਚਰਨਾਂ 'ਚ ਸੀਸ ਝੁਕਾਇਆ ।
'ਕੁੱਖ 'ਚ ਨਿਸ਼ਾਨੀ' ਪਤੀ ਦੀ ਉਹਦੀ ਜ਼ੁੰਮੇਵਾਰੀ ਰਿਸ਼ੀ ਨੇ ਉਠਾਈ ।
ਮਹਾਂ ਰਿਸ਼ੀ ਬਾਲਮੀਕ ਨੇ........

ਮੇਰੇ ਦੇਸ਼ ਦੀ ਲਾਜ਼ ਬਚਾਈ, 'ਲਊ' 'ਕੁਸ਼ੂ' ਯੋਧੇ ਦੇਸ਼ ਦੇ,
ਹੈ ਸੀ ਜਨਮੇ ਰਿਸ਼ੀ ਦੇ ਡੇਰੇ, ਸਿੱਖ ਕੇ 'ਧੁਨਸ਼' ਵਿੱਦਿਆ ।
ਉਹਨਾਂ 'ਰਾਮ' ਦੇ ਬਹਾਦਰ ਘੇਰੇ ।
ਫੜ ਲਿਆ ਘੋੜਾ ਬਾਪ ਦਾ, ਬੜੀ ਸੂਰਮਿਆਂ ਲੜੀ ਸੀ ਲੜਾਈ ।
ਮਹਾਂ ਰਿਸ਼ੀ ਬਾਲਮੀਕ....

ਲਿਖ ਕੇ 'ਰਮਾਇਣ' ਰਿਸ਼ੀ ਨੇ, ਤਰੇਤਾ ਯੁੱਗ ਦਾ ਗਰੰਥ ਬਣਾਇਆ ।
ਉਹ 'ਯੋਧਾ' ਵਿਦਵਾਨ 'ਸੰਤ' ਸੀ, ਉਹਦਾ ਜੱਸ ਹੈ 'ਦਿਲਬਰ' ਗਾਇਆ।
ਅੱਜ ਉਹਦੇ ਜਨਮ ਦਿਨ ਦੀ, ਦਿਆਂ ਲੱਖ-ਲੱਖ ਸਭ ਨੂੰ ਵਧਾਈ ।
ਮਹਾਂ ਰਿਸ਼ੀ ਬਾਲਮੀਕ ਨੇ ਮੇਰੇ ਦੇਸ਼ ਦੀ ਲਾਜ ਬਚਾਈ ।
'ਰਾਮ' ਅਵਤਾਰ ਦੀ ਕਥਾ, ਲੋਕਾਂ ਤੱਕ ਉਹਦੀ ਕਲਮ ਨੇ ਪਹੁੰਚਾਈ ।

✫

# ਗਾਉਂਦਾ ਦਿਲਬਰ

# ਗੀਤਾਂ ਵਿਚ ਰੱਬ ਵੱਸਦਾ

'ਸੂਰਜ ਚੰਦ' ਸਿਤਾਰੇ ਸੁੰਦਰਤਾਈ ਦਾ ਰੂਪ ਹਨ। ਅਕਾਸ਼ ਦੀ ਵਿਸ਼ਾਲਤਾ ਬ੍ਰਹਿਮੰਡਾਂ ਦੀ ਬਹੁਲਤਾ ਤੇ ਕੁਦਰਤ ਦੀ ਬੇਅੰਤਤਾ ਦਰਸਾ ਰਹੀ ਹੈ। ਸਹਿਰਾਵਾਂ ਵਿਚ ਪਸਰ ਰਹੀ ਚਾਂਦੀ ਕੋਈ ਪ੍ਰਤੱਖ ਝਾਕੀ ਹੈ। ਅਨੋਖਾ ਨਜ਼ਾਰਾ ਹੈ। ਧਰਤੀ ਤੇ ਸੋਨਾ ਉਗਲਦੇ ਖੇਤ ਅਮੀਰ ਜੰਗਲ ਪਹਾੜਾਂ ਦੀ ਹਿੱਕ 'ਚ ਲੁਕੇ ਹੀਰੇ ਲਾਲ ਜਵਾਹਰਾਤ ਸਾਗਰ ਦੀ ਤਹਿ ਵਿਚ ਲੁਕੇ ਮੋਤੀ ਕੁਦਰਤ ਦੇ ਖ਼ਜਾਨਿਆਂ ਦਾ ਭੇਤ ਦੱਸ ਰਹੇ ਹਨ। ਕੁਦਰਤ ਦਾ ਕਾਦਰ ਜ਼ਰਰੇ ਵਿਚ ਸਮਾਇਆ ਆਪਣਾ ਰਚਿਆ ਤਮਾਸ਼ਾ ਆਪ ਵੇਖ-ਵੇਖ ਅਨੰਦ ਹੋ ਰਿਹਾ ਹੈ।

ਹਕੀਕਤ ਏਕ ਹੈ ਹਰ ਸ਼ੈ ਕੀ ਖਾਕੀ ਹੋ ਜਾਂ ਨੂਰੀ ਹੋ,
ਲਹੂ 'ਖੁਰਸ਼ੀਦ' ਕਾ ਨਿਕਲੇ ਅਗਰ ਜ਼ਰਰੇ ਕਾ ਦਿਲ ਚੀਰੇ।

*(ਡਾਕਟਰ ਇਕਬਾਲ)*

ਉਸ ਮਾਲਕ ਨੂੰ ਪੌਣ ਗਾਉਂਦੀ ਹੈ, ਪਾਣੀ ਗਾਉਂਦਾ ਹੈ। ਬੈਸੰਤਰ, ਬਨਾਸਪਤੀ, ਪੰਛੀ ਸਭ ਗਾ ਰਹੇ ਹਨ। ਸਾਰਾ ਸੰਸਾਰ ਗਾ ਰਿਹਾ ਹੈ। (ਗਾਵਣ ਤੁਧਨੋ ਪਉਣ ਪਾਣੀ ਬੈਸੰਤਰ ਗਾਵਹਿ...) ਅਕਾਸ਼ ਦੇ ਥਾਲ ਵਿਚ ਦੀਵੇ ਜਗ ਰਹੇ ਹਨ ਸੂਰਜ ਤੇ ਚੰਦ, ਪਵਣ ਚੌਰ ਕਰ ਰਹੀ ਹੈ। ਬਨਾਸਪਤੀ ਖੁਸ਼ਬੋਆਂ ਭਰੀ ਧੂਪ ਦੇ ਰਹੀ ਹੈ। ਉਸ ਕਰਤੇ ਦੀ ਆਰਤੀ ਹੋ ਰਹੀ ਹੈ (ਗਗਨ ਮੈ ਥਾਲ ਰਵਿ ਚੰਦ ਦੀਪਕ ਬਣੇ ਤਾਰਿਕਾ......) ਉਹ ਮਾਲਕ ਪੌਣ ਤੇ ਪਾਣੀ ਬਨਾਸਪਤੀ ਦੇ ਖਾਮੋਸ਼ ਗੀਤਾਂ ਨੂੰ ਸੁਣ ਰਿਹਾ ਹੈ। ਗੁਰੂ ਸਾਹਿਬ ਨੇ ਵੀ ਬਾਣੀ ਰਾਗਾਂ ਵਿਚ ਗਾਉਣ ਵਾਸਤੇ ਲਿਖੀ ਹੈ।

ਜਿਵੇਂ ਪਿਆਰ ਵਿਚ ਮਿਠਾਸ ਹੈ ਜਿਵੇਂ ਗਲਵੱਕੜੀ ਵਿਚ ਅਨੋਖੀ ਬਿਜਲੀ ਦੀ ਰਓ ਹੈ। ਜਿਵੇਂ ਤੰਦਰੁਸਤੀ ਵਿਚ ਅਨੰਦ ਹੈ। ਜਿਵੇਂ ਭੁੱਖ ਵਿਚ ਕੋਈ ਅਨੁਭਵਤਾ ਤੇ ਖੁਰਾਕ ਵਿਚ ਸੰਤੁਸ਼ਟਤਾ ਹੈ ਜਿਵੇਂ ਸ਼ੁਭ ਇੱਛਾਵਾਂ ਵਿਚ ਸ਼ਾਂਤੀ ਤੇ ਹੱਸਣ ਵਿਚ ਖੇੜਾ ਹੈ। ਜਿਵੇਂ ਹਮਦਰਦੀ ਵਿਚ ਮਿਲਾਪ ਫੁੱਲਾਂ ਵਿਚ ਕੋਈ ਸੁਨੇਹਾ ਤੇ ਪੰਛੀਆਂ ਵਿਚ ਕੋਈ ਸੰਗੀਤ ਹੈ, ਇਸ ਤਰ੍ਹਾਂ ਗੀਤਾਂ ਵਿਚ ਰੱਬ ਤੇ ਰੱਬ ਵਿਚ ਗੀਤ ਹਨ।

*ਮੇਰੇ ਗੀਤਾਂ ਵਿਚ ਵੱਸਦਾ ਰੱਬ ਨੀ।*

ਮੋਹਨ ਸਿੰਘ ਮਾਹਿਰ ਦੇ ਖੂਹ ਉਤੇ ਰੱਬ ਵੱਸਦਾ ਮੇਰੇ ਗੀਤਾਂ ਵਿਚ ਰੱਬ ਵੱਸਦਾ ਹੈ। ਗੀਤ ਪੜ੍ਹ ਨਹੀਂ ਗਾਵੇ ਜਾਂਦੇ ਹਨ। ਇਸ ਲਈ ਦਿਲਬਰ ਗਾਉਂਦਾ ਹੈ।

ਲਾ ਪਾ ਕੇ ਇਹ ਮੇਰੀ ਗੀਤਾਂ ਦੀ ਚੌਥੀ ਪੁਸਤਕ ਹੈ, ਪਹਿਲੇ 'ਦਿਲਬਰ ਦੇ

ਗੀਤ' ਛਾਪੇ ਜਿਸ ਦੀਆਂ ਚੌਦਾਂ ਐਡੀਸ਼ਨਾਂ ਹੱਥੋ-ਹੱਥੀ ਵਿਕ ਗਈਆਂ ਹਨ। ਅਜੇ ਬਰਾਬਰ ਮੰਗ ਜਾਰੀ ਹੈ ਫਿਰ 'ਦਿਲਬਰ ਤਰਾਨੇ' ਤੇ ਫਿਰ 'ਦਿਲਬਰ ਸੰਗੀਤ' ਛਪੇ ਜੋ ਪਾਠਕਾਂ ਨੇ ਕਾਫੀ ਜ਼ਿਆਦਾ ਪਸੰਦ ਕੀਤੇ। ਭਾਵੇਂ ਪ੍ਰਸੰਗਾਂ ਤੇ ਕਵਿਤਾਵਾਂ ਦੀ ਉਮੰਗ ਵੀ ਕਾਫੀ ਹੈ ਪਰ ਗੀਤਾਂ ਦੀ ਉਮੰਗ (ਭਾਵੇਂ ਧਾਰਮਿਕ ਹੋਣ ਤੇ ਭਾਵੇਂ ਸ਼ਿੰਗਾਰ ਰਸ ਦੇ ਲੋਕ ਗੀਤ) ਮੈਨੂੰ ਕੁਝ ਵਧੇਰੇ ਜਾਪੀ ਹੈ। ਸੈਂਕੜੇ ਚਿੱਠੀਆਂ ਪ੍ਰਸੰਸਾ ਦੀਆਂ ਪੁੱਜੀਆਂ ਹਨ। ਸੱਚਮੁੱਚ ਇਹ ਯੁੱਗ ਗੀਤਾਂ ਦਾ ਹੈ। ਉਮੀਦ ਕਰਦਾ ਹਾਂ ਪਾਠਕ ਅੱਗੇ ਵਾਂਗ ਹੀ ਹੌਂਸਲਾ ਵਧਾਉਣਗੇ ਤੇ ਚੰਗੀ-ਮੰਦੀ ਰਾਏ ਲਿਖ ਕੇ ਭੇਜਣਗੇ।

ਅਪ੍ਰੈਲ 1970 ਗਿ: ਦਇਆ ਸਿੰਘ
ਨਵਾਂ ਸ਼ਹਿਰ ਦੁਆਬਾ 'ਦਿਲਬਰ'
ਜ਼ਿਲ੍ਹਾ ਜਲੰਧਰ

# ਮੇਰੇ ਗੀਤਾਂ 'ਚ ਵੱਸਦਾ ਰੱਬ ਨੀ

ਮੇਰੇ ਗੀਤਾਂ 'ਚ ਵੱਸਦਾ ਰੱਬ ਨੀ ।
ਜੀਹਦਾ ਦਰਸ਼ਨ ਪਾਂਦੇ ਸਭ ਨੀ ।
ਹੁਸਨ ਗੀਤਾਂ ਵਿਚ,
'ਇਸ਼ਕ' ਗੀਤਾਂ ਵਿਚ,
ਗੀਤਾਂ ਵਿਚ ਪਿਆਰ ।
ਨਖਰੇ ਨਾਜ ਨਿਹੋਰੇ ਹਾਸੇ ।
ਗੀਤਾਂ ਵਿਚ ਨਿਖਾਰ ।
ਮੰਦਰ 'ਮਸਜਦ' ਨਾਲੋਂ ਏਥੇ,
ਛੇਤੀ ਪੈਂਦਾ ਲੱਭ ਨੀ ।
ਮੇਰੇ ਗੀਤਾਂ 'ਚ ਵੱਸਦਾ ਰੱਬ ਨੀ ।
ਬਿਰਹੋਂ ਕੁੱਠੇ ਰੂਪ ਨੇ,
ਜਜ਼ਬੇ ਗੀਤਾਂ ਵਿਚ ਹੀ ਖੋਹਲੇ ।
ਗੀਤਾਂ ਵਿਚ ਹੀ ਭਗਤਾਂ,
ਦੁੱਖੜੇ ਮਾਲਕ ਕੋਲ ਫਰੋਲੇ ।
ਸਾਜ਼ਾਂ ਨਾਲ ਇਹ,
'ਥਰਕਣ' 'ਲਿਸ਼ਕਣ'
ਬੜੀ ਨਿਆਰੀ ਛਬ ਨੀ ।
ਮੇਰੇ ਗੀਤਾਂ 'ਚ ਵੱਸਦਾ ਰੱਬ ਨੀ ।
'ਪੌਣ' ਪਾਣੀ ਬੈਸੰਤਰ ਪੰਛੀ,
ਗੀਤਾਂ ਦੇ ਮਤਵਾਲੇ ।
ਜ਼ਹਿਰੀ ਨਾਗ ਪੇਲਦੇ ਵੇਖੋ,
ਪੀ ਸੰਗੀਤ ਪਿਆਲੇ ।
ਹਿਰਦੇ 'ਚੋਂ ਜਦ ਗੀਤ ਉਮ੍ਹਲਦੇ,
ਉਠ-ਉਠ ਪੈਂਦਾ ਪੱਬ ਨੀ ।
ਮੇਰੇ ਗੀਤਾਂ 'ਚ ਵੱਸਦਾ ਰੱਬ ਨੀ ।
ਗੀਤਾਂ ਨਾਲ 'ਦਿਲਬਰ' ਰੁੱਸੇ,
ਲੱਖ ਦਿਲਦਾਰ ਮਨਾਏ ।
ਲੱਖ ਰਿਸ਼ੀਆਂ ਦੇ,
ਆਸਨ ਡੋਲੇ,

ਲੱਖ 'ਇੰਦਰ' ਮਸਤਾਏ ।
ਸ਼ਾਹਲਾ ! ਗੀਤ ਗਾਉਂਦਿਆਂ ਮੇਰਾ,
ਪ੍ਰੀਤਮ ਮਿਲ ਪੈਂਦਾ ਝੱਬ ਨੀ ।
ਮੇਰੇ ਗੀਤਾਂ 'ਚ ਵੱਸਦਾ ਰੱਬ ਨੀ ।
ਜੀਹਦਾ ਦਰਸ਼ਨ ਪਾਂਦੇ ਸਭ ਨੀ ।

✫

# ਪਹਿਲੋਂ ਬੰਧਨਾ ਮੇਰੀ

ਪਹਿਲੋਂ ਬੰਦਨਾ ਮੇਰੀ, ਇਕੋ 'ਪੁਰਖ' ਅਕਾਲ ਨੂੰ,
ਜਿਸ ਨੇ ਕੀਤਾ ਕੁੱਲ, ਚੁਰਾਸੀ ਦਾ ਪਸਾਰਾ।
ਤੱਤੇ ਥੰਮ੍ਹਾਂ ਵਿਚੋਂ ਰੱਖ ਲਿਆ 'ਪ੍ਰਹਿਲਾਦ' ਨੂੰ,
'ਨਰ ਸਿੰਘ' ਰੂਪ ਧਾਰ ਕੇ ਆਇਆ ਸਿਰਜਨਹਾਰਾ।
ਬਾਵਣ ਰੂਪ ਹੋ ਕੇ-ਬਲ ਰਾਜੇ ਨੂੰ ਛਲਿਆ ਸੀ,
ਛੋਟੇ 'ਧਰੂਹ ਭਗਤ' ਦਾ ਕੀਤਾ ਪਾਰ ਉਤਾਰਾ।
ਤਾਰਾਂ ਕੱਟ ਤੰਦਵੇ ਦੀਆਂ, ਹਾਥੀ ਰੱਖ ਲਿਆ ਸਾਗਰ 'ਚੋਂ,
'ਭਗਤ' ਕਬੀਰ ਜੀ ਦਾ ਕੀਤਾ ਆਣ ਭੰਡਾਰਾ।
ਲਾਜ ਦਰੋਪਤੀ ਦੀ ਰੱਖੀ ਆ 'ਭਗਵਾਨ' ਨੇ ।
ਮਾਰਿਆ ਜਦੋਂ ਸਤੀ ਨੇ ਭਰੀ ਸਭਾ ਵਿਚ ਨਾਹਰਾ।
ਨਾਨਕ ਰੂਪ ਧਾਰ ਕੇ, ਕਲਯੁੱਗ ਦੇ ਵਿਚ ਆ ਗਿਆ,
ਛੱਟਾ ਨਾਮ ਦਾ ਦੇ ਕੇ ਜਗਤ ਤਾਰਿਆ ਸਾਰਾ।
ਦਸਵੇਂ ਜਾਮੇ ਦੇ ਵਿਚ, 'ਅੰਮ੍ਰਿਤ' ਦਿੱਤਾ ਖੰਡੇ ਦਾ,
ਸਾਜਿਆ ਨਵਾਂ ਖਾਲਸਾ ਕੀਤਾ ਪੰਥ ਨਿਆਰਾ।
'ਦਿਲਬਰ' ਸਦਾ ਧਰਮ ਦਾ ਝੰਡਾ ਜੱਗ ਵਿਚ ਝੁੱਲੇਗਾ,
ਰਾਖਾ ਸੇਵਕਾਂ ਦਾ, ਆਪ ਸਤਿਗੁਰੂ ਪਿਆਰਾ।

✫

# ਚੰਨ ਮਾਤਾ ਤ੍ਰਿਪਤਾ ਦਾ

ਤਰਜ਼-ਚੰਨ ਮਾਤਾ ਗੁਜਰੀ ਦਾ ਸੁੱਤਾ ਕੰਢਿਆ ਸੀ ਸੇਜ.....
ਚੰਨ ਮਾਤਾ ਤ੍ਰਿਪਤਾ ਦਾ, ਸੁੱਤਾ ਥੱਕ ਕੇ ਵਣਾਂ ਦੀ ਛਾਵੇਂ।
'ਸੂਰਜ' ਦੀ ਹੋਸ਼ ਭੁੱਲ ਗਈ ਜਦੋਂ ਜਰਾ ਨਾ ਢਲੇ ਪਰਛਾਵੇਂ।

ਮੁੱਖੜੇ 'ਤੇ ਨੂਰ ਡਲ੍ਹਕੇ ਉਹਦੇ ਮੱਥੇ 'ਤੇ ਚਮਕਦੀ ਲਾਲੀ।
ਸੁੱਤੇ ਨੂੰ ਜਗਾਵੇ ਨਾ ਕੋਈ, ਸ਼ੇਸ਼ਨਾਗ ਪਿਆ ਕਰੇ ਰਖਵਾਲੀ।
ਪਹਿਰੇਦਾਰ ਰੱਬੀ ਜੋਤ ਦਾ ਚੌੜੀ ਫੰਨ ਬੈਠਾ ਮਾਰ ਕੇ ਵਲਾਵੇਂ।
ਚੰਨ ਮਾਤਾ ਤ੍ਰਿਪਤਾ ਦਾ ਸੁੱਤਾ.....

ਅੱਧ ਮੀਟੇ ਨੇਤਰਾਂ ਵਿਚੋਂ, ਦਿਸੇ ਕੋਟਾਂ ਬ੍ਰਹਿਮੰਡਾਂ ਦਾ ਨਜ਼ਾਰਾ।
ਝੱਲੂ ਕੌਣ ਵਾਰ ਸੂਰਮਾ, ਇਹਦੇ ਨੈਣਾਂ ਵਿਚ ਰੱਬੀ ਝਲਕਾਰਾ।
ਡੁੱਲ੍ਹਦਾ ਪਿਆਰ ਦਿਸਦਾ ਪਰ ਰਮਜ਼ਾਂ ਸਮਝਦੇ ਟਾਵੇਂ।
ਚੰਨ ਮਾਤਾ ਤ੍ਰਿਪਤਾ ਦਾ ਸੁੱਤਾ ਥੱਕ....

ਰੂਪ ਦੀ ਦੁਪਹਿਰ ਕੜਕੇ ਝਾਤੀ ਮਾਰਨ ਇੰਦ੍ਰ ਦੀਆਂ ਪਰੀਆਂ।
ਚੰਦ ਨੂੰ ਪਸੀਨਾ ਆ ਗਿਆ ਆਈਆਂ ਦੀਦ ਨੂੰ ਹਵਾਵਾਂ ਠਰੀਆਂ।
ਮਾਹੀ ਸੁੱਤਾ ਮੌਜ ਵਿਚ ਹੈ ਵੇਖੇ ਸੁਪਨੇ ਪਿਆਰ ਦੇ ਸੁਖਾਵੇਂ।
ਚੰਨ ਮਾਤਾ ਤ੍ਰਿਪਤਾ ਦਾ ਸੁੱਤਾ ਥੱਕ ਕੇ....

ਇਹਨੇ ਸਾਰਾ ਜੱਗ ਤਾਰਨਾ ਇਹਦੇ ਚਰਨਾਂ 'ਤੇ ਝੁਕਣਾ ਜਮਾਨੇ।
ਪੱਥਰ ਵੀ ਮੋਮ ਹੋਣਗੇ ਜਦੋਂ ਨਿਕਲੇ ਰਬਾਬ 'ਚੋਂ ਤਰਾਨੇ।
ਰਾਖਸ਼ਾਂ ਨੂੰ ਕਰੂ ਦੇਵਤੇ ਗੀਤ ਪਿਆਰ ਦੇ ਜਾਂ ਦਿਲਬਰ ਨੇ ਗਾਵੇ।
ਚੰਨ ਮਾਤਾ ਤਿਪ੍ਰਤਾ ਦਾ ਸੁੱਤਾ ਆਣ ਕੇ ਵਣਾਂ ਦੀ ਛਾਵੇਂ।
ਸੂਰਜ ਦੀ ਹੋਸ਼ ਭੁੱਲ ਗਈ ਜਦੋਂ ਜਰਾ ਨਾ ਢਲੇ ਪਰਛਾਵੇਂ।

☆

## ਬੀਬੀ ਨਾਨਕੀ ਦੀ ਯਾਦ

ਤਰਜ਼-ਮੁੱਲ ਵਿਕਦਾ ਸੱਜਣ ਮਿਲ ਜਾਵੇ....

ਵੀਰਾ ਆਵੇ ਤੇ ਫੁਲਕਾਂ ਛਕਾਵਾਂ,
ਮੈਂ ਦੀਦ ਪਾਵਾਂ ਰੱਜ-ਰੱਜ ਕੇ।
ਘਰੋਂ ਤੁਰ ਗਿਆ ਲਾ ਕੇ ਉਦਾਸੀ,
ਫਿਰੇ ਕੱਟਦਾ ਓਹ ਸਗ ਦੀ ਚੁਰਾਸੀ,
ਇਕ ਵਾਰੀ ਜੇ ਮੋੜੇ ਮੁਹਾਰਾਂ।
ਮੈਂ ਤਨ-ਮਨ ਠਾਰਾਂ.....
ਤੇ ਸ਼ੁਕਰ ਮਨਾਵਾਂ ਮੈਂ ਦੀਦ ਪਾਵਾਂ....
ਵੀਰਾ ਆਵੇ ਤੇ ਫੁਲਕਾਂ ਛਕਾਵਾਂ
ਮੈਂ ਦੀਦ ਪਾਵਾਂ ਰੱਜ-ਰੱਜ ਕੇ

ਅੱਜ ਕਾਂ ਵੀ ਬਨੇਰੇ ਤੇ ਬੋਲੇ
ਆਟਾ ਭੁੜਕੇ ਤੇ ਜੀਆ ਪਿਆ ਡੋਲੇ
ਜਾਹ ਉਡ ਜਾ ਵੇ ਕਾਲਿਆ ਕਾਵਾਂ
ਮੈਂ ਚੂਰੀਆਂ ਪਾਵਾਂ......
ਤੇਰਾ ਜੱਸ ਗਾਵਾਂ ਮੈਂ ਦੀਦ ਪਾਵਾਂ.....
ਵੀਰਾ ਆਵੇ ਤੇ ਫੁਲਕਾ ਛਕਾਵਾਂ
ਮੈਂ ਦੀਦ ਪਾਵਾਂ ਰੱਜ-ਰੱਜ ਕੇ ।
ਹੁਣੇ ਫੁਲਕੇ ਦੇ ਪੱਕਦਿਆਂ ਆਵੇ
'ਰੀਝਾਂ ਚਾਵਾਂ' ਦਾ ਭੋਜਨ ਖਾਵੇ
ਵੀਰੇ 'ਦਿਲਬਰ' ਨੂੰ ਗਲ ਨਾਲ ਲਾਵਾਂ
ਮੈਂ ਬਲ-ਬਲ ਜਾਵਾਂ ।
ਤੇ ਜ਼ਿੰਦੜੀ ਘੁਮਾਵਾਂ-ਮੈਂ ਦੀਦ ਪਾਵਾਂ....
ਵੀਰਾ ਆਵੇ ਤੇ ਫੁਲਕਾ ਛਕਾਵਾਂ
ਮੈਂ ਦੀਦ ਪਾਵਾਂ ਰੱਜ-ਰੱਜ ਕੇ ।
ਵੀਰਾ ਆ ਜਾ ਤੂੰ ਪਿਆਰ ਦੁਹਾਈ
ਸੋਹਲ ਭਾਬੀ ਦੀ ਰੂਹ ਕੁਮਲਾਈ
ਯਾਦ ਕਰਦੇ ਨਿੱਕੇ-ਨਿੱਕੇ ਬਾਲ
ਹੋਏ ਪਏ ਨਿਢਾਲ
ਮੈਂ ਕਿਵੇਂ ਪਰਚਾਵਾਂ......ਵੇ ਦੀਦ ਪਾਵਾਂ
ਵੀਰਾ ਆਵੇ ਤੇ ਫੁਲਕਾ ਛਕਾਵਾਂ
ਮੈਂ ਦੀਦ ਪਾਵਾਂ ਰੱਜ-ਰੱਜ ਕੇ

✡

## ਭੈਣ ਦੀਆਂ ਖੁਸ਼ੀਆਂ

ਤਰਜ਼-ਬਹਾਰੋਂ ਫੂਲ ਬਰਸਾਓ ਮੇਰਾ ਮਹਿਬੂਬ.....

ਨੀ ਸਈਓ ਘੋੜੀਆਂ ਗਾਓ, ਮੇਰਾ ਅੱਜ ਵੀਰ ਆਇਆ ਏ।
ਮੇਰੇ ਵਿਹੜੇ ਨੂੰ ਰੁਸ਼ਨਾਓ, ਮੇਰਾ ਅੱਜ ਵੀਰ ਆਇਆ ਏ।
ਗਿਆ ਪਾ ਕੇ ਜੁਦਾਈਆਂ ਨੂੰ ਸੀ ਬੜੀਆਂ ਮੁੱਦਤਾਂ ਹੋਈਆਂ।
ਜਿਹਨਾਂ ਦੇ ਵੀਰ ਤਰ ਜਾਂਦੇ ਉਹ ਭੈਣਾਂ ਜਿਉਂਦੀਆਂ ਮੋਈਆਂ
ਮਨਾਓ ਸ਼ਗਨ ਸਭ ਆਓ ਮੇਰਾ ਅੱਜ ਵੀਰ ਆਇਆ ਏ।
ਨੀ ਸਈਓ ਘੋੜੀਆਂ ਗਾਓ, ਮੇਰਾ....

ਰਿਸ਼ਮਾਂ ਚੰਦ ਨੇ ਪਾਈਆਂ ਨੇ ਬਰਸਾਂ ਦੇ ਹਨੇਰੇ ਤੇ।
ਕਾ ਅੱਜ ਬੋਲਦਾ ਮੁੜ-ਮੁੜ ਸੀ-ਤੜਕੇ ਦਾ ਬਨੇਰੇ ਤੇ।
ਖੁਸ਼ੀ ਵਿਚ ਚੂਰੀਆਂ ਪਾਓ ਮੇਰਾ ਅੱਜ ਵੀਰ ਆਇਆ ਏ।
ਨੀ ਸਈਓ ਘੋੜੀਆਂ ਗਾਓ, ਮੇਰਾ......

ਕਈ ਦਿਨ ਹੋ ਗਏ ਭਾਬੀ ਉਦਾਸੀ ਵਿਚ ਰਹਿੰਦੀ ਸੀ।
ਅੱਖਾਂ ਵਿਚ ਝੜੀ ਹੰਝੂਆਂ ਦੀ ਨਾ ਕੁਝ ਮੁੱਖੜੇ ਤੋਂ ਕਹਿੰਦੀ ਸੀ।
ਉਹਨੂੰ ਕੋਈ ਖਬਰ ਦਿਉ ਜਾਉ ਮੇਰਾ ਅੱਜ ਵੀਰ ਆਇਆ ਏ।
ਨੀ ਸਈਓ ਘੋੜੀਆਂ ਗਾਓ, ਮੇਰਾ......

ਮੈਂ ਰੀਝਾਂ ਨਾਲ 'ਦਿਲਬਰ' ਵੀਰ ਨੂੰ, ਫੁਲਕਾ ਛਕਾਵਾਂਗੀ।
ਮੈਂ ਉਹਦੇ ਚਰਨ ਚੁੰਮਾਂਗੀ ਮੈਂ ਸੀਨੇ ਨਾਲ ਲਾਵਾਂਗੀ।
ਨੀ ਦਰਸ਼ਨ ਅੱਖੀਉ ਪਾਉ; ਮੇਰਾ ਅੱਜ ਵੀਰ ਆਇਆ ਏ।
ਨੀ ਸਈਓ ਘੋੜੀਆਂ ਗਾਉ ਮੇਰਾ ਅੱਜ ਵੀਰ ਆਇਆ ਏ।
ਮੇਰੇ ਵਿਹੜੇ ਨੂੰ ਰੁਸ਼ਨਾਵੇ.....

✫

## ਸੱਚਾ ਸੌਦਾ

(ਤਰਜ਼-ਝੋਕ ਮੇਰੇ ਮੌਲਾ ਵਾਲੀ)

ਵੇਖ ਕੇ ਸਾਧੂ ਸਤਿਗੁਰ ਬਾਲੇ ਨੂੰ ਬੋਲਦੇ।
ਰਮਜ਼ਾਂ ਕੁਝ ਰੱਬੀ ਆਪਣੇ ਸੇਵਕ 'ਤੇ ਖੋਲ੍ਹਦੇ।
ਏਹੋ ਜਿਹੇ ਸੌਦ ਨੂੰ ਤਾਂ ਦੇਵਤੇ ਤੋਲਦੇ।
ਲੋਕ ਪਰਲੋਕ ਦ ਵਿਚ ਸੋਭਾ ਨੂੰ ਪਾਈਏ ਜੀ।
ਭੁੱਖੇ ਨੇ ਸਾਧ ਵਿਚਾਰੇ.....

ਸਭਨਾਂ ਨੂੰ ਪਿਆਰ ਕਰਨਾ ਫਰਜ਼ ਇਨਸਾਨ ਦਾ।
ਦੁਖਈਾਂ ਦੇ ਦਰਦ ਵੰਡੌਣੇ ਹਰ ਇਕ ਨਾ ਜਾਣਦਾ।
ਭਲਾ ਸਰਬੱਤ ਦਾ ਮੰਗੋ ਹੁਕਮ ਭਗਵਾਨ ਦਾ।
ਦਿਲ 'ਚ ਨਾ ਕਦੇ ਕਿਸੇ ਦਾ ਬੁਰਾ ਮਨਾਈਏ ਜੀ।
ਭੁੱਖੇ ਨੇ ਸੰਤ ਵਿਚਾਰੇ ਭੋਜਨ ਛਕਾਈਏ ਜੀ।
ਭੁੱਖੇ ਨੇ ਸਾਧ ਵਿਚਾਰੇ....

ਵੱਸਦਾ ਨਹੀਂ ਰੱਬ ਕਿਸੇ ਵੀ ਸੱਤਵੇਂ ਅਸਮਾਨ 'ਤੇ।

ਉਸਦੇ ਜਲਵੇ ਦਿਸਦੇ ਕੁਦਰਤ ਦੀ ਸ਼ਾਨ 'ਤੇ।
ਜਾਂ ਫਿਰ ਕਿਸੇ ਸਾਧ ਸੰਤ ਦੀ ਵੱਸਦਾ ਜ਼ਬਾਨ 'ਤੇ ।
ਮਾਲਕ ਦੇ ਦਰਸ਼ਨ ਉਹਦੀ ਖਲਕਤ 'ਚੋਂ ਪਾਈਏ ਜੀ ।
ਭੁੱਖੇ ਨੇ ਸੰਤ ਵਿਚਾਰੇ ਭੋਜਨ ਛਕਾਈਏ ਜੀ ।
ਭੁੱਖੇ ਨੇ ਸਾਧ ਵਿਚਾਰੇ.....

ਜਿਹੜਾਂ ਅਸੀਸਾਂ ਕਿਸੇ ਦੁਖੀਏ ਦੀਆਂ ਲੈਂਦਾ ਏ ।
ਭੁੱਖੇ ਨੂੰ ਅੰਨ੍ਹ ਛਕਾਵਾਂ ਸੁਖੀ ਉਹ ਰਹਿੰਦਾ ਏ ।
ਧਰਮੀਂ ਤੇ ਨੇਕ ਉਹਨੂੰ ਸਾਰਾ ਜੱਗ ਕਹਿੰਦਾ ਏ।
ਹਰ ਇਕ ਦੇ ਫੱਟਾਂ ਉਤੇ ਮੱਲ੍ਹਮ ਲਗਾਈਏ ਜੀ ।
ਭੁੱਖੇ ਨੇ ਸੰਤ ਵਿਚਾਰੇ ਭੋਜਨ ਛਕਾਇਆ । ਭੁੱਖੇ ਨੇ ਸਾਧ...

ਨਿੰਦਿਆ ਤੇ ਚੁਗਲੀ ਕੋਲੋਂ ਬਚ ਕੇ ਰਹੀਏ ਜੀ।
ਈਰਖਾ ਕਰ ਕੇ ਕਿਸੇ ਨਾਲ ਨਾ ਖਹੀਏ ਜੀ ।
ਮੁੱਖੋਂ ਸਦਾ ਸੱਚ ਬੋਲੀਦੇ ਝੂਠ ਨਾ ਕਹੀਏ ਜੀ।
ਕਦੇ ਨਾ ਆਈ ਮੁਸੀਬਤ ਵੇਖ ਘਬਰਾਈਏ ਜੀ।
ਭੁੱਖੇ ਨੇ ਸੰਤ ਵਿਚਾਰੇ ਭੋਜਨ ਛਕਾਈਏ ਜੀ ।
ਭੁੱਖੇ ਨੇ ਸਾਧ ਵਿਚਾਰੇ.....

ਉਠ ਕੇ ਜੋ ਅੰਮ੍ਰਿਤ ਵੇਲੇ ਕਰਦਾ ਇਸ਼ਨਾਨ ਨੂੰ ।
ਵੰਡ ਕੇ ਛਕਦਾ ਜਿਹੜਾ ਕਰਦਾ ਏ ਦਾਨ ਨੂੰ।
ਹਿਰਦੇ ਵਿਚ ਸਦਾ ਸਿਮਰਦਾ ਸੱਚੇ ਭਗਵਾਨ ਨੂੰ।
ਓਸ ਦਾ ਦਰਸ਼ਨ ਕਰਕੇ ਸੀਸ ਝੁਕਾਈਏ ਜੀ ।
ਭੁੱਖੇ ਨੇ ਸੰਤ ਵਿਚਾਰੇ ਭੋਜਨ ਛਕਾਈਏ ਜੀ ।
ਭੁੱਖੇ ਨੇ ਸਾਧ ਵਿਚਾਰੇ....

ਭਾਗਾਂ ਨਾਲ ਮਾਨਸ ਦੇਹੀ ਮਿਲਦੀ ਏਂ ਬੰਦੇ ਨੂੰ।
ਏਸ ਨੂੰ ਸਫਲ ਕਰੀਏ ਝੂਠੇ ਛੱਡ ਧੰਦੇ ਨੂੰ।
ਸੰਤਾਂ ਦੀ ਸੇਵਾ ਕਰਦੀ ਜਮਾਂ ਦੇ ਫੰਦੇ ਨੂੰ।
'ਦਿਲਬਰ' ਜੀ ਅੱਗੇ ਵਾਸਤੇ ਪੂਰਨੇ ਪਾਈਏ ਜੀ
ਭੁੱਖੇ ਨੇ ਸੰਤ ਵਿਚਾਰੇ ਭੋਜਨ ਛਕਾਈਏ ਜੀ ।
ਭੁੱਖੇ ਨੇ ਸਾਧ ਵਿਚਾਰੇ....

☆

# ਮਲਕ ਭਾਗੋ ਨੂੰ ਖਰੀਆਂ-ਖਰੀਆਂ

ਸੁਣਕੇ ਗੱਲ ਮਲਕ ਦੀ ਅਰਸ਼ੀ ਪ੍ਰੀਤਮ ਬੋਲਦੇ,
ਮੇਰੇ ਵਾਹਿਗੁਰੂ ਦੇ ਭਾਗੋ ਰੰਗ ਨਿਆਰੇ।
ਉਹਦੇ ਘਰ ਵਿਚ ਹੈ ਨਹੀਂ ਫਰਕ ਅਮੀਰ ਗਰੀਬ ਦਾ,
ਓਥੇ ਅਮਲਾਂ ਦੇ ਨਾਲ ਹੁੰਦੇ ਪਾਰ ਉਤਾਰੇ।
ਸਾਨੂੰ ਕੁੱਲੀ ਚੰਗੀ ਲਾਲੋ ਜਿਹੇ ਗਰੀਬਾਂ ਦੀ,
ਜਿਥੇ ਹਰੀ ਕੀਰਤਨ ਕਰਦੇ ਗੁਰੂ ਦੇ ਪਿਆਰੇ।
ਜਿਥੇ ਵਿਸ਼ੇ-ਵਿਕਾਰ ਤੇ ਚੱਲਦੇ ਦੌਰ ਪਿਆਲੇ ਦੇ,
ਰੱਬਾ ਕਰਕੇ ਉੱਜੜ ਜਾਣ ਉਹ ਮਹਿਲ-ਮੁਨਾਰੇ।
ਜੇ ਮਜ਼ਦੂਰ ਨੀਹਾਂ ਵਿਚ ਆਪਣਾ ਮੁੜ੍ਹਕਾ ਚੋਂਦੇ ਨਾ,
ਤੇਰੇ ਅੰਬਰ ਨਾਲ ਨਾ ਛੋਂਹਦੇ ਕਲਸ ਚੁਬਾਰੇ।
ਜਿਹੜੀ ਸੇਜ ਉਤੇ ਸੱਤ ਲੁੱਟੇ ਕਈ ਮੁਟਿਆਰਾਂ ਦੇ
ਕੁੰਭੀ ਨਰਕੋਂ ਭੈੜੇ ਤੇਰੇ ਪਲੰਘ ਨਿਵਾਰੇ।
ਲਾਹ ਕੇ ਖੱਲ ਗਰੀਬਾਂ ਕਿਰਤੀਆਂ ਤੇ ਮਜ਼ਦੂਰਾਂ ਦੀ,
ਤਿੱਲੇ ਨਾਲ ਕਢਾਏ ਜੋੜੇ ਬਦਨ ਸ਼ਿੰਗਾਰੇ।
ਧੱਕੇ ਨਾਲ ਘਿਉ ਦੇ ਪੀਪੇ ਖੋਹੇ ਕਿਸਾਨਾਂ ਤੋਂ,
ਮੱਝਾਂ ਜਬਰੀ ਚੋਈਆਂ ਕੱਟੇ ਭੁੱਖੇ ਮਾਰੇ।
ਤੇਰੇ ਪੂਰਿਆਂ ਦੇ ਵਿਚ ਹਉਕੇ ਨੇ ਮਜ਼ਲੂਮਾਂ ਦੇ,
ਤੇਰੇ ਤੜਕਿਆਂ ਦੇ ਵਿਚ ਭੁੱਜਣ ਚਾ ਕੁਵਾਰੇ।
ਤੇਰੇ 'ਖੀਰ ਕੜਾਹ' ਵਿਚ ਆਹਾਂ ਨੇ ਦੁਖਿਆਰ ਦੀਆਂ,
ਤੇਰੇ ਸ਼ਰਬਤ ਦੇ ਵਿਚ ਕਿਸੇ ਦੇ ਹੰਝੂ ਖਾਰੇ।
ਤੇਰੀਆਂ ਪੂਰੀਆਂ ਵਿਚੋਂ ਡੁਲ੍ਹਦੀ ਰੱਤ ਮਜ਼ਬੂਰਾਂ ਦੀ,
ਉਹ ਖੁਦ ਗਰਜ਼ ਸਾਧ ਨੇ ਖਾ ਜਿਹੜੇ ਡਕਾਰੇ।
ਐਸਾ ਭੋਜਨ ਪਾਇਆ ਤਨ-ਮਨ ਮੈਲਾ ਹੋਂਵਦਾ,
ਹਿਰਦੇ ਭਖਣ ਵਿਸ਼ੇ ਵਿਚ ਭੱਖਦੇ ਜਿਉਂ ਅੰਗਾਰੇ।
'ਦਿਲਬਰ' ਕੋਧਰੇ ਦੀ ਰੋਟੀ ਚੰਗੀ ਲੱਗਦੀ ਏ,
ਧਰਮ ਦੀ ਕਿਰਤ ਦੇ ਵਿਚੋਂ ਦੁੱਧ ਦੇ ਔਣ ਨਜ਼ਾਰੇ।

✡

# ਮੇਰੇ ਸਤਿਗੁਰ ਨਾਨਕ ਪਿਆਰੇ ਨੇ

## ਤਰਜ਼-ਜੁਗਨੀ

ਮੇਰੇ ਸਤਿਗੁਰ ਨਾਨਕ ਪਿਆਰੇ ਨੇ, ਕਈ ਲੱਖਾਂ ਪਾਪੀ ਤਾਰੇ ਨੇ ।
ਉਹ ਵਿਚ ਤਲਵੰਡੀ ਆਇਆ ਏ ।
ਉਹਨੇ ਸਾਰਾ ਜਗਤ ਨਿਵਾਇਆ ਏ ।
ਉਹਦੇ ਹੁਕਮ 'ਚ ਸਾਰੀ ਮਾਇਆ ਏ, ਵੀਰ ਮੇਰਿਆ ਸਤਿਗੁਰ.....
ਮੇਰੇ ਸਤਿਗੁਰ ਨਾਨਕ ਪਿਆਰੇ ਨੇ, ਕਈ......
ਉਹਨੂੰ ਲੋਕੀਂ ਸਿਜਦੇ ਕਰਦੇ ਨੇ ।
ਉਹਦੇ ਚਰਨਾਂ 'ਤੇ ਸਿਰ ਧਰਦੇ ਨੇ ।
ਤਿੰਨ ਲੋਕ ਉਸਦੇ 'ਬਰਦੇ' ਨੇ, ਵੀਰ ਮੇਰਿਆ ਸਤਿਗੁਰ......
ਮੇਰੇ ਸਤਿਗੁਰ ਨਾਨਕ ਪਿਆਰੇ ਨੇ, ਕਈ ਲੱਖਾਂ......
ਉਹਨੇ ਬਾਬਰ ਜਿਹੇ ਨਿਵਾ ਦਿੱਤੇ ।
ਚੱਕੀਆਂ ਦੇ ਚੱਕਰ ਭਵਾ ਦਿੱਤੇ ।
ਬੱਧੇ ਮਜ਼ਲੂਮ ਛੁਡਾ ਦਿੱਤੇ; ਵੀਰ ਮੇਰਿਆ ਸਤਿਗੁਰ.....
ਮੇਰੇ ਸਤਿਗੁਰ ਨਾਨਕ ਪਿਆਰੇ ਨੇ, ਕਈ ਲੱਖਾਂ ਪਾਪੀ....
ਉਹ ਨੀਚਾਂ ਦੇ ਘਰ ਜਾਂਦਾ ਸੀ ।
ਉਹ ਧਰਮੀਆਂ ਦਾ ਅੰਨ ਖਾਂਦਾ ਸੀ ।
ਉਹ ਰੱਬ ਦਾ ਨਾਮ ਜਪਾਂਦਾ ਸੀ, ਵੀਰ ਮੇਰਿਆ ਸਤਿਗੁਰ....
ਮੇਰੇ ਸਤਿਗੁਰ ਨਾਨਕ ਪਿਆਰੇ ਨੇ, ਕਈ ਲੱਖਾਂ ਪਾਪੀ......
ਉਹਨੇ ਭਾਗੋ ਦੀ ਅੱਖ ਖੋਹਲੀ ਸੀ ।
ਉਹਨੇ ਪੂਰੀਆਂ 'ਚੋਂ ਰੱਤ ਡੋਹਲੀ ਸੀ ।
ਉਹਨੇ ਲਾਲੋਂ ਤੋਂ ਜ਼ਿੰਦ ਘੋਲੀ ਸੀ, ਵੀਰ ਮੇਰਿਆ ਸਤਿਗੁਰ....
ਮੇਰੇ ਸਤਿਗੁਰ ਨਾਨਕ ਪਿਆਰੇ ਕਈ ਲੱਖਾਂ......
ਉਹਨੇ ਮੱਕੇ ਤਾਈਂ ਭਵਾਇਆ ਸੀ ।
ਉਹਨੇ ਗੜ੍ਹ ਬਗਦਾਦ ਨਿਵਾਇਆ ਸੀ ।
ਮੁਲਤਾਨ ਤੋਂ ਜਿੱਤਕੇ ਆਇਆ ਸੀ, ਵੀਰ ਮੇਰਿਆ ਸਤਿਗੁਰ.....
ਮੇਰੇ ਸਤਿਗੁਰ ਨਾਨਕ ਪਿਆਰੇ ਨੇ, ਕਈ......
ਉਹਨੂੰ ਮੱਥੇ ਟੇਕੇ ਪੀਰਾਂ ਨੇ ।
ਉਹਨੂੰ ਸਿਜਦੇ ਕਰੇ ਫ਼ਕੀਰਾਂ ਨੇ ।
ਉਹਦੀ ਨਜ਼ਰ 'ਚ ਕੋਈ ਅਕਸੀਰਾਂ ਨੇ ; ਵੀਰ ਮੇਰਿਆ ਸਤਿਗੁਰ-
ਮੇਰੇ ਸਤਿਗੁਰ ਨਾਨਕ ਪਿਆਰੇ ਨੇ, ਕਈ......

ਉਹਨੂੰ ਕਾਂਸ਼ੀ ਦੇ ਵਿਦਵਾਨ ਝੁਕੇ ।
ਸਿੱਧ ਨਾਥ ਵੀ ਹੋ ਹੈਰਾਨ ਝੁਕੇ ।
ਉਹਨੂੰ ਸਭ ਦਿਓਤੇ ਇਨਸਾਨ ਝੁਕ, ਵੀਰ ਮੇਰਿਆ ਸਤਿਗੁਰ.....
ਮੇਰੇ ਸਤਿਗੁਰ ਨਾਨਕ ਪਿਆਰੇ ਨੇ, ਕਈ....
ਉਹ ਜੱਗ ਦੀਆਂ ਝੋਲੀਆਂ ਭਰਦਾ ਏ ।
ਉਹਦਾ ਨਾਮ ਲਿਆ ਦਿਲ ਠਰਦਾ ਏ ।
ਉਹਦੀ ਦਿਲਬਰ ਪੂਜਾ ਕਰਦਾ ਏ, ਵੀਰ ਮੇਰਿਆ ਸਤਿਗੁਰ......
ਮੇਰੇ ਸਤਿਗੁਰ ਨਾਨਕ ਪਿਆਰੇ ਨੇ ਕਈ, ਲੱਖਾਂ ਪਾਪੀ ਤਾਰੇ ਨੇ ।

✲

# ਮਨੁੱਖਤਾ ਦਾ ਗੁਰੂ

## ਤਰਜ਼-ਨਗੋਜ਼ੇ

ਸਤਿਗੁਰ ਨਾਨਕ ਪ੍ਰੀਤਮ ਮੇਰਾ ਭੇਦ ਅਗੰਮੀ ਖੋਲ੍ਹ ਗਿਆ।
ਕਲਜੁਗ ਵਿਚ ਅਵਤਾਰ ਧਾਰ ਕੇ, ਰੱਬੀ ਬਾਣੀ ਬੋਲ ਗਿਆ।
ਭੁੱਲੀ ਭਟਕੀ ਦੁਨੀਆਂ ਲਈ ਓਹ ਗਾਡੀ ਰਸਤਾ ਟੋਲ ਗਿਆ।
ਸੱਚ ਧਰਮ ਦੀ ਤੱਕੜੀ ਉਤੇ, ਤੇਰਾਂ-ਤੇਰਾਂ ਤੋਲ ਗਿਆ।
ਜਿਥੇ ਠੱਗ ਪਾਖੰਡੀ ਤੱਕੇ ਚੱਲ ਕੇ ਉਹਨਾ ਕੋਲ ਗਿਆ।
ਸਭ ਨੂੰ ਦੇ ਉਪਦੇਸ਼ ਧਰਮ ਦਾ ਸੱਚ ਦੀ ਕਰ ਪੜਚੋਲ ਗਿਆ।
ਧਰਤੀ ਜਦੋਂ ਦੁਹਾਈਆਂ ਦਿੱਤੀਆਂ, ਧੌਲ ਧਰਮ ਸੀ ਡੋਲ ਗਿਆ।
ਮਿਟੀ ਧੁੰਦ ਜੱਗ ਚਾਨਣ ਹੋਇਆ, ਨੇਕੀ ਦਾ ਵੱਜ ਢੋਲ ਗਿਆ।
ਕਿਰਤ ਕਮਾਈ ਧਰਮ ਦੀ ਦੱਸੀ ਪੂਰੀਆਂ 'ਚੋਂ ਰੱਤ ਡੋਲ੍ਹ ਗਿਆ।
ਸੱਚਾ ਸੌਦਾ ਕਰ ਕੇ ਬਾਪ ਦੇ ਥੱਪੜ ਖਾ ਅਣਭੋਲ ਗਿਆ।
ਵਲੀ ਜਿਹਾ ਦੇ ਵਲ ਕੱਢਣ ਲਈ, ਕਰਦਾ ਕਈ ਕਲੋਲ ਗਿਆ।
ਜਿਹਲ 'ਚ ਚੱਕੀਆਂ ਪੀਸ ਗਿਆ ਪਰ ਬਾਬਰ ਦੇ ਕੰਨ ਖੋਲ੍ਹ ਗਿਆ।
ਐਸੇ ਬਾਣ ਬਾਣੀ ਦੇ ਮਾਰੇ, ਦੁੱਖ 'ਚੋਂ ਮੱਖਣ ਰੋਲ ਗਿਆ।
'ਦਿਲਬਰ' ਉਹਦੇ ਚਰਨਾਂ ਤੋਂ ਜੱਗ ਸਾਰਾ ਜ਼ਿੰਦੜੀ ਘੋਲ ਗਿਆ।

✲

# ਬਾਬਰ ਦੀ ਚੱਕੀ

## ਤਰਜ਼-ਚੰਨ ਮਾਤਾ ਗੁਜਰੀ ਦਾ

ਗੂੰਜ ਪੈਂਦੀ 'ਸਤਿਨਾਮੁ' ਦੀ, ਚੱਕੀ ਪੀਂਹਵਦਾ ਜਗਤ ਦਾ ਮਾਹੀ ।
ਉਹ ਬੈਠਾ ਅੱਜ 'ਕੈਦੀ' ਬਣਕੇ, ਜਿਹੜਾ ਕੱਟਦਾ ਜਮਾਂ ਦੀ ਫਾਹੀ।
ਚੀਕਾਂ ਦੀ ਆਵਾਜ਼ ਆਂਵਦੀ, ਬੋਧੇ ਰੋਣ ਮਜ਼ਲੂਮ ਹਜ਼ਾਰਾਂ।
ਮਰਦਾਂ ਦੀ ਅਣਖ ਰੋਂਵਦੀ, ਹਉਕੇ ਲੈਣ ਮਜ਼ਬੂਰ ਮੁਟਿਆਰਾਂ।
ਮਾਰ-ਮਾਰ ਬੈਂਤ ਜ਼ਾਲਮਾਂ, ਖੱਲ ਕਈਆਂ ਸਤਵੰਤੀਆਂ ਦੀ ਲਾਹੀ।
ਗੂੰਜ ਪੈਂਦੀ ਸਤਿਨਾਮੁ ਦੀ, ਚੱਕੀ ਪੀਂਹਵਦਾ ਜਗਤ ਦਾ ਮਾਹੀ।
ਨਸ਼ੇ ਵਿਚ ਗੁੱਟ ਫਿਰਦੇ, ਛੇੜ ਖਾਨੀਆਂ ਕਰਨ ਜਰਵਾਣੇ।
ਸਤੀਆਂ ਦੇ ਸਤ ਲੁੱਟੇ ਗਏ, ਕਈ ਕੋਹੇ ਗਏ ਮਾਸੂਮ ਨਿਆਣੇ।
ਜਿਹੜਾ ਜਰਾ ਉੱਚੀ ਬੋਲਿਆ, ਉਹਦੀ ਸੀਸ ਨਾਲੋਂ ਗਰਦਨ ਉਡਾਈ ।
ਗੂੰਜ਼ ਪੈਂਦੀ ਸਤਿਨਾਮੁ ਦੀ....

ਖ਼ੂਨ ਨਾਲ ਰੰਗੀ ਧਰਤੀ, ਅੱਗਾਂ ਲੱਗੀਆਂ ਬਲਣ ਪਈਆਂ ਲਾਟਾਂ।
ਵੇਖੇ ਕੋਈ ਇਲਾਹੀ ਮੂਰਤੀ, ਉਹਦੇ ਦਿਲ 'ਚ ਵੱਜਣ ਤਰਾਟਾਂ ।
ਓਹ ਦੇਵ ਪਿਆ ਉਲ੍ਹਾਮੇ ਰੱਬ ਨੂੰ ਉਹਦੀ ਤੱਕ-ਤੱਕ ਬੇ-ਪ੍ਰਵਾਹੀ।
ਆਵਾਜ਼ ਆਵੇ ਸਤਿਨਾਮੁ ਦੀ ; ਚੱਕੀ.......

ਰੋਣ ਕੁਰਲੌਣ ਦੁਖੀਏ, ਤੈਨੂੰ ਮਾਲਕਾ ਦਰਦ ਨਾ ਆਇਆ।
ਹਿੰਦੀਆਂ ਨਿਤਾਣਿਆਂ ਉਤੇ ਵਾਂਗੂੰ ਜਮ ਦੇ ਮੁਗਲ ਚੜ੍ਹ ਆਇਆ।
ਹਾਕਮਾਂ ਦੀ ਖਤਾ ਬਦਲੇ ਸਾਰੀ ਜਨਤਾ ਦੀ ਹੋ ਗਈ ਤਬਾਹੀ।
ਗੂੰਜ ਪੈਂਦੀ ਸਤਿਨਾਮੁ ਦੀ, ਚੱਕੀ ਪੀਂਹਵਦਾ ਜਗਤ ਦਾ ਮਾਹੀ।
ਉਹ ਬੈਠਾ ਅੱਜ ਕੈਦੀ.....

ਸੁਣ ਕੋਰੇ ਬੋਲ ਸੱਚ ਦੇ, ਡਿੱਗਾ ਚਰਨਾਂ 'ਤੇ ਬਾਬਰ ਹੰਕਾਰੀ।
ਕਹੇ ਮੈਨੂੰ ਬਖਸ਼ ਲੈ ਸਾਈਆਂ, ਮਾਫ ਕਰ ਤਕਸੀਰ ਦਾਤਾ ਸਾਰੀ।
ਓਹ ਹੱਥ ਜੋੜ ਮੰਗੇ ਦਿਲਬਰਾ, ਸਾਰੀ ਹਿੰਦ ਦੀ ਗੁਰਾਂ ਤੋਂ ਬਾਦਸ਼ਾਹੀ ।
ਗੂੰਜ ਪੈਂਦੀ 'ਸਤਿਨਾਮੁ' ਦੀ, ਚੱਕੀ ਪੀਂਹਵਦਾ ਜਗਤ ਦਾ ਮਾਹੀ।
ਉਹ ਬੈਠਾ ਅੱਜ 'ਕੈਦੀ' ਬਣਕੇ, ਜਿਹੜਾ ਕੱਟਦਾ ਜਮਾਂ ਦੀ ਫਾਹੀ।

✡

# ਸੁਲਤਾਨ ਪੁਰੇ ਕਾਜ਼ੀ ਨਾਲ ਗੱਲਾਂ

## ਤਰਜ਼-ਕਲੀ

ਸੁਣ ਕੇ ਕਾਜ਼ੀ ਦੀ ਗੱਲ, ਸਤਿਗੁਰ ਨਾਨਕ ਬੋਲਦੇ,
ਗੱਲਾਂ ਨਾਲ ਨਾ ਐਵੇਂ ਨਾ ਪੜ੍ਹੀਆਂ ਜਾਣ ਨਿਮਾਜ਼ਾਂ ।
ਤੋਤੇ ਵਾਂਗੂੰ ਐਵੇਂ ਪੜ੍ਹ-ਪੜ੍ਹ ਜੀਭ ਘਸਾਈਏ ਨਾ,
ਅੱਲਾ ਸੁਣ ਲੈਂਦਾ ਏ ਅੰਦਰ ਦੀਆਂ ਅਵਾਜ਼ਾਂ ।
ਮਨ ਦੀ ਮਸਜਦ ਵਿਚ ਪੜ੍ਹ ਕਲਮਾਂ ਹੱਕ-ਹਲਾਲ ਦਾ
ਮੌਲਾ ਕਰੇ ਕਬੂਲ ਨਾ ਰਿਸ਼ਵਤ ਦੀਆਂ ਨਿਆਜ਼ਾਂ ।
ਜਿਸਦੇ ਕਰ-ਕਰ ਮੱਥੇ ਘੱਸ ਗਏ ਵਲ 'ਮਹਿਰਾਬ' ਦੇ,
ਮਨ ਅਵਾਰਾ ਕਰਦਾ, ਕਾਬਲ ਵਿਚ ਪਰਵਾਜ਼ਾਂ ।
ਸ਼ਰਮ ਦੀ ਸੁੰਨਤ ਰੋਜ਼ੇ ਰੱਖ ਲੈ ਜਤ ਸਤ ਵਾਲੇ,
ਬਾਝੋਂ ਮੁਰਸ਼ਦ ਦੇ ਨਹੀਂ ਖੁੱਲ੍ਹਣਾ ਰੱਬੀ ਰਾਜ਼ਾਂ ।
ਉੱਠਣ 'ਭਵ ਸਾਗਰ' ਵਿਚ ਛੱਲਾਂ ਵਿਸ਼ੇ-ਵਿਕਾਰ ਦੀਆਂ ।
ਨੇਕ ਅਮਲਾਂ ਬਿਨ ਨਾ ਖੁੱਲ੍ਹਣਾ ਰੱਬੀ ਰਾਜ਼ਾਂ ।
'ਗੁਰੂ ਪੀਰ' ਬਾਝੋਂ ਰੱਬ ਨਹੀਂ ਹੱਥ ਆਂਵਦਾ
ਚੁਟ ਨਿਸ਼ਾਨਾ ਲੈਣਾ ਆਖਰ ਤੀਰ ਅੰਦਾਜ਼ਾਂ ।
ਉਚੀ ਬਾਗਾਂ ਦੇਨਾ ਏਂ ਚੜ੍ਹ ਕੇ ਰੋਜ਼ ਮੁਨਾਰੇ 'ਤੇ,
ਵੱਜਣਾਂ ਸੁਰ ਕੀਤੇ ਬਿਨ, ਨਹੀਂ ਅੰਦਰ ਦਿਆਂ ਸਾਜ਼ਾਂ ।
ਤੇਰੇ ਵਿਚ ਅੱਲਾ ਦੀ ਜੋਤ, 'ਦਿਲਬਰ' ਵੱਸਦੀ ਏ,
ਐਵੇਂ ਲੱਭਦਾ ਨਾ ਫਿਰ ਭੁੱਲ ਕੇ ਦੂਰ ਦਰਾਜ਼ਾਂ ।

✲

# ਫਾਨੀ ਦੁਨੀਆਂ

ਭਾਗਾਂ ਦੇ ਨਾਲ ਮਿਲਦੀ ਮਾਨਸ ਦੇਹੀ ਨੀ ਜ਼ਿੰਦੇ ।
ਕਰ ਲੈ ਤੂੰ ਸਤ ਸੰਗਤ ਲਾਹਾ ਏਹੀ ਨੀ ਜ਼ਿੰਦੇ ।
ਅੰਤ ਵਾਰ ਨੂੰ ਜਾਣਾ, ਰੂਹ ਇਕੇਲਾ ਨੀ ਜ਼ਿੰਦੇ ।
ਫਾਨੀ ਦੁਨੀਆਂ ਚਾਰ ਦਿਨਾਂ ਦਾ ਮੇਲਾ ਨੀ ਜ਼ਿੰਦੇ ।
ਭੁੱਲ ਕੇ ਸੱਚੇ ਰੱਬ ਨੂੰ ਲੰਮੇ ਪੈਰ ਪਸਾਰੇ ਨੇ ।
ਮੈਂ ਮਾਇਆ ਲੱਖਾਂ ਜੋੜੀ ਉਚੇ ਮਹਿਲ ਉਸਾਰੇ ਨੇ ।
ਪਰ ਦਰਗਾਹ ਦੇ ਰਾਹ ਵਿਚ, ਜਾਣਾ ਨਹੀਂ ਇਕ

ਧੇਲਾ ਨੀ ਜ਼ਿੰਦੇ । ਫਾਨੀ ਦੁਨੀਆਂ ਚਾਰ ਦਿਨਾਂ.....
ਖ਼ੂਹ ਦੀਆਂ ਟਿੰਡਾ ਵਾਂਗੂੰ ਲੰਮਾ ਗੇੜ ਚੁਰਾਸੀ ਦਾ ।
ਗਲ ਵਿਚ ਸੰਗਲ ਪੈ ਜਾਣਾ ਜਮਰਾਜ ਦੀ ਫਾਂਸੀ ਦਾ ।
ਪੜ੍ਹ ਕੇ ਬਾਣੀ ਕਰ ਲੈ ਜਨਮ ਸੁਹੇਲਾ ਨੀ ਜ਼ਿੰਦੇ ।
ਫਾਨੀ ਦੁਨੀਆਂ ਚਾਰ ਦਿਨਾਂ.....
ਉੱਡ ਜਾਵਣਾ ਭੌਰੇ, ਪਿੰਜਰਾਂ ਖਾਲੀ ਰਹਿ ਜਾਣਾ ।
ਉਸਰਿਆ ਹੋਇਆ ਬੁਰਜ ਦੇਹੀ ਦਾ ਇਕ ਦਿਨ ਢਹਿ ਜਾਣਾ ।
'ਦਿਲਬਰ' ਹੱਥੀਂ ਔਣਾ ਨਹੀਂ ਫਿਰ ਵੇਲਾ ਨੀ ਜ਼ਿੰਦੇ ।
ਫਾਨੀ ਦੁਨੀਆਂ ਚਾਰ ਦਿਨਾਂ ਦਾ ਮੇਲਾ ਨੀ ਜ਼ਿੰਦੇ ।

✲

## ਬੀਬੀ ਦਾੜ੍ਹੀਆਂ ਨੂੰ

ਜਾਂਦਾ ਕਿਸੇ ਦਾ ਸੱਤ ਤੇ ਧਰਮ ਲੁੱਟਿਆ,
ਕੋਈ ਹੱਸਦਾ ਮਾਰ ਕੇ ਤਾੜੀਆਂ ਨੂੰ ।
ਬੁਲ ਬੁਲ ਖ਼ੂਨ ਦੇ ਹੰਝੂ ਵਹਾਂਵਦੀ ਏ,
ਜਦੋਂ ਲੁੱਟੇ 'ਸਯਾਦ' ਫੁੱਲਵਾੜੀਆਂ ਨੂੰ ।
ਡਾਢਾ ਕਰਦਾ ਏ ਆਪਣੀ ਹਵਸ ਪੂਰੀ,
ਹੱਥ ਪਾ 'ਅਬਲਾਵਾਂ' ਦੀਆਂ ਸਾੜ੍ਹੀਆਂ ਨੂੰ ।
ਹੁੰਦੀ 'ਦਿਲਬਰਾ' ਪੂਜਾ ਸ਼ੈਤਾਨ ਦੀ ਏ,
ਕੌਣ ਪੁੱਛਦਾ ਬੀਬੀਆਂ ਦਾੜ੍ਹੀਆਂ ਨੂੰ ।

✲

## ਤਲਵੰਡੀ ਦਾ ਚੰਨ

(ਤਰਜ਼-ਨਰੋਜ਼ੇ)

ਸਤਿਗੁਰ ਨਾਨਕ ਅਰਸ਼ੀ ਪ੍ਰੀਤਮ ਖੇਡਾਂ ਅਜਬ ਖਿਲਾਰ ਗਿਆ।
ਸਤਿਨਾਮੁ ਦਾ ਮੰਤਰ ਦੇ ਕੇ ਲੱਖਾਂ ਪਾਪੀ ਤਾਰ ਗਿਆ।
ਕਲਜੁੱਗ ਦੇ ਵਿਚ ਮਾਨਸ ਜਾਮਾਂ ਪਾ ਕੇ ਆ ਕਰਤਾਰ ਗਿਆ।
ਉਸਦੀ ਨੂਰੀ ਬਾਣੀ ਸੁਣ ਕੇ ਤਰ ਸਾਰਾ ਸੰਸਾਰ ਗਿਆ।
ਭਾਗੋ ਨੂੰ ਦੁਰਕਾਰ ਗਿਆ ਲਾਲੋ ਨੂੰ ਦੁਰਕਾਰ ਗਿਆ।
ਪੂਰੀਆਂ ਵਿਚੋਂ ਖ਼ੂਨ ਕੱਢ ਕੇ ਝੂਠ ਤੇ ਸੱਚ ਨਿਤਾਰ ਗਿਆ।

ਨਾਮ ਜਪਣ ਤੇ ਵੰਡ ਛਕਣ ਦਾ ਜੱਗ ਵਿਚ ਕਰ ਪ੍ਰਚਾਰ ਗਿਆ।
ਸੱਚ ਧਰਮ ਦੀ ਕਿਰਤ ਕਰਨ ਦਾ ਦੇ ਉਪਦੇਸ਼ ਦਾਤਾਰ ਗਿਆ।
ਜੱਟ ਦੇ ਉਜੜੇ ਖੇਤ ਵਸਾਏ ਆਪੇ ਮੱਝਾਂ ਚਾਰ ਗਿਆ।
ਸੱਚਾ ਸੌਦਾ ਕਰ ਕੇ ਹੱਥੀਂ ਕਰਨਾ ਦੱਸ ਵਪਾਰ ਗਿਆ।
ਤੇਰਾਂ-ਤੇਰਾਂ ਤੋਲ ਗਿਆ ਵੇਈਂ ਵਿਚ ਟੁੱਭਾ ਮਾਰ ਗਿਆ।
ਸੱਚਖੰਡ ਦਰਗਾਹ ਵਿਚ ਦਾਤਾ ਵਾਹਿਗੁਰੂ ਦੇ ਦਰਬਾਰ ਗਿਆ।
ਦੌਲਤ ਖਾਂ ਨੇ ਸਿਜਦੇ ਕੀਤੇ ਝੁਕਦਾ ਰਾਏ ਬੁਲਾਰ ਗਿਆ।
ਬਾਬਰ ਜਿਹਾ ਨੂੰ ਖਰੀਆਂ ਕਹਿਕੇ ਸਿਧੀ ਕਰ ਸਰਕਾਰ ਗਿਆ।
ਹਰਦੁਵਾਰ ਕਾਂਸ਼ੀ ਕੁਰਖੇਤਰ ਰਹਿਮਤਾਂ ਦਾ ਭੰਡਾਰ ਗਿਆ।
ਸਿੱਧਾਂ ਨਾਥਾਂ ਜੋਗੀਆਂ ਦਾ ਉਹ ਪਲ ਵਿਚ ਤੋੜ ਹੰਕਾਰ ਗਿਆ।
ਮੱਕੇ ਜਾ ਕੇ ਕਾਅਬੇ ਦੇ ਵੱਲ ਸਿਧੇ ਪੈਰ ਪਸਾਰ ਗਿਆ।
ਸਾਰਾ ਅਰਬ ਈਰਾਨ ਉਸਦੇ ਚਰਨਾਂ ਤੋਂ ਬਲਿਹਾਰ ਗਿਆ।
ਹਮਜਾ ਗਾਉਂਸ ਕੰਧਾਰੀ ਜਿਹਨਾਂ ਨੂੰ, ਕਰਨਾ ਦੱਸ ਪਿਆਰ ਗਿਆ।
ਵਿਕਿਆ ਜਾ ਰੁਹੇਲ ਖੰਡ ਵਿਚ, ਜੱਗ ਦੇ ਦੁੱਖ ਨਿਵਾਰ ਗਿਆ।
ਰੀਠੇ ਮਿੱਠੇ ਕੀਤੇ ਕੌੜੇ, ਰਾਖਸ਼ ਤਾਈਂ ਉਧਾਰ ਗਿਆ।
ਸੱਜਣ ਠੱਗ ਦਾ ਡੁੱਬਦਾ ਬੇੜਾ ਭਵਜਲ ਤੋਂ ਕਰ ਪਾਰ ਗਿਆ।
ਜਿਸ ਥਾਂ 'ਤੇ ਵੀ ਪਹੁੰਦਾ ਪ੍ਰੀਤਮ, ਦੱਸਦਾ ਇਕ ਓਂਕਾਰ ਗਿਆ।
ਦਸਾਂ ਜਾਮਿਆਂ ਵਿਚ 'ਦਿਲਬਰਾ' ਜਗਤ-ਜਲੰਦਾ ਠਾਰ ਗਿਆ।

✡

## ਸਤਿਗੁਰ ਅਰਜਨ ਦੇਵ

ਤਰਜ਼-ਸਾਵਣ ਕਾ ਮਹੀਨਾ ਪਵਨ ਕਰੇ ਸਰੋ....

ਇਕ ਵਾਹਿਗੁਰੂ ਬਾਝੋਂ ਤੂੰ ਰੱਖੀਂ ਨਾ ਕੋਈ ਡੋਰ ।
ਰਚੀ ਇਲਾਹੀ ਬਾਣੀ ਤੂੰ ਤਾਰੇ ਚਿੱਤ ਕਠੋਰ ।

ਸਕੇ ਵੀਰ ਪ੍ਰਿਥੀਏ, ਕਈ ਕੀਤੇ ਭਰਵੇਂ ਵਾਰ ।
ਲੱਖਾਂ ਕਸ਼ਟ ਉਠਾਕੇ ਤੂੰ ਕੀਤੇ ਪਰ ਉਪਕਾਰ ।

ਸਭ ਦਾ ਭਲਾ ਮਨਾਇਆ ਨਾ ਰੱਖੀਂ ਦਿਲ 'ਚ ਖੋਰ ।
ਰਚੀ ਇਲਾਹੀ ਬਾਣੀ ਤੂੰ.......

ਸੁਲਹੀ ਵਰਗੇ ਕਈ ਚੜ੍ਹ ਆਂਦੇ ਕਈ ਚੰਡਾਲ ।
ਪਰ ਤੇਰਾ ਕੋਈ ਵੀ ਵਿੰਗਾ ਨਾ ਕਰ ਸਕਿਆ ਸੀ ਵਾਲ ।

ਨਾ ਵੈਰੀ ਕੋਈ ਬੇਗਾਨਾ ਤੂੰ ਤਾਰੇ ਡਾਕੂ ਚੋਰ ।

ਰਚੀ ਇਲਾਹੀ ਬਾਣੀ ਤੂੰ.......
ਰੇਤਾ ਤੱਤੀਆਂ ਤਵੀਆਂ ਤੂੰ ਕਰ ਲਈਆਂ ਪਰਵਾਣ ।
ਪਰ ਛੱਡੀ ਨਾ ਸਚਿਆਈ ਨਾ ਅਣਖ ਨੂੰ ਦਿੱਤਾ ਜਾਣ ।
ਤੂੰ ਗੁਰਸਿੱਖਾਂ ਦਾ 'ਚੰਦਾ' ਤੇਰੇ ਦਿਲਬਰ ਜਿਹੇ ਚਕੋਰ ।
ਰਚੀ ਇਲਾਹੀ ਬਾਣੀ ਤੂੰ.......
ਇਕ ਵਾਹਿਗੁਰੂ ਬਾਝੋਂ, ਤੂੰ ਰੱਖੀਂ ਨਾ ਕੋਈ ਡੋਰ ।
ਰਚੀ ਇਲਾਹੀ ਬਾਣੀ, ਤੂੰ ਤਾਰੇ ਚਿੱਤ ਕਠੋਰ ।

✲

# ਭਾਨੀ ਦਿਆ ਚਾਨਣਾ

## ਤਰਜ਼-ਬਾਗਾਂ ਦਿਆਂ ਰਾਖਿਆ ਵੇ ਅੰਬ ਮੈਨੂੰ ਤੋੜ ਦੇ

ਭਾਨੀ ਦਿਆ ਚਾਨਣਾ, ਇਹ ਖੇਲ ਕੀ ਰਚਾ ਲਿਆ ।
ਮਖਮਲਾਂ 'ਤੇ ਬਹਿਣ ਵਾਲੇ ਡੇਰਾ ਕਿਥੇ ਲਾ ਲਿਆ ।
ਕਿਥੇ 'ਹਰੀ ਮੰਦਰ' ਤੇ ਕਿਥੇ 'ਕੈਦ ਖਾਨਾ' ਏਂ ।
ਆਸ਼ਕਾਂ ! ਅਨੋਖੀ ਤੇਰੀ ਮੈਂ ਤੇ ਮੈ-ਖਾਨਾ ਏਂ ।
ਚੋਰ ਦੀ ਥਾਂ ਸੀਸ ਤੱਤੀ ਰੇਤ ਨੂੰ ਪਵਾ ਲਿਆ ।
ਭਾਨੀ ਦਿਆ ਚਾਨਣਾ, ਇਹ.....
ਕਿਥੇ ਸੇਜ ਫੁੱਲਾਂ ਦੀ ਤੇ ਕਿਥੇ ਤੱਵੀ ਤੱਤੀ ਏ ?
ਬੁੱਲ੍ਹਾਂ ਉਤੇ ਗਿਲਾ ਕੋਈ ਮਾਸਾ ਵੀ ਨਾ ਰੱਤੀ ਏ ।
ਛੱਡ ਕੇ ਸਰੋਵਰ ਤੂੰ, ਦੇਗ ਵਿਚ ਨਹਾ ਲਿਆ ।
ਭਾਨੀ ਦਿਆ ਚਾਨਣਾ, ਤੂੰ....
ਤਨ ਉਤੇ ਛਾਲੇ ਨੇ ਕਿ ਚਮਕਦੇ ਸਿਤਾਰੇ ਨੇ ।
ਗੁੱਸੇ ਵਿਚ ਲਾਲ ਲਾਗ ਅੱਗ ਦੇ ਅੰਗਿਆਰੇ ਨੇ ।
ਕਿਹੜੇ ਹਰਨਾਖਸ਼ ਨੇ ਭੱਠ ਇਹ ਤਪਾ ਲਿਆ ।
ਭਾਨੀ ਦਿਆ ਚਾਨਣਾ.....
ਸਿਦਕਾਂ ਦੀ ਪੱਟੀ, ਇਹ ਕੀਹਨੂੰ ਪੜ੍ਹਾਂਵਦਾ ।
ਵੇਖ-ਵੇਖ ਮਾਹੀਆ ਸਾਡਾ ਚਿੱਤ ਘਬਰਾਂਵਦਾ ।
ਦਿਲਬਰਾ ਨੂੰ ਨਵਾਂ ਹੀ ਇਹ ਰਸਤਾ ਵਿਖਾਲਿਆ ।
ਭਾਨੀ ਦਿਆ ਚਾਨਣਾਂ, ਇਹ ਖੇਲ ਕੀ ਰਚਾ ਲਿਆ ।
ਮਖਮਲਾਂ 'ਤੇ ਬਹਿਣ ਵਾਲੇ, ਡੇਰਾ ਕਿਥੇ ਲਾ ਲਿਆ ।

✲

# ਨੀ ਰਾਵੀਏ !

ਆਹ ਲੈ ਸਾਂਭ ਅਮਾਨਤ, ਸਿੱਖ ਪੰਥ ਦੀ ਰਾਵੀਏ,
ਇਹ ਨੇ ਸਾਡੇ ਸਤਿਗੁਰ ਅਰਜਨ ਦੇਵ ਪਿਆਰੇ।
ਇਹਨੂੰ ਫੁੱਲਾਂ ਵਾਂਗ ਬਿਠਾ ਲੈ ਆਪਣੇ ਸੀਨੇ 'ਤੇ,
ਦੇਵੀਂ ਪੀਂਘ ਵਾਂਗਰਾਂ, ਲਹਿਰਾਂ ਦੇ ਹੁਲਾਰੇ।
ਇਹਨੂੰ ਸੱਟ ਲੱਗਣ ਨਾ ਦੇਵੀਂ ਕਿਧਰੇ ਛੱਲਾ ਦੀ,
ਇਹਨੇ ਅੱਗੇ ਹੀ ਕੋਈ ਲੱਖਾਂ ਕਸ਼ਟ ਸਹਾਰੇ।
ਇਹਦੇ ਫੁਲਾਂ ਵਰਗੇ, ਕੋਮਲ ਨਰਮ ਸਰੀਰ 'ਤੇ
ਕਿਸੇ ਬੇ-ਦਰਦੀ ਪਾਏ, ਅੱਗੇ ਦੇ ਨੇ ਅੰਗਿਆਰੇ।
ਵੇਖੀ ! ਠੋਕਰ ਮਾਰ ਨਾ ਛੇੜੀਂ ਇਸਦੇ ਛਾਲਿਆਂ ਨੂੰ,
ਇਹਦੇ ਚਰਣਾਂ ਹੇਠ ਵਿਛਾਈਂ ਹੰਝੂ ਖਾਰੇ।
ਜਿਸਦੀ ਨਜ਼ਰ ਮਿਹਰ ਦੀ ਡੁੱਬਦੇ ਬੇੜੇ ਤਾਰਦੇ,
ਤੈਨੂੰ ਉਸਦੇ ਹੋ ਗਏ, ਭਾਗਾਂ ਨਾਲ ਦੀਦਾਰੇ।
ਇਹਦੇ ਚਰਨਾਂ ਉਤੇ ਝੁਕਣ ਅਰਸ਼ਾਂ ਦੇ ਦੇਵਤੇ,
ਮੀਆਂ ਮੀਰ ਜਿਹਾ ਨੂੰ ਪੁੱਛ ਲੈ ਇਹਦੇ ਬਾਰੇ।
'ਦਿਲਬਰ' ਦੁਨੀਆਂ ਸਾਰੀ ਤੈਨੂੰ ਸੀਸ ਨਿਵਾਵੇਗੀ,
ਨਿਉਂ-ਨਿਉਂ ਲੋਕੀਂ, ਤੇਰੇ ਚੁੰਮਣਗੇ ਕਿਨਾਰੇ।

✡

# ਸ੍ਰੀ ਹਰਿਮੰਦਰ

ਸ੍ਰੀ ਹਰਿਮੰਦਰ ਦੀ, ਮਹਿਮਾਂ ਬੇ-ਮਿਸਾਲ ਏ।
ਵਸਦਾ ਅਕਾਲ ਜਿਥੇ ਦੀਨਾਂ ਦਾ ਦਿਆਲ ਏ।
ਲੱਛਮੀ ਚਰਣ ਜਿਥੇ ਗੁਰਾਂ ਦੇ ਪਰਸਦੀ
ਸੰਗਤਾਂ ਬੇਅੰਤ ਔਣ, ਤਾਂਘ ਲੈ ਦਰਸ ਦੀ
ਛੱਬ ਹੈ ਨਿਆਰੀ, ਸ਼ੋਬਾ ਬੜੀ ਹੀ ਕਮਾਲ ਏ।
ਸ੍ਰੀ ਹਰਿਮੰਦਰ ਦੀ.......
ਸਭ ਦਾ ਇਹ ਸਾਂਝਾ ਇਕ ਰੱਬੀ ਦਰਬਾਰ ਏ।
ਚਹੁੰ ਵਰਨਾਂ ਦਾ, ਜਿਥੇ ਹੁੰਦਾ ਸਤਿਕਾਰ ਏ।
ਹੁੰਦੇ ਇਸ਼ਨਾਨ ਵਾਹ ! ਸੁਹਾਵਾ ਤੇਰਾ 'ਤਾਲ' ਏ
ਸ੍ਰੀ ਹਰਿਮੰਦਰ ਦੀ.......

ਦੁੱਧ ਪੁੱਤ ਲੱਛਮੀ ਮੁਰਾਦਾਂ ਸਭ ਪਾਂਵਦੇ ।
ਪਲਾਂ ਵਿਚ ਰੋਗੀਆਂ ਦੇ ਰੋਗ ਕੱਟੇ ਜਾਂਵਦੇ ।
ਸੱਚੇ ਪਾਤਸ਼ਾਹ ਤੈਨੂੰ ਸਭ ਦਾ ਖਿਆਲ ਏ ।
ਸ੍ਰੀ ਹਰਿਮੰਦਰ ਦੀ.......
ਕਲਜੁੱਗ ਵਿਚ ਬੜਾ ਤੀਰਥ ਮਹਾਨ ਏਂ ।
ਭਾਗਾਂ ਵਾਲੇ ਆ ਕੇ ਕਰਨ ਦਰਸ਼ਨ ਇਸ਼ਨਾਨ ਏਂ ।
'ਦਿਲਬਰਾਂ' ਦਾ ਆਪ ਹੀ ਪਿਆਰਾ ਪ੍ਰਿਤਪਾਲ ਏ ।
ਸ੍ਰੀ ਹਰਿਮੰਦਰ ਦੀ, ਮਹਿਮਾਂ ਬੇ-ਮਿਸਾਲ ਏ ।
ਵੱਸਦਾ 'ਅਕਾਲ' ਜਿਥੇ ਦੀਨਾਂ ਦਾ ਦਿਆਲ ਏ ।

☆

# ਮਾਤਾ ਸੁਲੱਖਣੀ

## (ਛੇਵੇਂ ਪਾਤਸ਼ਾਹ ਦੇ ਚਰਨਾਂ ਵਿਚ)

ਮੈਂ ਚੱਬੇ ਦੇ ਵਿਚ ਵਸਦੀ, ਮੈਨੂੰ ਲੋਕ ਸੁਲੱਖਣੀ ਕਹਿਣ।
ਇਕ ਪੁੱਤਰ ਬਾਝੋਂ ਦਾਤਿਆ, ਮੈਨੂੰ ਕਦੇ ਨਾ ਆਵੇ ਚੈਨ।
ਮੈਂ ਹੌਕੇ ਭਰ ਦੀ ਦਿਨੇ ਰਾਤ, ਮੇਰੇ ਵਸਦੇ ਰਹਿੰਦੇ ਨੈਣ।
ਮੈਨੂੰ ਕੋਈ ਕਹਿੰਦੀ ਔਂਤਰੀ, ਮੈਨੂੰ ਕੋਈ ਆਖੇ ਡੈਣ।
ਮੈਂ ਪੀਰ ਫਕੀਰ ਮਨਾ ਲਏ, ਮੈਨੂੰ ਮੁੜ ਡੋਬੂ ਪੈਣ।
ਮੈਂ ਪੂਜੇ ਦੇਵੀ ਦੇਵਤੇ, ਮੈਂ ਫਿਰਦੀ ਵਾਂਗ ਸ਼ੁਦੈਣ।
ਤੇਰੀ ਆਸ ਨਹੀਂ ਪੂਰੀ ਹੋਵਣੀ, ਮੈਨੂੰ ਸਾਰੇ ਲੋਕੀਂ ਕਹਿਣ।
ਮੇਰੇ ਪ੍ਰਾਣ ਪਿਆਰੇ ਪਤੀ ਜੀ, ਨਿੱਤ ਸੋਚਾਂ ਦੇ ਵਿਚ ਰਹਿਣ।
ਮੈਨੂੰ ਵੀਰ ਨਹੀਂ ਚੰਗੇ ਲੱਗਦੇ, ਮੇਰੀ ਕੋਈ ਨਹੀਂ ਬਣਦੀ ਭੈਣ
ਮੈਂ ਤੇਰੇ ਦਰ 'ਤੇ ਆ ਗਈ, ਮੈਨੂੰ ਦੇ-ਦੇ ਕੋਈ 'ਰਸੈਣ'।
ਇਕ ਪੁੱਤਰ ਬਦਲੇ ਦਾਤਿਆ, ਲੱਖ ਮਾਵਾਂ ਦੁੱਖੜੇ ਸਹਿਣ।
ਮੇਰੇ ਫੁੱਲ ਬਣੇ ਅੰਗਿਆਰੇ ਨੇ, ਮੇਰੇ ਗੀਤ ਬਣੇ ਹੋਏ ਵੈਣ।
ਮੈਨੂੰ ਖਾਣਾ ਪੀਣਾ ਭੁੱਲਿਆ, ਮੇਰੇ ਨੈਣ ਨਾ ਲੱਗਦੇ ਰੈਣ।
ਇਕ ਦਾਤ ਬਖਸ਼ ਦਿਓ ਪੁੱਤ ਦੀ, ਮੇਰੇ ਮਹਿਲ ਨਾ ਸੱਖਣੇ ਰਹਿਣ।
ਇਹ ਅਰਜ ਸੁਣ ਕੇ ਬੋਲਿਆ, ਮੇਰਾ ਸਤਿਗੁਰ ਦੀਨ ਦਇਆਲ।
ਤੇਰੇ ਭਾਗਾਂ ਦੇ ਵਿਚ ਪੁੱਤ ਨਹੀਂ, ਮੈਂ ਬੜਾ ਹੀ ਡਿੱਠਾ ਭਾਲ।
ਤੇਰੇ ਕਰਮਾਂ 'ਚ ਵਹਿਮਾਤ ਨੇ, ਨਹੀਂ ਇਕ ਵੀ ਲਿਖਿਆ ਲਾਲ।
ਜਾ ਬਹਿ ਜਾ ਕਰ ਕੇ ਸਬਰ ਨੂੰ, ਨਾ ਰੋ-ਰੋ ਦੀਦੇ ਗਾਲ।

ਇਹ ਸੁਣ ਕੇ ਮਾਤਾ ਸੁਲੱਖਣੀ, ਕਰ ਹਾੜੇ ਬੋਲੇ ਬੋਲ।
ਮੇਰੇ ਸਤਿਗੁਰੂ ਕਲਗੀ ਵਾਲਿਆਂ, ਮੇਰਾ ਸਬਰ ਨਾ ਬਹੁਤਾ ਤੋਲ।
ਕਦੀ ਤੈਨੂੰ ਵੀ ਤੇਰੀ ਮਾਂ ਨੇ ਸੀ ਮੰਗਿਆ ਬੁੱਢੇ ਕੋਲ।
ਉਹ ਬੀੜ 'ਚ ਪੈਦਲ ਗਈ ਸੀ, ਉਹਦੇ ਪੈਰ ਰਹੇ ਸੀ ਡੋਲ
ਜਦ ਬਾਬੇ ਗੰਢਾ ਭੰਨਿਆ ਉਸ ਕਿਸਮਤ ਦਿੱਤੀ ਖੋਲ੍ਹ।
ਤੂੰ ਗੋਦੀ ਦੇ ਵਿਚ ਖਿੜ ਪਿਆ ਇਕ ਫੁੱਲ ਬਣ ਕੇ ਅਣਭੋਲ।
ਮਾਂ ਪੁੱਤ ਜੇਹਾ ਰਿਸ਼ਤਾ ਕੋਈ ਨਹੀਂ ਉਸ ਜ਼ਿੰਦੜੀ ਦਿੱਤੀ ਘੋਲ।
ਤੈਨੂੰ ਵਾਸਤਾ ਗੰਗਾ ਮਾਂ ਦਾ, ਹੁਣ ਨਾ ਕਰ ਟਾਲ ਮਟੋਲ।
ਮਾਂ ਪੁੱਤਰ ਬਦਲੇ ਦਾਤਿਆ, ਕਈ ਸਾਗਰ ਲੈਂਦੀ ਫੋਲ।
ਮੇਰਾ ਬੰਨ੍ਹ ਸਬਰ ਦਾ ਰੁੜ੍ਹ ਗਿਆ ਮੇਰੇ ਹੋਰ ਨਾ ਦੁੱਖ ਫਰੋਲ।
ਜਾ ਅੱਗੇ ਨਹੀਂ ਲਿਖ ਸਕਿਆ ਪੁੱਤ ਮੇਰੀ ਵਿਚ ਬਰਾਤ।
ਆਹ ਹੁਣ ਤੂੰ ਹੱਥੀਂ ਲਿਖਦੇ ਲੈ ਕਾਗਜ਼ ਕਲਮ ਦਵਾਤ।
ਮੇਰੇ ਛੇਵੇਂ ਸਤਿਗੁਰ ਹੱਸ ਪਏ ਫਿਰ ਕਹਿੰਦੇ ਮਿਹਰ 'ਚ ਆ।
ਜੇ ਮਾਤਾ ਮੁੜਦੀ ਨਹੀਂ ਤੂੰ ਲਿਆ ਕਾਗਜ਼ ਕਲਮ ਫੜਾ।
ਉਹ ਏਕਾ ਲੱਗੇ ਪੌਣ ਜਾਂ ਲਈ ਘੋੜੇ ਧੌਣ ਹਿਲਾ।
ਉਥੇ ਇਕ ਦਾ ਸਾਤਾ ਬਣ ਗਿਆ ਵਾਹ ਸਤਿਗੁਰ ਬੇ-ਪਰਵਾਹ।
ਲਓ ਮਾਤਾ ਜੀ ਸੱਤ ਹੋਣਗੇ ਤੁਸਾਂ ਦੇਣੇ ਸਿੱਖ ਬਣਾ।
ਕੋਈ ਘਰ ਵਿਚ ਤੋਟ ਨਾ ਰਹੇਗੀ ਗੁਰੂ ਨਾਨਕ ਸੰਗ ਸਹਾ।
ਇਹ ਸੁਣਕੇ ਮਾਤਾ ਦਿਲਬਰਾ ਗਈ ਚਰਨਾਂ ਤੋਂ ਬਲਿਹਾਰ।
ਉਹਨੇ ਆਖਿਆ ਮੇਰੇ ਸਤਿਗੁਰਾ ਤੇਰਾ ਸ਼ੁਕਰ ਹੈ ਲੱਖ ਵਾਰ।

☆

## ਨੌਵੇਂ ਪਾਤਸ਼ਾਹ

### (ਗੋਬਿੰਦ ਰਾਏ ਨੂੰ ਦੱਸਦੇ ਹਨ)

ਇਹ ਆਏ ਕਸ਼ਮੀਰੋਂ ਚੱਲ ਕੇ ਬੜਾ ਇਹਨਾਂ ਨੂੰ ਹਕੂਮਤ ਸਤਾਇਆ।
ਇਹ ਦੁਖੀਏ ਪੁਕਾਰ ਰਹੇ ਨੇ ਇਹਨਾਂ ਵਾਸਤਾ ਧਰਮ ਦਾ ਪਾਇਆ।
ਵਾੜ ਪਈ ਖਾਵੇ ਖੇਤ ਨੂੰ ਅੱਜ ਰਾਖਿਆਂ ਫਸਲ ਉਜਾੜੀ।
ਕੌਣ ਆ ਕੇ ਰੱਖਿਆ ਕਰੇ ਜਦੋਂ ਆਪ ਹੀ ਹਕੂਮਤ ਮਾੜੀ।
ਪਰਜਾ ਨੂੰ ਪਾਲਣਾ ਕਿਹਨੇ ਸਗੋਂ ਹੜ ਹੈ ਕਹਿਰ ਦਾ ਆਇਆ।
ਇਹ ਆਏ ਕਸ਼ਮੀਰੋਂ ਚੱਲ ਕੇ, ਬੜਾ ਇਹਨਾਂ ਨੂੰ ਹਕੂਮਤ ਸਤਾਇਆ।

ਹਾਕਮ ਅਸੂਲ ਭੁੱਲ ਗਏ ਕਿਸੇ ਸਤੀ ਦੀ ਇੱਜ਼ਤ ਨਹੀਂ ਰਹਿੰਦੀ।
ਜਿਹੜਾ ਗਲ ਜੰਞੂ ਪਾ ਲਵੇ ਉਹਦੇ ਭਾ ਦੀ ਮੁਸੀਬਤ ਪੈਂਦੀ।
ਜ਼ਾਲਮ ਔਰੰਗਜੇਬ ਨੇ ਥਾਂ-ਥਾਂ ਮੰਦਰਾਂ ਨੂੰ ਢਾਹਿਆ।
ਇਹ ਆਏ ਕਸ਼ਮੀਰੋਂ ਚੱਲ ਕੇ ਇਹਨ੍ਹਾਂ ਨੂੰ ਹਕੂਮਤ ਨੇਬੜਾ ਸਤਾਇਆ।
ਅੱਤ ਨਾਲ ਵੈਰ ਰੱਬ ਦਾ। ਗੱਲ ਕਈਆਂ ਹੈ ਸਿਆਣਿਆਂ ਨੇ ਆਖੀ।
ਸੀਸ ਕੋਈ ਮਹਾਤਮਾ ਦੇਵੇ, ਹੋਣੀ ਤਾਂ ਹੈ ਧਰਮਾਂ ਦੀ ਰਾਖੀ।
ਠੱਲ੍ਹਾ ਕੋਈ ਪਾਵੇ ਸੂਰਮਾ, ਜਿਹਨੇ ਤਲੀ ਉੱਤੇ ਸੀਸ ਟਿਕਾਇਆ।
ਇਹ ਆਏ ਕਸ਼ਮੀਰੋਂ ਚੱਲ ਕੇ, ਬੜਾ ਇਹਨਾਂ ਨੂੰ ਹਕੂਮਤ ਸਤਾਇਆ।
ਆਖਿਆ ਗੋਬਿੰਦ ਰਾਏ ਨੇ, ਗੁਰੂ ਨਾਨਕ ਤੋਂ ਵੱਡਾ ਘਰ ਕਿਹੜਾ।
ਤੁਸਾਂ ਜਿਹਾ ਕੌਣ ਮਹਾਂ ਬਲੀ, ਜਾ ਕੇ ਰੱਖ ਲਏ ਧਰਮ ਨੂੰ ਜਿਹੜਾ।
ਦੁਖੀਆਂ ਦੀ ਬਾਂਹ ਫੜ ਲਓ, ਆਪੇ ਦਿਲਬਰ ਦਾ ਰਾਖਾ ਰਘੁਰਾਇਆ।
ਇਹ ਆਏ ਕਸ਼ਮੀਰੋਂ ਚੱਲ ਕੇ, ਬੜਾ ਇਹਨਾਂ ਨੂੰ ਹਕੂਮਤ ਸਤਾਇਆ।
ਇਹ ਦੁਖੀਏ ਪੁਕਾਰ ਰਹੇ ਨੇ ਇਹਨਾਂ ਵਾਸਤਾ ਧਰਮ ਦਾ ਪਾਇਆ।

✲

## ਦਿੱਲੀ ਨੂੰ ਤਿਆਰੀ

ਨੌਵੇਂ ਪਾਤਸ਼ਾਹ ਸ਼ਹੀਦੀ ਪੌਣ ਨੂੰ, ਅੱਜ ਦਿੱਲੀ ਵੱਲ ਕਰ ਲਈ ਤਿਆਰੀ।
ਬਾਂਹ ਫੜੀ ਹੋਈ ਦੀ ਲਾਜ਼ ਨਿਭਾਉਣ ਨੂੰ ਵੇਖੋ ਚੱਲਿਆ ਏ ਪਰ ਉਪਕਾਰੀ।
ਦਿੱਤਾ ਸਿਰ ਤੇ ਪਿਆਰ ਹੈ ਗੋਬਿੰਦ ਦੇ, ਸੀਨੇ ਨਾਲ ਲਾਇਆ ਲਾਲ ਜਾਂਦੀ ਵਾਰੀ।
ਮੱਥਾ ਗੁਜਰੀ ਦੇ ਚਰਨਾਂ 'ਤੇ ਟੇਕਿਆ ਗੁਰਾਂ ਦਿੱਤੀ ਹੈ ਅਸ਼ੀਰਵਾਦ ਭਾਰੀ।
ਇਕੋ ਆਸਰਾ ਹੈ ਅਕਾਲ ਪੁਰਖ ਦਾ, ਹੋਰ ਓਟ ਨਹੀਂ ਕਿਸੇ ਦੀ ਮਨ ਧਾਰੀ।
ਸ਼ਮ੍ਹਾ ਕੋਲ ਪਰਵਾਨਾ ਅੱਜ ਚੱਲਿਆ, ਵਾਰ ਦੇਣ ਲਈ ਇਹ ਜ਼ਿੰਦੜੀ ਪਿਆਰੀ।
ਭਾਲ ਕਤਲ ਦੀ ਕਰਨੀ ਮਕਤੂਲ ਨੇ ਅੱਗੇ ਤੇਗ ਉਹਦੀ ਕਿਸੇ ਨਹੀਂ ਸਹਾਰੀ।
ਖਾਲੀ ਰਹੇ ਕਿਉਂ ਪਿੰਜਰਾ ਸੱਯਾਦ ਦਾ, ਪੰਛੀ ਚੱਲਿਆ ਹੈ ਮਾਰ ਕੇ ਉਡਾਰੀ।
ਖ਼ੂਨ ਜੜ੍ਹਾਂ ਵਿਚ ਪਾ ਕੇ ਹੈ ਸਿੰਜਨੀ ਸੁੱਕ ਜਾਵੇ ਨਾ ਧਰਮ ਦੀ ਕਿਆਰੀ।
ਇਹ ਠੀਕਰਾ ਔਰੰਗੇ ਸਿਰ ਭੰਨਣਾ ਵੈਰੀ ਧਰਮ ਦਾ ਜੋ ਅਤਿਆਚਾਰੀ।
ਗੁਰਾਂ ਦੇ ਕੇ ਉਪਦੇਸ਼ ਸਭ ਨੂੰ ਮੋੜਿਆ ਜਾਉ ਰਾਖਾ ਗੁਰੂ ਨਾਨਕ ਨਿਰੰਕਾਰੀ।
ਮਤੀ ਦਾਸ ਤੇ ਦਿਆਲਾ ਨਾਲ ਚੱਲ ਪਏ ਨਿਭ ਜਾਵਣੀ ਸੱਜਣ ਨਾਲ ਯਾਰੀ।
ਢਾਡੀ ਗਾਉਣਗੇ ਉਨ੍ਹਾਂ ਦਾ ਜਸ 'ਦਿਲਬਰ' ਜਿਹਨਾਂ ਜ਼ਿੰਦੜੀ ਧਰਮ ਤੋਂ ਵਾਰੀ।

✲

# ਪੋਹ ਸੁਦੀ ਸਤਵੀਂ

(ਤਰਜ਼-ਮਾਹੀਆ)

ਅੱਜ ਪਟਨਾ ਨਿਹਾਲ ਹੋਇਆ ਮਾਤਾ ਗੁਜਰੀ ਦੇ ਘਰ,
ਪ੍ਰਗਟ ਲਾਲ ਹੋਇਆ ।
ਫੁੱਲ ਅੰਬਰਾਂ ਤੋਂ ਵੱਸਦੇ ਨੇ, ਅਰਸ਼ਾਂ ਦਾ ਮਾਹੀ ਆਇਆ
ਲੋਕੀਂ ਖ਼ੁਸ਼ੀਆਂ 'ਚ ਹੱਸਦੇ ਨੇ ।
ਵਾਹਵਾ ਰੌਣਕਾਂ ਲਾਈਆਂ ਨੇ, ਮਾਤਾ ਗੁਜਰੀ ਨੂੰ,
ਸਭ ਦੇਣ ਵਧਾਈਆਂ ਨੇ ।
ਕੋਈ ਜੋਤ ਇਲਾਹੀ ਏ ਮੁੱਖੜੇ 'ਤੇ ਨੂਰ ਬਰਸੇ
ਛਬ ਦੂਣ ਸਵਾਈ ਏ ।
ਇਹਦੀ ਸ਼ਾਨ ਨਿਰਾਲੀ ਏ, ਰਾਖਾ ਮਜ਼ਲੂਮਾਂ ਦਾ
ਆਇਆ ਦੁਨੀਆਂ ਦਾ ਵਾਲੀ ਏ ।
ਹੋਈਆਂ ਅੰਦਰਾਂ ਠੰਢੀਆਂ ਨੇ, ਮਾਤਾ ਨਾਨਕੀ ਨੇ
ਲੱਖਾਂ ਦੌਲਤਾਂ ਵੰਡੀਆਂ ਨੇ ।
ਇਹ ਪਾਪੀਆ ਨੂੰ ਤਾਰੇਗਾ, ਦੁਸ਼ਟਾਂ ਜਰਵਾਣਿਆਂ ਨੂੰ
ਫੜ ਰਣ ਵਿਚ ਮਾਰੇਗਾ ।
ਨਵੇਂ ਪੂਰਨੇ ਪਾਵੇਗਾ, ਸੰਤ ਸਿਪਾਹੀ ਦਾ
ਇਹ ਪੰਥ ਸਜਾਵੇਗਾ ।
ਚਲੋ ਦਰਸ਼ਨ ਪਾ ਲਈਏ, 'ਦਿਲਬਰ' ਪਿਆਰੇ ਤੋਂ
ਜ਼ਿੰਦ ਘੋਲ ਘੁਮਾ ਲਈਏ ।

✲

# ਕੰਗਣ ਨਦੀ ਵਿਚ ਸੁੱਟ ਕੇ

(ਮਾਤਾ ਗੁਜਰੀ ਨਾਲ ਗੱਲਾਂ)

ਤਰਜ਼-ਜੁਗਨੀ

ਸ੍ਰੀ ਗੋਬਿੰਦ ਸੁਣ ਕੇ ਹੱਸਦੇ ਨੇ ।
ਕਿਸੇ ਰੱਬੀ ਰੰਗ ਵਿਚ ਵੱਸਦੇ ਨੇ ।
ਮਾਤਾ ਗੁਜਰੀ ਨੂੰ ਦੱਸਦੇ ਨੇ ।
ਕਿਉਂ ਮਾਤਾ ਚਿਤ ਡੁਲਾਉਨੀ ਏਂ ।
ਅਜੇ ਘੜੀ ਪਰਖ ਦੀ ਆਉਣੀ ਏਂ ।

ਇਹਨਾਂ ਕੰਗਣਾਂ ਨਾਲ ਨਾ ਸਰਣਾ ਏਂ ।
ਲੱਖਾਂ ਦਾ ਘਾਟਾ ਜਰਨਾ ਏਂ ।
ਭੇਟਾ ਸਤਿਲੁਜ ਦੀ ਕਰਨਾ ਏਂ ।
ਸਭ ਮਾਇਆ ਰੋੜ ਵਿਖਾਉਣੀ ਏਂ ।
ਅਜੇ ਘੜੀ...
ਇਕ ਐਸਾ ਸਮਾਂ ਵੀ ਆਵੇਗਾ ।
ਮੇਰਾ ਬਾਪੂ ਦਿੱਲੀ ਜਾਵੇਗਾ ।
ਉਹ ਸੀਸਰ ਧਰਮ ਹਿੱਤ ਲਾਵੇਗਾ ।
ਰੱਬ ਬੜੀ ਮੁਸੀਬਤ ਪਾਉਣੀ ਏਂ ।
ਅਜੇ ਘੜੀ ਪਰਖ...
ਜਿਹੜੀ ਪਿਤਾ ਨੇ ਪੁਰੀ ਵਸਾਈ ਏ ।
ਜਿਥੇ ਰੌਣਕ ਦੂਣ ਸਵਾਈ ਏ ।
ਉਥੇ ਹੋਣੀ ਬੜੀ ਲੜਾਈ ਏ ।
ਉਹ ਢਹਿ ਕੇ ਖਾਕ ਮਿਲਾਉਣੀ ਏਂ ।
ਅਜੇ ਘੜੀ ਪਰਖ ਦੀ ਆਉਣੀ ਏਂ ।
ਕਈ ਲੱਖਾਂ ਦੁਸ਼ਮਣ ਆਵਣਗੇ ।
ਤੇਰੇ ਲਾਲ ਨੂੰ ਘੇਰਾ ਪਾਵਣਗੇ ।
ਬੜਾ ਯੋਧੇ ਜੰਗ ਮਚਾਵਣਗੇ ।
ਤੇਰੇ ਘਰ ਵਿਚ ਪੈਣੀ ਛਾਉਣੀ ਏਂ ।
ਅਜੇ ਘੜੀ...
ਸਭ ਵਿਛੜਨਾ ਪਰਿਵਾਰ ਤੇਰਾ ।
ਕਿਤੇ ਨੂੰਹਾਂ ਬਰਖੁਰਦਾਰ ਤੇਰਾ ।
ਕਿਤੇ ਪੋਤਰੇ ਲੈਣ ਪਿਆਰ ਤੇਰਾ ।
ਅਸਾਂ ਜ਼ੁਲਮ ਦੀ ਅੱਗ ਬੁਝਾਉਣੀ ਏਂ ।
ਅਜੇ ਘੜੀ ਪਰਖ...
ਤੇਰੇ ਨਿੱਕੇ-ਨਿੱਕੇ ਲਾਲ ਮਾਤਾ ।
ਤੂੰ ਵੇਖੀਂ ਅੱਖਾਂ ਨਾਲ ਮਾਤਾ ।
ਕਰ ਦੇਣਗੇ ਦੁਸ਼ਟ ਹਲਾਲ ਮਾਤਾ ।
ਤੂੰ ਵੀ ਜ਼ਿੰਦੜੀ ਲੇਖੇ ਲਾਉਣੀ ਏਂ ।
ਅਜੇ ਘੜੀ ਪਰਖ ਦੀ...
ਤੇਰੇ ਪੋਤੇ ਜਾਨਾਂ ਵਾਰਨਗੇ ।
ਲੱਖਾਂ ਨੂੰ ਲੜ ਕੇ ਮਾਰਨਗੇ ।

ਉਹ ਲਾੜੀ ਮੌਤ ਪਿਆਰਨਗੇ ।
ਉਹਨਾਂ ਖ਼ੂਨ ਦੀ ਨਦੀ ਵਗੌਣੀ ਏਂ । ਅਜੇ...
ਜਦ ਖ਼ੂਨ ਪਵਿੱਤਰ ਡੁੱਲ੍ਹੇਗਾ ।
ਫਿਰ ਪੰਥ ਵਧੇਰਾ ਫੁੱਲੇਗਾ ।
ਫਿਰ ਧਰਮ ਦਾ ਝੰਡਾ ਝੁੱਲੇਗਾ ।
'ਦਿਲਬਰ' ਨੇ ਸ਼ੋਭਾ ਗਾਉਣੀ ਏਂ ।
ਅਜੇ ਘੜੀ ਪਰਖ ਦੀ ਆਉਣੀ ਏਂ ।

✲

## ਪੰਡਤ ਸ਼ਿਵ ਦੱਤ

ਲੌਂਦਾ ਰੋਜ਼ ਸਮਾਧੀਆਂ ਹਰੀ ਨਾਮ ਧਿਆਵੇ ।
ਅੰਮ੍ਰਿਤ ਵੇਲੇ ਉੱਠ ਕੇ ਗੰਗਾ ਵਿਚ ਨ੍ਹਾਵੇ ।
ਪੂਜਾ ਵਿਚ ਸ੍ਰੀ ਕ੍ਰਿਸ਼ਨ ਦੀ ਤਨ-ਮਨ ਨੂੰ ਲਾਵੇ ।
ਮੰਦਰ ਟੱਲ ਖੜਕਾਂਵਦਾ ਘੜਿਆਲ ਵਜਾਵੇ ।
ਗੀਤਾ ਪੜ੍ਹੇ ਪਰੇਮ ਨਾਲ ਨਿੱਤ ਧੂਫ ਧੁਖਾਵੇ ।
ਇਕ ਦਿਨ ਬਾਲਾ ਪ੍ਰੀਤਮ ਜੀ ਏਧਰ ਨੂੰ ਆਵੇ ।
ਪੂਜਾ ਕਰਦੇ ਪੰਡਤ ਨੂੰ ਆ ਭੂਨ ਹਿਲਾਵੇ ।
ਨੈਣ ਖੁਲ੍ਹੇ ਦੱਤ ਦੇ ਜਦ ਨਜ਼ਰ ਉਠਾਵੇ ।
ਦਰਸ਼ਨ ਹੋਏ ਭਗਵਾਨ ਦੇ ਪ੍ਰੀਤਮ ਮੁਸਕਾਵੇ ।
ਬੇੜੇ ਬੰਨ੍ਹੇ 'ਦਿਲਬਰਾ' ਸੇਵਕ ਦੇ ਲਾਵੇ ।

✲

## ਪਟਨੇ ਵਿਚ ਹਾਣੀਆਂ ਦਾ ਤਰਲਾ

ਤਰਜ਼—ਤੂੰ ਮੇਰਾ ਮੈਂ ਤੇਰਾ ਤੋੜ ਨਾ ਜਾਵੀਂ ਵੇ...

ਸੁਣ ਮਿੱਠੇ ਬੋਲ ਸੱਜਣਾ ਵਿਛੋੜਾਂ ਪਾਵੀਂ ਨਾ ।
ਅੱਧ ਵਿਚ ਤੋੜ ਪਰੀਤਾਂ ਛੱਡਕੇ ਜਾਵੀਂ ਨਾ ।
ਹੱਸ-ਹੱਸ ਕੇ ਤੂੰ ਯਾਰੀ ਲਾਈ, ਸੋਚਿਆ ਤੋੜ ਨਿਭਾਵੇਂਗਾ ।
ਸਾਡੇ ਚਿੱਤ ਨਾ ਚੇਤੇ ਹੈ ਸੀ, ਇਸ ਤਰ੍ਹਾਂ ਮੁੱਖ ਭਵਾਵੇਂਗਾ ।
ਘੁੱਟ ਗਲਵੱਕੜੀਆਂ ਪਾਈਆਂ, ਮੈਨੂੰ ਮਨੋਂ ਭੁਲਾਵੀਂ ਨਾ ।
ਅੱਧ ਵਿਚ ਤੋੜ ਪ੍ਰੀਤਾਂ ਛੱਡਕੇ ਜਾਵੀਂ ਨਾ ।

ਭੁੱਜਦੇ ਸਦਾ ਚਕੋਰ ਰਹਿਣਗੇ, ਚੰਦ ਚਮਕਦੇ ਰਹਿਣਾ ਏਂ ।
ਸਾਡੇ ਕਾਲਜੇ ਨੂੰ ਧੂਹ ਪੈਣੀ, ਨਾਮ ਤੇਰਾ ਜਦ ਲੈਣਾ ਏਂ ।
ਮੰਨ ਅਰਜੋਈ ਸਾਡੀ ਦਿਲ ਤੜਪਾਵੀਂ ਨਾ ।
ਅੱਧ ਵਿਚ ਤੋੜ ਪਰੀਤਾਂ ਛੱਡ ਕੇ ਜਾਵੀਂ ਨਾ ।
ਕੌਣ ਖਵਾਊ ਪੂਰੀਆਂ ਛੋਲੇ ਕੌਣ ਲੜਾਊ ਫੌਜਾਂ ਨੂੰ ।
ਗੰਗਾ ਕੰਢੇ ਹੱਸ ਖੇਡ ਕੇ ਕੌਣ ਲਟਾਊ ਮੌਜਾਂ ਨੂੰ ।
ਖਿੜ-ਖਿੜ ਹੱਸਦੀਆਂ ਅੱਖੀਆਂ ਯਾਰ ਰੁਆਈਂ ਨਾ ।
ਅੱਧ ਵਿਚ ਤੋੜ ਪ੍ਰੀਤਾਂ ਛੱਡ ਕੇ ਜਾਵੀਂ ਨਾ ।
ਨਵੀਆਂ ਗੁੱਡੀਆਂ ਨਵੇਂ ਪਟੋਲੇ ਵਸਨਾ ਨਵਾਂ ਜਹਾਨ ਤੇਰਾ ।
ਭੁੱਲ ਨਾ ਜਾਵੀਂ ਪਿਆਰ ਪੁਰਾਣੇ ਬਦਲ ਨਾ ਜਾਏ ਧਿਆਨ ਤੇਰਾ ।
ਤੂੰ 'ਦਿਲਬਰ' ਦਿਲਾਂ ਦੇ ਸ਼ੀਸ਼ੇ ਤੋੜ ਗਵਾਵੀਂ ਨਾ ।
ਅੱਧ ਵਿਚ ਤੋੜ ਪਰੀਤਾਂ ਛੱਡ ਕੇ ਜਾਵੀਂ ਨਾ ।
ਸੁਣ ਮਿੱਠੇ ਬੋਲ ਸੱਜਣਾ...

☆

## ਰਵਾਲਸਰ ਕਾਨਫਰੰਸ

### (ਗੁਰੂ ਕਲਗੀਧਰ ਜੀ ਦੀ ਤਕਰੀਰ)

### ਤਰਜ਼—ਝੋਕ ਮੇਰੇ ਮੌਲਾਂ ਵਾਲੀ

ਬੋਲੇ ਗੁਰੂ ਕਲਗੀਧਰ ਜੀ ਰੋਹ ਦੇ ਵਿਚ ਆਣ ਕੇ ।
ਜੋਸ਼ ਵਿਚ ਗਰਜੇ ਪ੍ਰੀਤਮ, ਛਾਤੀ ਨੂੰ ਤਾਣ ਕੇ ।
ਸੁਣ ਲੌ ਸਭ ਰਾਜੇ ਆਇਆ ਦਿਲ ਵਿਚ ਮੈਂ ਠਾਣ ਕੇ ।
ਧਰਮ ਦੀ ਰੱਖਿਆ ਬਦਲੇ, ਜਾਨ ਤੱਕ ਲਾਵਾਂਗਾ ।
ਦੁਨੀਆਂ ਵਿਚ ਪੰਥ ਖਾਲਸਾ, ਨਵਾਂ ਸਜਾਵਾਂਗਾ । ਜੱਗ...
ਨੀਚਾਂ ਨੂੰ ਊਚ ਕਰਨਾ ਸੀਨੇ ਨਾਲ ਲਾ ਕੇ ਮੈਂ ।
ਜਨਤਾ 'ਚੋਂ ਜਾਤ-ਪਾਤ ਦੇ, ਵਹਿਮ ਗਵਾ ਕੇ ਮੈਂ ।
ਸਾਂਝਾ ਇਕ ਭਾਈ ਚਾਰਾ ਦੱਸੂ ਬਣਾ ਕੇ ਮੈਂ ।
ਦੇਸਾ ਉਪਦੇਸ਼ ਜੱਗ ਨੂੰ ਨਾਨਕ ਨਿਰੰਕਾਰ ਦਾ ।
ਅੰਮ੍ਰਿਤ ਛਕਾਉਣਾ ਸਭ ਨੂੰ, ਖੰਡੇ ਦੀ ਧਾਰ ਦਾ । ਜੱਗ...
ਭੁੱਖਾ ਨਹੀਂ ਮਰਨ ਦੇਣਾ, ਕੋਈ ਗਰੀਬ ਮੈਂ ।
ਸੁੱਤੇ ਜਗਾਵਾਂਗਾ ਹੁਣ, ਦੇਸ਼ ਦੇ ਨਸੀਬ ਮੈਂ ।

ਹਉਮੈ ਦੇ ਰੋਗ ਕੱਟਣੇ, ਬਣ ਕੇ ਤਬੀਬ ਮੈਂ ।
ਭਾਰਤ ਦੇ ਕਲਚਰਨ ਨੂੰ ਮੈਂ, ਚਾਰ ਚੰਨ ਲਾਵਾਂਗਾ ।
ਦੁਨੀਆਂ ਵਿਚ ਪੰਥ ਖਾਲਸਾ, ਨਵਾਂ ਸਜਾਵਾਂਗਾ ।
ਜੱਗ ਦੇ...
ਮਾੜਿਆਂ ਗਰੀਬਾਂ ਤਾਈਂ, ਦਿਆਂਗਾ ਸਰਦਾਰੀਆਂ ।
ਵੇਖੋਗੇ ਜਦੋਂ ਇਹਨਾਂ ਨੇ ਤੇਗਾਂ ਰਣ ਮਾਰੀਆਂ ।
ਇਹਨਾਂ ਦੇ ਅੱਗੇ ਝੁਕਣਾ, ਵੱਡੇ ਹੰਕਾਰੀਆਂ ।
ਇਹਨਾਂ ਨੇ ਮੂੰਹ ਮੋੜਨਾ, ਜ਼ਾਲਮ ਸਰਕਾਰ ਦਾ ।
ਅੰਮ੍ਰਿਤ ਛਕਾਉਣਾ ਸਭ ਨੂੰ, ਖੰਡੇ ਦੀ ਧਾਰ ਦਾ ।
ਖਾਲਸਾ ਰਾਜ ਕਰੇਗਾ...
ਪੰਡਤ ਤੇ ਸ਼ੂਦਰ ਇਕ, ਪੰਗਤ ਵਿਚ ਬਹਿਣਗੇ ।
ਇਕੋ ਥਾਂ ਖਾਣ ਪੀਣਗੇ, ਇਕੱਠੇ ਹੀ ਰਹਿਣਗੇ ।
ਪਾ ਕੇ ਗਲਵੱਕੜੀ ਭਾਈ, ਵੀਰ ਸਭ ਕਹਿਣਗੇ ।
ਇਹਨਾਂ ਤੋਂ ਜ਼ੁਲਮ ਰਾਜ ਦੀਆਂ ਜੜ੍ਹਾਂ ਮੈਂ ਪੁਟਵਾਵਾਂਗਾ ।
ਦੁਨੀਆਂ ਵਿਚ ਪੰਥ ਖਾਲਸਾ, ਨਵਾਂ ਸਜਾਵਾਂਗਾ ।
ਤੀਸਰਾ ਪੰਥ ਸਾਜਣਾ...
ਦਿਸਦੇ ਕਮਜ਼ੋਰ ਜਿਹੜੇ, ਯੋਧ ਬਣਾ ਦਿਆਂਗਾ ।
ਰੰਕਾਂ ਨੂੰ ਹਿੰਮਤ ਦੇ ਕੇ ਤਖਤ 'ਤੇ ਬਿਠਾ ਦਿਆਂਗਾ ।
ਸਵਾ ਲੱਖ ਨਾਲ 'ਕੱਲੇ, ਸਿੰਘ ਨੂੰ ਲੜਾ ਦਿਆਂਗਾ ।
ਚਾੜ੍ਹਾਂਗਾ ਰੰਗ ਇਹਨਾਂ ਨੂੰ ਦੇਸ਼ ਪਿਆਰ ਦਾ ।
ਅੰਮ੍ਰਿਤ ਛਕਾਉਣਾ ਸਭ ਨੂੰ, ਖੰਡੇ ਦੀ ਧਾਰ ਦਾ । ਜੱਗ...
ਸੰਤਾਂ ਦੀ ਰੱਖਿਆ ਕਰਨੀ, ਦੁਸ਼ਟਾਂ ਨੂੰ ਮਾਰਨਾ ।
ਧਰਮ ਦਾ ਡੁੱਬਦਾ ਬੇੜਾ ਚੱਪੂ ਲਾ ਤਾਰਨਾ ।
ਸਾਰਾ ਪਰਿਵਾਰ 'ਦਿਲਬਰਾ' ਦੁਖੀਆਂ ਲਈ ਵਾਰਨਾ
ਕੇਸਰੀ ਝੰਡਾ ਜੱਗ ਵਿਚ, ਉੱਚਾ ਝੁਲਾਵਾਂਗਾ ।
ਦੁਨੀਆਂ ਵਿਚ ਪੰਥ ਖਾਲਸਾ, ਨਵਾਂ ਸਜਾਵਾਂਗਾ । ਤੀਸਰਾ...

☆

## ਦਸਮੇਸ਼ ਦੀਆਂ ਸੋਚਾਂ

ਸਤਿਗੁਰੂ ਦਸਵੇਂ ਪਾਤਸ਼ਾਹ ਕਰਦੇ ਸੋਚ ਵਿਚਾਰ ।
ਉਲਝੀ ਤਾਣੀ ਦੇਸ਼ ਦੀ, ਹੋਵੇ ਕਿਵੇਂ ਸੁਧਾਰ ।

ਰੁਲਦੀ ਫਿਰਦੀ ਮਨੁੱਖਤਾ, ਫੁਲਿਆ ਫਿਰੇ ਹੰਕਾਰ ।
ਜਾਤ-ਪਾਤ ਤੇ ਈਰਖਾ, ਵਹਿਮਾਂ ਦੀ ਭਰਮਾਰ ।
ਭੁੱਲ ਕੇ ਅਕਾਲ ਪੁਰਖ ਨੂੰ, ਪਏ ਲੋਕੀਂ ਹੋਣ ਖਵਾਰ ।
ਪੀਰ ਦੇਵੀਆਂ ਦੇਵਤੇ ਪੂਜਣ ਪਏ ਨਰ-ਨਾਰ ।
ਵਾੜ ਖੇਤ ਨੂੰ ਖਾਂਵਦੀ, ਜ਼ਾਲਮ ਹੋਈ ਸਰਕਾਰ ।
ਧੱਕੇਸ਼ਾਹੀ ਪਰਖਦੀ, ਮਾੜਿਆਂ 'ਤੇ ਤਲਵਾਰ ।
ਜੋ ਸਿੱਖੀ ਪੰਥ ਚਲਾ ਗਏ ਗੁਰੂ ਨਾਨਕ ਨਿਰੰਕਾਰ ।
ਕਿਤੇ ਭੁੱਲ ਨਾ ਜਾਣ ਅਸੂਲ ਏਹ ਰਲ ਦੂਜਿਆਂ ਵਿਚਕਾਰ।
ਕਿਤੇ ਸਾਥੋਂ ਬਾਅਦ ਪਾਖੰਡ ਦਾ, ਫੈਲੇ ਨਾ ਪ੍ਰਚਾਰ ।
ਹੁਣ ਸਾਜੀਏ ਅਣਖੀ ਖਾਲਸਾ ਕਰੀਏ ਸਿੰਘ ਤਿਆਰ ।
ਜੋ ਗਲੋਂ ਗ਼ੁਲਾਮੀ ਲਾਹ ਦਵੇ ਪੀ ਅੰਮ੍ਰਿਤ ਖੰਡੇਧਾਰ ।
ਜੋ ਰਖਿਆ ਕਰੇ ਮਜ਼ਲੂਮ ਦੀ ਜ਼ਾਲਮ ਨੂੰ ਲਲਕਾਰ ।
ਜੋ ਪੂਜੇ ਇਕ ਅਕਾਲ ਨੂੰ ਸੱਚ ਦਾ ਕਰੇ ਵਿਹਾਰ ।
ਜੇ ਤਾਬਿਆ ਗੁਰੂ ਗ੍ਰੰਥ ਦੀ, ਛੱਡਦਾ ਰਹੇ ਜੈਕਾਰ ।
ਜੀਹਦਾ ਕੇਸਰੀ ਝੰਡਾ 'ਦਿਲਬਰਾ' ਝੁੱਲੇ ਵਿਚ ਸੰਸਾਰ ।

✲

## ਮਾਤਾ ਗੁਜਰੀ ਜੀ ਦੀ ਸਿਖਿਆ

### (ਸਾਹਿਬਜ਼ਾਦਿਆਂ ਨੂੰ)

### ਤਰਜ਼—ਪਰਦੇਸੀਓਂ ਸੇ ਨਾ ਅੱਖੀਆਂ ਮਿਲਾਨਾ

ਮੇਰੇ ਹੀਰਿਓ ਤੁਸਾਂ ਚਿੱਤ ਨਾ ਡੁਲਾਣਾ।
ਜ਼ਾਲਮ ਕਚਹਿਰੀ 'ਚ ਹੱਸ-ਹੱਸ ਕੇ ਜਾਣਾ।
ਮਰਦਾਂ ਦੇ ਹੁੰਦੇ ਸਦਾ ਇਮਤਿਹਾਨ ਨੇ।
ਸਦਾ ਮਾਣਦੇ ਯੋਧੇ ਤੇਗਾਂ ਦੀ ਛਾਂ ਨੇ ।
ਫਤਿਹ ਦਾ ਜੈਕਾਰਾ ਗੱਜ ਕੇ ਬੁਲਾਣਾ ।
ਮੇਰੇ ਹੀਰਿਓ ਤੁਸਾਂ ਚਿੱਤ ਨਾ ਡੁਲਾਣਾ ।
ਤੁਸੀਂ ਪੰਥ ਦੀ ਸ਼ਾਨ ਹੋ ਲਾਲ ਪਿਆਰੇ ।
ਤੁਸਾਂ ਦੇਸ਼ ਦੀ ਬੇੜੀ ਲਾਉਣੀ ਕਿਨਾਰੇ ।
ਸੱਚਾਈ ਦਾ ਝੰਡਾ ਹੈ ਉੱਚਾ ਝੁਲਾਣਾ ।
ਮੇਰੇ ਹੀਰਿਓ ਤੁਸਾਂ ਚਿੱਤ ਨਾ ਡੁਲਾਣਾ ।
ਧਰਮ ਅੱਜ ਪਵਿੱਤਰ ਬਲੀਦਾਨ ਮੰਗੇ ।

ਸ਼ਰਮ ਵੇਖ ਕੇ ਨਹੀਂ ਮੁੜਦੇ ਪਤੰਗੇ ।
'ਦਿਲਬਰ' ਆਸ਼ਕਾਂ ਦਾ ਸੂਲੀ ਟਿਕਾਣਾ ।
ਮੇਰੇ ਹੀਰਿਓ ਤੁਸਾਂ ਚਿੱਤ ਨਾ ਭੁਲਾਣਾ

✲

# ਪਿਆਰ ਸੁਨੇਹਾ

## ਤਰਜ਼—ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ...

ਅਨੰਦਪੁਰ ਨੂੰ ਜਾਂਦਿਆਂ ਸੁਣ ਰਾਹੀਆ ਵੇ।
ਖੜ੍ਹ ਕੇ ਗੱਲ ਸੁਣ ਜਾਹ ਤੂੰ ਸੰਤ ਸਿਪਾਹੀਆ ਵੇ।
ਆਖੀਂ ਕਲਗੀਧਰ ਸੱਚੀਆਂ ਸਰਕਾਰਾਂ ਨੂੰ।
ਕਦੇ ਤਾਂ ਮਾਹੀਆ ਏਧਰ ਮੋੜ ਮੁਹਾਰਾਂ ਨੂੰ ।
ਨੈਣ ਤਰਸਦੇ ਰਹਿੰਦੇ ਦੀਦ ਪਿਆਸੇ ਨੇ ।
ਭਰ ਦਿਉ ਕਰਕੇ ਮੇਹਰ, ਇਹ ਖਾਲੀ ਕਾਸੇ ਨੇ ।
ਤੂੰ ਭਾਰਤ ਦੇ ਸੁੱਤੇ, ਭਾਗ ਜਗਾਏ ਸੀ ।
ਹੱਸ-ਹੱਸ ਚਾਰੇ ਪੁੱਤਰ, ਘੋਲ ਘੁਮਾਏ ਸੀ ।
ਵੱਡੇ ਤੇਰੇ ਲਾਲਾਂ ਦੀ, ਕੁਰਬਾਨੀ ਨੂੰ ।
ਭੁਲਿਆ ਨਹੀਂ ਚਮਕੌਰ, ਪੁੱਤਰਾਂ ਦੇ ਦਾਨੀ ਨੂੰ ।
ਮੰਜਲਾਂ ਲਾਲ ਮੁਕਾ ਗਏ ਬਿਖੜੇ ਪੰਧ ਦੀਆਂ ।
ਭੁੱਲ ਨਹੀਂ ਸਕਦੀਆਂ, ਕਦੇ ਕੰਧਾਂ ਸਰਹੰਦ ਦੀਆਂ ।
ਜਿਥੇ ਤੇਰੇ ਨੀਲੇ ਪੈਰ ਟਿਕਾਏ ਨੇ ।
ਟਹਿਕ ਉਠੇ ਉਸ ਥਾਂ ਦੇ ਫੁੱਲ ਕੁਮਲਾਏ ਨੇ ।
ਕੀਤੇ ਜੋ ਉਪਕਾਰ ਦਿਲਾਂ 'ਚੋਂ ਭੁੱਲ ਗਏ ਹਾਂ ।
ਭੁੱਲ ਕੇ ਤੇਰੀ ਯਾਦ ਖਾਕ ਵਿਚ ਰੁਲ ਗਏ ਹਾਂ ।
ਅੰਮ੍ਰਿਤ ਦੇ ਕੇ ਗਿੱਦੜੋਂ, ਸ਼ੇਰ ਬਣਾਇਆ ਤੂੰ ।
ਕੰਗਲਿਆਂ ਤਾਈਂ ਰਾਜ ਦੇ ਤਖਤ ਬਿਠਾਇਆ ਤੂੰ ।
ਝੰਡਾ ਕੇਸਰੀ ਸਦਾ ਉਚਾ ਲਹਿਰਾਵੇਗਾ ।
'ਦਿਲਬਰ' ਢਾਡੀ ਵਾਰਾਂ ਤੇਰੀਆਂ ਗਾਵੇਗਾ ।
ਅਨੰਦਪੁਰ ਸਾਹਿਬ ਨੂੰ ਜਾਂਦਿਆਂ ਸੁਣ ਰਾਹੀਆ ਵੇ । ਖੜ੍ਹਕੇ...

✲

# ਪੂਰਾ ਗੁਰੂ

ਗੁਰੂ ਬਿਨਾਂ ਜੀਵ ਨੂੰ ਗਿਆਨ ਕਿਥੋਂ ਹੋਵੇ ?
ਗੁਰੂ ਬਿਨਾਂ ਕੌਣ ਮੈਲ ਹਿਰਦੇ ਦੀ ਧੋਵੇ ?
ਗੁਰੂ ਪਾਰ ਜਾਤ ਗੁਰੂ ਤੀਰਥ ਮਹਾਨ ਹੈ ।
ਗੁਰੂ ਬਿਨਾਂ ਹੋਂਵਦਾ, ਨਹੀਂ ਗਿਆਨ ਹੈ ।
ਜਨਮਾਂ ਦੀ ਮੈਲ ਕੌਣ ਗੁਰੂ ਬਿਨਾਂ ਧੋਵੇ । ਗੁਰੂ ਬਿਨਾਂ...
ਗੁਰੂ ਹੀ ਕਲਪ ਬਿਰਛ ਗੁਰੂ ਕਾਮਧੇਨ ਹੈ ।
ਮਾਨਸ ਜਨਮ ਦੇਹੀ, ਗੁਰੂ ਦੀ ਹੀ ਦੇਣ ਹੈ ।
ਸਭਾ ਵਿਚ ਕਦੇ ਨਾ ਨਿਗੁਰਾ ਬੰਦਾ ਸੋਹਵੇ । ਗੁਰੂ ਬਿਨਾਂ...
ਸਗਲ ਹੀ ਪਦਾਰਥਾਂ ਦਾ, ਗੁਰੂ ਆਪ ਦਾਤਾ ਏ ।
ਗੁਰੂ ਸਾਡਾ ਪਿਤਾ ਹੈ ਤੇ ਗੁਰੂ ਸਾਡੀ ਮਾਤਾ ਹੈ ।
ਵੱਡੇ ਭਾਗ ਉਹਦੇ ਜਿਹੜਾ ਗੁਰੂ ਚਰਨ ਛੋਹਵੇ ।
ਗੁਰੂ ਬਿਨਾਂ ਜੀਵ ਨੂੰ ਗਿਆਨ ਕਿਥੋਂ ਹੋਵੇ ।
ਗੁਰੂ ਨਾਮ ਜਪਣਾ ਹੀ ਵੱਡਾ ਪੁੰਨ-ਦਾਨ ਹੈ ।
ਗੁਰੂ ਹੀ ਮੁਕਤ ਕਰੇ, ਗੁਰੂ ਹੀ ਕਲਿਆਣ ਹੈ ।
ਤੱਤੀ ਵਾ ਨਾ ਲੱਗੇ ਜਦੋਂ ਗੁਰੂ ਰਾਖਾ ਹੋਵੇ । ਗੁਰੂ ਬਿਨਾਂ...
ਜਰਾ ਜਿੰਨਾ ਭੇਦ ਨਹੀਂ, ਗੁਰੂ ਤੇ ਅਕਾਲ ਵਿਚ ।
'ਦਿਲਬਰ' ਜੀ ਰੱਬ ਦਿਸੇ ਗੁਰੂ ਦੇ ਜਲਾਲ ਵਿਚ ।
ਦਰਗਾਹ ਦੇ ਵਿਚ ਨਾਲ ਗੁਰੂ ਹੀ ਖਲੋਵੇ ।
ਗੁਰੂ ਬਿਨਾਂ ਜੀਵ ਨੂੰ ਗਿਆਨ ਕਿਥੋਂ ਹੋਵੇ ।

✲

# ਸਿੱਖੀ ਸਿਦਕ

## ਤਰਜ਼—ਹੀਰ ਬੈਂਤ

ਸਿੱਖੀ ਖੰਡੇ ਦੀ ਧਾਰ ਤੋਂ ਬੜੀ ਤਿੱਖੀ, ਸਿੱਖੀ ਸਿਦਕ ਨਿਭਾਵਣਾ ਬੜਾ ਔਖਾ।
ਚੜ੍ਹਣਾ ਚਰਖੜੀ ਦੇਗ ਵਿਚ ਉਬਲ ਜਾਣਾ ਖੋਪਰ ਸਿਰੋਂ ਲੁਹਾਵਣਾ ਬੜਾ ਔਖਾ।
ਤੱਤੀ ਰੇਤ ਵਿਚ ਨਹਾ ਕੇ ਸ਼ੁਕਰ ਕਰਨਾ, ਆਰੇ ਨਾਲ ਚੀਰ ਜਾਵਣਾ ਬੜਾ ਔਖਾ।
ਲੋਹਾਂ ਸੜਦੀਆਂ 'ਤੇ ਹੱਸ ਕੇ ਬਹਿ ਜਾਣਾ ਬੰਦ-ਬੰਦ ਕਟਵਾਵਣਾ ਬੜਾ ਔਖਾ।
ਜਿਉਂਦੇ ਜੀ ਸੜ ਜਾਵਣਾ ਭੱਠੀਆਂ ਵਿਚ, ਡੱਕਾ ਇੰਜਣ ਨੂੰ ਪਾਵਣਾ ਬੜਾ ਔਖਾ।
ਡਾਂਗਾ ਖਾ ਕੇ ਵੀ ਸਤਿਨਾਮ ਕਹਿਣਾ, ਦੁੱਖ ਵਿਚ ਸੁੱਖ ਮਨਾਵਣਾ ਬੜਾ ਔਖਾ।

ਸੀਸ ਤਲੀ 'ਤੇ ਰੱਖ ਕੇ ਜੰਗ ਲੜਨਾ ਪ੍ਰਣ ਤੋੜ ਚੜ੍ਹਾਵਣਾ ਬੜਾ ਔਖਾ।
ਲੱਖਾਂ ਨਾਲ ਕੱਲੇ ਰਣ ਵਿਚ ਜੂਝ ਜਾਣਾ 'ਦਿਲਬਰ' ਸਿੱਖ ਅਖਵਾਵਣਾ ਬੜਾ ਔਖਾ।

✫

## ਭਾਈ ਦਿਆਲਾ

(ਤਰਜ਼—ਹੱਥੀਂ ਤੋਰ ਸੱਜਣਾ...)

ਸਿੱਖ ਦੀ ਸਮਾਧੀ ਲੱਗ ਗਈ, ਪਾਣੀ ਜੋਸ਼ 'ਚ ਉਬਾਲੇ ਖਾਵੇ।
ਲਟ-ਲਟ ਅੱਗ ਬਲਦੀ, ਵਾਂਗੂੰ ਦੋ ਹੋ ਗਿਆ ਪਾਣੀ।
ਦੇਗ ਵਿਚੋਂ ਭਾਫ ਨਿਕਲੇ, ਸਿੱਖ ਪੜ੍ਹਦਾ ਗੁਰਾਂ ਦੀ ਬਾਣੀ।
ਵਾਹਵਾ ਤੇਰਾ ਭਾਣਾ ਮਾਲਕਾ ਤੇਰੇ ਰੰਗਾਂ ਦਾ ਅੰਤ ਨਾ ਆਵੇ।
ਸਿੱਖ ਦੀ ਸਮਾਧੀ ਲੱਗ ਗਈ, ਪਾਣੀ...
ਹੁਕਮ ਹੈ ਔਰੰਗਜ਼ੇਬ ਦਾ, ਇਹਨੂੰ ਖੂਬ ਤੜਪਾ ਕੇ ਮਾਰੋ ।
ਗੁਰੂ ਇਹਦਾ ਦੇਖੋ ਸਾਮ੍ਹਣੇ ਇਹਦਾ ਸਿੱਖੀ ਵਾਲਾ ਨਸ਼ਾ ਚਾ ਉਤਾਰੋ।
ਸਾਥੀ ਇਹਦਾ ਚੀਰ ਸੁੱਟਿਆ, ਇਹਨੂੰ ਫੇਰ ਵੀ ਖੌਫ ਨਾ ਆਵੇ।
ਸਿੱਖੀ ਦੀ ਸਮਾਧੀ ਲੱਗ ਗਈ, ਪਾਣੀ...
ਦੇਗ ਵੀ ਪਿਆਰੀ ਲੱਗਦੀ ਚੰਗਾ ਲੱਗਦਾ ਇਨ੍ਹਾਂ ਨੂੰ ਆਰਾ।
ਮੌਤ ਨੂੰ ਮਖੌਲ ਕਰਦੇ ਇਨ੍ਹਾਂ ਸਿੱਖਾਂ ਦਾ ਹੈ ਪੰਥ ਨਿਆਰਾ।
ਵੇਖ ਕੇ ਸਿਦਕ ਸਿੱਖ ਦਾ, ਜੱਗ ਮੂੰਹ 'ਚ ਉਂਗਲੀਆਂ ਪਾਵੇ ।
ਸਿੱਖ ਦੀ ਸਮਾਧੀ ਲੱਗ ਗਈ....
'ਕੇਤੀ ਛੁੱਟੀ ਨਾਲ' ਆਖ ਕੇ ਸਿੱਖ ਗੁਰਾਂ ਦੀ ਸੀਸ ਨਿਵਾਯਾ ।
ਹੱਡੀਆਂ ਨੇ ਸਾਸ ਛੱਡਿਆ ਰੂਹ ਛੱਡ ਕੇ ਪਿੰਜਰ ਨੂੰ ਧਾਯਾ ।
ਜਾਨ ਇਨ੍ਹਾਂ ਵਾਰੀ ਧਰਮ ਤੋਂ, ਜੱਗ 'ਦਿਲਬਰਾਂ' ਉਨ੍ਹਾਂ ਦਾ ਜੱਸ ਗਾਵੇ।
ਸਿੱਖ ਦੀ ਸਮਾਧੀ ਲੱਗ ਗਈ, ਪਾਣੀ ਜੋਸ਼ 'ਚ ਉਬਾਲੇ ਖਾਵੇ ।

✫

## ਸਾਹਿਬਜ਼ਾਦੇ ਅਜੀਤ ਸਿੰਘ ਨੂੰ ਸਿਖਿਆ

(ਚਮਕੌਰ ਗੜ੍ਹੀ ਵਿਚ)

ਤਰਜ਼—ਜੁਗਨੀ ਡਿਊਟ

ਗੁਰਾਂ ਲਾਲ ਨੂੰ ਕੋਲ ਬੁਲਾਇਆ ਏ ।
ਪੁੱਤ ਘੁੱਟਕੇ ਸੀਨੇ ਲਾਇਆ ਏ ।

ਹੱਥੀਂ ਗਾਨਾ ਬੰਨ੍ਹ ਸਜਾਇਆ ।

ਮੇਰੇ ਸੋਹਣੇ ਚੰਨਾ...

ਜਾਹ ਜੰਗ ਨੂੰ ਮੇਰੇ ਹੀਰਿਆ ਵੇ ।
ਜ਼ੋਰਾਵਰ ਫਤਹਿ ਦੇ ਵੀਰਿਆ ਵੇ ।
ਗੱਲ ਸੁਣ ਲੌ ਲਾਲ ਅਜੀਤ ਮੇਰੀ ।
ਅਜ ਕਰਦੇ ਅਮਰ ਪ੍ਰੀਤ ਮੇਰੀ ।
ਕੁਰਬਾਨੀ ਕਰਨੀ ਰੀਤ ਮੇਰੀ ।

ਮੇਰੇ ਗੱਭਰੂ ਸ਼ੇਰਾ...

ਜਾ ਜੰਗ ਨੂੰ ਵੀਰ ਦੁਲਾਰਿਆ ਵੇ ।
ਸੁੰਦਰੀ ਦੀ ਅੱਖ ਦੇ ਤਾਰਿਆ ਵੇ ।
ਜਿਵੇਂ ਸਿੰਘ ਕਮਾਲਾਂ ਕਰ ਗਏ ਨੇ
ਤੇਰੇ ਸਾਹਵੇਂ ਮੌਤ ਨੂੰ ਵਰ ਗਏ ਨੇ
ਹੱਸ ਨਦੀ ਖ਼ੂਨ ਦੀ ਤਰ ਗਏ ਨੇ ।

ਮੇਰੇ ਸੋਹਣੇ ਚੰਨਾ...

ਜਾ ਜੰਗ ਨੂੰ ਮੇਰੇ ਹੀਰਿਆ ਵੇ ।
ਜ਼ੋਰਾਵਰ ਫਤਹਿ ਦੇ ਵੀਰਿਆ ਵੇ ।
ਤੂੰ ਚਾਨਣ ਮਾਂ ਦੀ ਜਿੰਦ ਦਾ ਏਂ ।
ਤੂੰ ਪੋਤਾ 'ਚਾਦਰ ਹਿੰਦ' ਦਾ ਏਂ ।
ਪੜਪੋਤਾ ਹਰਿ ਗੋਬਿੰਦ ਦਾ ਏਂ ।

ਮੇਰੇ ਗੱਭਰੂ ਸ਼ੇਰਾ...

ਜਾ ਜੰਗ ਨੂੰ ਵੀਰ ਦੁਲਾਰਿਆ ਵੇ ।
ਸੁੰਦਰੀ ਦੀ ਅੱਖ ਦੇ ਤਾਰਿਆ ਵੇ ।
ਤੀਰਾਂ ਦੀ ਰਣ ਵਿਚ ਛਾਂ ਕਰਦੇ ।
ਦਾਦੇ ਦਾ ਉੱਚਾ ਨਾ ਕਰਦੇ ।
ਦੁਸ਼ਮਣ ਦੀ ਜੰਗ 'ਚ ਭਾ ਕਰਦੇ ।

ਮੇਰੇ ਸੋਹਣੇ ਚੰਨਾ...

ਜਾ ਜੰਗ ਨੂੰ ਮੇਰੇ ਹੀਰਿਆ ਵੇ ।
ਜ਼ੋਰਾਵਰ ਫਤਹਿ ਦੇ ਵੀਰਿਆ ਵੇ ।
ਜਿਵੇਂ ਸ਼ੇਰ ਜੰਗਲ 'ਚ ਖੁੱਲ੍ਹ ਜਾ ਤੂੰ ।
ਬਣ ਜ਼ਹਿਰ ਦਿਲਾਂ ਤੇ ਡੁੱਲ੍ਹ ਜਾ ਤੂੰ ।
ਅੱਜ ਝੱਖੜ ਬਣ ਕੇ ਝੁੱਲ ਜਾ ਤੂੰ ।

ਮੇਰੇ ਗੱਭਰੂ ਸ਼ੇਰਾ...

ਜਾ ਜੰਗ ਨੂੰ ਬੀਰ ਦੁਲਾਰਿਆ ਵੇ ।
ਸੁੰਦਰੀ ਦੀ ਅੱਖ ਦੇ ਤਾਰਿਆ ਵੇ ।
ਅੱਜ ਰੱਜੇ ਨਾ ਤਲਵਾਰ ਤੇਰੀ ।
ਅੱਜ ਝੱਲੇ ਨਾ ਕੋਈ ਮਾਰ ਤੇਰੀ ।
ਅੱਜ ਵਧਦੀ ਜਾਏ ਲਲਕਾਰ ਤੇਰੀ ।
ਸੋਹਣੇ ਮੇਰੇ ਚੰਨਾ...
ਜਾਹ ਜੰਗ ਨੂੰ ਮੇਰੇ ਹੀਰਿਆ ਵੇ ।
ਜ਼ੋਰਾਵਰ ਫਤਹਿ ਦੇ ਵੀਰਿਆ ਵੇ ।
ਗੁਰ ਛੇਵਾਂ ਰਿਦੇ ਚਿਤਾਰੀਂ ਤੂੰ ।
ਵਧ-ਵਧ ਕੇ ਤੇਗ ਉਲਾਰੀਂ ਤੂੰ ।
ਛਾਤੀ ਤੇ ਤੀਰ ਸਹਾਰੀਂ ਤੂੰ ।
ਮੇਰੇ ਗੱਭਰੂ ਸ਼ੇਰਾ...
ਜਾਹ ਜੰਗ ਨੂੰ ਬੀਰ ਦੁਲਾਰਿਆ ਵੇ । ਸੁੰਦਰੀ ਦੀ ਅੱਖ...।
ਜਦ 'ਵਾਰ' ਕਿਸੇ ਦਾ ਝੱਲੇਗਾ ।
ਜਦ ਢਾਲ ਤੇ ਤੇਗਾਂ ਸਲੇਂਗਾ ।
ਮੈਂ ਹੱਸਾਂਗਾ ਦਲ ਠੱਲੇਂਗਾ ।
ਮੇਰੇ ਸੋਹਣੇ ਚੰਨਾ...
ਜਾਹ ਜੰਗ ਨੂੰ ਮੇਰੇ ਹੀਰਿਆ ਵੇ; ਜ਼ੋਰਾਵਰ ਫਤਹਿ ਦੇ...
ਅੱਜ ਲਾੜੀ ਮੌਤ ਵਿਆਹੀਂ ਤੂੰ ।
ਦੁਸ਼ਮਨ ਦੇ ਖ਼ੂਨ ਚਿ ਨ੍ਹਾਵੀਂ ਤੂੰ ।
ਮੇਰੀ ਚਿਰ ਦੀ ਆਸ ਪੁਜਾਵੀਂ ਤੂੰ । ਮੇਰ ਗੱਭਰੂ ਸ਼ੇਰਾ...
ਜਾਹ ਜੰਗ ਨੂੰ ਵੀਰ ਦੁਲਾਰਿਆ ਵੇ,
ਸੁੰਦਰੀ ਦੀ ਅੱਖ...
ਮੈਂ ਸੁਰਖ਼ਰੂ ਹੋ ਕੇ ਜਾਵਾਂਗਾ ।
ਮੈਂ ਲੱਖ-ਲੱਖ ਸ਼ੁਕਰ ਮਨਾਵਾਂਗਾ ।
ਮੈਂ 'ਦਿਲਬਰ' ਖ਼ੁਸ਼ੀ 'ਚ ਗਾਵਾਂਗਾ ।
ਮੇਰੇ ਸੋਹਣੇ ਚੰਨਾ...
ਜਾਹ ਜੰਗ ਨੂੰ ਮੇਰੇ ਹੀਰਿਆ ਵੇ ।
ਜ਼ੋਰਾਵਰ ਫਤਹਿ ਦੇ ਵੀਰਿਆ ਵੇ ।

☆

# ਮਾਛੀਵਾੜੇ ਜੰਗਲ ਵਿਚ

ਤਰਜ਼—ਜਾਵ ਵੇ ਰਾਹੀਆ ਤੁਰਿਆ ਜਾ ਤੈਨੂੰ...

ਉਹ ਮਾਛੀਵਾੜੇ ਜੰਗਲ ਵਿਚ ਕੋਈ ਗੀਤ ਅਨੋਖੇ ਗਾਉਂਦਾ ਏ ।
ਪਿਆ ਦਸਦਾ ਹਾਲ ਮੁਰੀਦਾਂ ਦਾ, ਮਾਹੀ ਨੂੰ ਸੱਦ ਸੁਣਾਉਂਦਾ ਏ ।
ਤੱਕ ਕੇ ਖਾਮੋਸ਼ ਨਜ਼ਾਰੇ ਨੂੰ, ਗੱਲ ਆਖੇ ਮਿੱਤਰ ਪਿਆਰੇ ਨੂੰ ।
ਕੰਡਿਆਂ ਦੀ ਸੇਜ ਤੇ ਸੌਂ ਕੇ ਵੀ, ਪਿਆ ਲੱਖ-ਲੱਖ ਸ਼ੁਕਰ ਮਨੌਂਦਾ ਏ।
ਔਹ ਮਾਛੀਵਾੜੇ ਜੰਗਲ ਵਿਚ, ਕੋਈ...
ਇਹ ਹੱਥੀਂ ਲਾਲ ਲੁਟਾ ਆਇਆ, ਇਹ ਆਪਣਾ ਫਰਜ਼ ਨਿਭਾ ਆਯਾ।
ਤਾਰਿਆਂ ਦੇ ਹੰਝੂ ਤੱਕ ਕੇ, ਇਹ ਬੁੱਲ੍ਹੀਆਂ ਵਿਚ ਮੁਸਕਾਂਦਾ ਏ।
ਔਹ ਮਾਛੀਵਾੜੇ ਜੰਗਲ ਵਿਚ...
ਇਹ ਕੈਸਾ ਅਜ਼ਬ ਵਪਾਰੀ ਏ ਸਭ ਪੂੰਜੀ ਧਰਮ ਤੋਂ ਵਾਰੀ ਏ।
ਜੰਗਲ ਦੇ ਪੰਛੀ ਤਕਦੇ ਨੇ ਰੁੱਖਾਂ ਨਾਲ ਬਾਤਾਂ ਪਾਉਂਦਾ ਏ।
ਔਹ ਮਾਛੀਵਾੜੇ ਜੰਗਲ ਵਿਚ, ਕੋਈ....
ਇਹ ਹੱਥੀਂ ਲਾਲ ਲੁਟਾ ਆਇਆ ਇਹ ਆਪਣਾ ਫਰਜ਼ ਨਿਭਾ ਆਯਾ।
ਤਾਰਿਆਂ ਦੇ ਹੰਝੂ ਤੱਕ ਕੇ, ਇਹ ਬੁੱਲ੍ਹੀਆਂ ਵਿਚ ਮੁਸਕਾਂਦਾ ਏ।
ਔਹ ਮਾਛੀਵਾੜੇ ਜੰਗਲ ਵਿਚ...
ਇਹਦਾ ਪ੍ਰਬਤ ਵਰਗਾ ਜੇਰਾ ਏ ਇਹਨੂੰ ਯਾਰ ਦਾ ਸਥਰ ਚੰਗੇਰਾ ਏ।
ਇਹ ਦਿਲਬਰ ਸਾਰੇ ਭਾਰਤ ਦਾ ਇਹਨੂੰ ਹਰ ਕੋਈ ਸੀਸ ਝੁਕੌਂਦਾ ਏ।
ਔਹ ਮਾਛੀਵਾੜੇ ਜੰਗਲ ਵਿਚ, ਕੋਈ ਗੀਤ ਅਨੋਖੇ ਗਾਉਂਦਾ ਏ।
ਪਿਆ ਦੱਸਦਾ ਹਾਲ ਮੁਰੀਦਾਂ ਦਾ, ਮਾਹੀ....

✲

# ਉੱਚ ਦਾ ਪੀਰ

ਤਰਜ਼—ਤੇਰਿਆਂ ਕਰਾਰਾਂ ਮੈਨੂੰ ਪੱਟਿਆ

ਪੀਰ ਜੀ ਦਾ ਮੰਜਾ ਮੋਢੇ ਚੱਕਿਆ ।
ਜਰਾ ਨਾ ਪਠਾਣ ਬਚਾ ਸਕਿਆ । ਪੀਰ ਜੀ ਦਾ...
ਨਬੀ-ਖਾਂ ਤੇ ਗਨੀ ਖਾਂ ਨੇ ਹੌਂਸਲਾ ਵਿਖਾਇਆ ਏ ।
ਪਾਲਕੀ ਦੀ ਸ਼ਕਲ ਵਿਚ ਮੰਜੇ ਨੂੰ ਬਣਾਇਆ ਏ ।
ਨਾਲ-ਸਿੰਘ ਦੋਵੇਂ ਲੱਗੇ ਦੋ ਪਿਛੇ ਦੋ ਅੱਗੇ ।
ਕੋਈ ਸੂਹਾ ਵੀ ਪਛਾਣ ਨਾ ਸਕਿਆ । ਪੀਰ ਜੀ...

ਨੀਲਾ ਬਾਣਾ ਪਹਿਨ ਕੇ 'ਤੇ ਬਾਜਾਂ ਵਾਲਾ ਬਹਿ ਗਿਆ।
ਕੀਤੇ ਜਿਹਨਾਂ ਦਰਸ਼ਨ ਉਹ ਚਰਨਾਂ ਤੇ ਢਹਿ ਪਿਆ।
ਕੇਸ ਪਿਛਾਂਹ ਨੂੰ ਖਿੱਲਰੇ, ਅੱਜ ਨਵੇਂ ਹੀ ਨਜ਼ਾਰੇ।
ਤਨ ਚਾਦਰ ਦੀ ਬੁੱਕਲ 'ਚ ਢਕਿਆ। ਪੀਰ ਜੀ...
ਫੌਜਦਾਰ ਵੇਖ ਕੇ ਤੇ ਹੋ ਗਿਆ ਹੈਰਾਨ ਸੀ।
ਦਿਲ ਵਿਚ ਸ਼ੱਕ, ਪਰ ਖੋਲ੍ਹੀ ਨਾ ਜ਼ਬਾਨ ਸੀ।
ਇਹ ਕੌਣ ਨ ਹਜ਼ੂਰ, ਚਿਹਰੇ ਉਤੇ ਰੱਬੀ ਨੂਰ।
ਉਹਨਾਂ ਗੁਰਾਂ ਦੀ ਸਵਾਰੀ ਤਾਈਂ ਡੱਕਿਆ। ਪੀਰ ਜੀ...
ਨਬੀ ਖਾਂ ਨੇ ਕਿਹਾ ਪੀਰ ਉੱਚ ਦੇ ਇਹ ਆਏ ਨੇ।
ਧੰਨ ਸਾਡੇ ਭਾਗ ਇਹਨਾਂ ਦਰਸ਼ਨ ਦਿਖਾਏ ਨੇ।
ਸੀਸ ਸਭ ਨੇ ਨਿਵਾਇਆ ਐਸੀ ਰਚ ਦਿੱਤੀ ਮਾਇਆ।
ਗੁਰਾਂ ਪਿਆਰ ਨਾਲ ਦਿਲਬਰ ਨੂੰ ਤੱਕਿਆ।
ਪੀਰ ਜੀ ਦਾ ਮੰਜਾ ਮੋਢੇ ਚੱਕਿਆ। ਜ਼ਰਾ ਨਾ...

✲

## ਜੱਸ ਤੇਰੇ ਪੁੱਤਰਾਂ ਦਾ

(ਮਾਤਾ ਸੁੰਦਰੀ ਤੇ ਸਾਹਿਬ ਕੌਰ ਨੂੰ ਕਲਗੀਧਰ ਜੀ ਕਹਿੰਦੇ ਹਨ)
ਤਰਜ਼—ਹੱਥੀਂ ਤੇਰੇ ਸੱਜਣਾਂ ਨੂੰ...

ਜਸ ਤੇਰੇ ਪੁੱਤਰਾਂ ਦਾ, ਪਿਆ ਹਰ ਥਾਂ ਜ਼ਮਾਨਾ ਗਾਵੇ।
ਅਜੀਤ ਤੇ ਜੁਝਾਰ ਜੂਝ ਗਏ, ਦੋਹਾਂ ਜੰਗ 'ਚ ਸ਼ਹੀਦੀ ਪਾਈ।
ਧਰਮ ਦੀ ਸ਼ਾਨ ਰੱਖ ਲਈ ਉਹਨਾਂ ਕੌਮ ਦੀ ਅਣਖ ਬਚਾਈ।
ਦੇਸ਼ ਤੋਂ ਜੋ ਜਾਨ ਵਾਰਦੇ, ਜੱਗ ਉਹਨਾਂ ਤੋਂ ਸਦਕੜੇ ਜਾਵੇ।
ਜਸ ਤੇਰੇ ਪੁੱਤਰਾਂ ਦਾ, ਪਿਆ....
ਛੋਟੇ ਤੇਰੇ ਪੁੱਤ ਲਾਡਲੇ, ਉਹਨਾਂ ਜਾਨ ਸਰਹੰਦ 'ਚ ਵਾਰੀ।
ਹੱਸ ਘੋੜੀ ਚੜ੍ਹੇ ਮੌਤ ਦੀ ਕੀਤੀ ਖਾਲਸੇ ਦੀ ਮਹਿਲ ਉਸਾਰੀ।
ਧੰਨ-ਧੰਨ ਮਾਤਾ ਗੁਜਰੀ, ਹਰ ਮੁੱਖ 'ਚੋਂ ਅਵਾਜ਼ਾ ਆਵੇ।
ਜਸ ਤੇਰੇ ਪੁੱਤਰਾਂ ਦਾ, ਪਿਆ....
ਹੋਇਆ ਕੀ ਜੇ ਚਾਰ ਤੁਰ ਗਏ ਤੇਰੀ ਗੋਦੀ ਵਿਚ ਖੇਡਦੇ ਹਜ਼ਾਰਾਂ।
ਸਦਾ ਹੀ ਜੀਉਂਦੇ ਰਹਿਣਗੇ, ਗਾਉਂ 'ਦਿਲਬਰ' ਉਹਨਾਂ ਦੀਆ ਵਾਰਾਂ।
ਜੀਵੇ ਤੇਰਾ ਪੁੱਤ ਖਾਲਸਾ ਤੇਰੇ ਨੀਰ ਕਿਉਂ ਅੱਖਾਂ 'ਚੋਂ ਆਵੇ।
ਜਸ ਤੇਰੇ ਪੁੱਤਰਾਂ ਦਾ, ਪਿਆ ਹਰ...

ਪੁੱਤਾਂ ਦੇ ਵਿਯੋਗ ਬਦਲੇ, ਕਿਸੇ ਛਾਲ ਮਹਲਾਂ ਉਤੋਂ ਮਾਰੀ।
ਮਿੱਠਾ ਮੇਵਾ ਪੁੱਤਰਾਂ ਦਾ, ਕੋਈ ਚੀਜ਼ ਨਾ ਇਹਨਾਂ ਤੋਂ ਪਿਆਰੀ।
ਧੰਨ ਜੇਰਾ ਬਾਜਾਂ ਵਾਲਿਆ, ਕੌਣ ਤੇਰੇ ਬਿਨਾਂ ਲਾਲ ਕਹਾਵੇ।
ਜਸ ਤੇਰੇ ਪੁੱਤਰਾਂ ਦਾ, ਪਿਆ ਹਰ ਥਾਂ ਜ਼ਮਾਨਾ ਗਾਵੇ ।

✡

## ਅਨੋਖਾ ਮਾਹੀ

### ਤਰਜ਼—ਮੈਂ ਤੇਰੀ ਤੂੰ ਮੇਰਾ ਤੋੜ ਨਾ ਜਾਵੀਂ ਵੇ

ਬਿਖੜੇ-ਬਿਖੜੇ ਰਸਤੇ, ਔਹ ਕੋਈ ਜਾਂਦਾ ਏ ।
ਇਹ ਨਵਾਂ ਅਨੋਖਾ ਰਾਹੀ, ਚੋਜ ਵਿਖਾਂਦਾ ਏ ।
ਮੋਢੇ ਤੇ ਤੀਰਾਂ ਦਾ ਭੱਥਾ, ਸ਼ੋਭੇ ਪਈ ਕਮਾਨ ਇਹਦੀ।
ਮੁੱਖ ਦਾ ਤੇਜ ਨਾ ਝੱਲਿਆ ਜਾਂਦਾ, ਯੋਧਿਆਂ ਵਾਲੀ ਸ਼ਾਨ ਇਹਦੀ।
ਇਹ ਸ਼ਹਿਨਸ਼ਾਹ ਦਰਵੇਸ਼ੀ ਦੇ, ਸਬਕ ਪੜ੍ਹਾਂਦਾ ਏ।
ਇਹ ਨਵਾਂ ਅਨੋਖਾ ਰਾਹੀ, ਚੋਜ ਵਿਖਾਂਦਾ ਏ ।
ਲਾਲ ਗੁਲਾਬੀ ਪੈਰ ਏਸ ਦੇ, ਤਿਖੇ ਕੰਡਿਆਂ ਵਿੰਨੇ ਨੇ।
ਜ਼ਰਾ ਨਿਸ਼ਾਨ ਨਾ ਫਿਕਰ ਦੇ ਮੁਖ ਤੇ ਨੈਣ ਇਹਦੇ ਰਸ ਭਿੰਨੇ ਨੇ।
ਉਹ ਸੂਲੀਆਂ ਨੂੰ ਪੀਂਘ ਸਮਝਦੇ,
ਇਕੋ ਝੂਟੇ ਨਾਲ ਦਿਸ ਪਏ ਖੁਦਾਈ
ਘੁੱਟ ਤੇਰੇ ਅੰਮ੍ਰਿਤ ਦੀ,
ਜਿਹਨਾਂ ਬੁਲ੍ਹੀਆਂ ਦੇ ਨਾਲ ਛੁਹਾਈ ।
ਚਿਰ ਮਨਸੂਰ ਨੂੰ ਹੋਇਆ,
ਗਲ ਹੋਈ ਤਬਰੇਜ਼ ਦੀ ਪੁਰਾਣੀ ।
ਆਸ਼ਕਾਂ ਨੇ ਚੜ੍ਹ ਚਰਖੜੀ,
ਨਵੀਂ ਖੂਨ ਨਾਲ ਲਿਖੀ ਏ ਕਹਾਣੀ।
ਉਹ ਖੁਸ਼ੀਆਂ 'ਚ ਪੌਂਦੇ ਜੱਫੀਆਂ,
ਭਾਵੇਂ ਬੰਦ ਬੰਦ ਕੱਟਦੇ ਕਸਾਈ ।
ਜੀ ਘੁੱਟ ਤੇਰੇ ਅੰਮ੍ਰਿਤ ਦੀ,
ਜਿਹਨਾਂ ਬੁਲ੍ਹੀਆਂ ਦੇ ਨਾਲ ਛੁਹਾਈ।
ਦੇਗਾਂ ਵਿਚ ਕੜ੍ਹ ਕੜ੍ਹ ਕੇ,
ਨਸ਼ਾ ਫੇਰ ਵੀ ਪਿਆਕਾਂ ਦਾ ਨਹੀਂ ਲਹਿੰਦਾ ।
ਕੰਧਾਂ ਵਿਚ ਚਿਣੇ ਜ਼ਾਲਮਾਂ,
ਰਹੇ ਹੱਸਦੇ ਜਹਾਨ ਸਾਰਾ ਕਹਿੰਦਾ ।

ਇਹ 'ਦਿਲਬਰ' ਕੀ ਜਾਣੇ ਭੇਦ ਨੂੰ,
ਕੈਸੀ ਪਾਨ ਦਸਮੇਸ਼ ਨੇ ਚੜ੍ਹਾਈ ।
ਜੀ ਘੁੱਟ ਤੇਰੇ ਅੰਮ੍ਰਿਤ ਦੀ,
ਜਿਹਨਾਂ ਬੁਲ੍ਹੀਆਂ ਦੇ ਨਾਲ ਛੁਹਾਈ।

✫

## ਭੀਖਨ ਸ਼ਾਹ ਦੇ ਤਰਲੇ

### ਤਰਜ਼—ਜੇ ਸੱਜਣਾਂ ਤੂੰ ਮੇਰੀ ਤੋਰ ਵੇਖਣੀ

ਜਦੋਂ ਪ੍ਰੀਤਮ ਤੂੰ ਮੇਰੇ ਦਿਲ ਦੀਆਂ ਜਾਣਦਾ ਏਂ
ਇਕ ਪਲ ਦਰਸ਼ਨ ਦਿਖਾ ਸੱਜਣਾਂ।
ਵੇ ਸਾਡੇ ਦਿਲਾਂ 'ਚ ਮਚਲਦੇ ਚਾ ਸੱਜਣਾਂ । ਵੇ....
ਵੇਖ ਕਿੱਡੀ ਦੂਰੋਂ, ਆਇਆ ਨੱਸ ਕੇ ਘੜਮ ਤੋਂ ।
ਸਖਣਾ ਨਾ ਮੁੜ ਜਾਵਾਂ ਦਰਸ਼ਨਾਂ ਦੇ ਜਾਮ ਤੋਂ ।
ਦੋ ਘੁਟ ਮਿੱਠੇ-ਮਿੱਠੇ ਨੈਣਾਂ ਦੀ ਸੁਰਾਹੀ ਵਿਚੋਂ ।
ਦੀਨ ਵਾਲੀ ਮੈਨੂੰ ਦੇ, ਪਿਲਾ ਦੇ ਸੱਜਣਾ । ਵੇ...
ਜਦੋਂ ਪ੍ਰੀਤਮ ਤੂੰ ਮੇਰੇ ਦਿਲ ਦੀਆਂ ਜਾਣਦਾ ਏਂ ।
ਇਕ ਪਲ ਦਰਸ਼ਨ ਦਿਖਾ ਸੱਜਣਾ । ਵੇ ਸਾਡੇ...
ਕੱਟਿਆ ਬਥੇਰਾ ਅਸਾਂ ਚੱਕਰ-ਚੁਰਾਸੀ ਦਾ ।
ਤੇਰੇ ਬਿਨਾਂ ਕੌਣ ਇਸ ਆਤਮਾ ਪਿਆਸੀ ਦਾ ।
ਮੁੱਕ ਜਾਣ ਮੰਜ਼ਲਾਂ ਤੇ ਚਰਨਾਂ 'ਚ ਜਗ੍ਹਾ ਮਿਲੇ
ਐਸਾ ਰੰਗ ਪਿਆਰ ਦਾ ਜਮਾ ਸੱਜਣਾਂ । ਵੇ...
ਪਹਿਲੀ ਵਾਰ ਆਇਆ ਹੈ ਅਨੰਦ ਕੋਈ ਨਮਾਜ਼ ਵਿਚ ।
ਹੋ ਗਿਆ ਸੰਗੀਤ ਪੈਦਾ ਜ਼ਿੰਦਗੀ ਦੇ ਸਾਜ਼ ਵਿਚ ।
ਦੂਰ-ਦੂਰ ਰਹਿ ਨਾ ਹੁਣ, ਨੈਣਾ ਵਿਚ ਨੈਣ ਪਾ ਦੇ
ਸੀਨੇ ਨਾਲ ਲੁਛਦੇ ਨੂੰ ਲਾ ਸੱਜਣਾ । ਵੇ ਸਾਡੇ...
ਕਰਦੇ ਹੈ ਸ਼ੱਕ ਤਾਹਨੋ, ਦੇਂਦਾ ਸੰਸਾਰ ਹੈ ।
ਤੇਰੇ ਹੱਥ ਲਾਜ ਮੇਰੀ ਸੱਚੀ ਸਰਕਾਰ ਹੈ ।
ਯਾਰ ਦੇ ਦੀਦਾਰ ਬਾਝੋਂ, ਆਸ਼ਕਾਂ ਨੂੰ ਢੋਈ ਨਹੀਂ
ਦਿਲਬਰ ਦੀ ਆਸ ਨੂੰ, ਪੂਜਾ ਸੱਜਣਾ । ਵੇ ਸਾਡੇ...
ਜਦੋਂ ਪ੍ਰੀਤਮ ਤੂੰ ਮੇਰੇ ਦਿਲ ਦੀਆਂ ਜਾਣਦਾ ਏਂ ।
ਇਕ ਪਲ ਦਰਸ਼ਨ ਦਿਖਾ ਸੱਜਣਾ । ਵੇ ਸਾਡੇ...

✫

# ਅਨੋਖੀ ਮੁਲਾਕਾਤ

### ਤਰਜ਼—ਸੌ ਸਾਲ ਪਹਿਲੇ ਤੇਰਾ ਮਨ ਪਿਆਰ ਥਾ

ਬਲ ਬਲ ਜਾਵਾਂ ਤੈਥੋਂ, ਨੂਰੀ ਨੈਣਾਂ ਵਾਲਿਆ ।
ਪਿਆਰ ਦੀ ਕਹਾਣੀ, ਜੱਗ ਕਰਦਾ ਰਹੇਗਾ ।
ਦੋ ਦੁੱਧ ਦੀਆਂ ਭਰ ਕੁੱਜੀਆਂ ਪੀਰ ਨੇ ਸਤਿਗੁਰ ਅੱਗੇ ਟਿਕਾਈਆਂ ।
ਲੈ ਬੋਸਾ ਚਰਨਾਂ ਦਾ, ਪਾਇਆ ਦੀਦ ਅੱਖਾਂ ਸਧਰਾਈਆਂ ।
ਚਰਨਾਂ ਦੇ ਉਤੇ ਸੀਸ ਸਭ ਨੇ ਝੁਕਾ ਲਿਆ ।
ਪਿਆਰ ਦੀ ਕਹਾਣੀ...
ਕੱਢ ਬਾਹਾਂ ਬੁੱਕਲ 'ਚੋਂ, ਗੁਰਾਂ ਨੇ ਕੁੱਜੀਆਂ 'ਤੇ ਹੱਥ ਰੱਖੇ ।
ਫਿਰ ਪਿਆਰ ਨਾਲ ਤੱਕਿਆ, ਖੁਸ਼ੀ ਦਾ ਚੰਨ ਚਮਕਿਆ ਮੱਥੇ ।
ਰਮਜ਼ਾਂ ਦੇ ਨਾਲ ਦੋਹਾਂ ਨੈਣਾਂ ਨੂੰ ਲੜਾ ਲਿਆ ।
ਪਿਆਰ ਦੀ ਕਹਾਣੀ....
ਲੈ ਖੁਸ਼ੀਆਂ ਸਤਿਗੁਰ ਤੋਂ, ਮਾਰਿਆ ਭੀਖਮ ਸ਼ਾਹ ਨੇ ਨਾਹਰਾ ।
ਇਹ ਲੋਕੋ ਆਇਆ ਏ, ਹਿੰਦੂ ਮੁਸਲਮਾਨ ਦਾ ਪਿਆਰਾ ।
ਸ਼ਰਧਾ ਦੇ ਨਾਲ ਗੀਤ, 'ਦਿਲਬਰ' ਨੇ ਗਾ ਲਿਆ ।
ਪਿਆਰ ਦੀ ਕਹਾਣੀ...
ਬਲ-ਬਲ ਜਾਵਾਂ ਤੈਥੋਂ, ਨੂਰੀ ਨੈਣਾਂ ਵਾਲਿਆ ।
ਪਿਆਰ ਦੀ ਕਹਾਣੀ, ਜੱਗ ਕਰਦਾ ਰਹੇਗਾ ।

✲

# ਕਰਾਮਾਤ

### (ਬਹਾਦਰ ਸ਼ਾਹ ਦੇ ਦਰਬਾਰ ਵਿਚ)

ਸਤਿਗੁਰ ਦਸਵੇਂ ਪਾਤਿਸ਼ਾਹ, ਆ ਗਏ ਵਿਚ ਜਲਾਲ।
ਮੱਥੇ ਪਈਆਂ ਤਿਊੜੀਆਂ ਚਿਹਰਾ ਹੋ ਗਿਆ ਲਾਲ।
ਅੱਖਾਂ ਹੋਈਆਂ, ਤੱਤੀਆਂ ਜੀਕਣ ਜਗੇ ਮਿਸਾਲ।
ਕੱਢ ਕੇ ਤੇਗ ਮਿਆਨ 'ਚੋਂ, ਬੋਲੇ ਦੀਨ ਦਿਆਲ।
ਇਹ ਹੈ ਵੱਡੀ ਕਰਾਮਾਤ, ਤੱਕ ਲੌ ਨਾਲ ਖਿਆਲ।
ਜਦੋਂ ਮਿਆਨੋਂ ਨਿਕਲਦੀ, ਧਰਤੀ ਆਉਣ ਭੂਚਾਲ।
ਬਾਦਸ਼ਾਹੀਆਂ ਪਲਟਾਂਵਦੀ, ਰਾਜੇ ਕਰੇ ਕੰਗਾਲ।
ਖਾਕ 'ਚ ਰੁਲਣ ਯਤੀਮ ਜੋ ਤਖਤੀਂ ਦਵੇ ਬਿਠਾਲ।

ਇਹਦੇ ਮਾਰੇ ਮਰ ਗਏ, ਯੋਧੇ ਬੇ-ਮਿਸਾਲ।
ਇਹਦੇ ਤਾਰੇ ਤਰ ਗਏ, ਕਈ ਧਰਤੀ ਦੇ ਲਾਲ।
ਸੱਯਦ ਡਰਦੇ ਤਰ ਗਏ ਬਾਦਸ਼ਾਹ ਹੋਇਆ ਨਿਹਾਲ।
ਵਾਹਵਾ ਦਸਵੇਂ ਪਾਤਿਸ਼ਾਹ ਕੀਤੀ ਬੜੀ ਕਮਾਲ।
ਕੌਮ ਨੂੰ ਦਿੱਤੀ ਜ਼ਿੰਦਗੀ, ਝੁਕਿਆ ਤੈਨੂੰ ਕਾਲ।
ਝੱਲ ਨਹੀਂ ਸਕਿਆ 'ਦਿਲਬਰਾ' ਕੋਈ ਯੋਧਾ ਝਾਲ।

✲

# ਦਸਮੇਸ਼ ਦੀ ਤੇਗ

ਤਰਜ਼—ਤੇਰੇ ਪਿਆਰ ਕਾ ਆਸਰਾ ਚਾਹਤਾ ਹੂੰ...

ਮੇਰੀ ਤੇਗ ਜਲਵੇ ਵਿਖਾਉਂਦੀ ਰਹੇਗੀ ।
ਇਹ ਮਰਦਾਂ ਦੇ ਜਜ਼ਬੇ ਜਗਾਉਂਦੀ ਰਹੇਗੀ ।
ਇਹ ਚੰਡਕਾ ਹੈ ਇਹੀ ਹੈ ਭਵਾਨੀ ।
ਇਹੀ ਆਦਿ ਸ਼ਕਤੀ ਹੈ ਦੁਸ਼ਟਾਂ ਨੂੰ ਖਾਣੀ ।
ਇਹ ਰਣ ਵਿਚ ਦਿਲਾਂ ਨੂੰ ਖਪੌਂਦੀ ਰਹੇਗੀ ।
ਇਹ ਮਰਦਾਂ ਦੇ ਜਜ਼ਬੇ...
ਇਹ ਮਾੜੇ ਯਤੀਮ ਦੀ ਕਰਦੀ ਏ ਰਾਖੀ ।
ਇਹਨੇ ਅਮਰ ਕਰਨੀ ਹੈ ਅੱਜ ਦੀ ਵਿਸਾਖੀ ।
ਸਦਾ ਖਾਲਸੇ ਗਲ, ਸੁਹਾਉਂਦੀ ਰਹੇਗੀ ।
ਇਹ ਮਰਦਾਂ ਦੇ ਜਜ਼ਬੇ...
ਇਹਦੇ ਆਸਰੇ ਕਈ, ਪਲਣਗੇ ਨਿਤਾਣੇ ।
ਇਹਨੇ ਸੋਧਨੇ ਕਈ, ਜ਼ਾਲਮ ਜਰਵਾਣੇ ।
ਇਹਨਾਂ ਜੰਗ ਦੇ ਵਿਚ ਆਹੂ ਲੌਂਹਦੀ ਰਹੇਗੀ ।
ਇਹ ਮਰਦਾਂ ਦੇ ਜਜ਼ਬੇ, ਜਗਾਉਂਦੀ ਰਹੇਗੀ ।
ਇਹ ਸਿੰਘਾਂ ਦੀ ਚੜ੍ਹਦੀ ਕਲ੍ਹਾ ਦੀ ਨਿਸ਼ਾਨੀ ।
ਕਰੇਗੀ ਸਹਾਇਤਾ ਸਦਾ ਦੇਵ ਦਾਨੀ ।
ਇਹ ਧਰਮ ਦੇ ਝੰਡੇ ਝੁਲਾਉਂਦੀ ਰਹੇਗੀ ।
ਇਹ ਮਰਦਾਂ ਦੇ ਜਜ਼ਬੇ, ਜਗਾਉਂਦੀ ਰਹੇਗੀ ।
ਇਹਦੀ ਆਸ ਉਠੋਂ, ਕੋਈ ਯੋਧਾ ਪੁਜਾਉ ।
ਇਹਦੀ ਖ਼ੂਨ ਦੀ ਪਿਆਸ 'ਦਿਲਬਰ' ਬੁਝਾਉ ।
ਇਹ ਸਦਾ ਲਿਸ਼ਕਦੀ ਜਗਮਗਾਉਂਦੀ ਰਹੇਗੀ ।

ਮੇਰੀ ਤੇਗ ਜਲਵੇ ਵਿਖਾਉਂਦੀ ਰਹੇਗੀ ।
ਇਹ ਮਰਦਾਂ ਦੇ ਜਜ਼ਬੇ ਜਗਾਉਂਦੀ ਰਹੇਗੀ ।

✫

## ਦਇਆ ਰਾਮ ਦੀ ਬੇਨਤੀ

### ਤਰਜ਼-ਮੇਰੇ ਰੰਗ ਤੇ ਦੁਪੱਟਾ ਕਿਹੜਾ ਸਜਦਾ

ਇਹ ਤਾਂ ਸੌਦਾ ਬੜਾ,
ਸਸਤਾ ਹੈ ਲੱਗਦਾ,
ਜੇ ਸਿਰ ਲੈ ਕੇ ਯਾਰ ਮੰਨ ਜੇ ।
ਹਾਜ਼ਰ ਹੈ ਸੀਸ ਦਾਤਾ,
ਤੇਗ ਨੂੰ ਚਲਾ ਦਿਓ ।
ਜ਼ਿੰਦਗੀ ਦਾ ਮੌਤ ਵਿਚੋਂ,
ਮਜ਼ਾ ਕੋਈ ਚਖਾ ਦਿਉ ।
ਅੱਜ ਮੇਲ ਹੋਵੇ,
ਪਾਣੀ ਅਤੇ ਅੱਗ ਦਾ ।
ਜੇ ਸਿਰ ਲੈ ਕੇ ਯਾਰ ਮੰਨ ਜੇ ।
ਧੰਨ ਭਾਗ ਸਾਡੇ,
ਅੱਜ ਮਾਹੀ ਮਿਹਰਬਾਨ ਹੈ ।
ਤੇਰੀ ਤੇਗ ਵਿਚ ਦਾਤਾ,
ਲੁਕੀ ਕਲਿਆਣ ਹੈ ।
ਅਜ ਨਿਕਲੇ ਭੁਲੇਖਾ,
ਸਾਰੇ ਜੱਗ ਦਾ ।
ਜੇ ਸਿਰ ਲੈ ਕੇ ਯਾਰ ਮੰਨ ਜੇ ।
ਪਿਆਰ ਦੀ ਸੁਰਾਹੀ ਵਿਚੋਂ,
ਘੁੱਟ ਦੋ ਪਿਲਾ ਦਿਉ ।
ਕੱਟ ਕੇ ਚੁਰਾਸੀ ਗੇੜਾ,
ਨਸ਼ਾ ਕੋਈ ਚੜ੍ਹਾ ਦਿਉ ।
ਲਾਵੇ ਤੇਗ ਮੂੰਹ ਨੂੰ,
ਖ਼ੂਨ ਸ਼ਾਹ ਰੰਗ ਦਾ ।
ਜੇ ਸਿਰ ਲੈ ਕੇ ਯਾਰ ਮੰਨ ਜੇ ।
'ਦਿਲਬਰ' ਤੇ ਮਿਹਰ ਕਰੋ,
ਛੇਤੀ ਸੀਸ ਲਾਹ ਦਿਉ ।

ਸਦੀਆਂ ਦੀ ਸੁੱਤੀ ਹੋਈ,
ਆਤਮਾ ਜਗਾ ਦਿਉ ।
ਜੱਗ ਅੰਮ੍ਰਿਤ ਦਾ ਕੁੰਡ,
ਵੇਖੋ ਵਗਦਾ ।
ਜੇ ਸਿਰ ਲੈ ਕੇ ਯਾਰ ਮੰਨ ਜੇ ।
ਇਹ ਤਾਂ ਸੌਦਾ ਬੜਾ,
ਸਸਤਾ ਹੈ ਲੱਗਦਾ ।
ਜੇ ਸਿਰ ਲੈ ਕੇ ਯਾਰ ਮੰਨ ਜੇ ।

☆

# ਰੱਬ ਨਾ ਕਰੇ

## (ਦਰੋਪਤੀ ਦੀ ਫਰਿਆਦ)

### ਤਰਜ਼-ਰੱਬ ਨਾ ਕਰੇ ਜੇ ਚਲਾ ਗਇਉਂ ਤੂੰ ਵੀ.....

ਰੱਬ ਨਾ ਕਰੇ ਜੇ ਲਹਿ ਗਏ ਮੇਰੇ ਚੀਰ ਕ੍ਰਿਸ਼ਨਾ ।
ਵੇ ਮੇਰੀ ਜ਼ਿੰਦਗੀ ਦੀ ਹੋਵੇਗੀ ਅਖੀਰ ਕ੍ਰਿਸ਼ਨਾ ।
ਸਭਾ ਵਿਚ ਵਾਸਤੇ ਪਈ ਪਾਉਂਦੀ ਮੁਟਿਆਰ ਵੇ ।
ਅਬਲਾ ਦੀ ਕੌਣ ਸੁਣੇ ਕੂਕ ਤੇ ਪੁਕਾਰ ਵੇ ।
ਮਾਰੇ ਪਤੀਆਂ ਨੂੰ ਜੂਏ ਨੇ ਜ਼ੰਜੀਰ ਕ੍ਰਿਸ਼ਨਾ ।
ਵੇ ਮੇਰੀ ਜ਼ਿੰਦਗੀ ਦੀ ਹੋਵੇਗੀ ਅਖੀਰ ਕ੍ਰਿਸ਼ਨਾ ।
ਵੇ ਰੱਬ.....

ਪਾਪੀ ਦੁਰਯੋਧਨ ਕਮਾਉਣ ਲੱਗਾ ਕਹਿਰ ਵੇ ।
ਤਾਕਤ ਦੇ ਨਸ਼ੇ ਵਿਚ ਲੈਣ ਲੱਗਾ ਵੈਰ ਵੇ ।
ਹੋ ਗਈ ਗੈਰਤ ਅਣਖ, ਲੀਰ-ਲੀਰ ਕ੍ਰਿਸ਼ਨਾ ।
ਮੇਰੀ ਜ਼ਿੰਦਗੀ ਦੀ ਹੋਵੇਗੀ ਅਖੀਰ ਕ੍ਰਿਸ਼ਨਾ ।
ਨੈਣਾਂ ਵਿਚ ਨੀਰ ਗਲ ਖਿਲਾਰੇ ਨੇ ਵਾਲ ਵੇ ।
ਤੇਰੇ ਹੱਥ ਲਾਜ਼ ਮੇਰੀ ਕ੍ਰਿਸ਼ਨ ਗੁਪਾਲ ਵੇ ।
ਅੱਖਾਂ ਫੇਰ ਗਏ ਵੱਡੇ ਯੋਧੇ ਬੀਰ ਕ੍ਰਿਸ਼ਨਾ ।
ਵੇ ਮੇਰੀ ਜ਼ਿੰਦਗੀ ਦੀ ਹੋਵੇਗੀ ਅਖੀਰ ਕ੍ਰਿਸ਼ਨਾ ।
ਵੇ ਰੱਬ.....

ਟੁੱਟ ਜਾਊ ਲਹਿ ਜਾਊ ਸ਼ਗਨਾਂ ਦੀ ਮਹਿੰਦੀ ਵੇ ।
ਹੋਈ ਮਜ਼ਬੂਰ ਮੇਹਣੇ ਦੁਸ਼ਟਾਂ ਦੇ ਸਹਿੰਦੀ ਵੇ ।

ਵੱਜੇ ਕਾਲਜੇ 'ਚ ਤਾਹਨਿਆਂ ਦੇ ਤੀਰ ਕ੍ਰਿਸ਼ਨਾ ।
ਵੇ ਮੇਰੇ ਜੀਵਣ ਦੀ ਹੋਵੇਗੀ ਅਖੀਰ ਕ੍ਰਿਸ਼ਨਾ ।
ਵੇ ਰੱਬ.....

ਹੱਥ ਜਾਂ ਦੁਸਾਸਣ ਨੇ ਸਾੜ੍ਹੀ ਤਾਈਂ ਪਾ ਲਿਆ ।
ਸਤੀ ਕੁਰਲਾਈ ਛੇਤੀ ਆਜਾ ਬੰਸੀ ਵਾਲਿਆ ।
ਹੋਇਆ ਦਿਲਬਰ ਦਾ ਦਿਲ ਦਿਲਗੀਰ ਕ੍ਰਿਸ਼ਨਾ ।
ਵੇ ਮੇਰੀ ਜ਼ਿੰਦਗੀ ਦੀ ਹੋਵੇਗੀ ਅਖੀਰ ਕ੍ਰਿਸ਼ਨਾ ।
ਵੇ ਰੱਬ.....

ਰੱਬ ਨਾ ਕਰੇ ਜੇ ਲਹਿ ਗਏ ਮੇਰੇ ਚੀਰ ਕ੍ਰਿਸ਼ਨਾ ।
ਵੇ ਮੇਰੀ ਜ਼ਿੰਦਗੀ ਦੀ ਹੋਵੇਗੀ ਅਖੀਰ ਕ੍ਰਿਸ਼ਨਾ ।

## ਜਿਹਨਾਂ ਦੇਸ਼ ਤੋਂ

ਜਿਹਨਾਂ ਦੇਸ਼ ਤੋਂ ਜਵਾਨੀ ਵਾਰੀ,
ਉਹ ਅਮਰ ਜਵਾਨ ਹੋ ਗਏ ।
ਜਿਹੜੇ ਬਣ ਗਏ ਦੇਸ਼ ਦੇ ਪੁਜਾਰੀ,
ਉਹ ਅਮਰ ਜਵਾਨ ਹੋ ਗਏ ।
ਭਾਰਤ ਸੋਹਣਾ ਦੇਸ਼ ਨਿਰਾਲਾ,
ਅਣਖਾਂ ਵਾਲਾ ਸ਼ਾਨਾਂ ਵਾਲਾ ।
ਇਹਦੀ ਛਬ ਦੁਨੀਆਂ ਤੋਂ ਨਿਆਰੀ,
ਕਈ ਲੋਟੂ ਮਹਿਮਾਨ ਹੋ ਗਏ ।
ਜਿਹਨਾਂ ਦੇਸ਼ ਤੋਂ ਜਵਾਨੀ ਵਾਰੀ,
ਉਹ ਅਮਰ......

ਖੇਤਾਂ ਵਿਚੋਂ ਲਿਸ਼ਕੇ ਸੋਨਾ।
ਕਣਕਾਂ, ਮੱਕੀਆਂ ਸਰਸੋਂ ਪੋਨਾ।
ਇਹਦੀ ਤੱਕ ਕੇ ਕੇਸਰ ਦੀ ਕਿਆਰੀ,
ਕਈ ਯੋਧੇ ਕੁਰਬਾਨ ਹੋ ਗਏ ।
ਜਿਹਨਾਂ ਦੇਸ਼ ਤੋਂ ਜਵਾਨੀ ਵਾਰੀ,
ਉਹ ਅਮਰ ਜਵਾਨ.....

ਏਥੇ ਨਾਨਕ ਸ਼ਬਦ ਉਚਾਰੇ ।
ਏਥੇ ਪੁੱਤ ਦਸਮੇਸ਼ ਨੇ ਵਾਰੇ ।
ਇਹਦੀ ਜੁੱਗ-ਜੁੱਗ ਰਹੇ ਸਰਦਾਰੀ,

ਗੁਰਾਂ ਦੇ ਫ਼ੁਰਮਾਨ ਹੋ ਗਏ ।
ਜਿਹਨਾਂ ਦੇਸ਼ ਤੋਂ ਜਵਾਨੀ ਵਾਰੀ,
ਉਹ ਅਮਰ.....
ਜ਼ਹਿਰ ਦਾ ਘੁੱਟ ਕਿਸੇ ਦੁਸ਼ਮਣ ਪੀਤਾ ।
ਭਾਰਤ ਦੀ ਅਣਖ 'ਤੇ ਹਮਲਾ ਕੀਤਾ ।
ਕੀਤੀ ਇਕ ਦਮ ਯੋਧਿਆਂ ਤਿਆਰੀ,
ਅਨੋਖੇ ਬਲੀਦਾਨ ਹੋ ਗਏ ।
ਜਿਨ੍ਹਾਂ ਦੇਸ਼....
ਜਿਹਨਾਂ ਜ਼ਿੰਦੜੀਆਂ ਘੋਲ ਘੁਮਾਈਆਂ ।
ਧੰਨ ਗੱਭਰੂ ਧੰਨ ਉਨ੍ਹਾਂ ਦੀਆਂ ਮਾਈਆਂ ।
ਸ਼ੋਭਾ ਖੱਟ ਲਈ 'ਦਿਲਬਰਾ' ਸਾਰੀ,
ਉਹ ਬੀਰ ਪਰਵਾਨ ਹੋ ਗਏ ।
ਜਿਹਨਾਂ ਦੇਸ਼ ਤੋਂ ਜਵਾਨੀ ਵਾਰੀ,
ਉਹ ਅਮਰ ਜਵਾਨ ਹੋ ਗਏ ।
ਜਿਹੜੇ ਬਣ ਗਏ ਦੇਸ਼ ਪੁਜਾਰੀ
ਉਹ......

☆

## ਡਿਊਟ-
## ਚੰਨ ਹੱਥੀਂ ਤੋਰ ਜੰਗ ਨੂੰ

ਗੱਭਰੂ- ਸਾਡਾ ਹੋ ਜਾਵੇ ਅਮਰ ਪਿਆਰ,
ਨੀ ਚੰਨੋ ਹੱਥੀਂ ਤੋਰ ਜੰਗ ਨੂੰ ।
ਮੁਟਿਆਰ- ਤੈਨੂੰ ਆ ਗਈ ਕਿਥੋਂ ਕਾਹਲੀਆਂ ਦੀ ਤਾਰ ।
ਵੇ ਬਹਿ ਜਾ ਮੇਰੇ ਕੋਲ ਢੋਲਣਾ ।
ਗੱਭਰੂ- ਭਾਰਤ 'ਤੇ ਹੱਲਾ ਬੋਲਿਆਂ,
ਕਿਸੇ ਵੈਰੀ ਕਮੀਨੇ ਕੀਤੇ ਕਾਰੇ ।
ਮੈਂ ਬਹਿ ਜਾਂ ਕਿਵੇਂ ਘਰ ਗੋਰੀਏ,
ਮੈਨੂੰ ਦੇਸ਼ ਦੀ ਅਣਖ ਵਗਾਰੇ ।
ਉਹ ਦੁਸ਼ਮਣ ਰਹੇ ਲਲਕਾਰੇ,
ਨੀ ਚੰਨੋ ਹੱਥੀਂ ਤੋਰ ਜੰਗ ਨੂੰ । ਵੇ ਸਾਡਾ....
ਮੁਟਿਆਰ- ਹੱਥੀਂ ਮੇਰੇ ਮਹਿੰਦੀ ਰੰਗਲੀ,
ਮੇਰੇ ਸੱਜਰੇ ਵਿਆਹ ਦੇ ਚਾ ।

ਨੱਥ ਪਈ ਸੁਹਾਗ ਦੀ ਕਹੇ,
ਢੋਲਾ ਮੇਰਿਆਂ ਨਾ ਛੱਡ ਕੇ ਜਾ ।
ਮੇਰੇ ਜੋਬਨ 'ਤੇ ਆਇਆ ਨਿਖਾਰ,
ਵੇ ਬਹਿ ਜਾ ਮੇਰੇ ਕੋਲ ਢੋਲਣਾ ।
ਤੈਨੂੰ ਆ ਗਈ....

ਗੱਭਰੂ- ਸੜਨ ਜਿਉਂ ਪਤੰਗੇ ਸ਼ਮ੍ਹਾ ਤੇ,
ਤਿਵੇਂ ਗੱਭਰੂ ਦੇਸ਼ ਤੋਂ ਮਰਦੇ ।
ਹੱਸ-ਹੱਸ ਜਾਨਾਂ ਵਾਰਦੇ,
ਦੇਸ਼ ਆਪਣੇ ਦਾ ਨਾਂ ਉੱਚਾ ਕਰਦੇ ।
ਮੈਨੂੰ ਰਹੇ ਮੇਰੇ ਵੀਰ ਨੇ ਪੁਕਾਰ,
ਨੀ ਚੰਨੋ ਹੱਥੀਂ ਤੋਰ ਜੰਗ ਨੂੰ ।
ਸਾਡਾ ਹੋ ਜਾਵੇ ਅਮਰ ਪਿਆਰ ਨੀ....

ਮੁਟਿਆਰ- ਸੇਜ ਨਾ ਸੁਹਾਗ ਦੀ ਮਾਣੀ,
ਅਜੇ ਸਧਰਾਂ ਨੇ ਅਣ ਕੁਮਲਾਈਆਂ ।
ਬਾਹਾਂ ਵਿਚ ਚੂੜਾ ਛਣਕੇ,
ਦੇਵੇ ਮਾਂਗ ਦੀ ਸੰਧੂਰ ਦੁਹਾਈਆਂ ।
ਰੋ ਕਜਲੇ ਦੀ ਟੁੱਟ ਜਾਊ ਧਾਰ ਵੇ,
ਤੈਨੂੰ ਆ ਗਈ ਕਿਥੋਂ ।
ਕਾਹਲੀਆਂ ਦੀ ਤਾਰ । ਵੇ.....

ਗੱਭਰੂ- ਖ਼ੂਨ ਦੀਆਂ ਵਹਿਣ ਨਦੀਆਂ,
ਵੇਖ ਮਹਿੰਦੀ ਨੂੰ ਮੈਂ ਜੀ ਪ੍ਰਚਾਵਾਂ ।
ਦੇਸ਼ ਪਿਆਂ ਬਾਰੂਦ 'ਚ ਸੜੇ,
ਤੇ ਮੈਂ ਮਾਣਾਂ ਜ਼ੁਲਫਾਂ ਦੀਆਂ ਛਾਵਾਂ ।
ਮੈਨੂੰ ਪਾਵੇਗੀ ਜਵਾਨੀ ਧਿਰਕਾਰਾਂ,
ਸਾਡਾ ਹੋ ਜਾਵੇ ਅਮਰ ਪਿਆਰ ਨੀ.....।

ਮੁਟਿਆਰ- ਜੁਗ-ਜੁਗ ਜੀਵੇਂ ਹਾਣੀਆਂ,
ਜਾ ਜੰਗ ਨੂੰ ਤੂੰ 'ਦਿਲਬਰ' ਜਾਨੀ ।
ਸੀਨੇ ਨਾਲ ਲਾ ਕੇ ਰੱਖਾਂਗੀ,
ਮੈਨੂੰ ਦੇਜਾ ਕੋਈ ਆਪਣੀ ਨਿਸ਼ਾਨੀ ।
ਤੇਰੇ ਰੱਖਾਂਗੀ ਮੈਂ ਯਾਦ ਇਕਰਾਰ,
ਵੇ ਜਾਹ ਹੱਥੀਂ ਤੋਰਾਂ ਢੋਲਣਾ ।
ਵੇ ਬਹਿ ਜਾ ਮੇਰੇ ਕੋਲ ਢੋਲਣਾ ।

ਗੱਭਰੂ- ਸਾਡਾ ਹੋ ਜਾਵੇ ਅਮਰ ਪਿਆਰ,
ਨੀ ਚੰਨੋ ਹੱਥੀਂ ਤੋੜ ਜੰਗ ਨੂੰ ।

(ਕਾਕਾ ਦਿਲਜੀਤ ਸਿੰਘ 'ਦਿਲਬਰ')

✫

# ਮਰਦਾਂ ਦੇ ਗੀਤ ਗਾਓ

ਭਾਰਤ ਦੇ ਐ ਜਵਾਨੋ,
ਕਵੀਓ ਤੇ ਕਲਾਕਾਰੋ,
ਮਰਦਾਂ ਦੇ ਗੀਤ ਗਾਓ ।
ਮਰਦਾਂ ਦੇ ਗੀਤ ਗਾਓ ।
ਐਸ਼ਾ ਵਿਚ ਮਸਤ ਦਿਲ ਨੂੰ,
ਸੁੱਤੀ ਹੋਈ ਆਤਮਾ ਨੂੰ,
ਹੁਣ ਟੁੰਬ ਕੇ ਜਗਾਉ ।
ਮਰਦਾਂ ਦੇ ਗੀਤ ਗਾਓ ।
ਹੀਰਾਂ ਤੇ ਰਾਂਝਿਆਂ ਦੇ,
ਕਿੱਸੇ ਹੋਏ ਪੁਰਾਣੇ ।
ਤਰਨਾਂ ਝਣਾਂ ਕਿਸ ਨਹੀਂ,
ਹੁਣ ਡੈਮ ਨੇ ਬਨਾਣੇ ।
ਡੁੱਬੇ ਨਾ ਕੋਈ ਸੋਹਣੀ,
ਵਹਿਣਾਂ ਨੂੰ ਬੰਨ੍ਹ ਲਾਓ ।
ਮਰਦਾਂ ਦੇ ਗੀਤ ਗਾਓ ।
ਸਾਲੂ ਲਪੇਟੀ ਅੱਲ੍ਹੜ,
ਖੇਤਾਂ ਦੀ ਬਣੀ ਰਾਣੀ ।
ਝਾਂਸੀ ਦੀ ਲਕਸ਼ਮੀ,
ਹੈ ਕੋਈ ਜ਼ਾਲਮਾਂ ਨੂੰ ਖਾਣੀ ।
ਹੁਣ ਗਿੱਧਿਆਂ ਦੀ ਰੌਣਕ,
ਪਰੀਆਂ ਨੂੰ ਨਾ ਬਣਾਓ ।
ਮਰਦਾਂ ਦੇ ਗੀਤ ਗਾਉ ।
ਕਾਫੀ ਸਮਾਂ ਹਾਂ ਪਰਚੇ,
ਕਰ ਹੁਸਨ ਦੀ ਕਹਾਣੀ ।
ਜ਼ੁਲਫਾਂ 'ਚ ਰਹੀ ਉਲਝੀ,

ਸਦੀਆਂ ਇਸ਼ਕ ਦੀ ਤਾਣੀ ।
ਹੁਣ ਰਾਕਟਾਂ 'ਚ ਬਹਿ ਕੇ,
ਕੋਈ ਚੰਨ ਉਤੇ ਜਾਉ ।
ਮਰਦਾਂ ਦੇ ਗੀਤ ਗਾਓ ।
ਕੋਈ ਮਦਰ ਵਤਨ ਲਈ,
ਫਾਂਸੀ 'ਤੇ ਚੜ੍ਹ ਗਿਆ ਏ ।
ਕੋਈ ਗੋਲੀਆਂ 'ਚ ਭੁੱਜਾ,
ਬੰਬਾਂ 'ਚ ਸੜ ਗਿਆ ਏ ।
ਜਿਹਨਾਂ ਨੇ ਟੈਂਕ ਤੋੜੇ,
ਉਹਨਾਂ ਨੂੰ ਫੁੱਲ ਚੜ੍ਹਾਉ ।
ਕਵੀਓ ਤੇ ਕਲਾਕਾਰੋ,
ਮਰਦਾਂ ਦੇ ਗੀਤ ਗਾਓ ।
ਹੱਦਾਂ ਤੇ ਵਤਨ ਖ਼ਾਤਰ,
ਕੋਈ ਜ਼ਿੰਦੜੀ ਘੁਮਾਵੇ ।
ਬਰਫਾਂ 'ਚ ਬੈਠਿਆ ਤੋਂ,
ਗੈਰਤ ਦਾ ਸੇਕ ਆਵੇ ।
'ਦਿਲਬਰ' ਵਤਨ ਨੂੰ ਪੂਜੇ,
ਬੀਰਾਂ ਨੂੰ ਸਿਰ ਨਿਵਾਓ ।
ਮਰਦਾਂ ਦੇ ਗੀਤ ਗਾਓ ।
ਭਾਰਤ ਦੇ ਐ ਜਵਾਨੋ,
ਕਵੀਓ ਤੇ ਕਲਾਕਾਰੋ,
ਮਰਦਾਂ ਦੇ ਗੀਤ ਗਾਓ ।
ਮਰਦਾਂ ਦੇ ਗੀਤ ਗਾਓ ।
ਐਸ਼ਾਂ 'ਚ ਮਸਤ ਦਿਲ ਨੂੰ,
ਸੁੱਤੀ ਹੋਈ ਆਤਮਾ ਨੂੰ,
ਹੁਣ ਟੁੰਬ ਕੇ ਜਗਾਉ ।
ਮਰਦਾਂ ਦੇ ਗੀਤ ਗਾਓ ।

✲

# ਸਮੇਂ ਦੀ ਵੰਗਾਰ

ਉਠ ਕੇ ਜਾਗ ਵਤਨ ਦੇ ਆਸ਼ਕ ਵੀਰਾਂ ਦੇਸ਼ ਦਿਆ,
ਤੈਨੂੰ ਮਰਦਾਂ ਵਾਲੀ ਗੈਰਤ ਪਈ ਵੰਗਾਰੇ ।
ਡਾਵਾਂ ਡੋਲ ਭੰਵਰ ਵਿਚ ਬੇੜੀ ਤੇਰੇ ਭਾਰਤ ਦੀ,
ਚੱਪੂ ਲਾ ਹਿੰਮਤ ਦਾ ਲਾਉਣੀ ਤੂੰ ਕਿਨਾਰੇ ।
ਮਸਲਾ ਹੱਲ ਨਾ ਹੋਇਆ ਤੇਰਾ ਅਜੇ ਅਨਾਜ ਦਾ,
ਲੋਕਾਂ ਚੰਨ ਦੇ ਉਤੇ ਰਾਕਟ ਜਾ ਉਤਾਰੇ ।
ਤੇਰੇ ਲਾਲ ਨੰਗੇ ਫਿਰਦੇ, ਲੀਰਾਂ ਲਮਕਦੀਆਂ,
ਗੈਰਾਂ ਧਰਤੀ ਉਤੇ ਜਨਤ ਨੇ ਉਤਾਰੇ ।
ਤੂੰ ਵੀ ਮਾਰ ਉਡਾਰੀ ਗੱਭਰੂਆਂ ਇਕ ਅੰਬਰ ਦੀ,
ਤੈਨੂੰ ਅਰਸ਼ ਉਤੇ, ਸਜਣ ਚੰਦ ਸਿਤਾਰੇ ।
ਲਾ ਦੇ ਬੰਨ੍ਹ ਵਹਿਣਾ ਨੂੰ ਥਾਂ-ਥਾਂ ਬੰਨ੍ਹ ਉਸਾਰ ਦੇ,
ਬਿਜਲੀ ਪਾਣੀਆਂ ਵਿਚ ਡਕੀ ਕਰੇ ਇਸ਼ਾਰੇ ।
ਹੰਝੂ ਹਨੇਰਾ ਰੌਸ਼ਨ ਕਰਦੇ ਸਾਰੇ ਦੇਸ਼ ਨੂੰ,
ਲਾਟੂ ਸੜਕਾਂ ਉਤੇ ਜਗਦੇ ਦੇਣ ਨਜ਼ਾਰੇ ।
ਸੋਨਾ ਖੇਤਾਂ ਵਿਚ ਉਗਾਵੇ ਚਾਂਦੀ ਨਹਿਰਾਂ ਦੀ,
ਦੁੱਧ ਦੀਆਂ ਨਦੀਆਂ ਚੱਲਣ ਅੰਨ ਦੇ ਭਰਨ ਭੰਡਾਰੇ ।
ਤੇਰੇ ਵਲੇ ਕੋਈ ਅੱਖ ਉਠਾਕੇ ਵੇਖੇ ਨਾ,
ਦੁਸ਼ਮਣ ਥਰ-ਥਰ ਕੰਬੇ ਸੁਣ ਤੇਰੇ ਜੈਕਾਰੇ ।
ਤੇਰੇ ਚਾਰ-ਚੁਫੇਰੇ ਘੇਰਾ ਪਾਇਆ ਵੈਰੀਆਂ,
ਬਰਫਾਂ ਵਿਚੋਂ ਨਿਕਲਣ ਪਏ ਅੱਗ ਦੇ ਅੰਗਿਆਰੇ ।
ਗੁੱਡੀ ਬਣ ਕੇ ਬੈਠੀ ਮਹਿਲਾਂ ਵਿਚ ਤੂੰ ਸਹਿਮ ਕੇ,
ਕੁੜੀਆਂ ਰੂਸ ਦੀਆਂ ਵੱਲ ਤੱਕ ਭਾਰਤ ਦੀਏ ਨਾਰੇ ।
ਹੁਣ ਤਾਂ ਨਢੀਆਂ ਰਾਕਟ ਚੜ੍ਹ ਕੇ ਉਡਣ ਅਕਾਸ਼ 'ਤੇ,
ਤੂੰ ਵੀ ਨਿਕਲ ਪਰਦਿਆਂ ਵਹਿਮਾਂ 'ਚੋਂ ਮੁਟਿਆਰੇ ।
'ਦਿਲਬਰ' ਅੱਜ ਦੇ ਯੁੱਗ ਵਿਚ ਉਹ ਪੂਜਣਯੋਗ ਹੈ,
ਆਪਣੇ ਦੇਸ਼ ਨੂੰ ਜੋ ਮਿਹਨਤ ਨਾਲ ਉਸਾਰੇ ।

☆

# ਨਨਕਾਣੇ ਦੀ ਯਾਦ

ਤਰਜ਼-ਗੁੱਤ ਨੂੰ ਸੰਭਾਲ ਗੋਰੀਏ ਸਾਨੂੰ ਸੱਪ ਦਾ.....

ਜਦੋਂ ਤੇਰੀ ਯਾਦ ਆਂਵਦੀ ਸਾਨੂੰ ਯਾਦ ਆਵੇ ਨਨਕਾਣਾ ।
ਸਦਾ ਲਈ ਵਿਛੋੜਾ ਪੈ ਗਿਆ, ਐਸਾ ਵਰਤ ਗਿਆ ਹੈ ਭਾਣਾ ।
ਪੰਜ ਸੌ ਸਾਲ ਹੋ ਗਏ ਜਦੋਂ ਪ੍ਰੀਤਮਾਂ ਤੂੰ ਪ੍ਰਗਟ ਹੋਇਆ ।
ਤਾਰੇ ਨੌ ਖੰਡ ਪ੍ਰਿਥਵੀ ਬੀਜ ਨਾਮ ਦਾ ਦਿਲਾਂ 'ਚ ਬੋਇਆ ।
ਪੰਡਤ ਨੇ ਮੱਥਾ ਟੇਕਿਆ ਤੇਰੇ ਚਰਨਾਂ 'ਤੇ ਝੁਕਿਆ ਮੁਲਾਣਾ ।
ਜਦੋਂ ਤੇਰੀ ਯਾਦ ਆਂਵਦੀ....
ਜਿਥੇ ਤੁਸਾਂ ਮੱਝਾਂ ਚਾਰੀਆਂ ਜਾ ਕੇ ਸੌਂ ਗਏ ਵਣਾਂ ਦੀ ਛਾਵੇਂ ।
ਰਾਏ ਦੀਆਂ ਅੱਖਾਂ ਖੁੱਲ੍ਹੀਆਂ ਪਿਤਾ ਕਾਲੂ ਨਾ ਸਮਝਿਆ ਭਾਵੇਂ ।
ਸ਼ੇਸ਼ ਕੀਤੀ ਛਾਇਆ ਮੁੱਖ ਤੇ ਸਾਨੂੰ ਭੁੱਲਣਾ ਨਾ ਕਦੇ ਉਹ ਟਿਕਾਣਾ ।
ਜਦੋਂ ਤੇਰੀ ਯਾਦ ਆਂਵਦੀ.......
ਨੌਹਾਂ ਨਾਲੋਂ ਮਾਸ ਟੁੱਟਿਆ ਸਾਨੂੰ ਮਹਿੰਗੇ ਭਾ ਮਿਲੀ ਅਜ਼ਾਦੀ ।
ਜੀਆ ਬਲ-ਬਲ ਉਠਦਾ ਆਈ ਪਾਈ ਅੰਗਰੇਜ਼ ਨੇ ਉਪਾਧੀ ।
ਸਾਡੇ ਸੀਨੇ ਵਿਚ ਛੇਕ ਕਰ ਕੇ ਆਪ ਤੁਰ ਗਿਆ ਖਸਮ ਨੂੰ ਖਾਣਾ ।
ਜਦੋਂ ਤੇਰੀ ਯਾਦ ਆਂਵਦੀ......
ਖਾਲਸੇ ਨੂੰ ਦੇਹ ਹਿੰਮਤਾਂ ਖੁੱਲ੍ਹੇ ਕਰੇ ਤੇਰੇ ਆਣਕੇ ਦੀਦਾਰੇ ।
ਪੰਜ ਸੌਂਵਾਂ ਪੁਰਬ ਪ੍ਰੀਤਮਾ, ਸੀਨੇ ਵਿਚ ਚੱਲਦੇ ਵਿਛੋੜੇ ਵਾਲੇ ਆਰੇ ।
'ਦਿਲਬਰ' ਨੂੰ ਲਾ ਲਉ ਚਰਨੀ ਤੇਰੇ ਚਰਣਾਂ 'ਤੇ ਢਹਿ ਪਿਆ ਨਿਮਾਣਾ।
ਜਦੋਂ ਤੇਰੀ ਯਾਦ ਆਂਵਦੀ ਸਾਨੂੰ ਯਾਦ ਆਵੇ ਨਨਕਾਣਾ ।

✲

# ਨਵਾਂ ਯੁੱਗ ਆਇਆ

(ਮਿਰਜ਼ਾ)

ਮੈਂ ਵੀਹਵੀ ਸਦੀ ਦਾ ਗੱਭਰੂ,
ਮੇਰੇ ਦਿਲ ਵਿਚ ਜੀਉਣ ਦਾ ਚਾ ।
ਮੈਂ ਵਹਿਮ ਪ੍ਰਸਤੀ ਕੱਢ ਕੇ,
ਦੇਵਾਂ ਬਦਲ ਸੁਭਾ ।
ਮੈਂ ਧਰਮ ਅਤੇ ਈਮਾਨ ਦੇ,
ਅਰਥ ਦਿਆਂ ਬਦਲਾ ।

ਮੇਰੇ ਹੱਥਾਂ ਦੇ ਵਿਚ ਬਰਕਤਾਂ,
ਮੇਰੇ ਨੈਣਾਂ ਵਿਚ ਖ਼ੁਦਾ ।
ਮੈਂ ਪੂਜਾ ਸੱਚੀ ਕਿਰਤ ਨੂੰ,
ਮੈਥੋਂ ਲੋਟੂ ਰਹੇ ਘਬਰਾ ।
ਮੈਂ ਆਪਣੀ ਏਸੇ ਧਰਤ ਨੂੰ,
ਦੇਣਾ ਸਵਰਗ ਬਣਾ ।
ਮੈਂ ਕਿਸਮਤ ਆਪੇ ਘੜਾਂਗਾ,
ਖੇਤਾਂ ਵਿਚ ਹਲ ਵਾਹ ।
ਮੈਂ ਉਡ ਕੇ ਚੜ੍ਹਾਂ ਅਕਾਸ਼ 'ਤੇ,
ਮੈਂ ਰੱਬ ਦਾ ਬਣਾਂ ਭਰਾ ।
ਮੇਰੀ ਤਾਬਿਆ ਸਾਰੇ ਦੇਵਤੇ,
ਪਾਣੀ, ਅੱਗ, ਹਵਾ ।
ਮੈਨੂੰ ਚੰਦ ਦੀ ਦੌਲਤ ਸੱਦ ਦੀ,
ਮੈਨੂੰ ਸ਼ੁਕਰ ਰਿਹਾ ਬੁਲਾ ।
ਮੈਂ ਇੰਦਰਾ ਪੁਰੀ ਦੇ ਤਖ਼ਤ 'ਤੇ,
ਆਸਨ ਦਿਆਂ ਜਮਾ ।
ਮੈਂ ਵਿਸ਼ਨੂੰ ਵਾਂਗ ਪਤਾਲ ਵਿਚ,
ਸੇਜਾਂ ਲਵਾਂ ਵਿਛਾ ।
ਮੈਂ ਸੱਤ ਸਮੁੰਦਰ ਰਿੜਕ ਕੇ,
ਲੈਣੇ ਰਤਨ ਕਢਾ
ਮੈਂ ਭਰਾਂ ਭੰਡਾਰੇ ਵਤਨ ਦੇ,
ਤੋਟ ਰਹੂ ਨਾ ਕਾ ।
ਮੇਰੀ ਅਣਖ ਦੇ ਅੱਗੇ ਤਾਕਤਾਂ,
ਧੌਣਾਂ ਲੈਣ ਝੁਕਾ ।
ਮੇਰੇ ਦਿਲ ਨੱਚਣ ਵਲਵਲੇ,
ਰੀਝਾਂ ਬੇ ਬਹਾ ।
ਮੈਂ ਦਿਲਬਰ ਦਿਲ ਵਿਚ ਪਿਆਰ ਦੀ,
ਲਈ ਏ ਜੋਤ ਜਗਾ ।

☆

# ਛੱਬੀ ਜਨਵਰੀ

ਅੱਜ ਖੁਸ਼ੀਆਂ ਦੇ ਹਰ ਥਾਂ ਹੋਣ ਜਲਸੇ,
ਛੱਬੀ ਜਨਵਰੀ ਭਾਰਤ ਮਨਾ ਰਿਹਾ ਏ।
ਕਿਤੇ ਕਵੀ ਦਰਬਾਰ ਤੇ ਹੋਣ ਲੈਕਚਰ,
ਕਲਾਕਾਰ ਕੋਈ ਗੀਤਾਂ ਨੂੰ ਗਾ ਰਿਹਾ ਏ।
ਕਿਤੇ ਖੇਲ੍ਹਾਂ ਕਬੱਡੀ ਪਰੇਡ ਹੋਵੇ,
ਕੁਸ਼ਤੀ ਵਿਚ ਕੋਈ ਤਾਕਤ ਅਜ਼ਮਾ ਰਿਹਾ ਏ।
ਕਿਤੇ ਮੈਚ ਹੁੰਦੇ ਫੁੱਟਬਾਲ ਦੇ ਨੇ ;
ਟੀਮਾਂ ਭਿੜਕਦੀਆਂ ਸਮਾਂ ਸੁਹਾ ਰਿਹਾ ਏ।
ਬੜਾ ਚਿਰ ਰਾਹ ਦੇਖਦਾ ਰਿਹਾ ਏਹਦਾ,
ਅੱਡੀਆਂ ਚੁੱਕ ਕੇ ਹਿੰਦੁਸਤਾਨ ਸਾਡਾ।
ਮਸਾਂ-ਮਸਾਂ ਇਹ ਸਾਨੂੰ ਨਸੀਬ ਹੋਇਆ,
ਛੱਬੀ ਜਨਵਰੀ ਦਿਨ ਮਹਾਨ ਸਾਡਾ।
ਕਈ ਛੈਲ-ਛਬੀਲੇ ਜਵਾਨ ਬਾਂਕੇ,
ਹੱਸ-ਹੱਸ ਕੇ ਫਾਂਸੀ 'ਤੇ ਚੜ੍ਹ ਗਏ ਸੀ।
ਜੇਹਲਾਂ ਵਿਚ ਕਈ ਜੀਵਨ ਤਬਾਹ ਹੋਏ,
ਕਾਲੇ ਪਾਣੀਆਂ ਵਿਚ ਕਈ ਸੜ ਗਏ ਸੀ।
ਕੋਈ ਲਾਠੀਆਂ ਨੂੰ ਫੁੱਲ ਸਮਝਦੇ ਰਹੇ,
ਕਈ ਗੋਲੀਆਂ ਵਿਚ ਬੀਰ ਰੁੜ੍ਹ ਗਏ ਸੀ।
ਕਈਆਂ ਤੋਪਾਂ ਦੇ ਸਾਹਮਣੇ ਡਾਹੀ ਛਾਤੀ,
ਜ਼ੁਲਮ ਨਾਲ ਸਿਰ ਲੱਥ ਕਈ ਲੜ ਗਏ ਸੀ।
ਬਾਗ ਗੁਰੂ ਕੇ ਜਲ੍ਹਿਆਂ ਵਾਲੇ ਦੇ ਵਿਚ,
ਲਿਆ ਗੋਰਿਆ ਸੀ ਇਮਤਿਹਾਨ ਸਾਡਾ।
ਮੁਦਤ ਬਾਦ ਸਾਨੂੰ ਇਹਦੇ ਹੋਏ ਦਰਸ਼ਨ,
ਛੱਬੀ ਜਨਵਰੀ ਦਿਨ ਮਹਾਨ ਸਾਡਾ।
ਇਹਦੀ ਪੁੱਛੋ ਮਹਾਨਤਾ ਭਗਤ ਸਿੰਘ ਨੂੰ,
ਰਾਜ ਗੁਰੂ ਸੁਖਦੇਵ ਜਿਹਾ ਬੀਰ ਜਾਣੇ।
ਜਾਂ ਲਾਹੌਰ ਦੀ ਸੈਂਟਰਲ ਜੇਹਲ ਜਾਣੇ,
ਜਾਂ ਫਿਰ ਸਤਲੁਜ ਦਰਿਆ ਦਾ ਨੀਰ ਜਾਣੇ ।
ਊਧਮ ਸਿੰਘ ਦਾ ਜਾਂ ਪਸਤੌਲ ਜਾਣੇ,
ਜਾਂ ਸਰਾਭੇ ਨੂੰ ਵੱਜਾ ਜੰਜ਼ੀਰ ਜਾਣੇ।

ਕਾਮਾਗਾਟਾ ਜਹਾਜ਼ ਵਿਚ ਚੜ੍ਹਨ ਵਾਲਾ,
ਦੇਸ਼ ਭਗਤਾਂ ਦੀ ਖ਼ੂਨੀ ਤਸਵੀਰ ਜਾਣੇ।
ਛਾਤੀ ਇੰਜਣਾਂ ਦੇ ਹੇਠਾਂ ਢਾਹ ਦਿੱਤੀ,
ਮਸਾਂ ਹੋਇਆ ਏ ਇਸ਼ਕ ਪਰਵਾਨ ਸਾਡਾ।
ਚਿਰੀਂ ਬਾਅਦ ਅਜ਼ਾਦੀ ਦੀ ਹਵਾ ਲੱਗੀ,
ਛੱਬੀ ਜਨਵਰੀ ਦਿਨ ਮਹਾਨ ਸਾਡਾ।
ਆਓ ਰਲ ਕੇ ਸਾਰੇ ਪ੍ਰਣ ਕਰੀਏ,
ਅਸਾਂ ਦੇਸ਼ ਨੂੰ ਚਾਰ ਚੰਨ ਲਾਵਣਾ ਏਂ।
ਦੂਣੀ ਚੌਗੁਣੀ ਪੈਦਾਵਾਰ ਕਰਨੀ,
ਅਸਾਂ ਖੇਤਾਂ 'ਚੋਂ ਸੋਨਾ ਉਗਾਉਣਾ ਏਂ।
ਜਗ੍ਹਾ-ਜਗ੍ਹਾ ਲੌਣੇ ਅਸਾਂ ਕਾਰਖਾਨੇ,
ਬਿਜਲੀ ਨਾਲ ਭਾਰਤ ਜਗ ਮੰਗਵਾਣਾ ਏਂ।
'ਜੈ ਜਵਾਨ' ਤੇ 'ਜੈ ਕਿਸਾਨ' ਹੋਵੇ,
ਏਸ ਨਾਹਰੇ ਤੇ ਅਮਲ ਕਮਾਵਣਾ ਏਂ।
ਕਰੇ ਦੇਸ਼ ਦੀ ਰਾਖੀ ਜਵਾਨ ਸਾਡਾ,
ਭਰੇ ਅੰਨ ਦੇ ਭੰਡਾਰ ਕਿਸਾਨ ਸਾਡਾ।
'ਦਿਲਬਰ' ਸਦਾ ਮਨਾਵੀਏ ਨਾਲ ਖ਼ੁਸ਼ੀਆਂ,
ਛੱਬੀ ਜਨਵਰੀ ਦਿਨ ਮਹਾਨ ਸਾਡਾ।

☆

# ਪੰਜਾਬੀ ਮਾਂ

ਬੈਠੀ ਮਾਂ ਪੰਜਾਬੀ ਅੱਜ ਤਖ਼ਤ ਉਤੇ,
ਖੁਸ਼ੀਆਂ ਵਿਚ ਨਜ਼ਾਰੇ ਪਏ ਨੱਚਦੇ ਨੇ।
ਨੱਚੇ ਦਿਲ ਤੇ ਦਿਲਾਂ ਵਿਚ ਚਾ ਨੱਚੇ,
ਨੈਣਾਂ ਵਿਚ ਇਸ਼ਾਰੇ ਪਏ ਨੱਚਦੇ ਨੇ।
ਨੱਚਣ ਉਂਗਲਾਂ ਸਿਤਾਰ ਦੀ ਤਾਰ ਉਤੇ,
ਪੀਂਘਾ ਨਾਲ ਹੁਲਾਰੇ ਪਏ ਨਚਦੇ ਨੇ।
ਦਿਲ ਦਰਿਆ ਵਿਚ ਖੁਸ਼ੀਆਂ ਦਾ ਹੜ੍ਹ ਆਇਆ,
ਲਹਿਰਾਂ ਨਾਲ ਕਿਨਾਰੇ ਪਏ ਨੱਚਦੇ ਨੇ।
ਪਾਏ ਭੰਗੜੇ ਥਾਂ-ਥਾਂ ਪੰਜਾਬੀਆਂ ਨੇ,
ਅੱਜ ਪੰਜਾਬੀ ਪਿਆਰੇ ਪਏ ਨੱਚਦੇ ਨੇ।
ਰਾਜ ਤਾਜ ਲੈ ਕੇ ਮਾਂ ਬਣੀ ਰਾਣੀ,
ਪੁੱਤਰ ਸਾਰੇ ਦੇ ਸਾਰੇ ਪਏ ਨੱਚਦੇ ਨੇ।
ਮਿੱਠੀ ਸ਼ਹਿਦ ਤੋਂ ਉੱਚੀ ਸਿਤਾਰਿਆਂ ਤੋਂ,
ਲੱਜਾਵਾਨ ਪਵਿੱਤ੍ਰ ਕਵਾਰੀਆਂ ਤੋਂ।
ਬੜਾ ਸਾਦਾ ਵੀ ਅਪਟੂਡੇਟ ਵੀ ਏ,
ਸੋਹਣੀ ਸਿਆਨ ਸਹੇਲੀਆਂ ਸਾਰੀਆਂ ਤੋਂ।
ਇਹਦੇ ਪੰਜਾਂ ਦਰਿਆਵਾਂ ਦੇ ਪਾਣੀਆਂ ਨੂੰ,
ਕਿਸੇ ਜਾਗ ਪਿਆਰ ਦੀ ਲਾਈ ਹੋਈ ਏ।
ਇਹਦੀ ਗੋਦ ਵਿਚ ਖੇਡਦੇ ਰਾਂਝਿਆਂ ਨੂੰ,
ਧੁਰੋਂ ਪਰੀਤ ਦੀ ਰੀਤ ਸਿਖਾਈ ਹੋਈ ਏ।
ਚੰਦ ਚਾਨਣੀ ਵਿਚ ਹੀਰਾਂ ਸੋਹਣੀਆਂ ਨੇ,
ਕਈ ਵਾਰ ਰਲ ਕਿੱਕਲੀ ਪਾਈ ਹੋਈ ਏ।
ਗੀਤ ਗਾ ਕੇ ਤ੍ਰਿੰਝਣਾਂ ਵਿਚ ਸਈਆਂ,
ਇਹਨੂੰ ਜੁਗ ਦੀ ਮਸਤੀ ਚੜ੍ਹਾਈ ਹੋਈ ਏ।
ਗਾਉਂਦੇ ਰਾਗੀ ਜਦ ਖਿੱਚਕੇ ਹੇਕ ਲੰਮੀ,
ਕਿਤੇ ਵੰਝਲੀ ਅਲਗੋਜ਼ੇ ਜਦ ਵੱਜਦੇ ਨੇ।
ਵੱਜਣ ਢੋਲ ਤੇ ਭੰਗੜਾ ਹੋਵੇ ਪੈਂਦਾ,
ਸ਼ੇਰਾਂ ਵਾਂਗ ਪੰਜਾਬੀ ਪਏ ਗੱਜਦੇ ਨੇ।
ਇਹਨੂੰ ਦਿਓਤਿਆਂ ਦੀ ਬੋਲੀ ਕਹਿਣ ਲੋਕੀਂ,
ਇਹਦੇ ਪੁੱਤਰਾਂ ਬੇਦ ਉਚਾਰੇ ਹੋਏ ਨੇ।

ਇਹਨੂੰ ਚਾੜ੍ਹੀ ਏ ਰੰਗਣ ਫਰੀਦ ਜਹਿਆਂ
ਜੀਹਦੇ ਘਰ-ਘਰ ਸਲੋਕ ਸਤਿਕਾਰ ਹੋਏ ਨੇ।
ਹਾਸੇ-ਹਾਸੇ ਵਿਚ ਜਲ੍ਹਣ ਜਿਹੇ ਆਰਫਾਂ ਨੇ,
ਕਈ ਤਾਰੇ ਗਿਆਨ ਦੇ ਮਾਰੇ ਹੋਏ ਨੇ।
ਬੁੱਲੇ ਸ਼ਾਹ ਜਿਹਾ ਲਿਖ ਕਾਫੀਆਂ ਨੂੰ,
ਭੇਦ ਮਾਅਰਫਤ ਦੇ ਕੇ ਤੇ ਜਾਹਰੇ ਹੋਏ ਨੇ।
ਹਾਸ਼ਮ ਕਾਦਰਦਮੋਦਰ ਨੇ ਲਿਖ ਕਵਿਤਾ,
ਇਹਦੀ ਜੱਗ ਵਿਚ ਸ਼ਾਨ ਚਮਕਾ ਦਿੱਤੀ।
ਵਾਰਸ ਸ਼ਾਹ ਨੇ ਇਹਨੂੰ ਸ਼ਿੰਗਾਰ ਕਰਕੇ,
ਇਹਦੀ ਸਾਹਿਤ ਵਿਚ ਗੁੱਡੀ ਚੜ੍ਹਾ ਦਿੱਤੀ।
ਇਹਨੂੰ ਜੂਹ ਤਲਵੰਡੀ ਦੀ ਯਾਦ ਕਰਦੀ,
ਬਾਬੇ ਨਾਨਕ ਨੇ ਘਰ ਘਰ ਪ੍ਰਚਾਰੀ ਹੈ ਇਹ।
ਗੁਰੂ ਅੰਗਦ ਨੇ ਅੱਖਰਾਂ ਵਿਚ ਗੁੰਦ ਦਿੱਤੀ,
ਤੀਜੇ ਚੌਥੇ ਦੋ ਗੁਰਾਂ ਸ਼ਿੰਗਾਰੀ ਹੈ ਇਹ।
ਅਰਜਨ ਦੇਵ ਨੇ ਇਹਦੇ ਵਿਚ ਭਰ ਜਾਦੂ,
ਸਾਰੀ ਦੁਨੀਆਂ ਦੇ ਵਿਚ ਸਤਿਕਾਰੀ ਹੈ ਇਹ।
ਭਾਈ ਵੀਰ ਸਿੰਘ ਪੂਰਨ ਸਿੰਘ ਜਿਹਾਂ ਤਾਈਂ,
ਆਪਣੀ ਜਾਨ ਤੋਂ ਵੱਧ ਪਿਆਰੀ ਹੈ ਇਹ।
ਸ਼ਰਫ ਤੀਰ ਕੁੰਦਨ ਯੁਮਨ ਦਰਦ ਸੁਥਰਾ,
ਤੇ ਬਲੱਗਣ ਜਿਹਾਂ ਇਹਨੂੰ ਚਮਕਾ ਦਿੱਤਾ।
ਜੁਗ-ਜੁਗ ਜਿਊਂਦੀ ਰਹੇ ਬੋਲੀ ਪੰਜਾਬੀ ਦੀ,
ਜਿਹਨੂੰ ਖੇਤਾਂ ਵਿਚ ਗਾਇਆ ਏ ਹਾਲੀਆਂ ਨੇ।
ਇਹਨੂੰ ਬਲਦਾਂ ਦੇ ਘੁੰਗਰੂਆਂ ਤਾਲ ਦਿੱਤਾ,
ਸਾਗ ਤੋੜਦੀਆਂ ਕਈ ਮਤਵਾਲੀਆਂ ਨੇ।
ਇਹ ਚਾਟੀ ਮਧਾਣੀ ਵਿਚ ਗੂੰਜ਼ਦੀ ਏ,
ਇਹਨੂੰ ਪਿਆਰ ਦਿੱਤਾ ਚੂੜੇ ਵਾਲੀਆਂ ਨੇ।
ਇਹ ਗਿੱਧੇ ਦੇ ਗੀਤ ਵਿਚ ਨੱਚਦੀ ਏ,
ਪਾਉਂਦੇ ਬੋਲੀਆਂ ਜਦ ਜੀਜੇ ਸਾਲੀਆਂ ਨੇ।
ਹੁਣ ਇਹ ਰਾਜ ਤੇ ਕਾਜ ਸੰਭਾਲ ਲਿਆ,
ਹੁਣ ਇਹ ਜਾਏਗੀ ਬੋਲੀ ਵਕਾਲਤਾ ਵਿਚ।
ਹੁਣ ਇਹ ਰੌਣਕਾਂ ਲਾਵੇਗੀ ਦਫ਼ਤਰ ਵਿਚ,
ਸੈਕਟਰੀਏਟ ਸਰਕਾਰੀ ਅਦਾਲਤਾਂ ਵਿਚ।

ਉੱਚੀ ਵਿੱਦਿਆ ਦਾ ਮਧਿਆਮ ਬਣੇਗੀ ਇਹ,
ਵਿਦਵਾਨਾਂ ਵਿਚ ਮਿਲੂ ਸਤਿਕਾਰ ਏਹਨੂੰ।
ਭਾਵੇਂ ਅੱਗੇ ਵੀ ਬੜੀ ਭਰਪੂਰ ਹੈ ਇਹ,
ਬੜਾ ਚਾਹੀਦਾ ਏ ਸ਼ਬਦ ਭੰਡਾਰ ਏਹਨੂੰ।
ਟੈਕਨੀਕਲ ਮਕੈਨੀਕਲ ਸਾਇੰਸ ਦੇ ਲਈ,
ਬੜੀ ਸ਼ਬਦਾਂ ਦੀ ਚਾਹੀਦੀ ਭਰਮਾਰ ਏਹਨੂੰ।
ਇਹਨੇ ਜੱਜਾਂ ਵਜ਼ੀਰਾਂ ਵਿਚ ਰਲ ਬਹਿਣਾ,
ਰਹਿਣ ਦੇਣਾ ਨਹੀਂ ਪੇਂਡੂ ਮੁਟਿਆਰ ਏਹਨੂੰ।
ਇਹਦਾ ਰੂਪ ਮੁਹਾਂਦਰਾ ਰਹਿਣ ਬਹਿਣਾ,
ਬਦਲ ਜਾਏਗਾ ਨਵਾਂ ਲਿਬਾਸ ਏਹਦਾ।
'ਦਿਲਬਰ' ਜਿਹਾ ਨਿਖਾਰਨਾ ਖ਼ੂਬ ਏਹਨੂੰ,
ਲੋਕ ਪੜ੍ਹਨਗੇ ਸਦਾ ਇਤਿਹਾਸ ਏਹਦਾ।

-ਸਮਾਪਤ-

# ਦਿਲਬਰ ਸੰਗੀਤ

# ਕੁਝ ਆਪਣੇ ਵੱਲੋਂ

ਮੇਰਾ ਜਨਮ ਪਿੰਡ (ਸਹਾਰੀ ਉਤਾੜ) ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਚ ਹੋਇਆ। ਕਵਿਤਾ ਲਿਖਣ ਦਾ ਠਰਕ ਮੈਨੂੰ ਬਚਪਨ ਤੋਂ ਹੀ ਸੀ। ਮੈਂ ਅਜੇ ਚੌਥੀ ਜਮਾਤ ਵਿਚ ਹੀ ਪੜ੍ਹਦਾ ਸਾਂ ਜਦੋਂ ਮਾੜੀ ਮੋਟੀ ਪੰਜਾਬੀ ਕਵਿਤਾ ਲਿਖਣ ਲੱਗ ਪਿਆ। ਮੇਰਾ ਸ਼ੌਂਕ ਵੱਧਦਾ ਗਿਆ। ਮੇਰੀ ਪੂਜਯ ਮਾਤਾ ਗੁਲਾਬ ਕੌਰ ਜੀ ਮੇਰੇ ਬਚਪਨ ਵਿਚ ਹੀ ਅਕਾਲ ਚਲਾਣਾ ਕਰ ਗਏ। ਪਰ ਮੇਰੇ ਸਤਿਕਾਰਯੋਗ ਪਿਤਾ ਸ: ਈਸ਼ਰ ਸਿੰਘ ਜੀ ਮੇਰੇ ਤਾਇਆ ਸ: ਲਾਭ ਸਿੰਘ ਜੀ ਤੇ ਮੇਰੇ ਪੂਜਯ ਦਾਦੀ ਜੀ ਦੇ ਲਾਡਾਂ ਤੇ ਪਿਆਰ ਹੁਲਾਰਿਆਂ ਨੇ ਮੇਰੇ ਜੀਵਣ ਵਿਚ ਉਦਾਸੀ ਨਹੀਂ ਆਉਣ ਦਿੱਤੀ। ਪਿਤਾ ਜੀ ਨੂੰ ਰੀਝ ਸੀ ਕਿ ਮੈਂ 'ਸ਼ਾਇਰ' ਬਣਾਂ 'ਪ੍ਰਚਾਰਕ' ਬਣਾਂ 'ਰਾਗੀ' ਜਾਂ 'ਢਾਡੀ' ਬਣਾਂ ਤੇ ਮੈਨੂੰ ਅੱਗੇ ਵਧਣ ਦੀ ਹਿੰਮਤ ਬਖਸ਼ੀ ਮੈ 1942 ਵਿਚ ਸਿੱਖ ਸਟੇਜ਼ਾਂ ਉਤੇ ਦੀਵਾਨਾਂ ਵਿਚ ਲੈਕਚਰ ਦੇਣ ਲੱਗ ਪਿਆ। ਮੇਰੇ ਪੂਜਯ ਉਸਤਾਦ ਗਿਆਨੀ ਕਰਤਾਰ ਸਿੰਘ (ਮਹਿਠਾੜ) ਵਾਲਿਆਂ ਮੈਨੂੰ ਕਾਫੀ ਗ੍ਰੰਥਾਂ ਦਾ ਮੁਤਾਲਿਆ ਕਰਵਾਇਆ। ਉਹਨਾਂ ਦੀ ਇੱਛਿਆ ਸੀ ਮੈਂ 'ਵੈਦ' ਬਣਾਂ (ਉਹ ਖੁਦ ਬੜੇ ਮਸ਼ਹੂਰ ਤਜ਼ਰਬੇਕਾਰ ਵੈਦ ਹਨ) ਪਰ ਮੈਂ ਵੈਦ ਨਾ ਬਣ ਸਕਿਆ ਮੇਰੀ ਲਗਨ ਕਵਿਤਾ ਵੱਲ ਸੀ। ਪੂਜਯ ਜਥੇਦਾਰ ਦੀਵਾਨ ਸਿੰਘ (ਕਾਲਿਆਂ) ਵਾਲਿਆਂ ਮੇਰਾ ਕਾਫੀ ਉਤਸ਼ਾਹ ਵਧਾਇਆ।

1947 ਵਿਚ ਅਜ਼ਾਦੀ ਆ ਗਈ। ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ। ਅਸੀਂ ਪਿੰਡ ਸਲੋਹ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਵਿਚ ਆਣ ਵੱਸੇ (ਹੁਣ ਮੇਰੀ ਰਿਹਾਇਸ਼ ਖਾਸ ਨਵਾਂ ਸ਼ਹਿਰ ਵਿਚ ਹੈ) ਏਧਰ ਆਣ ਕੇ ਮੈਂ ਆਪਣਾ ਢਾਡੀ ਜਥਾ ਕਾਇਮ ਕੀਤਾ ਤੇ ਕੀਰਤਨ ਪ੍ਰਚਾਰ ਦਾ ਕੰਮ ਅਰੰਭ ਦਿੱਤਾ ਜੋ ਹੁਣ ਤੱਕ ਬੜੇ ਉਤਸ਼ਾਹ ਨਾਲ ਨਿਭਾ ਰਿਹਾ ਹਾਂ। ਮੈਂ 1948 ਵਿਚ ਪਹਿਲੀ ਪੁਸਤਕ ਕਵਿਤਾਵਾਂ ਦੀ ਛਾਪੀ ਪਾਠਕਾਂ ਨੇ ਹੌਂਸਲਾ ਵਧਾਇਆ ਮੇਰਾ ਲਿਖਣ ਦਾ ਚਾਅ ਵਧਿਆ। ਮੈਂ ਕਵਿਤਾ ਲਿਖੀਆਂ ਪ੍ਰਸੰਗ ਲਿਖੇ ਧਾਰਮਿਕ ਗੀਤ ਵੀ ਤੇ ਲੋਕ ਗੀਤ ਵੀ। ਪਰ ਸਟੇਜ਼ਾਂ ਉਤੇ ਬੋਲਣ ਕਰਕੇ ਪਾਠਕਾਂ ਵੱਲੋਂ ਧਾਰਮਿਕ ਗੀਤਾਂ ਦੀ ਮੰਗ ਵਧੀ। ਮੈਂ 1952 ਵਿਚ ਗੀਤਾਂ ਦੀ ਪੁਸਤਕ 'ਦਿਲਬਰ ਦੇ ਗੀਤ' ਨਾਮ ਰੱਖਕੇ ਛਾਪੀ ਜਿਸ ਦੀਆਂ ਅੱਠਾਂ ਕੁ ਸਾਲਾਂ ਵਿਚ ਪੰਦਰਾਂ ਐਡੀਸ਼ਨਾਂ ਛਪ ਚੁੱਕੀਆਂ ਹਨ। ਫਿਰ 'ਦਿਲਬਰ ਤਰਾਨੇ' ਛਾਪੇ ਤੇ ਇਹ ਗੀਤਾਂ ਦੀ ਲੜੀ ਦੀ ਤੀਸਰੀ ਪੁਸਤਕ ਹੈ-ਦਿਲਬਰ ਸੰਗੀਤ।

ਮਾਰਕੀਟ ਵਿਚ ਮੇਰੀਆਂ ਪੁਸਤਕਾਂ ਦੀ ਉਮੰਗ ਵੇਖ ਕੇ ਕਈ ਪ੍ਰਕਾਸ਼ਕ ਨਕਲ ਕਰਕੇ ਮਿਲਦੇ-ਜੁਲਦੇ ਨਾਮ ਰੱਖ ਕੇ ਲੋਕਾਂ ਨੂੰ ਧੋਖਾ ਦੇਣ ਦਾ ਯਤਨ ਕਰ ਰਹੇ ਹਨ। ਪਾਠਕਾਂ ਅੱਗੇ ਬੇਨਤੀ ਹੈ ਕਿ ਮੇਰਾ ਪੂਰਾ ਪਤਾ ਪੜ੍ਹ ਕੇ ਨਾਮ ਤੇ ਤਸਵੀਰ ਵੇਖ ਕੇ ਪੁਸਤਕ ਖਰੀਦਿਆ ਕਰਨ। ਆਖਰ ਵਿਚ ਆਪਣੇ ਜਥੇ ਦੇ ਸਾਥੀ ਸਰਦਾਰ ਕਰਮ ਸਿੰਘ, ਸਰਦਾਰ ਕੁਲਦੀਪ ਸਿੰਘ, ਸਰਦਾਰ ਕਿਸ਼ਨ ਸਿੰਘ ਦਾ ਧੰਨਵਾਦ ਕਰਦਾ ਹਾਂ। ਜਿਹਨਾਂ ਨੇ ਮੈਨੂੰ ਪ੍ਰੇਰਨਾ ਕਰਕੇ ਇਹ ਪੁਸਤਕ ਤਿਆਰ ਕਰਵਾਈ। ਬੜੇ ਚਾਵਾਂ ਤੇ ਸਧਰਾਂ ਨਾਲ ਇਹ ਗੀਤ ਪੇਸ਼ ਕਰ ਰਿਹਾ ਹਾਂ। ਉਮੀਦ ਹੈ ਕਿ ਅੱਗੇ ਵਾਂਗ ਹੀ ਪਾਠਕ ਹੌਂਸਲਾ ਵਧਾਉਣਗੇ ਤੇ ਆਪਣੀ ਚੰਗੀ-ਮੰਦੀ ਰਾਇ ਦੇ ਕੇ ਧੰਨਵਾਦੀ ਬਣਾਉਣਗੇ।

# ਭੈਣ ਨਾਨਕੀ ਦੀਆਂ ਵੇਈਂ ਨਦੀ ਨਾਲ ਗੱਲਾਂ

ਤਰਜ਼—ਬੋਲ ਰਾਧਾ ਬੋਲ ਸੰਗਮ ਹੋਗਾ ਕਿ ਨਹੀਂ...(ਸੰਗਮ)

ਵੇਈਂ ਨਦੀ ਪਿਆਰੀ ਕਿਉਂ ਵਗਦੀ ਏਂ ਚੁੱਪ ਧਾਰੀ ਨੀ ।
ਬੋਲ ਅੜੀਏ ਬੋਲ ਵੀਰਾ ਆਵੇਗਾ ਕਿ ਨਹੀਂ ।

ਬੁੱਕਲ ਤੇਰੀ ਦੇ ਵਿਚ ਲੁਕਿਆ ਮੇਰਾ ਵੀਰ ਪਿਆਰਾ ਨੀ ।
ਤਿੰਨ ਦਿਨ ਹੋ ਗਏ ਮੁੜ ਨਹੀਂ ਆਇਆ ਤ੍ਰਿਪਤਾ ਮਾਂ ਦਾ ਤਾਰਾ ਨੀ ।
ਆਪਣਾ ਸੁੰਦਰ ਮੁੱਖੜਾ ਫੇਰ ਵਿਖਾਵੇਗਾ ਕਿ ਨਹੀਂ ।
ਬੋਲ ਅੜੀਏ ਬੋਲ ਵੀਰਾ ਆਵੇਗਾ ਕਿ ਨਹੀਂ ।
ਵੇਈਂ ਨਦੀ ਪਿਆਰੀ ਕਿਉਂ ਵਗਈ ਏਂ ਚੁੱਪ ਧਾਰੀ ਨੀ...।

ਉਹ ਦੁਨੀਆਂ ਨੂੰ ਤਾਰਣ ਵਾਲਾ ਕਿਹੜੀ ਲਹਿਰ 'ਚ ਵਹਿ ਗਿਆ ਏ ।
ਕਿਹੜੀ ਫੁੱਲ ਨੇ ਮਹਿਕ ਲੁਟਾਈ ਕਿਸ ਥਾਂ ਭੌਰਾ ਬਹਿ ਗਿਆ ਏ ।
ਮੁੜ ਕੇ ਤਪਦੇ ਸੀਨੇ ਵਿਚ ਠੰਢ ਪਾਵੇਗਾ ਕਿ ਨਹੀਂ ।
ਬੋਲ ਅੜੀਏ ਬੋਲ ਵੀਰਾ ਆਵੇਗਾ ਕਿ ਨਹੀਂ ।
ਵੇਈਂ ਨਦੀ ਪਿਆਰੀ ਕਿਉਂ ਵਗਦੀ ਏਂ ਚੁੱਪ ਧਾਰੀ ਨੀ...।

ਕੋਈ ਕਹਿੰਦਾ ਮੋਦੀਖਾਨਾ ਲੁੱਟ-ਲੁੱਟ ਕੇ ਤੁਰ ਗਿਆ ਏ ।
ਕੋਈ ਕਹਿੰਦਾ ਵੇਈਂ ਦੇ ਵਿਚ ਵਾਂਗ ਪਤਾਸੇ ਖਰ ਗਿਆ ਏ ।
ਨਿੰਦਕਾਂ ਚੁਗਲਾਂ ਨੂੰ ਆ ਚੁੱਪ ਕਰਾਵੇਗਾ ਕਿ ਨਹੀਂ ।
ਬੋਲ ਅੜੀਏ ਬੋਲ ਵੀਰਾ ਆਵੇਗਾ ਕਿ ਨਹੀਂ ।
ਵੇਈਂ ਨਦੀ ਪਿਆਰੀ ਕਿਉਂ ਵਗਦੀ ਏਂ ਚੁੱਪ ਧਾਰੀ ਨੀ...।

ਭਾਬੀ ਮੇਰੀ ਦੇ ਚਾਅ ਕੁਚਲੇ ਰੀਝਾਂ ਹਨ ਕੁਮਲਾਈਆਂ ਨੀ ।
ਕੁਝ ਨਾ ਪੁੱਛੀਆਂ ਕੁਝ ਨਾ ਦੱਸੀਆਂ ਕੀ ਓਹਦੇ ਮਨ ਆਈਆਂ ਨੀ ।
ਲ਼ਾਲ ਗ਼ਮਾਂ ਵਿਚ ਡੁੱਬੇ ਆ ਵਰਚਾਵੇਗਾ ਕਿ ਨਹੀਂ ।
ਬੋਲ ਅੜੀਏ ਬੋਲ ਵੀਰਾ ਆਵੇਗਾ ਕਿ ਨਹੀਂ ।
ਵੇਈਂ ਨਦੀ ਪਿਆਰੀ ਕਿਉਂ ਵਗਦੀ ਏਂ ਚੁੱਪ ਧਾਰੀ ਨੀ...।

ਲੱਖ ਪਾਤਾਲਾਂ ਦਾ ਓਹ ਮਾਲਕ ਡੁੱਬ ਜਾਵੇ ਨਹੀਂ ਹੋ ਸਕਦਾ ।
ਤੇਰਾਂ ਤੋਲਣ ਵਾਲਾ ਲੋਭ 'ਚ ਖੁੱਭ ਜਾਵੇ ਨਹੀਂ ਹੋ ਸਕਦਾ ।
ਦੱਸ ਫਿਰ 'ਦਿਲਬਰ' ਵੀਰਾ ਗੀਤ ਸੁਣਾਵੇਗਾ ਕਿ ਨਹੀਂ ।
ਬੋਲ ਅੜੀਏ ਬੋਲ ਵੀਰਾ ਆਵੇਗਾ ਕਿ ਨਹੀਂ ।
ਵੇਈਂ ਨਦੀ ਪਿਆਰੀ ਕਿਉਂ ਵਗਦੀ ਏਂ ਚੁੱਪ ਧਾਰੀ ਨੀ ।

ਬੋਲ ਅੜੀਏ ਬੋਲ ਵੀਰਾ ਆਵੇਗਾ ਕਿ ਨਹੀਂ।

✲

## ਮੈਂ ਖਾਧਾ ਇਕ ਰੀਠਾ ਦਾਤਿਆ

ਤਰਜ਼—ਗੁੱਤ ਨੂੰ ਸੰਭਾਲ ਗੋਰੀਏ ਮੈਨੂੰ ਸੱਪ ਦਾ ਭੁਲੇਖਾ ਪੈਂਦਾ...

ਮੈਂ ਖਾਧਾ ਇਕ ਰੀਠਾ ਦਾਤਿਆ ਮੈਨੂੰ ਸਹਿਦ ਦਾ ਭੁਲੇਖਾ ਪੈਂਦਾ।
ਇਹ ਜੱਗ ਵੀ ਭੁਲੇਖਾ ਖਾ ਗਿਆ ਜਿਹੜਾ ਰੱਬ ਨੂੰ ਰਿਹਾ ਕਹਿੰਦਾ।
ਇਹ ਜੋਗੀ ਮੂਲੀ ਕਿਹੜੇ ਬਾਗ ਦੀ, ਤੈਨੂੰ ਮੰਨ ਲਿਆ ਵਲੀਆਂ ਪੀਰਾਂ।
ਇਹ ਸਿੱਧੀਆਂ ਤੇ ਭੁੱਲੇ ਫਿਰਦੇ ਤੇਰੇ ਦਰ 'ਤੇ ਝੁਕਣ ਤਕਦੀਰਾਂ।
ਤੂੰ ਜੀਹਦੇ ਤੇ ਦਿਆਲ ਹੋ ਗਿਆ ਉਹ ਜਨਮ-ਮਰਨ ਤੋਂ ਰਹਿੰਦਾ।
ਮੈਂ ਖਾਧਾ ਇਕ ਰੀਠਾ ਦਾਤਿਆ ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।
ਲਾਲੋ ਨੇ ਪਛਾਣਿਆ ਤੈਨੂੰ ਪਰ ਭਾਗੋ ਨੂੰ ਸਮਝ ਨਾ ਆਈ।
ਤੂੰ ਪੂਰੀਆਂ 'ਚੋਂ ਲਹੂ ਕੱਢ ਕੇ ਸਾਰੇ ਜੱਗ ਦੀ ਚਾ ਹੋਸ਼ ਭੁਲਾਈ।
ਚਰਣਾਂ ਤੇ ਸਭ ਡਿੱਗ ਪਏ ਜਦੋਂ ਕੋਧਰ 'ਚੋਂ ਦੁੱਧ ਡਿੱਠਾ ਵਹਿੰਦਾ।
ਮੈਂ ਖਾਧਾ ਇਕ ਰੀਠਾ ਦਾਤਿਆ ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।
ਅੱਖ ਮਠਿਆਈ ਬਣ ਗਏ ਤੱਤੇ ਤੇਲ ਵਾਲਾ ਠਰ ਗਿਆ ਕੜ੍ਹਾਇਆ।
ਪਰਬਤ ਵੀ ਮੋਮ ਹੋ ਗਿਆ ਜਦੋਂ ਹੱਸ ਕੇ ਪੰਜਾ ਤੂੰ ਲਾਇਆ।
ਬੰਜਰਾਂ 'ਚੋਂ ਸੋਮੇ ਕੱਢਤੇ ਜਦੋਂ ਵੇਖਿਆ ਰਬਾਬੀ ਢਹਿੰਦਾ।
ਮੈਂ ਖਾਧਾ ਇਕ ਰੀਠਾ ਦਾਤਿਆ ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।
ਕਈਆਂ ਨੇ ਕੁਰਾਹੀਆ ਆਖਿਆ ਕਿਸੇ ਭੁੱਲੜ ਨੇ ਲੱਤ ਤੈਨੂੰ ਮਾਰੀ।
ਤੂੰ ਸਭ ਨੂੰ ਪਿਆਰਦਾ ਰਿਹੋਂ ਇਕੋ ਪਿਆਰ ਦਾ ਸੈ 'ਦਿਲਬਰ' ਪੁਜਾਰੀ।
ਕਾਜ਼ੀ ਨੂੰ ਨਮਾਜ਼ ਭੁੱਲ ਗਈ ਡਿੱਠਾ ਮੱਕਾ ਪਰਕਰਮਾ ਲੈਂਦਾ।
ਮੈਂ ਖਾਧਾ ਇਕ ਰੀਠਾ ਦਾਤਿਆ ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।
ਇਹ ਜੱਗ ਵੀ ਭੁਲੇਖਾ ਖਾ ਗਿਆ ਜਿਹੜਾ ਰੱਬ ਨੂੰ ਮਨੁੱਖ ਰਿਹਾ ਕਹਿੰਦਾ।

✲

# ਉਹਦੇ ਚੋਜ ਨਿਰਾਲੇ

## ਤਰਜ਼—ਜਾ ਵੇ ਰਾਹੀਆ ਤੁਰਿਆ ਜਾ

ਉਹਦੇ ਚੋਜ ਨਿਰਾਲੇ ਨੇ ਜੱਗ ਤੋਂ,
ਉਹ ਮਜ਼ਲੂਮਾਂ ਦਾ ਦਰਦੀ ਏ ।
ਉਹਦੇ ਨੈਣ ਨੇ ਚਸ਼ਮੇਂ ਪਿਆਰਾਂ ਦੇ,
ਉਹਨੂੰ ਦੁਨੀਆਂ ਸੱਜਦੇ ਕਰਦੀ ਏ ।
ਉਹਦੇ ਬੋਲਾਂ ਵਿਚ ਅਕਸੀਰਾਂ ਨੇ,
ਉਹਦੇ ਹੱਥ ਦੇ ਵਿਚ ਤਕਦੀਰਾਂ ਨੇ ।
ਉਹਨੂੰ ਕੁੱਲ ਆਲਮ ਤੇ ਝੁਕਦੇ ਨੇ,
ਉਹਦਾ ਕੁਦਰਤ ਪਾਣੀ ਭਰਦੀ ਏ ।
ਉਹਦੇ ਚੋਜ ਨਿਰਾਲੇ ਨੇ ਜੱਗ ਤੋਂ,
ਉਹ ਮਜ਼ਲੂਮਾਂ ਦਾ ਦਰਦੀ ਏ ।
ਉਹ ਪੀਰ ਅਕਾਸ਼ ਪਤਾਲਾਂ ਦਾ,
ਉਹ ਵੈਦ ਵੀ ਬੜਾ ਕਮਾਲਾਂ ਦਾ ।
ਓਹ ਰੋਗ ਪਛਾਣ ਹਰ ਦਿਲ ਦਾ,
ਉਹਦੇ ਮੁੱਖ 'ਚੋਂ ਮਿੱਠਤ ਝੁਰਦੀ ਏ ।
ਉਹਦੇ ਚੋਜ ਨਿਰਾਲੇ ਨੇ ਜੱਗ ਤੋਂ,
ਉਹ ਮਜ਼ਲੂਮਾਂ ਦਾ ਦਰਦੀ ਏ ।
ਉਹ ਢਾਡੀ ਸੋ ਦਰ ਗੌਂਦਾ ਏ,
ਉਹ ਜੱਗ ਨੂੰ ਝੂਣ ਜਗੌਂਦਾ ਏ ।
ਉਹ ਪਾਰ ਲੰਘਾਵੇ ਭਵ ਜਲ ਤੋਂ,
ਉਹਨੂੰ ਜਾਚ ਖੁਦਾ ਦੇ ਘਰ ਦੀ ਏ ।
ਉਹਦੇ ਚੋਜ ਨਿਰਾਲੇ ਨੇ ਜੱਗ ਤੋਂ,
ਉਹ ਮਜ਼ਲੂਮਾਂ ਦਾ ਦਰਦੀ ਏ ।
ਉਹ 'ਦਿਲਬਰ' ਹਰ ਇਕ ਦਿਲ ਦਾ ਏ,
ਉਹਦੇ ਜਿਹਾ ਨਾ ਦੂਜਾ ਮਿਲਦਾ ਏ ।
ਉਹ ਡੂੰਘੀਆਂ ਰਮਜ਼ਾਂ ਦੱਸਦਾ ਏ,
ਉਹਦੀ ਸੁਰਤੀ ਅਰਸ਼ੀਂ ਤਰਦੀ ਏ ।
ਉਹਦੇ ਚੋਜ ਨਿਰਾਲੇ ਨੇ ਜੱਗ ਤੋਂ,
ਉਹ ਮਜ਼ਲੂਮਾਂ ਦਾ ਦਰਦੀ ਏ ।
ਉਹਦੇ ਨੈਣ ਨੇ ਚਸ਼ਮੇਂ ਪਿਆਰਾਂ ਦੇ,
ਉਹਨੂੰ ਦੁਨੀਆਂ ਸੱਜਦੇ ਕਰਦੀ ਏ ।

# ਕੋਈ ਜਦ ਗੁਰਬਾਣੀ ਗਾਏ

## ਤਰਜ਼—ਕੋਈ ਜਬ ਰਾਹ ਨਾ ਪਾਏ...(ਦੋਸਤੀ)

ਕੋਈ ਜਦ ਗੁਰਬਾਣੀ ਗਾਏ ।
ਹਰੀ ਨਾਮ ਨਿੱਤ ਧਿਆਏ ।
ਭਵਜਲੋਂ ਪਾਰ ਹੋ ਜਾਏ ।
ਹੋ ਜਾਵੇ ਉਸਦਾ ਉਧਾਰ...
ਬਾਣੀ ਦਾ ਜੋ ਪਾਠ ਕਰੇ ।
ਜਨਮ-ਜਨਮ ਦੇ ਪਾਪ ਹਰੇ ।
ਊਚ ਹੋ ਜਾਂ ਨੀਚ - ਜਾਂ ਹਿੰਦੂ ਮੁਸਲਮਾਨ,
ਦਰਗਾਹ ਮਾਣ ਓਹ ਪਾਏ,
ਹਰੀ ਨਿੱਤ ਧਿਆਏ...
ਅੱਗੇ ਜ਼ਾਤ ਨਾ ਜ਼ੋਰ ਚੱਲੇ ।
ਨਾ ਮਾਇਆ ਦਾ ਸ਼ੋਰ ਚੱਲੇ ।
ਸਤਿਸੰਗ ਜਾਏ - ਜੋ ਮਨ ਚਿੱਤ ਲਾਏ,
ਜੱਗ ਉਹਨੂੰ ਸੀਸ ਨਿਵਾਏ ।
ਹਰੀ ਨਿੱਤ ਧਿਆਏ,
ਭਵਜਲੋਂ, ਪਾਰ ਹੋ ਜਾਏ ।
ਹੋ ਜਾਵੇ ਉਸਦਾ ਉਧਾਰ...
ਮਾਨਸ ਜਨਮ ਬੜਾ ਅਣਮੋਲ ।
ਹੀਰਾ ਖਾਕ - ਨਾ 'ਦਿਲਬਰ' ਰੋਲ ।
ਲੰਘ ਗਏ ਜੋ ਪਾਣੀ, ਨਾ ਫੇਰ ਦੂਜੀ ਵਾਰ,
ਪਤਨਾ ਤੇ ਮੁੜਕੇ ਆਏ ।
ਹਰੀ ਨਿੱਤ ਧਿਆਏ ।
ਭਵਜਲੋਂ ਪਾਰ ਹੋ ਜਾਏ ।
ਹੋ ਜਾਵੇ ਉਸਦਾ ਉਧਾਰ,
ਕੋਈ ਜਦ ਗੁਰਬਾਣੀ ਗਾਏ ।

✲

# ਬੀਬੀ ਨਾਨਕੀ ਦੀ ਯਾਦ

## ਤਰਜ਼—ਠੰਢੀ-ਠੰਢੀ ਵਾ ਉਤੋਂ ਪੈਂਦੀਆਂ ਫੁਹਾਰਾਂ ਵੇ...

ਰੁੱਤ ਹੈ ਰੰਗੀਲੀ, ਉਤੋਂ ਆ ਗਈਆਂ ਬਹਾਰਾਂ ਵੇ।
ਆਜਾ ਮੇਰੇ ਵੀਰਾ, ਦਿਨੇ ਰਾਤ ਮੈਂ ਪੁਕਾਰਾਂ ਵੇ।

ਤੁਰਨ ਲੱਗੇ ਭੈਣ ਨਾਲ ਕੀਤਾ ਸੀ ਕਰਾਰ ਵੇ।
ਹੁਣ ਕਾਹਨੂੰ ਵੀਰਾ-ਸਾਨੂੰ ਦਿੱਤਾ ਈ ਵਿਸਾਰ ਵੇ।
ਲੰਘ ਗਈਆਂ ਮੁੱਦਤਾਂ ਨਾ ਲਈਆਂ ਆ ਕੇ ਸਾਰਾਂ ਵੇ।
ਆਜਾ ਮੇਰੇ ਵੀਰਾ, ਦਿਨ ਰਾਤ ਮੈਂ ਪੁਕਾਰਾਂ ਵੇ।

ਤੇਰੇ ਬਿਨਾ ਸੁੰਞੇ ਵੀਰਾ, ਮੱਝੀਆਂ ਤੇ ਬੇਲੇ ਵੇ।
ਸਰ੍ਹੋਂ ਤੇ ਤੋਰੀਏ ਨੂੰ ਖਾਈ ਜਾਣ ਤੇਲੇ ਵੇ।
ਮੱਖਣਾਂ ਦੇ ਪੇੜੇ, ਚੋਣ ਦੁੱਧਾਂ ਦੀਆਂ ਧਾਰਾਂ ਵੇ।
ਆਜਾ ਮੇਰੇ ਵੀਰਾ, ਦਿਨੇ ਰਾਤ ਮੈਂ ਪੁਕਾਰਾਂ ਵੇ।

ਤੇਰੇ ਬਿਨਾ ਗਾਹਕ, ਮੋਦੀਖਾਨੇ ਦੇ ਨਿਰਾਸ਼ ਵੇ।
ਕਾਜ਼ੀ ਤੇ ਨਵਾਬ ਸਭ, ਰਹਿੰਦੇ ਨੇ ਉਦਾਸ ਵੇ।
ਬੋਲਣ ਬਨੇਰੇ ਉਤੇ, ਕਾਵਾਂ ਦੀਆਂ ਡਾਰਾਂ ਵੇ।
ਆਜਾ ਮੇਰੇ ਵੀਰਾ, ਦਿਨ ਰਾਤ ਮੈਂ ਪੁਕਾਰਾਂ ਵੇ।

ਕਰਦੇ ਨੇ ਯਾਦ ਤੈਨੂੰ, ਨਿੱਕੇ-ਨਿੱਕੇ ਬਾਲ ਵੇ।
ਭਾਬੀ ਵੀ ਸੁਲੱਖਣੀ ਦਾ, ਕੌਣ ਪੁੱਛੇ ਹਾਲ ਵੇ।
ਨੱਪੀ ਬੈਠੀ ਦਿਲ ਵਿਚ, ਸੱਧਰਾਂ ਹਜ਼ਾਰਾਂ ਵੇ।
ਆਜਾ ਮੇਰੇ ਵੀਰਾ, ਦਿਨ ਰਾਤ ਮੈਂ ਪੁਕਾਰਾਂ ਵੇ।

ਬੁੱਢੇ ਵਾਰੇ ਬਾਪੂ ਦੀ, ਸੰਭਾਲੇ ਕੌਣ ਕਾਰ ਵੇ।
ਮਾਤਾ ਕੀਹਨੂੰ ਕਰੇ, ਦੱਸ 'ਦਿਲਬਰਾ' ਪਿਆਰ ਵੇ।
ਮੁੜਕੇ ਵਸਾ ਦੇ, ਤਲਵੰਡੀ ਦੀਆਂ ਬਾਰਾਂ ਵੇ।
ਆਜਾ ਮੇਰੇ ਵੀਰਾ, ਦਿਨ ਰਾਤ ਮੈਂ ਪੁਕਾਰਾਂ ਵੇ।

ਰੁੱਤ ਹੈ ਰੰਗੀਲੀ, ਉਤੋਂ ਆ ਗਈਆਂ ਬਹਾਰਾਂ ਵੇ।
ਆਜਾ ਮੇਰੇ ਵੀਰਾ, ਦਿਨੇ ਰਾਤ ਮੈਂ ਪੁਕਾਰਾਂ ਵੇ।

☆

# ਯੂ. ਪੀ. ਦਿਆਂ ਜੰਗਲਾਂ ਵਿਚ

## ਤਰਜ਼—ਚੱਕ ਲਿਆ ਮੋਰ ਬਣਕੇ ਮੇਰੀ ਡਿੱਗ...

*ਨੀ ਯੂ. ਪੀ. ਦਿਆਂ ਜੰਗਲਾਂ ਵਿਚ ਕੋਈ ਨਾਨਕ ਤਪੀਆ ਆਇਆ।*
*ਨੀ ਜੋਗੀ ਸਾਰੇ ਦੰਗ ਹੋ ਗਏ ਉਹਨੇ ਸਤਿ-ਕਰਤਾਰ ਸੁਣਾਇਆ।*

*ਜੱਗ ਮੰਨੇ ਜੋਗੀਆਂ ਨੂੰ ਜਿਹੜੇ ਅਲਖ ਨਿਰੰਜਣ ਕਹਿੰਦੇ।*
*ਉਹ ਬੜੇ ਕਰਾਮਾਤ ਦੇ ਧਣੀ ਏਥੇ ਗੋਰਖ ਮਤੇ ਵਿਚ ਰਹਿੰਦੇ।*
*ਨੀ ਨਾਥ ਘਬਰਾਏ ਫਿਰਦੇ ਚਿਹਰੇ ਉੱਡ ਗਏ ਨੇ ਰੰਗ ਕੁਮਲਾਇਆ।*
*ਨੀ ਯੂ. ਪੀ. ਦਿਆਂ ਜੰਗਲਾਂ ਵਿਚ ਕੋਈ ਨਾਨਕ ਤਪੀਆ ਆਇਆ।*

*ਕੱਠੇ ਹੋ ਕੇ ਜੋਗੀ ਆ ਗਏ ਓਥੇ ਚਰਚਾ ਬਥੇਰੀ ਹੋਈ।*
*ਹਾਰ ਗਈ ਏ ਸਿੱਧ ਮੰਡਲੀ ਨਹੀਂ ਅੜਿਆ ਤਪੀ ਅੱਗੇ ਕੋਈ।*
*ਨੀ ਜੋਗੀ ਸਾਰੇ ਬੁੱਤ ਬਣ ਗਏ ਉਹਦੇ ਸਾਥੀ ਨੇ ਰਬਾਬ ਵਜਾਇਆ।*
*ਨੀ ਯੂ. ਪੀ. ਦਿਆਂ ਜੰਗਲਾਂ ਵਿਚ ਕੋਈ ਨਾਨਕ ਤਪੀਆ ਆਇਆ।*

*ਮੱਥੇ ਉਤੇ ਨੂਰ ਡਲ੍ਹਕੇ ਉਹਦੇ ਨੈਣਾਂ 'ਚੋਂ ਮਸਤੀ ਚੋਵੇ।*
*ਉਹ ਮੋਂਹਦਾ ਮਿੱਠੇ ਬੋਲ ਬੋਲ ਕੇ ਮੈਲ ਮਨਾਂ ਦੀ ਪਲਾਂ ਵਿਚ ਧੋਵੇ।*
*ਨੀ ਆ ਗਿਆ ਮਨੁੱਖ ਬਣ ਕੇ ਆਪ ਰੱਬ ਨੇ ਹੈ ਰੂਪ ਵਟਾਇਆ।*
*ਨੀ ਯੂ. ਪੀ. ਦਿਆਂ ਜੰਗਲਾਂ ਵਿਚ ਕੋਈ ਨਾਨਕ ਤਪੀਆ ਆਇਆ।*

*ਨੀ ਗੱਲ ਹੈ ਹੈਰਾਨੀ ਵਾਲੜੀ ਜੀਹਨੂੰ ਸੁਣ ਕੇ ਜਹਾਨ ਸਾਰਾ ਦੜਿਆ।*
*ਉਹ ਰੇਠਾ ਕਹਿਦੇ ਮਿੱਠਾ ਹੋ ਗਿਆ ਜਿਥੇ ਬੈਠ ਕੇ ਸ਼ਬਦ ਉਹਨੇ ਪੜ੍ਹਿਆ।*
*ਨੀ ਜੱਗ ਵਿਚ ਧੁੰਮਾਂ ਪੈ ਗਈਆਂ ਐਸਾ 'ਦਿਲਬਰ' ਨੇ ਕੌਤਕ ਵਖਾਇਆ।*
*ਨੀ ਯੂ. ਪੀ. ਦਿਆਂ ਜੰਗਲਾਂ ਵਿਚ ਕੋਈ ਨਾਨਕ ਤਪੀਆ ਆਇਆ।*
*ਨੀ ਜੋਗੀ ਸਾਰੇ ਦੰਗ ਹੋ ਗਏ ਉਹਨੇ ਸਤਿ-ਕਰਤਾਰ ਸੁਣਾਇਆ।*

☆

# ਬਾਣੀ

*ਬਾਣੀ ਧੁਰੋਂ ਅਕਾਲ ਨੇ ਆਪ ਭੇਜੀ,*
*ਭੁੱਲੇ ਭਟਕਿਆਂ ਨੂੰ ਰਾਹੇ ਪਾਂਵਦੀ ਏ।*
*ਬਾਣੀ ਲੋਕ ਪਰਲੋਕ ਦੇ ਸੁੱਖ ਦੇਵੇ,*
*ਬੇੜੇ ਭਵਜਲਾਂ ਤੋਂ ਪਾਰ ਲਾਂਵਦੀ ਏ।*

ਬਾਣੀ ਹਿਰਦਿਆਂ ਵਿਚ ਪ੍ਰਕਾਸ਼ ਕਰਦੀ,
ਬਾਣੀ ਮਨਾਂ ਦੀ ਮੈਲ ਨੂੰ ਲਾਂਹਵਦੀ ਏ ।
ਬਾਣੀ ਦੁੱਧ ਦੇਵੇ ਬਾਣੀ ਪੁੱਤ ਦੇਵੇ,
ਬਾਣੀ ਦੌਲਤਾਂ ਨਾਲ ਰਜਾਂਵਦੀ ਏ ।
ਬਾਣੀ ਬਖਸ਼ਦੀ ਛੱਤੀ ਪਦਾਰਥਾਂ ਨੂੰ,
ਬਾਣੀ ਗੁਰਾਂ ਦੀ ਗੋਦ ਬਠਾਂਵਦੀ ਏ ।
ਬਾਣੀ ਕੌੜਿਆਂ ਰੀਠਿਆਂ ਕਰੇ ਮਿੱਠੇ,
ਬਾਣੀ ਠੱਗਾਂ ਨੂੰ ਸੱਜਣ ਬਣਾਂਵਦੀ ਏ ।
ਬਾਣੀ ਰੋਗੀਆਂ ਦੇ ਰੋਗ ਦੂਰ ਕਰਦੀ,
ਬਾਣੀ ਥਲਾਂ 'ਚੋਂ ਚਸ਼ਮੇ ਵਗਾਂਵਦੀ ਏ ।
ਜਿਹੜਾ 'ਦਿਲਬਰਾ' ਏਸ ਦਾ ਜਾਪ ਕਰਦਾ,
ਉਹਦੇ ਦੁੱਖ ਤੇ ਪਾਪ ਗਵਾਂਵਦੀ ਏ ।

## ਗੁਰੂ ਅਰਜਨ ਦੇਵ ਜੀ ਦੀ ਲਾਹੌਰੋਂ ਪਿਤਾ ਨੂੰ ਚਿੱਠੀ

### ਤਰਜ਼—ਲਾਈਆਂ ਤਾਂ ਤੋੜ ਨਿਭਾਵੀਂ...

ਬਿਰਹੋਂ ਦੇ ਕੁੱਠਿਆਂ ਤਾਈਂ, ਭੁੱਲ ਹੀ ਨਾ ਜਾਇਓ ।
ਭੁਲ ਹੀ ਨਾ ਜਾਇਅ ਦਾਤਾ ਭੁੱਲ ਹੀ ਨਾ...

ਪਲ ਦਾ ਵਿਛੋੜਾ ਕਦੇ ਸਾਡਾ ਨਹੀਂ ਸੀ ਜਰਦੇ ।
ਸੀਨੇ ਨਾਲ ਲਾਈ ਰੱਖਦੇ, ਦੂਰ ਨਹੀਂ ਸੀ ਕਰਦੇ ।
ਦਰਸ ਦਿਖਾਇਓ ਦਾਤਾ, ਭੁੱਲ ਹੀ ਨਾ ਜਾਇਓ ।
ਬਿਰਹੋਂ ਦੇ ਕੁਠਿਆਂ ਤਾਈਂ ਭੁੱਲ ਹੀ ਨਾ...

ਤੀਰ ਜੁਦਾਈ ਵਾਲੇ, ਸੀਨਾ ਜਾਣ ਚੀਰਦੇ ।
ਸੁਪਨੇ ਵਿਚ ਆਇਓ ਦਾਤਾ,
ਬਿਰਹੋਂ ਦੇ ਕੁੱਠਿਆਂ ਤਾਈਂ, ਭੁੱਲ ਹੀ ਨਾ ਜਾਇਓ ।

ਨੀਂਦ ਨਾ ਆਵੇ ਨੈਣੀਂ ਰਾਤ ਨਹੀਂ ਲੰਘਦੀ ।
ਨਾਗਣ ਦੇ ਵਾਂਗ ਪਾਪਣ, ਬਿਰਹੋਂ ਪਈ ਡੰਗਦੀ ।
ਹੁਣ ਨਾ ਤੜਪਾਇਓ ਦਾਤਾ,
ਬਿਰਹੋਂ ਦੇ ਕੁੱਠਿਆਂ ਤਾਈਂ, ਭੁੱਲ ਹੀ ਨਾ ਜਾਇਓ ।

'ਦਿਲਬਰ' ਨੂੰ ਕੋਲ ਬੁਲਾ ਲਓ, ਤਰਲੇ ਲੱਖ ਪਾਵਾਂ ਮੈਂ।
ਘੁੱਟਕੇ ਗਲਵੱਕੜੀ ਪਾਵਾਂ ਰੀਝਾਂ ਸਭ ਲਾਹਵਾਂ ਮੈਂ।
ਸੀਨੇ ਠੰਢ ਪਾਇਓ ਦਾਤਾ,
ਬਿਰਹੋਂ ਦੇ ਕੁੱਠਿਆਂ ਤਾਈਂ, ਭੁੱਲ ਹੀ ਨਾ ਜਾਇਓ।

✲

# ਸਹੇਲੀ ਚੰਦੂ ਦੀ ਨੂੰਹ ਨੂੰ

## ਤਰਜ਼—ਚੱਕ ਲਿਆ ਮੋਰ ਬਣ ਕੇ ਮੇਰੀ...

ਨੀ ਵਾਲੀ ਸਾਰੀ ਦੁਨੀਆਂ ਦਾ ਤੇਰੇ ਸਹੁਰੇ ਦੀ ਜੇਲ੍ਹ ਵਿਚ ਆਇਆ।
ਨੀ ਜਾ ਕੇ ਅੱਖੀਂ ਵੇਖ ਤੱਤੀਏ ਲੋਹਾਂ ਤੱਤੀਆਂ 'ਤੇ ਰੱਬ ਨੂੰ ਬਿਠਾਇਆ।

ਲੱਟ-ਲੱਟ ਅੱਗ ਬਲਦੀ ਤਵੀ ਭਖ ਕੇ ਹੋਈ ਅੰਗਿਆਰੇ।
ਫੁੱਲਾਂ ਨਾਲੋਂ ਸੋਹਲ ਜਿੰਦੜੀ ਜੀਹਦੇ ਚਰਨਾਂ ਨੂੰ ਚੁੰਮਣ ਸਿਤਾਰੇ।
ਨੀ ਜੱਗ ਸਾਰਾ ਪਾਵੇ ਲਾਹਨਤਾਂ ਚੰਦੂ ਚੰਦਰੇ ਨੇ ਕਹਰ ਕਮਾਇਆ।
ਨੀ ਵਾਲੀ ਸਾਰੀ ਦੁਨੀਆਂ ਦਾ ਤੇਰੇ ਸਹੁਰੇ ਦੀ ਜੇਲ੍ਹ ਵਿਚ ਆਇਆ।

ਭੱਠੀ ਵਾਂਗੂੰ ਰੇਤ ਮੱਘਦੀ ਲੱਖਾਂ ਸੱਸੀਆਂ ਜ਼ਿੰਦ ਪਈ ਸਾੜੇ।
ਛਾਲਿਆਂ ਦੇ ਹੰਝੂ ਵਗਦੇ ਲਾਟਾਂ ਬਲ ਕੇ ਕੱਢਣ ਪਈਆਂ ਹਾੜੇ।
ਨੀ ਮਖਮਲਾਂ 'ਤੇ ਸੌਣ ਵਾਲੇ ਨੇ ਤੱਤੀ ਰੇਤ ਦਾ ਵਛੌਣਾ ਹੈ ਵਿਛਾਇਆ।
ਨੀ ਵਾਲੀ ਸਾਰੀ ਦੁਨੀਆਂ ਦਾ ਤੇਰੇ ਸਹੁਰੇ ਦੀ ਜੇਲ੍ਹ ਵਿਚ ਆਇਆ।

ਦੇਗ ਵਿਚ ਪਾਣੀ ਉੱਬਲੇ ਜਿਵੇਂ ਸਾਗਰ 'ਚ ਉੱਠਦੀਆਂ ਲਹਿਰਾਂ।
ਵਿਚ ਬੈਠੀ ਜੋਤ ਰੱਬ ਦੀ ਜੀਹਦੇ ਦਰ ਤੋਂ ਮੰਗੇ ਜੱਗ ਖੈਰਾਂ।
ਨੀ ਲੱਥਣਾ ਨਹੀਂ ਦਾਗ ਧੋਤਿਆਂ ਜਿਹੜਾ ਪਾਪੀ ਨੇ ਕਲੰਕ ਹੈ ਲਵਾਇਆ।
ਨੀ ਵਾਲੀ ਸਾਰੀ ਦੁਨੀਆਂ ਦਾ ਤੇਰੇ ਸਹੁਰੇ ਦੀ ਜੇਲ੍ਹ ਵਿਚ ਆਇਆ।

'ਦਿਲਬਰ' ਦੀ ਕਲਮ ਰੋ ਪਈ ਮੀਆਂ ਮੀਰ ਜਿਹੇ ਪੈ ਦੇਂਵਦੇ ਦੁਹਾਈ।
ਸਾਰੇ ਹਾਹਾਕਾਰ ਮੱਚ ਗਈ ਤੇਰੇ ਸਹੁਰੇ ਨੂੰ ਸ਼ਰਮ ਨਾ ਆਈ।
ਨੀ ਗੁਰਾਂ ਨਾਲ ਵੈਰ ਕਰਕੇ ਕਿਸੇ ਸੁੱਖ ਨਹੀਂ ਕਮਲੀਏ ਪਾਇਆ।
ਨੀ ਵਾਲੀ ਸਾਰੀ ਦੁਨੀਆਂ ਦਾ ਤੇਰੇ ਸਹੁਰੇ ਦੀ ਜੇਲ੍ਹ ਵਿਚ ਆਇਆ।
ਨੀ ਜਾ ਕੇ ਅੱਖੀਂ ਵੇਖ ਤੱਤੀਏ ਲੋਹਾਂ ਤੱਤੀਆਂ 'ਤੇ ਰੱਬ ਨੂੰ ਬਿਠਾਇਆ।

✲

# ਸ਼ਾਂਤੀ ਅਵਤਾਰ

**ਤਰਜ਼—ਪਾ ਕੇ ਪਰੀਤਾਂ ਨੀ ਤੂੰ ਆ ਜਾ ਮੁਟਿਆਰੇ...**

ਸੂਰਜ ਵੀ ਜੋਸ਼ ਵਚਿ ਲਾਟਾਂ ਪਿਆ ਮਾਰੇ ।
ਤਵੀਆਂ 'ਤੇ ਬੈਠੇ ਗੁਰੂ ਅਰਜਨ ਪਿਆਰੇ ।
ਜੇਠ ਦਾ ਮਹੀਨਾ, ਗਰਮੀ ਦੁਪਹਿਰ ਦੀ ।
ਸੁਣ ਲੈ ਕਹਾਣੀ, ਇਹ ਲਾਹੌਰ ਸ਼ਹਿਰ ਦੀ ।
ਤੱਤੀ ਲੋਹ 'ਤੇ ਬੈਠਾ, ਕੋਈ ਮਸਤਾਨਾ ਏ ।
ਭਾਣਾ ਮਿੱਠਾ ਮੰਨੇ, ਸਾਈਂ ਦਾ ਦੀਵਾਨਾ ਏ ।
ਤੋਬਾ-ਤੋਬਾ ਕਰਦੇ ਪਏ ਲਾਲ ਅੰਗਿਆਰੇ ।
ਤਵੀਆਂ 'ਤੇ ਬੈਠੇ ਗੁਰੂ ਅਰਜਨ ਪਿਆਰੇ ।
ਜਲਵੇ ਜਾਂ ਵੇਖ ਏਸ ਮਨਸੂਰ ਦੇ ।
ਭੁੱਲ ਗਏ ਨਜ਼ਾਰੇ ਮੂਸੇ ਨੂੰ ਕੋਹਤੂਰ ਦੇ ।
ਦੇਗ ਵਿਚ ਪਾਣੀ ਸੀ ਉਬਾਲੇ ਖਾਂਵਦਾ ।
ਸਾਗਰ 'ਚ ਜਿਸ ਤਰ੍ਹਾਂ ਤੂਫਾਨ ਆਂਵਦਾ ।
ਸਾਈਂ ਮੀਆਂ ਮੀਰ ਰੋ-ਰੋ ਧਾਹੀਂ ਪਿਆ ਮਾਰੇ ।
ਤਵੀਆਂ 'ਤੇ ਬੈਠੇ ਗੁਰੂ ਅਰਜਨ ਪਿਆਰੇ ।
ਸੂਰਜ ਤੇ ਚੰਦ ਪਏ ਨੇ ਵਿੱਸ ਘੋਲਦੇ ।
ਅਰਸ਼ੋਂ ਸਿਤਾਰੇ ਰੋ-ਰੋ ਹੰਝੂ ਡੋਲਦੇ ।
ਇਕ ਪਲ ਨਿਗਾਹ ਜੇ ਕਰਾਂ ਪਲੱਟ ਜੈ ।
ਪੁੱਠੀ ਹੋ ਜੇ ਧਰਤੀ ਅਕਾਸ਼ ਫਟ ਜੇ ।
ਸ਼ਾਂਤੀ ਪੁੰਜ ਲੈਂਦਾ ਨਾਮ ਦੇ ਹੁਲਾਰੇ ।
ਤਵੀਆਂ 'ਤੇ ਬੈਠੇ ਗੁਰੂ ਅਰਜਨ ਪਿਆਰੇ ।
ਵੇਖ ਕੇ ਸਰੀਰ ਸੱਚੀ ਸਰਕਾਰ ਦਾ ।
ਛਾਲੇ-ਛਾਲੇ ਹੋ ਗਿਆ, ਦਿਲ ਮੁਟਿਆਰ ਦਾ ।
'ਦਿਲਬਰ' ਜੀ ਰੂਪ ਫੁੱਲ, ਕੁਮਲਾ ਗਿਆ ।
ਹੌਕਿਆਂ ਤੇ ਆਹਾ ਦਾ, ਤੂਫਾਨ ਆ ਗਿਆ ।
ਕਹਿੰਦੀ ਕੀਤਾ ਕਹਿਰ ਮੇਰੇ ਸੌਹਰੇ ਹਤਿਆਰੇ ।
ਤਵੀਆਂ 'ਤੇ ਬੈਠੇ ਗੁਰੂ ਅਰਜਨ ਪਿਆਰੇ ।
ਸੂਰਜ ਵੀ ਜੋਸ਼ ਵਿਚ ਲਾਟਾਂ ਪਿਆ ਮਾਰੇ ।
ਤਵੀਆਂ 'ਤੇ ਬੈਠੇ ਗੁਰੂ ਅਰਜਨ ਪਿਆਰੇ ।

✡

# ਸੈਦ ਖਾਂ ਦੀ ਬੇਨਤੀ

## ਤਰਜ਼—ਕਵਾਲੀ

ਤੇਰੇ ਨੈਣਾਂ 'ਚੋਂ ਸਾਨੂੰ ਖੁਦਾ ਦਿਸਦਾ
ਜ਼ਰਾ ਸ਼ਕਲ ਵਿਖਾਈ ਜਾ ਯਾਰ ਆਪਣੀ ।
ਦਿਲ ਲੁੱਟਿਆ ਮਸਤ ਇਸ਼ਾਰਿਆਂ ਨੇ ।
ਤੇਰੇ ਪਿਆਰ ਦੇ ਮਿਠੇ ਹੁਲਾਰਿਆਂ ਨੇ ।
ਤੇਰੀ ਕਲਗੀ ਦੇ ਸੋਹਣੇ ਝਲਕਾਰਿਆਂ ਨੇ ।
ਦਿੱਤੀ ਪਲਕ ਵਿਚ ਬਦਲ ਨੁਹਾਰ ਆਪਣੀ ।
ਤੇਰੇ ਨੈਣਾਂ 'ਚੋਂ ਸਾਨੂੰ ਖੁਦਾ ਦਿਸਦਾ,
ਜ਼ਰਾ ਸ਼ਕਲ ਵਿਖਾਈ ਜਾ ਯਾਰ ਆਪਣੀ ।
ਤੇਰੀ ਦੀਦ ਨੂੰ ਵੇਖ ਨਿਹਾਲ ਹੋਏ ।
ਤੀਰ ਨੈਣਾਂ ਦਾ ਖਾ ਕੇ ਨਿਢਾਲ ਹੋਏ ।
ਡਿੱਗੇ ਕਦਮਾਂ ਦੇ ਵਿਚ ਹਲਾਲ ਹੋਏ ।
ਜ਼ਰਾ ਸਾਂਭ ਕੇ ਰੱਖ ਤਲਵਾਰ ਆਪਣੀ ।
ਤੇਰੇ ਨੈਣਾਂ 'ਚੋਂ ਸਾਨੂੰ ਖੁਦਾ ਦਿਸਦਾ,
ਜ਼ਰਾ ਝਲਕ ਵਿਖਾਈ ਜਾ ਯਾਰ ਆਪਣੀ ।
ਸਾਨੂੰ ਕਲਮਾਂ ਕੁਰਾਣ ਵੀ ਭੁੱਲ ਗਏ ਨੇ ।
ਸਾਨੂੰ ਸ਼ਾਹੀ ਫੁਰਮਾਣ ਵੀ ਭੁੱਲ ਗਏ ਨੇ ।
ਸਾਨੂੰ ਤਾਕਤ ਦੇ ਮਾਣ ਵੀ ਭੁੱਲ ਗਏ ਨੇ ।
ਇਕੋ ਝਲਕ ਵਿਖਾਈ, ਦਿਲਦਾਰ ਆਪਣੀ ।
ਤੇਰੇ ਨੈਣਾਂ 'ਚੋਂ ਸਾਨੂੰ ਖੁਦਾ ਦਿਸਦਾ,
ਜ਼ਰਾ ਸ਼ਕਲ ਵਿਖਾਈ ਜਾ ਯਾਰ ਆਪਣੀ ।
ਤੇਰੇ ਰੰਗ ਵਿਚ ਰਚਣ ਨੂੰ ਜੀ ਕਰਦਾ ਏ ।
ਤੇਰੇ ਦਰ 'ਤੇ ਨੱਚਣ ਨੂੰ ਜੀ ਕਰਦਾ ਏ ।
ਰੂਪ ਸ਼ਮ੍ਹਾਂ 'ਤੇ ਮੱਚਣ ਨੂੰ ਜੀ ਕਰਦਾ ਏ
ਜ਼ਰਾ ਕਰਕੇ ਮਿਹਰ ਸਰਕਾਰ ਆਪਣੀ ।
ਤੇਰੇ ਨੈਣਾਂ 'ਚੋਂ ਸਾਨੂੰ ਖੁਦਾ ਦਿਸਦਾ,
ਜ਼ਰਾ ਸ਼ਕਲ ਵਿਖਾਈ ਜਾ ਯਾਰ ਆਪਣੀ ।
ਐਸੀ ਪਿਆਰ ਦੀ ਪਾਈ ਜ਼ੰਜ਼ੀਰ ਮਾਹੀਆ ।
ਸਾਡੀ ਦਿੱਤੀ ਊ ਬਦਲ ਤਕਦੀਰ ਮਾਹੀਆ ।

ਅਸੀਂ ਹੋਏ ਹਾਂ ਤੇਰੇ ਅਸੀਰ ਮਾਹੀਆ ।
ਸਾਨੂੰ ਮਿੱਠੀ ਸੁਣਾ ਜਾ ਗੁਫ਼ਤਾਰ ਆਪਣੀ ।
ਤੇਰੇ ਨੈਣਾਂ 'ਚੋਂ ਸਾਨੂੰ ਖ਼ੁਦਾ ਦਿਸਦਾ,
ਜ਼ਰਾ ਝਲਕ ਵਿਖਾਈ ਜਾ ਯਾਰ ਆਪਣੀ ।
ਇਕੋ ਤੇਰੇ ਦਰ ਦੇ ਮੁਰੀਦ ਹੋਏ ।
ਅਸੀਂ ਬੰਦੇ ਹਾਂ ਬੇ-ਖਰੀਦ ਹੋਏ ।
ਤੇਰੀ ਗਲੀ ਦੇ ਵਿਚ ਸ਼ਹੀਦ ਹੋਏ ।
ਦੇਵੇਂ 'ਦਿਲਬਰ' ਨੂੰ ਛੋਹ ਪਿਆਰ ਆਪਣੀ ।
ਤੇਰੇ ਨੈਣਾਂ 'ਚੋਂ ਸਾਨੂੰ ਖ਼ੁਦਾ ਦਿਸਦਾ,
ਜ਼ਰਾ ਝਲਕ ਵਿਖਾਈ ਜਾ ਯਾਰ ਆਪਣੀ ।

✡

## ਪੰਜ ਪਿਆਰਿਆਂ ਦੀ ਪਰਖ

### ਤਰਜ਼—ਪਾ ਕੇ ਪ੍ਰੀਤਾਂ ਨੀ ਤੂੰ ਆ ਜਾ ਮੁਟਿਆਰੇ...

ਹੱਥ ਵਿਚ ਚੰਡੀ ਲੈ ਕੇ ਗੁਰੂ ਲਲਕਾਰੇ ।
ਉੱਠੇ ਕੋਈ ਯੋਧਾ ਅੱਜ ਹੌਂਸਲੇ ਨੂੰ ਧਾਰੇ ।
ਬਿਜਲੀ ਦੀ ਭੈਣ, ਪੁੱਤਰੀ ਇਹ ਕਾਲ ਦੀ ।
ਕਿਸੇ ਸਿਰਲੱਥ ਦਾ ਪਿਆਰ ਭਾਲਦੀ ।
ਖ਼ੂਨ ਪਾ ਕੇ ਕੋਈ ਇਹਦੀ ਮਾਂਗ ਨੂੰ ਸ਼ਿੰਗਾਰੇ ।
ਉਠੇ ਕੋਈ ਯੋਧਾ ਅੱਜ.....
ਭੁੱਲ ਗਏ ਨੇ ਹਿੰਦੀ ਗੈਰਤ ਦੇ ਟੀਚੇ ਨੂੰ ।
ਸਾੜ ਰਿਹਾ ਮਾਲੀ ਫੁੱਲਾਂ ਦੇ ਬਗੀਚੇ ਨੂੰ ।
ਪਿੰਜ਼ਰੇ 'ਚ ਰੋ-ਰੋ ਕੇ ਬੁਲਬੁਲ ਪੁਕਾਰੇ ।
ਉਠੇ ਕੋਈ ਯੋਧਾ ਅੱਜ...
ਕੋਈ ਫਰਿਆਦ ਕੱਢੋ ਖ਼ੂਨੀ ਨਹਿਰ ਨੂੰ ।
ਤੇਰੇ ਮਹੀਂਵਾਲ ਕੋਈ ਤੂਫਾਨੀ ਲਹਿਰ ਨੂੰ ।
ਸੀਸ ਦੇ ਕੇ ਜ਼ੁਲਫ ਕੋਈ ਅਜ਼ਾਦੀ ਦੀ ਸਵਾਰੇ ।
ਉਠੇ ਕੋਈ ਸੂਰਮਾ ਅੱਜ ਹੌਂਸਲੇ ਨੂੰ ਧਾਰੇ ।
ਲੁੱਟੇ ਨਾ ਕੋਈ ਬਾਜ਼ ਭੋਲੀਆਂ ਗੁਟਾਰਾਂ ਨੂੰ ।
ਤਰਸਦੇ ਨਾ ਰਹਿਣ ਭੌਰੇ ਗੁਲਜ਼ਾਰਾਂ ਨੂੰ ।
ਮੋੜੋ ਕੋਈ ਬਹਾਰਾਂ ਪਾ ਕੇ ਖ਼ੂਨ ਦੇ ਫ਼ੁਹਾਰੇ ।
ਉਠੇ ਕੋਈ ਯੋਧਾ ਅੱਜ.....

ਸਾਜਣਾਂ ਮੈਂ ਬੀਰ ਯੋਧਾ ਭਾਰੀ ਖਾਲਸਾ ।
ਅਣਖੀ ਤੇ ਦੇਸ਼ ਦਾ ਪੁਜਾਰੀ ਖਾਲਸਾ ।
ਗੂੰਜਣਗੇ ਸਦਾ ਜੀਹਦੇ 'ਦਿਲਬਰਾ' ਜੈਕਾਰੇ ।
ਉਠੇ ਕੋਈ ਸੂਰਮਾ ਅੱਜ ਹੌਂਸਲੇ ਨੂੰ ਧਾਰੇ ।
ਹੱਥ ਵਿਚ ਚੰਡੀ ਲੈ ਕੇ ਗੁਰੂ ਲਲਕਾਰੇ ।
ਉਠੇ ਕੋਈ ਯੋਧਾ ਅੱਜ ਹੌਂਸਲੇ ਨੂੰ ਧਾਰੇ ।

✲

# ਮਾਤਾ ਗੁਜਰੀ ਜੀ ਦੀ ਸਿਖਿਆ

## ਤਰਜ਼—ਯਿਹ ਮੇਰਾ ਪ੍ਰੇਮ ਪੱਤਰ ਪੜ੍ਹ ਕਰ...

ਮੇਰੇ ਗੋਬਿੰਦ ਦੇ ਸ਼ੇਰੋਂ,
ਜ਼ਰਾ ਹੁਸ਼ਿਆਰ ਹੋ ਜਾਵੋ।
ਤੁਹਾਡੀ ਜ਼ਿੰਦਗੀ ਇਹ,
ਅਮਾਨਤ ਕੌਮ ਦੀ ਏ।
ਇਹ ਹਾਕਮ ਬੜੇ ਖੁਸ਼ ਜਾਪਣ,
ਮਗਰ ਇਸ ਵਿਚ ਵੀ ਰਾਜ ਹੈ।
ਮੁਸੀਬਤ ਔਣ ਵਾਲੀ ਏ,
ਮੇਰੇ ਦਿਲ ਦੀ ਅਵਾਜ਼ ਹੈ।
ਕਦੇ ਇਹ ਬਾਤ ਨਾ ਭੁੱਲਣੀ,
ਕਿ ਸਿਰ 'ਤੇ ਕਲਗੀਧਰ ਹੈ।
ਕਲਗੀਧਾਰ ਹੈ, ਕਲਗੀਧਰ ਹੈ।
ਮੇਰੇ ਗੋਬਿੰਦ ਦੇ ਸ਼ੇਰੋ,
ਜ਼ਰਾ ਹੁਸ਼ਿਆਰ ਹੋ ਜਾਵੋ।
ਤੁਹਾਡੀ ਜ਼ਿੰਦਗੀ ਇਹ,
ਅਮਾਨਤ ਕੌਮ ਦੀ ਏ ।
ਮੇਰੇ ਨੈਣਾਂ ਦੇ ਚਾਨਣ ਦਾ,
ਪਤਾ ਨਹੀਂ ! ਕੈਸਾ ਹਾਲ ਹੈ ?
ਵਿੱਛੜ ਗਏ ਵੀਰ ਵੀਰਾਂ ਤੋਂ,
ਸਮੇਂ ਦੀ ਕੈਸੀ ਚਾਲ ਹੈ।
ਕੀ ਪਤਾ ! ਜੰਗ ਵਿਚ ਹੋ ਸਨ,
ਕਿ ਦੁਸ਼ਮਣ ਕਈ ਹਜ਼ਾਰ ਹੈ।
ਕਈ ਹਜ਼ਾਰ ਹੈ, ਕਈ ਹਜ਼ਾਰ ਹੈ।

ਮੇਰੇ ਗੋਬਿੰਦ ਦੇ ਸ਼ੇਰੋ,
ਜ਼ਰਾ ਹੁਸ਼ਿਆਰ ਹੋ ਜਾਵੋ।
ਤੁਹਾਡੀ ਜ਼ਿੰਦਗੀ ਇਹ,
ਅਮਾਨਤ ਕੌਮ ਦੀ ਏ।
ਦੁਸ਼ਮਣਾਂ ! ਜਾਲ ਹੈ ਤਣਿਆਂ,
ਤੁਸਾਂ ਭੈ ਨਹੀਂ ਖਾਵਣਾ।
ਜੋ ਚਾਦਰ ਹਿੰਦ ਦੀ ਬਣਿਆਂ,
ਓਹ ਦਾਦਾ ਨਹੀਂ ਭੁਲਾਵਣਾ।
ਅਰਸ਼ ਤੇ ਓਸਨੂੰ 'ਦਿਲਬਰ',
ਤੁਹਾਡੀ ਇੰਤਜ਼ਾਰ ਹੈ।
ਇੰਤਜ਼ਾਰ ਹੈ, ਇੰਤਜ਼ਾਰ ਹੈ।
ਮੇਰੇ ਗੋਬਿੰਦ ਦੇ ਸ਼ੇਰੋ,
ਜ਼ਰਾ ਹੁਸ਼ਿਆਰ ਹੋ ਜਾਵੋ।
ਤੁਹਾਡੀ ਜ਼ਿੰਦਗੀ ਇਹ,
ਅਮਾਨਤ ਕੌਮ ਦੀ ਏ।

✲

# ਪ੍ਰੇਮ ਦੀ ਗਲੀ

**ਤਰਜ਼—ਜੇ ਸੱਜਣਾਂ ਤੂੰ ਮੇਰੀ ਤੋਰ ਵੇਖਣੀ ਲੈ ਦੇ ਗੜਵਾਂ...**

ਜੇ ਸੱਜਣਾਂ ! ਤੂੰ ਔਣਾ ਪ੍ਰੇਮ ਦੀ ਗਲੀ ਵਿਚ,
ਸਿੱਖ ਲੈ ਢੰਗ ਕੁਰਬਾਨੀ ਦਾ।
ਤਾਈਓਂ ਔਣਾ ਸਫਲ ਜਵਾਨੀ ਦਾ।

ਪ੍ਰੇਮ ਵਾਲੇ ਪਾਂਧੀ ਕਈ ਸੂਲੀਆਂ 'ਤੇ ਚੜ੍ਹ ਗਏ।
ਦੇਗਾਂ ਵਿਚ ਉੱਬਲੇ ਤੇ ਤਵੀਆਂ ਤੇ ਸੜ ਗਏ।
ਵਾਰ ਪਰਿਵਾਰ ਸਾਰਾ ਸ਼ੁਕਰ ਮਨਾਇਆ।
ਜੇਰਾ ਧੰਨ ਪੁੱਤਰਾਂ ਦੇ ਦਾਨੀ ਦਾ।
ਤਾਈਓਂ ਔਣਾ ਸਫਲ ਜਵਾਨੀ ਦਾ।
ਜੇ ਸੱਜਣਾਂ...

ਏਸ ਰਾਹ ਵਿਚ ਪੈਰ ਪਾਉਣਾ ਬੜਾ ਔਖਾ ਏ।
ਖੋਪਰੀ ਦਾ ਕਾਸਾ ਵੀ ਬਨਾਉਣਾ ਬੜਾ ਔਖਾ ਏ।
ਯਾਰ ਦੇ ਦਵਾਰੇ ਉਤੇ ਅਲਖ ਜਗੌਣੀ ਫੇਰ;

ਇਹ ਚਿੰਨ ਪਿਆਰ ਦੀ ਨਿਸ਼ਾਨੀ ਦਾ।
ਤਾਈਓਂ ਔਣਾ ਸਫਲ ਜਵਾਨੀ ਦਾ।
ਜੇ ਸੱਜਣਾਂ...
ਪਿਆਰ ਪਰਵਾਨੇ ਸੀਸ ਤਲੀ 'ਤੇ ਟਿਕੌਂਦੇ ਨੇ।
ਆਰੇ ਨਾਲ ਚੀਰੇ ਜਾਣ ਸ਼ੁਕਰ ਮਨੌਂਦੇ ਨੇ।
ਸੀਸ ਦੇ ਕੇ ਯਾਰ ਦੇ ਦੀਦਾਰ ਦਾ ਨਜ਼ਾਰਾ ਲੈਣਾ,
ਇਹ ਕੰਮ ਸੂਰਮੇ ਦਾਨੀ ਦਾ।
ਤਾਈਓਂ ਔਣਾ ਸਫਲ ਜਵਾਨੀ ਦਾ।
ਜੇ ਸੱਜਣਾਂ...
ਮੌਤ ਨਾਲ ਲੌਂਦੇ ਜਿਹੜੇ ਹੱਸ-ਹੱਸ ਯਾਰੀ ਨੇ।
ਆਖਦੇ ਨੇ ਲੋਕੀਂ ਉਹਨੂੰ ਪ੍ਰੇਮ ਦਾ ਪੁਜਾਰੀ ਨੇ।
ਉਹਨਾਂ ਦੀਆਂ ਵਾਰਾਂ ਨਿੱਤ ਗੌਣੀਆਂ ਦੀਵਾਨ ਵਿਚ;
ਫਰਜ਼ ਹੈ 'ਦਿਲਬਰਾ' ਗਿਆਨੀ ਦਾ।
ਤਾਈਓਂ ਔਣਾ ਸਫਲ ਜਵਾਨੀ ਦਾ।
ਜੇ ਸੱਜਣਾਂ...
ਜੇ ਸੱਜਣਾਂ ! ਤੂੰ ਔਣਾ ਪ੍ਰੇਮ ਦੀ ਗਲੀ ਵਿਚ,
ਸਿੱਖ ਲੈ ਢੰਗ ਕੁਰਬਾਨੀ ਦਾ।
ਤਾਈਓਂ ਔਣਾ ਸਫਲ ਜਵਾਨੀ ਦਾ।

✡

## ਸ਼ਹੀਦ ਭਗਤ ਸਿੰਘ ਤੇ ਉਸਦੀ ਮਾਤਾ ਦੇ

### ਸਵਾਲ ਜਵਾਬ

ਤਰਜ਼—ਉਠੋ ਮੇਰੇ ਹੀਰਿਓ ਪਹਿਨੋ ਸ਼ੇਰਾਂ ਦਾ ਬਾਣਾ...

ਮਾਤਾ- ਉਠ ਵੇ ਮੇਰੇ ਹੀਰਿਆ,
ਵੇ ਸੁਣ ਮਾਤਾ ਦਾ ਕਹਿਣਾ।
ਕੱਲ੍ਹ ਨੂੰ ਤੂੰ ਮੇਰੇ ਬੱਚੜਿਆ,
ਵੇ ਇਸ ਜੱਗ 'ਤੇ ਨਹੀਂ ਰਹਿਣਾ।
ਭਗਤ ਸਿੰਘ- ਮਾਤਾ ਜੀ ਮਿਲੋ ਮੈਨੂੰ ਹੱਸ ਕੇ,
ਸਦਾ ਕਿਸੇ ਨਹੀਂ ਰਹਿਣਾ।
ਆਜ਼ਾਦੀ ਲਈ ਫਾਂਸੀ ਦਾ,
ਅਸਾਂ ਝੂਟਾ ਹੈ ਲੈਣਾ।

ਮਾਤਾ- ਈਨ ਨਾ ਮੰਨਣੀ ਗੋਰੇ ਦੀ,
ਵੇ ਦੁੱਖ ਹੱਸ-ਹੱਸ ਕੇ ਸਹਿਣਾ।
ਹੱਥ ਕੜੀਆਂ ਤੇ ਬੇੜੀਆਂ,
ਇਹ ਨੇ ਮਰਦਾਂ ਦਾ ਗਹਿਣਾ।

ਭਗਤ ਸਿੰਘ- ਲਾ ਲਿਆ ਜ਼ੋਰ ਹਕੂਮਤ ਨੇ,
ਸਾਡਾ ਦਿਲ ਨਹੀਂਓਂ ਢਹਿਣਾ।
ਹੱਸ-ਹੱਸ ਜ਼ਿੰਦੜੀ ਵਾਰਨੀ,
ਮੁੱਖੋਂ ਹਾਏ ਨਹੀਂ ਕਹਿਣਾ।

ਮਾਤਾ- ਸੜਨ ਪਤੰਗੇ ਲਾਟ ਤੇ,
ਨਹੀਂ ਸੜਦਾ ਟਟਹਿਣਾ।
ਸ਼ੇਰਾਂ ਦਾ ਕੰਮ ਅਣਖ ਲਈ,
ਨਾਲ ਦੁਸ਼ਟਾਂ ਦੇ ਖਹਿਣਾ।

ਭਗਤ ਸਿੰਘ- ਜਦ ਤਕ ਦੇਹ ਵਿਚ ਸਾਸ ਹੈ,
ਚੁੱਪ ਕਰਕੇ ਨਹੀਂ ਬਹਿਣਾ।
ਸੰਗਲ ਗੁਲਾਮੀ ਦੇ ਤੋੜਨੇ,
ਅਸਾਂ ਤਾਂ ਦਮ ਹੈ ਲੈਣਾ।

ਮਾਤਾ- ਨਾਲ ਖੁਸ਼ੀ ਦੇ ਤੋਰਦੇ ਮੈਨੂੰ,
ਤੈਨੂੰ ਭਾਈ ਤੇ ਭੈਣਾਂ।
ਪੁੱਤਰ ਹੈਂ ਤੂੰ ਸ਼ੇਰ ਦਾ,
ਨਹੀਓਂ ਡਰਨਾ ਤੇ ਸਹਿਣਾ।

ਭਗਤ ਸਿੰਘ- ਕਲਗੀਧਰ ਦੇ ਬੀਰ ਹਾਂ,
ਅਸਾਂ ਮਰ-ਮਰ ਕੇ ਡਹਿਣਾ।
ਇਕ ਦਿਨ ਗੋਰੇ ਨੂੰ ਯੋਧਿਆਂ ਦਾ,
ਦੱਸ ਛੱਡਣਾ ਹੈ ਹੈ ਪੈਣਾ।

ਮਾਤਾ- ਭਾਰਤ ਸੱਚ ਦਾ ਚੰਦਰਮਾਂ,
ਵੇ ਗੋਰਾ ਲੱਗਿਆ ਗ੍ਹਿਣਾ।
ਦੁੱਧ ਪੀਤਾ ਮੇਰਾ ਸਫਲ ਕਰੀਂ,
ਏਹੋ ਲਾਹਾ ਹੈ ਲੈਣਾ।

ਭਗਤ ਸਿੰਘ- ਦੇਸ਼ ਅਜ਼ਾਦ ਜ਼ਰੂਰ ਹੋਊ,
ਸਾਡੇ ਤੱਕਣਾ ਨਹੀਂ ਨੈਣਾਂ।
ਢਾਡੀ ਵਾਰਾਂ ਗੌਣਗੇ, ਜੱਸ 'ਦਿਲਬਰਾਂ' ਨੇ ਕਹਿਣਾ

☆

# ਪੀਰ ਭੀਖਣ ਸ਼ਾਹ ਤੇ ਮੁਰੀਦਾਂ ਦੇ

## ਸਵਾਲ ਜਵਾਬ

ਭੀਖਣ ਸ਼ਾਹ ਨੇ ਪਟਨੇ ਨੂੰ ਕਰ ਸੱਜਦੇ,
ਮੂਸਾ ਰੱਬ ਨੂੰ ਮਿਲਣ ਕੋਹਤੂਰ ਆਇਆ।
ਹੈਰਤ ਨਾਲ ਮੁਰੀਦ ਸਭ ਪੁੱਛਦੇ ਨੇ,
ਸਮਝ ਵਿਚ ਨਹੀਂ ਤੁਹਾਡਾ ਦਸਤੂਰ ਆਇਆ।
ਪੀਰ- ਪੀਰ ਹੱਸ ਕੇ ਆਖਿਆ ਚੇਲਿਆਂ ਨੂੰ,
ਪਟਨੇ ਵਿਚ ਹੈ ਅੱਲਾ ਦਾ ਨੂਰ ਆਇਆ।
ਮੁਰੀਦ- ਤੁਸੀਂ ਸ਼ਰਹ ਇਸਲਾਮ ਨੂੰ ਭੁੱਲਗੇ ਹੋ,
ਸਾਨੂੰ ਤੁਸਾਂ ਤੇ ਗੁੱਸਾ ਜ਼ਰੂਰ ਆਇਆ।
ਪੀਰ- ਕੀ ਕਰਾਂ ਮੈਂ ਸ਼ਰਹ ਇਸਲਾਮ ਦੀ ਨੂੰ,
ਮੌਲਾ ਆਪ ਹੈ ਹਾਜ਼ਰ ਹਜ਼ੂਰ ਆਇਆ।
ਮੁਰੀਦ- ਮੋਮਨ ਹੋ ਕੇ ਹਿੰਦੂ ਦੀ ਸਿਫਤ ਕਰਦੇ,
ਤੁਹਾਡੀ ਅਕਲ ਵਿਚ ਕੋਈ ਫਤੂਰ ਆਇਆ।
ਪੀਰ- ਸਾਂਝਾ ਕੁਲ ਮਖਲੂਕ ਦਾ ਗੁਰੁ ਪੂਰਾ,
ਮਹਾਂ ਬਲੀ ਹੈ ਵਿਚ ਹਜ਼ੂਰ ਆਇਆ।
ਮੁਰੀਦ ਮੱਕਾ ਛੱਡਕੇ ਪੂਰਬ ਨੂੰ ਕਰੋ ਸੱਜਦੇ,
ਜਾਪੇ ਪੀਰੀ ਦਾ ਦਿਲ ਵਿਚ ਗਰੂਰ ਆਇਆ।
ਪੀਰ ਝਗੜੇ ਮਜ਼ਹਬਾਂ ਦੇ 'ਦਿਲਬਰ' ਮੁੱਕ ਜਾਣੇ,
ਜਦੋਂ ਨੈਣਾਂ ਵਿਚ ਰੱਬੀ ਸਰੂਰ ਆਇਆ।

# ਗੰਗੂ ਬ੍ਰਾਹਮਣ ਤੇ ਉਸਦੀ ਮਾਂ ਦੇ ਸਵਾਲ-ਜਵਾਬ

## ਤਰਜ਼—ਜੱਗਾ ਮਾਰਿਆ ਬੋਹੜ ਦੀ ਛਾਵੇਂ...(ਜੱਗਾ)

ਮਾਤਾ- ਮਾਤਾ ਬੁੱਢੜੀ ਤੇ ਦੋ ਸਾਹਿਬਜ਼ਾਦੇ,
ਭਰੇ ਪਰਵਾਰੋਂ ਵਿੱਛੜੇ।
ਬਾਲ ਵੇ ! ਆਪ ਸਾਡੇ ਘਰ ਆ ਗਏ ਕਿਹੜੇ ਹਾਲ ਵੇ।
ਗੰਗੂ- ਕੈਸਾ ਰੱਬ ਨੇ ਸਬੱਬ ਹੈ ਬਣਾਇਆ,
ਮਾਇਆ ਦਾ ਖਜ਼ਾਨਾ ਲੱਭਿਆ।
ਮਾਤਾ ਨੀ ! ਜ਼ਹਿਰ ਦੇ ਕੇ ਮਾਰ ਦਿਆਂਗਾ ਪੈ ਲਏ ਰਾਤ ਨੀ।
ਮਾਤਾ- ਇਹ ਲਾਡਲੇ ਗੁਰੂ ਦਸਮੇਸ਼ ਦੇ,

ਕਹਿਰ ਨਾ ਕਮਾਵੀਂ ਗੰਗਿਆ,
ਬੱਸ਼ ਵੇ ! ਬੱਚੜੇ ਮਿਲਾ ਦੇ ਪਿਤਾ ਨੂੰ ਖਟ ਜੱਸ ਵੇ ।
ਗੰਗੂ- ਅੱਗੇ ਉਮਰਾ ਬਥੇਰੀ ਖਪਿਆ,
ਆਈ ਮਾਇਆ ਨਹੀਂ ਛੱਡਣੀ।
ਸੁੱਟਕੇ ! ਬਣ ਜਾਗਾਂ ਸੇਠ ਅੰਮੀਏਂ ਧਨ ਲੁੱਟ ਕੇ ।
ਮਾਤਾ- ਮਾਇਆ ਦੇਣਗੇ ਬਥੇਰੀ ਤੈਨੂੰ,
ਕਰਦੇ ਖਬਰ ਗੁਰਾਂ ਨੂੰ।
ਗੰਗਿਆ ! ਵੇ ਏਸ ਮਾਇਆ ਨਾਗਣੀ ਨੇ ਜੱਗ ਡੰਗਿਆ।
ਰੱਬ ਪਾਵੇ ਨਾ ਕਿਸੇ 'ਤੇ ਬਿਪਤਾ,
ਸਾਰਾ ਜੱਗ ਹੋ ਜਾਏ 'ਦਿਲਬਰਾ' ਵੈਰੀ !
ਜ਼ਾਲਮ ਦੀ ਅੱਖ ਹੋ ਗਈ ਅੱਜ ਗਹਿਰੀ ।

✲

## ਮਾਤਾ ਗੁਜਰੀ ਦੀ ਸਿਖਿਆ

### ਤਰਜ਼—ਜੇ ਮੁੰਡਿਆ ਤੂੰ ਮੇਰੀ ਤੋਰ ਵੇਖਣੀ

ਜੇ ਚੰਨਾ ਵੇ ਤੁਸਾਂ ਅਣਖ ਬਚੌਣੀ,
ਮੰਨ ਲਉ ਮੇਰਾ ਕਹਿਣਾ ਬੱਚਿਓ ।
ਸਿਰ ਦਿਤਿਆਂ ਧਰਮ ਹੈ ਰਹਿਣਾ ਬੱਚਿਓ ।
ਸੂਬੇ ਸਰਹੰਦ ਕੋਲ ਜਾਣਾ ਮੇਰੇ ਲਾਲ ਵੇ ।
ਬੰਦ-ਬੰਦ ਕੱਟੇ ਭਾਵੇਂ ਸੂਲੀ ਉਤੇ ਟੰਗ ਦੇਵੇ ।
ਹੱਸ-ਹੱਸ ਦੁੱਖੜਾ ਸਹਿਣਾ ਬੱਚਿਓ ।
ਸਿਰ ਦਿੱਤਿਆਂ ਧਰਮ ਹੈ ਰਹਿਣਾ ਬੱਚਿਓ ।
ਦਾਦੇ ਜੀ ਦੀ ਚਾਦਰ ਨੂੰ ਦਾਗ ਚੰਨਾ ਲੱਗੇ ਨਾ ।
ਮਾਇਆ ਦਾ ਜਾਲ ਵੀ ਵਿਛਾ ਕੇ ਕਿਤੇ ਠੱਗੇ ਨਾ ।
ਝੁਕਣਾ ਨਹੀਂ ਤੁਸਾਂ ਉਹਦੇ ਤਾਜ ਤੇ ਤਖ਼ਤ ਉਤੇ ।
ਸੂਲਾਂ ਦੇ ਸੱਥਰ ਤੇ ਬਹਿਣਾ ਬੱਚਿਓ ।
ਸਿਰਿ ਦਿੱਤਿਆਂ ਧਰਮ ਹੈ ਰਹਿਣਾ ਬੱਚਿਓ ।
ਕਲਮੇ ਨੂੰ ਪੜ੍ਹਨਾ ਨਹੀਂ ਛੱਡ ਗੁਰਬਾਣੀ ਵੇ ।
ਜੱਗ-ਜੱਗ ਲੋਕੀਂ ਥੋਡੀ ਕਰਨਗੇ ਕਹਾਣੀ ਵੇ ।
ਰਿਸ਼ਤੇ ਵੀ ਦੇਣ ਭਾਵੇਂ ਕੁੜੀਆਂ ਕੁਵਾਰੀਆਂ ਦੇ ।
ਕੁਛ ਨਹੀਂ ਦੁਸ਼ਟ ਤੋਂ ਲੈਣਾ ਬੱਚਿਓ ।

ਸਿਰ ਦਿੱਤਿਆਂ ਧਰਮ ਹੈ ਰਹਿਣਾ ਬੱਚਿਓ ।
ਸਿੱਖੀ ਵਾਲੀ ਸ਼ਾਨ ਤੁਸਾਂ ਕਰਨੀ ਬੁਲੰਦ ਵੇ ।
ਦੱਸਦਾ ਇਤਿਹਾਸ ਵਿਚ ਚੰਮਕੋਗੇ ਚੰਦ ਵੇ ।
'ਦਿਲਬਰ' ਦੇ ਵਾਂਗੂੰ ਜੱਸ ਗਾਵੇਗਾ ਜਹਾਨ ਸਾਰਾ ।
ਪਾ ਲਓ ਸਿਦਕ ਦਾ ਗਹਿਣਾ ਬੱਚਿਓ ।
ਸਿਰ ਦਿੱਤਿਆਂ ਧਰਮ ਹੈ ਰਹਿਣਾ ਬੱਚਿਓ ।
ਮੰਨ ਲਉ ਮੇਰਾ ਕਹਿਣਾ ਬੱਚਿਓ ।
ਸਿਰ ਦਿੱਤਿਆਂ ਧਰਮ ਹੈ ਰਹਿਣਾ ਬੱਚਿਓ ।

✡

## ਅਣਖੀ ਸਿਪਾਹੀ

### ਤਰਜ਼—ਜਿਹ ਮੇਰਾ ਪ੍ਰੇਮ ਪੱਤਰ ਪੜ੍ਹ ਕਰ...

ਮੈਂ ਇਕ ਅਣਖੀ ਸਿਪਾਹੀ ਹਾਂ, ਮੈਂ ਹਾਂ ਪੰਜਾਬ ਦਾ ਯੋਧਾ।
ਇਹ ਮੇਰੀ ਜ਼ਿੰਦਗੀ ਜੋ, ਅਮਾਨਤ ਦੇਸ਼ ਦੀ ਏ ।
ਮੈਂ ਚੁੰਘਾਂ ਬੂਰੀਆਂ ਮੱਝਾਂ ਹੈ ਮੈਨੂੰ ਜੱਗ ਜਾਣਦਾ।
ਮੇਰੇ ਡੌਲੇ ਫਲਾਦੀ ਨੇ ਮੈਂ ਰਾਖਾ ਆਨ ਸ਼ਾਨ ਦਾ।
ਮੈਂ ਮਰ ਮਿਟਦਾ ਹਾਂ ਗੈਰਤ ਲਈ, ਇਹ ਮੇਰੀ ਧੁਰ ਤੋਂ ਕਾਰ ਹੈ।
ਧੁਰ ਤੋਂ ਕਾਰ ਹੈ।
ਧੁਰ ਤੋਂ ਕਾਰ ਹੈ।
ਮੈਂ ਇਕ ਅਣਖੀ ਸਿਪਾਹੀ ਹਾਂ, ਮੈਂ ਹਾਂ ਪੰਜਾਬ ਦਾ ਯੋਧਾ।
ਇਹ ਮੇਰੀ ਜ਼ਿੰਦਗੀ ਜੋ ਅਮਾਨਤ ਦੇਸ਼ ਦੀ ਏ ।
ਮੈਂ ਬੜੀਆਂ ਮੁਸ਼ਕਲਾਂ ਸਹਿਕੇ,
ਵਤਨ ਆਜ਼ਾਦ ਹੈ ਕੀਤਾ।
ਮੈਂ ਪੜ੍ਹਦਾ ਵਾਰ ਚੰਡੀ ਦੀ,
ਮੇਰਾ ਇਤਕਾਦ ਹੈ ਗੀਤਾ।
ਮੈਂ ਹਾਂ ਸੰਤਾਨ ਨਲੂਏ ਦੀ, ਮੇਰਾ ਗੁਰੂ ਕਲਗੀਧਰ ਹੈ।
ਕਲਗੀਧਾਰ ਹੈ।
ਕਲਗੀਧਾਰ ਹੈ।
ਮੈਂ ਇਕ ਅਣਖੀ ਸਿਪਾਹੀ ਹਾਂ, ਮੈਂ ਹਾਂ ਪੰਜਾਬ ਦਾ ਯੋਧਾ।
ਇਹ ਮੇਰੀ ਜ਼ਿੰਦਗੀ ਜੋ ਅਮਾਨਤ ਦੇਸ਼ ਦੀ ਏ।
ਇਹ ਪਾਕਿਸਤਾਨ ਜਾਂ ਚੀਨਾ,

ਮੈਨੂੰ ਧਮਕਾ ਨਹੀਂ ਸਕਦਾ।
ਜੋ ਮੇਰੇ ਦੇਸ਼ ਵੱਲ ਤੱਕੇ,
ਉਹ ਸੁੱਕਾ ਜਾ ਨਹੀਂ ਸਕਦਾ।
ਮੇਰੇ ਇਸ ਦੇਸ਼ ਦਾ ਹਰ ਗੱਭਰੂ, ਦੁਸ਼ਮਣੋਂ ਖਬਰਦਾਰ ਹੈ।
ਖਬਰਦਾਰ ਹੈ।
ਖਬਰਦਾਰ ਹੈ।
ਮੈਂ ਇਕ ਅਣਖੀ ਸਿਪਾਹੀ ਹਾਂ, ਮੈਂ ਹਾਂ ਪੰਜਾਬ ਦਾ ਜੋਧਾ।
ਇਹ ਮੇਰੀ ਜ਼ਿੰਦਗੀ ਜੋ...
ਮੈਂ ਲੜਿਆ ਸੀਸ ਤਲੀ ਧਰਕੇ,
ਮੈਂ ਖੰਡੇ ਵਾਹ ਕੇ ਵੇਖੇ ਨੇ।
ਕਈ ਮੱਛਰਾਂ ਤੂਫਾਨਾਂ ਨੂੰ,
ਮੈਂ ਡੋਕੇ ਪਾ ਕੇ ਵੇਖੇ ਨੇ।
ਮੈਂ ਆਪਣਾ ਸੀਸ ਵਤਨਾਂ ਤੋਂ 'ਦਿਲਬਰਾ' ਦੇਣਾ ਵਾਰ ਹੈ।
ਦੇਣਾ ਵਾਰ ਹੈ।
ਦੇਣਾ ਵਾਰ ਹੈ।
ਮੈਂ ਇਕ ਅਣਖੀ ਸਿਪਾਹੀ ਹਾਂ, ਮੈਂ ਹਾਂ ਪੰਜਾਬ ਦਾ ਯੋਧਾ।
ਇਹ ਮੇਰੀ ਜ਼ਿੰਦਗੀ ਜੋ, ਅਮਾਨਤ ਦੇਸ਼ ਦੀ ਏ ।

✲

# ਮਿੱਤਰ ਪਿਆਰੇ ਨੂੰ

## ਮਾਛੀਵਾੜੇ ਵਿਚ

ਮਿੱਤਰ ਪਿਆਰੇ ਨੂੰ ਸਾਡਾ, ਹਾਲ ਕੋਈ ਮੁਰੀਦਾਂ ਦਾ ਸੁਣਾਏ।
ਵੇਖ ਆ ਕੇ ਸੋਹਣੇ ਸੱਜਣਾ, ਅਸਾਂ ਤੇਰੇ ਪਿਛੇ ਸਾਂਗ ਕੀ ਬਣਾਏ।
ਮਿੱਤਰ ਪਿਆਰੇ...
ਕਰਾਂ ਕੀ ਦੁਸ਼ਾਲੇ ਰੇਸ਼ਮੀ, ਸਾਨੂੰ ਤੇਰੇ ਬਿਨਾਂ ਰੋਗ ਰਜਾਈਆਂ।
ਬੰਗਲੇ ਨਹੀਂ ਚੰਗੇ ਲੱਗਦੇ, ਵਾਂਗ ਨਾਗਾਂ ਦੇ ਡੱਸਣ ਜੁਦਾਈਆਂ।
ਛੱਡ ਮਹਿਲ ਮਾੜੀਆਂ ਨੂੰ, ਅਸਾਂ ਸੂਲਾਂ ਦੇ ਸੱਥਰ ਵਿਛਾਏ।
ਮਿੱਤਰ ਪਿਆਰੇ ਨੂੰ ਸਾਡਾ ਹਾਲ ਕੋਈ ਮੁਰੀਦਾਂ ਦਾ ਸੁਣਾਏ।
ਚਾਅ ਇਕ ਤੇਰੇ ਦੀਦ ਦਾ ਸਾਨੂੰ ਹੋਰ ਨਹੀਂ ਕੋਈ ਸ਼ੌਕ ਪਿਆਰੇ।
ਵੇਖ ਕੇ ਮੁਸੀਬਤਾਂ ਨੂੰ, ਪਏ ਰੋਂਦੇ ਨੇ ਅੰਬਰ ਦੇ ਤਾਰੇ।
(ਪਰ) ਕੀਤੇ ਜਿਹੜੇ ਹੇਮ ਕੁੰਡ ਅਸਾਂ ਸਾਰੇ ਇਕਰਾਰ ਨਿਭਾਏ।

ਮਿੱਤਰ ਪਿਆਰੇ ਨੂੰ ਸਾਡਾ, ਹਾਲ ਕੋਈ ਮੁਰੀਦਾਂ ਦਾ ਸੁਣਾਏ।
ਮਾਹੀ ਦਿਆ ਸੱਥਰਾਂ ਤੋਂ, ਅਸੀਂ ਵਾਰ ਦੇਈਏ ਪਲੰਘ ਨਵਾਰੀ।
ਲੱਖ-ਲੱਖ ਸ਼ੁਕਰ ਕਰਾਂ, ਸਾਡੀ ਨਿਭ ਜੇ ਸੱਜਣ ਨਾਲ ਯਾਰੀ।
ਭੱਠ ਰਹਿਣਾ ਖੇੜਿਆਂ ਦਾ ਤੇਰੇ ਪਿਆਰ ਉਤੋਂ ਸੁਰਗ ਲੁਟਾਏ।
ਮਿੱਤਰ ਪਿਆਰੇ...
ਇਕੋ ਹੈ ਉਮੰਗ ਦਿਲ ਦੀ ਨਾਲ ਜ਼ਾਲਮਾਂ ਦੇ ਲੜਦਾ ਨਾ ਥੱਕਾਂ।
ਤੇਰੇ ਰੂਪ ਖਾਲਸੇ ਨੂੰ ਸਦਾ ਕੋਲ ਬਹਿ ਕੇ ਰੱਜ-ਰੱਜ ਤੱਕਾਂ।
ਹੋਰ ਨਹੀਂ ਕੋਈ ਲੋੜ 'ਦਿਲਬਰਾ' ਰਹਿਣ ਸਿਰ ਉਤੇ ਪ੍ਰੀਤਮ ਦੇ ਸਾਏ।
ਮਿੱਤਰ ਪਿਆਰੇ ਨੂੰ ਸਾਡਾ ਹਾਲ ਕੋਈ ਮੁਰੀਦਾਂ ਦਾ ਸੁਣਾਏ।

✲

# ਕੂੜ ਦੇ ਪਸਾਰੇ

**ਤਰਜ਼—ਪਾ ਕੇ ਪ੍ਰੀਤਾਂ ਨੀ ਤੂੰ ਆ ਜਾ...ਯਮਲਾ ਜੱਟ**

ਦੁਨੀਆਂ 'ਚ ਬੀਬਾ ਸਭ ਕੂੜ ਦੇ ਪਸਾਰੇ ।
ਇਕ ਦਿਨ ਛੱਡ ਜਾਣੇ ਰੰਗਲੇ ਨਜ਼ਾਰੇ ।
ਸੁੰਦਰ ਬਗੀਚੇ ਸ਼ਾਹੀ ਮਹਿਲ ਮਾੜੀਆਂ ।
ਰੇਸ਼ਮੀ ਗਲੀਚੇ ਤੇ ਦੁਸ਼ਾਲੇ ਸਾੜ੍ਹੀਆਂ ।
ਪਾਰਕਾਂ ਦੀ ਸੈਰ ਠੰਢੇ ਚੱਲਦੇ ਫੁਹਾਰੇ ।
ਇਕ ਦਿਨ ਛੱਡ ਜਾਣੇ ਰੰਗਲੇ ਨਜ਼ਾਰੇ ।
ਫੁੱਲਾਂ ਦੀਆਂ ਸੇਜਾਂ, ਹਾਥੀ, ਘੋੜੇ, ਬੰਗਲੇ ।
ਰੂਪਵੰਤ ਨਾਰ ਤੇ ਸ਼ਿੰਗਾਰ ਰੰਗਲੇ ।
ਮਾਤਾ ਪਿਤਾ ਭੈਣ ਭਾਈ ਅੰਗ ਸਾਕ ਸਾਰੇ ।
ਇਕ ਦਿਨ ਛੱਡ ਜਾਣੇ ਰੰਗਲੇ ਨਜ਼ਾਰੇ ।
ਦੁਨੀਆਂ 'ਚ ਬੀਬਾ...
ਕਈ ਹੋ ਗਏ ਮਹਾਂ ਬੀਰ ਬਲਵਾਨ ਨੇ ।
'ਧਰਮੀ' ਤੇ 'ਦਾਤੇ' 'ਰਾਜੇ' ਨੀਤੀਵਾਨ ਨੇ ।
'ਵਲੀ' 'ਪੀਰ' 'ਔਲੀਏ' ਪੈਗੰਬਰ ਵੀ ਭਾਰੇ ।
ਇਕ ਦਿਨ ਛੱਡ ਜਾਣੇ ਰੰਗਲੇ ਨਜ਼ਾਰੇ ।
ਦੁਨੀਆਂ 'ਚ ਬੀਬਾ...
ਜੱਗ ਵਿਚ ਜਿਹੜਾ ਨੇਕੀਆਂ ਕਮਾਂਵਦਾ ।
ਸਾਰਾ ਸੰਸਾਰ ਉਹਦਾ ਜੱਸ ਗਾਂਵਦਾ ।

ਭਲੇ ਕੰਮ ਯਾਦ ਰਹਿੰਦੇ 'ਦਿਲਬਰ' ਪਿਆਰੇ ।
ਇਕ ਛਿਨ ਛੱਡ ਜਾਣੇ ਰੰਗਲੇ ਨਜ਼ਾਰੇ ।
ਦੁਨੀਆਂ 'ਚ ਬੀਬਾ ਸਭ ਕੂੜ ਦੇ ਪਸਾਰੇ ।
ਇਕ ਦਿਨ ਛੱਡ ਜਾਣੇ ਰੰਗਲੇ ਨਜ਼ਾਰੇ ।

✡

# ਬਾਬਾ ਦੀਪ ਸਿੰਘ ਦੇ ਮੌਤ ਨਾਲ ਸਵਾਲ-ਜਵਾਬ

## ਤਰਜ਼—ਲੈ ਦੇ ਗੜਵਾਂ ਚਾਂਦੀ ਦਾ...

ਮੌਤ- ਜੇ ਸਿੰਘਾ ! ਤੂੰ ਮੇਰੀ ਸ਼ਕਤੀ ਵੇਖਣੀ,
ਲਾ ਲਏ ਤੂੰ ਜ਼ੋਰ ਅਖੀਰਾਂ ਦਾ ।
ਵੇ ਏਥੇ ਚੱਲੇ ਨਾ ਵੱਸ ਤਕਦੀਰਾਂ ਦਾ ।

ਬਾਬਾ ਦੀਪ ਸਿੰਘ- ਜੇ ਮੌਤੇ ! ਤੂੰ ਮੇਰੀ ਅਣਖ ਵੇਖਣੀ,
ਲਾ ਲਏ ਤੂੰ ਜ਼ੋਰ ਅਖੀਰਾਂ ਦਾ ।
ਨੀ ਕੀਹ ਖਾਲਸੇ ਨੂੰ ਡਰ ਤਕਦੀਰਾਂ ਦਾ ।

ਮੌਤ- ਮੇਰੀ ਮੁੱਠ ਵਿਚ ਹੈਗਾਂ ਸਾਡਾ ਸੰਸਾਰ ਵੇ ।
ਵਲੀ ਪੀਰ ਔਲੀਏ ਤੇ ਨਬੀ ਅਵਤਾਰ ਵੇ ।
ਮੇਰੇ ਸਾਹਵੇਂ ਅੱਜ ਤੱਕ ਚੱਲਿਆ ਨਾ ਜ਼ੋਰ ਕਦੇ ।
ਬੜੇ-ਬੜੇ ਯੋਧੇ ਬੀਰਾਂ ਦਾ ।
ਵੇ ਏਥੇ ਚੱਲਿਆ ਨਾ ਵੱਸ ਤਦਬੀਰਾਂ ਦਾ ।

ਬਾਬਾ ਦੀਪ ਸਿੰਘ- ਭਰਦੀ ਚੁਰਾਸੀ ਸਾਰੀ ਭਾਵੇਂ ਤੇਰਾ ਪਾਣੀ ਨੀ।
ਸਿੰਘ ਮੈਂ ਗੁਰੂ ਦਾ ਸਦਾ ਪੜ੍ਹਦਾ ਹਾਂ ਬਾਣੀ ਨੀ।
ਮੇਰੇ ਅੱਗੇ ਸੂਰਮਾਂ ਨਾ ਅੜਨਾ ਏਂ ਕੋਈ ਏਥੇ ।
ਭਰ ਲਿਆ ਭੱਥਾ ਜਦੋਂ ਤੀਰਾਂ ਦਾ ।
ਨੀ ਕੀਹ ਖਾਲਸੇ ਨੂੰ ਡਰ ਤਕਦੀਰਾਂ ਦਾ ।

ਮੌਤ- ਦਿਆਂਗੀ ਪ੍ਰਣ ਤੇਰਾ ਮਿੱਟੀ ਵਿਚ ਰੋਲ ਵੇ ।
ਜਾਣ ਨਹੀਂ ਦੇਣਾ ਹਰੀ ਮੰਦਰ ਦੇ ਕੋਲ ਵੇ ।
ਮੌਤ ਨੂੰ ਵੰਗਾਰ ਕੇ ਨਾ ਜਿੱਤਿਆ ਕੋਈ ਅੱਜ ਤੱਕ,
ਮਾਲਕ ਮੁਲਕ ਜਾਗੀਰਾਂ ਦਾ ।
ਵੇ ਏਥੇ ਚੱਲੇ ਨਾ ਵੱਸ ਤਦਬੀਰਾਂ ਦਾ ।
ਜੇ ਸਿੰਘਾ ਤੂੰ ਮੇਰੀ ਸ਼ਕਤੀ ਵੇਖਣੀ...

ਬਾਬਾ ਦੀਪ ਸਿੰਘ- ਕਰ ਲੈ ਤੂੰ ਲੱਖ ਜਿੰਨੇ ਕਰਨੇ ਨੇ ਵਾਰ ਨੀ

ਸੀਸ ਮੈਂ ਚੜ੍ਹੌਣਾ ਜਾ ਕੇ ਗੁਰੂ ਦਰਬਾਰ ਨੀ ।
ਮੁਗ਼ਲ, ਪਠਾਣ ਕੀਹ ਨੇ ਤੂੰ ਵੀ ਮੌਤੇ ਨੱਠ ਜਾਣਾ।
ਵੇਖਿਆ ਜਾ ਹੱਥ ਸ਼ਮਸ਼ੀਰਾਂ ਦਾ ।
ਨੀ ਕੀਹ ਖਾਲਸੇ ਨੂੰ ਡਰ ਤਕਦੀਰਾਂ ਦਾ ।
ਜੇ ਮੌਤੇ ਤੂੰ ਮੇਰੀ ਅਣਖ ਵੇਖਣੀ...

ਮੌਤ- ਹਾਰ ਗਈ ਜੇ ਤੈਥੋਂ ਬਾਗੀ ਹੋਜੇਗਾ ਜਹਾਨ ਵੇ ।
ਜਣੀ ਖਣਾਂ ਗਲ ਵਿਚ ਪਾ ਲਾਊ ਕ੍ਰਿਪਾਨ ਵੇ ।
ਲੋਹੇ ਦੇ ਇਹ ਚਣੇ ਨਹੀਂ ਚਬਾਏ ਜਾਣ 'ਦਿਲਬਰ',
ਗਿੱਝਿਆ ਤੂੰ ਖੰਡ ਤੇ ਖੀਰਾਂ ਦਾ ।
ਵੇ ਏਥੇ ਚੱਲੇ ਨਾ ਵੱਸ ਤਦਬੀਰਾਂ ਦਾ ।

ਬਾਬਾ ਦੀਪ ਸਿੰਘ- ਗੁਰੂ ਚਰਣਾਂ 'ਚ ਨੀ ਸੋਧੀ ਅਰਦਾਸ ਹੈ।
ਪਾਵਣੀ ਸ਼ਹੀਦੀ ਹਰਿਮੰਦਰ ਦੇ ਪਾਸ ਹੈ।
ਸਾਡੇ ਸਿਰ ਉਤੇ ਹੱਥ ਗੁਰੂ ਦਸਮੇਸ਼ ਜੀ ਦਾ ।
ਇਹ ਕੋਈ ਝੁੰਡ ਨਹੀਂ ਫਕੀਰਾਂ ਦਾ ।
ਨੀ ਕੀਹ ਖਾਲਸੇ ਨੂੰ ਡਰ ਤਕਦੀਰਾਂ ਦਾ ।
ਜੇ ਮੌਤੇ ਤੂੰ ਮੇਰੀ ਅਣਖ ਵੇਖਣੀ...

# ਕਲਗੀਧਰ ਦਾ ਬੀਰ

ਮੈਂ ਗੱਭਰੂ ਦੇਸ਼ ਪੰਜਾਬ ਦਾ, ਮੈਂ ਕਲਗੀਧਰ ਦਾ ਬੀਰ ।
ਮੈਂ ਅੰਮ੍ਰਿਤ ਛਕਿਆ ਖੰਡੇ ਦਾ, ਮੇਰੇ ਹੱਤ ਦੇ ਵਿਚ ਸ਼ਮਸ਼ੀਰ ।
ਮੈਂ ਨਲਵੇ ਦੀ ਸੰਤਾਨ ਹਾਂ ਮੈਂ ਭਗਤ ਸਿੰਘ ਦਾ ਵੀਰ ।
ਮੈਂ ਚੁੰਘਾਂ ਮੱਝਾਂ ਬੂਰੀਆਂ, ਮੇਰਾ ਬਾਜ਼ਾਂ ਵਾਲਾ ਪੀਰ ।
ਮੈਂ ਦੁਸ਼ਮਣ ਰਣ ਵੰਗਾਰ ਕੇ, ਕਰ ਦੇਵਾਂ ਸਿੱਧੇ ਤੀਰ ।
ਮੇਰੇ ਜੋਸ਼ ਨੂੰ ਜਰਮਨ ਮੰਨਦਾ, ਮੈਂ ਯੋਧਾ ਆਲਮਗੀਰ ।
ਮੈਨੂੰ ਗੋਰੇ ਜਾਨਣ ਮੁੱਢ ਤੋਂ ਮੇਰਾ ਆਜ਼ਾਦੀ ਵਿਚ ਸੀਰ ।
ਮੇਰਾ ਨਾਂ ਸੁਣ ਵੈਰੀ ਕੰਬਦੇ, ਮੈਂ ਭਾਰਤ ਦੀ ਤਕਦੀਰ ।
ਮੈਂ ਰਹਾਂ ਨਾ ਬਿਨ ਨਨਕਾਣਿਓਂ, ਮੇਰੀ ਪੰਜਾ ਸਾਹਿਬ ਜਾਗੀਰ ।
ਮੈਂ ਮਾਲਕ ਗੜ੍ਹ ਜਮਰੌਦ ਦਾ, ਮੇਰੀ ਜੰਨਤ ਹੈ ਕਸ਼ਮੀਰ ।
ਮੇਰੇ ਬਦਨ 'ਤੇ ਬਰਦੀ ਵੇਖਕੇ, ਕਈ ਹੋ ਜਾਂਦੇ ਦਿਲਗੀਰ ।
ਅੱਜ ਮੇਰੇ ਦੇਸ਼ ਦੀ ਹਿੱਕ 'ਤੇ, ਕਿਸ ਦਿੱਤੀ ਖਿੱਚ ਲਕੀਰ ।

ਮੈਂ 'ਚੀਨੇ' 'ਫੀਨੇ' ਮਾਰ ਕੇ, ਕਰ ਦੇਵਾਂ ਲੀਰੋ-ਲੀਰ ।
ਮੇਰੀ ਡਲਕ ਡੁੱਲਾ ਵੇ ਅੰਬਰਾਂ ਮੇਰੀ ਫੁਰਤੀ ਬੇ-ਨਜ਼ੀਰ ।
ਮੈਂ ਕਈ ਉਸਾਰੇ ਡੈਮ ਨੇ ਮੈਂ ਦੇਸ਼ ਦੀ ਕਰਾਂ ਤਾਮੀਰ ।
ਮੈਂ 'ਰੁਸਤਮ'ਸਾਰੇ ਜੱਗ ਦਾ, ਮੇਰੀ ਖੇਡਣ ਵਿਚ ਅਖੀਰ ।
ਮੈਂ ਪੂਰਨ ਵਰਗਾ ਜਤੀ ਹਾਂ, ਮੈਂ ਬੁੱਲ੍ਹੇ ਜਿਹੇ ਫਕੀਰ ।
ਮੈਂ ਬੇਲੀਂ ਮੱਝਾਂ ਚਾਰੀਆਂ ਮੈਂ ਗਾਹੇ ਜੰਡ ਕਰੀਰ ।
ਮੇਰੇ ਖੇਤਾਂ ਵਿਚ ਰੱਬ ਵੱਸਦਾ, ਛੱਡ ਆਵੇ ਸਾਗਰ ਖੀਰ ।
ਲੈ ਭੱਤਾ ਆਵੇ ਖੇਤ ਵਿਚ ਮੇਰੀ ਪਰੀਆਂ ਵਰਗੀ ਹੀਰ ।
ਮੇਰੇ ਅੰਗ-ਅੰਗ ਦੇ ਵਿਚ ਬੀਰਤਾ, ਮੈਂ ਜੁੱਸ ਵਿਚ ਬਲਬੀਰ ।
ਜੱਗ ਚਰਚਾ ਕਰੇ ਪੰਜਾਬ ਦੀ, ਇਹਦੇ ਪਾਣੀ ਵਿਚ ਤਾਸੀਰ ।
ਮੈਂ ਖਾਵਾਂ ਅੰਨ ਪੰਜਾਬ ਦਾ, ਤੇ ਪੀਵਾਂ ਇਸ ਦਾ ਨੀਰ ।
ਮੈਂ ਗਾਵਾਂ ਗੀਤ ਪੰਜਾਬ ਦੇ, ਮੇਰੇ ਬੋਲਾਂ ਵਿਚ ਅਕਸੀਰ ।
ਜੋ ਤੱਕੇ ਮੇਰੇ ਦੇਸ਼ ਵੱਲ, ਮੈਂ ਬੰਨ੍ਹਾਂ ਪਾ ਜੰਜ਼ੀਰ ।
ਮੈਂ ਦੇਸ਼ ਦੀ ਅਣਖ ਬਚਾ ਲਵਾਂ,
ਤਾਂ 'ਦਿਲਬਰ' ਬੰਨ੍ਹਦਾ ਧੀਰ ।

✡

# ਸ਼ੇਰੇ ਪੰਜਾਬ

## ਤਰਜ਼—ਨਗੋਜ਼ੇ

ਮਹਾਰਾਜ ਰਣਜੀਤ ਸਿੰਘ ਜੀ ਕੌਮ ਦੀ ਘੜ ਤਕਦੀਰ ਗਿਆ।
ਨਕਸ਼ਾ ਬਦਲ ਪੰਜਾਬ ਦਾ ਦਿੱਤਾ ਖਿੱਚ ਨਵੀਂ ਤਸਵੀਰ ਗਿਆ।
ਫੁੱਟ ਮੇਟ ਕੇ ਕੌਮ ਦੇ ਵਿਚੋਂ ਕਰਕੇ ਖੰਡ ਤੇ ਖੀਰ ਗਿਆ।
ਸ਼ਾਨ ਸਿੱਖਾਂ ਦੀ ਜੰਗ ਚਮਕਾਈ ਐਸੀ ਕਰ ਤਦਬੀਰ ਗਿਆ।
ਜਿਸ ਪਾਸੇ ਨੂੰ ਘੋੜੇ ਚੜ੍ਹ ਕੇ ਹੱਥ ਵਿਚ ਲੈ ਸ਼ਮਸ਼ੀਰ ਗਿਆ।
ਨਜ਼ਰਾਂ ਲੇਕੇ ਆਣ ਮਿਲੇ ਸਭ ਜਿਧਰ ਜੋਧਾ ਬੀਰ ਗਿਆ।
ਸਤਲੁਜ ਤੋਂ ਲੈ ਕੇ ਕਾਬਲ ਤੀਕਰ ਕਰਦਾ ਫਤਹ ਅਮੀਰ ਗਿਆ।
ਅਟਕ ਜਿੱਤ ਮੁਲਤਾਨ ਲਿਆ ਉਹ ਝੰਡੇ ਗੱਡ ਕਸ਼ਮੀਰ ਗਿਆ।
ਕਰਕੇ ਫਤਹ ਦੇਸ਼ ਪੰਜਾਬ ਨੂੰ ਤਿੱਬਤ ਪਹੁੰਚ ਅਖੀਰ ਗਿਆ।
ਕਈ ਦੁਸ਼ਟ ਜਰਵਾਣਿਆਂ ਤਾਈਂ, ਕਰਕੇ ਸਿੱਧਾ ਤੀਰ ਗਿਆ।
ਨਲਵੇ ਜੈਸੇ ਜਰਨੈਲ ਉਸਦੇ ਸਿਆਣੇ ਰੱਖ ਵਜ਼ੀਰ ਗਿਆ।

ਅਟਕ ਜਿਹੇ ਦਰਿਆਵਾਂ ਦੇ ਉਹ ਵਹਿਣੇ ਪਲਾ ਵਿਚ ਚੀਰ ਗਿਆ।
ਮੁਗਲ ਪਠਾਣ ਕਈ ਹੰਕਾਰੀ ਕਰਕੇ ਲੀਰੋ-ਲੀਰ ਗਿਆ।
ਬਾਦਸ਼ਾਹ ਪੰਜਾਬ ਦਾ ਬਣਕੇ ਖੱਟ ਕੇ ਜੱਸ ਬਲਬੀਰ ਗਿਆ।
ਕਰਕੇ ਭਲਾ ਗਰੀਬਾਂ ਦਾ ਓਹ ਉੱਚੀ ਦੱਸ ਜ਼ਮੀਰ ਗਿਆ।
ਓਹਦੇ ਦਰ ਤੋਂ ਕੋਈ ਭਿਖਾਰੀ ਹੋ ਕੇ ਨਾ ਦਿਲਗੀਰ ਗਿਆ।
ਬਣਕੇ ਮੋਢੀ ਖਾਲਸੇ ਦਾ ਉਹ ਪੰਥ ਨੂੰ ਦੇ ਜਾਗੀਰ ਗਿਆ।
ਅੰਮ੍ਰਿਤ ਛਕ ਕੇ ਕਲਗੀਧਰ ਦਾ ਪਾ ਸਿੱਖੀ ਵਿਚ ਸੀਰ ਗਿਆ।
ਰਾਂਝਾ ਸੀ ਪੰਜਾਬ ਦੇਸ਼ ਦਾ ਲੈ ਆਜ਼ਾਦੀ ਹੀਰ ਗਿਆ।
'ਦਿਲਬਰ' ਵਰਗੇ ਸ਼ਾਇਰਾਂ ਨੂੰ ਉਹ ਕਰਕੇ ਬੜਾ ਅਮੀਰ ਗਿਆ।

☆

# ਈਨਾਂ ਕਦੇ ਨਾ ਮੰਨਦੇ

(ਤਰਜ਼-ਮੱਟੀਆਂ)

ਆਸ਼ਕ ਹੱਸ ਕੇ ਮੌਤ ਗਲਵੱਕੜੀ ਪੌਂਦੇ।
ਉਹ ਖੋਪਰ ਲਾਹਕੇ ਲਾਹ ਦੇ ਦਰ ਅਲਖ ਜਗੌਂਦੇ।
ਉਹ ਸੀਸ ਤਲੀ 'ਤੇ ਰੱਖ ਕੇ ਹਨ ਪ੍ਰਣ ਨਿਭੌਂਦੇ।
ਉਹ ਪੱਠੀ ਖੱਲ ਲੁਹਾ ਕੇ ਵੀ ਨਹੀ ਘਬਰੌਂਦੇ।
ਉਹ ਹੱਸ-ਹੱਸ ਜਾਨਾ ਵਾਰਦੇ ਬਚਨਾਂ ਦੇ ਸੱਚੇ।
ਈਨਾਂ ਕਦੇ ਨਾ ਮੰਨਦਾ ਸ਼ੇਰਾਂ ਦੇ ਬੱਚੇ।
ਇਹ ਹੱਥ ਕੜੀਆਂ ਜੰਜ਼ੀਰਾਂ ਨੇ ਮਰਦਾਂ ਦਾ ਗਹਿਣਾ।
ਜਿਨ੍ਹਾਂ ਚੜ੍ਹਕੇ ਉਤੇ ਚਰਖੜੀ ਵੀ ਹੱਸਦੇ ਰਹਿਣਾ।
ਸਗੋਂ ਸੂਲੀ ਸਾਹਵੇਂ ਵੇਖਕੇ ਅਹਿਨਲ ਹੱਕ ਕਹਿਣਾ।
ਉਹਨਾਂ ਦੇਗਾਂ ਦੇ ਵਿਚ ਉਬਲਕੇ ਦੁੱਖੜੇ ਨੂੰ ਸਹਿਣਾ।
ਉਹ ਤਵੀਆਂ ਉਤੇ ਬੈਠ ਜਾਣ ਅੱਗ ਥੱਲੇ ਮੱਚੇ।
ਈਨਾਂ ਕਦੇ ਨਾ ਮੰਨਦੇ ਸ਼ੇਰਾਂ ਦੇ ਬੱਚੇ।
ਕਦੇ ਸੱਚ ਨਾ ਹੱਥੋਂ ਛੱਡਦੇ ਆਦਰਸ਼ ਪੁਜਾਰੀ।
ਉਹ ਸਿਰ ਦੇ ਨਾਲ ਨਿਭਾਂਵਦੇ ਵਤਨਾਂ ਦੀ ਯਾਰੀ।
ਉਹ ਹੱਸ ਕੇ ਚੁੰਮਦੇ ਫਾਂਸੀਆਂ ਨਹੀਂ ਜਾਨ ਪਿਆਰੀ।
ਉਹ ਨੈਣਾਂ ਵਿਚੋਂ ਡੁੱਲ੍ਹਦੀ ਕੋਈ ਅਜਬ ਖੁਮਾਰੀ।
ਉਹ ਤਲਵਾਰਾਂ ਦੀ ਧਾਰ 'ਤੇ ਪਾ ਭੰਗੜੇ ਨੱਚੇ।
ਈਨਾਂ ਕਦੇ ਨਾ ਮੰਨਦੇ ਸ਼ੇਰਾਂ ਦੇ ਬੱਚੇ।

ਉਹ ਨੀਹਾਂ ਦੇ ਵਿਚ ਚਿਣੇ ਜਾਣ ਤਾਂ ਵੀ ਖਿੜ-ਖਿੜ ਹੱਸਦੇ।
ਉਹ ਬੰਦ-ਬੰਦ ਕਟਵਾਂਵਦੇ ਨਹੀਂ ਡਰ ਕੇ ਨੱਸਦੇ।
ਭਾਵੇਂ ਆਰਾ ਧਰ ਕੇ ਚੀਰਦੇ ਉਹ ਨਾਅਰੇ ਕੱਸਦੇ।
ਉਹ ਅਣਖੀ ਬਣ ਕੇ 'ਦਿਲਬਰਾ' ਦੁਨੀਆਂ ਨੂੰ ਦੱਸਦੇ।
ਜਿਹੜੇ ਪੱਕੇ ਸਿੱਖੀ ਭੱਠ ਵਿਚ ਨਹੀਂ ਰਹਿੰਦੇ ਕੱਚੇ।
ਈਨਾਂ ਕਦੇ ਨਾ ਮੰਨਦੇ ਸ਼ੇਰਾਂ ਦੇ ਬੱਚੇ।
ਜਜ਼ਬਾ ਦੇਸ਼ ਤੇ ਕੌਮ ਦਾ ਜਿਸ ਲਹੂ ਵਿਚ ਰੱਚੇ।
ਈਨਾਂ ਕਦੇ ਨਾ ਮੰਨਦੇ ਸ਼ੇਰਾਂ ਦੇ ਬੱਚੇ।

☆

# ਅਸੀਂ ਬੀਰ ਪੰਜਾਬ ਦੇ

## ਤਰਜ਼—ਹੀਰ...(ਬੈਂਤ)

ਅਸੀਂ ਬੀਰ ਪੰਜਾਬ ਦੇ ਸ਼ੇਰ ਦੂਲੇ, ਸਾਡੇ ਵਿਚ ਹੈ ਜੋਸ਼ ਜਵਾਨੀਆਂ ਦਾ।
ਚੜ੍ਹਤ ਵੇਖ ਕੇ ਯੋਧੇ ਬਹਾਦਰਾਂ ਦੀ, ਰੰਗ ਉੱਡ ਜਾਂਦਾ ਪਾਕਿਸਤਾਨੀਆਂ ਦਾ।
ਅਸੀਂ ਮੂੰਹ 'ਰੈਡਾਰਾਂ' ਦੇ ਭੰਨ ਦੇਈਏ, ਸਾਨੂੰ ਔਂਦਾ ਏ ਵੱਲ ਕੁਰਬਾਨੀਆਂ ਦਾ।
ਤੋਪਾਂ ਸਾਡੀਆਂ ਨੇ ਜਦੋਂ ਮੂੰਹ ਖੋਲ੍ਹੇ, ਤੋੜ ਦੇਵਣਾ ਮਾਣ ਅਭਿਮਾਨੀਆਂ ਦਾ।
ਅਸੀਂ ਭੁਟੋ ਅਯੂਬ ਨੂੰ ਜਾਣਦੇ ਹਾਂ, ਸਾਨੂੰ ਡਰ ਨਹੀਂ ਚੀਨੀਆਂ ਚਾਨੀਆਂ ਦਾ।
ਅੰਮ੍ਰਿਤ ਖੰਡੇ ਦਾ 'ਦਿਲਬਰਾ' ਅਸਾਂ ਛਕਿਆ, ਸਿਰ 'ਤੇ ਹੱਥ ਹੈ ਪੁੱਤਾਂ ਦੇ ਦਾਨੀਆਂ ਦਾ।

☆

# ਅਣਖੀਲਾ ਗੱਭਰੂ

ਮੈਂ ਗੱਭਰੂ ਦੇਸ਼ ਪੰਜਾਬ ਦਾ, ਮੈਨੂੰ ਡੌਲਿਆਂ ਉਤੇ ਮਾਨ।
ਮੈਂ ਚੁੰਘਾਂ ਮੱਝਾਂ ਬੂਰੀਆਂ, ਮੇਰੀ ਸ਼ੇਰਾਂ ਵਰਗੀ ਜਾਨ।
ਮੈਨੂੰ ਚਾੜ੍ਹੀ ਕਲਗੀਧਾਰ ਨੇ, ਆਪ ਖੰਡੇ ਦੀ ਪਾਨ।
ਮੇਰੀ ਦੇਗ ਤੇਗ ਵਿਚ ਫਤਹ ਹੈ, ਮੈਂ ਅਣਖੀ ਮਰਦ ਮੈਦਾਨ।
ਮੇਰੇ ਸਾਹਵੇਂ ਅੜ ਨਹੀਂ ਸਕਦਾ, ਕੋਈ ਬੀਰ ਬਲੀ ਬਲਵਾਨ।
ਮੈਨੂੰ ਦੁਸ਼ਮਨ ਅੱਜ ਵੰਗਾਰਿਆ, ਉਸ ਹਮਲਾ ਕੀਤਾ ਆਨ।
ਉਹਨੇ ਆਪ ਬੁਲਾਇਆ ਮੌਤ ਨੂੰ, ਓਹ ਕੋਈ ਦਿਨ ਦਾ ਮਹਿਮਾਨ।
ਮੈਂ ਰੋੜ੍ਹਾਂ ਲਹੂ ਦੀ ਧਾਰ ਵਿਚ, ਚੜ੍ਹ ਆਇਆ ਪਾਕਿਸਤਾਨ।
ਮੈਂ ਅੱਗ ਵਰਸਾਵਾਂ ਅੰਬਰੋਂ, ਮੈਂ ਰਣ ਵਿਚ ਲਾਹਵਾਂ ਘਾਨ।
ਮੇਰੀਆ ਤੋਪਾਂ ਜਦ ਮੂੰਹ ਅੱਡਿਆ ਨਹੀਂ ਖੜ੍ਹਨਾ ਕਿਸੇ ਜਵਾਨ।
ਮੈਂ ਭੁੰਨਾਂ ਵਾਂਗਰ ਦਾਣਿਆਂ, ਮੈਂ ਕਰ ਦਿਆਂ ਲਹੂ ਲੁਹਾਨ।
ਮੈਂ ਡੱਕਰੇ ਕਰ ਦਿਆਂ ਓਸ ਦੇ ਜੋ ਛੇੜੇ ਛੇੜ ਸ਼ੈਤਾਨ।

ਮੈਂ ਬੰਨ੍ਹ ਲਵਾਂ ਉਸ ਸੁਰ ਨੂੰ, ਜੋ ਚੰਦਰੇ ਕਰੇ ਐਲਾਨ।
ਮੈਂ ਗਿਣ-ਗਿਣ ਬਦਲੇ ਲੈ ਲਵਾਂ, ਮੈਂ ਦੇਵਾਂ ਵੱਢ ਜ਼ੁਬਾਨ।
ਮੈਂ ਮਾਰਾਂ ਦੁਸ਼ਮਨ ਦੇਸ਼ ਦੇ, ਮੈਂ ਸਾੜਾਂ ਬੇਈਮਾਨ।
ਮੈਨੂੰ ਅਮਰੀਕਾ ਬਰਤਾਨੀਆਂ, ਜਾਣ ਚੀਨ ਜਪਾਨ।
ਮੈਂ ਵੇਖ ਲਵਾਂਗਾ ਸੂਰਮੇ ਤੁਰਕੀ ਤੇ ਈਰਾਨ।
ਮੈਂ ਫੂਕਾਂ ਇੰਡੋਨੇਸ਼ੀਆ ਖਾਕ ਮਿਲਾਵਾਂ ਸ਼ਾਨ।
ਮੇਰੀਆਂ 'ਦਿਲਬਰ' ਵਾਰਾਂ ਲਿਖੇਗਾ, ਗਾਊ ਜੱਸ ਜਹਾਨ।

✲

## ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ

### ਤਰਜ਼—ਜੁਗਨੀ

ਇਹਦੇ ਗੱਭਰੂ ਛੈਲ ਛਬੀਲੇ ਨੇ।
ਅਣਖੀਲੇ ਤੇ ਫੁਰਤੀਲੇ ਨੇ।
ਮਟਕੀਲੇ ਰੰਗ ਰੰਗੀਲੇ ਨੇ।
ਕੀ ਗੱਲਾਂ ਕਰਾਂ ਸ਼ਬਾਬ ਦੀਆਂ।
ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ।
ਏਥੇ ਯੋਧੇ ਬੀਰ ਸਿਪਾਹੀ ਨੇ।
ਜੋ ਦੁਸ਼ਮਣ ਲਈ ਤਬਾਹੀ ਨੇ।
ਕਿਸੇ ਛੈਲ ਦੇ ਦਿਲ ਦੇ ਮਾਹੀ ਨੇ।
ਕੀ ਸਿਫਤਾਂ ਰੋਅਬ ਦਾਬ ਦੀਆਂ।
ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ।
ਏਥੇ ਬਾਗਾਂ ਵਿਚ ਬਹਾਰਾਂ ਨੇ।
ਏਥੇ ਖਿੜ੍ਹ ਰਹੀਆਂ ਗੁਲਜ਼ਾਰਾਂ ਨੇ।
ਦਿਲ ਮੱਲੇ ਹੋਏ ਪਿਆਰਾਂ ਨੇ।
ਜਿਉਂ ਮਿੱਠੀਆਂ ਝਲਕਾਂ ਖਾਬ ਦੀਆਂ।
ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ।
ਏਥੇ ਗੱਭਰੂਆਂ ਡੈਮ ਉਸਾਰੇ ਨੇ।
ਏਥੇ ਖੇਤਾਂ ਵਿਚ ਨਜ਼ਾਰੇ ਨੇ।
ਏਥੇ ਧਨ ਦੇ ਭਰੇ ਭੰਡਾਰੇ ਨੇ।
ਹਨ ਫਸਲਾਂ ਬੇ-ਹਿਸਾਬ ਦੀਆਂ।
ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ।

ਏਥੇ ਕਾਮੇ ਕਰਦੇ ਵਾਹੀਆਂ ਨੇ ।
ਦੁੱਧ ਘਿਓ ਦੀਆਂ ਬੇ-ਪ੍ਰਵਾਹੀਆਂ ਨੇ ।
ਨੈਣਾਂ ਵਿਚ ਮਸਤੀਆਂ ਛਾਈਆਂ ਨੇ ।
ਜਿਉਂ ਲੌਰਾਂ ਔਰ ਸ਼ਰਾਬ ਦੀਆਂ ।
ਨਹੀਂ ਰੀਸਾਂ...
ਏਥੇ ਜੋਬਨ ਮੱਤੀਆਂ ਨਾਰਾਂ ਨੇ ।
ਏਥੇ ਛੈਲ ਸੁੰਦਰ ਮੁਟਿਆਰਾਂ ਨੇ ।
ਏਥੇ ਬੰਨ੍ਹੇ ਰੰਗ ਪਿਆਰਾਂ ਨੇ ।
ਜਿਉਂ ਪੱਤੀਆਂ ਖਿੜਨ ਗੁਲਾਬ ਦੀਆਂ ।
ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ ।
ਏਥੇ ਤੇਗਾਂ ਵਾਹੀਆਂ ਬੀਰਾਂ ਨੇ ।
ਏਥੇ ਢੋਲੇ ਗਾਏ ਹੀਰਾਂ ਨੇ ।
ਏਥੇ ਨੇਕੀ ਦੱਸੀ ਪੀਰਾਂ ਨੇ ।
ਏਥੇ ਰੀਝਾਂ ਪੁੰਨ ਸਵਾਬ ਦੀਆਂ ।
ਨਹੀਂ ਰੀਸਾਂ...
ਏਥੇ ਮਰਦਾਂ ਉਤੇ ਜਵਾਨੀ ਏ ।
ਨੱਢੀਆਂ ਦੀ ਅੱਖ ਮਸਤਾਨੀ ਏਂ ।
ਤੋਰਾਂ ਵਿਚ ਅਜਬ ਰਵਾਨੀ ਏਂ ।
ਜਿਉਂ ਲਹਿਰਾਂ ਵਗਣ ਚਨਾਬ ਦੀਆਂ ।
ਨਹੀਂ ਰੀਸਾਂ...
ਏਥੇ ਬੁੱਲ੍ਹੇ ਜਿਹੇ ਫਕੀਰ ਹੋਏ ।
ਏਥੇ ਨਾਨਕ ਵਰਗੇ ਪੀਰ ਹੋਏ ।
ਏਥੇ ਗੋਬਿੰਦ ਸਿੰਘ ਬਲਬੀਰ ਹੋਏ ।
ਕੀਹ ਸਿਫਤਾਂ ਕਰਾਂ ਜਨਾਬ ਦੀਆਂ ।
ਨਹੀਂ ਰੀਸਾਂ ਦੇਸ਼... ...
ਏਥੇ ਨਲਵੇ ਜਿਹੇ ਸਰਦਾਰ ਹੋਏ ।
ਏਥੇ ਵੀਰ ਅਜੀਤ, ਜੁਝਾਰ ਹੋਏ ।
ਏਥੇ ਫਤਹ ਸਿੰਘ ਤੇ ਵਾਰ ਹੋਏ ।
ਧੌਣਾਂ ਝੁਕ ਗਈਆਂ ਨਵਾਬ ਦੀਆਂ ।
ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ ।
ਏਥੇ ਰੁਸਤਮ ਹਿੰਦ ਜਵਾਨ ਹੋਏ ।
ਏਥੇ ਉਘੇ ਸਿਆਸਤ ਦਾਨ ਹੋਏ ।

ਏਥੇ ਡਾਕਟਰ ਸਾਇੰਸਦਾਨ ਹੋਏ ।
ਏਥੇ ਸਿੱਖਰਾਂ ਛੋਹੀਆਂ ਕਾਬ ਦੀਆਂ ।
ਨਹੀਂ ਰੀਸਾਂ...
ਏਥੇ ਪਿਆਰ ਬੀਰਤਾ ਨੱਚਦੇ ਰਹੇ ।
ਏਥੇ ਦਿਲ ਵਿਚ ਜਜ਼ਬੇ ਸੱਚ ਦੇ ਰਹੇ ।
'ਦਿਲਬਰ' ਰਚਨਾਵਾਂ ਰੱਚਦੇ ਰਹੇ ।
ਤਾਸੀਰਾਂ ਇਹਦੇ ਆਬ ਦੀਆਂ ।
ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ ।

✲

## ਤੇਰੇ ਸਿਰ ਤੋਂ ਬੁਗਤੀਆਂ ਵਾਰਾਂ

ਤੇਰੇ ਸਿਰ ਤੋਂ ਬੁਗਤੀਆਂ ਵਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਸਾਨੂੰ ਤੇਰੇ ਨਾਲ ਸੱਜਣਾ ਬਹਾਰਾਂ,
ਵੇ ਹੱਦਾਂ ਉਤੇ ਜਾਣ ਵਾਲਿਆ ।
ਤੇਰੇ ਡੌਲਿਆਂ 'ਤੇ ਸਾਰੇ ਦੇਸ਼ ਨੂੰ ਹੈ ਮਾਣ ਵੇ ।
ਮਾਰ-ਮਾਰ ਚੀਨੀਆਂ ਦੇ ਲਾਹਵੀਂ ਜਾ ਕੇ ਘਾਨ ਵੇ ।
ਵਗਣ ਖ਼ੂਨ ਦੀਆਂ ਪਰਬਤਾਂ 'ਚ ਧਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ
ਤੇਰੇ ਸਿਰ ਤੋਂ ਬੁਗਤੀਆਂ ਵਾਰਾਂ
ਵੇ ਹੱਦਾਂ ਉਤੇ ਜਾਣ ਵਾਲਿਆ
ਮੱਖਣਾਂ ਦੇ ਪੇੜੇ ਖਾਧੇ ਚੁੰਘੀਆਂ ਜੋ ਬੂਰੀਆਂ ।
ਕੁੱਟਕੇ ਖਵਾਈਆਂ ਹੱਥੀਂ ਆਪਣੀ ਮੈਂ ਚੂਰੀਆਂ ।
ਜਾਂਦਾ ਜੰਗ ਵਿਚ ਪਾਦੇ ਘੁੰਮਘਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਤੇਰੇ ਸਿਰ ਤੋਂ ਬੁਗਤੀਆਂ ਵਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਪੀਤਾ ਹੈ ਤੂੰ ਪਾਣੀ ਖਾਧਾ ਅੰਨ ਹੈ ਪੰਜਾਬ ਦਾ ।
ਮੁੱਖੜੇ ਦੀ ਲਾਲੀ ਜਿਵੇਂ ਫੁੱਲ ਹੈ ਗੁਲਾਬ ਦਾ ।
ਜਾ ਕੇ ਕੱਢ ਲੈ ਦਿਲਾਂ ਦੀਆਂ ਖਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।

ਤੇਰੇ ਸਿਰ ਤੋਂ ਬੁਗਤੀਆਂ ਵਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਲੈ ਕੇ ਜਦੋਂ ਬੰਬ ਤੂੰ ਪਹਾੜੀ ਉਤੇ ਗੱਜਿਆ ।
ਵੇਖਣਗੇ ਲੋਕ ਜਾਂਦਾ ਚੀਨ ਕਿਵੇਂ ਭੱਜਿਆ ।
ਉਥੇ ਡਿੱਗਣਗੇ ਗੱਭਰੂ ਹਜ਼ਾਰਾਂ,
ਵੇ ਹੱਦਾਂ ਉਤੇ ਜਾਣ ਵਾਲਿਆ ।
ਤੇਰੇ ਸਿਰ ਤੋਂ ਬੁਗਤੀਆਂ ਵਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਕਾੜ-ਕਾੜ ਮਾਰੀਂ ਸੀਨੇ ਚੀਨੇ ਚੀਨੀਆਂ ਦੇ ਗੋਲੀਆਂ ।
ਰਣ ਵਿਚ ਖੇਡੀਂ ਜਾ ਕੇ ਖ਼ੂਨ ਦੀਆਂ ਹੋਲੀਆਂ ।
ਲਵੀਂ ਤਗਮੇ ਮਾਰ ਲਵੀਂ ਮਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਤੇਰੇ ਸਿਰ ਤੋਂ ਬੁਗਤੀਆਂ ਵਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਜਿੱਤਕੇ ਤੇ ਜੰਗ ਢੋਲਾ ਖ਼ੁਸ਼ੀ-ਖ਼ੁਸ਼ੀ ਆਵੀਂ ਤੂੰ ।
ਫੇਰ ਮੇਰੇ ਵਿਹੜਿਆਂ ਨੂੰ ਭਾਗ ਆ ਕੇ ਲਾਵੀਂ ਤੂੰ ।
ਚੰਨ ਚਾਵਾਂ ਵਿਚ ਮੁੱਖੜਾ ਸ਼ਿੰਗਾਰਾਂ,
ਵੇ ਹੱਦਾਂ ਉਤੇ ਜਾਣ ਵਾਲਿਆ ।
ਤੇਰੇ ਸਿਰ ਤੋਂ ਬੁਗਤੀਆਂ ਵਾਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਸੱਦਾਂਗੀ ਸਹੇਲੀਆਂ ਨੂੰ ਗਿੱਧੇ 'ਚ ਨਚਾਵਾਂਗੀ ।
ਰੀਝਾਂ ਨਾਲ 'ਦਿਲਬਰਾ' ਮੈਂ ਗੀਤ ਤੇਰ ਗਾਵਾਂਗੀ ।
ਤੈਥੋਂ ਸਦਕੇ ਜਾਣ ਮੁਟਿਆਰਾਂ,
ਵੇ ਨੀਫਾ ਵਿਚ ਜਾਣ ਵਾਲਿਆ ।
ਸਾਨੂੰ ਤੇਰੇ ਨਾਲ ਸੱਜਣਾਂ ਬਹਾਰਾਂ,
ਵੇ ਹੱਦਾਂ ਉਤੇ ਜਾਣ ਵਾਲਿਆ ।

✲

# ਨੀ ਭਾਬੀ ਚਿੱਠੀ ਆਈ ਵੀਰ ਦੀ

ਨੀ ਭਾਬੀ ਚਿੱਠੀ ਆਈ ਵੀਰ ਦੀ ਉਹਨੇ ਲਿਖਕੇ ਹਵਾਲ ਸਾਰਾ ਪਾਇਆ।
ਮੈਂ ਖੁਸ਼ੀਆਂ 'ਚ ਨੱਚਦੀ ਫਿਰਾਂ, ਮੇਰਾ ਅੰਗ-ਅੰਗ ਹੈ ਨਸ਼ਿਆਇਆ।
ਨੀ ਆ ਗਏ ਕਸ਼ਮੀਰ ਧਾੜਵੀ, ਇਹ ਸੀ ਪਾਕਿਸਤਾਨ ਦੀ ਨੀਤੀ।
ਫੌਜ ਸਾਡੀ ਪੈ ਗਈ ਟੁੱਟ ਕੇ ਚੁਣ-ਚੁਣ ਕੇ ਸਫਾਈ ਕੀਤੀ।
ਨੀ ਲੱਭਿਆ ਨਾ ਰਾਹ ਭੱਜਿਆ, ਉਹਨਾਂ ਲੁਕ ਲੁਕ ਝੱਟ ਸੀ ਲੰਘਾਇਆ।
ਨੀ ਭਾਬੀ ਚਿੱਠੀ ਆਈ ਵੀਰ ਦੀ, ਉਹਨੇ ਲਿਖਕੇ ਹਵਾਲ ਸਾਰਾ ਪਾਇਆ।
ਨੀ ਹੱਦ ਬੰਦੀ ਲਾਈਨ ਟੱਪਕੇ, ਅਸਾਂ ਰਸਤੇ ਰੋਕ ਲਏ ਸਾਰੇ।
ਚੌਂਕੀਆਂ ਤੇ ਕੀਤੇ ਕਬਜ਼ੇ, ਲਾਏ ਜੋਸ਼ 'ਚ ਗੱਭਰੂਆਂ ਨਾਹਰੇ।
ਨੀ ਗੋਲੀਆਂ ਦੀ ਕੀਤੀ ਵਰਖਾ, ਜਿਥੇ ਧਾੜਵੀ ਨਜ਼ਰ ਕੋਈ ਆਇਆ।
ਨੀ ਭਾਬੀ ਚਿੱਠੀ ਆਈ ਵੀਰ ਦੀ, ਉਹਨੇ ਲਿਖ ਕੇ ਹਵਾਲ ਸਾਰਾ ਪਾਇਆ।
ਨੀ ਭਾਰਤ ਦਾ ਜੋਸ਼ ਵੇਖ ਕੇ, ਭੌਂ ਗਈ ਪਲਾਂ ਵਿਚ 'ਭੁੱਟੋ' ਦੀ ਭੰਬੀਰੀ।
ਗੁੱਸੇ 'ਚ ਅਯੂਬ ਬੋਲਿਆ ਅਸਾਂ ਕਰਨੇ ਆਜ਼ਾਦ ਕਸ਼ਮੀਰੀ।
ਨੀ ਅੰਮ੍ਰਿਤਸਰ ਹੱਦ ਤੇ, ਛੇੜੀ ਛੇੜ ਉਹਨਾਂ ਰੌਕਟ ਚਲਾਇਆ।
ਨੀ ਭਾਬੀ ਚਿੱਠੀ ਆਈ ਵੀਰ ਦੀ, ਉਹਨੇ ਲਿਖਕੇ ਹਵਾਲ ਸਾਰਾ ਪਾਇਆ।
ਯੋਧਿਆਂ ਨੂੰ ਰੋਹ ਚੜ੍ਹਿਆ, ਬੰਬ ਮਾਰ ਕੇ ਕੰਬਾ ਦਿੱਤੇ ਅੰਬਰ।
ਤੜ੍ਹਕੇ ਹੀ ਹੱਲਾ ਬੋਲਿਆ, ਸੰਨ ਪੈਂਹਠ ਅਤੇ 'ਛੇ' ਸੀ 'ਸਤੰਬਰ'।
ਨੀ ਦਿਨਾਂ ਵਿਚ ਲੈ ਲਈ 'ਬਰਕੀ' ਡਰਾ 'ਈਚੋਗਿਲ' ਨਹਿਰ ਉਤੇ ਲਾਇਆ।
ਨੀ ਭਾਬੀ ਚਿੱਠੀ ਆਈ ਵੀਰ ਦੀ, ਉਹਨੇ ਲਿਖਕੇ ਹਵਾਲ ਸਾਰਾ ਪਾਇਆ।
ਮਾਰ-ਮਾਰ ਬੰਬ ਕਹਿਰ ਦੇ, ਅਸਾਂ ਧਰਤੀ ਹਿਲਾਈ ਸਾਰੀ।
ਫਿਰਦੇ ਜਹਾਜ਼ ਉਡਦੇ, ਜਾ ਕੇ ਲਈ ਸਰਗੋਧੇ ਤੇ ਉਡਾਰੀ।
ਨੀ ਵਾਰੀ ਜਾਵਾਂ 'ਦਿਲਬਰ' ਤੋਂ, ਜਿਹਨੇ ਫਤਹ ਵਾਲਾ ਝੰਡਾ ਹੈ ਝੁਲਾਇਆ।
ਨੀ ਭਾਬੀ ਚਿੱਠੀ ਆਈ ਵੀਰ ਦੀ, ਉਹਨੇ ਲਿਖਕੇ ਹਵਾਲ ਸਾਰਾ ਪਾਇਆ।
ਮੈਂ ਖੁਸ਼ੀਆਂ 'ਚ ਨੱਚਦੀ ਫਿਰਾਂ, ਮੇਰਾ ਅੰਗ-ਅੰਗ ਹੈ ਨਸ਼ਿਆਇਆ।

✲

# ਮਾਤਾ ਸੁਲੱਖਣੀ ਦੀ ਅਰਦਾਸ

ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਹੰਝੂ ਛਮ-ਛਮ ਨੈਣਾਂ 'ਚੋਂ ਵਗਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਛੇਵੇਂ ਸਤਿਗੁਰਾਂ ਦੇ ਦਰਬਾਰ ।
ਰਹੀ ਸੁਲੱਖਣੀ ਅਰਜ਼ ਗੁਜ਼ਾਰ ।
ਨਾਲੇ ਰੋਵੇ ਜ਼ਾਰੋ-ਜ਼ਾਰ ।
ਨੇ ਨੈਣ ਵਹਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਸਾਰੀ ਉਮਰਾ ਹੋਈ ਵਡੇਰੀ ।
ਪਾਈ ਗਮਾਂ ਹੌਕਿਆਂ ਘੇਰੀ ।
ਢੈਹ ਗਈ ਸਭ ਆਸਾਂ ਦੀ ਢੇਰੀ ।
ਦਿਲ ਘਬਰਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਬੀਤੇ ਸਹਿਕਦਿਆਂ ਕਈ ਸਾਲ ।
ਗੋਦੀ ਵਿਚ ਨਾ ਖੇਡਿਆ ਲਾਲ ।
ਪੁੱਤਾਂ ਬਾਝੋਂ ਮੰਦੜਾ ਹਾਲ ।
ਮੇਰੇ ਰਘੂਰਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤਾਹਨੇ ਮਾਰੇ ਕਈਆਂ ਸ਼ਰੀਕਾਂ ।
ਲੌਂਦੇ ਫਿਰਨ ਗੁਵਾਂਢੀ ਲੀਕਾਂ ।
ਹੁਣ ਨਾ ਲੰਮੀਆਂ ਪਾਈਂ ਤਰੀਕਾਂ ।
ਦਿਲ ਕੁਰਲਾਏ, ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਹਿਰਦਾ ਰੋ-ਰੋ ਕੇ ਇਹ ਕਹਵੇ ।
ਤੇਰੀ ਨਜ਼ਰ ਮਿਹਰ ਦੀ ਪਵੇ ।
ਕੋਈ ਨਾ ਔਂਤਰਿਆਂ ਦੇ ਲਵੇ ।
ਬਖ਼ਸ਼ਗਨੇ ਸਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ
ਮਸਤ ਜਵਾਨੀ ਹੋਈ ਉਡਾਰ ।
ਰਹਿ ਗਏ ਜੀਵਨ ਦੇ ਦਿਨ ਚਾਰ ।
ਹੁੰਦੇ ਜੋਬਨ ਨਾਲ ਸ਼ਿੰਗਾਰ ।

ਜੇ ਰੱਬ ਨੂੰ ਭਾਏ ਤੂੰ ਪਾਦੇ ਮੈਨੂੰ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਔਂਦੀਆਂ ਯਾਦਾਂ ਵਕਤ ਬੁਢਾਪੇ ।
ਪੁੱਤਾਂ ਬਾਝ ਨਾ ਸੋਂਹਦੇ ਮਾਪੇ ।
ਦੁੱਖ ਸੁੱਖ ਕੱਟ ਲੈਂਦੇ ਨੇ ਆਪੇ ।
ਵਿੱਛ ਦੇ ਜਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ....
ਹੁਣ ਤਾਂ ਜ਼ਿੰਦੜੀ ਗਮਾਂ ਨੇ ਖੋਰੀ ।
ਕਿਹੜਾ ਦੁਖੀਆਂ ਦੀ ਫੜੂ ਡੰਗੋਰੀ ।
ਦਾਤਾ ਗੱਲ ਕਰਦੇ ਅੱਜ ਕੋਰੀ ।
ਤਰਲੇ ਪਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤਨ ਮਨ ਕਾਗਜ਼ ਵਾਂਗੂੰ ਖੜਕੇ ।
ਮੇਰਾ ਮੁੜ-ਮੁੜ ਸੀਨਾ ਖੜਕੇ ।
ਪ੍ਰੀਤਮ ਦੁਖੀਆਂ ਦਾ ਹੱਥ ਫੜਕੇ ।
ਕੌਣ ਉਠਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੁਹਾਡੇ ਘਰ ਵਿਚ ਕੋਈ ਨਹੀਂ ਕਾਲ ।
ਕਰ ਦਿਉ ਨਦਰੀ ਨਦਰ ਨਿਹਾਲ ।
ਖੇਡੇ ਗੋਦੀ ਦੇ ਵਿਚ ਲਾਲ ।
ਤੇ ਵਕਤ ਸੁਹਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਮੰਨ ਲੈ ਸੇਵਕਾਂ ਦੀ ਅਰਦਾਸ ।
ਸਤਿਗੁਰ ਪੂਰੀ ਕਰਦੇ ਆਸ ।
'ਦਿਲਬਰ' ਦਰ ਤੇਰੇ ਦਾ ਦਾਸ ।
ਤੇਰਾ ਜੱਸ ਗਾਏ, ਤੂੰ ਪਾਦੇ ਝੋਲੀ ਖੇਰ ਦਾਤਿਆ ।
ਤੇਰੇ ਦਰ 'ਤੇ ਸਵਾਲੀ ਆਏ ਤੂੰ ਪਾਦੇ ਝੋਲੀ ਖੈਰ ਦਾਤਿਆ ।
ਹੰਝੂ ਛਮ-ਛਮ ਨੈਣਾਂ 'ਚੋਂ ਵਗਾਏ ਤੂੰ ਪਾਦੇ ਝੋਲੀ ਖੈਰ ਦਾਤਿਆ ।

☆

# ਮਾਤਾ ਸਾਹਿਬ ਕੌਰ ਦਾ ਸੁਪਨਾ

## ਤਰਜ਼—ਨੀ ਸਈਓ ਮੇਰੀ ਵੰਗ ਟੁੱਟ ਗਈ...(ਯਮਲਾ ਜੱਟ)

ਨੀ ਸਈਓ ! ਰਾਤੀਂ ਆਇਆ ਸੁਪਨਾ,
ਮੇਰਾ ਮਾਪਿਆਂ ਕਾਜ ਰਚਾਇਆ ।
ਨੀ ਬਾਜਾਂ ਵਾਲਾ ਸਿਹਰੇ ਬੰਨ੍ਹਕੇ,
ਮੈਨੂੰ ਆਪ ਵਿਆਹਵਣ ਆਇਆ ।
ਨੂਰੀ ਪ੍ਰੀਤਮ ਛੈਲ ਛਬੀਲਾ ।
ਹੇਠਾਂ ਉਸਦੇ ਘੋੜਾ ਨੀਲਾ ।
ਨੀ ਮੁੱਖੜੇ ਤੋਂ ਨੂਰ ਡੁੱਲ੍ਹਦਾ,
ਫੁੱਲ ਕਿਰ ਪਏ ਜਦੋਂ ਮੁਸਕਾਇਆ ।
ਨੀ ਸਈਓ ! ਰਾਤੀਂ ਆਇਆ ਸੁਪਨਾ,
ਮੇਰਾ ਮਾਪਿਆਂ ਕਾਜ ਰਚਾਇਆ ।
ਮਸਤਕ ਤੋਂ ਪਈ ਚੋਵੇ ਲਾਲੀ ।
ਛਬ ਉਸਦੀ ਕੋਈ ਜੱਗ ਤੋਂ ਨਿਰਾਲੀ ।
ਨੀ ਚੰਦ ਸ਼ਰਮਸਾਰ ਹੋ ਗਿਆ,
ਵੇਖ ਕਲਗੀ ਦਾ ਤੇਜ ਸਵਾਇਆ ।
ਨੀ ਸਈਓ ! ਰਾਤੀਂ ਆਇਆ ਸੁਪਨਾ,
ਮੇਰਾ ਮਾਪਿਆਂ ਕਾਜ ਰਚਾਇਆ ।
ਨੈਣ ਉਹਨਾਂ ਦੇ ਹੱਸ-ਹੱਸ ਪੈਂਦੇ ।
ਸਭ ਨੂੰ ਮੋਹਦੇ ਦਿਲ ਕੱਢ ਲੈਂਦੇ ।
ਨੀ ਝੱਲਿਆ ਨਾ ਕਿਸੇ ਸੂਰਮੇ,
ਉਹਦੇ ਨੈਣਾਂ ਦਾ ਵਾਰ ਚਲਾਇਆ ।
ਨੀ ਸਈਓ ! ਰਾਤੀਂ ਆਇਆ ਸੁਪਨਾ,
ਮੇਰਾ ਮਾਪਿਆਂ ਕਾਜ ਰਚਾਇਆ ।
ਲਾ ਲਈ ਮਹਿੰਦੀ ਮੈਂ ਬੰਨ੍ਹ ਲਏ ਕਲੀਰੇ ।
ਗਹਿਣੇ ਪਾ ਲਏ ਦੂਹਰੇ ਤੀਹਰੇ ।
ਨੀ ਲਾਲ ਚੂੜਾ ਗੂੜ੍ਹੇ ਰੰਗ ਦਾ,
ਮੈਂ ਬਾਹਾਂ ਦੇ ਵਿਚ ਛਣਕਾਇਆ ।
ਨੀ ਸਈਓ ! ਰਾਤੀਂ ਆਇਆ ਸੁਪਨਾ,
ਮੇਰਾ ਮਾਪਿਆਂ ਕਾਜ ਰਚਾਇਆ ।

ਹੋ ਗਏ ਫੇਰੇ ਪੜ੍ਹੀਆਂ ਲਾਵਾਂ ।
'ਦਿਲਬਰ' ਤੋਂ ਮੈਂ ਸਦਕੇ ਜਾਵਾਂ ।
ਨੀ ਡੋਲੀ ਵਿਚ ਪਾਕੇ ਲੈ ਗਏ,
ਸਾਡਾ ਰੱਬ ਨੇ ਮੇਲ ਕਰਾਇਆ ।
ਨੀ ਸਈਓ ! ਰਾਤੀਂ ਆਇਆ ਸੁਪਨਾ,
ਮੇਰਾ ਮਾਪਿਆਂ ਕਾਜ ਰਚਾਇਆ ।
ਨੀ ਬਾਜਾਂ ਵਾਲਾ ਸਿਹਰੇ ਬੰਨ੍ਹਕੇ,
ਮੈਨੂੰ ਆਪ ਵਿਆਹਵਣ ਆਇਆ ।

✲

# ਵਿਆਹ ਦੀ ਖੁਸ਼ੀ

ਭਾਗਾਂ ਨਾਲ ਵਿਆਹ ਦੀਆਂ, ਖੁਸ਼ੀਆਂ ਗਈਆਂ ਆ।
ਜਾਂਞੀ ਮਾਂਞੀ ਸਭ ਦੇ, ਚੜ੍ਹੇ ਦਿਲਾਂ ਨੂੰ ਚਾਅ।
ਰੀਝਾਂ ਖਿੜ-ਖਿੜ ਹੱਸੀਆਂ, ਨੈਣ ਰਹੇ ਮੁਸਕਾ।
ਸਾਕ ਸੰਬੰਧੀ ਦੂਰ-ਦੂਰ ਤੋਂ, ਚੱਲ ਕੇ ਪਹੁੰਚੇ ਆ।
ਲੜਕੀ ਵਾਲੇ ਰਾਹਾਂ ਵਿਚ ਰਹੇ ਨੇ ਨੈਣ ਵਿਛਾ।
ਕਲੀਆਂ ਖੇੜਾ ਵੰਡਿਆ, ਖੁਸ਼ਬੂ ਰਹੀਆਂ ਲੁਟਾ।
ਗੈਂਡਾ ਅਤੇ ਗੁਲਾਬ ਵੀ, ਰਹੇ ਨੇ ਮਹਿਕ ਖਿੰਡਾ।
ਦੇਵਤਿਆਂ ਨੇ ਅਰਸ਼ ਤੋਂ, ਦਿੱਤੀ ਛਹਿਬਰ ਲਾ।
ਮਿਲਣੀ ਕੀਤੀ ਸੱਜਣਾਂ, ਘੁੱਟ ਗਲਵੱਕੜੀ ਪਾ।
ਲੋਕ ਵਧਾਈਆਂ ਦੇਂਵਦੇ, ਰਿਹਾ ਏ ਵਕਤ ਸੁਹਾ।
ਜਾਂਞੀਂ ਜਸ਼ਨ ਮਨਾਂਵਦੇ, ਵਾਜੇ ਰਹੇ ਵਜਾ।
ਸੱਧਰਾਂ ਨੱਚਣ ਦਿਲਾਂ ਵਿਚ, ਘਰ ਵਿਚ ਹੈ ਉਤਸ਼ਾਹ।
ਗੀਤ ਮੇਲਣਾ ਗੌਂਦੀਆਂ, ਖੁਸ਼ੀਆਂ ਵਿਚ ਫਿਜ਼ਾ।
'ਦਿਲਬਰ' ਢਾਡੀ ਗਾਂਵਦੇ ਰੌਣਕ ਰਹੇ ਵਧਾ।

✲

# ਬਾਬਲ ਵੱਲੋਂ ਸਿਖਿਆ

ਨੀ ਧੀਏ ਘਰ ਜਾ ਆਪਣੇ ਤੇਰਾ ਬਾਬਲ ਵਿੱਦਿਆ ਕਰਦਾ।
ਇਸ ਜੱਗ ਦੀ ਹੈ ਰੀਤ ਬੱਚੀਏ, ਧੀਆਂ ਘਰ ਰਖਿਆਂ ਨਹੀਂ ਸਰਦਾ।
ਭੁੱਲਣੇ ਨਹੀਂ ਸਾਨੂੰ ਬੱਚੀਏ, ਤੇਰੇ ਬਚਪਨ ਦੇ ਗੁੱਡੀਆਂ ਪਟੋਲੇ।
ਭੈਣਾਂ ਤੇ ਭਰਾਵਾਂ ਤੇਰਿਆਂ ਕੀਤਾ ਨਹੀਂ ਅੱਖੀਆਂ ਤੋਂ ਓਹਲੇ।
ਤੂੰ ਛੱਡ ਚੱਲੀ ਖੇੜਾ ਬਾਪ ਦਾ, ਰੱਖੀਂ ਫਿਕਰ ਤੂੰ ਆਪਣੇ ਘਰ ਦਾ।
ਨੀ ਧੀਏ ਘਰ ਜਾ ਆਪਣੇ ਤੇਰਾ ਬਾਬਲ ਵਿੱਦਿਆ ਕਰਦਾ।
ਵਾਂਗਰਾਂ ਪ੍ਰਾਹੁਣਿਆਂ ਦੇ, ਏਸ ਵਿਹੜੇ ਦੀਆਂ ਰੌਣਕਾਂ ਵਧਾਈਆਂ।
ਤੂੰ ਕੂੰਜਾਂ ਵਾਂਗ ਉੱਡ ਚਲੀਓਂ ਅੱਜ ਮਾਪਿਆਂ ਨੂੰ ਪਾ ਕੇ ਜੁਦਾਈਆਂ।
ਲੋਕ ਵਧਾਈਆਂ ਦੇਂਵਦੇ, ਰਿਹਾ ਏ ਵਕਤ ਸੁਹਾ।
ਜਾਂਞੀਂ ਜਸ਼ਨ ਮਨਾਂਵਦੇ, ਵਾਜੇ ਰਹੇ ਵਜਾ।
ਸੱਧਰਾਂ ਨੱਚਣ ਦਿਲਾਂ ਵਿਚ, ਘਰ ਵਿਚ ਹੈ ਉਤਸ਼ਾਹ।
ਗੀਤ ਮੇਲਣਾ ਗੌਂਦੀਆਂ, ਖੁਸ਼ੀਆਂ ਵਿਚ ਫਿਜ਼ਾ।

ਸੱਧਰਾਂ ਨੱਚਣ ਦਿਲਾਂ ਵਿਚ, ਘਰ ਵਿਚ ਹੈ ਉਤਸ਼ਾਹ।
ਗੀਤ ਮੇਲਣਾ ਗੌਂਦੀਆਂ, ਖੁਸ਼ੀਆਂ ਵਿਚ ਫਿਜ਼ਾ।
'ਦਿਲਬਰ' ਢਾਡੀ ਗਾਂਵਦੇ, ਰੌਣਕ ਰਹੇ ਵਧਾ।

☆

## ਦਰਯੋਧਨ ਦਾ ਹੁਕਮ

ਦਰਯੋਧਨ ਨੇ ਸਭਾ ਵਿਚ ਦਿੱਤਾ ਹੁਕਮ ਸੁਣਾ।
ਐਸੇ ਵਕਤ ਦੁਸਾਸਨਾ ਮਹਿਲਾਂ ਦੇ ਵਿਚ ਜਾ।
ਪੰਚਾਲੀ ਨੂੰ ਬੰਨ੍ਹ ਕੇ ਸਭਾ ਦੇ ਵਿਚ ਲਿਆ।
(ਮੈਂ) ਗਿਣ-ਗਿਣ ਬਦਲੇ ਲੈ ਲਵਾਂ ਲਾਹ ਲਾਂ ਦਿਲ ਦੇ ਚਾ।
ਮੈਂ ਆਕੜ ਓਹਦੀ ਭੰਨ ਕੇ, ਖਾਮ 'ਚ ਦਿਆਂ ਮਿਲਾ।
ਮੈਂ ਆਪਣੇ ਸੱਜੇ ਪੱਟ 'ਤੇ ਉਸ ਨੂੰ ਲਵਾਂ ਬਿਠਾ।
ਮੈਂ ਉਹਦਾ ਠੱਠੇ ਕਰਨ ਦਾ ਦੇਵਾਂ ਬਦਲ ਸੁਭਾਅ।
ਮੈਂ ਜ਼ੁਲਫਾਂ ਅਤਰ ਸ਼ਿੰਗਾਰੀਆਂ ਗਲ ਵਿਚ ਦੇਵਾਂ ਪਾ।
ਮੈਂ ਉਹਦੇ ਚੀਰ ਉਤਾਰ ਕੇ ਨੰਗੀ ਦਿਆਂ ਖੜ੍ਹਾ।
ਮੈਂ ਤਾੜੀ ਮਾਰ ਕੇ ਹੱਸਣ ਦਾ ਦੇਵਾਂ ਮਜ਼ਾ ਚਖਾ।
ਉਹ ਦਾਸੀ ਮੇਰੀ 'ਦਿਲਬਰਾ' ਹਾਜ਼ਰ ਕਰੋ ਲਿਆ।

☆

## ਗੋਲੀ ਨੇ ਦਰੋਪਤੀ ਨੂੰ ਦੱਸਣਾ

ਨੀ ਉੱਠ ਗੱਲ ਸੁਣ ਰਾਣੀਏਂ ਤੈਨੂੰ ਲੈਣ ਦੁਸਾਸਨ ਆਇਆ।
ਨੀ ਰਾਜੇ ਦਰਯੋਧਨ ਨੇ ਤੈਨੂੰ ਐਸੇ ਵੇਲੇ ਸਭਾ 'ਚ ਬੁਲਾਇਆ।
ਸੋਹਲ ਤੇ ਮਲੂਕ ਜ਼ਿੰਦੜੀ ਤੇਰੇ ਰੂਪ ਤੋਂ ਚੰਨ ਸ਼ਰਮਾਵੇ।
ਤੂੰ ਰਾਣੀ ਪੰਜਾਂ ਪਾਂਡਵਾਂ ਦੀ ਤੇਰੇ ਗੁਣਾਂ ਨੂੰ ਵੀ ਹਰ ਕੋਈ ਸਲਾਹਵੇ।
ਨੀ ਵਰਤ ਗਈ ਏ ਹੋਣੀ ਰਾਣੀਏਂ ਕੈਸਾ ਰੱਬ ਨੇ ਸਬੱਬ ਹੈ ਬਣਾਇਆ।
ਨੀ ਉੱਠ ਗੱਲ ਸੁਣ ਰਾਣੀਏਂ ਤੈਨੂੰ ਲੈਣ ਦੁਸਾਸਨ ਆਇਆ।
ਹਾਰ ਤੋਂ ਸ਼ਿੰਗਾਰ ਲਾਇਕੇ ਬੈਠੀ ਮਹਿਲਾਂ 'ਚ ਜਗਾਵੇਂ ਜੋਤਾਂ।
ਪਤੀ ਤੇਰੇ ਜੂਆ ਖੇਡਿਆ, ਤੇਰੇ ਕੰਨਾਂ ਵਿਚ ਪਈਆਂ ਨਹੀਂ ਸਰੋਤਾਂ ?
ਨੀ ਰਾਜ ਭਾਗ ਸਾਰਾ ਹਾਰ ਗਿਆ ਓਹਨੇ 'ਦਾ' ਉਤੇ ਤੈਨੂੰ ਵੀਲਗਾਇਆ।
ਨੀ ਉੱਠ ਗੱਲ ਸੁਣ ਰਾਣੀਏਂ, ਤੈਨੂੰ ਲੈਣ ਦੁਸਾਸਨ ਆਇਆ।

ਲਾਹ ਦੇ ਸਭ ਗਹਿਣੇਂ ਰਾਣੀਏਂ ਲੋਕੀਂ ਵੇਖਕੇ ਕਰਨਗੇ ਹਾਸੀ।
ਰਾਜੇ ਦਰਯੋਧਨ ਦੀ ਹੁਣ- ਆਪ ਨੂੰ ਸਮਝ ਲੈ ਦਾਸੀ।
ਨੀ ਸਭਾ 'ਚ ਲਿਜਾਣਾ ਤੁਧ ਨੂੰ ਪਾਪੀ ਦੁਸ਼ਟ ਨੇ ਹੁਕਮ ਚੜ੍ਹਾਇਆ।
ਨੀ ਉੱਠ ਗੱਲ ਸੁਣ ਰਾਣੀਏਂ ਤੈਨੂੰ ਲੈਣ ਦੁਸਾਸਨ ਆਇਆ।
ਸੁਣ ਕੇ ਦਰੋਪਤਾ ਨੇ- ਉੱਚੀ ਧਾਹ ਮਹਿਲਾਂ ਵਿਚ ਮਾਰੀ।
ਗਲ ਵਿਚ ਪਈਆਂ ਜ਼ੁਲਫਾਂ ਟੁੱਟੀ ਰੋ ਕੱਜਲੇ ਦੀ ਧਾਰੀ।
ਵਾਹਿਗੁਰੂ ਦੇ ਰੰਗ 'ਦਿਲਬਰਾ' ਕਿਸੇ ਅੰਤ ਨਹੀਂ ਓਸਦਾ ਪਾਇਆ।
ਨੀ ਉੱਠ ਗੱਲ ਸੁਣ ਰਾਣੀਏਂ ਤੈਨੂੰ ਲੈਣ ਦੁਸਾਸਨ ਆਇਆ।

✡

## ਹੇਮ ਕੁੰਡ ਦਾ ਰਿਸ਼ੀ

ਹੇਮ ਕੁੰਡ ਦੇ ਰਿਸ਼ੀ ਨੂੰ ਹੁਕਮ ਦਿੱਤਾ ਕਰਤਾਰ।
ਜਨਮ ਲਵੋ ਵਿਚ ਮਾਤ ਲੋਕ ਮੇਟੋ ਅਤਿਆਚਾਰ।
ਵਾਹਿਗੁਰੂ ਦੇ ਨੂਰ ਦਾ ਹੋਇਆ ਪਟਨੇ ਵਿਚ ਅਵਤਾਰ।
ਦੇਵਤਿਆਂ ਨੇ ਅਰਸ਼ ਤੋਂ ਕੀਤੀ ਜੈ-ਜੈ ਕਾਰ।
ਦੁਸ਼ਟ ਦਮਨ ਗੁਰ ਸੂਰਮਾ ਆਇਆ ਕਲਗੀਧਰ।
ਜਿਸ ਪੰਥ ਖਾਲਸਾ ਸਾਜਿਆ ਅੰਮ੍ਰਿਤ ਕੀਤਾ ਤਿਆਰ।
ਜਿਸ ਰੱਖਿਆ ਕੀਤੀ ਧਰਮ ਦੀ ਝੱਲੇ ਕਸ਼ਟ ਹਜ਼ਾਰ।
ਜਿਸ ਸ਼ਕਤੀ ਭਗਤੀ ਬਖਸ਼ੀਆਂ ਮਾਲਾ ਤੇ ਤਲਵਾਰ।
ਜਿਸ ਨੇਕੀ ਤੇ ਉਪਕਾਰ ਲਈ ਵਾਰ ਦਿੱਤਾ ਪਰਿਵਾਰ।
ਜੀਹਦੀ ਨੂਰੀ ਕਲਗੀ ਸਾਹਮਣੇ ਝੁਕਿਆ ਕੁੱਲ ਸੰਸਾਰ।
ਜਿਸ ਜਾਤ ਪਾਤ ਨੂੰ ਮਟਕੇ ਕਰਨਾ ਦਸਿਆ ਪਿਆਰ।
ਜਿਸ ਗਿੱਦੜੋਂ ਸ਼ੇਰ ਬਣਾ ਦਿੱਤੇ ਨੀਚਾਂ ਤੋਂ ਸਰਦਾਰ।
ਜਿਸ ਡੁੱਬਦੀ ਹਿੰਦ ਦਾ 'ਦਿਲਬਰਾ' ਕੀਤਾ ਬੇੜਾ ਪਾਰ।

✡

# ਸੈਦਖਾਨ ਦੇ ਭੈਣ ਨਾਲ ਸਵਾਲ-ਜਵਾਬ

## ਤਰਜ਼—ਜੱਗਾ ਜੰਮਿਆਂ ਸਰੂ ਦਾ ਬੂਟਾ (ਫਿਲਮ ਜੱਗਾ)

ਸੈਦ ਖਾਨ- ਭੈਣੇ ਵੀਰ ਲਈ ਦੁਆ ਦਿਲੋਂ ਮੰਗ ਲੈ,
ਅੱਲਾ ਤਾਲਾ ਫਤਹ ਬਖਸ਼ੇ, ਅੱਜ ਨੀ ।
ਬਾਦਸ਼ਾਹ ਦੇ ਵਲੋਂ ਰਹਿ ਜਾਏ ਮੇਰੀ ਲੱਜ ਨੀ ।

ਨਸੀਰ ਬੇਗਮ- ਕਿੱਥੇ ਚਲਿਓਂ ਵੀਰਨਾ ਚੜ੍ਹਕੇ,
ਤੂੰ ਕਿਹੜੀ ਰਾਜਧਾਨੀ ਜਿੱਤਣੀ, ਵੀਰਿਆ ।
ਵੇ ਮੌਲਾ ਰੱਖੇ ਲਾਜ ਸਭ ਦੀ ਮੇਰੇ ਹੀਰਿਆ ।

ਸੈਦ ਖਾਨ- ਮੈਂ ਪੀਰ ਹਿੰਦੂਆਂ ਦਾ ਬੰਨ੍ਹਣਾ ।
ਚੱਲਿਆ ਅਨੰਦਪੁਰ 'ਤੇ, ਚੜ੍ਹਕੇ ।
ਪੈਰਾਂ ਵਿਚ ਪਾਵਾਂ ਬੇੜੀਆਂ ਓਹਨੂੰ ਫੜਕੇ ।

ਨਸੀਰ ਬੇਗਮ- ਗੁਰੂ ਦਸਵਾਂ ਗੋਬਿੰਦ ਸਿੰਘ ਸੂਰਮਾ,
ਬੜਾ ਪਰਤਾਪ ਉਸਦਾ, ਛਾ ਗਿਆ ।
ਦੁਨੀਆਂ ਤੇ ਰੂਪ ਧਾਰ ਕੇ ਰੱਬ ਆ ਗਿਆ ।

ਸੈਦਖਾਨ- ਹੋ ਕੇ ਭੈਣ ਤੂੰ ਨਸੀਰਾਂ ਮੇਰੀ,
ਕਾਫਰ ਦਾ ਜੱਸ ਗਾਂਵਦੀ, ਮੰਨ ਕੇ ।
ਰੱਬ ਨੂੰ ਲਿਔਣਾ ਸਾਮ੍ਹਣੇ ਤੇਰੇ ਬੰਨ੍ਹ ਕੇ ।

ਨਸੀਰ ਬੇਗਮ- ਉਹਨੂੰ ਝੁਕਦਾ ਜਗਤ ਹੈ ਸਾਰਾ,
ਉਹ ਬੜਾ ਕਰਾਮਾਤ ਦਾ ਧਣੀ ਪੀਰ ਵੇ ।
ਭੁੱਲਕੇ ਵੀ ਮੰਦਾ ਬੋਲੀਂ ਨਾ ਮੇਰੇ ਵੀਰ ਵੇ ।

ਸੈਦ ਖਾਨ ਜਦੋਂ ਝੋਕੀਆਂ ਮੈਦਾਨ ਵਿਚ ਫੌਜਾਂ,
ਲੈ ਵੇਖ ਲਾਂਗਾ ਤੇਗ ਦਾ ਧਨੀ, ਲੜਦਾ ।
ਜੰਗ ਵਿਚ ਮੇਰੇ ਸਾਹਮਣੇ ਕਿੰਨਾ ਅੜਦਾ

ਨਸੀਰ ਬੇਗਮ- ਉਹਦਾ ਇਕ-ਇਕ ਬੀਰ ਸਿਪਾਹੀ,
ਲੱਖਾਂ ਨੂੰ ਮੈਦਾਨ ਵਿਚ ਹੈ ਢਾਂਹਵਦਾ ।
ਤਾਹੀਉਂ ਉਹਦਾ ਸੀਰ 'ਦਿਲਬਰਾ' ਜੱਗ ਗਾਂਵਦਾ ।

✡

# ਦਸਮੇਸ਼ ਜੀ ਦੇ ਸ਼ਸਤਰ

## ਤਰਜ਼—ਵੀਰ ਮੇਰਿਆ ਸੋਹਣੀ...(ਜੁਗਨੀ)

ਇਹ ਸੋਹਣੇ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ ।
ਇਹ ਸ਼ਸਤਰ ਬੜੇ ਨਿਰਾਲੇ ਨੇ ।
ਪਹਿਨੇ ਸਨ ਕਲਗੀ ਵਾਲੇ ਨੇ ।
ਕਿਸੇ ਖਾਸ ਮਿਸਤਰੀ ਢਾਲੇ ਨੇ ।
ਵੀਰ ਮੇਰਿਆ ਸੋਹਣੇ ਈ ਉਏ...
ਸੋਹਣੇ ਇਹ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ ।
ਇਹ ਸ਼ਸਤਰ ਬੜੇ ਨਿਆਰੇ ਨੇ ।
ਇਹਨਾਂ ਲੱਖਾਂ ਜ਼ਾਲਮ ਮਾਰੇ ਨੇ ।
ਕਈ ਡੁੱਬਦੇ ਬੇੜੇ ਤਾਰੇ ਨੇ ।
ਵੀਰ ਮੇਰਿਆ ਸੋਹਣੇ ਈ ਉਏ...
ਸੋਹਣੇ ਇਹ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ ।
ਇਹ ਬਰਛਾਂ ਅਤੇ ਕਟਾਰ ਦਿਸ ।
ਇਹਨਾਂ ਵਿਚ ਕਲਗੀਧਰ ਦਿਸੇ ।
ਚੱਕਰ ਵਿਚ ੧ਓ ਦਿਸੇ ।
ਵੀਰ ਮੇਰਿਆ ਸੋਹਣੇ ਈ ਓਏ...
ਸੋਹਣੇ ਇਹ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ,
ਜਦ ਸਤਿਗੁਰੂ ਜੰਗ ਨੂੰ ਚੜ੍ਹਦੇ ਸੀ ।
ਇਹਨਾਂ ਨੂੰ ਹੱਥ ਵਿਚ ਫੜਦੇ ਸੀ ।
ਫਿਰ ਦੁਸ਼ਟਾਂ ਦੇ ਨਾਲ ਲੜਦੇ ਸੀ ।
ਵੀਰ ਮੇਰਿਆ...
ਸੋਹਣੇ ਇਹ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ ।
ਜਦ ਗੁਰੂ ਦਰਬਾਰ ਸਜਾਉਂਦੇ ਸੀ ।
ਇਹ ਤਖਤ ਦੇ ਨਾਲ ਸੁਹੌਂਦੇ ਸੀ ।

ਸਭ ਗੁਰਸਿੱਖ ਸੀਸ ਨਿਵੌਂਦੇ ਸੀ ।
ਵੀਰ ਮੇਰਿਆ ਸੋਹਣੇ ਈ ਉਏ...
ਸੋਹਣੇ ਇਹ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ ।
ਇਹ ਸਤਿਗੁਰੂ ਦੇ ਸੰਗ ਰਹਿੰਦੇ ਸੀ ।
ਮਜ਼ਲੂਮਾਂ ਦੇ ਦੁਖ ਸਹਿੰਦੇ ਸੀ ।
ਗੁਰੂ ! ਪੀਰ ਇਹਨਾਂ ਨੂੰ ਕਹਿੰਦੇ ਸੀ ।
ਵੀਰ ਮੇਰਿਆ ਸੋਹਣੇ ਈ ਓਏ...
ਸੋਹਣੇ ਇਹ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ ।
ਇਹ ਹੁਣੇ ਵਲੈਤੋਂ ਆਏ ਨੇ ।
ਭਾਰਤ ਸਰਕਾਰ ਮੰਗਾਏ ਨੇ ।
ਸੰਗਤਾਂ ਨੇ ਜਸ਼ਨ ਮਨਾਏ ਨੇ ।
ਵੀਰ ਮੇਰਿਆ ਸੋਹਣੇ ਈ ਉਏ...
ਸੋਹਣੇ ਇਹ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ ।
ਜਦ ਸੋਗ ਪੰਜਾਬ 'ਚ ਪੈ ਗਿਆ ਸੀ ।
ਖੁੱਸ ਰਾਜ ਗਿਆ ਦਿਲ ਢਹਿ ਗਿਆ ਸੀ ।
ਲਾਡ ਡਲਹੌਜੀ ਲੈ ਗਿਆ ਸੀ ।
ਵੀਰ ਮੇਰਿਆ ਸੋਹਣੇ ਈ ਓਏ...
ਸੰਨ ਛਿਆਠ ਉਨੀ ਸੌ ਆਇਆ ਸੀ ।
ਸਿੱਖ ਪੰਥ ਲਈ ਖੁਸ਼ੀ ਲਿਆਇਆ ਸੀ ।
ਅਸਾਂ ਲੱਖ-ਲੱਖ ਸ਼ੁਕਰ ਮਨਾਇਆ ਏ ।
ਵੀਰ ਮੇਰਿਆ ਸੋਹਣੇ ਈ ਓਏ...
ਸੋਹਣੇ ਇਹ ਸ਼ਸਤਰ ਪਿਆਰੇ ਨੇ ।
ਇਹ ਪੰਥ ਦੀ ਅੱਖ ਦੇ ਤਾਰੇ ਨੇ ।
ਸੰਗਤਾਂ ਬਲਿਹਾਰੇ ਜਾਂਦੀਆਂ ਨੇ ।
ਪਈਆਂ ਤਨ ਮਨ ਘੋਲ ਘੁਮਾਂਦੀਆਂ ਨੇ ।
ਨਾਲੇ ਸ਼ਬਦ 'ਦਿਲਬਰਾ' ਗਾਂਦੀਆਂ ਨੇ ।
ਵੀਰ ਮੇਰਿਆ ਸੋਹਣੇ ਈ ਓਏ...

✲

# ਦਸਮੇਸ਼ ਪਿਤਾ

*ਧੰਨ ਦਸਮੇਸ਼ ਪਿਤਾ ਚੋਜ਼ ਨੇ ਨਿਰਾਲੇ ਤੇਰੇ,*
*ਧਾਰ ਅਵਤਾਰ ਧਰਮ ਹਿੰਦਾ ਦਾ ਬਚਾਇਆ ਸੀ ।*
*ਮਾਤਾ-ਪਿਤਾ ਪੁੱਤ ਵਾਰੇ ਪਰਉਪਕਾਰ ਦੇ ਲਈ,*
*ਸੀਸ ਲੈ ਕੇ ਖੰਡੇ ਵਾਲਾ ਅੰਮ੍ਰਿਤ ਛਕਾਇਆ ਸੀ ।*
*ਚਿੜੀਆਂ ਨੇ ਮਸਤੇ ਹੋਏ ਬਾਜਾਂ ਨੂੰ ਮਰੋੜ ਦਿੱਤਾ,*
*ਦਸ ਲੱਖ ਨਾਲ ਮੱਥਾ ਚਾਲੀਆਂ ਨੇ ਡਾਹਿਆ ਸੀ ।*
*ਖੇੜਿਆਂ ਦੀ ਸੇਜ ਨਾਲੋਂ ਯਾਰ ਦਾ ਸੱਥਰ ਚੰਗਾ,*
*ਚੜ੍ਹਦੀ ਕਲਾ ਦਾ ਸਬਕ 'ਦਿਲਬਰਾ' ਪੜ੍ਹਾਇਆ ਸੀ ।*

☆

# ਸ਼ਾਨ ਵੱਖਰੀ

ਦਸਮ ਪਿਤਾ ਦੀ ਜੱਗ ਤੋਂ ਸ਼ਾਨ ਵੱਖਰੀ,
ਰੰਗ ਨਵਾਂ ਹੈ ਓਹਦੇ ਜੈਕਾਰਿਆਂ 'ਤੇ।
'ਚਮਕ' ਖੰਡੇ ਦੀ ਬਿਜਲੀ ਨੂੰ ਮਾਤ ਪਾਵੇ,
ਚੋਟ ਵੱਜਦੀ ਜਦੋਂ ਨਗਾਰਿਆਂ 'ਤੇ।
ਛੱਟੇ 'ਅੰਮ੍ਰਿਤ' ਦੇ ਨੈਣਾਂ ਵਿਚ ਜਦੋਂ ਮਾਰੇ,
ਲਾਲੀ ਚੜ੍ਹ ਗਈ ਪੰਜਾਂ ਪਿਆਰਿਆਂ 'ਤੇ।
ਨੀਲਾ ਦਲ ਸ਼ਿੰਗਾਰ ਸੀ ਨਾਚ ਕਰਦਾ,
ਔਂਦੇ ਸ਼ਹਿਨਸ਼ਾਹ ਜਦੋਂ ਲਲਕਾਰਿਆਂ 'ਤੇ।
ਕਲਗੀ ਵੇਖ ਕੇ ਸੂਰਜ ਸ਼ਰਮਾਂਵਦਾ ਸੀ,
ਚੰਡੀ ਚਮਕਦੀ ਪਿੜਾਂ ਸ਼ਿੰਗਾਰਿਆਂ 'ਤੇ।
ਫੁੱਲਾਂ ਵਾਂਗ ਅੰਗਿਆਰੇ ਮਧੋਲ ਸੁੱਟੇ,
ਨੱਚਣਾ ਦੱਸਿਆ ਖੰਡੇ ਦੋ ਧਾਰਿਆਂ 'ਤੇ।
ਸੇਜਾਂ ਮਖਮਲੀ ਸ਼ਰਮ ਵਿਚ ਡੁੱਬ ਗਈਆਂ,
ਮਾਹੀ ਸੌਂ ਗਿਆ ਕੰਡੇ ਖਿਲਾਰਿਆਂ 'ਤੇ।
ਉਹਦੇ ਨੈਣਾਂ ਵਿਚ ਪਿਆਰ ਦਾ ਹੜ੍ਹ ਵਗਦਾ
'ਦਿਲਬਰ' ਲੁੱਟਿਆ ਗਿਆ ਇਸ਼ਾਰਿਆਂ 'ਤੇ।

✡

# ਰਵਿਦਾਸ ਭਗਤ

ਜ਼ਾਤ-ਪਾਤ ਦੀ ਈਰਖਾ ਜਦ ਫੈਲੀ ਵਿਚ ਸੰਸਾਰ।
ਜਦ ਕੀਤਾ ਧਰਮ ਦੇ ਆਗੂਆਂ, ਨਫ਼ਰਤ ਦਾ ਪ੍ਰਚਾਰ।
ਜਦ ਵੰਡਿਆ ਗਿਆ ਸਮਾਜ ਸੀ, ਖਿੰਡ-ਪੁੰਡ ਗਿਆ ਪਿਆਰ।
ਕੋਈ 'ਸ਼ੂਦਰ' 'ਛੱਤਰੀ' ਬਣ ਗਏ ਪੰਡਤ ਤੇ ਚੁਮਿਆਰ।
ਕੁੱਲ ਦੁਨੀਆਂ ਭੁੱਲ ਕੇ ਰੱਬ ਨੂੰ ਨੀਚ ਨੂੰ ਰਹੀ ਦੁਰਕਾਰ।
ਜਦ ਕੂੜ ਅੰਧੇਰਾ ਛਾ ਗਿਆ,ਮੱਚ ਗਈ ਹਾਹਾਕਾਰ।
ਤਦ ਕਾਂਸ਼ੀ ਦੇ ਵਿਚ ਪ੍ਰਗਟਿਆ, ਬਾਲਕ ਅਜਬ ਨੁਹਾਰ।
ਉਹ ਜੋਤ ਨੂਰਾਨੀ ਜੱਗ 'ਤੇ, ਭੇਜੀ ਖੁਦ ਕਰਤਾਰ।
ਜਿਸ 'ਕਲਸੀ' ਮਾਂ ਦੀ ਕੁੱਖ ਨੂੰ ਕੀਤਾ ਆ ਉਜਿਆਰ।
ਜੀਹਦਾ ਨਾਮ ਭਗਤ ਰਵਿਦਾਸ ਸੀ ਜਿਸ ਤਪਦੇ ਦਿੱਤੇ ਠਾਰ।
ਜੀਹਦੇ ਚਰਣਾਂ ਉਤੇ ਝੁਕ ਗਏ, ਰਾਜੇ ਤੇ ਸਰਦਾਰ।
ਜੀਹਦਾ ਸਤਿਗੁਰੂ ਅਰਜਨ ਦੇਵ ਨੇ ਕੀਤਾ ਸੀ ਸਤਿਕਾਰ।
ਜੀਹਦੀ ਬਾਣੀ ਗੁਰੂ ਗ੍ਰੰਥ ਵਿਚ, ਚਾੜ੍ਹੀ ਸਿਰਜਣਹਾਰ।
ਜੋ ਸ਼ਰਣੀ ਆਇਆ 'ਦਿਲਬਰਾ' ਉਸ ਕੀਤੇ ਬੇੜੇ ਪਾਰ।

✫

# ਅਨੂਪ ਕੌਰ ਦੀ ਸ਼ਰਧਾ

## ਤਰਜ਼—ਮੇਰੀ ਡਿਗ ਪਈ ਚਰੀ ਵਿਚ ਗਾਨੀ...

ਨੀ ਸਈਓ ! ਮੈਨੂੰ ਚਾਅ ਚੜ੍ਹ ਗਏ,
ਅੱਜ ਮਿਲੇ ਰਵਿਦਾਸ ਪਿਆਰੇ ।
ਮੈਂ ਚਰਨਾਂ 'ਤੇ ਸੀਸ ਰਖਿਆ,
ਲੱਖਾਂ ਦਿਸ ਪਏ ਬੈਕੁੰਠ ਨਜ਼ਾਰੇ ।
ਜੀਹਦੇ ਜੀਹਦੇ ਭਾਗ ਖੁਲ੍ਹ ਗਏ,
ਉਹ ਚਰਣ ਸ਼ਰਨ ਚਲ ਆਇਆ ।
ਦੇ ਕੇ ਚਰਨਾਮਿਤ ਨੂੰ,
ਉਹਨਾਂ ਰਾਮ ਦਾ ਨਾਮ ਸੁਣਾਇਆ ।
ਨੀ ਪਲਾਂ 'ਚ ਚੁਰਾਸੀ ਟੁਟ ਗਈ,
ਨਿਉਂ ਨਿਉਂ ਝੁਕਦੇ ਅੰਬਰ ਦੇ ਤਾਰੇ ।
ਨੀ ਸਈਓ ਮੈਨੂੰ ਚਾਅ ਚੜ੍ਹ ਗਏ,
ਅੱਜ ਮਿਲੇ ਰਵਿਦਾਸ...

ਰੱਬ ਸੱਚੇ ਮਿਹਰਾਂ ਕੀਤੀਆਂ,
ਮੈਨੂੰ ਪ੍ਰੀਤਮ ਮਿਲੇ ਨਿਰੰਕਾਰੀ ।
ਬੁੱਲ੍ਹੀਆਂ 'ਤੇ ਹਾਸੇ ਨੱਚਦੇ,
ਡੁੱਲ੍ਹੇ ਨੈਣਾਂ ਵਿਚ ਨਾਮ ਖੁਮਾਰੀ ।
ਮੱਥੇ ਉਤੇ ਨੂਰ ਡਲ੍ਹਕੇ,
ਚੰਨ ਪੁੰਨਿਆਂ ਦਾ ਚਮਕਾਂ ਮਾਰੇ ।
ਨੀ ਸਈਓ ਮੈਨੂੰ ਚਾਅ ਚੜ੍ਹ ਗਏ,
ਅੱਜ ਮਿਲੇ ਰਵਿਦਾਸ ਪਿਆਰੇ ।

ਆਪ ਸੋਹਣਾ ਹੱਥ ਕੱਢਕੇ,
ਜਿਹਨੂੰ ਗੰਗਾ ਨੇ ਕੰਗਣ ਫੜਾਇਆ ।
ਪੱਥਰ ਵੀ ਵੇਖ ਤਰਦੇ,
ਜਿਹਨੂੰ ਪੰਡਤਾਂ ਸੀਸ ਨਿਵਾਇਆ ।
ਨੀ ਰੰਬੀ ਨਾਲ ਮੋਢਾ ਚੀਰਕੇ,
ਜੰਞੂ ਕੱਢ ਕੇ ਵਿਖਾਏ ਜਿਸ ਚਾਰੇ ।
ਨੀ ਸਈਓ ਮੈਨੂੰ ਚਾਅ ਚੜ੍ਹ ਗਏ,
ਅੱਜ ਮਿਲੇ ਰਵਿਦਾਸ...

ਨਾਥ ਕਈ ਮਛੰਦਰ ਜਿਹੇ,
ਬਹਿ ਗਏ ਜਾਲ ਗੰਗਾ ਤੇ ਤਣਕੇ ।
ਸਿੱਧਾ ਤਰਸ਼ੂਲ ਮਾਰਿਆ,
ਗਲ ਪੈ ਗਿਆ ਫੁੱਲਾਂ ਦਾ ਹਾਰ ਬਣਕੇ ।

ਨੀ ਗੋਰਖ ਜਿਹੇ ਜੋਗੀਆਂ ਦੇ,
ਓਹਦੇ ਸਾਹਮਣੇ ਚੱਲੇ ਨਾ ਚਾਰੇ ।
ਨੀ ਸਈਓ ਮੈਨੂੰ ਚਾਅ ਚੜ੍ਹ ਗਏ,
ਅੱਜ ਮਿਲੇ.....

ਪੰਡਤਾਂ ਦੇ ਠਾਕਰ ਡੁੱਬੇ,
ਵੇਖ ਪੱਥਰੀ ਭਗਤ ਦੀ ਤਰਦੀ ।
ਰਾਣੀ ਰਣਕੁੰਭ ਸਿੰਘ ਦੀ ਕਹਿੰਦੇ,
ਹੋ ਗਈ ਉਹਨਾਂ ਦੀ ਬਰਦੀ ।

ਸ਼ਰਨੀ ਜੋ ਆਇਆ 'ਦਿਲਬਰਾ'
ਬੇੜੇ ਉਸ ਦੇ ਪਾਰ ਉਤਾਰੇ ।
ਨੀ ਸਈਓ ਮੈਨੂੰ ਚਾਅ ਚੜ੍ਹ ਗਏ,
ਅੱਜ ਮਿਲੇ ਰਵਿਦਾਸ ਪਿਆਰੇ ।

✲

# ਗੁਰੂ ਅਰਜਨ ਦੇਵ ਤੇ ਚੰਦੂ ਦੇ ਸਵਾਲ-ਜਵਾਬ

ਤਰਜ਼—ਮਾਹੀਆ

ਚੰਦੂ- ਮੇਰਾ ਉੱਤਮ ਘਰਾਣਾ ਏਂ ।
ਰਿਸ਼ਤਾ ਨਾ ਮੋੜੋ ਗੁਰੂ ਜੀ—
ਤੁਹਾਨੂੰ ਕੁੜਮ ਬਨਾਣਾ ਏਂ ।

ਸਤਿਗੁਰੂ- ਲੱਭ ਵੱਡਿਆਂ ਅਮੀਰਾਂ ਨੂੰ ।
ਫੇਰ ਪਛਤਾਵੇਂਗਾ,
ਦੇ ਕੇ ਲੜਕੀ ਫਕੀਰਾਂ ਨੂੰ ।

ਚੰਦੂ- ਐਵੇਂ ਬਹੁਤਾ ਨਾ ਗਰੂਰ ਕਰੋ ।
ਇਸ ਵੇਲਾ ਨਹੀਂ ਜੇ ਲੱਭਣਾ-
ਰਿਸ਼ਤਾ ਮਨਜ਼ੂਰ ਕਰੋ ।

ਸਤਿਗੁਰੂ- ਕੁਛ ਸੋਚ ਦੁੜਾਓ ਤੁਸੀਂ ।
ਲਾਹ ਕੇ ਚੁਬਾਰੇ ਦੀ,
ਇੱਟ ਮੋਰੀ ਨੂੰ ਲਾਓ ਤੁਸੀਂ ।

ਚੰਦੂ- ਮਜ਼ਾ ਤੁਸਾਂ ਨੂੰ ਚਖਾ ਦਿਆਂਗਾ ।
ਮੰਨੀ ਜੇ ਨਾ ਗੱਲ ਗੁਰੂ ਜੀ—
ਤੱਤੀ ਤਵੀ 'ਤੇ ਬਿਠਾ ਦਿਆਂਗਾ ।

ਸਤਿਗੁਰੂ- ਦੁੱਖ ਝੱਲਣੋਂ ਨਹੀਂ ਝਕਦੇ ਹਾਂ ।
(ਪਰ) ਗੱਲ ਅਸੀਂ ਸੰਗਤਾਂ ਦੀ—
ਕਦੇ ਮੋੜ ਨਾ ਸਕਦੇ ਹਾਂ ।

ਚੰਦੂ- ਏਥੇ ਸੰਗਤਾਂ ਨੇ ਔਣਾ ਨਹੀਂ ।
ਦੇਗ 'ਚ ਉਬਾਲਿਆ ਜਦੋਂ-
ਫੇਰ ਕਿਸੇ ਨੇ ਛਡੌਣਾ ਨਹੀਂ ।

ਸਤਿਗੁਰੂ- ਇਕੋ ਓਟ ਕਰਤਾਰ ਦੀ ਏ—
ਰੱਬੀ ਬਾਣੀ ਰਿਦੇ ਵੱਸਦੀ,
ਜਿਹੜੀ ਤਪਿਆਂ ਨੂੰ ਠਾਰਦੀ ਏ ।
ਗੱਲ ਕਰਨੀ ਸੌਖੀ ਏ ।
'ਦਿਲਬਰ' ਸੱਚ ਬਦਲੇ—
ਜਿੰਦ ਵਾਰਨੀ ਔਖੀ ਏ ।

✡

# ਪੰਚਮ ਪਾਤਸ਼ਾਹ ਤੇ ਸਾਈਂ ਮੀਆਂ ਮੀਰ

## ਸਵਾਲ ਜਵਾਬ—ਤਰਜ਼ ਜੱਗਾ

ਮੀਆਂ ਮੀਰ- ਹੋ ਕੇ ਕੁੱਲ ਦੁਨੀਆਂ ਦਾ ਵਾਲੀ,
ਬੈਠਾ ਕੀ ਵਿਖਾਵੇ ਚੋਜ ਤੂੰ ਮਾਲਕਾ ।
ਜਰਿਆ ਨਹੀਂ ਜਾਂਦਾ ਵੇਖ ਕੇ ਜੱਗ ਮਾਲਕਾ ।

ਸਤਿਗੁਰੂ- ਅਸਾਂ ਸੱਚ ਤੇ ਅਸੂਲ ਲਈ ਡਟ ਕੇ,
ਵੱਲ ਕੁਰਬਾਨੀ ਦਾ, ਦੱਸਣਾ ।
ਦੁੱਖ ਸੁੱਖ ਵਿਚ ਚਾਹੀਦਾ ਸਦਾ ਹੱਸਣਾ ।

ਮੀਆਂ ਮੀਰ- ਕਦੇ ਮਖਮਲ ਦੇ ਨਰਮ ਵਿਛੌਣੇ,
ਤੇ ਕਦੇ ਇਹ ਲੋਹ ਤੱਪਦੀ, ਭਾਵੇਂ ਨਾ ।
ਤੇਰਿਆਂ ਕੌਤਕਾਂ ਦੀ ਸਮਝ ਆਵੇ ਨਾ ।

ਸਤਿਗੁਰੂ- ਸਾਡੇ ਕੋਲ ਹੈ ਇਲਾਹੀ ਬਾਣੀ,
ਤਪੇ ਸੜੇ ਹਿਰਦਿਆਂ ਨੂੰ ਠਾਰਦੀ ।
ਇਕੋ ਸਾਨੂੰ ਓਟ ਸਾਈਂ ਜੀ ਨਿਰੰਕਾਰ ਦੀ ।

ਮੀਆਂ ਮੀਰ- ਦਿਲ ਕਰਦਾ ਗਰਕ ਕਰ ਦੇਵਾਂ,
ਦਿੱਲੀ ਤੇ ਲਾਹੌਰ ਭੇੜਕੇ, ਭੇੜਕੇ ।
ਧਰਤੀ ਅਕਾਸ਼ ਦੋਹਾਂ ਨੂੰ ਪੁੱਠਾ ਗੇੜ ਕੇ ।

ਸਤਿਗੁਰੂ- ਕਦੇ ਫੱਕਰ ਨਹੀਂ ਘਬਰੌਂਦੇ,
ਭਾਣਾ ਉਹਦਾ ਮਿੱਠਾ ਮੰਨਦੇ, ਫੱਬਦੇ ।
ਸਾਰਿਆਂ ਦਾ ਭਲਾ ਮੰਗਦੇ ਬੰਦੇ ਰੱਬ ਦੇ ।

ਮੀਆਂ ਮੀਰ- ਜਿੰਨੇ ਦੇਗ 'ਚ ਬਿਠਾਇਆ ਤੈਨੂੰ,
ਮੈਂ ਉਹਦਾ ਸਰਬ ਨਾਸ਼ ਕਰ ਦਿਆਂ, ਕੱਸਦੇ ।
ਇਕ ਵੇਰਾਂ ਅੱਖਾਂ ਖੋਲ੍ਹ ਕੇ, ਯਾਰਾਂ ਦੱਸ ਦੇ ।

ਸਤਿਗੁਰੂ- ਸਾਨੂੰ ਕਿਸੇ ਤੇ ਗਿਲ੍ਹਾ ਨਹੀਂ ਕੋਈ,
ਭਾਣਾ ਮਿੱਠਾ ਲੱਗੇ ਯਾਰ ਦਾ, ਯਾਰ ਦਾ ।
ਦੇਣਾ ਉਪਦੇਸ਼ 'ਦਿਲਬਰਾ' ਅਸਾਂ ਪਿਆਰ ਦਾ ।

✫

# ਨਿਰੰਕਾਰੀ ਜੋਤ

## ਤਰਜ਼—ਕਲੀ

ਜਦੋਂ ਜ਼ੁਲਮ ਪਾਪ ਸੀ ਸਾਰੇ ਜੱਗ 'ਤੇ ਛਾ ਗਿਆ,
ਕਰਦੇ ਦਿਨੇ ਰਾਤ ਦੀ ਦੁਖੀਏ ਹਾਹਾਕਾਰ ਨੂੰ।
ਰਾਜੇ ਹੋਏ ਕਸਾਈ ਹਾਕਮ ਰਿਸ਼ਵਤਖੋਰ ਸੀ,
ਪੀਂਦੇ ਲਹੂ ਪਰਜਾ ਦਾ ਕਰਦੇ ਸੀ ਸ਼ਿਕਾਰ ਨੂੰ।
ਅੱਖੀਂ ਵੇਂਹਦਿਆਂ ਇੱਜ਼ਤ ਬਹੂ ਬੇਟੀ ਦੀ ਲਹਿੰਦੀ ਸੀ,
ਦਿਨੇ ਦੀਵੀਂ ਡਾਕੂ ਲੁੱਟਦੇ ਸੀ ਘਰ-ਬਾਰ ਨੂੰ।
ਆਏ ਦਿਨ ਕਾਬਲ ਤੋਂ ਹਮਲੇ ਹੁੰਦੇ ਰਹਿੰਦੇ ਸੀ,
ਦੁਸ਼ਟ ਗਰੀਬਾਂ ਤੇ ਅਜ਼ਮੌਂਦੇ ਸੀ ਤਲਵਾਰ ਨੂੰ।
ਮੰਦਰ ਸ਼ਿਵ ਦੁਆਲਿਆਂ ਵਿਚ ਰੱਤ ਗਊਆਂ ਦੀ ਡੁੱਲ੍ਹਦੀ ਸੀ,
ਐਸਾ ਜ਼ਾਲਮਾਂ ਚਾੜ੍ਹਿਆ ਰੰਗ ਮਜ਼੍ਹਬੀ ਪਰਚਾਰ ਨੂੰ।
ਲੜਕਾ ਲੜਕੀ ਚੰਗੀ ਹਿੰਦੂਆਂ ਘਰ ਨਾ ਰਹਿੰਦੀ ਸੀ,
ਬੰਨ੍ਹਕੇ ਲੈ ਜਾਂਦੇ ਸੀ ਗਜਨੀ ਅਤੇ ਕੰਧਾਰ ਨੂੰ।
ਰੋ-ਰੋ ਧਾਹਾਂ ਭਾਰਤ ਮਾਤਾ ਨੇ ਸੀ ਮਾਰੀਆਂ,
ਡੋਲਿਆ ਧੌਲ ਧਰਮ ਤੇ ਧਰਤੀ ਕਰੇ ਪੁਕਾਰ।
ਹੋ ਕੇ ਮਜ਼ਲੂਮਾਂ ਦੇ ਦਰ ਉਹਦੇ 'ਤੇ ਪਹੁੰਚੇ ਜਾਂ,
ਆ ਗਿਆ ਵਿਚ ਤਲਵੰਡੀ ਧਾਰ ਕੇ ਅਵਤਾਰ ਨੂੰ।
ਮਿਟ ਗਈ ਧੁੰਦ ਪਾਪ ਦੀ ਚਾਨਣ ਹੋ ਗਿਆ ਨਾਮ ਦਾ,
ਸੋਹਣੇ ਮੁੱਖੜੇ 'ਚੋਂ ਜਾ ਬੋਲਿਆ ਸਤਿ ਕਰਤਾਰ ਨੂੰ।
ਉਜੜੇ ਖੇਤ ਵਸਾਏ ਕ੍ਰਿਤੀਆਂ ਅਤੇ ਕਿਸਾਨਾਂ ਦੇ,
ਮੱਝੀਆਂ ਚਾਰੀਆਂ ਦੱਸਿਆ ਕਰੋ ਧਰਮ ਦੀ ਕਾਰ ਨੂੰ।
ਸੱਚਾ ਸੌਦਾ ਕਰਕੇ ਭੁੱਖਿਆਂ ਤਾਈਂ ਰਜਾਇਆ ਸੀ,
ਪਾ ਕੇ ਕਦਰ ਪ੍ਰੇਮ ਦੀ ਤਾਰਿਆ ਰਾਏ ਬੁਲਾਰ ਨੂੰ।
ਕੋਧਰਾ ਹੱਸ ਕੇ ਖਾਧਾ ਲਾਲੋ ਜਿਹੇ ਗਰੀਬਾਂ ਦਾ,
ਮੂੰਹ ਨਾ ਲਾਇਆ ਭਾਗੋ ਜਿਹੇ ਸਰਮਾਇਆਦਾਰ ਨੂੰ।

ਕਈ ਫਕੀਰ, ਨਾਥ ਤੇ ਜੋਗੀ, ਪੰਡਤ ਸੁਧਾਰੇ ਸੀ,
ਕੀਤਾ ਗਿਆਨ ਤੋੜਿਆ ਵਲੀਆ ਦੇ ਹੰਕਾਰ ਨੂੰ।
ਕਹਿੰਦੇ ਰਹੇ ਕੁਰਾਹੀਆ ਲੋਕ ਪਿਆਰੇ 'ਦਿਲਬਰ' ਨੂੰ,
ਮੰਦਰ ਸਤਿਨਾਮ ਦਾ ਪੜ੍ਹ ਤਾਰਿਆ ਸੰਸਾਰ।

✡

# ਬਾਬਾ ਸਾਹਿਬ ਸਿੰਘ ਬੇਦੀ

## ਤਰਜ਼—ਝੋਕ

ਬੇਦੀਆਂ ਦੀ ਬੰਸ ਪਵਿੱਤਰ ਕੀਤੀ ਕਰਤਾਰ ਨੇ ।
ਆਪ ਗੁਰੂ ਨਾਨਕ ਆਏ ਧਾਰ ਅਵਤਾਰ ਨੇ ।
ਜਿਹਨਾਂ ਨੂੰ ਸੀਸ ਨਿਵਾਇਆ ਸਾਰੇ ਸੰਸਾਰ ਨੇ ।
ਲੱਖਾਂ ਕਰੋੜਾਂ ਪਾਪੀ ਸਤਿਗੁਰ ਨੇ ਤਾਰੇ ਜੀ।
ਚਮਕਦੇ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਚਮਕਦੇ ਸਦਾ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਏਸੇ ਹੀ ਕੁਲ ਵਿਚ ਹੋਏ ਬਾਬੇ ਕਲਾਧਾਰੀ ਸੀ ।
ਜਿਹਨਾਂ ਦੇ ਨੈਣੀਂ ਰਹਿੰਦੀ ਨਾਮ ਖੁਮਾਰੀ ਸੀ ।
ਕਲਗੀਧਰ ਨਾਲ ਜਿਨ੍ਹਾਂ ਦੀ ਪ੍ਰੀਤ ਨਿਆਰੀ ਸੀ ।
ਬੇਦੀ ਸ਼ਹਿਜ਼ਾਦੇ ਦਸਵੇਂ ਗੁਰੂ ਨੇ ਸਤਿਕਾਰੇ ਜੀ।
ਚਮਕਦੇ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਚਮਕਦੇ ਸਦਾ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਖਾਲਸਾ ਪੰਥ ਦੇ ਵਿਗੜੇ ਕਾਜ ਸਵਾਰਨ ਨੂੰ ।
ਸਾਹਿਬ ਸਿੰਘ ਬਾਬਾ ਆਇਆ ਦੁਨੀਆਂ ਦੇ ਤਾਰਨ ਨੂੰ ।
ਦੁਖੀਆਂ ਦੇ ਦੁੱਖ ਹਰਣ ਨੂੰ ਪਾਪੀ ਉਧਾਰਣ ਨੂੰ ।
'ਨਾਮ' ਦੇ ਛੱਟੇ ਦੇ ਕੇ ਤਪਦੇ ਦਿਲ ਠਾਰੇ ਜੀ।
ਚਮਕਦੇ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਚਮਕਦੇ ਸਦਾ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
'ਊਨੇ' ਵਿਚ ਜਨਮ ਧਾਰਕੇ ਪ੍ਰਗਟਿਆ ਸੂਰਾ ਸੀ ।
ਸਿੱਖੀ ਪ੍ਰਚਾਰ ਦਾ ਮੋਢੀ ਕਰਨੀ ਦਾ ਪੂਰਾ ਸੀ ।
ਦੁਸ਼ਟ ਜਰਵਾਣੇ ਕੀਤੇ ਰਣਾਂ ਵਿਚ ਚੂਰਾ ਜੀ ।
ਮਾਤਾ ਸਰੂਪ ਕੌਰ ਤੋਂ ਜਾਈਏ ਬਲਿਹਾਰੇ ਜੀ।
ਚਮਕਦੇ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਚਮਕਦੇ ਸਦਾ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਸਿੰਘਾਂ ਦਾ ਬੇ-ਸ਼ੁਮਾਰ ਦਲ ਤਾਬਿਆ ਵਿਚ ਰਹਿੰਦਾ ਸੀ ।
ਪੈਂਤੀ ਮਣ ਲੂਣ ਬਾਬੇ ਦੇ ਲੰਗਰ ਵਿਚ ਪੈਂਦਾ ਸੀ ।
ਉਹਨਾਂ ਨੂੰ ਦੇਗ 'ਤੇਗ' ਦੇ ਧਣੀ ਜੱਗ ਕਹਿੰਦਾ ਸੀ ।

ਸੋਧੇ ਕਈ ਜ਼ਾਲਮ ਕਈ ਯੁੱਧਾਂ ਵਿਚ ਮਾਰੇ ਜੀ।
ਚਮਕਦੇ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਚਮਕਦੇ ਸਦਾ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।

'ਲੀਡਰ' ਜਰਨੈਲ 'ਦਿਲਬਰਾ' ਪੰਥ ਨੇ ਮੰਨੇ ਸੀ ।
'ਦਰਦੀ' ਸੀ ਸਿੱਖ ਰਾਜ ਦੀ ਨੀਤੀ ਵਿਚ ਫੰਨੇ ਸੀ ।
ਸ਼ੇਰੇ-ਪੰਜਾਬ ਦੇ ਬੇੜੇ ਲਾ ਦਿੱਤੇ ਬੰਨੇ ਸੀ ।

ਅੰਮ੍ਰਿਤ ਪ੍ਰਚਾਰ ਕੀਤਾ ਛੱਡੇ ਜੈਕਾਰੇ ਜੀ।
ਚਮਕਦੇ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।
ਚਮਕਦੇ ਸਦਾ ਰਹਿਣਗੇ ਬੇਦੀ ਕੁਲ ਦੇ ਸਿਤਾਰੇ ਜੀ।

✡

# ਰੰਗਲੇ ਪੰਜਾਬ ਦੇ ਉਤੋਂ

ਰੰਗਲੇ ਪੰਜਾਬ ਦੇ ਉਤੋਂ, ਨੀ ਮੈਂ ਲੱਖ ਸੁਰਗਾਂ ਨੂੰ ਵਾਰਾਂ ।
ਗਾੜ੍ਹੀ ਛਾਂ ਪਿੱਪਲਾਂ ਦੀ, ਜਿਥੇ ਕੁੜੀਆਂ ਖੇਡਦੀਆਂ ਸਾਵੇਂ ।
ਬੁੱਲ੍ਹੀਆਂ 'ਤੇ ਗੀਤ ਨੱਚਦੇ ਜਿਥੇ ਅੱਖੀਆਂ 'ਚ ਪਿਆਰ ਪਰਛਾਵੇਂ ।
ਗੱਭਰੂ ਫੌਲਾਦੀ ਵਸਦੇ, ਜਿਥੇ ਅਣਖੀ ਵੱਸਣ ਮੁਟਿਆਰਾਂ ।
ਰੰਗਲੇ ਪੰਜਾਬ ਦੇ ਉਤੋਂ, ਨੀ ਮੈਂ ਲੱਖ ਸੁਰਗਾਂ ਨੂੰ ਵਾਰਾਂ ।
ਬਾਗਾਂ 'ਚ ਸੰਧੂਰੀ ਅੰਬੀਆਂ, ਉਤੇ ਉਡਦੇ ਲਾਲਚੀ ਤੋਤੇ ।
ਕੋਇਲ ਜਾਂ ਕੂਕਾਂ ਮਾਰਦੀ, ਜਾਂਦੇ ਨੈਣ ਕਿਸੇ ਯਾਦ 'ਚ ਪਰੋਤੇ ।
ਲੋਕਾਂ ਭਾਣੇ ਚਲੇ ਗੋਪੀਆ, ਨੀ ਮੈਂ ਮਾਹੀ ਨੂੰ ਹਾਕਰਾਂ ਮਾਰਾਂ ।
ਰੰਗਲੇ ਪੰਜਾਬ ਦੇ ਉਤੋਂ, ਨੀ ਮੈਂ ਲੱਖ ਸੁਰਗਾਂ ਨੂੰ ਵਾਰਾਂ ।
ਕਣਕਾਂ ਹੁਲਾਰੇ ਲੈਂਦੀਆ ਜਿਥੇ ਕੋਠੇ-ਕੋਠੇ ਜਿੱਡੇ ਹੁੰਦੇ ਗੰਨੇ ।
ਖਿੜ੍ਹੀਆਂ ਕਪਾਹਵਾਂ ਵੇਖ ਕੇ, ਜੱਟ ਖੁਸ਼ੀ ਵਿਚ ਫਿਰੇ ਬੰਨੇ-ਬੰਨੇ ।
ਸੋਨਾ ਪਈ ਉਗਾਵੇ ਧਰਤੀ, ਜਿਥੇ ਚਾਂਦੀ ਦੀਆਂ ਵਹਿੰਦੀਆਂ ਨੇ ਧਾਰਾਂ ।
ਰੰਗਲੇ ਪੰਜਾਬ ਦੇ ਉਤੋਂ, ਨੀ ਮੈਂ ਲੱਖ ਸੁਰਗਾਂ ਨੂੰ ਵਾਰਾਂ ।
ਉਸਰਿਆ ਵੇਖ ਭਾਖੜਾ, ਦੇਸ਼ ਖੁਸ਼ੀ 'ਚ ਬੋਲੀਆਂ ਪਾਵੇ ।
ਪਿੰਡ-ਪਿੰਡ ਜਾਣ ਸੜਕਾਂ, ਪਈ ਬਿਜਲੀ ਅੱਖਾਂ ਮਟਕਾਵੇ ।
ਚਾਟੀਆਂ 'ਚ ਮਧਾਣੀ ਨੱਚਦੀ ਨਾਲ ਗੀਤਾਂ ਦੀਆਂ ਪੈਂਦੀਆਂ ਗੁੰਜ਼ਾਰਾਂ ।
ਰੰਗਲੇ ਪੰਜਾਬ ਦੇ ਉਤੋਂ, ਨੀ ਮੈਂ ਲੱਖ ਸੁਰਗਾਂ ਨੂੰ ਵਾਰਾਂ ।
ਗਿੱਧਾ ਜਦੋਂ ਪੌਣ ਨੱਢੀਆਂ, ਵਿਚ ਬਿਸ਼ਨੀ ਬੋਲੀਆਂ ਪਾਵੇ ।
ਅੰਬਰ ਤੋਂ ਖੋਲ੍ਹ ਬਾਰੀਆਂ, ਝਾਤੀਆਂ ਮਾਰਦਾ ਇੰਦਰ ਲਲਚਾਵੇ ।
ਕਲੀਆਂ 'ਤੇ ਰੂਪ ਡੁਲ੍ਹਕੇ, ਜਦੋਂ ਬਾਗਾਂ ਵਿਚ ਔਂਦੀਆਂ ਬਹਾਰਾਂ ।
ਰੰਗਲੇ ਪੰਜਾਬ ਦੇ ਉਤੋਂ, ਨੀ ਮੈਂ ਲੱਖ ਸੁਰਗਾਂ ਨੂੰ ਵਾਰਾਂ ।
ਢੋਲਾ ਬਾਹਰ ਹਲ ਵਾਹਵਦਾ, ਭੱਤਾ ਲੈ ਕੇ ਆਂਵਦੀ ਗੋਰੀ ।
ਗੰਦਲਾਂ ਵੀ ਚੁੱਕ ਅੱਡੀਆਂ, ਪਈਆਂ ਰੂਪ ਨੂੰ ਵੇਖਦੀਆਂ ਚੋਰੀ ।
ਨੱਢੀ ਜਦੋਂ ਸਾਗ ਤੋੜਦੀ, ਲੱਕ ਖਾਂਵਦਾ ਫਿਰੇ ਲਚਕਾਰਾਂ ।
ਰੰਗਲੇ ਪੰਜਾਬ ਦੇ ਉਤੋਂ, ਨੀ ਮੈਂ ਲੱਖ ਸੁਰਗਾਂ ਨੂੰ ਵਾਰਾਂ ।
ਆਟੇ ਵਿਚ ਰੂਪ ਘੁਲਦਾ ਜਦੋਂ ਗੁੰਨਦੀ ਤੇ ਨਾਲੇ ਨਾਜੋ ਗਾਉਂਦੀ ।
ਰੋਟੀਆਂ ਨੂੰ ਰੰਗ ਚੜ੍ਹ ਜਾਏ, ਜਦੋਂ ਮਹਿੰਦੀ ਰੰਗੇ ਹੱਥ ਹੈ ਛੁਹਾਉਂਦੀ ।
'ਦਿਲਬਰ' ਨੂੰ ਗੀਤ ਭੁੱਲ ਜੇ, ਜਦੋਂ ਪੈਂਦੀ ਏ ਪੰਜਾਬ ਛਣਕਾਰਾਂ ।
ਰੰਗਲੇ ਪੰਜਾਬ ਦੇ ਉਤੋਂ, ਨੀ ਮੈਂ ਲੱਖ ਸੁਰਗਾਂ ਨੂੰ ਵਾਰਾਂ ।

✲

# ਅਸੀਂ ਦੇਸ਼ ਤੋਂ ਜ਼ਿੰਦੜੀ ਵਾਰਾਂਗੇ

ਸਭ ਮਿੱਤਰ ਚਾਰਾ ਛੱਡ ਕੇ ਤੇ ਅੱਜ ਬਣ ਗਿਆ ਚੀਨ ਨਗੱਲਾ ਏ।
ਉਹ ਪੰਚ ਸ਼ੀਲ ਨੂੰ ਭੁੱਲ ਗਿਆ, ਉਹ ਹੋ ਗਿਆ ਪਾਗਲ ਝੱਲਾ ਏ।
ਉਸ ਤਾਕਤ ਦੀ ਮਗਰੂਰੀ ਵਿਚ, ਭਾਰਤ ਤੇ ਕੀਤਾ ਹੱਲਾ ਏ।
ਉਸ ਅਚਨਚੇਤ ਸਰਹੱਦਾਂ 'ਤੇ, ਆ ਪਾ ਦਿੱਤਾ ਥਰਥੱਲਾ ਏ।
ਉਸ ਖੋਹ ਇਲਾਕਾ ਭਾਰਤ ਦਾ, ਧੋਖੇ ਵਿਚ ਮਾਰਿਆ ਮੱਲਾ ਏ।
ਓਹ ਰਾਮ ਰਹੀਮ ਨੂੰ ਭੁੱਲ ਗਿਆ, ਨਾ ਯਾਦ ਓਸ ਦੇ ਅੱਲਾ ਏ।
ਉਹਨੂੰ ਦੁਨੀਆਂ ਬਹੁਤੀ ਛੱਡ ਗਈ ਓਹ ਰਹਿ ਗਿਆ ਕੱਲ-ਮੁਕੱਲਾ ਏ।
ਇਕ ਪਾਕਿਸਤਾਨ ਵੀ ਆ ਰਲਿਆ, ਉਸ ਘੁੱਟਕੇ ਫੜ ਲਿਆ ਪੱਲਾ ਏ।
ਦੁਸ਼ਟਾਂ ਦੀ ਯਾਰੀ ਲੱਗ ਗਈ, ਪਰੀਤਾਂ ਦਾ ਭਾਅ ਸਵੱਲਾ ਏ।
ਇਹਨਾਂ ਹਲਕੇ ਹੋਏ ਕੁੱਤਿਆਂ ਨੂੰ, ਹੁਣ ਪੌਣਾਂ ਪੈਣਾਂ ਛੱਲਾ ਏ।
ਅਸੀਂ ਯੋਧੇ ਹਾਂ ਕੋਈ ਬੁਜ਼ਦਿਲ ਨਹੀਂ ਵੈਰੀ ਮੈਦਾਨ ਵੰਗਾਰਾਂਗੇ।
ਇਹ ਲਈ ਅਜ਼ਾਦੀ ਸਿਰ ਦੇ ਕੇ, ਅਸੀਂ ਏਸ ਤੋਂ ਜ਼ਿੰਦੜੀ ਵਾਰਾਂਗੇ।
ਉਸ ਧਾਵ੍ਹਾਂ ਕਰਕੇ ਵੇਖ ਲਿਆ, ਅਸੀਂ ਦੰਦ ਜਾ ਕੀਤੇ ਖੱਟੇ ਨੇ।
ਓਥੇ ਇਕ ਬੀਰ ਪੰਜਾਬੀ ਨੇ, ਫੜ ਸੌ-ਸੌ ਚੀਨੇ ਸੱਟੇ ਨੇ।
ਧਾੜਾਂ ਦੀਆਂ ਧਾੜਾਂ ਚੜ੍ਹ ਆਈਆਂ, ਸਭ ਵੇਖੇ ਚੱਟੇ ਵੱਟੇ ਨੇ।
ਓਹ ਤਿੰਨ-ਤਿੰਨ ਫੁੱਟੇ ਫੀਨੇ ਨੇ, ਸਾਡੇ ਗੱਭਰੂ ਹੱਟੇ ਕੱਟੇ ਨੇ।
ਅਸਾਂ ਭੱਮਟਾਂ ਵਾਂਗੂੰ ਭੁੰਨ ਦਿੱਤੇ, ਵਿਚ ਪਲਾਂ ਮੁਕਾਏ ਰੱਟੇ ਨੇ।
ਅਸੀਂ ਸ਼ੇਰਾਂ ਵਾਂਗੂੰ ਬੜਕੇ ਜਦ, ਖੌਰੂ ਪਾ ਪਰਬਤ ਪੱਟੇ ਨੇ।
ਅਸੀਂ ਰੇੜ੍ਹੇ ਵਾਂਗ ਬਟੇਰਿਆਂ ਦੇ, ਅਸੀਂ ਤਿੱਤਰਾਂ ਵਾਂਗ ਉਲੱਟੇ ਨੇ।
ਪੂਰਾਂ ਦੇ ਪੂਰ ਖਪਾ ਦਿੱਤੇ, ਅਸਾਂ ਵਿਚ ਮਿਲਾਏ ਘੱਟੇ ਨੇ।
ਅਸੀਂ ਹੁਣ ਵੀ ਪਿਛੇ ਹਟਣਾ ਨਹੀਂ ਜਾ ਮਰ ਜਾਂਗੇ ਜਾਂ ਮਾਰਾਂਗੇ।
ਇਹ ਲਈ ਅਜ਼ਾਦੀ ਸਿਰ ਦੇ ਕੇ, ਅਸੀਂ ਏਸ ਤੋਂ ਜ਼ਿੰਦੜੀ ਵਾਰਾਂਗੇ।
ਅਸੀਂ ਬਿਜਲੀ ਵਾਂਗੂੰ ਕੜਕਾਂਗੇ, ਅਸੀਂ ਰਣ ਵਿਚ ਭੜਥੂ ਪਾਵਾਂਗੇ।
ਅਸੀਂ ਬੱਦਲ ਵਾਂਗੂੰ ਗੱਜਾਂਗੇ, ਅਸੀਂ ਨਵਾਂ ਤੂਫਾਨ ਲਿਆਵਾਂਗੇ।
ਅਸੀਂ ਰੂਪ ਭੂਚਾਲ ਦਾ ਧਾਰਾਂਗੇ, ਵੈਰੀ ਦੀਆਂ ਜੜਾਂ ਹਿਲਾਵਾਂਗੇ।
ਕੰਨਾਂ ਨੂੰ ਹੱਥ ਲਵਾਵਾਂਗੇ, ਫੜ ਨਾਨੀ ਯਾਦ ਕਰਾਂਵਾਂਗੇ।
ਅਸੀਂ ਗੀਤ ਹੁਸਨ ਦੇ ਪੜ੍ਹਨੇ ਨਹੀਂ, ਅਸੀਂ ਮਾਰੂ ਸੋਹਲ੍ਹੇ ਗਾਵਾਂਗੇ।
ਅਸੀਂ ਖ਼ੂਨ ਦਾ ਰੰਗ ਚੜ੍ਹਾ ਕੇ ਤੇ, ਕੌਮੀ ਝੰਡਾ ਲਹਿਰਾਵਾਂਗੇ।

ਜੋ ਸਾਡੀ ਹਿੱਕ 'ਤੇ ਪੈਰ ਧਰੂ, ਉਹਦੀ ਪੁੱਠੀ ਖੱਲ ਉਤਾਰਾਂਗੇ।
ਇਹ ਲਈ ਅਜ਼ਾਦੀ ਸਿਰ ਦੇ ਕੇ, ਅਸੀਂ ਏਸ ਤੋਂ ਜ਼ਿੰਦੜੀ ਵਾਰਾਂਗੇ।
ਅਸੀਂ ਦੁਨੀਆਂ ਤਾਈਂ ਦੱਸ ਦਿੱਤਾ, ਡਰ ਦੇਣਾ ਨਹੀਂ ਅਸੀਂ ਡਰਨਾ ਨਹੀਂ।
ਜੋ ਚੜ੍ਹ ਕੇ ਆਵੇ ਛੱਡਣਾ ਨਹੀਂ, ਅਸੀਂ ਪਹਿਲੋਂ ਹੱਲਾ ਕਰਨਾ ਨਹੀਂ।
ਅਸੀਂ ਹੁਣ ਵੀ ਅਮਨ ਦੇ ਹਾਮੀ ਹਾਂ, ਪਰ ਪੈਰ ਪਿਛਾਂਹ ਨੂੰ ਧਰਨਾ ਨਹੀਂ।
ਹਾਲਾਤ ਗਵਾਹੀ ਦੇਂਦੇ ਨੇ, ਹੁਣ ਜੰਗ ਦੇ ਬਾਝੋਂ ਸਰਨਾ ਨਹੀਂ।
ਅਸੀਂ ਖ਼ੂਨੀ ਨਦੀਆਂ ਤਰਜਾਂਗੇ, ਅਸੀਂ ਕੱਚਿਆਂ ਵਾਂਗੂੰ ਖ਼ੁਰਨਾ ਨਹੀਂ।
ਅਸੀਂ ਕਿਸੇ 'ਤੇ ਵਾਧਾ ਕਰਨਾ ਨਹੀਂ, ਤੇ ਕਿਸੇ ਦਾ ਵਾਧਾ ਜਰਨਾ ਨਹੀਂ।
ਅਸੀਂ ਸੱਚੇ ਹਾਂ ਅਸੀਂ ਜਿੱਤਾਂਗੇ, ਅਸੀਂ ਝੂਠ ਨਹੀਂ ਅਸੀਂ ਹਰਨਾ ਨਹੀਂ।
ਅਸੀਂ 'ਦਿਲਬਰ' ਦੂਤਾਂ ਦੁਸ਼ਟਾਂ ਨੂੰ, ਫੜ ਮੌਤ ਦੇ ਘਾਟ ਉਤਾਰਾਂਗੇ।
ਇਹ ਲਈ ਅਜ਼ਾਦੀ ਸਿਰ ਦੇ ਕੇ, ਅਸੀਂ ਏਸ ਤੋਂ ਜ਼ਿੰਦੜੀ ਵਾਰਾਂਗੇ।

✡